# ਸ੍ਰੀ ਗੁਰੂ ਗ੍ਰੰਥ ਸਾਹਿਬ

ਦੀਆਂ

# ਪ੍ਰਾਚੀਨ ਬੀੜਾਂ

ਜੀ: ਬੀ: ਸਿੰਘ

ਮਾਡਰਨ ਪਬਲੀਕੇਸ਼ਨਜ਼,

੨੮, ਮੈਕਲੋਡ ਰੋਡ ਲਾਹੌਰ

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

*All rights reserved by the author.*

# ਵਿਦਵਾਨ ਸਿਖਾਂ ਅਤੇ ਖੋਜੀਆਂ

## ਦੇ

# ਵਿਚਾਰ-ਅਰਥ

Paper for this book was supplied at Control rates, by Messrs Ram Lall Kapoor & sons and Me[illegible] Ban[illegible]i Dhar Kapoor and sons, Anarkali Bazar, Lah[illegible]

ਕੀਮਤ ੧੦)

---

ਸ: ਹਰਕਿਸ਼ਨ ਸਿੰਘ ਬੀ. ਏ., ਐਲਐਲ. ਬੀ. ਨੇ ਆਸ਼ਾ ਆਰਟ ਪ੍ਰੈਸ,
੨੯-ਮੈਕਲੌਡ ਰੋਡ, ਲਾਹੌਰ ਵਿਚ ਛਾਪ ਕੇ ਮਾਡਰਨ ਪਬਲੀਕੇਸ਼ਨਜ਼
ਲਈ ਪ੍ਰਕਾਸ਼ਤ ਕੀਤੀ।

Sri Satguru Jagjit Singh Ji Elibrary NamdhariElibrary@gmail.com

# ਬੇਨਤੀ

ਸੰਨ ੧੯੧੫ ਵਿਚ ਮੈਨੂੰ ਢਾਕੇ ਦੀ ਪੁਰਾਣੀ 'ਹਜ਼ੂਰ ਸਿਖ ਸੰਗਤ' ਵਿਚ, ਸ੍ਰੀ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਹੁਕਮਨਾਮੇ (ਚਿਠੀਆਂ) ਅਤੇ ਸੰਮਤ ੧੭੩੨ ਅਘਨ ਮਾਸ ਵਿਚ ਲਿਖਿਆ ਗਿਆ 'ਪੂਰਨ' ਗ੍ਰੰਥ ਸਾਹਿਬ, ਅਤੇ ਹੋਰ ਕਈ ਬਹੁਮੁਲੇ ਹਥ ਦੇ ਲਿਖੇ ਗ੍ਰੰਥ ਸਾਹਿਬ ਮਿਲੇ। ਓਹਨਾਂ ਵਿਚ ਇਤਨਾ ਕੁਝ ਨਵਾਂ ਸੀ ਕਿ ਮੇਰੇ ਮਨ ਵਿਚ ਹੋਰ ਉਹੋ ਜਿਹੀ ਸਾਮਗਰੀ ਢੂੰਡ ਕਢਨ ਦਾ ਸ਼ੌਕ ਪੈਦਾ ਹੋ ਗਿਆ।

'ਹੁਕਮਨਾਮਿਆਂ' ਵਿਚ ਜਿਨ੍ਹਾਂ ਜਿਨ੍ਹਾਂ 'ਸੰਗਤਾਂ' ਦੇ ਨਾਮ ਦਿਤੇ ਸਨ, ਓਦੋ ਓਥੇ ਮੈਂ ਗਿਆ; ਜੋ ਕੁਝ ਓਹਨਾਂ 'ਸੰਗਤਾਂ' ਤੋਂ ਪ੍ਰਾਪਤ ਹੋਇਆ, ਓਹਨਾਂ ਮੇਰਾ ਸ਼ੌਕ ਹੋਰ ਵਧਾਇਆ। ਉਸਤੋਂ ਪਿਛੋਂ ਜਿਸ ਪ੍ਰਾਂਤ ਵਿਚ ਵੀ ਮੈਂ ਆਪਣੀ ਨੌਕਰੀ ਦੇ ਸਬੰਧ ਵਿਚ ਗਿਆ, ਸਾਰੇ ਪ੍ਰਾਂਤ ਵਿਚ ਫਿਰਕੇ, ਪੁਰਾਣੀਆਂ ਸਿਖ 'ਸੰਗਤਾਂ ਅਤੇ ਗੁਰਦਵਾਰੇ ਤੌਂਕੇ, ਅਤੇ ਲੋਕਾਂ ਦੇ ਘਰੀਂ ਜਾ ਜਾ ਕੇ, ਪੁਰਾਤਨ ਗ੍ਰੰਥ, ਪੋਥੀਆਂ, ਹੁਕਮਨਾਮਿਆਂ ਆਦਿ ਦੀ ਖੋਜ ਕਰਦਾ ਰਿਹਾ। ਨੌਕਰੀ ਵੇਲੇ ਮੈਂ ਕਦੇ



Sri Satguru Jagjit Singh Ji Elibrary NamdhariElibrary@gmail.com

ਪੰਜਾਬ ਨਹੀਂ ਸਾਂ ਲਗਾ, ਸੋ ਹੁਣ ਪੈਨਸ਼ਨ ਪੁਰ ਆਕੇ ਪੰਜਾਬ ਦਾ ਦੌਰਾ ਭੀ ਕਰ ਲਿਆ ਹੈ। ਹੁਣ ਤਕ ਕੁਝ ਨਹੀਂ ਤਾਂ ਪੌਣੇ ਦੋ ਸੌ ਪੁਰਾਤਨ ਹਥ ਦੇ ਲਿਖੇ ਗ੍ਰੰਥ ਸਾਹਿਬ ਮੈਂ ਏਸੇ ਖ਼ਿਆਲ ਨਾਲ ਦੇਖੇ ਹੋਨਗੇ, ਲੋੜ ਅਨੁਸਾਰ ਵਧ ਘਟ ਸਮਾਂ ਹਰ ਇਕ ਦੀ ਪੜਤਾਲ ਨੂੰ ਦਿਤਾ ਗਿਆ ਹੈ।

ਏਸ ਖੋਜ ਵਿਚ ਬਹੁਤੇਰੀਆਂ ਏਹੋ ਜਿਹੀਆਂ ਗਲਾਂ ਲਭੀਆਂ ਹਨ, ਜੋ ਵਿਦਵਾਨਾਂ ਦੇ ਸਾਮ੍ਹਣੇ ਰਖਣੇ ਜੋਗ ਹਨ, ਅਤੇ ਜਿਨ੍ਹਾਂ ਪੁਰ ਉਹ ਵਿਚਾਰ ਕਰ ਸਕਦੇ ਹਨ।

ਇਸ ਕਿਤਾਬ ਵਿਚ ਖ਼ਾਲੀ ਓਹਨਾਂ ਪ੍ਰਾਚੀਨ ਬੀੜਾਂ ਦਾ ਹੀ ਜ਼ਿਕਰ ਕੀਤਾ ਹੈ, ਜਿਨ੍ਹਾਂ ਬਾਬਤ ਕੁਝ ਵਿਸ਼ੇਸ਼ ਗਲ ਲਿਖਨੀ ਸੀ, ਜਾਂ ਜਿਨ੍ਹਾਂ ਬਾਬਤ ਲੀਤੇ ਨੋਟਾਂ ਨੂੰ ਕਾਇਮ ਰੱਖਣ ਦੀ ਮੈਂ ਲੋੜ ਸਮਝੀ ਹੈ।

ਜੀ. ਬੀ. ਸਿੰਘ

ਮਾਡਲ ਟਾਊਨ
ਜਨਵਰੀ ੧੯੪੪



Sri Satguru Jagjit Singh Ji Elibrary NamdhariElibrary@gmail.com

# ਤਤਕਰਾ

## ਭਾਗ ਪਹਿਲਾ


ਬੀੜ ਤਿਆਰ ਕਰਨ ਦੀ ਲੋੜ ੯
ਗੁਰਬਾਣੀ ਦੀ ਤਲਾਸ਼ ੧੧
'ਪੋਥੀ ਸਾਹਿਬ' ਗੁਰੂ ਹਰ ਸਹਾਇ। ੧੨
ਹੋਰ ਗੁਰੂਆਂ ਦੀ ਬਾਣੀ ੨੩
ਬਾਬੇ ਮੋਹਨ ਵਾਲੀਆਂ ਪੋਥੀਆਂ ੨੬
ਪੋਥੀਆਂ ਦਾ ਲਿਆਉਣਾ ੩੦
ਪ੍ਰਾਣ ਸੰਗਲੀ ੩੫
ਹੋਰ ਬਾਣੀ ਕਿਥੋਂ ਲਈ ੩੭
ਭਗਤਾਂ ਦੀ ਬਾਣੀ ੩੯
ਬਾਣੀ ਦੀ ਤਰਤੀਬ ੫੧
ਬਾਣੀ ਦੀ ਇਕ ਥਾਂ ਲਿਖਾਈ। ੬੧
ਪ੍ਰਚੱਲਿਤ ਗ਼ਲਤੀਆਂ ੬੬
ਗਰੰਥ ਸਾਹਿਬ ਦੀਆਂ ਸ਼ਾਖਾਂ। ੭੩
ਹਿਜੇ ਤੇ ਲਗਾਂ ੮੦


## ਭਾਗ ਦੂਜਾ


'ਆਦਿ–ਬੀੜ' ੯੧
ਬੂੜੇ ਸੰਧੂ ਵਾਲੀ ਬੀੜ ੧੦੮
ਬੀੜ ਭਾਈ ਬੰਨੋ ੧੨੨
ਬੋਹਤ (ਵਾਲੀਆ) ਦੀ ਬੀੜ ੧੪੩
ਬੀੜ ਪਿੰਡੀ ਲਾਲ਼ਾ, ੧੫੦
ਬੀੜ ਵਾਸੂ (ਗੁਜਰਾਤ) ੧੫੪
ਅਖਨੂਰ (ਜਮੂ) ਦੀਆਂ ਬੀੜਾਂ ੧੬੦
ਡੇਹਰਾ ਦੂਨ ਦੀ ਬੀੜ ੧੬੭
ਬੀੜ ਸ: ੧੭੪੨ ੧੭੭
ਬੀੜ ਸ: ੧੭੧੮ ੧੭੯
ਬੀੜ ਸ: ੧੭੮੬ ੧੯੫
ਬੀੜ ਸ: ੧੭੨੮ ੨੦੨
ਬੀੜ ਧਰਮਸਾਲਾ ਪੋਂਹਦਾ ਸਾਹਿਬ ਰਾਵਲਪਿੰਡੀ ੨੦੪
ਦਮਦਮੇ ਵਾਲੀ ਬੀੜ ਢਾਕਾ ੨੧੫
ਆਦਿ-ਬੀੜ ਵਿਚ ਕੀ ਸੀ ? ੨੩੪
ਕਰਤਾਰਪੁਰ ਵਾਲੀ ਬੀੜ ੨੪੭
ਢਾਕੇ ਬੰਗਾਲੇ ਦੀਆਂ ਸਿਖ ਸੰਗਤਾਂ ੨੭੪
ਬੀੜ ਨਾਨਕ ਮਤਾ। ੨੮੦
ਬੀੜ ਬਨਿਗ੍ਰਾਮ ੨੮੩
ਬੀੜ ਚਾਟ ਗਾਮ ੨੮੭
ਵੇਲ ਬੂਟੇ ਵਾਲੀ ਬੀੜ ੨੮੯
ਢਾਕਾ ਸੰਗਤ–ਹੋਰ-ਬੀੜਾਂ ੨੯੧
ਸੂਬਾ ਆਗਰਾ ਤੇ ਅਵਧ ਦੀਆਂ ਬੀੜਾਂ ੨੯੯
ਫੋਟਾ ਮਿਰਜ਼ਾ ਪੁਰ। ੩੦੧
ਬੀੜ ਪਟੇਟਾ। ੩੦੩
ਬੀੜ ਲਖਨਊ ੩੦੪
ਬੀੜ ,, ੩੦੬
ਬੀੜ ਆਗਰਾ ੩੦੭
ਬੀੜਾਂ ਬਨਾਰਸ ੩੧੦
ਬੀੜਾਂ ਅਜੁਧਿਆ ੩੧੪
ਬੀੜਾਂ ਅਲਹਾਬਾਦ ੩੧੯




Sri Satguru Jagjit Singh Ji Elibrary NamdhariElibrary@gmail.com

... ਪਟਨਾ ਸਾਹਿ ੩੨੧
ਦਖਣ ਦੇਸ ਦੀਆਂ ਸਿਖ ਸੰਗਤਾਂ ੩੨੩
ਮੇਲ ਵਡਾ ਬੁਰਹਾਨਪੁਰ ੩੨੫
ਬੀੜਾਂ ਸਰਹਦੀ ਸੂਬਾ ੩੨੬

## ਭਾਗ ਤੀਜਾ

ਵਾਲਤੂ ਬਾਣੀਆਂ ੩੪੧
ਸਲੋਕ 'ਜਿਤ ਦਰ ਲਖ ਮੁਹਮਦਾ' ੩੫੬
ਗੋਸਟ ਮਲਾਰ ਨਾਲ ੩੫੭
ਰਤਨ ਮਾਲਾ ੩੬੧
ਬਸੰਤ ਕੀ ਵਾਰ ੩੭੧
ਹਕੀਕਤ ਰਾਹ ਮੁਕਾਮ ੩੭੨
ਸਾਖੀ ਮਹਲਾ ੫ ੩੭੩
ਸਿਆਹੀ ਕੀ ਬਿਧੀ ੩੭੪
ਰਾਗ ਮਾਲਾ ੩੭੫
ਰਾਗ ਮਾਲਾ ਦਾ ਪਾਠ ੩੯੬
ਨਸੀਹਤ ਨਾਮਾ ੩੯੭
ਹਾਜ਼ਰ ਨਾਮਾ ੪੦੨
ਪੈਂਤੀਸ ਅਖਰੀ ੪੦੩

## ਭਾਗ ਚੌਥਾ

ਜ਼ਮੀਮੇ:—
੧. ਬਾਣੀ ਦੀ ਵੰਡ ੪੦੭
੨. ਸਲੋਕ ਕਬੀਰ ਤੇ ਫ਼ਰੀਦ ਦੇ ੪੨੩
੩. ਦੂਜੇ ਗੁਰੂ ਦੀ ਬਾਣੀ ੪੨੯
੪. ਨਾਮਦੇਵ ਦੀ ਬਾਣੀ ੪੩੭
੫. ਫ਼ਰੀਦ ਦੀ ਬਾਣੀ ੪੩੯
੬. ਪੋਥੀ ਬਾਬਤ ਨੋਟ ੪੫੬
੭, ਕਬੀਰ ਦੀ ਬਾਣੀ ੪੫੯

## ਤਸਵੀਰਾਂ ਆਦਿ

ਭਾਈ ਬਨੋਂ ਜੀ ਦੀ ਤਸਵੀਰ
ਤਿਨ ਰੰਗੀ Frontispiece
ਨੀਸ਼ਾਨ ਪਾਦਸ਼ਾਹੀ ੫ ੧੧੨
ਪੁਰਾਣੇ ਅਖਰ ੧੨੦
ਨੀਸ਼ਾਨ ਪਾਤਸ਼ਾਹੀ ੫ ੧੪੪
ਨੀਸ਼ਾਨ ਗੁਰੂ ਹਰਿਰਾਇ ੧੬੯
ਨੀਸ਼ਾਨ ਗੁਰੂ ਸਾਹਿਬਾਨ ੨੦੯
ਨੀਸ਼ਾਨ ਦਸ਼ਮੇਸ਼ ਜੀ ੨੯੦
ਛੋਟੇ ਗ੍ਰੰਥ ਸਾਹਿਬ ਵਾਕਾ ਸੰਗਤ ੨੯੯

★



Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

# 1. ਬੀੜ ਤਿਆਰ ਕਰਨ ਦੀ ਲੋੜ

ਗੁਰੂ ਨਾਨਕ ਸਾਹਿਬ ਦੇ ਨਾਮ ਪੁਰ ਬਾਨੀ ਰਚਨੀ ਤਾਂ ਸਾਧਾਂ ਫ਼ਕੀਰਾਂ ਨੇ, ਓਹਨਾਂ ਦੇ ਵੇਲੇ ਹੀ, ਸ਼ੁਰੂ ਕਰ ਦਿਤੀ ਸੀ, ਅਤੇ ਗੁਰੂ ਅਰਜਨ ਦੇਵ ਦੇ ਵੇਲੇ ਤਕ ਪੌਣੀ ਸਦੀ ਹੋਰ ਏਸੇ ਠੱਗੀ ਵਿਚ ਲੰਘ ਚੁਕੀ ਸੀ। ਜੇਕਰ 'ਗੋਸ਼ਟਾਂ', 'ਸਾਖੀਆਂ' ਆਦਿ ਤੋਂ ਜਾਚ ਕਰੀਏ, ਤਦ ਇਹ 'ਨਕਲੀ' ਬਾਨੀ ਲਗ ਪਗ ਉਤਨੀ ਕੁ ਹੀ ਬਣ ਚੁੱਕੀ ਸੀ ਜਿੱਨੀਕੁ* ਕਿ ਖ਼ੁਦ ਗੁਰੂ ਸਾਹਿਬ ਦੀ ਆਪਣੀ ਰਚੀ 'ਅਸਲੀ ਬਾਨੀ'। ਅਤੇ ਦੋਵੇਂ ਤਰ੍ਹਾਂ ਦੀਆਂ ਬਾਨੀਆਂ, 'ਨਕਲੀ' ਵੀ ਤੇ 'ਅਸਲੀ' ਵੀ, ਸਿਖਾਂ ਵਿਚ ਇਕੋ ਜੇਹੀਆਂ ਫੈਲੀਆਂ ਹੋਈਆਂ ਸਨ। ਕੋਈ ਗ੍ਰੰਥ ਜਾਂ ਪੋਥੀ, ਜਿਸ ਵਿਚ 'ਅਸਲੀ' ਗੁਰਬਾਨੀ ਇਕੱਠੀ ਕੀਤੀ ਹੋਵੇ, ਸਿਖਾਂ ਪਾਸ ਮੌਜੂਦ ਨਹੀਂ ਸੀ, ਜਿਸ ਦੀ ਮਦਦ ਨਾਲ ਕਿ ਉਹ 'ਨਕਲੀ' ਤੇ 'ਅਸਲੀ' ਬਾਨੀ ਵਿਚ ਪਹਿਚਾਣ ਕਰ ਸਕਣ। ਬਾਨੀ ਬਹੁਤ ਕਰਕੇ ਜ਼ਬਾਨੀ ਹੀ ਚਲੀ ਆਉਂਦੀ ਸੀ, ਜਿਸ ਕਰਕੇ 'ਅਸਲੀ' ਬਾਨੀ ਵਿਚ ਵੀ ਸਹਿਜ-ਸੁਭਾ ਲਫ਼ਜ਼ੀ ਫ਼ਰਕ ਪੈਂਦੇ ਜਾਂਦੇ ਸਨ। ਇਹ ਇਕ ਕੁਦਰਤੀ ਗਲ ਸੀ। ਜਪੁਜੀ, ਆਸਾ ਦੀ ਵਾਰ, ਰਹਿਰਾਸ ਦੇ ਪਹਿਲੇ ਪੰਜ ਸ਼ਬਦ, ਕੀਰਤਨ ਸੋਹਿਲਾ, ਇਹ ਨਿਤਨੇਮ ਦੀਆਂ ਬਾਨੀਆਂ ਤਾਂ ਬਹੁਤਿਆਂ ਨੂੰ ਕੰਠ ਹੋਣਗੀਆਂ। ਭਾਵੇਂ ਨਿਤਨੇਮ ਦੀਆਂ ਬਾਣੀਆਂ ਵਿਚ ਵੀ ਪਿਛਲੇ ਗੁਰੂਆਂ ਦੇ ਕਹੇ ਸ਼ਬਦ ਤੇ

---

*ਬਾਨੀ ਵਿੱਚ ਪਿਛੋਂ ਹੋਰ ਭੀ ਬਹੁਤ ਵਾਧਾ ਹੋਇਆ। ਇਕੱਲੀ 'ਪਰਾਣ-ਸੰਗਲੀ' ਪੂਰੇ ੧੧੩ ਅਧਿਆਇ ਦੀ ਸੀ, ਅਤੇ ਸਾਰੇ ਗ੍ਰੰਥ ਸਾਹਿਬ ਜਿੱਡੀ ਹੋਣੀ ਚਾਹੀਏ। ਫੇਰ 'ਰੈਮਤੇ'; 'ਮੁਨਾਜਾਤ', ਗਿਆਨ ਸੁਰੋਦਯ, 'ਬਾਣੀ ਬਿਹੰਗਮ,' 'ਕਥਾ ਹਰਿਚੰਦ,' ਕਈ ਨਵੀਆਂ ਨਵੀਆਂ 'ਗੋਸਟਾਂ', ਨਕਲੀ ਫ਼ਾਰਸੀ ਵਿਚ ਕਈ ਕਵਿਤਾਵਾਂ ਆਦਿ ਭੀ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਲਗ ਗਈਆਂ।



Sri Satguru Jagjit Singh Ji Elibrary NamdhariElibrary@gmail.com

ਸਲੋਕ ਹੀ ਵਧਾਏ ਜਾ ਰਹੇ ਸਨ। ਥੋੜੇ ਕੁ ਸਿਖ ਅਜਿਹੇ ਭੀ ਹੋਣਗੇ, ਜਿਨ੍ਹਾਂ ਨੇ ਨਿਤਨੇਮ ਦੀ ਬਾਣੀ ਦੇ ਸਿਵਾਏ ਹੋਰ ਕੁਝ ਸ਼ਬਦ ਭੀ ਯਾਦ ਕੀਤੇ ਹੋਏ ਸਨ। ਰਬਾਬੀਆਂ ਨੂੰ ਵੀ ਬਹੁਤ ਸ਼ਬਦ ਯਾਦ ਸਨ, ਜੋ ਓਹ ਕੀਰਤਨ ਕਰਦੇ ਸਮੇਂ ਗਾਉਂਦੇ ਸਨ। ਕੁਝ ਸ਼ਬਦ ਕਿਤੇ ਕਿਤੇ ਕਿਸੇ ਟਾਂਵੇਂ ਸਿਖ ਨੇ ਆਪਣੇ ਪਾਠ ਲਈ ਲਿਖ ਵੀ ਰਖੇ ਸਨ, ਖੁਲ੍ਹੇ ਪਤ੍ਰਿਆਂ ਪੁਰ। ਸਿਖ ਆਮ ਤੌਰ ਤੇ ਅਨਪੜ੍ਹ ਸਨ, ਅਤੇ ਇਹਨਾਂ ਦੀ ਬਹੁਤੀ ਗਿਣਤੀ ਆਬਾਦੀ ਦੇ ਨੀਵੇਂ ਤਬਕਿਆਂ ਵਿਚੋਂ ਆਈ ਸੀ। ਸੋ ਬਾਣੀ ਦੀ ਹਾਲਤ ਡਾਵਾਂ ਡੋਲ ਬੇਠੁਕੀ ਜਿਹੀ ਸੀ, ਜਿਸ ਕਰਕੇ ਕੁਝ ਸਮਝਦਾਰ ਸਿਖ ਡਾਢੇ ਔਖੇ ਹੋ ਰਹੇ ਸਨ।

ਸ੍ਰੀ ਗੁਰੂ ਅਰਜਨ ਦੇਵ ਨੂੰ ਵੀ ਇਹ ਔਖ ਨਜ਼ਰ ਆ ਰਿਹਾ ਸੀ ਅਤੇ ਏਸਦੇ ਦੂਰ ਕਰਨ ਦੀ ਫਿਕਰ ਵਿਚ ਸਨ, ਕਿ ਇਤਨੇ ਨੂੰ ਇਕ ਸਿਖ ਆ ਗਿਆ ਅਤੇ ਮਥਾ ਟੇਕ ਕੇ ਬੇਨਤੀ ਕੀਤੀ ਕਿ, ਮਹਾਰਾਜ ਜੀ! ਜਦ ਮੈਂ ਗੁਰੂ ਕੇ ਸ਼ਬਦ ਪੜ੍ਹਦਾ ਹਾਂ, ਤਦ ਵਿਚ ਵਿਚ ਅਜਿਹੀ 'ਕਚੀ' ਬਾਣੀ ਵੀ ਆ ਜਾਂਦੀ ਹੈ, ਜਿਸ ਵਿਚ ਚਿੱਤ ਨਹੀਂ ਲਗਦਾ, ਸੋ ਕ੍ਰਿਪਾ ਕਰਕੇ ਮੈਨੂੰ ਸਮਝਾਉ ਕਿ ਗੁਰਬਾਣੀ ਦੀ ਪਹਿਚਾਣ ਕੀਹ ਹੈ? ਕਿਹੜੀ ਗੁਰਬਾਣੀ ਹੈ? ਤੇ ਕਿਹੜੀ ਨਹੀਂ? ਗੁਰੂ ਸਾਹਿਬ ਤਾਂ ਅਗੇ ਹੀ ਇਸ ਵਿਚਾਰ ਵਿਚ ਸਨ, ਭਾਈ ਗੁਰਦਾਸ ਭਲੇ ਨੂੰ ਸਦ ਭੇਜਿਆ, ਅਤੇ ਜੋ ਕੁਝ ਉਸ ਸਿਖ ਨੇ ਕਿਹਾ ਸੀ, ਉਹ ਸੁਣਾਕੇ ਆਖਿਆ :—

> ਸ੍ਰੀ ਗੁਰੂ ਕਿਰਪਾ ਪਾਏ, ਸਿਖ ਸ਼ੁਧ ਬੁਧੀ ਕਾਇ,
> ਸ੍ਰੀ ਗੁਰੂ ਬਾਣੀ ਸਿਖ, ਅਬ ਤੇ ਪਛਾਨ ਹੈਂ।
> ਆਗੇ ਕਲੂ ਬਲ ਪਾਵੇ, ਸ਼ੁਧ ਬੁਧੀ ਨਾ ਰਹਾਵੇ,
> ਨਿਜ ਗੁਰਬਾਣੀ ਸਿਖ, ਕੈਸੇ ਕੈ ਸੁ ਜਾਣ ਹੈਂ।
> ਤਾਂਤੇ ਗੁਰਬਾਣੀ ਸਬ, ਕੀਜੀਏ ਇਕੱਤਰ ਅਬ,
> ਸੋਧ ਗੁਰਬਾਣੀ, ਤਾਂਕੋ ਗ੍ਰੰਥ ਏਕ ਠਾਨ ਹੈਂ।

ਪਰ ਗੁਰਬਾਣੀ ਹੁਣ ਇਕਤ੍ਰ ਕਿਸ ਤਰ੍ਹਾਂ ਹੋਵੇ?



Sri Satguru Jagjit Singh Ji Elibrary NamdhariElibrary@gmail.com

# ੨. ਗੁਰਬਾਣੀ ਦੀ ਤਲਾਸ਼

ਗੁਰੂ ਨਾਨਕ ਸਾਹਿਬ ਨੇ, ਜਦ ਹਾਲੀ ਪੰਝੀ ਕੁ ਵਰ੍ਹੇ ਦੇ ਨੌਜਵਾਨ ਹੀ ਸਨ ਅਤੇ ਆਪਣੇ ਆਪ ਨੂੰ 'ਸ਼ਾਇਰ' ਕਹਿਣਾ ਪਸੰਦ ਕਰਦੇ ਸਨ, ਬਾਣੀ ਰਚਨੀ ਆਰੰਭ ਕੀਤੀ ਤੇ ਲਗ ਪਗ ਆਪਣੇ ਅੰਤ ਸਮੇਂ ਤਕ ਰਚਦੇ ਰਹੇ। ਏਸ ਚਾਲ੍ਹੀ ਕੁ ਸਾਲ ਦੇ ਅਰਸੇ ਵਿਚ ਸਮੇਂ ਸਮੇਂ ਦੀ ਰਚੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਮੌਜੂਦ ਹੈ। ਇਹ ਹੋ ਨਹੀਂ ਸਕਦਾ ਕਿ ਏਸ ਤਰ੍ਹਾਂ ਰਚੀ ਬਾਣੀ ਕਿਤੇ ਲਿਖੀ ਨਾ ਗਈ ਹੋਵੇ, ਅਤੇ ਖ਼ੁਦ ਗੁਰੂ ਨਾਨਕ ਸਾਹਿਬ ਨੇ ਏਸ ਨੂੰ ਪਹਿਲੇ ਅੱਡ ਅੱਡ ਪਤ੍ਰਿਆਂ ਪੁਰ, ਤੇ ਪਿਛੋਂ ਸੋਧਕੇ ਕਿਸੇ ਕੋਰੀ ਪੋਥੀ ਜਾਂ 'ਬਿਆਜ਼' ਵਿਚ ਇਕ ਥਾਂ ਲਿਖਿਆ ਨਾ ਹੋਵੇ। ਬਾਣੀ ਦੀ ਅੰਦਰਲੀ ਗਵਾਹੀ ਅਤੇ ਬਹੁਤ ਸਾਰੀਆਂ ਸਾਖੀਆਂ ਦਾ ਵਿਚਾਰ-ਸਹਿਤ ਪਾਠ ਵੀ ਸਾਨੂੰ ਏਸੇ ਨਤੀਜੇ ਤੇ ਪੁਚਾਂਦੇ ਹਨ ਕਿ ਗੁਰੂ ਸਾਹਿਬ ਦੀ ਬਾਣੀ ਕਿਤਾਬੀ ਸ਼ਕਲ ਵਿਚ ਉਹਨਾਂ ਦੇ ਸਾਹਮਣੇ ਮੌਜੂਦ ਸੀ। ਬੋਲੀ ਵਲੋਂ ਬਾਣੀ ਡਾਢੀ ਮੰਝੀ ਹੋਈ, ਕਵਿਤਾ ਵਜੋਂ ਸੁਧ, ਅਤੇ ਖ਼ਿਆਲਾਤ ਕਰਕੇ ਬਝਵੀਂ ਹੈ; ਮਿਹਨਤ ਕੀਤੀ ਅਤੇ ਸੰਸ਼ੁਧੀ ਦੇ ਸਾਰੇ ਚਿਨ੍ਹ ਉਸ ਵਿਚ ਮੌਜੂਦ ਹਨ। ਗੁਰੂ ਸਾਹਿਬ ਇਕੱਲੇ ਬੈਠੇ ਵੀ ਆਪਣੀ ਰਚੀ ਬਾਣੀ ਪੜ੍ਹਦੇ ਤੇ ਗਾਉਂਦੇ ਰਹਿੰਦੇ ਸੀ। ਸਵਾਲ ਉਠਦਾ ਹੈ ਕਿ ਗੁਰੂ ਨਾਨਕ ਦੀ ਆਪਣੀ ਲਿਖੀ ਕਿਤਾਬ ਜਾਂ ਸੈਂਚੀਆਂ ਕਿਥੇ ਗਈਆਂ ? ਉਹਨਾਂ ਦੇ ਜੋੜੇ ਅਤੇ ਦਸਤਾਰੇ ਤਾਂ ਮੌਜੂਦ ਹੋਣ, ਪਰ ਇਹਨਾਂ ਤੋਂ ਕਿਤੇ ਵਧੀਕ ਮਹਤਵ ਦੀ ਚੀਜ਼, ਆਪ ਦੀ ਅਸਲੀ ਯਾਦਗਾਰ, ਮੌਜੂਦ ਹੀ ਨਾ ਹੋਵੇ। ਇਹ ਬੜੇ ਤਅਜਬ ਦੀ ਗਲ ਹੈ ਕਿ ਉਸ ਪੋਥੀ ਦੀ ਨਕਲ ਵੀ ਕਿਤੇ ਨਹੀਂ ਸੁਣੀ ਜਾਂਦੀ। ਆਪਦੇ ਪਿਛਲਿਆਂ ਨੇ ਉਹਨਾਂ ਦੀ ਹਰ ਸ਼ੈ ਨੂੰ ਟੁਕੜ-ਗਦਾਈ ਦਾ ਜ਼ਰੀਆ ਬਨਾਇਆ ਸੀ; ਏਸ ਕਿਤਾਬ ਤੋਂ ਵਧਕੇ ਚੰਗਾ ਹੋਰ ਕਿਹੜਾ ਜ਼ਰੀਆ ਹੋ ਸਕਦਾ ਸੀ ? ਕੀਹ, ਅਸੀਂ ਸਮਝੀਏ ਕਿ ਆਪਦੇ ਸਮਾਣ ਪਿਛੋਂ ਇਹ ਕਿਤਾਬ ਜਾਂ ਕਿਤਾਬਾਂ ਬਾਬਾ ਸ੍ਰੀ ਚੰਦ ਦੇ ਹੱਥ ਆਈਆਂ,



Sri Satguru Jagjit Singh Ji Elibrary NamdhariElibrary@gmail.com

ਅਤੇ ਕੋਈ ੮੫ ਵਰ੍ਹੇ ਪਿਛੋਂ* ਬਾਬਾ ਜੀ ਦੇ ਨਾਲ ਦਰਿਆ ਰਾਵੀ ਵਿਚ ਰੁੜ੍ਹ ਗਈਆਂ। ਗੁਰੂ ਸਾਹਿਬ ਨੇ ਆਪਣੇ ਚਲਾਣੇ ਤੋਂ ਕੁਝ ਮਹੀਨੇ ਪਹਿਲੇ ਹੀ ਲਹਿਣਾ ਜੀ ਨੂੰ ਆਪਣੇ ਥਾਂ ਗੁਰੂ ਥਾਪ ਕੇ ਕਲਹ ਤੋਂ ਬਚਣ ਲਈ ਆਪਣੇ ਪਿੰਡ ਖਡੂਰ ਭੇਜ ਦਿੱਤਾ ਸੀ, ਅਤੇ ਇਹ ਕਿਤਾਬ ਜਾਂ ਸੈਂਚੀਆਂ ਉਹਨਾਂ ਨੂੰ ਨਹੀਂ ਮਿਲੀਆਂ। ਜੇ ਮਿਲੀਆਂ ਹੁੰਦੀਆਂ ਤਾਂ ਸਿਲਸਲੇਵਾਰ ਉਹਨਾਂ ਤੋਂ ਗੁਰੂ ਅਰਜਨ ਦੇਵ ਨੂੰ ਮਿਲ ਜਾਂਦੀਆਂ, ਪਰ ਇਉਂ ਨਹੀਂ ਹੋਇਆ।

# ੩. 'ਪੋਥੀ ਸਾਹਿਬ'

## ਪਿੰਡ ਗੁਰੂ ਹਰਿ ਸਹਾਇ

ਜ਼ਿਲਾ ਫ਼ੀਰੋਜ਼ਪੁਰ ਵਿਚ ਪਿੰਡ 'ਗੁਰੂ ਹਰਿਸਹਾਇ' ਦੇ ਸੋਢੀਆਂ ਪਾਸ ਇਕ 'ਪੋਥੀ' ਹੈ, ਜਿਸ ਬਾਬਤ ਉਹ ਦਾਅਵਾ ਕਰਦੇ ਹਨ ਕਿ ਇਹੋ ਗੁਰੂ ਨਾਨਕ ਸਾਹਿਬ ਵਾਲੀ ਅਸਲੀ ਪੋਥੀ ਹੈ। ਪਰ ਏਸ ਦਾਅਵੇ ਦੇ ਝੂਠ ਸਚ ਦੀ ਪੜਤਾਲ ਕਿਸੇ ਵਿਦਵਾਨ ਸਿਖ ਨੇ ਨਹੀਂ ਸੀ ਕੀਤੀ ਅਤੇ ਨਾ ਓਥੋਂ ਦੇ ਸੋਢੀ ਕਰਨ ਦੇਂਦੇ ਸਨ। ਉਂਞ ਕਹਿ ਛਡਦੇ ਹਨ ਕਿ ਉਹ ਪੋਥੀ ਕਿਸੇ ਕੋਲੋਂ ਨਹੀਂ ਪੜ੍ਹੀ ਜਾ ਸਕਦੀ। ਮੌਜੂਦਾ ਗੁਰੂ ਸਾਹਿਬ ਦੇ ਇਕ ਭਾਈ ਸਾਹਿਬ ਨੇ, ਥੋੜੇ ਦਿਨ ਹੀ ਹੋਏ ਹਨ, ਮੈਨੂੰ ਦਸਿਆ ਕਿ 'ਪੋਥੀ' ਛੋਟੀ ਤਖ਼ਤੀ ਦੇ ਵਰਕਿਆਂ ਪੁਰ ਫ਼ਾਰਸੀ ਦੀਆਂ ਕਿਤਾਬਾਂ ਵਾਂਗ ਚੌੜੇ ਦਾਅ ਲਿਖੀ ਹੋਈ ਹੈ, ਕੋਈ ੩੦੦ ਵਰਕੇ ਦੀ ਹੈ। ਕਹਿੰਦੇ ਹਨ ਕਿ ਕਈ ਲੋਕਾਂ ਨੂੰ ਬੁਲਾਕੇ ਪੜ੍ਹਾਨ ਦਾ ਜਤਨ ਕੀਤਾ ਹੈ, ਪਰ ਕੋਈ ਇਸਨੂੰ ਪੜ੍ਹ ਨਹੀਂ ਸਕਿਆ। ਇਹਨਾਂ ਸਜਣਾਂ ਨੇ ਪੋਥੀ ਕਈ ਵਾਰੀ ਖੋਲ੍ਹਕੇ ਜਾਂ ਖੁਲ੍ਹੀ ਵੇਖੀ ਹੋਵੇਗੀ। ਹੁਣ ਗੁਰੂ ਨਾਨਕ ਸਾਹਿਬ ਜੋ ਕੁਝ ਲਿਖਦੇ, ਉਸਨੂੰ ਫ਼ਾਰਸੀ

---

*ਰਵਾਇਤ ਮੁਜਬ ਆਪ ਬਾਬਾ ਗੁਰਦਿੱਤਾ ਦੇ ਜਨਮ ਤੋਂ ਪਿਛੋਂ ਤਕ ਜੀਉਂਦੇ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

ਅਖਰਾਂ ਵਿਚ ਲਿਖ ਸਕਦੇ ਸਨ । ਜੋ ਉਹਨਾਂ ਨੇ ਛੋਟੇ ਹੁੰਦਿਆਂ ਮਸੀਤੇ ਸਿਖੇ ਸਨ; ਜਾਂ ਪਾਂਧੇ ਕੋਲੋਂ ਸਿਖੇ 'ਸਰਾਫ਼ੀ ਸ਼ਿਕੱਸਤੇ'; ਜਾਂ ਉਸਦੀ ਕਿਤਾਬੀ ਸ਼ਕਲ ਜਿਸਨੂੰ ਅਜ ਕਲ 'ਗੁਰਮੁਖੀ ਅਖਰ' ਕਿਹਾ ਜਾਂਦਾ ਹੈ, ਉਸ ਵਿਚ ਲਿਖ ਸਕਦੇ ਸਨ। ਇਨ੍ਹਾਂ ਤਿਨਾਂ ਹੀ ਤਰ੍ਹਾਂ ਦੇ ਅਖਰਾਂ ਦੇ ਪੜ੍ਹਨ ਵਿਚ ਕੋਈ ਬੜਾ ਔਖ ਨਹੀਂ ਹੋਣਾ ਚਾਹੀਦਾ। ਗੁਰੂ ਨਾਨਕ ਸਾਹਿਬ ਦੀ ਬਹੁਤ ਸਾਰੀ ਬਾਨੀ ਸਾਨੂੰ ਮਾਲੂਮ ਹੈ, ਅਤੇ ਸਾਡੇ ਪਾਸ ਗ੍ਰੰਥ ਸਾਹਿਬ ਵਿਚ ਇਕੱਠੀ ਕੀਤੀ ਮੌਜੂਦ ਹੈ। ਆਖ਼ਰ ਓਹਨਾਂ ਨੇ ਆਪਣੀ ਰੱਚੀ ਬਾਣੀ ਹੀ ਏਸ ਵਿਚ ਲਿਖੀ ਹੋਵੇਗੀ, ਅਤੇ ਓਹ ਭੀ ਆਪਣੇ ਪੜ੍ਹਨ ਵਾਸਤੇ ਜਾਂ ਸਿਖਾਂ ਦੇ ਪੜ੍ਹਨ ਵਾਸਤੇ। ਸੋ ਆਪ ਓਸ ਬਾਣੀ ਨੂੰ ਕਿਸੇ ਨਾਮਾਲੂਮ ਲਿਪੀ ਵਿਚ ਨਹੀਂ ਸਨ ਲਿਖ ਸਕਦੇ। ਜੇਕਰ ਸਾਰੀ 'ਸਰਾਫ਼ੀ ਲੰਡਿਆ' ਵਿਚ ਵੀ ਲਿਖੀ ਹੁੰਦੀ, ਜੋ ਕਿਆਸ ਵਿਚ ਨਹੀਂ ਆਉਂਦਾ,* ਤਦ ਕਿਸੇ ਇਕ ਅਧੀ ਤੁਕ ਦੇ ਪੜ੍ਹ ਲਿਆਂ ਅਸੀਂ ਸਾਰੇ ਸ਼ਬਦ ਨੂੰ ਰਵਾਂ ਰਵਾਂ ਪੜ੍ਹ ਸਕਦੇ। ਹੋਰ ਪੰਜਾਬ ਵਿਚ ਮੁਰਵਜ ਅਖਰ ਉਹਨੀਂ ਦਿਨੀਂ 'ਅਰਬੀ ਨਸਖ਼' ਸਨ, ਜਿਨ੍ਹਾਂ ਦੀ 'ਨਸਤਾ-ਅਲੀਕ' ਸ਼ਕਲ, ਫ਼ਾਰਸੀ ਕਿਤਾਬੀ ਅਖਰ ਸਨ, ਅਤੇ ਚਿਠੀਆਂ ਚੁਪਠੀਆਂ ਵਿਚ ਵਰਤੇ ਜਾਣ ਵਾਸਤੇ 'ਸ਼ਿਕਸਤਾ'† ਅਖਰ'।

ਗੁਰਮੁਖੀ ਅਤੇ ਸ਼ਾਸਤ੍ਰੀ ਅਖਰ ਜਾਨਣ ਵਾਲੇ, ਜੋ ਪੋਥੀ ਦੇ ਪੜ੍ਹਨ ਲਈ ਬੁਲਾਏ ਗਏ ਹੋਣਗੇ, ਉਹ ਜ਼ਰੂਰ 'ਅਰਬੀ' ਜਾਂ 'ਸ਼ਿਕਸਤਾ' ਦੇ ਪੜ੍ਹਨ ਤੋਂ ਅਸਮਰਥ ਹੋਣਗੇ। ਹਕੀਕਤ ਵਿਚ ਇਹੋ ਵਜ੍ਹਾ ਓਹਨਾਂ ਦੇ

---

*ਇਹਨਾਂ ਲੰਡਿਆਂ ਵਿਚ ਖਾਲੀ ਲੇਖਾ ਪੱਤਾ ਤੇ ਮਾਮੂਲੀ ਚਿਠੀ ਚੁਪਠੀ ਹੀ ਲਿਖੀ ਜਾਂਦੀ ਹੈ, ਕਦੀ ਕਿਤਾਬ ਇਹਨਾਂ ਲੰਡਿਆ ਵਿਚ ਲਿਖਨ ਦੀ ਮੂਰਖਤਾ ਕਿਸੇ ਨੇ ਅਜ ਤਕ ਨਹੀਂ ਕੀਤੀ ।

†ਫ਼ਾਰਸੀ 'ਸ਼ਿਕਸਤੇ' ਦੀ ਨਕਲ ਪੁਰ ਹੀ, ਕਿਤਾਬੀ ਅਖਰਾਂ ਨੂੰ ਮੋੜ ਮਾੜਕੇ ਪੰਦਰਵੀਂ- ਸੋਹਲਵੀਂ ਸਦੀ ਵਿਚ 'ਮੋੜੀ' ਅਖਰ ਬਣਾਏ ਗਏ ਸਨ, ਜੋ ਮਹਾਰਾਸ਼ਟਰ ਵਿਚ ਸਰਕਾਰੀ ਦਫਤਰਾਂ, ਲੇਖੇ ਪਤੇ ਅਤੇ ਚਿੱਠੀ ਚੁਪਠੀ ਵਿਚ ਵਰਤੇ ਜਾਂਦੇ ਹਨ । ਕਿਤਾਬੀ ਅਖਰਾਂ ਨੂੰ 'ਬਾਲਬੋਧ' ਸਦਦੇ ਹੁਨ । ਲੰਡੇ ਜਾਂ ਲੁੰਡੇ (ਦੁਮ-ਕਟੇ) ਭੀ ਕਿਤਾਬੀ ਅਖਰਾਂ ਦੀ ਮਾਤ੍ਰਾ ਅਤੇ ਲਗਾਂ ਛਡਕੇ ਬਣੇ ਹਨ ।



Sri Satguru Jagjit Singh Ji Elibrary NamdhariElibrary@gmail.com

'ਪੋਥੀ' ਨਾ ਪੜ੍ਹ ਸਕਣ ਦੀ ਹੈ, ਜਿਸ ਗਲ ਦੀ ਤਾਈਦ ਮਿਰਜ਼ਈਆਂ ਜਾਂ ਅਹਿਮਦੀਆਂ ਦੀਆਂ ਕਿਤਾਬਾਂ ਤੇ ਅਖ਼ਬਾਰਾਂ ਨੇ ਕੀਤੀ ਹੈ। ਉਹਨਾਂ ਦੀ ਇਕ ਕਿਤਾਬ 'ਮੁਜਦੱਦੇ-ਆਜ਼ਮ' ਜਾਂ ਮਿਰਜ਼ਾ ਗ਼ੁਲਾਮ ਅਹਿਮਦ ਕਾਦਿਆਨੀ ਦੇ ਜੀਵਨ-ਚਰਿਤ੍ਰ ਵਿਚ ਇਉਂ ਲਿਖਿਆ ਹੈ :–

"ਜਨਾਬ ਬਾਵਾ ਸਾਹਿਬ ਕਾ ਏਕ ਔਰ ਤਰੱਬਕ 'ਪੋਥੀ ਸਾਹਿਬ' ਕੇ ਨਾਮ ਸੇ ਮਸ਼ਹੂਰ ਹੈ। ਇਸਕੇ ਮੁਤਅਲਿਕ ਮੇਰੀ (ਕਿਤਾਬ ਦਾ ਕਰਤਾ, ਡਾਕਟਰ ਬਸ਼ਾਰਤ ਅਹਿਮਦ ਕਹਿ ਰਿਹਾ ਹੈ।) ਮਾਅਲੂਮਾਤ ਬਰਾਹੇ-ਰਾਸਤ ਉਨ ਲੋਗੋਂ ਸੇ ਹਾਸਿਲ ਸ਼ੁਦਾ ਹੈ, ਜੋ ਉਸ ਵਫ਼ਦ ਕੇ ਮੈਂਬਰ ਥੇ, ਜਿਸੇ ਹਜ਼ਰਤੇ ਅਕਦਸ ਮਿਰਜ਼ਾ ਸਾਹਿਬ ਨੇ 'ਪੋਥੀ ਸਾਹਿਬ' ਕੀ ਤਹਕੀਕਾਤ ਕੇ ਲੀਏ 'ਗੁਰੂ ਹਰਿ ਸਹਾਇ,' ਜ਼ਿਲਾ ਫ਼ੀਰੋਜ਼ਪੁਰ ਭੇਜਾ ਥਾ; ਯਾਨੀ ਮੁਫ਼ਤੀ ਮੁਮਹੱਦ ਸਾਦਿਕ ਸਾਹਿਬ ਔਰ ਮੌਲਵੀ ਮੁਹਮਦ ਅਲੀ ਸਾਹਿਬ ਵਗ਼ੈਰਾ। ਇਸ ਤਹਕੀਕਾਤ ਕੀ ਵਜ੍ਹਾ ਯਿਹ ਹੂਈ ਕਿ ਹਜ਼ਰਤੇ ਅਕਦਸ ਮਿਰਜ਼ਾ ਸਾਹਿਬ ਨੇ ਸੁਨਾ ਕਿ ਮੌਜ਼ਿਆ 'ਗੁਰੂ ਹਰਿ ਸਹਾਇ' ਮੇਂ ਜੋ ਜ਼ਿਲਾ ਫ਼ੀਰੋਜ਼ਪੁਰ ਮੇਂ ਹੈ, ਹਜ਼ਰਤ ਬਾਬਾ ਨਾਨਕ ਸਾਹਿਬ ਕਾ ਏਕ ਤਰੱਬਕ (rolic) ਚਲਾ ਆਤਾ ਹੈ, ਜੋ 'ਪੋਥੀ ਸਾਹਿਬ' ਕਹਲਾਤਾ ਹੈ। ਯਿਹ ਗੁਰੂ ਰਾਮਦਾਸ ਕੀ ਔਲਾਦ ਕੇ ਕਬਜ਼ਾ ਮੇਂ ਹੈ। ਯਿਹ ਗੁਰੂ ਰਾਮਦਾਸ ਬਾਬਾ ਨਾਨਕ ਸਾਹਿਬ ਕੇ ਬਾਅਦ ਸਿਖੋਂ ਕੇ ਚੌਥੇ ਗੁਰੂ ਹੈਂ, ਔਰ ਯਿਹ ਵਹੀ ਗੁਰੂ ਰਾਮਦਾਸ ਹੈ, ਜਿਨਕੇ ਨਾਮ ਨਾਮੀ ਪਰ ਅੰਮ੍ਰਿਤਸਰ ਕਾ ਮਸ਼ਹੂਰ ਸੁਨਹਿਰੀ ਮੰਦਰ 'ਦਰਬਾਰ ਸਾਹਿਬ' ਨਾਮਜ਼ਦ ਹੈ। ਇਨ ਗੁਰੂ ਸਾਹਿਬ ਕੀ ਔਲਾਦ ਪਹਿਲੇ ਤੋ ਮੁਹਮਦੀਪੁਰ ਤਹਸੀਲ ਚੂਨੀਆਂ ਜ਼ਿਲਾ ਲਾਹੌਰ ਮੇਂ ਆਬਾਦ ਥੀ। ਫਿਰ ਇਸ ਖ਼ਾਨਦਾਨ ਕਾ ਬਜ਼ੁਰਗ ਜੀਵਨਮਲ ਨਕਲੇ-ਮਕਾਂਨ ਕਰਕੇ ਮੌਜੂਦਹ ਮੁਕਾਮ ਮੇਂ ਆਗਿਆ। ਔਰ ਯਹਾਂ ਉਸਨੇ ਏਕ ਗਾਉਂ ਆਬਾਦ ਕੀਆ, ਜਿਸਕਾ ਨਾਮ ਆਪਣੇ ਬੇਟੇ ਕੇ ਨਾਮ ਪਰ 'ਗੁਰੂ ਹਰਿਸਹਾਇ' ਰਖਾ। ਹਜ਼ਰਤ ਮਿਰਜ਼ਾ ਸਾਹਿਬ ਕੀ ਇਸ ਤਹਕੀਕਾਤ ਕੇ ਜ਼ਮਾਨਾ ਮੇਂ (ਜੋ ਅਪ੍ਰੈਲ ਸਨ ੧੯੦੮ ਮੇਂ ਹੁਈ।) ਗੁਰੂ ਬਿਸ਼ਨ ਸਿੰਘ ਸਾਹਿਬ ਗਦੀ ਨਸ਼ੀਨ ਥੇ, ਔਰ ਇਨਹੀ ਕੀ ਤਹਵੀਲ ਮੇਂ ਵੁਹ ਤਬਰੱਕਾਤ* ਥੇ, ਜੋ ਇਸ ਖ਼ਾਨਦਾਨ ਕੇ ਕਬਜ਼ਾ ਮੇਂ ਚਲੇ ਆਤੇ ਹੈਂ। ਦਰਯਾਫ਼ਤ ਕਰਨੇ ਪਰ ਮਾਲੂਮ ਹੂਆ, ਕਿ ਇਸ 'ਪੋਥੀ ਸਾਹਿਬ' ਕੇ ਮੁਤਅਲਿਕ ਸਿਖੋਂ ਕਾ ਅਕੀਦਾਹ ਹੈ, ਕਿ ਯਿਹ ਵੁਹ ਕਿਤਾਬ ਹੈ, ਜਿਸੇ ਬਾਬਾ ਨਾਨਕ ਸਾਹਿਬ ਨਿਹਾਯਿਤ ਅਕੀਦਤ ਕੇ ਸਾਥ ਹਰ ਵਕਤ ਗਲੇ ਮੇਂ ਡਾਲੇ

---

*ਪੋਥੀ ਤੋਂ ਵਧਕੇ ਇਕ ਚੋਗਾ ਅਤੇ ਸਿਹਲੀ ਤੇ ਟੋਪੀ ਹਨ। ਅਤੇ ਇਹ ਚਾਰੇ ਚੀਜ਼ਾਂ ਗੁਰੂ ਨਾਨਕ ਸਾਹਿਬ ਦੇ ਆਪਣੇ ਵਰਤਨ ਵਿਚ ਆਈਆਂ ਕਹੀਆਂ ਜਾਂਦੀਆਂ ਹਨ।



Sri Satguru Jagjit Singh Ji Elibrary NamdhariElibrary@gmail.com

ਫਿਰਤੇ ਥੇ, ਅਕਸਰ ਔਕਾਤ ਇਸੀ ਕੋ ਪੜ੍ਹਤੇ ਰਹਿਤੇ ਥੇ। ਔਰ ਇਸਕੇ ਪੜ੍ਹਨੇ ਕੋ ਇਬਾਦਤ ਸ਼ੁਮਾਰ ਕਰਤੇ ਥੇ । ਬੜੀ ਬੜੀ ਦੂਰ ਸੇ ਰਾਸਿਖ-ਉਲ ਅਕੀਦਹ ਸਿਖ ਲੋਗ ਆਕਰ ਉਸਕੇ ਦਰਸ਼ਨ ਕਰਤੇ ਔਰ ਉਸਪਰ ਹਜ਼ਾਰਹਾ ਰੁਪਓਂ ਕਾ ਚੜ੍ਹਾਵਾ ਚੜ੍ਹਾਤੇ ਹੈਂ। ਚੁਨਾਂਚਿ ਏਕ ਦਫ਼ਹ ਮਹਾਰਾਜਾ ਫ਼ਰੀਦਕੋਟ ਭੀ ਇਸਕੇ ਦਰਸ਼ਨ ਕਰਨੇ ਕੋ ਵਹਾਂ ਤਸ਼ਰੀਫ਼ ਲੇ ਗਏ ਥੇ। ਲੇਕਿਨ ਆਮ ਤੌਰ ਪੁਰ ਯਿਹ ਕਿਤਾਬ ਰੁਮਾਲੋਂ ਮੇਂ ਲਪਟੀ ਹੁਈ ਦਿਖਾਈ ਜਾਤੀ ਹੈ ਔਰ ਸਿਖ ਲਗ ਉਸੇ ਮਥਾ ਟੇਕ ਕਰ ਚਲੇ ਜਾਤੇ ਹੈਂ। ਖੋਲਕਰ ਬਹੁਤ ਕੰਮ ਕਿਸੀਕੋ ਦਿਖਾਈ ਜਾਤੀ ਹੈ। ਵਜਹ ਯਿਹ ਕਿ ਇਸੇ ਖੋਲ ਕਰ ਦਿਖਾਨੇ ਕੇ ਲੀਏ ਏਕ ਸੌ ਏਕ ਰੁਪੱਯਾ ਨਜ਼ਰਾਨਾ ਗੁਰੂ ਜੀ ਕੀ ਖ਼ਿਦਮਤ ਮੇਂ ਪੇਸ਼ ਕਰਨਾ ਪੜਤਾ ਹੈ। ਫਿਰ ਵੁਹ ਏਕ ਸੌ ਏਕ ਦਫ਼ਹ ਨ੍ਹਾਤੇ ਹੈਂ, ਤਬ ਇਸ ਕਾਬਿਲ ਹੋਤੇਹੈ, ਕਿ ਇਸ ਪਵਿਤ੍ਰ ਔਰ ਮੁਕੱਦਸ ਕਿਤਾਬ ਕੋ ਹਾਥ ਲਗਾਏਂ। ਕਈ ਬੜੇ ਹੀ ਮੁਤਮੱਵਲ ਔਰ ਦਰਸ਼ਨ ਕੇ ਸ਼ੌਕੀਨ ਸਿਖ ਬਜ਼ੁਰਗ ਆਤੇ ਹੈਂ, ਔਰ ਵੁਹ ਏਕ ਸੌ ਏਕ ਰੁਪੱਯਾ ਨਜ਼ਰਾਨਾ ਦੇਤੇ ਹੈਂ ਤੋ ਗੁਰੂ ਜੀ ਏਕ ਸੌ ਏਕ ਦਫ਼ਹ ਨ੍ਹਾਕਰ ਪੋਥੀ ਸਾਹਿਬ ਕੋ ਖੋਲ ਕਰ ਦਰਸ਼ਨ ਕਰਵਾਤੇ ਹੈਂ, ਵਰਨਾ ਨਹੀਂ। ਯਿਹ ਖ਼ਬਰ ਸੁਨ ਕਰ ਹਜ਼ਰਤੇ ਅਕਦਸ ਮਿਰਜ਼ਾ ਸਾਹਿਬ ਕੇ ਕਲਬੇ ਰੌਸ਼ਨ ਕੋ ਯਿਹ ਇਹਸਾਸ ਹੁਆ ਕਿ ਇਸ ਪੋਥੀ ਸਾਹਿਬ ਮੇਂ ਭੀ (ਡੇਹਰਾ ਬਾਬਾ ਨਾਨਕ ਵਿਚ ਉਹ 'ਚੋਲਾ ਸਾਹਿਬ' ਪਹਿਲੇ ਖ਼ੁਦ ਦੇਖ ਚੁਕੇ ਸਨ।) ਕਈ ਅਮਰ ਐਸਾ ਜ਼ਾਹਿਰ ਹੋਗਾ ਜਿਸ ਸੇ ਬਾਬਾ ਨਾਨਕ ਸਾਹਿਬ ਕੇ ਮੁਸਲਮਾਨ ਹੋਨੇ ਪਰ ਰੌਸ਼ਨੀ ਪੜੇਗੀ। ਚੁਨਾਂਚਿ ਆਪਨੇ ਅਪਨੇ ਮੁਰੀਦੋਂ ਕਾ ਏਕ ਵਫ਼ਦ 'ਪੋਥੀ ਸਾਹਿਬ' ਕੀ ਤਹਕੀਕਾਤ ਕੇ ਲੀਏ 'ਗੁਰੂ ਹਰਿ ਸਹਾਇ' ਭੇਜਾ। ਇਨ ਦਿਨੋਂ ਇੱਤਿਫ਼ਾਕ ਸੇ ਆਪਕੇ ਮੁਰੀਦ ਸੱਯਦ ਅਮੀਰ ਅਲੀ ਸ਼ਾਹ ਸਾਹਿਬ, ਜਲਾਲਾਬਾਦ ਜ਼ਿਲਾ ਫ਼ੀਰੋਜ਼ਪੁਰ ਮੇਂ ਸਬ-ਇਨਸ-ਪੈਕਟਰ ਪੁਲੀਸ ਥੇ, ਔਰ ਮੌਜ਼ਹ 'ਗੁਰੂ ਹਰ ਸਹਾਇ' ਉਨਕੇ ਹਲਕਾ ਮੇਂ ਥਾ। ਵਫ਼ਦ ਸੀਧਾ ਜਲਾਲਾਬਾਦ ਸ਼ਾਹ ਸਾਹਿਬ ਕੇ ਪਾਸ ਪਹੁੰਚਾ। ਉਨਸੇ ਇਸ ਮੁਆਮਲਾ ਕਾ ਜ਼ਿਕਰ ਕੀਆ, ਤੋ ਵਹ ਕਹਨੇ ਲਗੇ ਕਿ ਬੜੇ ਮੌਕਿਆ ਪਰ ਆਏ। ਗੁਰੂ ਹਰਿ ਸਹਾਇ ਮੇਂ ਇਨ੍ਹੀਂ ਗੁਰੂ ਜੀ ਕੇ ਹਾਂ ਚੋਰੀ ਹੋ ਗਈ ਹੈ, ਔਰ ਮੈਂ ਤਫ਼ਤੀਸ਼ ਕੇ ਲੀਏ ਵਹੀਂ ਜਾ ਰਹਾ ਹੂੰ। ਮੇਰੇ ਸਾਥ ਚਲੇ ਚਲੋ। ਚੁਨਾਂਚਿਹ ਯਿਹ ਸਭ ਸਾਹਿਬ ਉਨਕੇ ਸਾਥ ਗੁਰੂ ਹਰਿ ਸਹਾਇ ਜਾ ਪਹੁੰਚੇ। ਗੁਰੂ ਬਿਸ਼ਨ ਸਿੰਘ ਸਾਹਿਬ ਨੇ ਸਭ ਕੀ ਬੜੀ ਖ਼ਾਤਿਰ ਮਦਾਰਾਤ ਕੀ। ਵਫ਼ਦ ਨੇ ਕਹਾ, 'ਗੁਰੂ ਜੀ! ਸਭ ਸੇ ਬੜੀ ਮਦਾਰਾਤ ਯਿਹ ਹੈ ਕਿ ਹਮੇਂ 'ਪੋਥੀ ਸਾਹਿਬ' ਕੇ ਦਰਸ਼ਣ ਕਰਵਾਏਂ। ਗੁਰੂ ਜੀ ਕੋ ਸਬ-ਇਨਸਪੈਕਟਰ ਸਾਹਿਬ ਕੀ ਰਿਆਇਤ ਭੀ



Sri Satguru Jagjit Singh Ji Elibrary NamdhariElibrary@gmail.com

ਮੱਦੇ-ਨਜ਼ਰ ਥੀ। ਬੋਲੇ ਕਿ ਬੜੀ ਤਕਦੀਰ ਵਾਲੇ ਹੋ। ਮੁਝੇ ਆਜ ਹੀ ਏਕ ਸ਼ਖਸ਼ ਏਕ ਸੌ ਏਕ ਰੁਪੈਯਾ ਨਜ਼ਰ ਦੇਗਿਆ ਹੈ। ਮੈਂ ਕਲ ਏਕ ਸੌ ਏਕਦਫ਼ਾ ਨ੍ਹਾਉਂਗਾ*ਔਰ ਪੋਥੀ ਸਾਹਿਬ ਕੋ ਖੋਲ ਕਰ ਉਸਕੇ ਦਰਸ਼ਨ ਕਰਵਾਂਉਂਗਾ ਆਪ ਲੋਗ ਭੀ ਸਾਥ ਹੀ ਦਰਸ਼ਨ ਕਰ ਲੇਨਾ। ਅਲੱਗ ਨਜ਼ਰਾਨਾ ਦੇਨੇ ਕੀ ਜ਼ਰੂਰਤ ਭੀ ਨਾ ਪੜੇਗੀ।' ਦੂਸਰੇ ਦਿਨ ਗੁਰੂ ਜੀ ਨੇ ਨ੍ਹਾਨਾ ਸ਼ੁਰੂ ਕੀਯਾ। ਏਕ ਸੌ ਏਕ ਦਫ਼ਾ ਨ੍ਹਾਨਾ, ਕੋਨਸਾ ਆਸਾਨ ਕਮ ਹੈ। ਨ੍ਹਾਤੇ ਨ੍ਹਾਤੇ ਘੰਟੋਂ ਗੁਜ਼ਰ ਗਏ। ਤਬ ਗੁਰੂ ਇਸ ਕਾਬਿਲ ਹੂਏ ਕਿ ਇਸ ਪਵਿਤ੍ਰ ਕਿਤਾਬ ਕੋ ਹਾਥ ਲਗਾਏਂ।

ਵੁਹ ਕਿਤਾਬ ਜਬ ਲਾਈ ਗਈ ਤੋ ਉਸ ਪਰ ਭੀ ਚੋਲਾ ਸਾਹਿਬ ਕੀ ਤਰ੍ਹਾਂ ਸੈਂਕੜੋਂ ਬੇਸ਼ਕੀਮਤ ਰੁਮਾਲ ਚੜ੍ਹੇ ਹੂਏ ਥੇ। ਜਬ ਯਕੇ ਬਾਅਦ ਦੀਗਰੇ ਵੁਹ ਰੁਮਾਲ ਹਟੇ ਤੋ 'ਪੋਥੀ ਸਾਹਿਬ' ਨਜ਼ਰ ਆਈ। ਖੋਲਾ ਤੋ ਹਮਾਰੇ ਦੋਸਤ ਯਿਹ ਦੇਖ ਕਰ ਹੈਰਾਨ ਰਹਿ ਗਏ ਕਿ ਵੁਹ **ਕੁਰਾਨ ਸ਼ਰੀਫ਼** ਥਾ। 'ਬਿਸਮਿਲਾ', ਔਰ 'ਸੂਰਹ-ਏ-ਫਾਤਿਹਾ' ਸੇ ਸ਼ੁਰੂ ਕਰ ਕੇ 'ਵ ਅਲਨਾਸ' ਤਕ ਪੂਰਾ ਮੁਕੰਮਲ ਕੁਰਾਨ ਸ਼ਰੀਫ਼ ਥਾ। ਹਮਾਇਲ ਕਾ ਸਾਈਜ਼ ਥਾ, ਕਲਮੀ ਥਾ, ਔਰ ਹਰ ਸਫ਼ਾ ਪਰ ਇਰਦ ਗਿਰਦ ਸੁਨਹਿਰੀ ਲਕੀਰੇਂ ਪੜੀ ਹੁਈ ਥੀਂ। ਗੁਰੂ ਜੀ ਬੋਲੇ ਕਿ 'ਜੋ ਬਾਣੀ (ਜ਼ਬਾਨ) ਇਸ ਮੇਂ ਲਿਖੀ ਹੁਈ ਹੈ, ਉਸੇ ਹਮ ਨਹੀਂ ਸਮਝ ਸਕਤੇ। ਯਿਹ ਕੋਈ ਆਸਮਾਨੀ ਬਾਣੀ (ਜ਼ੁਬਾਨ) ਹੈ, ਜਿਸੇ ਬਾਬਾ ਸਾਹਿਬ ਹੀ ਸਮਝਤੇ ਥੇ।' ਔਰ ਯਿਹ ਉਨ੍ਹੋਂ ਨੇ ਸਚ ਕਹਾ। ਮੌਜੂਦਾ ਗੁਰੂ ਜੀ ਬਿਚਾਰੇ ਅਰਬੀ ਜ਼ਬਾਨ ਕਹਾਂ ਸਮਝ ਸਕਤੇ ਥੇ। ਉਨ੍ਹੇਂ ਪਤਾ ਹੋਤਾ ਕਿ ਯਿਹ 'ਪੋਥੀ ਸਾਹਿਬ' ਕੁਰਾਨ ਸ਼ਰੀਫ਼ ਹੈ, ਤੋ ਵੁਹ ਮੁਸਲਮਾਨੋਂ ਕੀ ਏਕ ਮੁਹੱਕਕ ਜਮਾਤ ਕੋ ਉਸ ਕੇ ਦਰਸ਼ਨ ਹੀ ਕਿਉਂ ਕਰਵਾਤੇ। ਯਿਹ ੪ ਅਪਰੈਲ ਸੰਨ ੧੯੦੯, ਸ਼ੰਬਾ ਕਾ ਦਿਨ ਥਾ, ਜਿਸ ਰੋਜ਼ 'ਪੋਥੀ ਸਾਹਿਬ' ਕਾ ਦਰਸ਼ਨ ਕੀਆ ਗਿਆ। ਦਰਸ਼ਨ ਕਰਨੇ ਕੇ ਬਾਅਦ ਹਮਾਰੇ ਦੋਸਤ ਆਪਨਾ ਈਮਾਨ ਤਾਜ਼ਹ ਕਰ ਕੇ ਅਲੱਹ ਤਆਲਾ ਕਾ ਸ਼ੁਕਰ ਕਰਤੇ ਔਰ ਦਰੂਦ ਸ਼ਰੀਫ਼ ਪੜ੍ਹਤੇ ਵਾਪਸ ਹੂਏ। ਹਜ਼ਰਤੇ ਮਖ਼ਦੂਸ

---

*ਪੋਥੀ ਗ੍ਰੰਥ ਜਾਂ ਹੋਰ ਚੀਜ਼ਾਂ ਚੋਲੇ ਆਦਿ ਨੂੰ ਲੁਕਾਕੇ ਰਖਣ ਅਤੇ ਉਸਦੇ ਦਿਖਾਉਣ ਵਿਚ ਕਈ ਤਰ੍ਹਾਂ ਦੀਆਂ ਰੋਕਾਂ, ਕਈ ਬਾਈਂ ਖੜੀਆਂ ਕੀਤੀਆਂ ਜਾਂਦੀਆਂ ਹਨ। ਜਿਥੇ ਵੀ ਏਸ ਤਰ੍ਹਾਂ ਲੁਕਾਨ ਦੇ ਜਤਨ ਕੀਤੇ ਜਾਨ, ਤੁਸੀਂ ਸਮਝ ਲੋ ਕਿ ਸਾਂਭਣ ਵਾਲਿਆਂ ਦੇ ਮਨ ਵਿਚ ਚੋਰੀ ਹੈ, ਅਤੇ ਕੁਝ ਚੀਜ਼ ਲੁਕਾਨ ਵਾਲੀ ਹੈ।

ਮੋਟੇ ਅਖਰਾਂ ਦੀ ਇਬਾਰਤ ਮੇਰੇ ਵਲੋਂ ਹੈ।



Sri Satguru Jagjit Singh Ji Elibrary NamdhariElibrary@gmail.com

ਕੀ ਖ਼ਿਦਮਤ ਮੇਂ ਆ ਕਰ ਤਮਾਮ ਮਾਜਰਾ ਅਰਜ਼ ਕੀਯਾ, ਤੋ ਹਜ਼ਰਤ ਖ਼ੁਸ਼ੀ ਸੇ ਫੂਲ ਕੀ ਤਰ੍ਹਾਂ ਖਿਲ ਗਏ। ਔਰ ਫ਼ਰਮਾਯਾ ਕਿ ਬਸ ਯਿਹ ਸ਼ਹਾਦਤ ਜੋ ਸਭ ਕੇ ਆਖ਼ਿਰ ਮੇਂ ਹਮੇਂ ਮਿਲੀ ਹੈ, ਉਸ ਨੇ ਬਾਬਾ ਨਾਨਕ ਸਾਹਿਬ ਕੇ ਮੁਸਲਮਾਨ ਹੋਨੇ ਪਰ ਮੁਹਰ ਲਗਾ ਦੀ। ਚੁਨਾਂਚਿ ਬੜੀ ਆਬੋ ਤਾਬ ਸੇ ਇਸ ਤਹਕੀਕਾਤ ਕੋ ਅਪਨੀ ਕਿਤਾਬ 'ਚਸ਼ਮਹ-ਏ-ਮਾਅਰਫ਼ਤ' ਮੇਂ ਦਰਜ ਫ਼ਰਮਾਯਾ। ਅਬ ਕੋਈ ਮਾਨੇ ਯਾ ਨਾ ਮਾਨੇਂ ਯਿਹ ਉਸ ਕਾ ਅਖ਼ਤਿਆਰ ਹੈ। ਮਗਰ ਇਸ ਮੇਂ ਕੁਛ ਸ਼ਕ ਨਹੀਂ ਕਿ ਹਜ਼ਰਤੇ ਅਕਦਸ ਨੇ ਸਿਖੋਂ ਪਰ ਹੁੱਜਤ ਜ਼ਰੂਰ ਤਮਾਮ ਕਰਦੀ।'

ਉਪਰਲਾ ਲੰਮਾਂ ਲੇਖ ਮੈਂ 'ਚਸ਼ਮਹ—ਏ—ਮਾਅਰਫ਼ਤ' ਵਿਚੋਂ ਨਕਲ ਨਹੀਂ ਕੀਤਾ, ਸਗੋਂ ਕਿਤਾਬ 'ਮੁਜਦੱਦੇ ਆਜ਼ਮ' (The great Reformer) ਹਿੱਸਾ ਅੱਵਲ ਵਿਚੋਂ ਲਿਆ ਹੈ, ਜਿਸ ਤਰ੍ਹਾਂ ਕਿ ਉਪਰ ਕਿਹਾ ਹੈ। ਇਹ ਕਿਤਾਬ ਅਹਮਦੀਆਂ ਦੀ ਲਾਹੌਰੀ ਜਮਾਤ ਨੇ, ਜੋ ਮਿਰਜ਼ਾ ਸਾਹਿਬ ਨੂੰ ਨਬੀ ਜਾਂ ਪੈਗ਼ੰਬਰ ਨਹੀਂ, ਸਗੋਂ ਚੌਧਵੀਂ ਸਦੀ ਦਾ 'ਮੁਜਦੱਦ' ਜਾਂ ਸੁਧਾਰਕ ਮਨਦੇ ਹਨ, ਦਸੰਬਰ ਸੰਨ ੧੯੩੯ ਵਿਚ (ਮੁਤਾਬਿਕ ਮਹੀਨਾ ਜ਼ੀਕਾਦ ਸੰਨ ੧੩੫੮ ਹਿਜਰੀ) ਛਪਵਾਈ ਸੀ। ਏਸ ਦੇ ਕਰਤਾ ਡਾਕਟਰ ਬੁਸ਼ਾਰਤ ਅਹਿਮਦ ਹਨ ਅਤੇ ਇਸ ਵਿਚ ਮਿਰਜ਼ਾ ਸਾਹਿਬ ਦੀ ਜੂਨ ਸੰਨ ੧੯੦੦ ਤਕ ਦੀ ਜ਼ਿੰਦਗੀ ਦੇ ਹਾਲਾਤ ਦਿਤੇ ਹਨ। ਮੌਲਵੀ ਮੁਹੰਮਦ ਅਲੀ ਸਾਹਿਬ ਐਮ. ਏ., ਐਲਐਲ. ਬੀ. ਲਾਹੌਰੀ ਜਮਾਤ ਦੇ 'ਅਮੀਰੇ ਮਿਲੱਤ' ਜਾਂ ਸਰਕਰਦਾ ਹਨ। ਛੱਤੀ ਵਰ੍ਹੇ ਹੋਏ ਇਹ ਵਫ਼ਦ ਵਿਚ ਗੁਰੂ ਹਰਸਹਾਇ ਗਏ ਸਨ। ਮਾਡਲ ਟਾਊਨ ਤੋਂ ਨੇੜੇ ਹੀ 'ਮੁਸਲਮ ਟਾਊਨ' ਵਿਚ ਰਹਿੰਦੇ ਹਨ। ਸੋ ਮੈਂ ਇਹਨਾਂ ਨੂੰ ਜਾ ਕੇ ਮਿਲਿਆ, ਅਤੇ ਉਹਨਾਂ ਤੋਂ ਇਸ ਤਹਿਕੀਕਾਤ ਦਾ ਸਾਰਾ ਕਿੱਸਾ ਜ਼ਬਾਨੀ ਸੁਣਿਆ। ਮੌਲਵੀ ਸਾਹਿਬ ਨੇ ਉਪਰ ਦਿਤੇ ਸਾਰੇ ਬਿਆਨ ਦੀ ਪੂਰੀ ਤਸਦੀਕ ਕੀਤੀ ਅਤੇ ਕਿਹਾ ਕਿ ਵਫ਼ਦ ਜਾਂ ਡੈਪੂ-ਟੇਸ਼ਨ ਨੂੰ ਗੁਰੂ ਸਾਹਿਬ ਪੁਰ ਕੋਈ ਬੜਾ ਦਬਾਓ* ਪਾਣ ਦੀ ਜ਼ਰੂਰਤ

---

* ਉਪਰ ਕੁਝ ਇਬਾਰਤ ਮੈਂ ਮੋਟੇ ਅਖਰਾਂ ਵਿਚ ਦਿਤੀ ਹੈ; ਉਹ ਦੋਬਾਰਾ ਫੇਰ ਪੜ੍ਹ ਲੋ। ਉਹ ਦਬਾਉ ਕਾਫ਼ੀ ਸੀ, ਬੜੇ ਅਕੜ ਖਾਂ ਨੂੰ ਵੀ ਸਿਧਾ ਕਰਨ ਵਾਸਤੇ। ਇਹ ਵਾਧੂ ਗਲਾਂ ਮੌਲਵੀ ਸਾਹਿਬ ਨੇ ਮੇਰੇ ਸਵਾਲਾਂ ਦੇ ਜਵਾਬ ਵਿਚ ਕਹੀਆਂ ਸਨ।



Sri Satguru Jagjit Singh Ji Elibrary NamdhariElibrary@gmail.com

ਨਹੀਂ ਪਈ, ਜਿਸ ਤਰ੍ਹਾਂ ਕਿ ਆਮ ਖ਼ਿਆਲ ਹੈ। ਅਤੇ ਇਹ ਕਿ ਉਹਨਾਂ ਨੇ ਆਪਣੀ ਅਖੀਂ ਇਹ 'ਪੋਥੀ' ਵੇਖੀ, ਉਹ ਕੁਰਾਨ ਦੀ 'ਹਮਾਇਲ ਸ਼ਰੀਫ਼' ਸੀ, ਕੋਈ ਸੱਤ ਇੰਚ ਲੰਬੀ ਅਤੇ ਸਾਢੇ ਪੰਜ ਇੰਚ ਚੌੜੀ। ਲਿਖਾਈ ਬੜੀ ਸੁੰਦਰ ਅਤੇ ਨਫ਼ੀਸ ਚਮਕੀਲੀ ਸਿਆਹੀ ਨਾਲ ਕੀਤੀ ਸੀ। ਹਰਫ਼ਾਂ ਪੁਰ ਅਹਿਰਾਬ* ਨਹੀਂ ਸਨ ਦਿਤੇ। ਮੌਲਵੀ ਸਾਹਿਬ ਨੂੰ ਜ਼ਰਾ ਭੀ ਸ਼ਕ ਨਹੀਂ ਕਿ 'ਪੋਥੀ ਸਾਹਿਬ' ਪੂਰਾ ਪੂਰਾ ਕੁਰਾਨ ਸੀ, ਅਤੇ ਉਹ ਹੋਰ ਕੁਝ ਨਹੀਂ ਸੀ, ਅਤੇ ਨਾ ਉਸ ਵਿਚ ਕੁਰਾਨ ਤੋਂ ਬਾਹਰੋਂ ਕੁਝ ਹੋਰ ਸੀ। ਵਫ਼ਦ ਦੇ ਸਾਰੇ ਮੈਂਬਰ ਪੜ੍ਹੇ ਲਿਖੇ ਸਨ, ਕੁਰਾਨ ਜਿਨ੍ਹਾਂ ਦੇ ਜ਼ਬਾਨ ਦੀ ਨੋਕ ਤੇ ਸੀ। 'ਪੋਥੀ ਸਾਹਿਬ' ਨੂੰ ਵੇਖ ਕੇ ਉਸ ਨੂੰ ਕੁਰਾਨ ਕਹਿਣ ਵਿਚ ਉਹਨਾਂ ਨੂੰ ਕੋਈ ਮੁਗ਼ਾਲਤਾ ਨਹੀਂ ਲੱਗਾ।

ਆਮ ਸਿਖਾਂ ਨੂੰ ਇਹ ਭੀ ਮਾਲੂਮ ਨਹੀਂ ਹੋਣਾ, ਕਿ ਇਹ 'ਗੁਰੂ ਹਰ ਸਹਾਇ' ਵਾਲੇ ਸੋਢੀ ਹੈਨ ਕੌਣ। ਪੂਰਾ ਹਾਲ ਤਾਂ ਅਸੀਂ ਆਪਣੀ ਕਿਤਾਬ 'ਸਿਖਾਂ ਦੀ ਤਵਾਰੀਖ਼' ਵਿਚ ਦਿਆਂਗੇ, ਏਸ ਕਿਤਾਬ ਲਈ ਇਤਨਾ ਕਹਿਣਾ ਹੀ ਕਾਫ਼ੀ ਹੋਵੇਗਾ, ਕਿ ਗੁਰੂ ਰਾਮਦਾਸ ਜੀ ਦੇ ਤਿੰਨ ਪੁਤ੍ਰ ਸਨ—ਮਹਾਦੇਵ, ਪ੍ਰਿਥੀ ਚੰਦ ਤੇ ਅਰਜਨ ਮਲ। ਅਰਜਨ ਮਲ ਭਾਵੇਂ ਉਮਰ ਵਿਚ ਸਭ ਤੋਂ ਛੋਟੇ ਸਨ, ਪਰ ਗੁਣਾਂ ਵਿਚ ਬਹੁਤ ਵਡੇ ਸਨ। ਚੂੰਕਿ ਗੁਰੂ-ਗਦੀ ਸੋਢੀਆਂ ਦੇ ਏਸੇ ਘਰ ਵਿਚ ਰਹਿਣੀ ਸੀ, ਗੁਰੂ ਰਾਮਦਾਸ ਨੇ ਸਭ ਤੋਂ ਛੋਟੇ ਪੁਤ੍ਰ ਨੂੰ ਆਪਣੇ ਪਿਛੋਂ ਗੁਰੂ ਗੱਦੀ ਦੇਣ ਲਈ ਚੁਣ ਰਖਿਆ ਸੀ, ਅਤੇ ਇਹ ਗਲ ਵਡੇ ਭਰਾਵਾਂ ਨੂੰ ਮਾਲੂਮ ਸੀ। ਮਹਾਂਦਿਉ ਤਾਂ ਬਿਲਕੁਲ ਭੋਲੇ ਹੀ ਸਨ, ਪਰ ਪ੍ਰਿਥੀ ਚੰਦ ਇਕ ਹੁਸ਼ਿਆਰ, ਈਰਖਾ ਕਰਨ ਵਾਲਾ, ਲਾਲਚੀ, ਅਤੇ ਆਪਣੇ ਮਤਲਬ ਦੇ ਹਾਸਲ ਕਰਨ ਲਈ ਚੰਗੇ ਮੰਦੇ ਦੀ ਗਿਣਤੀ ਨਾ ਗਿਣਨ ਵਾਲਾ ਬੰਦਾ

---

* ਇਹੋ ਜਿਹੀ ਇਬਾਰਤ ਨੂੰ ਜੇ ਪੁਠਾ ਕਰ ਕੇ, ਖਬਿਓਂ ਸਜੇ ਵਲ ਵਰਕੇ ਉਥੱਲ ਕੇ ਵਿਖਾਇਆ ਜਾਵੇ, ਤਾਂ ਖ਼ਾਲੀ ਗੁਰਮੁਖੀ ਸ਼ਾਸਤ੍ਰੀ ਪੜ੍ਹਿਆਂ ਨੇ ਕੀ ਜਾਣਨਾਂ ਹੋਇਆ!



Sri Satguru Jagjit Singh Ji Elibrary NamdhariElibrary@gmail.com

ਸੀ। ਉਸ ਦੀ ਬੀਵੀ ਕਰਮ ਦੇਈ ਨਹਿਲੇ ਉਤੇ ਦਹਿਲਾ ਸੀ। ਜੋ ਕੁਝ ਦੁਖ ਏਸ ਭਿਰਾ ਨੇ ਗੁਰੂ ਅਰਜਨ ਦੇਵ ਨੂੰ ਦਿਤੇ, ਉਹਨਾਂ ਤੋਂ ਦੁਖ ਕੇ ਗੁਰੂ ਸਾਹਿਬ ਨੇ ਉਸ ਨੂੰ 'ਮੀਨਾ' ਦਾ ਨਾਮ ਦਿਤਾ ਸੀ। 'ਮੀਨੇ' ਬੀਕਾਨੇਰ ਅਤੇ ਬਾਂਗਰ ਦੀ ਇਕ 'ਜਰਾਇਮ-ਪੇਸ਼ਾ' ਕੌਮ ਦਾ ਨਾਮ ਹੈ। ਭਾਈ ਗੁਰਦਾਸ ਵੀ ਏਸੇ ਨਾਮ ਨਾਲ ਪ੍ਰਿਥੀ ਚੰਦ ਅਤੇ ਉਸ ਦੇ ਸਿਖਾਂ ਨੂੰ ਯਾਦ ਕਰਦੇ ਹਨ। ਜੇਕਰ ਗੁਰੂ ਨਾਨਕ ਸਾਹਿਬ ਦੀ ਕੋਈ ਪੋਥੀ (ਜਾਂ ਹੋਰ ਯਾਦਗਾਰੀ ਚੀਜ਼ ਜਾਂ ਤਬੱਰੁਕ) ਗੁਰੂ ਰਾਮਦਾਸ ਤਕ ਅਪੜੀ ਹੁੰਦੀ, ਤਦ ਪ੍ਰਿਥੀ ਚੰਦ ਵਰਗਾ ਬੇਅਸੂਲਾ ਆਦਮੀ ਹਰ ਜਾਇਜ਼ ਤੇ ਨਾਜਾਇਜ਼ ਤ੍ਰੀਕਾ ਉਸ ਦੇ ਲੈਣ ਲਈ ਵਰਤਦਾ। ਇਸ ਵਿਚ ਕੋਈ ਸ਼ਕ ਹੀ ਨਹੀਂ। ਅਤੇ ਜੇ ਪੋਥੀ ਉਸ ਦੇ ਹਥ ਆ ਜਾਂਦੀ ਤਦ ਉਸ ਨੇ ਉਹ ਗੁਰੂ ਅਰਜਨ ਦੇਵ ਨੂੰ ਦੇਣੀ ਹੀ ਨਹੀਂ ਸੀ, ਭਾਵੇਂ ਲਖ ਤਰਲੇ ਕਰਦੇ। ਸੋ ਅਸੀਂ ਕਿਤੇ ਨਹੀਂ ਪੜ੍ਹਦੇ ਕਿ ਗੁਰੂ ਅਰਜਨ ਦੇਵ ਨੇ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਵੇਲੇ ਏਸ ਪੋਥੀ ਦੇ ਮੰਗਣ ਦਾ ਜਤਨ ਕੀਤਾ ਹੋਵੇ, ਜਾਂ ਉਹਨਾਂ ਨੂੰ ਏਸ ਦੀ ਹੋਂਦ ਦੀ ਖ਼ਬਰ ਵੀ ਹੋਵੇ। ਅਸਲ ਗਲ ਇਉਂ ਜਾਪਦੀ ਹੈ ਕਿ 'ਗੁਰੂ ਨਾਨਕ ਦੀ ਪੋਥੀ' ਵਾਲਾ ਢੌਂਗ ਗੁਰੂ ਅਰਜਨ ਦੇਵ ਦੇ ਵੇਲੇ ਤਕ ਰਚਿਆ ਹੀ ਨਹੀਂ ਸੀ ਗਿਆ, ਸਗੋਂ ਬਹੁਤ ਪਿਛੋਂ॥

ਗੁਰੂ 'ਹਰ ਸਹਾਇ' ਪ੍ਰਿਥੀ ਚੰਦ ਦੀ ਔਲਾਦ ਵਿਚੋਂ ਗੁਰੂ ਜੀਵਨ ਮਲ ਦਾ ਪੁਤ੍ਰ, ਆਪਣੇ ਵਡ ਵਡੇਰੇ ਵਾਂਗ ਹੁਸ਼ਿਆਰ ਆਦਮੀ ਸੀ, ਅਤੇ ਏਸ ਨੇ ਆਪਣੀ ਗੱਦੀ ਨੂੰ ਖ਼ੂਬ ਰੌਣਕ ਦਿਤੀ। ਜਿਕੁਰ ਧੀਰਮਲ, ਜਿਸ ਨੂੰ ਗੁਰੂ ਹਰਗੋਬਿੰਦ ਜੀ ਨੇ 'ਦੂਜਾ ਪ੍ਰਿਥੀਆ' ਦਾ ਨਾਮ ਦਿਤਾ ਸੀ, ਉਸ ਦੇ ਪੜਪੋਤੇ ਨਿਰੰਜਨ ਰਾਇ ਨੇ, ਕਿਸੇ ਪੁਰਾਣੀ ਲਿਖੀ ਗ੍ਰੰਥ ਸਾਹਿਬ ਦੀ ਬੀੜ ਨੂੰ ਲੈਕੇ ਹੜਤਾਲ ਅਤੇ ਲੇਵੀ ਦੀ ਮਦਦ ਨਾਲ ਉਸਦੀ ਸ਼ਕਲ ਬਦਲਾ ਕੇ ਉਸਨੂੰ ਗੁਰੂ ਅਰਜਨ ਦੇਵ ਵਾਲੀ ਆਦਿ ਬੀੜ ਭਾਈ ਗੁਰਦਾਸ ਦੇ ਹਥਾਂ ਦੀ ਲਿਖੀ ਮਸ਼ਹੂਰ ਕਰ ਦਿੱਤਾ, ਉਸੇ ਤਰ੍ਹਾਂ ਗੁਰੂ 'ਹਰਿ ਸਹਾਇ' ਨੇ ਕੋਈ ਪੋਥੀ ਲੈਕੇ ਉਸਨੂੰ ਬਹੁਤ ਸਾਰੇ ਰੁਮਾਲਾਂ ਵਿਚ ਲਪੇਟ ਕੇ, ਉਸ ਪੋਥੀ ਦੇ



Sri Satguru Jagjit Singh Ji Elibrary NamdhariElibrary@gmail.com

'ਗੁਰੂ ਨਾਨਕ ਸਾਹਿਬ ਵਾਲੀ ਪੋਥੀ' ਹੋਣ ਦਾ ਦਾਅਵਾ ਚੁੱਕ ਕੀਤਾ। ਪਰ ਮੈਂ ਆਪਣੇ ਅਗਲੇ ਲੇਖਾਂ ਪੁਰ ਕੁਝ ਪੇਸ਼ਕਦਮੀ ਕਰ ਰਿਹਾ ਹਾਂ।

ਖ਼ੈਰ, ਜੇ ਉਹ ਪੋਥੀ ਸਚੀ ਮੁਚੀ ਗੁਰੂ ਨਾਨਕ ਸਾਹਿਬ ਦੀ ਹੀ ਹੋਵੇ, ਅਤੇ ਹੋਵੇ ਉਹ ਕੁਰਾਨ, ਜਿਸ ਤਰ੍ਹਾਂ ਕਿ ਮਿਰਜ਼ਈਆਂ ਨੇ ਦਸਿਆ ਹੈ, ਤਦ ਸਿਖ ਆਪਣੀ ਬੇਸਮਝੀ ਨਾਲ ਗੁਰੂ ਨਾਨਕ ਸਾਹਿਬ ਨੂੰ ਪੱਕਾ ਮੁਸਲਮਾਨ ਸਾਬਤ ਕਰ ਰਹੇ ਹਨ। ਭਾਈ ਗੁਰਦਾਸ ਨੇ ਭੀ 'ਕਤੇਬ ਕਛ' ਲਿਖਿਆ ਹੈ, ਜਿਸ ਦਾ ਅਰਥ 'ਹਮਾਇਲ ਸ਼ਰੀਫ' ਕੀਤਾ ਜਾ ਸਕਦਾ ਹੈ। 'ਹਮਾਇਲ ਛੋਟੀ ਤਕਤੀਹ ਦੇ ਕੁਰਾਨ ਸ਼ਰੀਫ ਨੂੰ ਆਖਦੇ ਹਨ, ਜੋ ਹੌਲਾ ਹੋਣ ਕਰਕੇ ਮੁਸਲਮਾਨ ਇਕ ਬਸਤੇ ਵਿਚ ਪਾ ਕੇ ਬਗਲ ਵਿਚ ਲਟਕਾ ਲਿਆ ਕਰਦੇ ਹਨ।

\+ \+ \+

ਉਪਰਲਾ ਲੇਖ ਲਿਖ ਚੁਕਣ ਦੇ ਡੇਢ ਮਹੀਨਾ ਪਿਛੋਂ ਸਾਨੂੰ 'ਪੋਥੀ ਸਾਹਿਬ' ਬਾਬਤ ਕੁਝ ਹੋਰ ਠੀਕ ਠੀਕ ਹਾਲ ਮਾਲੂਮ ਹੋਏ ਹਨ। ਵਿਸਾਖੀ ਵਾਲੇ ਦਿਨ ਪੋਥੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਆਉਣ ਵਾਲੀ ਵਿਸਾਖੀ ਤੇ ਮੈਂ ਆਪ 'ਗੁਰੂ ਹਰਿ ਸਹਾਇ' ਪਿੰਡ ਅਪੜ ਨਹੀਂ ਸਾਂ ਸਕਦਾ। ਸੋ ਮਿਰਜ਼ਈਆਂ ਦੇ ਉਪਰਲੇ ਬਿਆਨ ਦੇ ਸਚ ਝੂਠ ਦੇ ਨਿਤਾਰੇ ਲਈ, ਮੈਂ ਆਪਣੇ ਇਕ ਵਿਦਵਾਨ ਸਮਝਦਾਰ ਅਜ਼ੀਜ਼ ਨੂੰ ਸੌਂਪਣਾ ਕੀਤੀ, ਅਤੇ ਚੰਗੇ ਭਾਗਾਂ ਨੂੰ 'ਪੋਥੀ' ਦੇ ਸੰਤੋਖਣ ਤੋਂ ਪਹਿਲੇ ਦਸਕੁ ਮਿੰਟ ਲਈ 'ਪੋਥੀ' ਦੇ ਵਰਕੇ ਫੋਲਣ ਦੀ ਉਹਨਾਂ ਨੂੰ ਇਜਾਜ਼ਤ ਵੀ ਮਿਲ ਗਈ। ਇਸ ਥੋੜੀ ਜਿਹੀ ਪੜਤਾਲ ਦਾ ਨਤੀਜਾ ਉਹਨਾਂ ਨੇ ਇਕ ਨੋਟ ਦੀ ਸ਼ਕਲ ਵਿਚ ਲਿਖਕੇ ਮੈਨੂੰ ਦਿੱਤਾ ਹੈ, ਜੋ ਮੈਂ ਹੇਠਾਂ ਦੁਹਰਾਉਂਦਾ ਹਾਂ।

ਏਸ ਨੋਟ ਤੋਂ ਮਾਲੂਮ ਹੋਂਦਾ ਹੈ ਕਿ ਜਿਸ 'ਪੋਥੀ' ਦਾ ਵਿਸਾਖੀ ਵਾਲੇ ਦਿਨ (ਸੰਨ ੧੯੪੪) ਪ੍ਰਕਾਸ਼ ਕੀਤਾ ਹੋਇਆ ਸੀ, ਅਤੇ ਜਿਸਦੇ ਸਾਹਮਣੇ ਲੋਕੀ ਦੂਰੋਂ ਨੇੜਿਉਂ ਆ ਕੇ ਮਥੇ ਟੇਕ ਅਤੇ ਅਰਦਾਸ ਭੇਟਾ ਕਰ ਰਹੇ ਸਨ, ਉਹ 'ਕੁਰਾਨ' ਨਹੀਂ ਸਗੋਂ 'ਗ੍ਰੰਥ ਸਾਹਿਬ' ਦੀ ਹੀ ਇਕ



Sri Satguru Jagjit Singh Ji Elibrary NamdhariElibrary@gmail.com

ਪੁਰਾਣੀ ਬੀੜ ਹੈ, ਜੋ ਗੁਰੂ ਹਰ ਰਾਇ ਸਾਹਿਬ ਦੇ ਵੇਲੇ ਨਕਲ ਕੀਤੀ ਗਈ ਜਾਪਦੀ ਹੈ। ਉਤਾਰਾ ਹੋਣ ਦੇ ਠੀਕ ਸਮੇਂ ਦਾ ਠੀਕ ਪਤਾ 'ਪੋਥੀ' ਨੂੰ ਮੈਂ ਆਪ ਵੇਖ ਕੇ ਹੀ ਕਰ ਸਕਦਾ ਹਾਂ। ਪਰ ਜੋ ਕੁਝ ਵੀ ਉਹ ਸਮਾਂ ਹੋਵੇ, ਗ੍ਰੰਥ ਸਾਹਿਬ ਦੀ ਇਕ ਬੀੜ 'ਬਾਬੇ ਨਾਨਕ ਦੀ ਪੋਥੀ' ਨਹੀਂ ਹੋ ਸਕਦੀ, ਅਤੇ ਨਾ ਓਹ ਪੋਥੀ ਜੋ ਬਾਬਾ ਪ੍ਰਿਥੀ ਚੰਦ ਜਾਂ ਉਹਨਾਂ ਦੇ ਪੁਤ੍ਰ 'ਗੁਰੂ ਮਿਹਰਬਾਨ' ਜੀ ਪਾਸ ਸੀ, ਜਿਸਨੂੰ ਉਹ ਗੁਰੂ ਨਾਨਕ ਸਾਹਿਬ ਵਾਲੀ ਪੋਥੀ' ਅਤੇ ਉਹਨਾਂ ਦੇ ਆਪਣੇ ਹਥ ਦੀ ਲਿਖੀ ਦਸਕੇ, ਬਾਬਾ ਪ੍ਰਿਥੀ ਚੰਦ ਨੇ, ਗੁਰੂ ਅਰਜਨ ਦੇਵ ਦੇ ਮੁਕਾਬਲੇ ਪੁਰ ਆਪਣੀ ਵਖਰੀ ਗੁਰੂ ਗੱਦੀ ਕਾਇਮ ਕੀਤੀ ਸੀ। ਗੁਰੂ ਗ੍ਰੰਥ ਸਾਹਿਬ ਦੀ ਕਿਸੇ ਨਕਲ ਬਾਬਤ ਇਹੋ ਜਿਹਾ ਦਾਅਵਾ ਕੀਤਾ ਹੀ ਨਹੀਂ ਜਾ ਸਕਦਾ ਸੀ।

ਤਾਂਤੇ ਕੁਰਾਨ ਦੇ ਇਕ ਕਲਮੀ ਨੁਸਖ਼ੇ ਦਾ 'ਗ੍ਰੰਥ ਸਾਹਿਬ' ਬਣ ਜਾਣਾ ਇਕ ਕਰਾਮਾਤ ਹੈ, ਜੋ ਮਿਰਜ਼ਈਆਂ ਦੀ ਤਹਕੀਕਾਤ ਦੇ ਅਖ਼ਬਾਰਾਂ ਵਿਚ ਆ ਜਾਣ ਤੋਂ (ਸੰਨ ੧੯੦੮), ਲੈ ਕੇ ਅਪ੍ਰੈਲ ਸੰਨ ੧੯੪੪ ਤਕ ਦੇ ਅਰਸੇ ਵਿਚ ਕਿਸੇ ਸਮੇਂ ਚੁਪ ਕੀਤੇ ਹੋਈ ਹੈ। ਪਰ ਕਰਾਮਾਤ ਵਿਚ ਘਾਟਾ ਇਹ ਰਹਿ ਗਿਆ ਹੈ ਕਿ ਕੋਈ ਹੋਰ ਪੁਰਾਣੀ ਪੋਥੀ ਧਰਨ ਦੀ ਥਾਂ ਗੁਰੂ ਗ੍ਰੰਥ ਸਾਹਿਬ ਨੂੰ ਲੈ ਆਂਦਾ ਗਿਆ ਹੈ।

ਗੁਰੂ ਅਰਜਨ ਦੇਵ ਦੇ ਬੀੜ ਤਿਆਰ ਕਰਦੇ ਸਮੇਂ ਏਸ ਪੋਥੀ ਦੇ ਜ਼ਿਕਰ ਅਜ਼ਕਾਰ ਦਾ ਨਾ ਹੋਣਾ, ਅਤੇ ਨਾ ਬਾਣੀ ਦੇ ਅਜਿਹੇ ਦੁਰਲਭ ਸੋਮੇਂ ਨੂੰ ਢੂੰਡ ਕਢਣ ਲਈ ਗੁਰੂ ਸਾਹਿਬ ਦਾ ਕੋਈ ਜਤਨ ਕਰਨਾ, ਮੇਰੇ ਅਜ਼ੀਜ਼ ਦੇ ਖ਼ਿਆਨ ਦੀ ਰੌਸ਼ਨੀ ਵਿਚ ਹੁਣ ਚੰਗੀ ਤਰ੍ਹਾਂ ਸਮਝ ਆ ਸਕਦਾ ਹੈ।

ਰਹੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਖ਼ੁਦ, ਸੋ ਉਹ ਇਕ ਮਾਮੂਲੀ ਨਕਲ ਜਾਪਦੀ ਹੈ, ਜੋ ਸਾਡੀ ਏਸ ਕਿਤਾਬ ਲਈ ਕੋਈ ਗੌਰਵ ਜਾਂ ਮਹਤਵ ਨਹੀਂ ਰਖਦੀ। ਸ਼ਾਇਦ ਮਿਹਨਤ ਕੀਤਿਆਂ ਤੇ ਹੋਰ ਬੀੜਾਂ ਨਾਲ ਟਾਕਰਾ ਕੀਤਿਆਂ ਕੋਈ ਮਤਲਬ ਦੀ ਗਲ ਨਿਕਲ ਆਵੇ, ਪਰ ਆਸ ਨਹੀਂ ਪੈਂਦੀ।



Sri Satguru Jagjit Singh Ji Elibrary NamdhariElibrary@gmail.com

ਇਕੋ ਅਨੋਖੀ ਗਲ ਜੋ ਉਸ ਬਾਬਤ ਕਹੀ ਜਾ ਸਕਦੀ ਹੈ ਉਹ ਇਹ ਹੈ ਕਿ ਉਸ ਵਿਚ ਦੇ ਕੁਝ ਥੋੜੇ ਹਿਸੇ ਤੇ 'ਯਾਦਦਾਸ਼ਤਾਂ' ਸ਼ਿਕਸਤਾ ਗੁਰਮੁਖੀ ਜਾਂ 'ਸਰਾਫ਼ੀ ਅਖਰਾਂ' ਵਿਚ ਲਿਖੇ ਹਨ, ਜਿਨ੍ਹਾਂ ਅਖਰਾਂ ਨਾਲ ਹਰ ਥਾਂ ਲੱਗਾਂ ਨਹੀਂ ਵਰਤੀਆਂ, ਕੱਨੋਂ ਦੀ ਥਾਂ ਬਿੰਦੀ ਦਿਤੀ ਹੈ ਆਦਿ, ਜਿਸ ਕਰਕੇ ਉਹਨਾਂ ਭਾਗਾਂ ਦਾ ਪੜ੍ਹਨਾ ਸਾਧਾਰਨ ਆਦਮੀ ਲਈ ਕੁਝ ਮੁਸ਼ਕਲ ਹੋ ਗਿਆ ਹੈ।

ਮੇਰਾ ਅਜ਼ੀਜ਼ ਆਪਣੀ ਪੜਤਾਲ ਦਾ ਸਿੱਟਾ ਇਸ ਤਰ੍ਹਾਂ ਦਾ ਦੇਂਦਾ ਹੈ :-

"੧੩ ਅਪ੍ਰੈਲ ੧੯੪੪, ਵਿਸਾਖੀ ਵਾਲੇ ਦਿਨ, ਮੈਂ ਗੁਰੂ ਹਰ ਸਹਾਇ ਇਕ ਕਿਤਾਬ ਦੇ ਦਰਸ਼ਨ ਕੀਤੇ, ਜਿਸ ਦਾ ਨਾਮ 'ਪੋਥੀ' ਕਰਕੇ ਮਸ਼ਹੂਰ ਹੈ। ਗੁਰੂ ਜਸਵੰਤ ਸਿੰਘ ਜੀ ਜਿਨ੍ਹਾਂ ਦੀ ਮਲਕੀਅਤ ਵਿਚ ਇਹ 'ਪੋਥੀ' ਹੈ, ਵਿਸਾਖੀ ਵਾਲੇ ਦਿਹਾੜੇ, ਤਿੰਨ ਚਾਰ ਘੰਟੇ ਲਈ ਇਹਦਾ ਪ੍ਰਕਾਸ਼ ਕਰਦੇ ਹਨ ਤੇ ਲੋਕੀ ਦੂਰੋਂ ਨੇੜਿਓਂ ਇਹਦੇ ਦਰਸ਼ਨ ਕਰਨ ਆਉਂਦੇ ਤੇ ਚੜ੍ਹਤ ਦੇਂਦੇ ਨੇ। ਗੁਰੂ ਸਾਹਿਬ ਚੋਗਾ ਤੇ ਸੇਲੀ ਟੋਪੀ ਪਾ ਕੇ ਸਾਰਾ ਸਮਾਂ ਪੋਥੀ ਦੀ ਹਜ਼ੂਰੀ ਵਿਚ ਬੈਠਦੇ ਨੇ।

ਮੈਂ ਕੋਈ ਦਸ ਮਿੰਟ ਇਸ 'ਪੋਥੀ' ਦੇ ਵਰਕੇ ਪਰਤ ਕੇ ਵੇਖੇ। ਇਹਦੇ ਸ਼ੁਰੂ ਵਿਚ ਗ੍ਰੰਥ ਸਾਹਿਬ ਦੀਆਂ ਹੋਰ ਬੀੜਾਂ ਦੀ ਤਰ੍ਹਾਂ ਰਾਗਾਂ ਅਨੁਸਾਰ ਬਾਣੀ ਦਾ ਤਤਕਰਾ ਹੈ। ਅਗੇ ਜਾਕੇ, ਤਤਕਰੇ ਦੇ ਪਿਛੇ, ਪੰਜ ਵਖਰਿਆਂ ਵਖਰਿਆਂ ਸਫ਼ਿਆਂ ਉਤੇ ਪੰਜ ਤਰੀਕਾਂ ਹੇਠਾਂ ਕੁਝ ਥੋੜੀ ਲਿਖਾਈ ਹੈ। ਇਹਨਾਂ ਵਿਚੋਂ ਪਹਿਲੀ ਤਰੀਕ ੧੫੯੫ ਅਤੇ ਅਖੀਰਲੀ ੧੬੬੧ ਹੈ *। ਇਹ ਲਿਖਾਈ ਸਾਫ਼ ਗੁਰਮੁਖੀ ਅਖਰਾਂ ਵਿਚ ਨਾ ਹੋਣ ਕਰ ਕੇ, ਅਤੇ ਵਰਕੇ ਪਾਟੇ ਹੋਣ ਕਰ ਕੇ ਮੇਰੇ ਕੋਲੋਂ ਪੜ੍ਹੀ ਨਹੀਂ ਗਈ। ਤਤਕਰੇ ਵਿਚ 'ਪੋਥੀ' ਦੇ ਛੇ ਸੌ ਤੋਂ ਉਪਰ ਵਰਕੇ ਦਸੇ ਹਨ, ਪਰ ਅਸਲ ਵਿਚ ਬਹੁਤੇ ਨੇ। 'ਪੋਥੀ' ਦੇ ਅਖੀਰ ਵਿਚ ਸੌ ਕੁ ਵਰਕੇ ਪਿਛੋਂ ਜੋੜੇ ਗਏ ਦਿਸਦੇ ਨੇ। ਇਹਨਾਂ ਵਰਕਿਆਂ ਦੀ ਲਿਖਾਈ ਵੀ ਬਾਕੀ ਕਿਤਾਬ ਨਾਲੋਂ ਵਖਰੀ ਹੈ। ਵਰਕਿਆਂ ਦਾ ਸਾਈਜ਼ ਲਗ ਪਗ ਦਸ ਇੰਚ ਸਤ ਇੰਚ ਹੈ।* ਪਰ ਪਿਛਲੇ ਵਰਕੇ ਕੁਝ ਵਡੇਰੇ ਮਾਲੂਮ ਹੁੰਦੇ ਹਨ।

ਕਿਤਾਬ ਸਾਰੀ ਇਕ ਹਥ ਦੀ ਲਿਖਿਤ ਨਹੀਂ, ਦੋ ਜਾਂ ਤਿੰਨ ਹਥਾਂ ਦੀ ਲਿਖੀ ਹੈ। ਲਿਪੀ ਗੁਰਮੁਖੀ ਹੈ, ਪਰ ਕਈ ਥਾਂ ਲਿਖਣ ਦਾ ਢੰਗ ਅਜਿਹਾ ਹੈ, ਕਿ ਸਾਫ਼ ਪੜ੍ਹਿਆ ਨਹੀਂ ਜਾਂਦਾ। ਕਈ ਥਾਂ ਇਬਾਰਤ ਜੁੜਵੀਂ ਹੈ, ਜਿਸ ਤਰ੍ਹਾਂ ਕਿ

---

*ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਦੇ ਸਮਾਂ ਦੀਆਂ ਥਿਤਾਂ ਇਹਨਾਂ ਪੰਜਾਂ ਵਰਕਿਆਂ ਪੁਰ ਦਿਤੀਆਂ ਜਾਪਦੀਆਂ ਹਨ, ਭਾਵੇਂ ਉਪਰ ਦਿਤੀਆਂ ਦੋਵੇਂ ਤਾਰੀਖਾਂ ੧ ਵਰ੍ਹਾ ਤੇ ੨ ਵਰ੍ਹੇ ਘਟ ਦਿਤੀਆਂ ਹਨ।



Sri Satguru Jagjit Singh Ji Elibrary NamdhariElibrary@gmail.com

ਗ੍ਰੰਥ ਸਾਹਿਬਾਂ ਵਿਚ ਹੁੰਦੀ ਹੈ, ਪਰ ਕਈ ਥਾਂ ਹਰਫ਼ ਅਲਗ ਅਲਗ ਨੇ, ਤੇ ਲਗਾਂ ਮਾਤਰਾਂ ਪੂਰੀਆਂ ਨਹੀਂ। ਲਿਖਾਈ ਲੰਬਾਈ ਦਾਅ* ਹੈ, ਜਿਸ ਤਰ੍ਹਾਂ ਗਰੰਥ ਸਾਹਿਬਾਂ ਵਿਚ ਹੁੰਦੀ ਹੈ। ਹਰ ਸਫ਼ੇ ਪੁਰ ਅਠ ਤੋਂ ਬਾਰਾਂ ਤਕ ਸਤਰਾਂ ਹਨ। ਇਕੋ ਆਦਮੀ ਦੇ ਹਥ ਦੇ ਲਿਖੇ ਵਿਚ ਵੀ ਸਤਰਾਂ ਵਿਚਾਲੇ ਵਿਥ ਘਟ ਵਧ ਹੈ।

ਪੋਥੀ ਦੀ ਹਾਲਤ ਖ਼ਸਤਾ ਹੈ ਅਤੇ ਬਹੁਤ ਸਾਰੇ ਵਰਕੇ ਅਧੇ ਪਚੱਧੇ ਰਹਿ ਗਏ ਨੇ। ਮੇਰੀ ਜਾਚੇ 'ਪੋਥੀ' ਇਕ ਪ੍ਰਾਚੀਨ ਬੀੜ ਹੈ।"

ਪਰ ਇਹ ਪੋਥੀ 'ਹਮਾਯਿਲ ਸ਼ਰੀਫ਼' ਸੀ ਜਾਂ ਗਰੰਥ ਸਾਹਿਬ ਹੈ, ਜਿਥੋਂ ਤਕ ਸਾਡੀ ਏਸ ਕਿਤਾਬ ਦਾ ਵਾਸਤਾ ਹੈ, ਇਹ ਦੋਵੇਂ ਨਿਰਗੁਣ ਹਨ।

# ਦੂਜੇ, ਤੀਜੇ, ਚੌਥੇ ਤੇ ਪੰਜਵੇਂ

## ਗੁਰੂਆਂ ਦੀ ਬਾਣੀ

ਗੁਰੂ ਅੰਗਦ ਸਾਹਿਬ ਤੇਰਾਂ ਵਰ੍ਹੇ ਗੁਰੂ ਗੱਦੀ ਪੁਰ ਰਹੇ। ਆਪ ਦੀ ਰਚਨਾ ਕੋਈ ੧੧੫ ਸਲੋਕਾਂ ਦੇ ਲਗ ਪਗ ਹੀ ਹੈ, ਜੋ ਗ੍ਰੰਥ ਸਾਹਿਬ ਵਿਚ 'ਵਾਰਾਂ' ਦੇ ਨਾਲ ਦਿੱਤੇ ਹਨ, ਅਤੇ ਥੋੜੇ ਕੁ ਹੋਰਥੇ ਵੀ ਆਏ ਹਨ। ਡਾਕਟਰ ਟ੍ਰੰਪ ਨੇ ਸਾਖੀਆਂ ਦੇ ਆਧਾਰ ਪੁਰ ਇਹ ਲਿਖਿਆ ਕਿ ਆਪ ਪੜ੍ਹੇ ਹੋਏ ਨਹੀਂ ਸਨ। ਇਹ ਠੀਕ ਨਹੀਂ ਜਾਪਦਾ, ਕਿਉਂਕਿ ਸਲੋਕਾਂ ਦੀ ਰਚਨਾ, ਬੋਲੀ, ਆਦਿ, ਇਸ ਗਲ ਨੂੰ ਝੁਠਲਾਂਦੇ ਹਨ। ਸਾਖੀਆਂ ਦੇ ਆਧਾਰ ਪੁਰ, ਜੋ ਅਕਸਰ ਅਵਿੱਦ ਲੋਕਾਂ ਦੀਆਂ ਲਿਖੀਆਂ ਹਨ, ਕੋਈ ਜ਼ਿਕਰ ਕਿਤੇ ਅਜਿਹਾ ਨਹੀਂ ਆਇਆ, ਜਿਸ ਤੋਂ ਪਤਾ ਲਗੇ ਜੋ ਆਪਣੀ ਰਚਨਾ ਉਹਨਾਂ ਨੇ ਕਿਤੇ ਲਿਖੀ ਜਾਂ ਲਿਖਾਈ ਹੋਵੇ, ਅਤੇ ਉਹ ਸੈਂਚੀ ਗੁਰੂ ਅਮਰਦਾਸ ਦੇ ਹਵਾਲੇ ਕੀਤੀ ਹੋਵੇ, ਜਿਸ ਤਰ੍ਹਾਂ ਕਿ ਮਾਮੂਲੀ ਹਾਲਤਾਂ ਵਿਚ ਹੋਣ ਦੀ ਅਸੀਂ ਉਮੀਦ ਕਰ ਸਕਦੇ ਹਾਂ। ਜੇ ਉਹ ਬਾਣੀ ਕਿਤੇ ਲਿਖੀ ਗਈ, ਤਦ ਹੋ ਸਕਦਾ ਹੈ

---

*ਜਿਸ ਦਾ ਮਤਲਬ ਹੈ ਕਿ ੨੧ ਇੰਚ × ੧੫ ਇੰਚ ਜਾਂ ਕਹੋ ਨੌ ਗਿਰਹ ਲੰਬੇ ਤੇ ਛੇ ਗਿਰਹ ਚੌੜੇ ਤਾਓ ਵਿਚੋਂ ਚਾਰ ਵਰਕੇ ਕਢੇ ਹੋਏ ਹਨ (quarto) ਏਸੇ ਕਰ ਕੇ ਲਿਖਾਈ ਲੰਬਾਈ ਦੇ ਰੁਖ ਆਈ ਹੈ।



Sri Satguru Jagjit Singh Ji Elibrary NamdhariElibrary@gmail.com

ਕਿ ਉਹ ਪਤ੍ਰੇ ਗੁਰੂ ਅੰਗਦ ਸਾਹਿਬ ਦੇ ਪੁਤ੍ਰਾਂ ਦਾਸੂ ਤੇ ਦਾਤੂ ਦੇ ਹਥ ਆਏ ਹੋਨ, ਅਤੇ ਜਦ ਗੁਰੂ ਅਰਜਨ ਦੇਵ ਬਾਣੀ ਦੀ ਤਲਾਸ਼ ਵਿਚ, ਅਤੇ ਕਾਗਜ਼ ਕਲਮਾਂ ਖ਼ਰੀਦਣ ਲਾਹੌਰ ਗਏ ਸਨ, ਅਤੇ ਦਾਸੂ ਨੂੰ, ਜੋ ਉਹਨੀਂ ਦਿਨੀ ਲਾਹੌਰ ਰਹਿੰਦਾ ਸੀ, ਮਿਲੇ ਹਨ, ਤਦ ਕੁਝ ਪਤ੍ਰੇ ਉਨ੍ਹਾਂ ਤੋਂ ਗੁਰੂ ਸਾਹਿਬ ਨੂੰ ਮਿਲ ਗਏ ਹੋਨ। ਖਡੂਰ ਵਿਚ ਦਾਤੂ ਤੋਂ ਉਹਨਾਂ ਨੂੰ ਕੁਝ ਨਹੀਂ ਸੀ ਲੱਭਾ। ਅਤੇ ਜੇ ਅਸਲੀ ਲਿਖੇ ਪਤ੍ਰੇ ਮੂਲੋਂ ਗੁਮ ਵੀ ਹੋ ਗਏ ਹੋਨ, ਤਦ ਵੀ ਇਕ ਜ਼ਰੀਆ ਗੁਰੂ ਅੰਗਦ ਦੀ ਬਾਣੀ ਦੇ ਬਚ ਰਹਿਣ ਦਾ ਹੋ ਸਕਦਾ ਸੀ।

ਗੁਰੂ ਅਮਰਦਾਸ ਬਾਬਤ ਲਿਖਿਆ ਹੈ ਕਿ ਇਕ ਸਵੇਰ ਉਹਨਾਂ ਨੇ ਬੀਬੀ ਅਮਰੋ ਨੂੰ, ਜੋ ਗੁਰੂ ਅੰਗਦ ਦੇਵ ਜੀ ਦੀ ਲੜਕੀ, ਅਤੇ ਗੁਰੂ ਅਮਰਦਾਸ ਦੇ ਇਕ ਭਤੀਜੇ ਦੀ ਪਤਨੀ ਸੀ, ਪਾਠ ਕਰਦੇ ਸੁਣਿਆ। ਬਾਣੀ ਨੇ ਉਹਨਾਂ ਦੇ ਦਿਲ ਤੇ ਖਿਚ ਪਾਈ। ਭਾਵੇਂ ਇਸ ਵੇਲੇ ਆਪ ਵਡੇਰੀ ਉਮਰ ਦੇ ਸਨ ਪਰ ਇਹ ਬਾਣੀ ਉਹਨਾਂ ਲਈ ਨਵੀਂ ਸੀ, ਜੋ ਉਹਨਾਂ ਨੇ ਅਗੇ ਕਦੇ ਨਹੀਂ ਸੀ ਸੁਣੀ ਹੋਈ। ਧਾਰਮਕ ਰੁਚੀ ਵਾਲੇ ਮੁਢ ਤੋਂ ਸਨ। ਉਹਨਾਂ ਦੀ ਆਪਣੀ ਬਾਣੀ ਜੋ ਗਰੰਥ ਸਾਹਿਬ ਵਿਚ ਦਿਤੀ ਹੈ, ਉਸ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਭਗਤਾਂ ਦੀ ਕੁਝ ਬਾਣੀ ਆਪਣੇ ਲਈ ਇਕੱਠੀ ਕੀਤੀ ਹੋਈ ਸੀ, ਜਿਵੇਂ ਸ਼ੇਖ ਫ਼ਰੀਦ ਅਤੇ ਭਗਤ ਕਬੀਰ ਦੇ ਸ਼ਲੋਕ। ਇਹਨਾਂ ਸਲੋਕਾਂ ਵਿਚੋਂ ਕਿਤਨਿਆਂ ਨੂੰ ਸਨਮੁਖ ਰਖਕੇ ਉਹਨਾਂ ਨੇ ਆਪਣੇ ਸਲੋਕ ਵੀ ਰਚੇ ਸਨ। ਹੋ ਸਕਦਾ ਹੈ ਕਿ ਜਿਸ ਸਮੇਂ ਆਪ ਗੁਰੂ ਅੰਗਦ ਦੇਵ ਦੀ ਸੇਵਾ ਵਿਚ ਰਹਿੰਦੇ ਸਨ, ਉਸ ਸਮੇਂ ਗੁਰੂ ਅੰਗਦ ਜੀ ਦੇ ਰਚੇ ਸਲੋਕ ਵੀ ਲਿਖ ਲਏ ਹੋਨ, ਪਰ ਨਿਸਚੇ ਨਾਲ ਅਸੀਂ ਇਹ ਗਲ ਨਹੀਂ ਕਹਿ ਸਕਦੇ।

ਗੁਰੂ ਅਮਰਦਾਸ ਜੀ ਦੀ ਆਪਣੀ ਬਾਣੀ ਜੋ ਗੁਰੂ ਬਨਣ ਪਿਛੋਂ ਉਨ੍ਹਾਂ ਨੇ 'ਨਾਨਕ' ਦੀ ਛਾਪ ਹੇਠਾਂ ਰਚੀ, ਉਹ ਮੌਜੂਦ ਹੀ ਸੀ ਅਤੇ ਉਹਨਾਂ ਦੇ ਵੇਲੇ ਕੀਤੇ ਗਏ ਸੰਗ੍ਰਿਹ ਵਿਚ ਆ ਹੀ ਸਕਦੀ ਸੀ।



Sri Satguru Jagjit Singh Ji Elibrary NamdhariElibrary@gmail.com

ਪੁਰਾਤਨ ਬੀੜਾਂ ਵਿਚ ਆਈ ਇਕ 'colophon' ਜਾਂ ਟਿੱਪਣੀ ਤੋਂ ਪਤਾ ਲਗਦਾ ਹੈ ਕਿ ਗੁਰੂ ਰਾਮਦਾਸ ਜੀ ਨੇ ਆਪਣੇ ਪਾਠ ਲਈ 'ਜਪੁਜੀ' ਨ ਆਪਣੀ ਹਥੀਂ ਨਕਲ ਕੀਤਾ ਹੋਇਆ ਸੀ। ਇਸਨੂੰ 'ਪ੍ਰਮਾਣਕ' ਅਤੇ ਸ਼ੁਧ ਮੰਨਕੇ ਗ੍ਰੰਥ ਸਾਹਿਬ ਦੇ ਲਿਖਾਰੀਆਂ ਨੇ ਜਪੁਜੀ ਵਾਲਾ ਭਾਗ ਗੁਰੂ ਰਾਮਦਾਸ ਦੀ ਹਥੀਂ ਲਿਖੀ ਸੈਂਚੀ ਤੋਂ ਨਕਲ ਕੀਤਾ, ਅਤੇ ਏਸ ਗਲ ਨੂੰ ਐਡਾ ਜ਼ਰੂਰੀ ਸਮਝਿਆ ਕਿ ਏਸਦਾ ਜ਼ਿਕਰ ਕਰਨਾ ਆਪਣੇ ਲਈ ਠੀਕ ਜਾਤਾ। ਇਕ ਬੀੜ ਵਿਚ, ਜੋ ਬੜੀ ਜ਼ਰੂਰੀ ਬੀੜਾਂ ਵਿਚੋਂ ਹੈ, ਇਸ ਜਪੁਜੀ ਦੀ ਨਕਲ ਤੋਂ ਨਕਲ ਕਰਦੇ ਜਾਹਰਵੀਂ ਥਾਂ ਨਕਲਾਂ ਕਰਨ ਦਾ ਜ਼ਿਕਰ ਹੈ। ਇਹ ਭੀ ਮਾਲੂਮ ਹੁੰਦਾ ਹੈ ਕਿ ਭਾਈ ਗੁਰਦਾਸ ਦੇ ਹਥੀਂ ਲਿਖੀ ਆਦਿ ਬੀੜ ਵਿਚ ਵੀ 'ਜਪੁਜੀ' ਗੁਰੂ ਰਾਮਦਾਸ ਦੇ ਲਿਖੇ 'ਜਪੁ' ਤੋਂ ਨਕਲ ਕੀਤਾ ਗਿਆ ਸੀ।

ਗੁਰੂ ਰਾਮਦਾਸ ਜੀ ਦੀ ਆਪਣੀ ਬਾਣੀ ਅਵਸ਼ਯ ਗੁਰੂ ਅਰਜਨ ਦੇਵ ਦੇ ਪਾਸ ਆਈ, ਅਤੇ ਜਿਤਨੀ ਬਾਣੀ ਉਹ ਖ਼ੁਦ ਏਸ ਵੇਲੇ ਤਕ ਰਚ ਚੁਕੇ ਸਨ, ਉਹ ਭੀ ਉਹਨਾਂ ਪਾਸ ਸੀ, ਜਿਸਦੀ ਲੋੜ ਅਨੁਸਾਰ ਸੰਸ਼ੋਧੀ* ਕਰਕੇ ਗ੍ਰੰਥ ਸਾਹਿਬ ਵਿਚ ਦਰਜ ਕਰ ਦਿਤੀ। ਬੀੜ ਤਿਆਰ ਕਰਦਿਆਂ ਵੀ ਬਹੁਤ ਸਾਰੀ ਬਾਣੀ 'ਸੁਖਮਨੀ' ਆਦਿ ਗੁਰੂ ਸਾਹਿਬ ਨੇ ਰਚੀ। ਇਹ ਰਚਨਾਂ ਉਹ ਦੁਪਹਿਰੋਂ ਪਿਛੋਂ ਜਾਂ ਰਾਤੀਂ ਕਰਦੇ ਸਨ।

ਤਾਂ ਤੇ ਵੱਡੀ ਗੱਲ ਗੁਰੂ ਨਾਨਕ ਸਾਹਿਬ ਦੀ ਬਾਣੀ ਇਕੱਠੀ ਕਰਨ ਦੀ ਸੀ, ਜਿਸਨੂੰ ਸੋਧਕੇ ਇਕ ਗ੍ਰੰਥ ਬਾਣਿਇਆ ਜਾਏ। ਜਦ ਗੁਰੂ ਸਾਹਿਬ

---

*'ਹਜ਼ਾਰੇ ਦੇ ਸਬਦਾਂ' ਵਿਚ ਪਹਿਲੇ ਸ਼ਬਦ ਦੇ ਚਾਰ ਬੰਦ ਆਪਣੇ ਗੁਰੂ ਬਣਨ ਤੋਂ ਪਹਿਲੇ ਬਣਾਏ ਸਨ। ਇਹ ਉਹ ਚਿਠੀਆਂ ਸਨ ਜੋ ਪਿਤਾ-ਗੁਰੂ ਰਾਮਦਾਸ ਨੂੰ ਲਾਹੌਰੋਂ ਲਿਖੀਆਂ ਸਨ। ਪਰ ਜਿਸ ਤਰ੍ਹਾਂ ਕਿ ਉਹ ਗਰੰਥ ਸਾਹਿਬ ਵਿਚ ਦਿਤੇ ਹਨ, ਉਹਨਾਂ ਵਿਚ 'ਨਾਨਕ' ਦੀ ਛਾਪ ਹੈ। ਇਹ ਪਦ 'ਨਾਨਕ' ਅਤੇ ਰਹਾਉ-ਦੀਆਂ ਚਾਰ ਸਤਰਾਂ ਗਰੰਥ ਸਾਹਿਬ ਵਿਚ ਦਰਜ ਕਰਨ ਵੇਲੇ ਲਿਖੀਆਂ ਗਈਆਂ ਜਾਪਦੀਆਂ ਹਨ, ਕਿਉਂਕਿ ਗੁਰੂ ਗਦੀ ਪੁਰ ਬੈਠਣ ਤੋਂ ਪਹਿਲੇ ਉਹ 'ਨਾਨਕ' ਛਾਪ ਨਹੀਂ ਸਨ ਵਰਤ ਸਕਦੇ।



Sri Satguru Jagjit Singh Ji Elibrary NamdhariElibrary@gmail.com

ਨੇ ਆਪਣਾ ਮਨਤਵ ਭਾਈ ਗੁਰਦਾਸ ਨੂੰ ਦਸਿਆ, ਤਦ ਭਾਈ ਸਾਹਿਬ ਨੂੰ ਉਸ ਬਾਣੀ-ਸੰਗ੍ਰਿਹ ਦੀ ਯਾਦ ਆਈ, ਜੋ ਗੁਰੂ ਅਮਰਦਾਸ ਦੇ ਵੰਸ਼ਜਾਂ ਪਾਸ ਮੌਜੂਦ ਸੀ, ਅਤੇ ਜਿਸ ਤੋਂ ਬੀੜ ਬਨਣ ਵਿਚ ਬੜੀ ਮਦਦ ਮਿਲ ਸਕਦੀ ਸੀ। ਇਹਨਾਂ ਨੂੰ ਗੋਇੰਦਵਾਲ ਵਾਲੀਆਂ ਜਾਂ ਬਾਬੇ ਮੋਹਨ ਵਾਲੀਆਂ ਪੋਥੀਆਂ ਆਖਦੇ ਸਨ।

# ੪. ਬਾਬੇ ਮੋਹਨ ਵਾਲੀਆਂ ਪੋਥੀਆਂ

ਇਹ ਦੋ ਪੋਥੀਆਂ ਹੁੰਦੀਆਂ ਸਨ, ਜੋ ਹੁਣ ਗੋਇੰਦਵਾਲ ਵਿਚ ਨਹੀਂ ਰਹੀਆਂ। ਇਕ ਤਾਂ ਪੰਜੀਹ ਤੀਹ ਵਰ੍ਹੇ ਹੋਏ ਹਨ ਕੋਈ ਚੁਰਾ ਲੈ ਗਿਆ ਸੀ, ਅਤੇ ਹੁਣ ਤਕ ਉਸਦਾ ਕੋਈ ਪਤਾ ਨਹੀਂ ਲਗਾ। ਦੂਜੀ ਪੋਥੀ ਪਿਸ਼ਾਵਰ ਅਪੜੀ ਹੋਈ ਹੈ। ਜਿਸ ਵੇਲੇ ਬਾਬੇ ਮੋਹਨ ਵਾਲੇ ਘਰ ਉਤੇ ਅਕਾਲੀਆਂ ਨੇ ਕਬਜ਼ਾ ਕੀਤਾ, ਉਸ ਵੇਲੇ ਇਕ ਨੌਜਵਾਨ ਭੱਲਾ ਬਾਵਾ ਇਸ ਪੋਥੀ ਨੂੰ ਖਿਸਕਾ ਕੇ ਲੈ ਗਿਆ, ਅਤੇ ਹੁਣ ਏਸਦਾ ਵਿਸਾਹ ਨਹੀਂ ਖਾਂਦਾ। ਸੁਣਿਆ ਹੈ ਜੋ ਉਹ ਅਕਾਲੀਆਂ ਤੋਂ ਏਡਾ ਤ੍ਰਾਹਿਆ ਹੋਇਆ ਹੈ, ਕਿ ਉਸਨੇ ਪੋਥੀ ਪਠਾਣੀ ਇਲਾਕੇ ਵਿਚ ਕਿਸੇ ਪਾਸ ਰਖੀ ਹੋਈ ਹੈ। ਏਥੇ ਭੀ ਹਾਲਾਤ ਕੁਝ ਅਜਿਹੇ ਬਣ ਰਹੇ ਹਨ, ਕਿ ਇਸ ਪੋਥੀ ਨੂੰ ਵੀ ਗਈ ਹੀ ਸਮਝੋ। ਮੈਂ ਏਸਦੇ ਦੇਖਣ ਲਈ ਉਚੇਚਾ ਪਿਸ਼ਾਵਰ ਤਕ ਜਾਕੇ ਵੀ ਇਸਨੂੰ ਨਹੀਂ ਦੇਖ ਸਕਿਆ। ਅਜਿਹੀਆਂ ਜ਼ਰੂਰੀ ਪੋਥੀਆਂ ਦਾ ਏਸ ਤਰ੍ਹਾਂ ਗੁਮ ਹੋ ਜਾਣਾ ਡਾਢੇ ਅਫ਼ਸੋਸ ਦੀ ਗਲ ਹੈ।

ਇਹ ਕਹਿਣ ਵਾਲੇ ਤਾਂ ਬਹੁਤੇਰੇ ਮਿਲਦੇ ਹਨ ਕਿ ਉਹਨਾਂ ਨੇ ਪੋਥੀਆਂ ਦੇ 'ਦਰਸ਼ਨ' ਕੀਤੇ ਹਨ, ਪਰ ਇਕ ਦੋ ਸਵਾਲ ਕਰਕੇ ਪਤਾ ਲਗ ਜਾਂਦਾ ਹੈ, ਕਿ ਉਹਨਾਂ ਦਾ 'ਦਰਸ਼ਨ' ਕਰਨਾ ਖ਼ਾਲੀ ਅਰਦਾਸ ਭੇਟ ਸਾਹਮਣੇ ਰਖਕੇ ਮਥਾ ਟੇਕਣ ਤਕ ਹੀ ਮੁਕ ਜਾਂਦਾ ਹੈ, ਜਾਂ ਜੇ ਬਹੁਤ ਹੋਇਆ ਤਾਂ ਖੁੱਲੀ ਹੋਈ ਪੋਥੀ ਵਿਚੋਂ ਇਕ ਅਧ ਪਾਲ ਪੜ੍ਹਕੇ ਵੇਖ ਲਿਆ, ਜੋ ਠੀਕ



Sri Satguru Jagjit Singh Ji Elibrary NamdhariElibrary@gmail.com

ਗੁਰਮੁਖੀ ਹੀ ਲਿਖੀ ਹੈ। ਉਹਨਾਂ ਦੀ ਵਾਕਫੀਅਤ ਖ਼ਾਲੀ ਭਾਈ ਸੰਤੋਖ ਸਿੰਘ, ਭਾਈ ਦਰਬਾਰਾ ਸਿੰਘ ਆਦਿ ਦੀਆਂ ਪੁਸਤਕਾਂ ਤੋਂ ਲਈ ਹੁੰਦੀ ਏ, ਜਿਨ੍ਹਾਂ ਨੇ ਆਪ 'ਪੋਥੀਆਂ' ਖੋਜੀ ਬੁਧੀ ਨਾਲ ਪੜ੍ਹਕੇ ਨਹੀਂ ਵੇਖੀਆਂ ਹੁੰਦੀਆਂ, ਅਤੇ ਐਵੇਂ ਅਟਕਲ ਪਚੂ ਦਾਅਵੇ ਆਪਣੇ ਸ਼ਾਇਰਾਨਾ ਉਬਾਲ ਵਿਚ ਕਰ ਦਿਤੇ ਹੁੰਦੇ ਹਨ, ਕਿ ਉਹਨਾਂ 'ਪੋਥੀਆਂ' ਵਿਚ ਪਹਿਲੇ ਚਾਰ ਗੁਰੂਆਂ ਦੀ ਬਾਣੀ ਹੈ ਅਤੇ ਕਬੀਰ ਤੇ ਫ਼ਰੀਦ ਆਦਿ ਭਗਤਾਂ ਦੀ ਬਾਣੀ ਕੋਈ ਨਹੀਂ। ਹਾਲਾਂਕਿ ਚੌਥੇ ਗੁਰੂ ਦੀ ਬਾਣੀ ਦਾ ਉਹਨਾਂ ਪੋਥੀਆਂ ਵਿਚ ਹੋਣਾ ਅਸੰਭਵ ਹੈ। ਉਹ ਗੁਰੂ ਰਾਮਦਾਸ ਦੇ ਹੋਣ ਤੋਂ ਪਹਿਲੇ ਲਿਖੀਆਂ ਗਈਆਂ ਸਨ, ਅਤੇ ਘਟ ਤੋਂ ਘਟ ਕਬੀਰ ਅਤੇ ਫ਼ਰੀਦ ਦੇ ਸਲੋਕ ਉਹਨਾਂ ਵਿਚ ਜ਼ਰੂਰ ਸਨ, ਤੇ ਕਬੀਰ ਅਤੇ ਨਾਮਦੇਵ ਦੀ ਹੋਰ ਬਾਣੀ ਵੀ ਸੀ। ਗੋਇਆ ਇਹ ਸੰਗ੍ਰਹਿ ਗ੍ਰੰਥ ਸਾਹਿਬ ਦੀ ਬੀੜ ਲਈ ਇਕ proto type ਜਾਂ ਨਮੂਨਾ ਸੀ।

ਪਰ ਬਾਬਾ ਪ੍ਰੇਮ ਸਿੰਘ ਜੀ ਹੋਤੀ-ਮਰਦਾਨ ਵਾਲੇ, ਜੋ ਗੋਇੰਦਵਾਲ ਦੇ ਭਲੇ ਬਾਵਿਆਂ ਵਿਚੋਂ ਹੀ ਹਨ ਅਤੇ ਗੁਰੂ ਅਮਰਦਾਸ ਤੋਂ ਚੌਧਵੀਂ* ਪੀਹੜੀ ਵਿਚ ਹਨ, ਉਹਨਾਂ ਨੂੰ ਏਹਨਾਂ ਦੋਹਾਂ ਪੋਥੀਆਂ ਦੇ ਦੇਖਣ ਅਤੇ ਪੜ੍ਹਨ ਦਾ ਅਵਸਰ ਵਧੀਕ ਮਿਲਿਆ ਹੈ। ਆਪ ਨੇ ਮੈਨੂੰ ਦਸਿਆ ਜੋ:-

"ਉਹਨਾਂ ਨੇ ਇਨ੍ਹਾਂ ਦੋਹਾਂ ਪੋਥੀਆਂ ਵਿਚੋਂ ਕਈ ਵਾਰੀ ਪਾਠ ਕੀਤਾ ਹੈ। ਭੱਲਾ ਕੁਲ ਵਿਚ ਜੋ ਰਵਾਇਤ ਚਲੀ ਆਉਂਦੀ ਹੈ, ਉਸ ਮੁਜਬ ਇਹ ਦੋਵੇਂ ਪੋਥੀਆਂ ਬਾਬਾ ਮੋਹਨ ਦੇ ਪੁਤਰ ਅਤੇ ਗੁਰੂ ਰਾਮਦਾਸ ਦੇ ਪਤਰੇ ਸਹੰਸਰ ਰਾਮ ਨੇ ਗੁਰੂ ਜੀ ਦੀ ਆਗਿਆ ਨਾਲ ਲਿਖੀਆਂ ਸਨ। ਬਾਣੀ ਇਹਨਾਂ ਵਿਚ ਉਹ ਦਰਜ ਕੀਤੀ, ਜੋ ਰਬਾਬੀ ਕੀਰਤਨ ਕਰਦੇ ਸਮੇਂ ਗਾਇਆ ਕਰਦੇ ਸਨ, ਜਾਂ ਹੋਰ ਲੋਕਾਂ ਤੋਂ ਸੁਣ ਕੇ ਜਿਨ੍ਹਾਂ ਨੂੰ ਬਹੁਤ ਸਾਰੇ ਸ਼ਬਦ ਕੰਠ ਹੁੰਦੇ ਸਨ, ਜਾਂ ਉਹ ਸ਼ਬਦ ਜੋ ਅੱਡ ਅੱਡ ਲੋਕਾਂ ਨੇ ਆਪਣੇ ਪਾਠ ਆਦਿ ਲਈ ਖੁਲ੍ਹੇ ਪਤਰਿਆਂ ਪੁਰ ਲਿਖੇ ਹੁੰਦੇ ਸਨ।"

---

*ਗੁਰੂ ਨਾਨਕ ਸਾਹਿਬ ਤੋਂ ਹੁਣ ਤੇਹਰਵੀਂ ਪੀਹੜੀ ਚਲ ਰਹੀ ਹੈ, ਅਤੇ ਯਾਹਰਵੀਂ ਦੇ ਬ੍ਰਿਧ ਪੁਰਖ ਵੀ, ਬਾਬਾ ਪ੍ਰੇਮ ਸਿੰਘ ਦੀ ਉਮਰ ਦੇ, ਹਾਲੀ ਜੀਉਂਦੇ ਮੌਜੂਦ ਹਨ, ਜਿਵੇਂ ਸ. ਬ. ਬਾਬਾ ਸ਼ਿਵ ਸਿੰਘ ਬੇਦੀ।



Sri Satguru Jagjit Singh Ji Elibrary NamdhariElibrary@gmail.com

ਬਾਬਾ ਜੀ ਨੇ ਇਹ ਭੀ ਕਿਹਾ ਕਿ :—

"ਦੋਵੇਂ ਪੋਥੀਆਂ ਲਗ ਭਗ ਇਕੋ ਜਿਡੀਆਂ ਕੋਈ ਢਾਈ ਢਾਈ ਸੌ, ਜਾਂ ਪੌਣੇ ਤਿੰਨ ਸੌ ਵਰਕਿਆਂ* ਦੀਆਂ ਹੋਣਗੀਆਂ। ਪਤਰੇ ਕੋਈ ੧੦ ਇੰਚ ਲੰਮੇ ਅਤੇ ਸਤ ਇੰਚ ਚੌੜੇ, ਅਰਥਾਤ ਵਡੇ ਤਾਉ ਵਿਚੋਂ ਅਠ ਕਟੇ ਹੋਏ (Octavo) । ਇੰਚ ਸਵਾ ਇੰਚ ਹਾਸ਼ੀਆ ਚੁਤਰਫੀ ਛਡਕੇ ਲਿਖਾਈ ਅਜ ਕਲ ਦੀਆਂ ਕਿਤਾਬਾਂ ਵਾਂਗ। ਪਤਰੇ ਦੀ ਚੁੜਾਈ ਵਿਚ ਕੀਤੀ ਹੋਈ ਹੈ, ਅਤੇ ਹਰ ਸਫ਼ੇ ਪੁਰ ਤੇਰਾਂ ਜਾਂ ਚੌਦਾਂ ਸਤਰਾਂ ਹਨ। ਅਖਰ ਪੁਰਾਣੀ ਕਿਸਮ ਦੇ ਹਨ; ਚ, ਛ, ਲ, ਣ, ਯ, ਝ, ਅਖਰ ਅਤੇ ੬, ੮, ੯ ਦੇ ਹਿੰਦਸੇ ਤੇ ਔਂਕੜ ਲਗਾਂ ਹੋਰ ਸ਼ਕਲ ਦੀਆਂ ਹਨ, ਜਿਸ ਕਰਕੇ ਪਾਠ ਕਰਦੇ ਸਮੇਂ ਪਹਿਲੇ ਪਹਿਲ ਕੁਝ ਔਖ ਹੁੰਦਾ ਹੈ।"

ਉਹਨਾਂ ਦਾ ਇਹ ਭੀ ਖ਼ਿਆਲ ਹੈ ਕਿ :—

'ਗੁਰੂ ਨਾਨਕ ਸਾਹਿਬ ਦੀ ਬਾਣੀ ਜਿਨੀ ਕੁ ਗਰੰਥ ਸਾਹਿਬ ਵਿਚ ਹੈ ਉਹ ਸਾਰੀ ਨਹੀਂ ਤਾਂ ਉਸਦਾ ਬਹੁਤ ਵਡਾ ਹਿਸਾ ਉਹਨਾਂ ਦੋ ਪੋਥੀਆਂ ਵਿਚ ਆ ਗਿਆ ਹੈ, ਪਰ ਓਹ ਨਿਸਚੇ ਨਾਲ ਨਹੀਂ ਕਹਿ ਸਕਦੇ। ਬਾਣੀ ਕਿਸੇ ਤਰਤੀਬ ਸਿਰ ਦਰਜ ਨਹੀਂ। ਪੋਥੀਆਂ ਵਿਚ ਕਬੀਰ ਜੀ ਦੇ ਕੁਝ ਸਲੋਕ ਤੇ ਸ਼ਬਦ ਹਨ, ਅਤੇ ਏਸੇ ਤਰ੍ਹਾਂ ਬਾਬਾ ਫ਼ਰੀਦ ਦੇ ਸਲੋਕ ਵੀ ਹਨ। ਦੂਸਰੇ ਗੁਰੂ ਜੀ ਦੇ ਸਲੋਕਾਂ ਦੇ ਉਹਨਾਂ ਪੋਥੀਆਂ ਵਿਚ ਹੋਣ ਜਾਂ ਨਾ ਹੋਣ ਬਾਬਤ ਉਹ ਕੁਝ ਨਹੀਂ ਕਹਿ ਸਕਦੇ।"

ਆਪਣੇ ਪਹਿਲੋਂ ਹੀ ਮਨ ਰਖੇ ਨਤੀਜਿਆਂ ਦੀ ਪ੍ਰੋੜ੍ਹਤਾ ਖ਼ਾਤਰ ਚੰਗੇ ਚੰਗੇ ਸਿਖਾਂ ਨੇ ਇਹਨਾਂ ਪੋਥੀਆਂ ਬਾਬਤ ਇਤਨੀਆਂ ਗ਼ਲਤ-ਬਿਆਨੀਆਂ ਮੇਰੇ ਸਾਹਮਣੇ ਕੀਤੀਆਂ ਹਨ, ਜੋ ਜੇਕਰ ਦੁਧ ਦਾ ਸੜਿਆ ਮੈਂ ਛਾਹ ਨੂੰ ਫੂਕ ਫੂਕ ਪੀਵਾਂ, ਤਦ ਦੋਸੀ ਨਹੀਂ ਹੋਵਾਂਗਾ। ਪਰ ਬਾਬਾ ਜੀ ਦੇ ਉਪਰ ਦਿਤੇ ਬਿਆਨ ਪੁਰ ਸ਼ਕ ਕਰਨ ਲਈ ਮੇਰੇ ਪਾਸ ਕੋਈ ਵਜ੍ਹਾ ਨਹੀਂ, ਸਿਵਾਇ ਏਹਨਾਂ ਲਫ਼ਜ਼ਾਂ ਪੁਰ ਸ਼ਕ ਕਰਨ ਦੇ ਕਿ ਸਹੰਸਰ-ਰਾਮ ਨੇ, ਇਹ ਸੰਗ੍ਰਹਿ 'ਗੁਰੂ ਅਮਰਦਾਸ ਜੀ ਦੀ ਆਗਿਆ ਨਾਲ' ਕੀਤਾ। ਇਹ ਲਫ਼ਜ਼ ਉਸ ਸੰਗ੍ਰਹਿ ਨੂੰ ਉਸ ਦਰਜੇ ਤਕ ਪ੍ਰਮਾਣੀਕ ਬਨਾਣ ਦੀ ਗ਼ਰਜ਼ ਨਾਲ ਕਹੇ ਗਏ ਜਾਪਦੇ ਹਨ, ਜਿਸਦਾ ਕਿ ਉਹ ਸੰਗ੍ਰਹਿ ਹੱਕਦਾਰ ਨਹੀਂ। ਤਾਂਵੀ ਠੀਕ ਅਤੇ ਨਿਸਚਿੰਤ ਵਾਕਫ਼ੀ ਲਈ ਇਹ

---

*ਗਰੰਥ ਸਾਹਿਬ ਦਾ ਸਾਈਜ਼ ਲੰਬਾਈ, ਚੁੜਾਈ ਤੇ ਮੋਟਾਈ ਵਲੋਂ ਭੀ ਇਤਨਾ ਕੁ ਹੀ ਸੀ, ਅਰਥਾਤ ਦੋਹਾਂ ਨੂੰ ਮਿਲਾ ਕੇ।



Sri Satguru Jagjit Singh Ji Elibrary NamdhariElibrary@gmail.com

ਜ਼ਰੂਰੀ ਹੈ ਕਿ ਇਹ ਦੋਵੇਂ ਪੋਥੀਆਂ ਗ੍ਰੰਥ ਸਾਹਿਬ ਦੇ ਬਰਾਬਰ ਬਰਾਬਰ ਪ੍ਰਕਾਸ਼ ਕੀਤੀਆਂ ਹੋਣ, ਅਤੇ ਕੋਈ ਸਿਆਣਾ ਤੇ ਨਿਰਪੱਖ ਆਦਮੀ ਜਿਸਨੂੰ ਗ੍ਰੰਥ ਸਾਹਿਬ ਕਰੀਬ ਕਰੀਬ ਕੰਠ ਹੋਵੇ, ਮਹੀਨਾ ਖੰਡ ਉਹਨਾਂ ਨੂੰ ਪੜ੍ਹਨ ਅਤੇ ਆਪੋ ਵਿਚ ਟਾਕਰਾ ਕਰਨ ਪੁਰ ਖ਼ਰਚ ਕਰੇ। ਇਹ ਹੋ ਨਹੀਂ ਸਕਦਾ। ਸੋ ਉਪਰਲਾ ਬਿਆਨ ਹੀ ਹੈ, ਜੋ ਖੋਜੀਆਂ ਦੇ ਮਨ ਦੀ ਅੱਚਵੀਂ ਮਿਟਾਨ ਲਈ ਮੈਂ ਪੇਸ਼ ਕਰ ਸਕਦਾ* ਹਾਂ।

ਬਾਬਾ ਪ੍ਰੇਮ ਸਿੰਘ ਜੀ ਨੂੰ ਇਹ ਭੀ ਆਸ ਸੀ ਕਿ ਉਸ ਭੱਲੇ ਨੌਜਵਾਨ ਨੂੰ, ਜੋ ਦੂਰੋਂ ਨੇੜਿਉਂ ਉਹਨਾਂ ਦਾ ਭਤੀਜਾ ਹੀ ਲਗਦਾ ਹੈ, ਕਿਸੇ ਤਰ੍ਹਾਂ ਬੰਦੀਖਾਨੇ ਵਿਚੋਂ ਕਢਾਕੇ, ਪੋਥੀ ਉਸ ਪਾਸੋਂ ਲੈ ਸਕਣਗੇ। ਜੇਕਰ ਇਹ ਹੋ ਜਾਏ, ਤਦ ਉਹਨਾਂ ਪਾਸ ਮੇਰੀ ਇਹ ਬੇਨਤੀ ਸੀ ਕਿ ਉਸਨੂੰ ਸਾਰੀ ਦੀ ਸਾਰੀ ਬਿਨਾਂ ਅਖਰ, ਲਗ ਮਾਤ੍ਰ ਦਾ ਫ਼ਰਕ ਪਾਏ ਦੇ, ਗ਼ਲਤ ਸਹੀ ਜੋ ਕੁਝ ਵੀ ਉਹ ਹੈ, ਜਿਉਂ ਦੀ ਤਿਉਂ ਛਪਵਾ ਦਿਤੀ ਜਾਏ ਅਤੇ ਦੋ ਜਾਂ ਤਿੰਨ ਸਫ਼ਿਆਂ ਦੇ ਫੋਟੋ ਭੀ ਦੇ ਦਿਤੇ ਜਾਣ। ਤੇ ਜੇ ਇਹ ਨਾ ਹੋ ਸਕੇ, ਤਦ ਇਕ ਤਤਕਰਾ ਤਿਆਰ ਕਰਕੇ, ਜਿਸ ਵਿਚ ਹਰ ਸ਼ਬਦ ਤੇ ਸਲੋਕ ਦੀ ਪ੍ਰਤੀਕ ਹੋਵੇ, ਛਾਪਿਆ ਜਾਏ, ਪਰ ਭਗਤ ਬਾਣੀ ਸਾਰੀ ਛਾਪੀ ਜਾਏ।

ਇਹਨਾਂ ਪੋਥੀਆਂ ਵਿਚ ਉਸ ਬਾਣੀ ਤੋਂ ਇਲਾਵਾ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਲਈ ਗਈ ਹੈ, ਹੋਰ ਬਾਣੀ ਭੀ ਸੀ, ਜੋ ਗੁਰੂ ਨਾਨਕ ਦੇ ਨਾਮ ਪੁਰ ਮਸ਼ਹੂਰ ਹੋ ਚੁਕੀ ਸੀ, ਇਹੋ ਜਿਹੀ ਬਾਣੀ ਦਾ ਇਨ੍ਹਾਂ ਪੋਥੀਆਂ ਵਿਚ ਹੋਣਾ ਜ਼ਰੂਰੀ ਸੀ। ਇਹ ਤਾਂ ਹੀ ਨਹੀਂ ਸੀ ਹੋ ਸਕਦੀ ਜੇ ਅਸੀਂ ਸਹੰਸਰ ਰਾਮ ਨੂੰ ਪੈਗੰਬਰ ਮਿਥ ਲਈਏ ਤੇ ਉਸਨੂੰ ਅਲਹਾਮ ਹੁੰਦਾ ਮੰਨ ਲਈਏ। ਪਰ ਇਸ ਤਰ੍ਹਾਂ ਮੰਨਣ ਨਾਲ ਗੁਰੂ ਅਰਜਨ ਜੀ ਦੀ ਸਾਰੀ

---

*ਇਹ ਲੇਖ ਲਿਖੇ ਜਾਣ ਦੇ ਪਿਛੋਂ ਸਾਨੂੰ ਕੁਝ 'ਨੋਟ' ਇਕ ਪੋਥੀ ਵਿਚੋਂ ਡਾਕਟਰ ਮੋਹਨ ਸਿੰਘ ਜੀ ਦੇ ਲਏ ਹੋਏ ਮਿਲੇ ਹਨ, ਜੋ ਜ਼ਮੀਮੇ ਨੰ: ੬ ਵਿਚ ਦਿਤੇ ਗਏ ਹਨ। ਮੈਨੂੰ ਇਹਨਾਂ ਪੁਰ ਪੂਰਾ ਪੂਰਾ ਇਤਬਾਰ ਹੈ।



Sri Satguru Jagjit Singh Ji Elibrary NamdhariElibrary@gmail.com

ਕੀਤੀ ਕਿਤਾਈ ਨੂੰ ਖੂਹ ਵਿਚ ਪਾ ਦਿਆਂਗੇ। ਗ੍ਰੰਥ ਸਾਹਿਬ ਦੇ ਪਹਿਲੇ ਕੀਤੇ ਉਤਾਰਿਆਂ ਵਿਚ ਵੀ, ਜੋ ਗੁਰੂ ਹਰਿ ਗੋਬਿੰਦ ਸਾਹਿਬ ਦੇ ਵੇਲੇ ਹੋਏ, ਲਿਖਾ-ਰੀਆਂ ਨੇ ਗ੍ਰੰਥ ਸਾਹਿਬ ਦੇ ਅੰਤ ਪੁਰ ਕੋਰਿਆਂ ਵਰਕਿਆਂ ਉਤੇ ਕੁਝ ਫ਼ਾਲਤੂ ਅਪ੍ਰਮਾਣਿਕ ਬਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ, ਜਿਸਤਰ੍ਹਾਂ ਕਿ–

ਸਲੋਕ ਮਹਲਾ ੧–'ਜਿੱਤ ਦਰ ਲਖ ਮੁਹਮਦਾ'

ਸਲੋਕ ਮਹਲਾ ੧–'ਬਾਇ ਆਤਿਸ਼ ਆਬ'

ਰਤਨਮਾਲਾ ਮਹਲਾ ੧–'ਆਸਨ ਸਾਧ ਨਿਸਲਮ'

ਇਹ ਸਭ ਬਾਣੀਆਂ ਗ੍ਰੰਥ ਸਾਹਿਬ ਦੇ ਲਿਖਾਰੀਆਂ ਨੇ ਬਾਬੇ ਮੋਹਨ ਵਾਲੀਆਂ ਉਹਨਾਂ ਦੇ ਪੋਥੀਆਂ ਤੋਂ ਹੀ ਨਕਲ ਕੀਤੀਆਂ ਸਨ, ਬਾਹਰੋਂ ਕਿਸੇ ਦੀ ਜ਼ਬਾਨੀ ਸੁਣਕੇ ਨਹੀਂ ਲਿਖੀਆਂ ਸਨ। ਪੁਰਾਣੇ ਲਿਖਾਰੀਆਂ ਦੇ ਏਸ ਤਰ੍ਹਾਂ ਕਰਨ ਦਾ ਮਤਲਬ ਸਾਫ ਇਹ ਸੀ ਕਿ ਭਾਵੇਂ ਗੁਰੂ ਅਰਜਨ ਦੇਵ ਨੇ ਬਾਣੀ ਦੀ ਛਾਂਟ ਕਰਕੇ ਗ੍ਰੰਥ ਸਾਹਿਬ ਦੀ ਬੀੜ ਬਧੀ ਹੈ, ਪਰ ਪੋਥੀਆਂ ਵਿਚ ਦਰਜ ਉਹ ਬਾਣੀ ਜੋ ਉਸ ਵੇਲੇ ਦੇ ਆਮ ਸਿਖਾਂ ਵਿਚ ਗੁਰੂ ਨਾਨਕ ਦੀ ਬਾਣੀ ਕਰ ਕੇ ਮਸ਼ਹੂਰ ਹੋ ਚੁਕੀ ਸੀ, ਗੁਮ ਨਾ ਹੋ ਜਾਏ, ਇਸ ਲਈ ਉਸਨੂੰ ਫ਼ਾਲਤੂ ਪਤ੍ਰਿਆਂ ਪੁਰ ਲਿਖ ਦਿਤਾ।

## ੫. ਪੋਥੀਆਂ ਦਾ ਗੋਇੰਦਵਾਲੋਂ ਲਿਆਉਣਾ

ਜਿਸ ਵੇਲੇ ਭਾਈ ਗੁਰਦਾਸ ਨੇ ਏਹਨਾਂ ਪੋਥੀਆਂ ਦਾ ਜ਼ਿਕਰ ਕੀਤਾ, ਤਦ ਗੁਰੂ ਸਾਹਿਬ ਨੇ ਉਹਨਾਂ ਦੇ ਪ੍ਰਾਪਤ ਕਰਨ ਦੀ ਖ਼ਾਹਿਸ਼ ਪ੍ਰਗਟ ਕੀਤੀ। ਇਹ ਕੁਦਰਤੀ ਗਲ ਸੀ। ਭਾਈ ਗੁਰਦਾਸ ਜ਼ਾਤ ਦੇ ਭਲੇ ਸਨ, ਬਾਬਾ ਮੋਹਨ ਦੇ ਕਰੀਬੀ ਰਿਸ਼ਤੇਦਾਰ ਸਨ। ਸਾਕੇਦਾਰੀ ਅਤੇ ਆਪਣੇ ਰਸੂਖ ਦਾ ਇਨ੍ਹਾਂ ਨੂੰ ਮਾਣ ਸੀ,ਬਾਬੇ ਮੋਹਨ ਕੋਲੋਂ ਪੋਥੀਆਂ ਲਿਆਉਣ ਲਈ



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਤਿਆਰ ਹੋ ਗਏ। ਗੋਇੰਦਵਾਲ ਅਪੜ ਬਾਬੇ ਮੋਹਨ ਦਾ ਦਰਵਾਜ਼ਾ ਜਾ ਖੜਕਾਇਆ। ਪਰ ਬਾਬਾ ਮੋਹਨ ਰਾਮਦਾਸ ਜੀ ਨੂੰ ਗੁਰੂ-ਗੱਦੀ ਮਿਲ ਜਾਣ ਕਰਕੇ ਡਾਢੇ ਰੋਸ ਵਿਚ ਸਨ, ਭਾਵੇਂ ਇਸ ਗੱਲ ਨੂੰ ਸੋਲਾਂ ਸਤਾਰਾਂ ਵਰ੍ਹੇ ਹੋਣ ਨੂੰ ਆਏ ਸਨ। ਉਹ ਪੋਥੀਆਂ ਨੂੰ ਇਉਂ ਦੱਬਕੇ ਬੈਠੇ ਸਨ, ਜਿਵੇਂ ਸੱਪ ਖ਼ਜ਼ਾਨੇ ਉਤੇ ਬੈਠਾ ਕਿਹਾ ਜਾਂਦਾ ਹੈ। ਭਾਈ ਗੁਰਦਾਸ ਨੂੰ ਦਰਸ਼ਨ ਤਕ ਨਾ ਦਿਤੇ। ਹਾਰਕੇ ਭਾਈ ਸਾਹਿਬ ਮੁੜ ਆਏ ਅਤੇ ਗੁਰੂ ਸਾਹਿਬ ਨੂੰ ਸਾਰਾ ਬ੍ਰਿਤਾਂਤ ਕਹਿ ਸੁਣਾਇਆ। ਹੁਣ ਭਾਈ ਬੁਢਾ ਜੀ ਪੋਥੀਆਂ ਲਿਆਉਣ ਟੁਰੇ, ਚੁਬਾਰੇ ਦਾ ਬੂਹਾ ਅੰਦਰੋਂ ਬੰਦ ਪਾਕੇ ਜਟਕਾ ਹਥ ਕੀਤਾ। ਚੁਥੀ ਪੁਟਕੇ ਅੰਦਰ ਜਾ ਵੜੇ। ਪਰ ਬਾਬਾ ਮੋਹਨ ਅਹਿੱਲ ਬੈਠੇ ਰਹੇ, ਅਤੇ ਬਾਬਾ ਬੁਢਾ ਜੀ ਨਿਰਾਸ ਅੰਮ੍ਰਿਤਸਰ ਮੁੜ ਆਏ। ਪੋਥੀਆਂ ਬੜੀਆਂ ਜ਼ਰੂਰੀ ਸਨ, ਇਤਨੀ ਬਾਣੀ ਅਤੇ ਉਹ ਭੀ ਗੁਰੂ ਨਾਨਕ ਸਾਹਿਬ ਦੀ ਇਕ ਥਾਂ ਇਕੱਠੀ ਹੋਈ ਹੋਈ, ਹੋਰ ਕਿਤੋਂ ਮਿਲ ਨਹੀਂ ਸੀ ਸਕਦੀ। ਪੋਥੀਆਂ ਦਾ ਜਿਵੇਂ ਹੋ ਸਕੇ ਲੈਣਾ ਲਾਜ਼ਮੀ ਸੀ। ਸੋ ਗੁਰੂ ਸਾਹਿਬ ਨੇ ਆਪ ਜਤਨ ਕਰ ਵੇਖਣ ਦਾ ਵਿਚਾਰ ਕੀਤਾ, ਬਹੁਤ ਹੋਇਆ ਤਾਂ ਮਾਮਾ ਕੁਝ ਮਾੜੇ ਚੰਗੇ ਸ਼ਬਦ ਹੀ ਆਖੇਗਾ ਨਾ। ਕੁਝ ਸ਼ਬਦ ਰਚੇ ਜਿਨ੍ਹਾਂ ਵਿਚ 'ਮੋਹਨ' ਨਾਮ ਵਰਤਕੇ ਪਰਮੇਸ਼ਰ ਦੀ ਉਸਤਤੀ ਕੀਤੀ ਸੀ, ਪਰ ਸਰਸਰੀ ਸੁਨਣ ਵਿਚ 'ਬਾਬੇ ਮੋਹਨ' ਦੀ ਰਜਵੀਂ ਤਾਰੀਫ਼ ਹੋਈ ਹੋਈ ਜਾਪਦੀ ਸੀ। ਕਿਸੇ ਤਿਉਹਾਰ ਦਾ ਮੌਕਿਆ ਕਢਕੇ ਗੋਇੰਦਵਾਲ ਅਪੜੇ ਅਤੇ ਮੋਹਨ ਦੇ ਚੁਬਾਰੇ ਹੇਠਾਂ ਗਲੀ ਵਿਚ ਭੁੰਜੇ ਬਹਿਕੇ, ਤੰਬੂਰੇ ਨਾਲ 'ਮੋਹਨ' ਦੀ ਉਸਤਤੀ ਦੇ ਸ਼ਬਦ ਗਾਉਣ ਲਗੇ :–

> ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।
> ਮੋਹਨ ਤੇਰੇ ਸੋਹਨ ਦੁਆਰ ਜੀ, ਸੰਤ ਧਰਮਸਾਲਾ।
> ਧਰਮਸਾਲ ਅਪਾਰ ਦੈਆਰ ਠਾਕੁਰ, ਸਦਾ ਕੀਰਤਨ ਗਾਂਵਹੇ
> ਜਹ ਸਾਧ ਸੰਤ ਇਕਤ੍ਰ ਹੋਵਹਿ, ਤਹਾ ਤੁਝਹਿ ਧਿਆਵਹੋਂ।
> ਕਰ ਦਇਆ ਮਇਆ ਦਇਆਲ ਸੁਆਮੀ, ਹੋਹੁ ਦੀਨ ਕ੍ਰਿਪਾਰਾ।



Sri Satguru Jagjit Singh Ji Elibrary NamdhariElibrary@gmail.com

ਬਿਨਵੰਤ ਨਾਨਕ ਧਰਮ ਪਿਆਸੇ, ਮਿਲ ਦਰਸ਼ਨ ਸੁਖ ਸਾਰਾ ॥੧॥
(ਰਾਗ ਗਉੜੀ)

ਆਪਣੇ ਮੰਦਰ ਮਹਿਲਾਂ* ਦੀ ਵਡਿਆਈ ਗੁਰੂ ਸਾਹਿਬ ਦੇ ਮੂੰਹੋਂ ਸੁਣਕੇ ਬਾਬਾ ਮੋਹਨ ਕੁਝ ਪਸੀਜਿਆ, ਅਤੇ ਚੁਬਾਰੇ ਦੀ ਬਾਰੀ ਖੋਲ੍ਹਕੇ ਕੁਝ ਮਿਹਣੇ ਕੁਮਿਹਣੇ ਦੇਕੇ ਪਿਛੇ ਹਟ ਗਿਆ। ਮਾਮੇ ਦੇ ਮੂੰਹੋਂ ਤਾਹਨੇ ਮਿਹਣੇ ਸੁਣਕੇ ਗੁਰੂ ਸਾਹਿਬ ਦਿਲੋਂ ਖ਼ੁਸ਼ ਹੋਏ ਅਤੇ ਹੁਣ ਦੂਜਾ ਸ਼ਬਦ ਗਾਂਵਿਆ:—

ਮੋਹਨ ਤੇਰੇ ਬਚਨ ਅਨੂਪ, ਚਾਲ ਨਿਰਾਲੀ।
ਮੋਹਨ ਤੂੰ ਮਾਨਹਿ ਏਕਜੀ, ਅਵਰ ਸਭ ਰਾਲੀ।
ਮਾਨਹਿ ਤ ਏਕ ਅਲੇਖ ਠਾਕੁਰ, ਜਿਨਹਿ ਸਭ ਕਲ ਧਾਰੀਆ।
ਤੁਧ ਬਚਨ ਗੁਰਕੈ ਵਸ ਕੀਆ, ਆਦਿ ਪੁਰਖ ਬਨਵਾਰੀਆ।
ਤੂੰ ਆਪ ਚਲਿਆ, ਆਪ ਰਹਿਆ, ਆਪ ਸਭ ਕਲ ਧਾਰੀਆ।
ਬਿਨਵੰਤ, ਨਾਨਕ ! ਪੈਜ ਰਾਖੋ, ਸਭ ਸੇਵਕ ਸਰਣਿ ਤੁਮਾਰੀਆ॥੨॥

ਮੋਹਨ ਤੋਂ ਹੁਣ ਨਾ ਰਿਹਾ ਗਿਆ, ਸੰਦੂਕ ਦਾ ਦਰਾ ਖੋਲ੍ਹ ਪੋਥੀਆਂ ਹਥ ਲੈਕੇ ਹੇਠਾਂ ਉਤ੍ਰਨ ਲਈ ਚੁਬਾਰੇ ਵਿਚੋਂ ਨਿਕਲਿਆ, ਜਿਕੁਰ ਬੀਣ ਸੁਣਕੇ ਸੱਪ ਆਪਣੀ ਖੁੱਡ ਵਿਚੋਂ ਨਿਕਲਦਾ ਹੈ। ਗੁਰੂ ਸਾਹਿਬ ਨੇ ਉਚਰਾਂ ਨੂੰ ਤੀਜੀ ਪਉੜੀ ਆਰੰਭ ਦਿੱਤੀ :—

ਮੋਹਨ ਤੁਧ ਸਤ ਸੰਗਤਿ ਧਿਆਵੈ, ਦਰਸ ਧਿਆਨਾ।
ਮੋਹਨ, ਜਮ ਨੇੜਿ ਨ ਆਵੈ ਤੁਧੁ ਜਪੇ ਨਿਦਾਨਾ।
ਜਮਕਾਲ ਤਿਨ ਕਉ ਲਗੈ ਨਾਹੀ, ਜੋਇ ਇਕ ਮਨ ਧਿਆਵਹੇ।
ਮਨ ਬਚ ਕਰਮ ਜਿ ਤੁਧ ਅਰਾਧਹਿ ਸੇ ਸਭੇ ਫਲ ਪਾਵਹੇ।
ਮਲ ਮੂਤ੍ਰ ਮੂੜ ਜਿ ਮੁਗਧ ਹੋਤੇ, ਸਿ ਦੇਖ ਦਰਸਿ ਸੁ ਗਿਆਨਾ।

*ਇਹ ਉਸਦੀ ਆਪਣੀ ਵਡਿਆਈ ਨਹੀਂ ਕਿਉਂ ਜੋ ਇਹਨਾਂ ਸ਼ਬਦਾਂ ਵਿਚ ਉਸਦੇ ਨਿਜੀ ਗੁਣਾਂ ਔਗੁਣਾਂ ਵਲ ਕੋਈ ਇਸ਼ਾਰਾ ਨਹੀਂ। ਮੋਹਨ ਨੇ ਜੇ ਇਹਨਾਂ ਨੂੰ ਆਪਣੀ ਉਸਤਤੀ ਸਮਝਿਆ ਸੀ, ਤਦ ਉਸਦੀ ਸਮਝ ਬਾਬਤ ਅਸੀਂ ਉਚੀ ਰਾਇ ਕਾਇਮ ਨਹੀਂ ਕਰ ਸਕਦੇ।



Sri Satguru Jagjit Singh Ji Elibrary NamdhariElibrary@gmail.com

ਬਿਨਵੰਤ ਨਾਨਕ ਰਾਜ ਨਿਹਚਲ, ਪੂਰਣ ਪੁਰਖ ਭਗਵਾਨਾ ॥੩॥

ਮੋਹਨ ਜੀ ਹੁਣ ਤਕ ਹੇਠਾਂ ਉਤਰ ਆਏ ਸੀ, ਪੋਥੀਆਂ ਗੁਰੂ ਸਾਹਿਬ ਦੇ ਅਗੇ ਰਖੀਆਂ, ਅਤੇ ਨਿਮ੍ਰਤਾ ਦੇ ਵਾਕ ਕਹਿਕੇ ਮਥਾ ਟੇਕਿਆ। ਤਦ ਗੁਰੂ ਸਾਹਿਬ ਨੇ ਖ਼ੁਸ਼ ਹੋਕੇ ਉਸਨੂੰ ਵਰ ਦਿਤਾ, ਅਤੇ ਚੌਥੀ ਪੌੜੀ ਜਿਸ ਵਿਚ ਸਚੀ ਮੁਚੀ ਉਸਨੂੰ ਮੁਖ਼ਾਤਿਬ ਕੀਤਾ ਹੈ, ਇਸ ਤਰ੍ਹਾਂ ਪੁਰ ਗਾਵੀ :-

ਮੋਹਨ ! ਤੂ ਸਫਲ ਫਲਿਆ, ਸਣ ਪਰਵਾਰੇ* ।
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭ ਤਾਰੇ ।*
ਤਾਰਿਆ ਜਹਾਨ ਲਾਹਿਆ ਅਭਿਮਾਨ, ਜਿਨੀ ਦਰਸਨ ਪਾਇਆ ।
ਜਿਨਿ ਤੁਧ ਨੋ ਧੰਨ ਕਹਿਆ, ਤਿਨ ਜਮ, ਨੇੜ ਨ ਆਇਆ ।
ਬੇਅੰਤ ਗੁਣ ਤੇਰੇ ਕਥੇ ਨ ਜਾਹੀ, ਸਤਿਗੁਰ ਪੁਰਖ ਮੁਰਾਰੇ ।
ਬਿਨਵੰਤ ਨਾਨਕ ਟੇਕ ਰਾਖੀ ਜਿਤ ਲਗ ਤਰਿਆ ਸੰਸਾਰੇ ॥ ੪ ॥

ਏਨੇ ਨੂੰ ਮੋਹਰੀ ਜੀ,ਛੋਟੇ ਮਾਮਾ ਜੀ ਆ ਗਏ,ਅਤੇ ਗੁਰੂ ਸਾਹਿਬ ਨੂੰ ਸਦਕੇ ਘਰ ਲੈ ਗਏ। ਮਾਮੀ ਮਿਲੀ ਅਤੇ ਗੁਰੂ ਰਾਮਦਾਸ ਤੇ ਬੀਬੀ ਭਾਨੀ ਦੇ ਵਿਯੋਗ ਵਜੋਂ ਸ਼ੋਕ ਪ੍ਰਗਟ ਕੀਤਾ† ਅਤੇ ਕਿਹਾ ਕਿ ਤੁਸੀਂ ਗੋਇੰਦਵਾਲ ਹੀ ਆ ਵਸੋ। ਗੁਰੂ ਸਾਹਿਬ ਨੇ ਉਤਰ ਦਿੱਤਾ ਕਿ ਸਰ ਦੀ ਕਾਰ ਹੋ ਰਹੀ ਹੈ, ਸਾਡਾ ਉਥੇ ਹੀ ਰਹਿਣਾ ਠੀਕ ਹੈ। ਪਰ ਮਾਮੀ ਦੇ ਕਹੇ ਤਿੰਨ ਦਿਨ ਗੋਇੰਦਵਾਲ ਰਹਿਣਾ ਮੰਨ ਲਿਆ। ਕੁਝ ਚਿਰ ਪਿਛੋਂ ਮੋਹਰੀ ਦੇ ਪੁਤ੍ਰ 'ਨੰਦ' ਅਤੇ ਪੋਤ੍ਰੇ 'ਸੁੰਦਰ' ਨੇ ਮਥਾ ਆ ਟੇਕਿਆ। ਅਗਲੀ ਸਵੇਰ ਗੁਰੂ ਸਾਹਿਬ ਸੁੰਦਰ ਨੂੰ ਨਾਲ ਲੈਕੇ ਗੁਰੂ ਅਮਰਦਾਸ ਦੇ ਦਿਹੁਰੇ ਗਏ ਅਤੇ ਸੁੰਦਰ ਨੂੰ ਕਿਹਾ, ਜੋ ਤੂੰ ਉਹਨਾਂ ਦੇ ਸਮਾਣ ਸਮੇਂ ਪਾਸ ਸੀ ਅਤੇ ਸਿਆਣਾ

---

*ਇਹ ਦੋ ਸਤਰਾਂ ਬਾਬੇ ਮੋਹਨ ਪ੍ਰਥਾਏ ਹੀ ਹਨ ।

†ਮਤਲਬ ਹੈ ਕਿ ਹਾਲੀ ਉਹਨਾਂ ਨੂੰ ਚਲਾਣਾ ਕੀਤੇ ਬਹੁਤ ਵਰ੍ਹੇ ਨਹੀਂ ਸਨ ਹੋਏ ਅਤੇ ਮਾਮਾ ਮਾਮੀ ਗੁਰੂ ਅਰਜਨ ਨੂੰ ਉਸ ਤੋਂ ਪਿਛੋਂ ਪਹਿਲੀ ਵਾਰ ਮਿਲੇ ਹਨ। ਮੁਕਾਨ ਦੇਣ ਵੀ ਨਹੀਂ ਗਏ ।



Sri Satguru Jagjit Singh Ji Elibrary NamdhariElibrary@gmail.com

ਸੀ, ਸੋ ਉਸ ਵੇਲੇ ਦਾ ਸਾਰਾ ਵ੍ਰਿਤਾਂਤ ਸੁਣਾਉ ।' ਸੁੰਦਰ ਕੁਝ ਕਵਿਤਾ ਕਰਦਾ ਹੁੰਦਾ ਸੀ, ਸੋ ਉਸਨੇ ਉਸ ਵੇਲੇ ਦਾ ਸਾਰਾ ਹਾਲ ਇਕ "ਸੱਦ"* ਰਚਕੇ ਪੇਸ਼ ਕੀਤਾ, ਜੋ ਇਸੇ ਨਾਮ ਹੇਠ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ।

ਟੁਰਨ ਵੇਲੇ ਮਾਮੀ ਜੀ ਨੇ 'ਗੰਗਾ ਜੀ' ਨੂੰ ਰਾਮ ਸਤ ਦਿੱਤੀ ਅਤੇ ਕਿਹਾ ਕਿ ਜਦੋਂ ਤੁਸੀਂ ਹਰਿ ਗੋਬਿੰਦ ਦਾ ਵਿਆਹ ਕਰੋਗੇ,\ ਤਦ ਅਸੀਂ ਆਵਾਂਗੇ :-

ਰਾਮ ਸਤ ਗੰਗਾ ਕੋ ਕਹੀਉ, ਆਪਨ ਜਾਨ ਹਮਕੋ ਚਿੱਤ ਚਹੀਓ ।
ਹਰ ਗੋਬਿੰਦ ਕੋ ਕਰੋ ਬਿਵਾਹ, ਪਠੀ ਬੁਲਾਇ, ਹਮੈ ਚਿਤ ਚਾਹਿ ।

ਖਡੂਰ ਏਥੋਂ ਨੇੜੇ ਸੀ, ਸੋ ਗੁਰੂ ਅੰਗਦ ਦੀ ਬਾਣੀ ਉਹਨਾਂ ਦੇ ਪੁਤ੍ਰਾਂ-ਦਾਸੂ, ਦਾਤੂ ਨੂੰ ਮਿਲਕੇ ਲੈਣ ਲਈ ਉਧਰ ਟੁਰ ਪਏ। ਪੋਥੀਆਂ ਨੂੰ ਇੱਕ ਪਾਲਕੀ† ਵਿਚ ਰਖ ਆਪ ਨੰਗੇ ਪੈਰੀਂ ਨਾਲ ਹੋ ਗਏ। ਦਾਸੂ ਲਾਹੌਰ ਜਾ ਵਸਿਆ ਸੀ, ਪਰ ਦਾਤੂ ਖਡੂਰ ਹੀ ਸੀ। ਉਸਨੇ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਦੀਆਂ ਕੁਝ ਸਾਖੀਆਂ ਤਾਂ ਸੁਣਾਈਆਂ, ਪਰ ਦੂਜੇ ਗੁਰੂ ਦੀ ਬਾਣੀ ਉਸ ਕੋਲੋਂ ਕੋਈ ਨਾ ਮਿਲੀ, ਜਿਸ ਮਤਲਬ ਲਈ ਗੁਰੂ ਸਾਹਿਬ ਕੁਝ ਚਿਰ ਪਿਛੋਂ‡ ਦਾਸੂ ਨੂੰ ਲਾਹੌਰ ਜਾ ਮਿਲੇ। ਹੋ ਸਕਦਾ ਹੈ ਕਿ ਉਸ ਤੋਂ ਕੁਝ ਪੁਰਾਣੇ ਪਤਰੇ ਮਿਲ ਗਏ ਹੋਣ-੧੧੫ ਸ਼ਲੋਕਾਂ ਦੇ ਲਿਖਣ ਲਈ ਕੋਈ ਬਹੁਤ ਵਰਕੇ ਨਹੀਂ ਚਾਹੀਦੇ। ਮੈਂ ਦੂਜੀ ਪਾਤਸ਼ਾਹੀ ਦੀ ਸਾਰੀ ਬਾਣੀ ਨੂੰ ਇਕ ਥਾਂ ਇਕੱਠਾ ਕੀਤਾ ਹੈ; ਇਕ ਪਾਕਟ-ਬੁਕ ਦੇ ਪਾਰਾਂ ਸਫੇ ਜਾਂ ਛੇ ਵਰਕੇ ਹੀ ਖ਼ਰਚ ਹੋਏ ਹਨ।

---

*ਮਤਲਬ ਦਰਗਾਹ ਦਾ ਸੱਦਾ, the call from Above.

†ਪਾਲਕੀ ਮਾਮੂਲੀ ਇਕ ਪੀੜ੍ਹੀ ਨੂੰ ਰਸੀਆਂ ਪਾਕੇ ਬਣ ਸਕਦੀ ਸੀ।

‡ਇਤਿਹਾਸਾਂ ਵਿਚ ਗੋਇੰਦਵਾਲ, ਖਡੂਰ, ਕਬੀਰ ਪੰਥੀਆਂ ਦਾ ਇਕ ਡੇਰਾ ਤੇ ਲਾਹੌਰ ਸਭ ਇਕੋ ਸਫਰ ਵਿਚ ਲੈ ਆਏ, ਜੋ ਹੋ ਨਹੀਂ ਸਕਦਾ।



Sri Satguru Jagjit Singh Ji Elibrary NamdhariElibrary@gmail.com

# 'ਪ੍ਰਾਨ ਸੰਗਲੀ'*

'ਪ੍ਰਾਨ ਸੰਗਲੀ' ਨਾਮ ਕਿਤਾਬ ਬਾਬਤ ਵੀ ਦਾਅਵਾ ਕੀਤਾ ਗਿਆ ਹੈ ਕਿ ਇਹ ਭੀ ਸਾਰੀ, ਦੀ ਸਾਰੀ ੧੧੩ ਅਧਿਆਇ ਦੀ ਕਿਤਾਬ, ਗੁਰੂ ਨਾਨਕ ਸਾਹਿਬ ਦੀ ਆਪਣੀ ਰਚਨਾ ਹੈ, ਜੋ ਲਿਖੀ ਜਾਕੇ ਸੰਗਲਾਦੀਪ ਦੇ ਰਾਜਾ ਸ਼ਿਵਨਾਭ ਪਾਸ ਅਮਾਨਤ ਰਖੀ ਗਈ ਸੀ, ਅਤੇ ਜਿਥੋਂ ਗੁਰੂ ਅਰਜਨ ਦੇਵ ਨੇ ਉਚੇਚੇ ਭਾਈ ਪੈੜਾ ਨੂੰ ਭੇਜਕੇ ਮੰਗਵਾਈ, ਤਾਕੇ ਗ੍ਰੰਥ ਸਾਹਿਬ ਵਿਚ ਇਹ ਬਾਨੀ ਭੀ ਦਰਜ ਕਰ ਲਈ ਜਾਵੇ । ਸੰਤ ਸੰਪੂਰਨ ਸਿੰਘ ਜੀ ਤਰਨ ਤਾਰਨ ਵਾਲੇ 'ਪ੍ਰਾਨ ਸੰਗਲੀ' ਦੀ ਆਪਣੀ ਦੇਵਨਾਗਰੀ ਐਡੀਸ਼ਨ ਵਿਚ ਲਿਖਦੇ ਹਨ :—

"ਗੁਰੂ ਨਾਨਕ ਸਾਹਿਬ ਨੇ ਰਾਜਾ ਸ਼ਿਵਨਾਭ ਕੇ ਪਰੇਮ ਕੇ ਵਸ, ਕੁਛ ਕਾਲ ਵਹਾਂ ਰਹਿਕਰ, ਅਰ ੧੧੩ ਅਧਿਯਾਯ ਰੂਪ 'ਪ੍ਰਾਣ-ਸੰਗਲੀ' ਕੀ ਰਚਨਾ ਦਵਾਰਾ ਸਭ ਪ੍ਰਕਾਰ ਕੇ ਯੋਗ ਮੇਂ ਰਾਜਾ ਕੋ ਦ੍ਰਿੜ ਕਰਕੇ ਉਸ ਯੋਗ-ਕਲਯਾਣਿਧੀ ਰੂਪ ਅਨਮੋਲ ਰਤਨ ਕੋ ਇਸ ਆਗਿਆ ਕੇ ਸਾਥ ਰਾਜਾ ਕੇ ਅਰਪਨ ਕਰਦੀਆ ਕਿ ਉਸੇ ਆਪਣੇ ਪਾਸ ਸੰਭਾਲ ਕਰ ਰਖੇ ਔਰ ਜਬ ਕੋਈ ਸ਼ਿਸ਼ਯ ਗੁਰੂ ਸਾਹਿਬ ਕੇ ਦੇਸ਼ ਕਾ ਆਵੇ ਤੋ ਉਸੇ ਦੇ ਦੇਵੇ ।"

"ਸ੍ਰੀ ਗੁਰੂ ਨਾਨਕ ਸਾਹਿਬ ਕੇ ਪੰਚਮ ਸਥਾਨ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਹੂਏ ਹੈਂ, ਜਿਨ੍ਹੋਂ ਨੇ ਗੁਰਬਾਣੀ ਕੀ ਬੀੜ ਬਾਂਧਤੇ ਸਮਯ ਭਾਈ ਪੈੜਾ ਨਾਮੀ ਏਕ ਸ਼ਿਸ਼ਯ ਕੋ ਸੰਗਲਾਦੀਪ ਭੇਜ ਕਰ ਰਾਜਾ ਸ਼ਿਵਨਾਭ ਕੇ ਪੋਤਰੇ ਕੇ ਪਾਸ ਸੇ ਯਹ ਗ੍ਰੰਥ ਮੰਗਾਇਆ ਥਾ, ਜਿਸੇ ਕਿਸੀ ਕਾਰਣ ਵਿਸ਼ੇਸ਼ ਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਕੀ ਬੀੜ ਮੇਂ ਰਖਣਾ ਉਚਿਤ ਨਾ ਸਮਝਕਰ ਸਰਵਥਾ ਹੀ ਜਲ-ਪ੍ਰਵਾਹਿਤ ਕਰ ਦਿਯਾ ਥਾ । ਜੋ ਕਿ ਇਕ ਪਰਮ ਪਰੇਮੀ ਸਾਧੂ ਕੀ ਅਤਯੰਤ ਪ੍ਰਾਰਥਨਾ ਸੇ ਦ੍ਰਵੀਭੂਤ ਹੂਏ ਗੁਰੂ ਸਾਹਿਬ ਕੇ ਬਚਨ ਅਨੁਸਾਰ ਜਲ ਸੇ ਨਿਕਲਵਾਯਾ ਔਰ ਜੈਸੇ ਕਾ ਤੈਸਾ ਉਸੇ ਹੀ ਬਖਸ਼ਿਸ਼ ਕਰ ਦੀਯਾ ਗਯਾ ਥਾ ।"

---

*ਮੈਂ ਆਪਣੀ ਕਿਤਾਬ 'ਸਾਖੀਆਂ ਦੀ ਹਕੀਕਤ' ਵਿਚ ਪ੍ਰਾਨ ਸੰਗਲੀ ਅਤੇ ਉਸਦੇ ਮੁਤਅੱਲਿਕ ਸਾਖੀਆਂ ਪੁਰ ਵਿਚਾਰ ਕੀਤੀ ਹੈ, ਅਤੇ ਦਸਿਆ ਹੈ ਕਿ ਕਿਸ ਤਰ੍ਹਾਂ ਇਹ ਸਭ ਬਨਾਵਟੀ ਗਲਾਂ ਹਨ ਅਤੇ ਗ੍ਰੰਥ ਸਾਹਿਬ ਦੀ ਬੀੜ ਬਝਣ ਤੋਂ ਚਿਰ ਪਿਛੋਂ ਘੜੀਆਂ ਗਈਆਂ ਸਨ । ਖਾਲੀ 'ਰਤਨ ਮਾਲਾ' ਪਹਿਲੇ ਦੀ ਹੈ ਜੋ ਉਹਨਾਂ ਛਡ ਦਿਤੀ ।



Sri Satguru Jagjit Singh Ji Elibrary NamdhariElibrary@gmail.com

ਭਾਵੇਂ ਗੁਰੂ ਨਾਨਕ ਸਾਹਿਬ ਏਸ ਵਡੇ ਸਾਰੇ ਗ੍ਰੰਥ ਨੂੰ ਨਾਲ ਲਿਆ ਸਕਦੇ ਸਨ, ਕਿਉਂ ਜੋ ਇਕ ਭੀੜ ਸਿਖਾਂ ਦੀ ਉਹਨਾਂ ਦੇ ਨਾਲ ਗਈ ਦੱਸੀ ਹੈ, ਪਰ ਇਹ ਤਾਂ ਉਪਰਲੇ ਬਿਆਨ ਤੋਂ ਦਿਸਦਾ ਹੈ ਕਿ ਗੁਰੂ ਨਾਨਕ ਸਾਹਿਬ ਉਸ ਗ੍ਰੰਥ ਦਾ ਪ੍ਰਚਾਰ ਸਿਖਾਂ ਵਿਚ ਚਾਹੁੰਦੇ ਸਨ। ਫੇਰ ਇਹ ਕੀਹ ਹੋਇਆ ਕਿ ਗੁਰੂ ਅਰਜਨ ਦੇਵ ਨੇ ਉਚੇਚਾ ਮੰਗਵਾਕੇ ਭੀ ਸਾਰਾ ਗ੍ਰੰਥ ਜਲ ਵਿਚ ਸੁਟ ਦਿੱਤਾ? ਇਹ ਸਵਾਲ ਕੁਦਰਤੀ ਤੌਰ ਪਰ ਉਠਦਾ ਹੈ। ਸੋ ਸੰਤ ਜੀ ਇਹ ਸਵਾਲ ਉਠਾਕੇ ਉਸਦਾ ਉਤਰ ਦੇਣ ਦਾ ਜਤਨ ਇਸ ਤਰ੍ਹਾਂ ਪੁਰ ਕਰਦੇ ਹਨ :—

"ਕਈ ਏਕ ਗੁਰਮੁਖੋਂ ਕੋ ਯਿਹ ਪੂਛਨੇ ਕਾ ਭੀ ਅਵਸਰ ਮਿਲਾ ਹੈ ਕਿ ਇਤਨੇ ਬੜੇ ਪਰਿਸ਼੍ਰਮ ਕੇ ਸਾਥ ਇਸ ਪਰਮ ਪਵਿਤ੍ਰ ਗ੍ਰੰਥ ਕੋ ਮੰਗਵਾ ਕਰ ਭੀ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਕੀ ਬੀੜ ਮੇਂ ਕਿਉਂ ਨਾ ਗ੍ਰੰਥਨ ਕੀਯਾ ? ਜਿਸਕਾ ਉਤਰ ਹਮਾਰੀ ਤੁਛ ਬੁਧੀ ਮੇਂ ਯਿਹ ਸਫੁਰਤਾ ਹੈ :—

ਮੂਲਅਬੇਦਯਾਤਮਕ ਤਥਾ ਪਿੰਡ ਬ੍ਰਹਮੰਡ ਔਰ ਇਨਕੇ ਪਾਰ ਪਾਰਾਵਾਰ ਰਹਿਤ, ਭੇਦ-ਦਰਸ਼ਾਇਕ 'ਸ੍ਰੀ ਪ੍ਰਾਣ-ਸੰਗਲੀ' ਕੀ ਅਮੋਲਕ ਬਾਣੀ, ਅਨਨਯ ਅਧਿਕਾਰੀਓਂ ਕੇ ਨਮਿਤ ਹੀ ਵਿਸ਼ੇਸ਼ ਕਰਕੇ ਉਚਾਰਣ ਹੂਈ ਹੈ। ਔਰ ਗ੍ਰੰਥ ਸਾਹਿਬ ਕੇ ਪਠਨ ਸ੍ਰਵਣ ਕਰਕੇ ਸਰਬ-ਦੇਸ਼, ਸਰਬਕਾਲ, ਤਥਾ ਸਰਬ-ਅਵਸਥਾ ਮੇਂ ਸਰਬ-ਪ੍ਰਕਾਰ ਕੇ ਅਧਿਕਾਰੀਓਂ ਕੀ ਸ਼੍ਰੇਯਕ-ਕੋਟੀ ਕੇ ਹੈਂ*।

ਦੂਸਰਾ—ਪ੍ਰਾਣ ਸੰਗਲੀ ਮੇਂ ਕਹੀਂ ਕਹੀਂ ਬੀਚ ਬੀਚ ਰਿਧਿ ਸਿਧਿ ਆਦਿ ਪ੍ਰਾਪਤੀ ਕੇ ਵਿਸ਼ੇਖ ਵਿਸ਼ੇਖ ਉਪਾਉ ਨਿਰੂਪਤ ਹੈਂ, ਜਿਨਮੇ ਕਿ ਕਲਿਜੁਗੀ ਲੋਗੋਂ ਕੇ ਪ੍ਰਵਿਰਤਿ ਮਾਰਗ ਮੇਂ ਹੀ ਬਾਰੰਬਾਰ ਗਿਰਤੇ ਰਹਿਣੇ ਕੀ ਸੰਭਾਵਨਾ ਹੋ ਸਕਤੀ ਥੀ; ਜਿਸ ਕਰਕੇ ਕਿ ਕੇਵਲ ਭਗਵੰਤ ਪ੍ਰਾਪਣ ਕਰਨੇ ਮੇਂ ਹੀ ਉਦਯਤ ਗੁਰਬਾਣੀ ਕੀ ਬੀੜ ਕੇ ਯੋਗਯ ਇਸੇ ਨਾ ਸਮਝਾ ਗਿਆ*।

---

*This, in plain words, means, that the teaching in the Granth Sahib itself is intended for ignorant people, who surrounded the Guru, while the esoteric teachings in Prana-Sangali are for the understanding highly spiritual persons, who now abound: the usual idea in the Shastras about Pra-vidya & Apra-vidya.



Sri Satguru Jagjit Singh Ji Elibrary NamdhariElibrary@gmail.com

ਤਬ ਗੁਰਮਤ ਕਾ ਇਤਨਾ ਵਿਸ਼ੇਸ਼ ਪ੍ਰਚਾਰ ਨਾ ਹੋਨੇ ਤਥਾ ਸਾਧਾਰਣ ਲੋਗੋਂ ਕੋ ਇਸਕਾ ਗੂੜ੍ਹ ਆਸ਼ਯ ਸਮਝਨੇ ਮੇਂ ਅਸਮਰਥ ਹੋਨੇ ਆਦਿ ਕਾਰਣੋਂ ਸੇ ਇਤਨਾ ਕਾਲ ਪ੍ਰਯੰਤ ਇਸ ਗ੍ਰੰਥ ਕਾ ਗੁਪਤ ਰਹਿਣਾ ਹੀ ਆਵਸ਼ਯਕ ਥਾ। ਅਬ ਜੀਵੋਂ ਕੀ ਬੁਧਿਓਂ ਕੋ ਗੁਰਮਤ (as given in this book—G.B.S.) ਕਾ ਪੂਰਾ ਮਹੱਤਵ ਸਮਝਤੇ ਇਸਮੇਂ ਪ੍ਰਵਿਰਤ ਦੇਖ ਕਰ ਗੁਰ ਸਾਹਿਬ ਕੀ ਅੰਤਰੀਵ ਆਗਿਆ (heart prompting) ਸੇ ਹੀ ਇਸਕੋ ਪ੍ਰਕਾਸ਼ਿਤ ਹੋਨੇ ਕਾ ਅਵਸਰ ਮਿਲਾ ਹੈ।"

ਵਡੇ ਵਡੇ ਲਫ਼ਜ਼ਾਂ ਵਿਚ ਦਿੱਤਾ ਉਪਰਲਾ ਉਤ੍ਰ ਗੁਰਮੁਖਾਂ ਲਈ ਭਾਵੇਂ ਤਸੱਲੀ ਦੇਣ ਵਾਲਾ ਹੋਵੇ, 'ਪਰ ਮਨ-ਮੁਖਾਂ' ਨੂੰ, ਜਿਨ੍ਹਾਂ ਦੀ ਗਿਣਤੀ ਗੁਰਮੁਖਾਂ ਨਾਲੋਂ ਕਿਤੇ ਵਧੀਕ ਹੈ, ਇਸ ਤੋਂ ਨਿਰਾਸਤਾ ਹੋਵੇਗੀ।

ਸਾਡੀ ਏਸ ਕਿਤਾਬ ਲਈ ਇਤਨਾ ਜਾਨਣਾ ਹੀ ਬਸ ਕਾਫੀ ਹੈ ਕਿ ਗੁਰੂ ਅਰਜਨ ਦੇਵ ਨੇ 'ਪ੍ਰਾਣ-ਸੰਗਲੀ' ਨੂੰ ਜਲ-ਪ੍ਰਵਾਹ ਕਰ ਦਿੱਤਾ।

# ੭. ਹੋਰ ਬਾਣੀ ਕਿਥੋਂ ਇਕੱਠੀ ਕੀਤੀ

ਬਾਬੇ ਮੋਹਨ ਵਾਲੀਆਂ ਪੋਥੀਆਂ ਹੀ ਬੀੜ ਬਨਣ ਲਈ ਕਾਫੀ ਨਹੀਂ ਸਨ। ਪੋਥੀਆਂ ਵਿਚ ਜਿੰਨੀ ਕੁ ਬਾਣੀ ਗੁਰੂ ਨਾਨਕ ਸਾਹਿਬ ਦੀ ਦਿੱਤੀ ਸੀ ਉਸ ਨਾਲੋਂ ਬਹੁਤ ਵਧੀਕ ਲੋਕਾਂ ਵਿਚ ਫੈਲੀ ਪ੍ਰਤਖ ਨਜ਼ਰ ਆ ਰਹੀ ਸੀ। ਸਹੰਸਰ ਰਾਮ ਨ ਤਾਂ ਉਹੋ ਇਕੱਠੀ ਕਰਨੀ ਸੀ ਜੋ ਉਸਨੂੰ ਗੋਇੰਦਵਾਲ ਬੈਠਿਆਂ ਮਿਲ ਸਕੀ। ਸੋ ਜਿਥੇ ਉਸ ਤੋਂ ਅਸਲੀ ਗੁਰੂ ਨਾਨਕ ਦੀ ਬਾਣੀ ਰਹਿ ਗਈ, ਉਥੇ ਹੀ ਦੂਜੇ ਪਾਸੇ ਹੋ ਸਕਦਾ ਹੈ ਕਿ ਉਸਨੇ ਕੁਝ 'ਨਕਲੀ' ਬਾਣੀ ਨੂੰ ਆਪਣੇ ਵਿਚਾਰ ਤੇ ਸਮਝ ਮੂਜਬ ਅਸਲੀ ਸਮਝਕੇ ਪੋਥੀਆਂ ਵਿਚ ਲਿਖ ਲਿਆ ਹੋਵੇ, ਜਿਸ ਤਰ੍ਹਾਂ ਕਿ ਅਸੀਂ ਉਪਰ ਕਹਿ ਚੁਕੇ ਹਾਂ। ਫੇਰ, ਸਹੰਸਰ ਰਾਮ ਉਹੋ ਕੁਝ ਲਿਖ ਸਕਦਾ ਸੀ, ਜੋ ਕੁਝ ਉਸਨੇ ਸੁਣਿਆ। ਅਤੇ ਬਾਣੀ ਨੂੰ ਜ਼ਬਾਨੀ ਜ਼ਬਾਨੀ ਚਲੇ ਆਉਂਦੇ ਅਧੀ ਸਦੀ ਹੋ ਗਈ ਸੀ ਅਤੇ ਰਬਾਬੀਆਂ ਵਗੈਰਾ ਦੀ ਤੀਜੀ ਪੀਹੜੀ ਟੁਰ ਪਈ ਸੀ। ਇਤਨੀ ਮੁਦਤ ਵਿਚ ਅਤੇ ਏਨਿਆਂ ਦੇ ਮੂੰਹ ਚੜ੍ਹੀ ਬਾਣੀ ਵਿਚ ਲਫਜ਼ੀ ਫ਼ਰਕ ਸਹਿਜ-ਸੁਭਾ



Sri Satguru Jagjit Singh Ji Elibrary NamdhariElibrary@gmail.com

ਪੈ ਜਾਣੇ ਅਵੱਸ਼ਕ ਸਨ । ਸੋ ਇਹਨਾਂ ਪੋਥੀਆਂ ਵਿਚ ਜਿੰਨੀ ਕੁ ਅਸਲੀ ਬਾਣੀ ਵੀ ਹੈ, ਉਸਦੇ ਅੱਖਰੋ ਅੱਖਰ ਠੀਕ ਹੋਣ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ, ਹਿੱਜੇ ਅਤੇ ਲਗਾਂ (ਜੋ ਸਭ ਉਹਨਾਂ ਪੋਥੀਆਂ ਵਿਚ ਦਿੱਤੀਆਂ ਵੀ ਹਨ) ਤਾਂ ਇਕ ਪਾਸੇ ਰਹੀਆਂ । ਵੱਡੀ ਗਲ ਜੋ ਕਹੀ ਜਾ ਸਕਦੀ ਹੈ, ਇਹ ਹੈ ਕਿ ਇਹਨਾਂ ਤਬਦੀਲੀਆਂ ਦੇ ਬਾਵਜੂਦ ਵੀ ਮਤਲਬ ਵਿਚ ਫ਼ਰਕ ਨਹੀਂ ਆਇਆ ਹੋਣਾ । ਬੋਲੀ ਨੇ ਤਾਂ ਇਤਨੇ ਅਰਸੇ ਵਿਚ ਕੀਹ ਲੰਮਾ ਵੱਟਣਾ ਸੀ, ਪਰ ਰਾਗੀ ਅਤੇ ਪਾਠੀ ਬਿਨਾਂ ਵਿਚਾਰੇ ਹੀ, ਇਕ ਲਫ਼ਜ਼ ਦੀ ਥਾਂ ਦੂਜਾ ਉਸੇ ਅਰਥ ਵਾਲਾ ਲਫ਼ਜ਼ ਅਨਜਾਣੇ ਹੀ ਪਾ ਸਕਦੇ ਸਨ । ਫੇਰ ਲਫ਼ਜ਼ਾਂ ਦਾ ਅਗੇ ਪਿਛੇ ਹੋ ਜਾਣਾ ਭੀ ਮਾਮੂਲੀ ਗੱਲ ਸੀ। ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਇਹ ਸਾਰੀਆਂ ਮੁਸ਼ਕਲਾਂ ਹਲ ਕਰਨ ਲਈ ਮੌਜੂਦ ਸਨ ।

'ਨਕਲੀ' ਤੇ 'ਅਸਲੀ' ਬਾਣੀ ਦਾ ਨਿਖੇੜਾ ਕਰਨ ਲਈ ਆਪ ਨੂੰ ਆਮ ਵਿਚ ਫੈਲ ਚੁਕੀ ਸਾਰੀ ਬਾਣੀ ਨੂੰ ਇਕੱਠਾ ਕਰਨ ਦੀ ਲੋੜ ਸੀ, ਅਤੇ ਉਸਦੇ ਇਕੱਠਾ ਕਰਨ ਲਈ ਆਪਨੂੰ ਵੀ ਉਹੋ ਵਸੀਲੇ ਮਿਲ ਸਕਦੇ ਸਨ ਜੋ ਸਹੰਸਰ ਰਾਮ ਨੂੰ ਮਿਲ ਸਕੇ ਸਨ। ਸ਼ਾਇਦ ਇਸ ਤੋਂ ਕੁਝ ਹੋਰ ਵਧਕੇ ਵੀ, ਇਹ ਸਾਰੇ ਵਸੀਲੇ ਭੁਲਾਂ ਤੋਂ ਖ਼ਾਲੀ ਨਹੀਂ ਸਨ ਹੋ ਸਕਦੇ । ਗੁਰੂ ਸਾਹਿਬ ਚੰਗੇ ਕਵੀ ਸਨ, ਪਿੰਗਲ ਦੀ ਸਾਰੀ ਖ਼ਬਰ ਸੀ; ਚੰਗੇ ਰਾਗੀ ਸਨ, ਸੋ ਬਹੁਤ ਸਾਰੀਆਂ ਲਫ਼ਜ਼ੀ ਗ਼ਲਤੀਆਂ ਨੂੰ ਜਾਚ ਕੇ ਠੀਕ ਕਰ ਸਕਦੇ ਸਨ, ਵਜ਼ਨ ਤੇ ਛੰਦ ਦੀ ਦਰੁਸਤੀ ਭੀ ਹੋ ਸਕਦੀ ਸੀ । ਏਸੇ ਤਰ੍ਹਾਂ ਸਮੁੱਚੇ ਢੰਗ ਪੁਰ ਜੇ ਕਿਸੇ ਸ਼ਬਦ ਬਾਣੀ ਦਾ ਭਾਵ ਉਹਨਾਂ ਨੇ ਗੁਰੂ ਨਾਨਕ ਸਾਹਿਬ ਦੀ ਸਮਝ ਰਖੀ ਸਿਖਿਆ ਦੇ ਉਲਟ ਜਾਤਾ, ਤਦ ਉਸ ਸ਼ਬਦ ਨੂੰ ਰਦ ਭੀ ਕਰ ਸਕਦੇ ਸਨ, ਜਿਸ ਤਰ੍ਹਾਂ ਕਿ ਉਹਨਾਂ ਨੇ ਪਿਛੋਂ ਬੀੜ ਬਨਾਉਣ ਸਮੇਂ ਕਾਹਨਾ, ਸ਼ਾਹਹੁਸੈਨ ਆਦਿ ਸਾਧਾਂ ਫ਼ਕੀਰ ਦੀ ਬਾਣੀ ਨੂੰ ਰੱਦ ਕੀਤਾ । ਪਰ ਫੇਰ ਭੀ ਇਹ ਸੰਭਾਵਨਾ ਬਣੀ ਰਹੀ ਕਿ ਕੋਈ ਬਾਣੀ ਜਾਂ ਸ਼ਬਦ ਗ੍ਰੰਥ ਸਾਹਿਬ ਵਿਚ ਅਜਿਹੇ ਦਰਜ ਹੋ ਗਏ ਹੋਣ ਜੋ ਅਸਲ ਵਿਚ ਗੁਰੂ ਨਾਨਕ ਸਾਹਿਬ ਦੇ ਆਪਣੇ ਨਾ ਹੋਣ; ਅਤੇ ਇਹ ਸ਼ਬਦ ਭਾਵੇਂ 'ਬਾਬੇ



Sri Satguru Jagjit Singh Ji Elibrary NamdhariElibrary@gmail.com

ਮੋਹਨ ਵਾਲੀਆਂ ਪੋਥੀਆਂ ਵਿਚੋਂ ਲਏ ਹੋਣ ਤੇ ਭਾਵੇਂ ਬਾਹਰੋਂ ਇਕਠੇ ਕੀਤੇ ਹੋਣ। ਇਹ ਮਨ ਲਿਆ ਕਿ ਗੁਰੂ ਅਰਜਨ ਦੇਵ ਆਪ ਗੁਰੂ ਸਨ, ਅਤੇ ਉਹਨਾਂ ਦਾ ਕਥਨ ਜਾਂ ਕਿਸੇ ਸ਼ਬਦ ਬਾਬਤ ਫ਼ੈਸਲਾ ਕੀਤਾ ਸਿਖਾਂ ਲਈ ਅਜਿਹਾ ਹੀ ਪ੍ਰਮਾਣੀਕ ਹੈ, ਜਿਹਾ ਖ਼ੁਦ ਗੁਰੂ ਨਾਨਕ ਸਾਹਿਬ ਦਾ ਕਿਹਾ। ਪਰ ਜੋ ਗਲ 'ਅਨਹੋਣੀ' ਹੋਵੇ, ਉਸਨੂੰ ਗੁਰੂ ਅਰਜਨ ਦੇਵ ਭੀ 'ਹੋਣੀ' ਨਹੀਂ ਸਨ ਬਣਾ ਸਕਦੇ। ਖੋਜੀ ਦੀ ਤਰਕ, ਜਾਂ ਮੁਹਕੱਕ ਦੀ ਦਲੀਲਬਾਜ਼ੀ ਵਿਚ ਮੁਅਜਜ਼ੇ, ਕਰਾਮਾਤ, ਦੈਵੀ ਜੋਤ ਜਾਂ ਈਸ਼ਵਰੀ ਸ਼ਕਤੀ ਲਈ ਕੋਈ ਥਾਂ ਨਹੀਂ। ਜੇ ਇਹ ਗਲਾਂ ਮੰਨਣੀਆਂ ਹੋਣ, ਤਦ ਬਹਿਸ ਕੇਹੀ ਤੇ ਵਿਚਾਰ ਕਾਹਦੀ? ਜੋ ਕੁਝ ਬਹੁਤੇ ਲੋਕ ਆਖਦੇ ਹਨ, ਮੂਰਖ ਹੋਣ ਜਾਂ ਸਿਆਣੇ, ਜੇਕਰ ਕੋਈ ਉਸਨੂੰ ਅੰਨ੍ਹਾ ਹੋਕੇ ਸੱਚ ਮੰਨਣ ਲਈ ਤਿਆਰ ਨਹੀਂ ਅਰ ਲੋਕਾਂ ਨੂੰ ਨਾਰਾਜ਼ ਕਰਨ ਦੀ ਦਲੇਰੀ ਨਹੀਂ ਕਰ ਸਕਦਾ, ਤਾਂ ਉਹ ਚੁਪ ਹੋ ਰਹੇ। ਅਸੀਂ ਸਮਝਦੇ ਹਾਂ ਕਿ ਸਾਡੇ ਪਾਠਕ ਸਿਆਣੇ ਅਤੇ ਸੱਚ ਦੇ ਪਿਆਰੇ ਹਨ। ਇਹ ਮੈਂ ਇਸ ਕਰਕੇ ਕਿਹਾ ਹੈ ਕਿ ਮੈਨੂੰ ਹੁਣ ਤਕ ਕੁਝ ਸ਼ਬਦ ਅਜਿਹੇ ਨਜ਼ਰ ਆਏ ਹਨ, ਜਿਥੇ ਇਹ ਮੁਸ਼ਕਲ ਸਾਡੇ ਸਾਹਮਣੇ ਆਉਂਦੀ ਹੈ।

ਇਹ ਤਾਂ ਸੀ ਗੁਰੂ ਨਾਨਕ ਸਾਹਿਬ ਦੀ ਬਾਣੀ ਬਾਬਤ, ਹੁਣ ਭਗਤ ਬਾਣੀ ਨੂੰ ਲਉ।

## ੮. ਭਗਤ ਬਾਣੀ

ਇਹ ਅਸੀਂ ਉਪਰ ਦਸ ਆਏ ਹਾਂ ਕਿ ਪੋਥੀਆਂ ਵਿਚ ਕਬੀਰ ਜੀ ਅਤੇ ਸ਼ੇਖ ਫ਼ਰੀਦ ਦੇ ਸਲੋਕ ਤੇ ਕੁਝ ਹੋਰ ਬਾਣੀ ਇਕੱਠੀ ਕੀਤੀ ਗਈ ਸੀ, ਪਰ ਇਹ ਭਗਤ-ਬਾਣੀ ਦੇ, ਜਿੰਨੀ ਕੁ ਕਿ ਗ੍ਰੰਥ ਸਾਹਿਬ ਵਿਚ ਦਿੱਤੀ ਗਈ ਹੈ, ਸ਼ਾਇਦ* ਬਹੁਤ ਥੋੜਾ ਭਾਗ ਹਨ। ਨਾਲੇ ਏਹਨਾਂ ਤੇ ਨਾਮਦੇਵ ਨੂੰ

---

*'ਸ਼ਾਇਦ' ਮੈਂ ਇਸ ਵਾਸਤੇ ਕਿਹਾ ਹੈ ਕਿ ਜਦ ਦੋ ਪੋਥੀਆਂ ਰਲਕੇ, ਸ੍ਰੀ ਗੁਰੂ ਗਰੰਥ ਸਾਹਬ ਦੇ ਹੁਜਮ ਦੀਆਂ ਸਨ, ਤਦ ਗੁਰੂ ਨਾਨਕ ਦੀ ਬਾਣੀ ਤੋਂ ਅੱਡ ਭਗਤ ਬਾਣੀ ਚੋਖੀ ਹੋਣੀ ਚਾਹੀਦੀ ਏ।



Sri Satguru Jagjit Singh Ji Elibrary NamdhariElibrary@gmail.com

ਮਿਲਾਕੇ ਤਿੰਨ ਭਗਤਾਂ ਤੋਂ ਇਲਾਵਾ ਹੋਰ ਕਿਤਨੇ ਹੀ ਸਾਧਾਂ ਫ਼ਕੀਰਾਂ ਦੀ ਰਚਨਾਂ, ਅਤੇ ਭੱਟਾਂ ਰਾਆਂ ਦੇ ਸਵੱਯੇ, ਵਾਰਾਂ ਆਦਿ ਮੌਜੂਦ ਹਨ। ਮਰਦਾਨੇ ਰਬਾਬੀ ਦੇ ਨਾਮ ਪੁਰ ਭੀ ਦੋ ਸ਼ਬਦ ਹਨ। ਸਵਾਲ ਨੀ ਹੈ ਕਿ ਸਾਰੀ ਬਾਣੀ ਬੀੜ ਵਿਚ ਦਰਜ ਕਰਨ ਲਈ ਗੁਰੂ ਸਾਹਿਬ ਨੇ ਕਿਥੋਂ ਲਈ? ਸਾਧਾਂ ਫ਼ਕੀਰਾਂ ਦਾ ਦੂਰੋਂ ਦਰੋਂ ਟਰ ਕੇ ਗੁਰੂ ਸਾਹਿਬ ਪਾਸ ਆਉਣਾ ਅਤੇ ਆਪੋ ਆਪਣੀ ਬਾਣੀ ਦਰਜ ਕਰਾਨ ਲਈ ਪੇਸ਼ ਕਰਨਾ, ਇਹ ਗਲ੍ਹਾਂ ਦਸਦੀਆਂ ਹਨ, ਕਿ ਬੀੜ ਬਨੁਣ ਦੇ ਇਰਾਦੇ, ਅਤੇ ਭਗਤਾਂ ਦੀ ਬਾਣੀ ਇਕੱਠੀ ਕਰਨ ਦੇ ਵਿਚਾਰ ਦਾ ਸਾਰੇ ਦੇਸ ਵਿਚ ਬੜਾ ਖੁਲ੍ਹਾ ਇਸ਼ਤਿਹਾਰ ਹੋ ਗਿਆ ਸੀ, ਅਤੇ ਸਾਧਾਂ ਫ਼ਕੀਰਾਂ ਨੂੰ ਆਪਣੀ ਅਤੇ ਆਪਣੇ ਵਡਿਆਂ ਦੀ ਬਾਣੀ ਨੂੰ ਗ੍ਰੰਥ ਸਾਹਿਬ ਵਿਚ ਦਰਜ ਕਰਾਨ ਦੀ ਤਾਂਘ ਭੀ ਬੜੇ ਜ਼ੋਰ ਦੀ ਸੀ।* ਇਥੋਂ ਤਕ ਕਿ ਇਨਕਾਰ ਦੀ ਸੂਰਤ ਵਿਚ ਰੋਸ, ਸਖ਼ਤ ਕਲਾਮੀ ਅਤੇ ਆਪੋ ਵਿਚ ਸਰਾਪ ਦੇਣ ਤਕ ਨੌਬਤ ਆਈ।

'ਰਾਇ ਬਲਵੰਡ ਤਥਾ ਸੱਤੇ ਡੂਮ' ਨੂੰ ਅਤੇ ਉਹਨਾਂ ਭੱਟਾਂ ਨੂੰ ਛਡਕੇ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਦੇ ਗੁਰੂ-ਗਦੀ ਪੁਰ ਬੈਠਨ ਸਮੇਂ ਸਵੱਯੇ ਪੜ੍ਹੇ, ਬਾਕੀ ਸਾਰੇ ਭਗਤ ਤੇ ਕੁਝ ਭੱਟ, ਜਿਨ੍ਹਾਂ ਦੀ ਬਾਣੀ ਗ੍ਰੰਥ ਸਾਹਿਬ ਵਿਚ ਚੜ੍ਹੀ ਹੈ, ਗੁਰੂ ਸਾਹਿਬ ਨਾਲੋਂ ਪਹਿਲੇ ਹੋ ਚੁਕੇ ਸਨ, ਅਤੇ ਕੋਈ ਕੋਈ ਚਾਰ ਪੰਜ ਸੌ ਵਰ੍ਹਾ ਪਹਿਲੇ। ਪਰਤਖ ਹੈ ਕਿ ਇਹਨਾਂ ਸਭ ਦੀ ਬਾਣੀ, ਉਹਨਾਂ ਭਗਤਾਂ ਦੇ ਚੇਲਿਆਂ ਅਤੇ ਵੈਸਣਵ ਮਤ ਦੇ ਆਮ ਸਾਧੂਆਂ ਤੋਂ ਹੀ, ਜੋ ਪੰਜਾਬ ਵਿਚ ਰਹਿੰਦੇ ਸਨ, ਪ੍ਰਾਪਤ ਹੋਈ ਹੋਵੇਗੀ—ਸਿੱਧੀ ਜਾਂ ਬਾਬੇ

---

*ਕਾਹਨਾ, ਪੀਲੋ, ਛੱਜੂ ਤੇ ਸ਼ਾਹ ਹੁਸੈਨ ਨੇ ਆਪੋ ਆਪਣੀ ਬਾਣੀ ਹੇਠ ਲਿਖੀਆਂ ਤੁਕਾਂ ਨਾਲ ਸੁਨਾਣੀ ਸ਼ੁਰੂ ਕੀਤੀ ਸੀ, ਕਰਮਵਾਰ:–(ੳ) 'ਮੈਂ ਉਹੀ ਰੇ, ਮੈਂ ਉਹੀ ਸਹੀ।' (ਅ) 'ਅਸਾਂ ਨਾਲੋਂ ਸੇ ਭਲੇ ਜਨਮਤ ਹੀ ਮਰਜਾਤ।' ਬਿਖੇ ਬੀਚ ਆਲੂਦ ਨਹਿ, ਭਈ ਨ ਜਗ ਕੀ ਤਾਤ' (ੲ) 'ਕਾਗਦ ਕੀ ਜੋ ਹੋਵੈ ਨਾਰੀ, ਵਿਸ ਗੰਦਲ ਅਰ ਜਾਨ ਕਟਾਰੀ।' (ਸ) 'ਬੋਲਨ ਦੀ ਇਹ ਠਾਂ ਜਾਂ ਨਾਹੀ। ਚੁਪ ਦੇ ਅੜਿਆ ਚੁਪ ਕਰ ਜਾਹਿ।'



Sri Satguru Jagjit Singh Ji Elibrary NamdhariElibrary@gmail.com

ਮੋਹਨ ਵਾਲੀਆਂ ਪੋਥੀਆਂ ਦੀ ਰਾਹੀਂ। ਗ੍ਰੰਥ ਸਾਹਿਬ ਵਿਚ ਉਹਨਾਂ ਭਗਤਾਂ ਦੀ ਬਾਣੀ ਹੀ ਬਹੁਤੀ ਦਿੱਤੀ ਹੈ, ਜਿਨ੍ਹਾਂ ਦੇ ਚੇਲੇ ਪੰਜਾਬ ਵਿਚ ਬਹੁਤੇ ਸਨ, ਕਬੀਰ ਪੰਥੀ ਨਾਮਾਬੰਸੀ (ਛੀਂਬੇ ਤੇ ਦਰਜ਼ੀ) ਅਤੇ ਰਵਿਦਾਸੀਏ (ਚਮਾਰ)। ਆਪੋ ਆਪਣੇ ਵਡੇ ਦੀ ਬਾਣੀ ਇਹਨਾਂ ਪੰਥਾਂ ਵਾਲਿਆਂ ਨੇ ਲਿਖੀ ਲਿਖਾਈ ਹੀ ਗੁਰੂ ਸਾਹਿਬ ਨੂੰ ਲਿਆ ਦਿਤੀ ਹੋਵੇਗੀ। ਫੇਰ ਗ੍ਰੰਥ ਸਾਹਿਬ ਵਿਚ ਦਰਜ ਭਗਤ-ਬਾਣੀ ਦੀ ਤਰਤੀਬ ਵੀ ਸਾਨੂੰ ਏਸੇ ਸਿਟੇ ਪੁਰ ਪੁਚਾਂਦੀ ਹੈ। ਮਸਲਨ ਕਈ ਰਾਗਾਂ ਹੇਠਾਂ ਨਾਮਦੇਵ ਦੇ ਸ਼ਬਦ ਦੇਂਦਿਆਂ ਵਿਚਕਾਰ ਰਵਿਦਾਸ ਦਾ ਸ਼ਬਦ ਆਗਿਆ ਹੈ, ਜਾਂ ਕਬੀਰ ਜੀ ਦੇ ਸ਼ਬਦ ਕੁਝ ਪਹਿਲੇ ਆਕੇ ਵਿਚ ਨਾਮਦੇਵ ਦਾ ਸ਼ਬਦ ਆ ਜਾਂਦਾ ਹੈ ਅਤੇ ਕਬੀਰ ਦੇ ਹੋਰ ਸ਼ਬਦ ਨਾਮਦੇਵ ਦੇ ਪਿਛੋਂ। ਇਹ ਨਹੀਂ ਕਿ ਮਜ਼ਮੂਨ ਦੇ ਸੰਬੰਧ ਕਰਕੇ ਜਾਨ ਬੁਝਕੇ ਏਸ ਤਰ੍ਹਾਂ ਕੀਤਾ ਗਿਆਹੈ, ਸਗੋਂ ਗੱਲ ਇਹ ਹੋਈ ਹੈ, ਕਿ ਸ਼ਬਦ ਖੁਲ੍ਹੇ ਪਤ੍ਰਿਆਂ ਪੁਰ ਲਿਖੇ ਹੋਏ ਸਨ, ਭਾਈ ਗੁਰਦਾਸ ਤੋਂ ਬੋਲਕੇ ਲਿਖਵਾਂਦੇ ਸਮੇ, ਜਾਂ ਉਸਦੇ ਹਥ ਲਿਖੇ ਹੋਏ ਪਤ੍ਰੇ ਦੇਣ ਵੇਲੇ, ਕੋਈ ਪਤ੍ਰਾ ਹੇਠਾਂ ਉਪਰ ਹੋ ਗਿਆ, ਅਤੇ ਬੀੜ ਵਿਚ ਉਸੇ ਤਰਤੀਬ ਸਿਰ ਲਿਖਿਆ ਗਿਆ। ਸਿਖ ਇਤਿਹਾਸ* ਕਾਰਾਂ ਦਾ ਇਹ ਲਿਖਣਾ ਕਿ ਕਦੋ ਦੇ ਮਰ ਚੁਕੇ ਭਗਤ ਕਿਸੇ ਰੂਹਾਨੀ ਸ਼ਕਲ ਵਿਚ ਆਪ ਲਿਖਾਣ ਆਏ,ਅਤੇ ਇਕ ਵਾਰੀ ਬੂਹੇ ਤੇ ਬੈਠੇ ਭਾਈ ਗੁਰਦਾਸ ਨੇ ਪਿਛਲੀ ਰਾਤੀਂ ਅੱਧੇ ਘੰਟੇ ਦੇ ਅੰਦਰ ਅੰਦਰ ਸਾਰੇ ਭਗਤ ਗੁਰੂ ਸਾਹਿਬ ਪਾਸ ਤੰਬੂ ਵਿਚ ਆਉਂਦੇ ਅਤੇ ਫੇਰ ਵਾਪਸ ਜਾਂਦੇ ਵੇਖੇ ਭੀ; ਇਹੋ ਜਿਹੀਆਂ ਤੋਤੇ ਮੈਨਾ ਦੀਆਂ ਕਹਾਣੀਆਂ ਏਥੇ ਲਿਖਦਿਆਂ ਸਾਨੂੰ ਸ਼ਰਮ ਆਉਂਦੀ ਹੈ, ਤੇ ਇਤਿਹਾਸਕਾਰਾਂ ਦੀ ਬੁਧੀ ਪੁਰ ਹਾਸਾ। ਫੇਰ ਜੋ ਲਿਖੀ ਲਿਖਾਈ ਬਾਣੀ ਭਗਤਾਂ ਦੀ ਗੁਰੂ ਸਾਹਿਬ ਨੂੰ ਪ੍ਰਾਪਤ ਹੋਈ, ਉਹ ਅਵਸ਼ਯ ਉਹਨਾਂ ਅਖਰਾਂ ਵਿਚ ਲਿਖੀ ਹੋਈ ਹੋਵੇਗੀ, ਜਿਨ੍ਹਾਂ ਨੂੰ ਕਿ ਗੁਰੂ ਅਰਜਨ ਦੇਵ ਅਤੇ ਭਾਈ ਗੁਰਦਾਸ

---

*ਇਤਿਹਾਸ ਦੇ ਅਸਲੀ ਅਰਥ ਕਿੱਸੇ, ਕਹਾਣੀ ਤੇ ਅਫ਼ਸਾਨੇ ਦੇ ਹਨ, ਜਿਵੇਂਕਿ ਉਹਨਾਂ ਦੇ ਆਮ ਕਰਕੇ ਲੇਖ ਹਨ।



Sri Satguru Jagjit Singh Ji Elibrary NamdhariElibrary@gmail.com

ਪੜ੍ਹ ਸਕਦੇ ਸਨ। ਅਤੇ ਇਹ ਅਖਰ ਖ਼ਾਲੀ ਗੁਰਮੁਖੀ ਅਖਰ ਹੀ ਹੋ ਸਕਦੇ ਸਨ।

ਪਹਿਲੇ ਚਾਰ ਗੁਰੂਆਂ ਦੀ ਤਾਰੀਫ਼ ਵਿਚ ਜੋ ਸਵੱਯੇ ਰਚ ਕੇ ਭਟਾਂ ਨੇ ਤੀਸਰੇ ਅਤੇ ਚੌਥੇ ਗੁਰੂਆਂ ਦੀ ਗੱਦੀ-ਨਸ਼ੀਨੀ ਸਮੇਂ ਪੜ੍ਹੇ ਸਨ, ਉਹ ਉਹਨਾਂ ਦੀ ਔਲਾਦ ਨੇ ਹੀ ਲਿਆ ਦਿਤੇ ਹੋਣਗੇ। ਹਰ ਛਤ੍ਰੀ ਕੁਲ ਨਾਲ ਪ੍ਰੋਹਤ ਵਾਂਗ 'ਰਾਅ' ਵੀ ਲੱਗਾ ਹੁੰਦਾ ਸੀ, ਜਿਸ ਤਰ੍ਹਾਂ ਹੋਰ 'ਸੇਪੀ' ਹੁੰਦੇ ਸਨ। ਇਹ 'ਰਾਅ ਜੀ' ਵਿਆਹਾਂ ਪੁਰ ਆਕੇ ਜਜਮਾਨ ਦੀ ਕੁਲ ਦੀਆਂ ਪੀਹੜੀਆਂ* ਪੜ੍ਹਦਾ ਸੀ ਅਤੇ ਆਪਣੀ ਰਚੀ ਜਜਮਾਨ ਦੀ ਸੋਭਾ ਵਾਲੀ ਬਾਣੀ ਵੀ ਪੜ੍ਹਦਾ ਜਾਂ ਗਾਉਂਦਾ ਸੀ, ਜਿਵੇਂ ਅਜ ਕਲ ਖੁਲ੍ਹੇ ਸ਼ਾਇਰਾਂ ਤੋਂ 'ਸਿਹਰੇ,' ਤੇ ਕਦੇ ਕਦੇ 'ਗਜਰੇ' ਬਨਵਾਕੇ ਪੜ੍ਹਨ ਦਾ ਰਵਾਜ ਪੈ ਗਿਆ ਹੈ। 'ਰਾਅ' ਹਾਲੀ ਵੀ ਮੌਜੂਦ ਹਨ ਤੇ ਕਈ ਘਰਾਂ ਵਿਚ ਵਿਆਹਾਂ ਪੁਰ ਆਉਂਦੇ ਹਨ। ਵਡੇ ਸਰਦਾਰਾਂ ਦੇ ਤੇ ਰਾਜ ਘਰਾਂ ਵਿਚ ਇਹੋ 'ਰਾਅ' ਤੇ ਭੱਟ ਲੋਕ ਜੋਧਿਆਂ ਦੀਆਂ ਵਾਰਾਂ ਬਨਾਂਦੇ ਅਤੇ ਵਿਆਹਾਂ ਤੇ ਗਦੀ ਨਸ਼ੀਨੀ ਪੁਰ ਉਸਤਤੀ ਦੇ ਸੋਹਿਲੇ ਪੜ੍ਹਦੇ ਸਨ। ਗੁਰੂ ਘਰ ਵਿਚ ਵੀ ਗੁਰੂ ਅਮਰਦਾਸ ਦੀ ਗਦੀ ਨਸ਼ੀਨੀ ਤੋਂ (ਜਦ ਗੁਰ-ਗਦੀ ਚੰਗੀ ਤਰ੍ਹਾਂ ਕਾਇਮ ਹੋ ਗਈ) ਇਹਨਾਂ ਭੱਟਾਂ ਤੇ ਰਾਆਂ ਨੇ ਆਉਣਾ ਸ਼ੁਰੂ ਕਰ ਦਿਤਾ ਸੀ ਅਤੇ ਕੁਦਰਤੀ ਤੌਰ ਪੁਰ ਬੇਦੀਆਂ, ਤ੍ਰਿਹਣਾਂ ਅਤੇ ਭਲਿਆਂ ਤਿਨਾਂ ਕੁਲਾਂ ਦੇ ਭੱਟਾਂ ਨੂੰ 'ਜੀਉ ਆਇਆਂ ਨੂੰ' ਕਹੀ ਗਈ, ਅਤੇ ਉਹਨਾਂ ਨੂੰ ਉਹਨਾਂ ਦੇ ਲਾਗ ਦਿਤੇ ਗਏ। ਗੁਰੂ ਰਾਮਦਾਸ ਦੀ ਗੱਦੀ-ਨਸ਼ੀਨੀ ਸਮੇਂ ਇਸ

---

*ਇਕ ਮਜ਼ੇਦਾਰ ਕਹਾਣੀ ਹੈ ਕਿ ਨਾਦਰ ਸ਼ਾਹ ਨੇ ਚਾਹਿਆ ਕਿ ਉਸਦੇ ਪੁਤ੍ਰ ਦਾ ਨਿਕਾਹ ਮੁਹਮਦ ਸ਼ਾਹ ਦੀ ਸ਼ਾਹਜ਼ਾਦੀ ਨਾਲ ਹੋਵੇ। ਉਸਨੂੰ ਦਸਿਆ ਗਿਆ ਕਿ ਉਥੇ ਸੱਤ ਪੀਹੜੀਆਂ ਦਸਨੀਆਂ ਪੈਣਗੀਆਂ ਜੋ ਸਾਰੇ ਪਾਤਸ਼ਾਹ ਹੋਏ ਹੋਣ। ਨਾਦਰ ਤਾਂ ਆਪ ਤਲਵਾਰ ਦੇ ਜ਼ੋਰ ਸਿਪਾਹੀ ਤੋਂ ਪਾਤਸ਼ਾਹ ਬਣਿਆ ਸੀ, ਪੁਤ੍ਰ ਨੂੰ ਕਿਹਾ ਕਿ ਆਪਣਾ ਨਾਂ ਲੈਕੇ 'ਬਿਨ ਨਾਦਰ ਬਿਨ ਸ਼ਮਸ਼ੇਰ, ਬਿਨ ਸ਼ਮਸ਼ੇਰ, ਬਿਨ ਸ਼ਮਸ਼ੇਰ ਤਾ ਹਫ਼ਤਾਦ ਪੁਸ਼ਤ ਬਗੋ'।



Sri Satguru Jagjit Singh Ji Elibrary NamdhariElibrary@gmail.com

ਸੋਢਿਆ ਦੀ ਮਹਿਮਾ ਹੋਰ ਵਧ ਗਈ ਸੀ, ਕਿਉਂਕਿ ਹੁਣ ਇਕ ਚੱਕ ਦੀ ਮੁਆਫ਼ੀ ਅਕਬਰ ਪਾਤਸ਼ਾਹ ਵਲੋਂ ਮਿਲ ਚੁਕੀ ਸੀ, ਅਤੇ ਫ਼ਕੀਰੀ ਤੋਂ ਬਦਲਕੇ ਗੁਰੂ ਸਾਹਿਬ ਦੀ ਸ਼ਾਨ ਤੇ ਠਾਠ ਅਮੀਰਾਨਾ ਹੋ ਗਏ ਸੀ। ਸੋ 'ਸੋਢੀ ਸੁਲਤਾਨ' ਦੀ ਸੋਭਾ ਕਰਨ ਲਈ ਸੋਢੀ ਕੁਲ ਦੇ ਭੱਟਾਂ ਨੇ ਆਉਣਾ ਹੀ ਸੀ। ਸਭ ਤੋਂ ਵਧੀਕ ਸਵੱਯੇ ਗੁਰੂ ਰਾਮਦਾਸ ਬਾਬਤ ਹੀ ਹਨ (੬੦)। ਭੱਟਾਂ ਦੇ ਸਵੱਯਾਂ ਨੂੰ ਜ਼ਰਾ ਡੂੰਘੀ ਨਜ਼ਰ ਨਾਲ ਪੜ੍ਹਕੇ ਤੁਸੀਂ ਅੰਦਾਜ਼ਨ ਇਹ ਕਹਿ ਸਕਦੇ ਹੋ ਕਿ ਕਿਹੜੇ ਭੱਟ ਬੇਦੀਆਂ ਦੇ ਤੇ ਤ੍ਰਿਕੁਨਾਂ ਦੇ ਸਨ ਅਤੇ ਕਿਹੜੇ ਭਲਿਆਂ ਤੇ ਸੋਢੀਆਂ ਦੇ। ਇਹ ਸਤਾਰਾਂ ਭੱਟ ਚਾਰ 'ਵੇਦਾਂ' ਤੇ ਬ੍ਰਹਮਾ ਦੇ ਅਵਤਾਰ ਨਹੀਂ ਸਨ, ਸਗੋਂ 'ਵੇਦੀ' ਆਦਿ ਚਾਰ ਕੁਲਾਂ ਦੇ ਰਾਅ ਭੱਟ ਸਨ। ਬਹਰ ਹਾਲ ਇਹ ਖ਼ੁਸ਼ਾਮਦ-ਭਰੀ ਬਾਣੀ ਭੱਟਾਂ ਦੀ ਔਲਾਦ ਨੇ ਹੀ ਲਿਆਕੇ ਦਿਤੀ ਹੋਵੇਗੀ* ਅਤੇ ਇਹੋ ਵਜ੍ਹਾ ਉਸਦੇ ਬੀੜ ਵਿਚ ਜ਼ਮੀਮੇ ਦੇ ਤੌਰ ਪੁਰ ਦਾਖ਼ਲ ਕਰਨ ਦੀ ਹੋਈ ਹੋਵੇਗੀ। ਨਹੀਂ ਤਾਂ ਹੋਰ ਕੋਈ ਸਬਬ ਨਹੀਂ ਦਿਸਦਾ ਕਿ ਕਿਉਂ ਗੁਰੂ ਸਾਹਿਬ ਅਜਿਹੀ ਬਾਣੀ ਨੂੰ ਬੀੜ ਵਿਚ ਚੜ੍ਹਾਇਆ, 'ਭਾਵੇਂ ਖਿਲ' ਭਾਗ ਜਾਂ (supplement) ਵਿਚ ਹੀ ਹੈ।

ਛੇਵੇਂ ਗੁਰੂ ਜੀ ਦੀ ਗਦੀ ਨਸ਼ੀਨੀ ਪੁਰ ਸਤੇ ਬਲਵੰਡ ਨੇ ਦੋ ਪਉੜੀਆਂ ਆਪਣੀ ਵਾਰ ਵਿਚ ਹੋਰ ਵਧਾਈਆਂ। ਇਹ ਭੀ ਇਕ ਪੁਰਾਤਨ ਬੀੜ ਵਿਚ ਦਰਜ ਹਨ। ਏਸ ਵਾਰ ਬਾਬਤ ਇਹ ਖ਼ਿਆਲ ਹੈ ਕਿ ਇਹ 'ਵਾਰ' ਸਤੇ ਬਲਵੰਡ ਨੇ ਪੰਚਮ ਪਾਤਸ਼ਾਹੀ ਦੀ ਗਦੀ ਨਸ਼ੀਨੀ ਪੁਰ ਰਵਾਜਨ ਨਹੀਂ ਕਹੀ ਸੀ, ਸਗੋਂ ਪਿਛੋਂ ਉਹਨਾਂ ਦਾ ਰੋਸ ਦੂਰ ਕਰਨ ਲਈ ਉਹਨੀਂ ਦਿਨੀ ਕਹੀ ਸੀ, ਜੱਦ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋ ਰਹੀ ਸੀ, ਅਤੇ ਆਪਣੀ ਤਕਸੀਰ ਮੁਆਫ਼ ਕਰਾਨ ਲਈ ਉਹ ਭਾਈ ਲੱਧਾ ਪਰਉਕਾਰੀ ਨੂੰ ਲਾਹੌਰੋਂ ਨਾਲ ਲਿਆਏ ਸਨ।

ਇਹ ਸਾਖੀ ਆਪਣੇ ਥਾਂ ਠੀਕ ਹੋਵੇਗੀ, ਪਰ ਇਸ ਦਾ ਵਾਸਤਾ

---

*ਅਜ ਕਲ 'ਸਿਹਰੇ' ਤੇ 'ਗਜਰੇ' ਛਪਵਾਕੇ ਵੰਡ ਦਿਤੇ ਜਾਂਦੇ ਹਨ।



Sri Satguru Jagjit Singh Ji Elibrary NamdhariElibrary@gmail.com

'ਟਿੱਕੇ ਦੀ ਵਾਰ' ਨਾਲ ਨਹੀਂ ਹੋ ਸਕਦਾ। ਨਾਮ ਅਤੇ ਮਜ਼ਮੂਨ ਦੋਹਾਂ ਤੋਂ ਦਿਸ ਰਿਹਾ ਹੈ ਕਿ ਇਹ ਰਚਨਾ ਗੁਰੂ ਸਾਹਿਬ ਦੇ ਗੁਰਿਆਈ ਦਾ ਤਿਲਕ ਮਿਲਨੇ ਸਮੇਂ ਪੜ੍ਹੀ ਗਈ। ਫੇਰ ਇਹਨਾਂ ਹੀ ਡੂਮਾਂ ਨੇ ਦੋ ਪਉੜੀਆਂ ਹੋਰ ਗੁਰੂ ਹਰਿ ਗੋਬਿੰਦ ਸਾਹਿਬ ਦੇ ਟਿਕੇ ਦੀ ਰਸਮ ਪੁਰ ਰਚਕੇ ਇਹਨਾਂ ਨਾਲ ਮਿਲਾਈਆਂ, ਜੋ ਇਕ ਗ੍ਰੰਥ ਵਿਚ ਮੌਜੂਦ ਹਨ। ਹੋਰ ਭੱਟਾਂ ਦੇ ਰਚੇ ਸਵੱਯਾਂ ਨਾਲੋਂ ਏਸਦਾ ਫ਼ਰਕ ਇਹ ਸੀ ਕਿ ਇਹ 'ਵਾਰ' ਸੀ ਅਤੇ ਗਾਵੀਂ ਜਾਂ ਸਕਦੀ ਸੀ, ਇਸ ਕਰਕੇ ਰਾਗਾਂ ਹੇਠਾਂ ਦੇ ਦਿੱਤੀ ਗਈ। ਦੂਜੀ ਰਚਨਾ ਸਵੇਯਾਂ ਵਿਚ ਸੀ ਜੋ ਪੜ੍ਹਕੇ ਸੁਣਾਏ ਹੀ ਜਾ ਸਕਦੇ ਸਨ, ਸੋ ਉਹਨਾਂ ਨੂੰ 'ਖਿਲ' ਭਾਗ ਵਿਚ ਜਗ੍ਹਾ ਮਿਲੀ ਅਤੇ ਉਥੇ ਭੀ ਸਭ ਤੋਂ ਛੇਕੜ। ਫੇਰ ਏਸ ਵਾਰ ਵਿਚ ਉਹ ਹਦੋਂ ਟਪਿਆ ਮੁਬਾਲਗਾ ਗੁਰੂ ਸਾਹਿਬ ਦੀ ਤਾਰੀਫ਼ ਵਿਚ ਨਹੀਂ ਸੀ ਕੀਤਾ ਗਿਆ ਜੋ ਸਵੱਯਾਂ ਵਿਚ ਸੀ, ਜਿਥੇ ਮਥਰਾ ਭੱਟ ਲਿਖਦਾ ਹੈ :-

'ਭਣ ਮਥਰਾ ਕਛੁ ਭੇਦ ਨਹ, ਗੁਰੁ ਅਰਜਨ ਪ੍ਰਤੱਖ ਹਰਿ।'

ਇਕ ਹੋਰ ਗਲ ਵੀ ਸੋਚਣ ਵਾਲੀ ਹੈ ਕਿ ਭਗਤਾਂ ਦੀ ਜੋ ਬਾਣੀ ਗ੍ਰੰਥ ਸਾਹਿਬ ਵਿਚ ਲਿਖੀ ਮਿਲਦੀ ਹੈ, ਕੀਹ ਉਹ ਕਿਤੇ ਹੋਰਥੇ ਭੀ ਗ੍ਰੰਥ ਸਾਹਿਬ ਤੋਂ ਪੁਰਾਣੀਆਂ ਕਿਤਾਬਾਂ ਵਿਚ ਮਿਲਦੀ ਹੈ ਕਿ ਨਹੀਂ, ਜਿਸਤੇ ਦੋਹਾਂ ਦਾ ਮੁਕਾਬਲਾ ਕੀਤਾ ਜਾ ਸਕੇ? ਜਵਾਬ ਹੈ ਕਿ ਨਹੀਂ। ਗ੍ਰੰਥ ਸਾਹਿਬ ਵਿਚ ਆਏ ਭਗਤਾਂ ਵਿਚੋਂ ਜੈਦੇਵ ਸਭ ਤੋਂ ਪੁਰਾਣਾ ਹੈ। ਉਸਦੀ ਰਚਨਾ 'ਗੀਤ ਗੋਬਿੰਦ' ਆਦਿ ਸਾਰੀ ਚੰਗੀ ਮਿਠੀ ਸੰਸਕ੍ਰਿਤ ਵਿਚ ਮਸ਼ਹੂਰ ਹੈ ਅਤੇ ਪੁਰੀ ਆਦਿ ਮੰਦਰਾਂ ਵਿਚ ਰੋਜ਼ ਪੜ੍ਹੀ ਜਾਂਦੀ ਹੈ। ਰਾਗੀ ਤੇ ਭਗਤ ਭੀ ਗਾਉਂਦੇ ਹਨ। ਜੈਦੇਵ ਦੇ ਦੋ ਹੀ ਸ਼ਬਦ ਗ੍ਰੰਥ ਸਾਹਿਬ ਵਿਚ ਦਿਤੇ ਹਨ ਅਤੇ ਦੋਵੇਂ ਹੋਰ ਕਿਤੇ ਨਹੀਂ ਮਿਲਦੇ। ਇਕ ਸ਼ਬਦ ਤਾਂ ਛੇਕੜਲੀ ਤੁਕ ਛਡਕੇ ਖ਼ਾਲਿਸ ਸੰਸਕ੍ਰਿਤ ਦਾ ਹੈ, ਅਤੇ ਛੇਕੜਲੀ ਸਤਰ ਪੂਰਬੀ ਹਿੰਦੀ ਵਿਚ। ਗੁਰੂ ਸਾਹਿਬ ਵੀ 'ਗੀਤ ਗੋਬਿੰਦ' ਦੇ ਨਾਮ ਤੋਂ ਵਾਕਿਫ਼ ਸਨ। ਇਕ



Sri Satguru Jagjit Singh Ji Elibrary NamdhariElibrary@gmail.com

ਥਾਂ ਕਹਿੰਦੇ ਹਨ 'ਮਿਲ ਸਖੀਆਂ ਮੰਗਲ ਗਾਵਹੀਂ ਗੀਤ ਗੋਬਿੰਦ ਅਲਾਇ॥' ਦੂਜਾ ਸ਼ਬਦ 'ਬਿਹਾਰੀ ਹਿੰਦੀ' ਦਾ ਹੈ, ਜਿਸ ਵਿਚ ਕਈ ਲਫ਼ਜ਼ ਬੰਗਾਲੀ ਜ਼ਬਾਨ ਦੇ ਮਿਲੇ ਹੋਏ ਹਨ। ਦੋਵੇਂ ਸ਼ਬਦ ਜੈਦੇਵ ਦੇ ਹੀ ਹਨ। ਇਸ ਵਿਚ ਸ਼ੱਕ ਕਰਨ ਦੀ ਕੋਈ ਵਜ੍ਹਾ ਨਹੀਂ ਦਿਸਦੀ। ਪਰ ਹਨ ਇਹ ਉਸ ਸ਼ਕਲ ਵਿਚ ਜੋ ਪੰਜਾਬ ਦੇ ਵਾਸੀ ਵੈਸ਼ਣਵ ਭਗਤਾਂ ਵਿਚ ਗ੍ਰੰਥ ਸਾਹਿਬ ਦੇ ਬਣਨ ਵੇਲੇ ਪਰਚੱਲਤ ਸੀ।

ਨਾਮਦੇਵ ਦੀ ਮਰਹੱਟੀ ਰਚਨਾਂ ਅਭੰਗਾ ਵਗੈਰਾ ਵਿਚ ਬਹੁਤ ਹੈ। ਏਸ ਸਭ ਨੂੰ ਇਕ ਵੱਡੀ ਸਾਰੀ ਕਿਤਾਬ ਵਿਚ ਜਿਸਦਾ ਨਾਂ 'ਨਾਮਦੇਵ ਗਾਥਾ' ਰਖਿਆ ਹੈ, ਇਕੱਠਾ ਕੀਤਾ ਗਿਆ ਹੈ। ਇਸ ਨੂੰ ਕੋਈ ਪੰਜਾਹ ਪਚਵੰਜਾਂ ਵਰ੍ਹੇ ਹੋਏ ਹਨ। ਕਿਤਾਬ ਵਿਚ ਨਾਮਦੇਵ ਦੇ 'ਹਿੰਦੀ ਪਦੇ' ਵੀ ਦਿਤੇ ਹਨ ਜੋ ਗ੍ਰੰਥ ਸਾਹਿਬ ਵਿਚੋਂ ਨਕਲ ਕੀਤੇ ਹਨ, ਅਤੇ ਪੰਜਾਹ ਕੁ ਬਾਹਰੋਂ ਹੋਰ ਹਿੰਦੀ ਕਿਤਾਬਾਂ ਤੋਂ ਇਕੱਠੇ ਕੀਤੇ ਹਨ। ਨਾਮਾਬੰਸੀ ਪੰਜਾਬ ਵਿਚ ਬਹੁਤੇਰੇ ਹਨ। ਅਤੇ ਪੁਰਾਣੇ ਵਕਤਾਂ ਤੋਂ ਚਲੇ ਆਏ ਹਨ। ਇਕ ਪੁਰਾਣਾ ਮੰਦਰ ਏਹਨਾਂ ਦਾ ਨਾਮਦੇਵ ਦੀ ਯਾਦਗਾਰ ਵਿਚ ਪਿੰਡ ਘੁਮਾਨ ਜ਼ਿਲਾ ਗੁਰਦਾਸ ਪੁਰ ਵਿਚ ਹੈ। ਸੋ ਪ੍ਰਤਖ ਹੈ ਕਿ ਨਾਮਦੇਵ ਦੀ ਬਾਣੀ ਉਸਦੇ ਪੰਥ ਦੇ ਲੋਕਾਂ ਕੋਲੋਂ ਹੀ ਲਈ ਗਈ ਹੋਵੇਗੀ। ਨਾਮਦੇਵ ਦੀ ਬਾਣੀ ਪੁਰ ਧਾਰਮਕ ਤੇ ਵਿਚਾਰਕ ਨੁਕਤਿਆਂ ਤੋਂ ਬਹੁਤ ਸਾਰੇ ਸ਼ੰਕੇ ਉਠਦੇ ਹਨ, ਪਰ ਗੁਰੂ ਸਾਹਿਬ ਦਾ ਉਸਨੂੰ ਜਿਉਂ ਦਾ ਤਿਉਂ ਗ੍ਰੰਥ ਸਾਹਿਬ ਵਿਚ ਦਰਜ ਕਰ ਦੇਣਾ, ਅਤੇ ਉਸ ਬਾਣੀ ਵਿਚ ਬਹੁਤ ਸਾਰੇ ਮਰਹਟੀ ਦੇ ਲਫ਼ਜ਼ਾਂ ਅਤੇ ਕ੍ਰਿਆ ਪਦਾਂ (verbs) ਦੀਆਂ ਸ਼ਕਲਾਂ, ਉਸ ਬਾਣੀ ਦੇ ਨਾਮਦੇਵ ਦੀ ਅਸਲੀ ਬਾਣੀ ਹੋਣ ਦੀ ਸਨਦ ਹਨ। ਹਾਂ ਗੁਰੂ ਸਾਹਿਬ ਤਕ ਅਪੜਦੇ ਤਾਈਂ ਉਸ ਵਿਚ ਜੋ ਅਦਲ ਬਦਲ ਅਣਜਾਣੇ ਹੋ ਚੁਕੇ ਹੋਣ, ਉਹ ਵਖਰੀ ਗਲ ਹੈ, ਇਹ ਨਵੀਨਤਾ ਜਾਂ (modernization) ਸਦਾ ਆਪਣੇ ਆਪ ਹੁੰਦੀ ਹੀ ਰਹਿੰਦੀ ਹੈ।

ਬਾਬੇ ਮੋਹਨ ਵਾਲੀ ਦੂਜੀ ਪੋਥੀ ਵਿਚ ਨਾਮ ਦੇਵ ਦਾ ਇਕ ਸ਼ਬਦ



Sri Satguru Jagjit Singh Ji Elibrary NamdhariElibrary@gmail.com

ਪਹਿਲੇ ਵਰੇ ਉਸਨੇ ਕੱਟ ਦਿੱਤਾ ਹੈ, ਤੇ ਅਗਲੇ ਹੀ ਸਫੇ ਪੁਰ ਉਹੋ ਸ਼ਬਦ ਦੂਸਰੀ ਸ਼ਕਲ (version) ਵਿਚ ਦਿੱਤਾ ਹੈ, ਅਤੇ ਇਹ ਦੂਸਰੀ ਸ਼ਕਲ ਉਸ ਸ਼ਬਦ ਦੀ ਹੈ, ਜੋ ਗ੍ਰੰਥ ਸਾਹਿਬ ਵਿਚ ਦਿੱਤੀ ਹੈ। ਏਸ ਤੋਂ ਅਸੀਂ ਨਤੀਜਾ ਕਢ ਸਕਦੇ ਹਾਂ ਕਿ ਭਗਤਾਂ ਦੇ ਸ਼ਬਦਾਂ ਦੀਆਂ ਅੱਡ ਅੱਡ ਸ਼ਕਲਾਂ (versions) ਪਾਠ ਦੇ ਫ਼ਰਕ ਨਾਲ, ਗੁਰੂ ਸਾਹਿਬਾਨ ਦੇ ਵੇਲੇ ਲੋਕਾਂ ਵਿਚ ਪ੍ਰਚਲੱਤ ਸਨ। ਸਹੰਸਰ ਰਾਮ ਨੂੰ ਵੀ ਇਕੋ ਸ਼ਬਦ ਨਾਮਦੇਵ ਦਾ ਦੋ ਸ਼ਕਲਾਂ ਵਿਚ ਖੁਲ੍ਹੇ ਪਤ੍ਰਿਆਂ ਪੁਰ ਲਿਖਿਆ ਮਿਲਿਆ, ਅਤੇ ਉਸਨੇ ਇਹਨਾਂ ਪਤ੍ਰਿਆਂ ਨੂੰ ਹੇਠਾਂ ਉਪਰ ਰਖ ਲਿਆ। ਪਰ ਜਦ ਪੋਥੀ ਵਿਚ ਨਕਲ ਕਰਨ ਲੱਗਾ ਤਦ ਪਤਾ ਲਗਾ ਕਿ ਦੋਵੇਂ ਪਤ੍ਰਿਆਂ ਪੁਰ ਇਕੋ ਹੀ ਸ਼ਬਦ ਹੈ, ਪਾਠਾਂਤ੍ਰ ਕਰਕੇ। ਸੋ ਉਸਨੇ ਪਹਿਲੇ ਸਫੇ ਪੁਰ ਲਿਖੇ ਸ਼ਬਦ ਨੂੰ ਕਟ ਦਿੱਤਾ ਅਤੇ ਦੂਜਾ ਜੋ ਚੰਗਾ ਤੇ ਸਹੀ ਦਿਸਦਾ ਸੀ, ਉਹ ਰਖ ਲਿਆ। ਸ਼ਾਇਦ ਇਹ ਦੂਜਾ ਸ਼ੁਧ ਹੋਇਆ ਅਤੇ ਨਵੇਂ ਰੂਪ ਵਿਚ ਸੀ।

'ਅਰਸ਼ਾਦਾਤੇ ਫ਼ਰੀਦੀ' ਨਾਮ ਦੀ ਕਿਤਾਬ ਉਰਦੂ ਵਿਚ ਕੁਝ ਵਰ੍ਹੇ ਹੋਏ ਹਨ, ਲਿਖੀ ਗਈ ਹੈ। ਫ਼ਾਰਸੀ ਅਖਰਾਂ ਰਾਹੀਂ ਪੰਜਾਬੀ ਬੋਲੀ ਦੇ ਇਮਤਿਹਾਨਾਂ ਲਈ ਇਹ ਇਕ ਕੋਰਸ ਦੀ ਕਿਤਾਬ ਹੈ। ਉਸ ਵਿਚ ਬਾਬਾ ਫ਼ਰੀਦ ਦੀ ਬਾਣੀ ਗ੍ਰੰਥ ਸਾਹਿਬ ਵਿਚੋਂ ਲੈਕੇ ਦਿੱਤੀ ਹੈ। ਖ਼ਾਲੀ ਬਾਰਾਂ ਕੁ ਸਲੋਕ ਬਾਹਰੋਂ ਹਨ। ਕਿਥੋਂ ਲਏ ਹਨ? ਇਹ ਨਹੀਂ ਦਸਿਆ। ਟੀਕਾ ਕਰਦੇ ਸਮੇਂ ਟੀਕਾਕਾਰ ਨੇ ਹਰ ਸਲੋਕ ਦੇ ਨਾਲ ਕੁਰਾਨ ਦੀਆਂ ਆਇਤਾਂ ਅਤੇ ਹਦੀਸਾਂ ਵਿਚੋਂ ਪ੍ਰਮਾਣ ਦਿਤੇ ਹਨ, ਜਿਨ੍ਹਾਂ ਤੋਂ ਦਿਸਦਾ ਹੈ ਕਿ ਇਹਨਾਂ ਸਲੋਕਾਂ ਆਦਿ ਵਿਚ ਇਕ ਅਖਰ ਵੀ ਇਸਲਾਮ ਦੀ ਸਿਖਿਆ ਦੇ ਉਲਟ ਨਹੀਂ ਜਾਂ ਉਸ ਤੋਂ ਬਾਹਰਾ ਨਹੀਂ। ਸਲੋਕਾਂ ਆਦਿ ਨੂੰ ਠੀਕ ਠੀਕ 'ਬਾਬਾ ਫ਼ਰੀਦ' ਦੀ ਰਚਨਾ ਮੰਨਿਆ ਹੈ, ਹੋਰ ਕਿਸੇ ਸੱਜਾਦਹ-ਨਸ਼ੀਨ,



Sri Satguru Jagjit Singh Ji Elibrary NamdhariElibrary@gmail.com

ਦੂਜੇ ਤੀਜੇ ਫ਼ਰੀਦ-ਰੂਪ ਦੀ ਰਚੀ ਨਹੀਂ* । ਇਹ ਫ਼ਰੀਦ ਦੀ ਬਾਣੀ ਫ਼ਰੀਦ ਦੇ ਮੁਰੀਦਾਂ ਤੋਂ ਹੀ ਪਹਿਲੋਂ ਗੁਰੂ ਅਮਰਦਾਸ, ਫੇਰ ਸਹੰਸਰ ਰਾਮ ਤੇ ਛੇਕੜ ਗੁਰੂ ਅਰਜਨ ਦੇਵ ਨੂੰ ਮਿਲੀ ਹੋਣੀ ਏ। ਪਾਕਪਟਨ ਵਿਚ ਬਾਬਾ ਫ਼ਰੀਦ ਦੀ ਪ੍ਰਸਿੱਧ ਗੱਦੀ ਹੈ, ਜਿਥੇ ਉਹਨਾਂ ਦੀ ਔਲਾਦ ਅਜ ਤਕ ਸਜਾਦਹ ਨਸ਼ੀਨ ਚਲੀ ਆਉਂਦੀ ਹੈ । ਸ਼ੇਖ਼ ਇਬਰਾਹੀਮ ਦਾ ਤਾਂ ਮੈਂ ਕਹਿ ਨਹੀਂ ਸਕਦਾ, ਪਰ ਅਜ ਕਲ ਦੇ ਲੋਕ ਜੋ ਉਸ ਗੱਦੀ ਨਾਲ ਵਾਸਤਾ ਰਖਦੇ ਹਨ, ਅਮੂਮਨ ਅਨਪੜ੍ਹ ਹੀ ਸੁਣੇ ਗਏ ਹਨ, ਜਿਸ ਤਰ੍ਹਾਂ ਕਿ ਹਰ ਗੱਦੀ ਦਾ ਹਾਲ ਮੁਢਲਿਆਂ ਤੋਂ ਪਿਛੋਂ ਹੋ ਜਾਇਆ ਕਰਦਾ ਹੈ।

ਕਬੀਰ ਜੀ ਦੀ ਬਾਣੀ ਨਾ ਸਿਰਫ਼ ਹਰ ਭਗਤ ਦੀ ਬਾਣੀ ਨਾਲੋਂ ਵਧੀਕ ਹੈ, ਸਗੋਂ ਸਾਰੇ ਭਗਤਾਂ ਨੂੰ ਮਿਲਾਕੇ ਭੀ ਵਧੀਕ ਹੈ। ਏਸਦੇ ਕਈ ਸਬਬ ਸਨ। ਇਕ ਤਾਂ ਇਹ ਬਾਣੀ ਬਹੁਤ ਸੀ ਤੇ ਪੰਜਾਬ ਵਿਚ ਬਹੁਤ ਮਿਲ ਸਕਦੀ ਸੀ। ਕਬੀਰ ਪੰਥੀ ਪੰਜਾਬ ਵਿਚ ਹਰ ਥਾਂ ਫੈਲੇ ਹੋਏ ਸਨ, ਕੀਹ ਸਾਧੂ ਤੇ ਕੀਹ ਗ੍ਰਿਹਸਥੀ, ਅਤੇ ਉਹਨਾਂ ਦੀਆਂ ਸੰਗਤਾਂ ਤੇ ਚੌਰੇ ਭੀ ਥਾਂ ਥਾਂ ਸਨ। ਬਾਣੀ ਇਕੱਠੀ ਕਰਨ ਲਈ ਜਿਥੇ ਗੁਰੂ ਸਾਹਿਬ ਗੋਇੰਦਵਾਲ, ਖਡੂਰ ਅਤੇ ਲਾਹੌਰ ਗਏ ਸਨ, ਉਥੇ ਖਡੂਰ ਦੇ ਪਾਸ ਕਬੀਰ ਪੰਥੀਆਂ ਦੇ ਇਕ ਡੇਰੇ ਭੀ ਗਏ ਸਨ । ਫੇਰ ਕਬੀਰ ਦੀ ਬਾਣੀ ਠੀਕ ਉਹਨਾਂ ਦੇ ਆਪਣੇ ਆਸ਼ੇ ਜਾਂ ਗੁਰਸਿਖੀ ਦੇ ਅਨੁਸਾਰ ਸੀ। ਨਵੀਨ ਹਿੰਦੂ ਮਤ ਨੇ, ਬੋਧਾਂ ਅਤੇ ਜੈਨੀਆਂ ਦੇ ਮੈਦਾਨ ਵਿਚੋਂ ਨਿਕਲ ਜਾਨ ਪਿਛੋਂ, ਵੈਸ਼ਣਵ ਲਹਿਰ ਦੀ ਸ਼ਕਲ ਧਾਰਨ ਕੀਤੀ ਸੀ। ਬ੍ਰਹਿਮਣਾਂ ਨੇ ਆਪਣੇ ਪੁਰਾਣੇ ਇਤਿਹਾਸ ਵਿਚੋਂ ਹੀ ਕੁਝ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਅਗੇ ਰਖਕੇ, ਬੁਧ ਅਤੇ ਮਹਾਵੀਰ ਦੀ ਥਾਂ ਦੇਕੇ, ਉਹਨਾਂ ਦੀ ਪੂਜਾ ਬੜੇ ਦਿਲ

---

*ਇਬ੍ਰਾਹੀਮ ਨੂੰ ਆਪਣੇ ਪਾਸੋਂ 'ਫ਼ਰੀਦ ਸਾਨੀ' ਦਾ ਨਾਮ ਦੇਕੇ ਸਿਖਾਂ ਨੇ ਇਕ ਅਨਹੋਏ ਇਹਤ੍ਰਾਜ਼ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ, ਜੋ ਸਰਾਸਰ ਗ਼ਲਤੀ ਹੈ। ਜ਼ਮੀਮੇ ਵਿਚ ਇਸ ਪੁਰ ਵਿਚਾਰ ਕੀਤੀ ਹੈ।



Sri Satguru Jagjit Singh Ji Elibrary NamdhariElibrary@gmail.com

ਖਿਚਵੇਂ ਢੰਗ ਵਿਚ, ਮਨੁਖ ਦੇ ਜਜ਼ਬਾਤ ਨੂੰ ਅਪੀਲ ਕਰਨ ਵਾਲੀ, ਚਲਾਈ ਸੀ। ਇਹ ਨਵੇਂ ਖ਼ਿਆਲਾਤ ਸਾਰੇ ਹਿੰਦੁਸਤਾਨ ਵਿਚ ਹਿੰਦੂਆਂ ਅੰਦਰ ਫੈਲ ਰਹੇ ਸਨ। ਹੋਰਥੇ ਤਾਂ ਇਹ ਖ਼ਿਆਲ ਆਪਣੀ ਲੀਹਾਂ ਪੁਰ ਵਧਦੇ ਫੁਲਦੇ ਰਹੇ, ਪਰ ਉਤਰੀ ਹਿੰਦ ਵਿਚ ਅਤੇ ਖ਼ਾਸ ਕਰ ਕੇ ਪੰਜਾਬ ਵਿਚ ਇਸ ਨੂੰ ਜ਼ੋਰ ਦੇ ਝੂਟੇ ਦੇਣ ਵਾਲੀ ਇਕ ਹਨੇਰੀ ਇਸਲਾਮ ਦੇ ਅਸਰਾਂ ਦੀ ਸ਼ਕਲ ਵਿਚ ਵਗ ਰਹੀ ਸੀ। ਇਸਲਾਮ ਦਾ ਵੱਡਾ ਮਸਲਾ 'ਵਾਹਿਦ-ਹੂ-ਲਾਸ਼ਰੀਕ' ਅਤੇ ਮੁਸਲਮਾਨਾਂ ਦੀ ਬੁਤਪ੍ਰਸਤੀ ਤੋਂ ਸਖ਼ਤ ਨਫ਼ਰਤ (ਜੋ ਉਹਨਾਂ ਨੂੰ ਯਹੂਦੀਆਂ ਤੋਂ ਵਿਰਸੇ ਵਿਚ ਮਿਲੀ ਸੀ), 'ਅਵਤਾਰਾਂ' ਦੀ ਪੂਜਾ ਲਈ ਸੁਰੰਗ-ਲਾਈ ਦਾ ਕੰਮ ਦੇ ਰਹੀ ਸੀ। ਕਬੀਰ ਜੋ ਇਕ ਨੌਮੁਸਲਮ ਘਰ ਵਿਚ ਜੰਮਿਆ ਪਲਿਆ ਸੀ, ਉਸ ਦੇ ਖ਼ਮੀਰ ਅਤੇ ਤਰਬੀਅਤ ਵਿਚ ਹੀ ਇਹ ਗਲ ਵੜੀ ਹੋਈ ਸੀ; ਅਤੇ ਪੰਜਾਬ ਵਿਚ ਜੋ ਇਸਲਾਮੀ ਅਸਰਾਂ ਦਾ ਕੇਂਦਰ ਸੀ, ਇਹ ਅਸਰ ਗੁਰੂ ਨਾਨਕ ਸਾਹਿਬ ਦੀ ਤਰਬੀਅਤ ਵਿਚ ਬਹੁਤ ਜ਼ਬਰਦਸਤ ਸਾਬਤ ਹੋਏ, ਉਹਨਾਂ ਨੇ ਅਵਤਾਰ ਪੂਜਾ ਦੇ ਉਲਟ ਜੋ ਵੈਸ਼ਣਵ ਮਤ ਦਾ ਕੇਂਦਰੀ ਮਸਲਾ ਸੀ, ਆਪਣਾ ਲਕਬ ਹੀ 'ਨਿਰੰਕਾਰੀ'* ਰਖ ਲਿਆ ਸੀ। ਸੋ ਉਤ੍ਰੀ ਹਿੰਦ ਵਿਚ ਵੈਸ਼ਣਵ ਲਹਿਰ ਦੀਆਂ ਇਹ ਦੋ ਸ਼ਕਲਾਂ ਹੋਰਨਾਂ ਵੈਸ਼ਣਵ ਪੰਥਾਂ ਤੇ ਮਤਾਂ ਨਾਲੋਂ ਵਖਰੀਆਂ ਹੋ ਗਈਆਂ ਸਨ, ਅਤੇ ਇਕ 'ਨਿਰਾਕਾਰ' (ਆਕਾਰ ਜਾਂ ਜਿਸਮ ਤੋਂ ਬਿਨਾਂ) ਪਰਮੇਸ਼ਵਰ ਦੀ ਪ੍ਰੇਮਾ ਭਗਤੀ ਤੇ ਨਾਮ ਸਿਮਰਣ ਪਰ ਜ਼ੋਰ ਦੇਂਦੀਆਂ ਸਨ। ਇਹ ਇਹਨਾਂ ਦੋ ਪੰਥਾਂ ਦੀ ਸਾਂਝ ਸੀ, ਅਤੇ ਇਹ ਸਾਂਝ ਐਡੀ ਪ੍ਰਤਖ ਸੀ ਕਿ ਕਈ ਵਿਦਵਾਨਾਂ ਨੇ ਏਸੇ ਬੁਨਿਆਦ ਤੇ ਗੁਰੂ ਨਾਨਕ ਸਾਹਿਬ ਨੂੰ ਕਬੀਰ ਜੀ ਦਾ ਚੇਲਾ ਦਸਿਆ ਹੈ, ਕਿਉਂ ਜੋ ਕਬੀਰ ਜੀ ਗੁਰੂ ਨਾਨਕ ਸਾਹਿਬ ਤੋਂ ਕੁਝ ਪਹਿਲੇ ਹੋਏ ਹਨ। ਏਸੇ ਤਰ੍ਹਾਂ ਇਕ ਬੰਗਾਲੀ ਵਿਦਿਵਾਨ ਨੇ ਸਿਖ ਧਰਮ ਨੂੰ 'ਇਸਲਾਮ, ਜਿਸ ਵਿਚੋਂ ਪੈਗੰਬਰ ਨੂੰ ਕੱਢ

*ਗੁਰੂ ਨਾਨਕ ਨੇ ਤਾਂ ਤਮੀਜ਼ ਕਰਨ ਲਈ 'ਰਾਮ' 'ਗੋਬਿੰਦ' ਦੀ ਥਾਂ ਨਾਂ ਵੀ 'ਵਾਹਿਗੁਰੂ' 'ਸਤਿਕਰਤਾਰ' 'ਸਤਿਨਾਮ' ਚਾਲੂ ਕੀਤੇ ਸਨ।



Sri Satguru Jagjit Singh Ji Elibrary NamdhariElibrary@gmail.com

ਦਿੱਤਾ ਗਿਆ ਹੈ' ਆਖਿਆ ਹੈ। ਅਸਲੀਅਤ ਇਹ ਸੀ ਕਿ ਦੋਹਾਂ ਪੰਥਾਂ ਦੀ ਇਹ ਏਕਤਾ ਜਾਂ ਸਾਂਝ ਇੱਕੋ ਹੀ ਕਿਸਮ ਦੇ ਅਸਰਾਂ ਹੇਠਾਂ ਪੈਦਾ ਹੋਣ ਦਾ ਨਤੀਜਾ ਸੀ। ਕਬੀਰ ਜੀ ਦੀ ਬਾਣੀ ਗੁਰੂ ਸਾਹਿਬ ਦੇ ਆਪਣੇ ਮਤ ਦੀ ਪ੍ਰੋੜ੍ਹਤਾ ਕਰਦੀ ਸੀ, ਉਹਨਾਂ ਨੂੰ ਇਸ ਵਿਚ ਕੁਝ ਨਿਵੇਕਲੀ ਅਤੇ ਅਨੋਖੀ ਸਿਖਿਆ ਨਜ਼ਰ ਨਹੀਂ ਸੀ ਆਉਂਦੀ। ਸੋ ਗੁਰੂ ਸਾਹਿਬ ਨੂੰ ਜਿਨੀ ਕੁ ਵੀ ਇਹ ਬਾਣੀ ਮਿਲ ਸੱਕੀ, ਉਹ ਗ੍ਰੰਥ ਸਾਹਿਬ ਵਿਚ ਚੜ੍ਹਾ ਦਿੱਤੀ, ਏਥੇ ਕੋਈ ਚੋਣ ਕਰਨ ਦੀ ਲੋੜ ਨਹੀਂ ਸੀ, ਸਿਵਾਏ ਉਹਨਾਂ ਸ਼ਬਦਾਂ ਨੂੰ ਛੱਡਣ ਦੇ, ਜਿਥੇ (mysticism) ਪਰ ਜ਼ੋਰ ਦਿੱਤਾ* ਹੈ ਅਤੇ ਯੋਗ ਦੇ ਅਮਲਾਂ ਨੂੰ ਕਰਨ ਦੀ ਹਿਦਾਇਤ ਹੈ।

ਕਬੀਰ ਪੰਥੀਆਂ ਦੀ ਬਾਣੀ ਬੜੀ ਵਾਫ਼ਰ ਹੈ। ਕਬੀਰ ਜੀ ਦੀ ਆਪਣੀ ਜੋ ਸੀ ਉਹ ਤਾਂ ਸੀ ਹੀ, ਪਰ ਕਬੀਰ ਪੰਥੀ ਸਾਧੂਆਂ ਦੀ ਰਚੀ ਬਾਣੀ ਉਸ ਨਾਲੋਂ ਕਿਤੇ ਹੋਰ ਵਧ ਗਈ ਹੈ, ਖ਼ਾਸ ਕਰਕੇ ਇਕ 'ਕਬੀਰਦਾਸ' ਦੀ, ਜੋ ਕਬੀਰ ਜੀ ਤੋਂ ਥੋੜਾ ਚਿਰ ਹੀ ਪਿਛੋਂ ਹੋਇਆ ਹੈ। ਅਤੇ ਹੁਣ ਇਨ੍ਹਾਂ ਬਾਣੀਆਂ ਦਾ ਨਿਖੇੜਨਾ ਔਖਾ ਹੋ ਗਿਆ ਹੈ†। ਗ੍ਰੰਥ ਸਾਹਿਬ ਵਿਚ ਦਿਤੀ ਕਬੀਰ ਜੀ ਦੀ ਬਾਣੀ ਦਾ ਜਦ ਨਾਗਰੀ ਅਖਰਾਂ ਵਿਚ ਛਪੀ ਕਬੀਰ ਪੰਥੀਆਂ ਦੀ ਬਾਣੀ ਨਾਲ ਟਾਕਰਾ ਕਰੀਏ, ਤਦ ਗ੍ਰੰਥ ਸਾਹਿਬ ਵਾਲੀ ਬਾਣੀ ਉਹਨਾਂ ਕਿਤਾਬਾਂ ਵਿਚ ਨਹੀਂ ਮਿਲਦੀ। ਹਾਂ ਉਸੇ ਆਸ਼ੇ ਦੀ ਰਚਨਾ ਜ਼ਰੂਰ ਹੈ, ਪਰ ਸ਼ਬਦ ਉਹੋ ਨਹੀਂ। ਇਕ ਸਿਖ ਵਿਦਵਾਨ ਨੇ ਏਸ ਸ਼ੰਕੇ ਦਾ ਉੱਤਰ ਢੂੰਡਦਿਆਂ ਇਹ ਖ਼ਿਆਲ ਪ੍ਰਗਟ ਕੀਤਾ ਹੈ, ਕਿ ਗ੍ਰੰਥ ਸਾਹਿਬ ਵਿਚ ਕਬੀਰ ਦੇ ਨਾਮ ਪੁਰ ਦਿੱਤੀ ਬਾਣੀ ਵੀ ਅਸਲ ਵਿਚ ਗੁਰੂ ਅਰਜਨ ਦੇਵ ਦੀ

---

*ਕਬੀਰ ਦਾ ਇਕ ਸ਼ਬਦ ਪਹਿਲੇ ਲਿਖਕੇ ਏਸੇ ਕਾਰਨ ਕਰਕੇ ਪਿਛੋਂ ਕਟ ਦੇਣ ਦਾ ਵੀ ਪਤਾ ਚਲਦਾ ਹੈ।

†ਠੀਕ ਉਹੋ ਹਾਲ ਹੋਇਆ ਹੈ, ਜੋ ਗੁਰੂ ਨਾਨਕ ਅਤੇ ਨਾਨਕ-ਪੰਥੀ ਸਾਧੂਆਂ ਦੀ ਬਾਣੀ ਦਾ ਹੈ।



Sri Satguru Jagjit Singh Ji Elibrary NamdhariElibrary@gmail.com

ਆਪਣੀ ਹੀ ਰਚੀ ਹੈ। ਇਹੋ ਖ਼ਿਆਲ ਕੋਈ ਨਵਾਂ ਭੀ ਨਹੀਂ, ਅਜ ਤੋਂ ਸੌ ਵਰ੍ਹਾ ਪਹਿਲੇ 'ਗੁਰ ਬਿਲਾਸ ਛੇਵੀਂ ਪਾਤਸ਼ਾਹੀ' ਦੇ ਕਰਤਾ ਨੇ, ਭਾਈ ਗੁਰਦਾਸ ਦੇ ਮੂੰਹੋਂ ਹੇਠ ਦਿਤੇ ਲਫਜ਼ਾਂ ਵਿਚ ਪ੍ਰਗਟਾਇਆ ਹੈ :—

ਤਬ ਭਾਈ ਚਿੰਤਾ ਕਰੇ, ਮਨ ਮੈਂ ਐਸ ਵਿਚਾਰ ।
ਚਤੁਰ ਗੁਰੂ ਬਾਣੀ ਰਚੀ, ਪੰਚਮ ਆਪ ਉਚਾਰ ।
ਬਹੁਰ ਸ਼ਬਦ ਸ੍ਰੀ ਮੁਖ ਕਹੈਂ ਭਗਤ ਨਾਮ ਧਰ ਦੇਹ ।
ਆਪ ਰਚੈਂ ਹਮਹੂੰ ਲਿਖੇ ਭਗਤ ਨ ਕੋ ਦ੍ਰਿਸੇਹਿ ॥

ਏਥੇ ਸ਼ੰਕਾ ਸਾਰੇ ਭਗਤਾਂ ਬਾਬਤ ਕੀਤਾ ਹੈ, ਨਿਰਾ ਕਬੀਰ ਬਾਬਤ ਹੀ ਨਹੀਂ। ਸ਼ੰਕਾ ਨਿਵਿਰਤੀ ਲਈ ਏਸ ਕਰਤਾ ਨੇ ਇਕ ਕਰਾਮਾਤ ਘੜੀ ਹੈ ਕਿ ਸਾਰੇ ਭਗਤ ਅਤੇ ਰਾਗ ਰਾਗਣੀਆਂ ਆਪੋ ਆਪਣੀਆਂ ਦੇਹਾਂ ਧਾਰਕੇ ਅਤੇ ਚਾਰੇ ਵੇਦ ਅਤੇ ਬ੍ਰਹਮਾ ਸਤਾਰਾਂ ਭੱਟਾਂ ਦੇ ਰੂਪ ਧਾਰਕੇ ਗੁਰੂ ਸਾਹਿਬ ਪਾਸ ਆਏ। ਉਪਰ ਕੁਝ ਇਸ਼ਾਰਾ ਏਸ ਵਲ ਅਸੀਂ ਕਰ ਆਏ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਕੋਈ ਵਿਦਵਾਨ ਸਿਖ ਅਜਿਹੀ ਊਤਪਟਾਂਗ ਗੱਲ ਨੂੰ ਨਹੀਂ ਮੰਨਦਾ ਹੋਣਾ ।

ਫੇਰ ਗੁਰੂ ਸਾਹਿਬ ਦੇ ਅਜਿਹਾ ਕਰਨ ਦੀ ਕੋਈ ਲੋੜ ਨਹੀਂ ਦਿਸਦੀ। ਕੋਈ ਜ਼ਰੂਰੀ ਨਹੀਂ ਸੀ ਕਿ ਕਿਸੇ ਵੀ ਭਗਤ ਦੀ ਬਾਣੀ ਗ੍ਰੰਥ ਸਾਹਿਬ ਵਿਚ ਦਿੱਤੀ ਜਾਂਦੀ। ਗੁਰੂ ਅਰਜਨ ਦੇਵ ਦੀ ਰਚੀ ਬਾਣੀ ਨਾਲ ਅੱਧਾ ਗ੍ਰੰਥ ਸਾਹਿਬ ਭਰਿਆ ਪਿਆ ਹੈ, ਕੁਝ ਹੋਰ ਵਰਕੇ ਉਹਨਾਂ ਦੀ ਰਚੀ ਬਾਣੀ ਨਾਲ ਉਹਨਾਂ ਦੇ ਆਪਣੇ ਨਾਮ ਪੁਰ ਹੀ ਭਰੇ ਜਾਂਦੇ ਤਾਂ ਕੀਹ ਹਰਜ ਸੀ। ਫੇਰ ਕਬੀਰ ਜੀ ਦੀ ਬਾਣੀ ਅਜਿਹੀ ਹੈ ਕਿ ਉਹ ਕਬੀਰ ਹੀ ਰਚ ਸਕਦਾ ਸੀ। ਉਸਦਾ ਖਿਆਲ-ਪ੍ਰਗਟ ਕਰਨ ਦਾ ਢੰਗ ਹੋਰ, ਮੁਹਾਵਰਾ ਹੋਰ ਇਸ਼ਾਰੇ ਕਿਨਾਏ ਹੋਰ, ਬੋਲੀ ਵਿਚ ਫ਼ਰਕ। ਅਸੀਂ ਕਹਾਂਗੇ ਕਿ ਗ੍ਰੰਥ ਸਾਹਿਬ ਵਿਚ ਕਬੀਰ ਦੇ ਨਾਮ ਪੁਰ ਦਿੱਤੀ ਬਾਣੀ ਕਬੀਰ ਦੀ ਆਪਣੀ ਹੀ ਰਚੀ ਹੈ, ਜੋ ਗੁਰੂ ਅਰਜਨ ਦੇਵ ਨੂੰ ਉਸ ਵੇਲੇ ਦੇ ਕਬੀਰ ਪੰਥੀਆਂ ਤੋਂ ਪ੍ਰਾਪਤ ਹੋਈ ਅਤੇ ਉਹਨਾਂ ਤੋਂ ਪਹਿਲੇ ਸਹੰਸਰ ਰਾਮ ਨੂੰ। ਹੋਰ ਕਿਸੇ ਦਾ



Sri Satguru Jagjit Singh Ji Elibrary NamdhariElibrary@gmail.com

ਭੀ ਉਸ ਰਚਨਾ ਵਿਚ ਹਥ ਨਹੀਂ। ਗ੍ਰੰਥ ਸਾਹਿਬ ਦੀ ਇਹ ਵਡਿਆਈ ਹੈ ਕਿ ਪੁਰਾਣੇ ਭਗਤਾਂ ਦੀ ਬਾਣੀ ਜਿਸ ਸ਼ਕਲ ਵਿਚ ਕਿ ਉਹ ਸੋਹਲਵੀਂ ਸਦੀ ਈਸਵੀ ਦੇ ਪਹਿਲੇ ਅਧ ਵਿਚ ਪੰਜਾਬ ਵਿਚ ਸੀ, ਉਸਨੂੰ ਸਾਂਭਕੇ ਰਖਿਆ ਹੋਇਆ ਹੈ। ਜਿਸ ਭਗਤ ਦੇ ਨਾਮ ਪੁਰ ਜੋ ਬਾਣੀ ਪ੍ਰਸਿਧ ਹੋ ਚੁਕੀ ਸੀ, ਉਹੋ ਉਸ ਭਗਤ ਦੇ ਨਾਮ ਪੁਰ ਗ੍ਰੰਥ ਸਾਹਿਬ ਵਿਚ ਦਿੱਤੀ ਹੈ। ਇਕ ਐਡੀਟਰ ਦਾ ਮਾਮੂਲੀ ਕੰਮ ਜੋ ਹੁੰਦਾ ਹੈ, ਉਹ ਗੁਰੂ ਸਾਹਿਬ ਨੇ ਭਾਵੇਂ ਕੀਤਾ ਹੋਵੇ।

ਰਵਿਦਾਸ ਦੇ ਸਾਰੇ ਸ਼ਬਦ ੩੭ ਹਨ, ਜੋ ਚੌਦਾਂ ਰਾਗਾਂ ਹੇਠ ਦਿਤੇ ਹਨ। ਰਵਿਦਾਸੀ ਪੰਜਾਬ ਵਿਚ ਬਹੁਤ ਸਨ; ਇਹ ਬਾਣੀ ਉਹਨਾਂ ਤੋਂ ਹੀ ਮਿਲੀ ਹੋਵੇਗੀ।

ਬਾਕੀ ਭਗਤਾਂ ਦੀ ਬਾਣੀ ਇਤਨੀ ਥੋੜੀ ਥੋੜੀ ਗ੍ਰੰਥ ਸਾਹਿਬ ਵਿਚ ਦਿੱਤੀ ਹੈ (ਕੁਲ ੨੩ ਸ਼ਬਦ ਬਾਰਾਂ ਰਾਗਾਂ ਵਿਚ) ਕਿ ਉਹਨਾਂ ਦਾ ਵਖਰਾ ਵਖਰਾ ਜ਼ਿਕਰ ਕਰਨ ਦੀ ਲੋੜ ਨਹੀਂ।

ਤ੍ਰਿਲੋਚਨ ਦੇ ਸ਼ਬਦ ਨਾਮਾਬੰਸੀਆਂ ਕੋਲੋਂ ਮਿਲੇ ਹੋਣਗੇ, ਅਤੇ ਰਾਮਾਨੰਦ ਤੇ ਪਰਮਾਨੰਦ ਦੇ ਕਬੀਰ ਪੰਥੀਆਂ ਤੋਂ। ਬਾਕੀ ਦੇ ਸਧਨਾ, ਸੈਨ, ਧੰਨਾ, ਪੀਪਾ, ਸੂਰਦਾਸ, ਮੀਰਾਂ, ਬੇਣੀ ਆਦਿ ਦੇ, ਹੋਰ ਸਾਧੂਆਂ ਤੋਂ।

## ੮. ਬਾਣੀ ਦੀ ਤਰਤੀਬ

ਜਦ ਬਾਣੀ ਇਕੱਠੀ ਹੋ ਗਈ, ਤਦ ਉਸ ਨੂੰ ਕਿਸੇ ਤਰਤੀਬ ਸਿਰ ਬੀੜ ਅੰਦਰ ਦਰਜ ਕਰਨਾ ਸੀ। ਹਰ ਕਰਤਾ ਦੀ ਬਾਣੀ ਨੂੰ ਇਕ ਥਾਂ ਇਕੱਠਾ ਕੀਤਾ ਹੋਇਆ, ਇਕ ਸਾਹਿੱਤਿਕ ਸਟੂਡੈਂਟ ਜਾਂ ਖੋਜੀ ਲਈ ਭਾਵੇਂ ਕਿੱਡਾ ਲਾਭਦਾਇਕ ਦਿਸੇ, ਜਾਂ ਰਚਨਾਂ ਦੇ ਸਮੇਂ ਦੇ ਕ੍ਰਮ ਵਿਚ ਦਿੱਤਾ ਚੰਗਾ ਭਾਸੇ; ਜਾਂ ਇਕ ਫ਼ਿਲਾਸਫ਼ਰ ਲਈ ਸ਼ਬਦਾਂ ਵਿਚ ਦਰਸਾਏ ਵਿਸ਼ੇ ਅਨੁਸਾਰ ਸ਼ਬਦਾਂ ਨੂੰ ਤਰਤੀਬ ਦਿਤੀ ਜ਼ਰੂਰੀ ਹੋਵੇ; ਪਰ ਭਗਤਾਂ



Sri Satguru Jagjit Singh Ji Elibrary NamdhariElibrary@gmail.com

ਲਈ, ਤੇ ਸਰਧਾਲੂ ਸਿਖਾਂ ਲਈ ਇਹ ਸਭ ਵੰਡ ਵਖੇਪ ਤੇ ਤਰਤੀਬਾਂ ਨਿਰਾਰਥਕ ਸਨ। ਭਜਨਾਂ ਦੀ ਵਾਕ ਰਚਨਾ, ਉਹਨਾਂ ਦੇ ਮਨੋਭਾਵਾਂ ਦੇ ਉਤੇਜਨ ਜਾਂ ਦਿਲੀ ਜਜ਼ਬਾਤ ਤੇ ਵਲਵਲਿਆਂ ਦੇ ਭੜਕਨ ਤੋਂ ਨਿਕਲੀ ਹੁੰਦੀ ਹੈ। ਬਾਣੀ ਰਚਕੇ ਅਤੇ ਉਸਨੂੰ ਗਾਕੇ ਉਹਨਾਂ ਨੂੰ ਚਿੱਤ-ਸੁਖ ਪ੍ਰਾਪਤ ਹੁੰਦਾ ਹੈ, ਉਹਨਾਂ ਨੂੰ ਆਪਣੇ ਅੰਦਰ ਇਕ ਠੰਡ ਜਿਹੀ ਪੈਂਦੀ ਪ੍ਰਤੀਤ ਹੁੰਦੀ ਹੈ। ਉਹਨਾਂ ਨੂੰ ਦਿਮਾਗੀ ਕਸਰਤ ਅਤੇ ਕਿਸੇ ਡੂੰਘੀ ਵਿਚਾਰ ਕਰਨ ਦੀ ਲੋੜ ਨਹੀਂ ਭਾਸਦੀ ਇਹ ਗੱਲਾਂ ਚਿੱਤ-ਕਸ਼ੋਭ ਪੈਦਾ ਕਰਦੀਆਂ ਹਨ, ਉਹਨਾਂ ਦੇ ਮਨ ਦੀ ਬੇਚੈਨੀ ਵਧਾਂਦੀਆਂ ਹਨ, ਜਿਸ ਤੋਂ ਉਹ ਬਚਣਾ ਚਾਹੁੰਦੇ ਹਨ। ਉਹਨਾਂ ਨੇ ਗੁਰੂ ਤੋਂ ਸੁਣ ਸੁਣਾਕੇ ਜਾਂ ਕੋਈ ਗ੍ਰੰਥ ਪੋਥੀ ਵਾਚਕੇ, ਕੁਝ ਥੋੜੇ ਜਿਹੇ ਆਪਣੇ ਨਿਸਚੇ ਬਣਾ ਲਏ ਹੁੰਦੇ ਹਨ, ਅਤੇ ਉਹਨਾਂ ਨੂੰ ਹੀ ਸੱਚ ਮੰਨਕੇ ਉਹਨਾਂ ਪੁਰ ਭਰੋਸਾ ਕਰ ਲੈਂਦੇ ਹਨ। ਉਹਨਾਂ ਨੂੰ ਆਪਣੇ ਨਿਸਚਿਆਂ ਦੀ ਸਚਾਈ ਦੇ ਪਰਖਨ, ਅਤੇ ਇਹਨਾਂ ਬਾਬਤ ਸਵਾਲ ਉਠਾਕੇ ਉਸਦੇ ਜਵਾਬ ਢੂੰਡਨ ਦੀ ਕੋਈ ਲੋੜ ਨਹੀਂ ਦਿਸਦੀ। ਗੁਰੂ ਦਾ ਕਿਹਾ ਉਹਨਾਂ ਲਈ ਬਸ ਕਾਫ਼ੀ ਹੁੰਦਾ ਹੈ, ਇਹੋ ਗੁਰਮੁਖਤਾਈ ਹੈ, ਅਤੇ ਭਰਮ ਖੜੇ ਕਰਨੇ ਅਤੇ ਉਹਨਾਂ ਦੀ ਨਿਵਿਰਤੀ ਲਈ ਜਵਾਬ ਲਭਨੇ ਮਨਮੁਖਤਾਈ। ਵੱਡੀ ਗਲ ਤਾਂ ਉਹਨਾਂ ਚੰਦ ਨਿਸਚਿਆਂ ਪੁਰ ਆਪਨੇ ਜੀਵਨ ਨੂੰ ਢਾਲਨ ਦੀ ਹੁੰਦੀ ਹੈ। ਸੋ ਦਿਮਾਗ ਉਤੇ ਜ਼ੋਰ ਨਾ ਪਾ ਕੇ ਉਹਨਾਂ ਦੀ ਰਚਨਾ ਵਿਚ ਪ੍ਰੇਰਨਾ ਦਿਲ ਦੇ ਭਾਵਾਂ ਨੂੰ ਹੁੰਦੀ ਹੈ। ਇਹੋ ਵਿਚਾਰ ਗੁਰੂ ਅਰਜਨ ਦੇਵ ਦੇ ਹੋ ਸਕਦੇ ਸਨ।

(ਓ) ਮਨੋਭਾਵਾਂ ਨੂੰ ਪ੍ਰੇਰਨਾ ਕਵਿਤਾ ਤੇ ਰਾਗ ਤੋਂ ਹੁੰਦੀ ਹੈ, ਏਸੇ ਕਰਕੇ ਭਜਨਾਂ ਦੀ ਰਚਨਾਂ ਕਵਿਤਾ ਵਿਚ, ਗਾਉਣ ਲਈ ਕੀਤੀ ਜਾਂਦੀ ਹੈ। ਜਦ ਤੁਸੀਂ ਦਾਦੂ ਦਯਾਲ, ਸੂਰਦਾਸ, ਮੀਰਾਂਬਾਈ ਆਦਿ ਦੀਆਂ ਰਚੀਆਂ ਪੁਸਤਕਾਂ ਨੂੰ ਲੈਕੇ ਵੇਖੋਗੇ, ਤਾਂ ਹਰ 'ਸ਼ਬਦ' ਦੇ ਉਪਰ 'ਰਾਗ' ਦਾ ਨਾਮ ਲਿਖਿਆ ਵੇਖੋਗੇ, ਜਿਸ ਵਿਚ ਕਿ ਰਚਨਾ ਕਰਨ ਵਾਲਾ, ਉਸਨੂੰ ਗਾਇਆ ਕਰਦਾ ਸੀ, ਜਾਂ ਜਿਸ ਵਿਚ ਉਹ ਸ਼ਬਦ ਚੰਗੀ ਤਰ੍ਹਾਂ ਗਾਇਆ



Sri Satguru Jagjit Singh Ji Elibrary NamdhariElibrary@gmail.com

ਜਾ ਸਕਦਾ ਹੈ। ਭਗਤਾਂ ਵਿਚ ਇਹ ਪਰਿਪਾਟੀ ਮੁਢ ਤੋਂ ਹੀ ਟੁਰੀ ਆਉਂਦੀ ਸੀ। ਸੋ ਜੋ ਬਾਣੀ ਗੁਰੂ ਅਰਜਨ ਦੇਵ ਨੇ ਇਕੱਠੀ ਕੀਤੀ, ਉਸ ਵਿਚ ਵੀ ਜੇ ਹਰ 'ਸ਼ਬਦ' ਉਪਰ ਕਿਸੇ ਰਾਗ ਦਾ ਨਾਂ ਨਹੀਂ ਦਿੱਤਾ ਸੀ, ਤਾਂ ਬਹੁਤਿਆਂ ਉਪਰ ਜ਼ਰੂਰ ਸੀ। ਇਹ ਗਲ ਦਿਲ ਨੂੰ ਖ਼ਿਆਲ-ਸੁਝਾਊ (suggestive) ਸੀ। ਸੋ ਗੁਰੂ ਸਾਹਿਬ ਨੇ ਰਾਗਾਂ ਅਨੁਸਾਰ ਹੀ, ਸਾਰੀ ਇਕੱਠੀ ਕੀਤੀ ਬਾਣੀ ਨੂੰ ਤਰਤੀਬ ਦੇਣ ਦਾ ਫ਼ੈਸਲਾ ਕੀਤਾ, ਅਤੇ ਸਭ ਸ਼ਬਦਾਂ ਨੂੰ ਛਾਂਟ ਕੇ ਤੀਹ ਰਾਗ ਰਾਗਣੀਆਂ ਹੇਠਾਂ ਵੰਡ ਲਿਆ। ਪ੍ਰਤਖ ਹੈ ਕਿ ਪਹਿਲੋਂ ਸ਼ਬਦਾਂ ਨੂੰ ਅੱਡ ਅੱਡ ਪਤ੍ਰਿਆਂ ਪੁਰ ਲਿਖਣਾ ਪਿਆ ਹੋਵੇਗਾ, ਜਿਥੇ ਉਹ ਪਹਿਲੇ ਏਸ ਤਰ੍ਹਾਂ ਨਹੀਂ ਸਨ ਲਿਖੇ ਹੋਏ। ਕਈ ਵਾਰੀ ਇਕ ਸ਼ਬਦ ਹੀ ਇਕ ਪਤ੍ਰੇ ਪੁਰ ਲਿਖਿਆ ਗਿਆ ਹੋਵੇਗਾ।

ਇਹਨਾਂ ਰਾਗਾਂ ਨੂੰ ਆਪੋ ਵਿਚ ਅਗੇ ਪਿਛੇ ਕਿਸ ਤਰ੍ਹਾਂ ਰਖਿਆ, ਏਸਦਾ ਵੇਰਵਾ ਕਰਨ ਦੀ ਏਥੇ ਲੋੜ ਨਹੀਂ। ਪਰ ਇਹ ਤਰਤੀਬ ਰਾਗ ਵਿਦਿਆ ਦੇ ਕਿਸੇ ਮਨੇ ਪ੍ਰਮੰਨੇ ਸਿਸਟਮ ਦੇ ਅਨੁਸਾਰ ਨਹੀਂ। ਨਾ ਇਸ ਗਲ ਦਾ ਵਿਚਾਰ ਕੀਤਾ ਹੈ, ਕਿ ਕਿਸੇ ਰਾਗ ਹੇਠਾਂ ਆਈ ਬਾਣੀ ਥੋੜੀ ਹੈ ਕਿ ਬਹੁਤੀ, ਜਿਸ ਤਰ੍ਹਾਂ ਕਿ ਕੁਰਾਨ ਵਿਚ ਲੰਮੀ ਲੰਮੀ ਸੂਰਤਾਂ* ਪਹਿਲੋਂ ਰਖ ਦਿਤੀਆਂ ਹਨ। ਅਤੇ ਨਾ ਪੈਂਤੀ ਦੇ ਅਖਰਾਂ ਦਾ ਹੀ ਕ੍ਰਮ ਹੈ ਰਾਗ ਤੇ ਰਾਗਨੀਆਂ ਐਵੇਂ ਜਿਵੇਂ ਆਏ, ਰਖ ਦਿਤੇ ਹੋਏ ਦਿਸਦੇ ਹਨ।

(ਅ) ਹਰ ਰਾਗ ਹੇਠਾਂ ਦਰਜ ਕਰਨ ਲਈ ਜੋ ਬਾਣੀ ਚੁਣੀ ਹੈ, ਉਸਨੂੰ ਅਗੇ ਪਿਛੇ ਰਖਨ ਲਈ, ਫੇਰ ਇਕ ਹੋਰ ਨਿਯਮ ਮੁਕਰਰ ਕਰਨ ਦੀ ਲੋੜ ਸੀ। ਉਹ ਨਿਯਮ ਰਚਨਾਂ ਦੀਆਂ ਕਿਸਮਾਂ (Types of composition) ਪੁਰ ਨਿਰਭਰ ਕੀਤਾ ਹੈ, ਅਤੇ ਅਗੋਂ ਹਰ 'ਰਚਨਾ-ਵੰਨਗੀ' ਵਿਚ ਗੁਰੂਆਂ ਦੀ ਬਾਣੀ ਵਾਰੋ ਵਾਰੀ ਦਿੱਤੀ ਹੈ, ਸਿਵਾਏ ਖ਼ਾਸ ਖ਼ਾਸ ਹਾਲਤਾਂ

---

*ਹੁਣ ਯੂਰਪੀਅਨ ਵਿਦਵਾਨਾਂ ਨੇ ਸੂਰਤਾਂ ਨੂੰ 'ਵਹੀ ਉਤਰਨ' ਦੇ ਸਮੇਂ ਦੇ ਕਰਮ ਮੂਜਬ ਕਰਕੇ, ਕੁਰਾਨ ਦੇ ਤਰਜਮੇ ਛਾਪੇ ਹਨ।



Sri Satguru Jagjit Singh Ji Elibrary NamdhariElibrary@gmail.com

ਦੇ। ਹਰ ਗੁਰੂ ਦੀ ਬਾਣੀ ਦੀ ਪਹਿਚਾਨ ਵਾਸਤੇ ਲਫ਼ਜ਼ 'ਮਹਲਾ' ਵਰਤਿਆ ਹੈ, ਮਹਲਾ ਪਹਿਲਾ, ਮਹਲਾ ਤੀਜਾ ਆਦਿ। ਰਾਗ ਦੇ ਅਖ਼ੀਰ ਤੇ ਭਗਤਾਂ ਦੀ ਬਾਣੀ ਆਉਂਦੀ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਸਾਰੇ ਗ੍ਰੰਥ ਸਾਹਿਬ ਵਿਚ ਬਹੁਤੀ ਹੈ, ਉਹ ਪਹਿਲੇ ਅਤੇ ਜਿਨ੍ਹਾਂ ਦੇ ਇਕੋ ਦੋ ਸ਼ਬਦ ਹੀ ਹਨ, ਉਹ ਪਿਛੋਂ। ਉਹਨਾਂ ਦੇ ਹੋਣ ਦੇ ਕਾਲ ਦਾ ਧਿਆਨ ਨਹੀਂ ਰਖਿਆ। ਕ੍ਰਮ ਇਹ ਵਰਤਿਆ ਹੈ :–

ਕਬੀਰ, ਨਾਮਦੇਵ, ਰਵਿਦਾਸ ਅਤੇ ਬਾਕੀ ਹੋਰ।

ਭਗਤਾਂ ਦੇ ਸ਼ਬਦਾਂ ਨੂੰ ਅਗੇ ਪਿਛੇ ਰਖਣ ਵਿਚ ਕੋਈ ਖ਼ਾਸ ਤਰਤੀਬ ਨਹੀਂ ਰਖੀ। ਜਿਸ ਤਰਤੀਬ ਵਿਚ ਲਿਖੇ ਮਿਲੇ, ਅਕਸਰ ਉਹੋ ਤਰਤੀਬ ਕਾਇਮ ਰਖੀ ਹੈ।

ਏਸ ਗਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਤੁਸੀਂ ਕਿਸੇ ਇਕ ਰਾਗ ਨੂੰ ਲੈ ਲੋ। ਗ੍ਰੰਥ ਸਾਹਿਬ ਵਿਚ 'ਗਉੜੀ' ਰਾਗ ਸਭ ਤੋਂ ਲੰਮਾ ਹੈ, ਉਸਦਾ ਨਿਖੇੜਾ ਕਰਕੇ ਵੇਖਦੇ ਹਾਂ। ਪਹਿਲੇ ਚਉਪਦੇ* ਅਤੇ ਦੁਪਦੇ ਦਿਤੇ ਹਨ; 'ਗਉੜੀ ਗੁਆਰੇਰੀ' ਦੇ ਮਹਲਾ ਪਹਿਲੇ ਦੇ ੧੯, ਅਤੇ ਫੇਰ ਇਕ ਸ਼ਬਦ 'ਗਉੜੀ ਪੂਰਬੀ ਦੀਪਕੀ' ਦਾ, ਸਾਰੇ ੨੦ ਜੋ ਗਿਣਤੀ ਦਾ ਅੰਕ ਏਸ ਭਾਗ ਦੇ ਛੇਕੜ ਤੇ ਦਿਤਾ ਹੈ। ਫੇਰ ਏਸ ਭਾਗ ਦੇ ਅੰਦਰ ਸ਼ਬਦ ਦੇ ਪਦਾਂ (stanzas) ਦੀ ਗਿਣਤੀ ਵਖਰੀ ਕੀਤੀ ਹੈ।

ਉਪਰੰਤ ਮਹਲਾ ਤੀਜਾ ਦੇ ੧੮ ਸ਼ਬਦ ਦੇਕੇ ਛੇਕੜ ਤੇ ਗਿਣਤੀ॥੧੮॥੩੮॥ ਦਿਤੀ ਹੈ; ਅਰਥਾਤ ਅਠਾਰਾਂ ਇਹ ਅਤੇ ੨੦ ਮਹਲਾ ਪਹਿਲੇ ਦੇ ਮਿਲਾਕੇ ਸਾਰੇ ਸ਼ਬਦ (hymns) ੩੮ ਹੁਣ ਤਕ ਹੋਏ। ਇਹਨਾਂ ਅਠਾਰਾਂ ਸ਼ਬਦਾਂ ਨੂੰ ਵੀ ਰਾਗ ਗਉੜੀ ਦੀਆਂ ਕਿਸਮਾਂ ਮੂਜਬ ਜੁਟਾਂ (Sections) ਵਿਚ ਵੰਡਿਆ ਹੈ ਅਤੇ ਗਿਣਤੀ ਦੇ ਅੰਕ ਉਸ ਮੂਜਬ ਦਿਤੇ ਹਨ।

ਫੇਰ ਮਹਲਾ ਚੌਥੇ ਦੇ ੩੨ ਸ਼ਬਦਾਂ ਨੂੰ ਛੇ ਜੁਟਾਂ ਜਾਂ ਪੰਕਤੀਆਂ ਵਿਚ ਵੰਡਕੇ ਛੇਕੜ ਪੁਰ ਗਿਣਤੀ ਇਉਂ ਦਿਤੀ ਹੈ :– ॥੬॥੨੦॥੧੮॥੩੨॥੭੦॥ ਅਰਥਾਤ ਤਿਨਾਂ ਗੁਰੂਆਂ ਦੇ ਸ਼ਬਦ ਏਸ ਰਾਗ ਹੇਠਾਂ ਸਾਰੇ ਜੋੜਕੇ ੨੦+੧੮+੩੨ ਹੁਣ ਤਕ ੭੦ ਹੋਏ।

ਫੇਰ ਆਉਂਦੇ ਹਨ ਮਹਲਾ ਪੰਜਵੇਂ ਦੇ ੧੭੨ ਸ਼ਬਦ, ਬਹੁਤ ਸਾਰੀਆਂ ਜੁਟਾਂ ਵਿਚ ਵੰਡੇ ਹੋਏ। ਸਾਰਾ ਜੋੜ ਹੁਣ ਤਕ ਹੋਇਆ ੨੩੨ ਸ਼ਬਦ ਜੋ ਗਿਣਤੀ

---

*ਚਾਰ ਪਦਾਂ ਵਾਲੇ ਸ਼ਬਦ, ਏਸੇ ਤਰ੍ਹਾਂ ਪੰਜ ਪਦਾਂ ਵਾਲੇ, ਦੋ ਪਦਾਂ ਵਾਲੇ ਤੇ ਅਠ ਪਦਾਂ ਵਾਲੇ ਸ਼ਬਦ।



Sri Satguru Jagjit Singh Ji Elibrary NamdhariElibrary@gmail.com

ਛੇਕੜ ਪੁਰ ਦਿਤੀ ਹੈ ।

ਨਾਵੀਂ ਪਾਤਸ਼ਾਹੀ ਦੇ ਸ਼ਬਦ ਜੋ ਪਿਛੋਂ ਏਸ ਥਾਂ ਵਧਾਏ ਗਏ ਹਨ, ਉਹ ਆਮੀਂ ਤਰ੍ਹਾਂ ਪੰਨੇ ਹਾਂ (ਇਸ ਤੋਂ ਕਿ ਨਾਵੇਂ ਮਹਲੇ ਦੇ ਸ਼ਬਦ ਗਉੜੀ ਰਾਗ ਦੇ ਅੰਤਪੁਰ ਜੋ ਪੋਥੀ ਲਿਖੀ ਥਾਂ ਕਿਤਾਬ ਲਿਖਦੇ ਜਾਂ ਨਕਲ ਕਰਦੇ ਸਮੇਂ ਛਡੀ ਜਾਂਦੀ ਹੈ, ਉਥੇ ਨਹੀਂ ਆਏ ਸਗੋਂ ਹੋਰ ਬਾਣੀ ਦੇ ਵਿਚਾਲੇ ਆਪਣੀ ਮੁਨਾਸਿਬ ਥਾਂ ਸਿਰ ਆਏ ਹਨ, ਅਤੇ ਏਸੇ ਤਰਤੀਬ ਮੁਜਬ ਹੋਰ ਬਾਣੀ ਨਾਲ ਉਹਨਾਂ ਦੀ ਗਿਣਤੀ ਕੀਤੀ ਗਈ ਹੈ।)

ਹੁਣ ਚਲੀਆਂ 'ਅਸ਼ਟਪਦੀਆਂ', ਉਸੇ ਤਰ੍ਹਾਂ ਵਾਰੋ ਵਾਰੀ । ਮਹਲੇ ਪਹਿਲੇ ਦੀਆਂ ਅਠਾਰਾਂ; ਮਹਲੇ ਤੀਜੇ ਦੀਆਂ ੯, ਅਤੇ ਮਹਲੇ ਪੰਜਵੇਂ ਦੀਆਂ ੧੫ । ਪਿਛਲੀਆਂ ਦੋ ਸ਼੍ਰੇਣੀਆਂ ਦੇ ਵਿਚਾਲੇ ਦੋ ਸ਼ਬਦ ਮਹਲੇ ਚਉਥੇ ਦੇ 'ਕਰਹਲੇ' ਨਾਮ ਦੇ ਦਿਤੇ ਹਨ, ਜੋ ਠੀਕ ਤੌਰ ਪੁਰ 'ਖਾਸ ਕਿਸਮ ਦੀਆਂ' ਰਚਨਾਵਾਂ ਦੇ ਨਾਲ ਪਿਛੋਂ ਆਉਣੇ ਚਾਹੀਦੇ ਸੀ । 'ਕਰਹਲੇ' ਆਖਦੇ ਹਨ ਸਾਰਬਾਨਾਂ, ਊਠ ਵਾਹਨ ਵਾਲਿਆਂ, ਦੇ ਗੀਤਾਂ ਨੂੰ। ਛੇਕੜ ਪੁਰ ਗਿਣਤੀ ਕੀਤੀ ਹੈ:– ॥੧੮॥੯॥੨॥੧੫॥੪੪॥ ਜੁਮਲਾ ॥ ਅਸ਼ਟਪੀਆਂ ਦੇ ਜੋੜ ੪੪ ਵਿਚ ਦੋ ਕਰਹਲੇ ਸ਼ਾਮਲ ਹਨ ।

'ਅਸ਼ਟਪਦੀਆਂ' ਤੋਂ ਪਿਛੋਂ ਆਉਂਦੇ ਹਨ 'ਛੰਤ' ਦੋ ਮਹਲੇ ਪਹਿਲੇ ਦੇ, ਪੰਜ ਮਹਲੇ ਤੀਜੇ ਦੇ, ਅਤੇ ਚਾਰ ਮਹਲੇ ਪੰਜਵੇਂ ਦੇ, ਸਾਰੇ ੧੧, ਜੇਹੜੀ ਗਿਣਤੀ ਛੇਕੜ ਪੁਰ ਦਿਤੀ ਹੈ ।

ਹੁਣ ਆਉਂਦੀਆਂ ਹਨ 'ਖ਼ਾਸ ਕਿਸਮ ਦੀਆਂ' ਰਚਨਾਵਾਂ :–

ਬਾਵਨ ਅਖਰੀ ਮ: ੫, ਸੁਖਮਨੀ ਮ: ੫, ਅਤੇ ਥਿਤ.* ਮ: ੫ ॥ ਗੁਰਬਾਣੀ ਦੇ ਅਖੀਰ ਤੇ ਆਉਂਦੀਆਂ ਹਨ 'ਵਾਰਾਂ' । 'ਵਾਰ' ਵਿਚ ਕਈ ਕਈ 'ਪਉੜੀਆਂ' ਹੁੰਦੀਆਂ ਹਨ । ਗੁਰੂ ਅਰਜਨ ਦੇਵ ਨੇ ਹਰ ਗੁਰੂ ਦੇ ਮੁਤਫ਼ਰਕ ਸਲੋਕ ਕਿਤੇ ਖਪਾਣੇ ਸਨ, ਸੋ ਸਲੋਕਾਂ ਨੂੰ ਵਾਰਾਂ ਦੇ ਨਾਲ ਦੇ ਦਿੱਤਾ ਹੈ । ਤਾਂਹੀ ਤੇ ਸਿਰਨਾਵਾਂ ਦਿੱਤਾ ਹੈ 'ਵਾਰ ਸਲੋਕਾਂ ਨਾਲ, ਸਲੋਕ ਭੀ ਮਹਲੇ ਪਹਿਲੇ ਕੇ ।' ਏਥੇ 'ਵਾਰ' ਵੀ ਮਹਲੇ ਪਹਿਲੇ ਦੀ ਸੀ ਅਤੇ ਉਸ ਵਿਚ ਹਰ ਪਉੜੀ ਦੇ ਪਹਿਲੇਂ ਦੇਣ ਲਈ ਜੋ ਸਲੋਕ ਗੁਰੂ ਅਰਜਨ ਦੇਵ ਨੇ ਚੁਣੇ ਉਹ ਭੀ ਮਹਲੇ ਪਹਿਲੇ ਦੇ ਸਨ । ਪਰ ਇਹ ਕੋਈ ਜ਼ਰੂਰੀ ਗਲ ਨਹੀਂ ਸੀ ਕਿ ਜਿਸ ਗੁਰੂ ਦੀ ਰਚੀ ਵਾਰ ਹੋਵੇ ਉਸੇ ਗੁਰੂ ਦੇ ਰਚੇ ਸਲੋਕ ਵੀ ਉਸ ਵਿਚ ਦਿਤੇ ਜਾਣ। 'ਵਾਰ' ਵਿਚ ਹਰ ਪਉੜੀ ਦੇ ਪਹਿਲੇ ਉਸੇ ਆਸ਼ੇ ਦੇ ਕਿਤਨੇ ਕਿਤਨੇ ਸਲੋਕ (੧ ਤੋਂ ੮) ਦਿਤੇ ਹਨ, ਭਾਵੇਂ ਕਿਸੇ ਗੁਰੂ ਦੇ ਰਚੇ ਹੋਏ ਹੋਨ । ਇਸ ਰਾਗ ਗਉੜੀ ਵਿਚ ਇਕ ਵਾਰ ਮਹਲਾ ਚਉਥੇ ਦੀ ਅਤੇ ਇਕ ਮਹਲਾ ਪੰਜਵੇਂ ਦੀ ਹੈ ।

ਜ਼ਰਾ ਖ਼ਿਆਲ ਕਰੋ ਕਿ ਇਸ ਛਾਂਟ ਤੇ ਤਰਤੀਬ ਦੇਣ ਵਿਚ ਅਤੇ ਘੜੀ ਮੁੜੀ ਲਿਖਣ ਵਿਚ ਕਿਤਨਾ ਸਮਾਂ ਤੇ ਕਿਤਨੀ ਮਿਹਨਤ ਖ਼ਰਚ ਹੋਈ ਹੋਵੇਗੀ । ਧਨ ਹਿੰਮਤ ਸੀ ।



Sri Satguru Jagjit Singh Ji Elibrary NamdhariElibrary@gmail.com

ਏਥੋਂ ਤਕ ਤਾਂ 'ਗੁਰਬਾਣੀ' ਹੋਈ, ਜਿਸਨੇ ੧੭੦ ਤੋਂ ਲੈਕੇ ੩੬੧ ਤਕ ਦੇ ਸਾਰੇ ੧੯੧ ਸਫੇ ਗ੍ਰੰਥ ਸਾਹਿਬ ਦੇ ੧੬੦੯ (ਸਫਰੀ ਜਿਲਦ) ਵਿਚੋਂ ਲੈ ਲਏ ਹਨ। ਹੁਣ ਆਉਂਦੀ ਹੈ 'ਭਗਤ ਬਾਣੀ।'

ਪਹਿਲੇ ਕਬੀਰ ਦੇ ੭੭ ਸ਼ਬਦ, ਫੇਰ ਨਾਮਦੇਵ ਦਾ ੧; ਅਤੇ ਰਵਿਦਾਸ ਦੇ ੫ ਸ਼ਬਦ ਹਨ। ਚੂੰਕਿ ਕਬੀਰ ਦੇ ੭੭ ਸ਼ਬਦ ਚੋਖੀ ਥਾਂ ਮਲਦੇ ਹਨ, ਇਸ ਲਈ ਉਹਨਾਂ ਦੀ ਆਪੋ ਵਿਚ ਕੁਝ ਤਰਤੀਬ ਦਿੱਤੀ ਹੈ ਅਤੇ ਜੁਟਾਂ ਵਿਚ ਵੰਡਿਆਂ ਹੈ, ਠੀਕ ਜਿਸ ਤਰ੍ਹਾਂ ਕਿ ਗੁਰਬਾਣੀ ਦੀ:—

ਪਹਿਲੇ ੧੪ ਚਉਪਦੇ, ਫੇਰ ੨੧ ਪੰਜਪਦੇ, ਸਾਰੇ ੩੫, ਇਕ ਅਸ਼ਟਪਦੀ, ਉਪਰੰਤ 'ਗਉੜੀ ਬੈਰਾਗਣਿ' 'ਗਉੜੀ ਪੂਰਬੀ', ਗਉੜੀ 'ਬਾਵਨ ਅਖਰੀ', ਗਉੜੀ 'ਥਿਤੀ' ਤੇ 'ਵਾਰ' ਇਹ ਸਾਰੇ ੨੭ ਸ਼ਬਦ ਹੁੰਦੇ ਹਨ।

ਆਪ ਵੇਖ ਸਕਦੇ ਹੋ ਕਿ ਬਾਣੀ ਨੂੰ ਜੋ ਤਰਤੀਬ ਦਿਤੀ ਗਈ ਹੈ, ਉਹ ਮੂਲੋਂ 'ਕਲਾ-ਵਤ' ਜਾਂ mechanical ਹੈ। ਉਸ ਵਿਚ ਨਾ ਵਿਸ਼ੇ ਦਾ ਖਿਆਲ ਰਖਿਆ ਗਿਆ ਹੈ, ਨਾਂ ਭਾਵਾਂ ਦਾ ਅਤੇ ਨਾ ਬਨਣ ਜਾਂ ਰਚਣਾ ਸਮੇਂ ਦਾ। ਇਹੋ ਤਰਤੀਬ ਜਾਂ ਵੰਡ ਤੀਹਾਂ ਹੀ ਰਾਗਾਂ ਹੇਠਾਂ ਸਭੋਂ 'ਭਗਤ ਦੀ ਬਾਣੀ' ਵਿਚ ਵੀ ਹੋਈ ਹੈ, ਇਤਫਾਕੀਆਂ ਜਾਂ ਗਲਤੀ ਨਾਲ ਕੋਈ ਸ਼ਬਦ ਕਿਤੇ ਕਿਤੇ ਅਗੇ ਪਿਛੇ ਹੋ ਗਿਆ ਹੈ, ਖਾਸ ਕਰ ਕੇ ਭਗਤ ਬਾਣੀ ਲਿਖਦੇ ਸਮੇਂ। 'ਮੁੰਦਾਵਣੀ' ਵੀ ਇਕ ਖ਼ਾਸ* ਕਿਸਮ ਦੀ ਰਚਨਾ ਹੈ।

ਜੋ ਬਾਣੀ ਏਸ ਤਰ੍ਹਾਂ ਤੀਹਾਂ ਰਾਗਾਂ ਹੇਠਾਂ ਆਈ ਹੈ, ਉਹ ਗ੍ਰੰਥ ਸਾਹਿਬ ਦਾ ਵੱਡਾ ਭਾਗ (main body) ਜਾਂ ਸਹੀ ਅਰਥਾਂ ਵਿਚ ਅਸਲੀ ਗ੍ਰੰਥ ਸਾਹਿਬ ਹੈ। ਇਹ ਸਫਰੀ ਜਿਲਦ ਦੇ

---

*ਖ਼ਾਸ ਕਿਸਮ ਦੀਆਂ ਬਾਣੀਆਂ ਹਨ:—

(ੳ) ਸਮੇਂ ਦੀ ਵੰਡ ਸਬੰਧੀ—ਪਹਿਰੇ, ਦਿਨਰੈਨ, ਸੱਤ ਵਾਰ, ਥਿਤੀਂ, ਰੁਤਾਂ, ਬਾਰਮਾਹ।

(ਅ) ਆਮ ਲੋਕਾਂ ਦੇ ਜਾਂ ਇਸਤ੍ਰੀਆਂ ਦੇ ਗੀਤ ਆਦਿ। ਘੋੜੀਆਂ, ਲਾਵਾਂ, ਅਲਾਹਣੀਆਂ (ਮਰਗੀਏ ਜਾਂ ਵੈਣ) ਲੋਰੀਆਂ, ਅੰਜੁਲੀਆਂ, ਛੰਤ।

(ੲ) ਖ਼ਾਸ ਲੋਕਾਂ ਦੇ ਗੀਤ—ਵਣਜਾਰਾ, ਕਰਹਲੇ (ਊਠਾਂ ਵਾਲਿਆਂ ਦੇ), ਰਹੋਆ (ਲੰਮੀ ਹੇਕ ਨਾਲ, ਜਿਵੇਂ ਘੋੜੀਆਂ)

(ਸ) ਵਰਣਮਾਲਾਂ ਦੇ ਅਖਰਾਂ ਨਾਲ ਸਬੰਧਤ (acrostics) ਸੀਹਰਫੀ, ਪੈਂਤੀਸ ਅਖਰੀ, ਬਾਵਨ ਅਖਰੀ।

(ਹ) ਮੁਹੱਬਤ ਪ੍ਰੇਮ ਦੇ ਗੀਤ। ਬਿਰਹੜੇ, ਡਖਣੇ (ਮਿਠੜੇ)

(ਕ) ਖਾਸ ਵਜ਼ਨ ਦੇ ਛੰਦ। ਸ਼ਲੋਕ, ਦੋਹਰੇ, ਸਵੱਯੇ, ਕਬਿਤ।



Sri Satguru Jagjit Singh Ji Elibrary NamdhariElibrary@gmail.com

ਸਾਰੇ ੧੬੦੯ ਸਫ਼ਿਆਂ ਵਿਚੋਂ ੧੫੦੯ ਸਫ਼ੇ ਲੈ ਜਾਂਦਾ ਹੈ॥

II ਜੋ ਬਾਣੀ ਰਾਗਾਂ ਹੇਠਾਂ ਨਹੀਂ ਆ ਸਕਦੀ ਸੀ, ਜਾਂ ਆਪਣੀ ਬਨਾਵਟ ਤੋਂ ਹੀ ਅਜਿਹੀ ਸੀ, ਕਿ ਉਸ ਨੂੰ ਕਿਸੇ ਸਿਖਿਆ, ਉਪਦੇਸ਼ ਦੀ ਖ਼ਾਤਰ ਨਹੀਂ, ਸਗੋਂ ਗੁਮ ਹੋ ਜਾਣ ਤੋਂ ਬਚਾਣ ਦੀ ਖ਼ਾਤਰ, ਜਿਸ ਤਰ੍ਹਾਂ ਕਿ ਭੱਟਾਂ ਦੇ ਸਵੱਯੇ, ਜਾਂ ਕੁਝ ਸ਼ਲੋਕ ਜੋ ਵਾਧੂ ਬਚ ਰਹੇ ਸਨ, ਅਤੇ 'ਵਾਰਾਂ' ਨਾਲ ਨਹੀਂ ਦਿਤੇ ਜਾ ਸਕੇ, ਉਹਨਾਂ ਸਭ ਰਚਨਾਵਾਂ ਨੂੰ ਗ੍ਰੰਥ ਸਾਹਿਬ ਦੇ ਪਿਛੇ 'ਖਿਲ' ਜਾਂ ਇਕ ਜ਼ਮੀਮੇ ਦੀ ਸ਼ਕਲ ਵਿਚ ਇਕੱਠਾ ਕਰ ਦਿਤਾ। ਇਹ ਖਿਲ ਜਿਸ ਨੂੰ 'ਭੋਗ (ਛੇਕੜ) ਦੀ ਬਾਣੀ' ਕਿਹਾ ਜਾਂਦਾ ਹੈ, ੮੬ ਸਫ਼ਿਆਂ ਪੁਰ ਮੁੱਕੀ ਹੈ। ਲਿਖਤ ਦੇ ਗ੍ਰੰਥ ਸਾਹਿਬਾਂ ਜਾਂ ਪੁਰਾਣੀਆਂ ਬੀੜਾਂ ਵਿਚ ਏਸ ਸਾਰੀ ਬਾਣੀ ਦੀ ਤਰਤੀਬ ਵਿਚ ਬੜੇ ਵਡੇ ਫ਼ਰਕ ਹਨ, ਅਤੇ ਥੋੜਾ ਬਹੁਤਾ ਬਾਣੀ ਦਾ ਵੀ ਫ਼ਰਕ ਹੈ। ਛਾਪੇ ਦੇ ਗ੍ਰੰਥ ਸਾਹਿਬਾਂ ਵਿਚ ਇਹ 'ਭੋਗ ਦੀ ਬਾਣੀ' ਹੇਠਲੀ ਤਰਤੀਬ ਸਿਰ ਦਿਤੀ ਹੁੰਦੀ ਹੈ:—

I (ੳ) ਸਲੋਕ ਸਹਸਕ੍ਰਿਤੀ ਮਹਲਾ ੧। (੪)* ॥
(ਅ) ਸਲੋਕ ਸਹਸਕਿਰਤੀ ਮਹਲਾ ੫ (੬੭) †।
(ੲ) ਗਾਥਾ ਮਹਲਾ ੫ (੨੪)।
(ਸ) ਫੁਨਹੇ ਮਹਲਾ ੫ (੨੩)।
(ਹ) ਚਉਬੋਲੇ ਮਹਲਾ ੫ (੧੧)
II (ਕ) ਸਲੋਕ ਕਬੀਰ ਜੀ (੨੪੩ ਅਤੇ ਕਿਤੇ ੨੪੭)।
(ਖ) ਸਲੋਕ ਫਰੀਦ ਜੀ (੧੩੦ ਅਤੇ ਕਿਤੇ ੧੩੨)।
III (ਗ) ਸਵੱਯੇ ਸ੍ਰੀ ਮੁਖ ਵਾਕ ਮਹਲਾ ੫ (੯)।
ਸਵੱਯੇ ਸ੍ਰੀ ਮੁਖ ਵਾਕ ਮਹਲਾ ੫ (੧੧)।
IV (ਘ) ਸਵੱਯੇ ਭਟਾਂ ਕੇ (ਬਾਬਤ):—

---

*ਖ਼ਾਲੀ ਪਹਿਲਾ ਸਲੋਕ ਹੀ ਮਹਲੇ ਪਹਿਲੇ ਦਾ ਹੈ। ਬਾਕੀ ਦੇ ਤਿਨ ਮ: ੨ ਦੇ ਦਸੇ ਗਏ ਹਨ।

†ਇਹਨਾਂ ਵਿਚ ਕਈ ਸਤਰਾ ਸਗਵੀਆਂ ਚਰਪਟ ਨਾਥ ਦੀ ਰਚਨਾ ਵਿਚੋਂ ਲਈਆਂ ਹੋਈਆਂ ਹਨ, ਜਿਵੇਂ (੧) ਕਤੰਚ ਮਾਤਾ ਕਤੰਚ ਪਿਤਾ, ਆਦਿ। (੨) ਨਹ ਬਿਲੰਬ ਧਰਮੰ ਬਿਲੰਬ ਪਾਪੰ। (੩) ਹੇ ਕਾਮੰ ! ਨਰਕ ਬਿਸਰਾਮੰ, ਆਦਿ



Sri Satguru Jagjit Singh Ji Elibrary NamdhariElibrary@gmail.com

੧. ਮਹਲੇ ਪਹਿਲੇ ਕੇ (੧੦) ।
੨. ਮਹਲੇ ਦੂਜੇ ਕੇ (੧੦) ।
੩. ਮਹਲੇ ਤੀਜੇ ਕੇ (੨੨) ।
੪. ਮਹਲੇ ਚਉਥੇ ਕੇ (੬੦) ।
੫. ਮਹਲੇ ਪੰਜਵੇਂ ਕੇ (੨੧)* ।

V (ਙ) ਸਲੋਕ ਵਾਰਾਂ ਤੇ ਵਧੀਕ :—
੧. ਮਹਲੇ ਪਹਿਲੇ ਕੇ (੩੩) ।
੨. ਮਹਲੇ ਤੀਜੇ ਕੇ (੬੭) ।
੩. ਮਹਲੇ ਚਉਥੇ ਕੇ (੩੦) ।
੪. ਮਹਲੇ ਪੰਜਵੇਂ ਕੇ (੨੨) ।
(ਏਥੇ ਮਹਲੇ ਨਾਵੇਂ ਦੇ ਸਲੋਕ ੫੭ ਪਿਛੋਂ ਵਧਾਏ ਗਏ ਹਨ) ।

VI (ਚ) ਮੁੰਦਾਵਣੀ

ਗ੍ਰੰਥ ਸਾਹਿਬ ਦੇ ਵਿਚਕਾਰਲੇ ਭਾਗ ਦੀ ਤਰਤੀਬ ਤੇ ਜੇ ਟੁਰਦੇ ਤਦ ਉਪਰਲੀ ਬਾਣੀ (ਙ) 'ਸਲੋਕ ਵਾਰਾਂ ਤੇ ਵਧੀਕ', ਅਤੇ (ਗ) 'ਸਵੱਯੇ ਸ੍ਰੀ ਮੁਖ ਵਾਕ,' ਇਹ (ਕ) 'ਸਲੋਕ ਕਬੀਰ' ਤੇ (ਖ) 'ਸਲੋਕ ਫ਼ਰੀਦ' ਤੋਂ ਪਹਿਲੇ ਆਉਣੇ ਚਾਹੀਦੇ ਸਨ, ਅਤੇ ਏਸੇ ਤਰ੍ਹਾਂ (ਘ) 'ਸਵੱਯੇ ਭਟਾਂ ਦੇ' ਭੀ ਇਹਨਾਂ ਤੋਂ ਪਹਿਲੇ ਰਖੇ ਜਾਣੇ ਚਾਹੀਦੇ ਸਨ। ਮਤਲਬ ਇਹ ਕਿ ਭਗਤ ਬਾਣੀ 'ਸਲੋਕ ਕਬੀਰ' ਤੇ 'ਸਲੋਕ ਫਰੀਦ' ਸਭ ਤੋਂ ਪਿਛੇ ਆਉਣੇ ਸਨ। ਅਤੇ ਇਹੋ ਤਰਤੀਬ ਕਈ ਪ੍ਰਾਚੀਨ ਬੀੜਾਂ ਵਿਚ ਦੇਖੀ ਹੈ। ਪਰ ਕਿਤੇ ਸਵੱਯਾਂ ਨੂੰ ਇਕਠੇ ਕਰਨ ਖ਼ਾਤਰ, ਇਹਨਾਂ ਸਲੋਕਾਂ ਨੂੰ ਪਹਿਲੇ ਕਰ ਦਿੱਤਾ ਹੈ। ਕੁਝ ਮਨੀਆਂ ਹੋਈਆਂ ਪ੍ਰਾਚੀਨ ਬੀੜਾਂ ਵਿਚ 'ਮੁੰਦਾਵਣੀ' ਦਾ ਦੂਜਾ ਸਲੋਕ 'ਤੇਰਾ ਕੀਤਾ ਜਾਤੋ ਨਾਹੀ' ਵਾਲਾ 'ਸਲੋਕ ਵਾਰਾਂ ਤੋਂ ਵਧੀਕ' ਦੇ ਸਿਰਨਾਵੇਂ ਹੇਠਾਂ ਮਹਲੇ ਪੰਜਵੇਂ ਦੇ ਸਲੋਕਾਂ ਵਿਚ ਰਲਾਕੇ ਫੇਕਣ ਤੇ ਦਿੱਤਾ ਹੈ, ਅਤੇ ਫੇਰ

---

*ਇਹ ਸਵੱਯੇ ੧੭ ਭੱਟਾਂ ਦੇ ਕਹੇ ਹਨ ਜੋ ਸਾਰੇ ਬ੍ਰਾਹਮਣ ਸਨ, ਜਿਨ੍ਹਾਂ ਦੇ ਘਰੇਲੂ ਅਪਣੇ ਨਾਮ ਸਨ : ਜਲਜ; ਕਲਜ, ਭਿਖਾ; ਟੱਲ; ਕਲਜ; ਜਾਲਪ ਸੀ ਸਲਜ; ਅੱਪਾ; ਸਰਣ; ਮਥਰਾ; ਹਰਿਬੰਸ; ਜਲ੍ਹਣ; ਨਲ; ਦਲ; ਕੀਰਤ: ਗੋਇੰਦ ਦਾਸ ਤੇ ਸਦਾ ਰੰਗ। ਏਸੇ ਤਰ੍ਹਾਂ ਡੂਮਾਂ ਦੇ ਨਾਮ ਸਨ : ਰਾਇ ਬਲਵੰਡ, ਸੱਤਾ ਡੂਮ, ਰਬਾਬੀ ਮਰਦਾਨਾ ।



Sri Satguru Jagjit Singh Ji Elibrary NamdhariElibrary@gmail.com

"੧ ੴ ਸਤਿਗੁਰ ਪ੍ਰਸਾਦਿ ॥
ਮੁੰਦਾਵਣੀ ਮਹਲਾ ੫ ॥"

ਇਹ ਸਿਰਨਾਵਾਂ ਦੇਕੇ ਮੁੰਦਾਵਣੀ ਵਾਲਾ ਅਸਲੀ ਸਲੋਕ
"ਥਾਲ ਵਿਚਿ ਤਿਨ ਵਸਤੂ ਪਈਓ.........................
ਸਭੁ ਨਾਨਕ ਬ੍ਰਹਮ ਪਸਾਰੋ ॥"

ਦਿਤਾ ਹੈ। ਅਤੇ ਇਹ ਸਾਰੇ 'ਸਲੋਕ ਵਾਰਾਂ ਤੋਂ ਵਧੀਕ' ਵਿਚਾਲੇ, ਭੱਟਾਂ ਦੇ ਸਵੱਯਾਂ ਤੋਂ ਪਹਿਲੇ ਆਏ ਹਨ। ਮੁੰਦਾਵਣੀ ਛੇਕੜ ਪੁਰ ਨਹੀਂ ਜਿਸ ਤਰ੍ਹਾਂ ਕਿ ਛਾਪੇ ਦੇ ਗ੍ਰੰਥਾ ਵਿਚ ਹੈ।

ਕਿਸੇ ਕਿਸੇ ਬੀੜ ਵਿਚ ਸਲੋਕ ਕਬੀਰ ਤੇ ਫ਼ਰੀਦ ਸਭ ਤੋਂ ਪਿਛੇ ਹਨ ਅਤੇ ਕਿਸੇ ਵਿਚ ਭੱਟਾਂ ਦੇ ਸਵੱਯੇ।

III ਗ੍ਰੰਥ ਸਾਹਿਬ ਵਿਚੋਂ ਹੀ ਕੁਝ ਸ਼ਬਦਾਂ ਨੂੰ ਵਖਰੇ ਕਰਕੇ ਸਵੇਰੇ, ਸੰਧਿਆਂ ਤੇ ਰਾਤੀਂ ਸੌਣ ਤੋਂ ਪਹਿਲੇ ਪੜ੍ਹਨ ਦੀਆਂ ਬਾਣੀਆਂ ਅਰਥਾਤ ਨਿਤਨੇਮ ਦੀਆਂ ਬਾਣੀਆਂ ਇਕੱਠੀਆਂ ਕੀਤੀਆਂ ਹਨ। 'ਜਪੁਜੀ' ਦੀ ਰਚਨਾ ਨਵੀਂ ਹੈ ਜੋ ਗੁਰੂ ਨਾਨਕ ਦੇਵ ਨੇ 'ਉਦਾਸੀ' ਦੇ ਪਿਛੋਂ ਜਦ ਕਰਤਾਰਪੁਰ ਵਿਚ ਆ ਵਸੇ, ਜਪਨ ਦੀ ਖ਼ਾਤਰ ਕੀਤੀ ਸੀ। ਇਹ ਰਚਨਾ ਵਾਰ ਦੀ ਸ਼ਕਲ ਵਿਚ ਪਉੜੀਆਂ ਵਾਲੀ ਸੀ। ਪਿਛੋਂ ਦੂਸਰੇ ਗੁਰੂ ਨੇ ਆਪਣੇ ਰਚੇ ਸਲੋਕ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ' ਵਾਲੇ ਇਸ ਦੇ ਅਖ਼ਰ ਤੇ ਵਧਾਏ, ਅਤੇ ਇਸ ਤਰ੍ਹਾਂ ਵਾਰਾਂ ਨਾਲ ਸਲੋਕ ਰਲਾ ਕੇ ਲਿਖਣ ਦਾ ਖ਼ਿਆਲ ਪੰਚਮ ਪਾਤਸ਼ਾਹੀ ਲਈ ਖੜਾ ਕੀਤਾ। 'ਜਪੁ' ਦਾ ਪਹਿਲਾ ਸਲੋਕ।

ਆਦਿ ਸਚਿ ਜੁਗਾਦਿ ਸਚੁ ॥
ਹੈਭੀ ਸਚਿ ਨਾਨਕ ਹੋਸੀ ਭੀ ਸਚੁ ॥

ਗੁਰੂ ਨਾਨਕ ਸਾਹਿਬ ਦਾ ਆਪਣਾ ਹੀ ਹੈ। ਇਹ 'ਸੁਖਮਨੀ'



Sri Satguru Jagjit Singh Ji Elibrary NamdhariElibrary@gmail.com

ਵਿਚ ਸਤਾਰਵੀਂ ਪਉੜੀ ਦੇ ਸਿਰ ਪੁਰ ਭੀ ਪੰਚਮ ਪਾਤਸ਼ਾਹੀ ਨੇ ਦਿੱਤਾ ਹੈ। ਏਸੇ ਤਰ੍ਹਾਂ 'ਸੋ ਦਰ ਕਿਹਾ' ਵਾਲੀ ਪਉੜੀ 'ਆਸਾ ਦੀ ਵਾਰ' ਵਿਚ ਤੇ ਫੇਰ 'ਰਹਿਰਾਸ' ਵਿਚ ਜੋ ਸੰਧਿਆ ਲਈ ਨਿਤਨੇਮ ਹੈ,-ਆਉਂਦੀ ਹੈ। ਚੂੰਕਿ 'ਆਸਾ ਦੀ ਵਾਰ' ਗੁਰੂ ਨਾਨਕ ਸਾਹਿਬ ਨੇ 'ਜਪੁ' ਨਾਲੋਂ ਪਹਿਲੇ ਰਚੀ ਸੀ, ਇਸ ਕਰਕੇ 'ਜਪੁ' ਅਤੇ 'ਰਹਿਰਾਸ' ਵਿਚ ਉਸੇ 'ਆਸਾ ਦੀ ਵਾਰ' ਵਿਚੋਂ ਲੈਕੇ ਗੁਰੂ ਨਾਨਕ ਸਾਹਿਬ ਨੇ ਪਾਈ ਸੀ। ਰਹਿਰਾਸ ਵਿਚ 'ਸੋ ਪੁਰਖ' ਨਾਲ ਆਰੰਭ ਹੋਣ ਵਾਲੇ ਚਾਰ ਸ਼ਬਦ ਗ੍ਰੰਥ ਸਾਹਿਬ ਦੀ ਬੀੜ ਬਝ ਚੁਕਣ ਦੇ ਪਿਛੋਂ ਦਾਖ਼ਲ ਕੀਤੇ ਗਏ, ਜਿਸ ਤਰ੍ਹਾਂ ਕਿ ਹੋਰ ਭੀ ਪਿਛੋਂ ਦਸਮ ਗ੍ਰੰਥ ਵਿਚੋਂ ਕੁਝ ਸ਼ਬਦ ਲੈ ਕੇ ਵਧਾ ਲਏ।

ਇਹਨਾਂ ਤਿਨਾਂ ਭਾਗਾਂ I, II, ਤੇ III ਦਾ ਸੰਗ੍ਰਹਿ ਪੂਰਣ ਗ੍ਰੰਥ ਸਾਹਿਬ ਹੈ, ਜਿਸਦੇ ਮੁਢ ਵਿਚ ਦੋ ਤਤਕਰੇ, ਇਕ ਰਾਗਾਂ ਦਾ ਤੇ ਦੂਜਾ ਸ਼ਬਦਾਂ ਦਾ ਵਧਾਏ ਹੋਏ ਹਨ।

ਤਰਤੀਬ ਦਾ ਫ਼ਰਕ ਸਿਵਾਏ 'ਭੋਗ ਦੀ ਬਾਣੀ' ਦੇ ਹੋਰ ਕਿਤੇ ਨਹੀਂ ਪਿਆ। ਪਰ ਭਾਈ ਮਨੀ ਸਿੰਘ ਜੀ ਨੇ, ਪਤਾ ਨਹੀਂ ਕਿਸ ਖ਼ਿਆਲ ਨਾਲ, ਰਾਗਾਂ ਹੇਠਾਂ ਦਿਤੀ ਬਾਣੀ ਦੀ ਤਰਤੀਬ ਉਲਟ ਦਿਤੀ ਅਤੇ ਇਕ ਬੀੜ ਤਿਆਰ ਕੀਤੀ; ਜਿਸ ਵਿਚ ਹਰ ਇਕ ਗੁਰੂ ਦੀ ਬਾਣੀ ਨੂੰ ਰਾਗਾਂ ਹੇਠੋਂ ਕਢ ਕੇ ਅੱਡ ਅੱਡ ਇਕ ਥਾਂ ਇਕੱਠਾ ਕਰ ਦਿਤਾ। ਭਾਈ ਸਾਹਿਬ ਨੂੰ ਏਸ ਅਵੱਗਿਆ ਦੀ ਕਰੜੀ ਸਜ਼ਾ ਭੁਗਤਣੀ ਪਈ। ਪਰ ਭਾਈ ਸਾਹਿਬ ਦੀ ਤਰਤੀਬ ਇਕ ਖੋਜੀ ਜਾਂ Critical Student ਵਾਸਤੇ ਕੋਈ ਬੜੀ ਲਾਭਦਾਇਕ ਨਹੀਂ ਸੀ ਹੋ ਸਕਦੀ। ਹਰ ਗੁਰੂ ਦੀ ਬਾਣੀ ਨੂੰ ਅਗੋਂ ਫੇਰ ਸਮੇਂ ਦੇ ਕ੍ਰਮ ਵਿਚ ਲਿਖਣ ਦੀ ਲੋੜ ਸੀ, ਖ਼ਾਸ ਕਰਕੇ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ। ਇਹ ਕੰਮ ਇਕ ਵਿਗਿਆਨਕ ਸੋਝੀ ਵਾਲਾ ਅਤੇ ਬੜਾ ਬਾਖ਼ਬਰ ਆਦਮੀ ਹੀ ਕਰ ਸਕਦਾ ਸੀ। ਜੇ ਗੁਰੂ ਨਾਨਕ ਸਾਹਿਬ ਦੀ ਬਾਣੀ ਸਮੇਂ ਦੇ ਕ੍ਰਮ ਅਨੁਸਾਰ ਦਿਤੀ ਹੁੰਦੀ, ਜਿਸ ਤਰ੍ਹਾਂ ਕਿ



Sri Satguru Jagjit Singh Ji Elibrary NamdhariElibrary@gmail.com

ਉਹ ਪਹਿਲੇ ਪਹਿਲ ਕਹੀ ਜਾਂ ਰਚੀ ਗਈ ਸੀ, ਤਦ ਗੁਰੂ ਨਾਨਕ ਸਾਹਿਬ ਦੇ ਮਾਨਸਕ ਵਿਕਾਸ ਦੀ ਤਸਵੀਰ ਸਾਡੀ ਅਖਾਂ ਦੇ ਸਾਹਮਣੇ ਹੁੰਦੀ, ਅਤੇ ਅਸੀਂ ਵੇਖ ਸਕਦੇ ਕਿ ਕਿਸ ਤਰ੍ਹਾਂ ਸਮੇਂ ਦੇ ਲੰਘਣ ਨਾਲ ਗੁਰੂ ਸਾਹਿਬ ਦੀ ਵਾਕਫ਼ੀ ਹਿੰਦੂ ਅਤੇ ਮੁਸਲਮਾਨ ਧਰਮਾਂ ਬਾਬਤ। ਵਧਦੀ ਚਲੀ ਗਈ, ਅਤੇ ਕਿਸ ਤਰ੍ਹਾਂ ਠੇਠ ਪੰਜਾਬੀ ਵਿਚ ਖੰਡਨ-ਆਤਮਕ ਰਚਨਾਂ ਤੋਂ ਅਤੇ ਇਕ 'ਸ਼ਾਇਰ' ਦੀ ਹੈਸੀਅਤ ਤੋਂ ਟੁਰ ਕੇ, ਉਹਨਾਂ ਦੀ ਰਚਨਾਂ, ਭਾਸ਼ਾ, ਕਵਿਤਾ, ਅਤੇ ਉਚੇ ਖ਼ਿਆਲਾਂ ਦੀ ਉਸ ਮਨਜ਼ਲ ਤਕ ਅਪੜੀ। ਜੋ 'ਆਰਤੀ' ਜਾਂ 'ਜਪ' ਆਦਿ ਦੀ ਰਚਨਾਂ ਤੋਂ ਪ੍ਰਗਟ ਹੋ ਰਹੇ ਹਨ। ਗੁਰੂ ਬਾਬੇ ਦੀ ਵਾਕਫ਼ੀ ਭਾਗਵਤ, ਯੋਗ ਵਸ਼ਿਸ਼ਟ, ਅਤੇ ਮਹਾਂਭਾਰਤ ਦੇ ਸ਼ਾਂਤੀਪਰਵ, ਅਨੁਸਾਸ਼ਨ ਪਰਵ ਤੇ ਭੀਸ਼ਮ ਪਰਵ, ਅਤੇ ਭਗਵਤ ਗੀਤਾ ਵਾਲੇ ਭਾਗਾਂ ਨਾਲ ਅਖ਼ੀਰ ਦੇ ਵੇਲੇ ਤਕ ਬੜੀ ਕਾਫ਼ੀ ਹੋ ਚੁਕੀ ਸੀ। ਏਸੇ ਤਰ੍ਹਾਂ ਕੁਰਾਨ ਦੀ ਤਾਲੀਮ ਤੋਂ ਵੀ, ਫ਼ਕੀਰਾਂ ਤੋਂ ਸੁਣ ਸੁਣਾ ਕੇ ਚੰਗੇ ਜਾਣੂ ਹੋ ਗਏ ਸਨ। ਇਸ ਗਲ ਦਾ ਸਬੂਤ ਉਹਨਾਂ ਦੀ ਪਿਛੇਰੀ ਰਚੀ ਬਾਣੀ ਤੋਂ ਮਿਲ ਜਾਂਦਾ ਹੈ, ਜਿਸ ਵਿਚ ਉਪਮਾ, ਅਲੰਕਾਰ, ਅਤੇ ਵਾਕ ਰਚਨਾ ਏਸ ਤਰ੍ਹਾਂ ਦੇ ਵਰਤੇ ਹਨ, ਜੋ ਦੂਜੇ ਗ੍ਰੰਥਾਂ ਨਾਲ ਮੇਲ ਖਾਂਦੇ ਹਨ। ਭਾਈ ਮਨੀ ਸਿੰਘ ਦੀ ਤਿਆਰ ਕੀਤੀ ਆਦਿ ਗ੍ਰੰਥ ਦੀ ਬੀੜ ਹਜ਼ੂਰ ਸਾਹਿਬ ਅਬਚਲ ਨਗਰ (ਨੰਦੇੜ) ਬੁੰਗਾ ਰਾਮ ਗੜ੍ਹੀਆਂ ਵਿਚ ਮੌਜੂਦ ਦਸੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਪਹਿਲੇ ਔਰੰਗਾਬਾਦ ਵਿਚ ਹੁੰਦੀ ਸੀ, ਅਤੇ ਇਕ ਹੂ-ਬ-ਹੂ ਉਤਾਰਾ ਏਸ ਦਾ ਪਟਨੇ ਸਾਹਿਬ ਭੀ ਹੈ। ਇਹ ਉਤਾਰਾ ਕਿਸ ਕੀਤਾ ਤੇ ਕਿਉਂ, ਇਹ ਨਹੀਂ ਦਸਿਆ ਗਿਆ।

## ੧੦-ਬਾਣੀ ਦਾ ਇਕ ਥਾਂ ਲਿਖੇ ਜਾਣਾ

ਇਕੱਠੀ ਕੀਤੀ ਬਾਣੀ ਦੇ ਹਰ ਸ਼ਬਦ ਸ਼ਲੋਕ ਨੂੰ ਜਦ ਇਕ ਨੀਯਤ ਥਾਂ ਦੇ ਦਿਤੀ ਗਈ, ਅਤੇ ਉਸ ਦੀ ਲਫ਼ਜ਼ੀ ਸੁਧਾਈ ਹੋ ਗਈ,



Sri Satguru Jagjit Singh Ji Elibrary NamdhariElibrary@gmail.com

ਤਦ ਗੁਰੂ ਸਾਹਿਬ ਨੇ ਉਸ ਨੂੰ ਇਕ ਥਾਂ ਲਿਖਣ ਦਾ ਬੰਦੋਬਸਤ ਕੀਤਾ।

ਅੰਮ੍ਰਿਤਸਰ ਉਹਨੀਂ ਦਿਨੀਂ ਹਾਲੀਂ ਪਿੰਡ ਸੀ। ਜਿਥੇ ਹੁਣ ਰਾਮਸਰ ਹੈ, ਉਸ ਨੀਵੀਂ ਥਾਂ ਤੇ ਬੇਰੀਆਂ, ਕਿਕਰਾਂ ਆਦਿ ਦਾ ਇਕ ਸੰਘਣਾ ਝੁੰਡ ਸੀ, ਵਿਚ ਇਕ ਛਪੜ ਵੀ ਸੀ। ਬਾਬਾ ਬੁਢਾ ਤੇ ਭਾਈ ਗੁਰਦਾਸ ਨੂੰ ਨਾਲ ਲੈ ਕੇ ਗੁਰੂ ਸਾਹਿਬ ਏਸ ਅਸਥਾਨ ਨੂੰ ਵੇਖਣ ਗਏ। ਉਥੇ ਦੀ ਇਕਾਂਤ ਅਤੇ ਛਾਂ ਪਸੰਦ ਆਏ, ਮਨਭਾਉਂਦੀ 'ਪਰੈਬਟੀ' ਮਿਲ ਗਈ, ਛਪੜ ਨੂੰ ਸਾਫ ਕਰਾਇਆ ਅਤੇ ਇਕ ਥਾਂ ਚੁਣਕੇ ਉਥੇ ਆਪਣੇ ਰਹਿਣ ਲਈ ਤੰਬੂ ਲਵਾਕੇ, ਸਾਹਮਣੇ ਇਕ ਸਿਹਨ ਕਨਾਤਾਂ ਨਾਲ ਘੇਰ ਲਿਆ। ਕੁਝ ਦੂਰ ਤੇ ਭਾਈ ਗੁਰਦਾਸ ਦੇ ਰਹਿਣ ਲਈ ਤੰਬੂ ਸੀ, ਅਤੇ ਹੋਰ ਥੋੜੇ ਸਿਖਾਂ ਲਈ, ਜੋ ਟਹਿਲ ਸੇਵਾ ਲਈ ਚਾਹੀਦੇ ਸਨ, ਰਹਿਣ ਦਾ ਇੰਤਜ਼ਾਮ ਸੀ। ਰਾਮਸਰ ਦੀ ਸੋਭਾ ਵਿਚ ਖ਼ੁਦ ਗੁਰੂ ਸਾਹਿਬ ਦਾ ਰਚਿਆ ਸ਼ਬਦ ਭੀ ਹੈ, ਜੋ ਰਾਗ ਗਉੜੀ ਵਿਚ ਦਿੱਤਾ ਹੈ:—

ਨਿਤ ਪ੍ਰਤਿ ਨਾਵਣੁ ਰਾਮਸਰਿ* ਕੀਜੈ।<br>
ਝੋਲਿ ਮਹਾਰਸੁ ਹਰਿ ਅੰਮ੍ਰਿਤੁ ਪੀਜੈ ॥ ੧ ॥ ਰਹਾਉ ॥<br>
ਨਿਰਮਲ ਉਦਕੁ ਗੋਬਿੰਦ ਕਾ ਨਾਮ ॥<br>
ਮਜਨੁ ਕਰਤ ਪੂਰਨ ਸਭਿ ਕਾਮ ॥ ੧ ॥<br>
ਸੰਤ ਸੰਗਿ ਤਹਿ ਗੋਸਟਿ ਹੋਇ ॥<br>
ਕੋਟਿ ਜਨਮ ਕੇ ਕਿਲਵਿਖ ਖੋਇ ॥ ੨ ॥<br>
ਸਿਮਰਹਿ ਸਾਧ ਕਰਹਿ ਆਨੰਦੁ ॥<br>
ਮਨਿ ਤਨਿ ਰਵਿਆ ਪਰਮਾਨੰਦੁ ॥ ੩ ॥<br>
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥<br>
ਨਾਨਕ ਦਾਸ ਤਿਸਹਿ ਕੁਰਬਾਨ ॥ ੪ ॥

---

*ਹੋ ਸਕਦਾ ਹੈ ਕਿ 'ਰਾਮਸਰ' ਤੋਂ ਮਤਲਬ ਦਰਬਾਰ ਸਾਹਿਬ ਵਾਲੇ 'ਸਰ' ਦਾ ਹੀ ਹੋਵੇ ਜੋ ਉਹਨੀਂ ਦਿਨੀਂ ਹਾਲੀ ਖੁਦ ਰਿਹਾ ਸੀ। ਜਿਸਦੇ ਇਕ ਪਾਸੇ 'ਮੰਜੀ ਸਾਹਿਬ' ਸੀ।



Sri Satguru Jagjit Singh Ji Elibrary NamdhariElibrary@gmail.com

ਬਾਬਾ ਬੁਢਾ ਜੀ ਨੂੰ ਕਿਹਾ ਕਿ ਤੁਸੀਂ 'ਮੰਜੀ ਸਾਹਿਬ' ਤੇ ਰਹੋ। ਇਹ 'ਮੰਜੀ ਸਾਹਿਬ' ਹੀ ਉਹਨੀਂ ਦਿਨੀਂ ਗੁਰਦਵਾਰਾ ਜਾਂ ਧਰਮਸਾਲ ਦਾ ਕੰਮ ਦੇਂਦੀ ਸੀ। ਹੋਰ ਹੁਕਮ ਦਿੱਤਾ ਕਿ ਸਾਨੂੰ ਮਿਲਨ ਲਈ ਕੋਈ 'ਰਾਮ-ਸਰ' ਨਾ ਆਵੇ, ਅਸੀਂ ਆਪ ਹੀ 'ਮੰਜੀ ਸਾਹਿਬ' ਆਇਆ ਕਰਾਂਗੇ। ਸੋ ਜਿਨਾਂ ਚਿਰ ਆਪ ਜੀ ਰਾਮਸਰ ਰਹੇ, ਤੀਜੇ ਪਹਿਰ ਮੰਜੀ ਸਾਹਿਬ ਆਉਂਦੇ, ਅਤੇ ਸੰਗਤਾਂ ਨੂੰ ਦਰਸ਼ਨ ਦੇ ਕੇ ਪਹਿਰ ਦਿਨ ਰਹਿੰਦੇ ਮੁੜ ਡੇਰੇ ਚਲੇ ਜਾਂਦੇ।

ਜਦ ਸਾਰੀ ਤਿਆਰੀ ਹੋ ਗਈ ਤਦ ਗੁਰੂ ਜੀ ਸ਼ੁਭ ਦਿਨ ਦੇਖ ਪੋਥੀਆਂ ਨੂੰ ਪਾਲਕੀ ਵਿਚ ਰਖਕੇ ਖ਼ੂਬ ਧੂਮ ਧਾਮ ਨਾਲ ਉਥੇ ਲੈ ਚਲੇ :—

ਪੁਨ ਖ਼ਾਸ* ਚੌਫੇਰ, ਸੁਚਾਰੋ ਲਗੇਸ, ਗੁਰੂ, ਗੁਰਪੁਤ੍ਰ
ਬੁਢਾ ਅਰ ਭਾਈ।
ਧੁਨ ਸੰਖਨ ਕੀ ਸੁ ਅਪਾਰ ਭਈ, ਮਿਲ ਦੇਵ-ਬਧੂ ਸਭ
ਦੇਖਨ ਆਈ।

ਅਗਲੀ ਸਵੇਰ ਕੰਮ ਆਰੰਭ ਹੋਇਆ।

ਤਬ ਸ੍ਰੀ ਗੁਰੂ ਮੁਖੋਂ ਉਚਾਰੇ।
ਸੁਨ ਭਾਈ ਗੁਰਦਾਸ ਪਿਆਰੇ।
ਰਚੋ ਬੀੜ ਗੁਰੂ ਗ੍ਰੰਥ ਅਪਾਰਾ।
ਗੁਰਮੁਖੀ ਅਖਰਨਿ ਮੈਂ ਸੁਖ ਧਾਰਾ॥

ਇਹ ਸੁਣਕੇ ਭਾਈ ਜੀ ਨੇ

ਤਾਤਕਾਲ ਪਤ੍ਰ ਰਚ ਲੀਨੇ॥
ਏਕ ਤਾਵ ਕੇ ਚਾਰ ਸੁ ਕੀਨੇ॥

ਅਤੇ ਮਿਸਤਰ ਨਾਲ ਲੀਕਾਂ ਪਾਕੇ ਪਹਿਲੀ ਜੁਜ਼ ਗੁਰੂ ਸਾਹਿਬ ਅਗੇ ਰਖੀ, ਜਿਸਦੇ ਪਹਿਲੇ ਸਫੇ ਪੁਰ ਉਹਨਾਂ ਨੇ ਆਪਣੇ ਕਰ ਕੰਵਲ ਨਾਲ ਮੂਲ ਮੰਤ੍ਰ ਲਿਖ ਦਿੱਤਾ, ਜਿਸ ਵਲ ਭਾਈ ਸਾਹਿਬ ਨੇ ਤਤਕਰਾ ਬਣਾਂਦੇ

---

*ਖ਼ਾਸ, ਖ਼ਾਸਾ = ਪਾਲਕੀ।



Sri Satguru Jagjit Singh Ji Elibrary NamdhariElibrary@gmail.com

ਸਮੇਂ 'ਜਪੁ ਨੀਸ਼ਾਣ'* ਲਿਖਕੇ ਸੰਕੇਤ ਕੀਤਾ ਹੈ। 'ਜਪੁ' ਸ੍ਰੀ ਗੁਰੂ ਰਾਮਦਾਸ ਜੀ ਦੇ ਹਥਾਂ ਦਾ ਲਿਖਿਆ ਮੌਜੂਦ ਸੀ, ਸੋ ਉਸ ਤੋਂ ਨਕਲ ਕੀਤਾ। 'ਸੋਦਰ' 'ਰਹਿਰਾਸ' ਦੇ ਪਹਿਲੇ ਪੰਜ ਸ਼ਬਦ ਵੀ ਕਿਸੇ ਪੁਰਾਣੇ ਗੁਟਕੇ ਤੋਂ ਨਕਲ ਕੀਤੇ, ਜਿਸ ਵਿਚ ਹਾਲੀਂ 'ਸੋ ਪੁਰਖ' ਵਾਲੇ ਚਾਰ ਸ਼ਬਦ ਨਹੀਂ ਸਨ ਲਿਖੇ ਗਏ। 'ਕੀਰਤਨ ਸੋਹਲਾ' ਜਿਸ ਵਿਚ ਚੌਥੇ ਅਤੇ ਪੰਜਵੇਂ ਗੁਰੂ ਦੇ ਸ਼ਬਦ ਭੀ ਹਨ, ਉਹ ਪੰਜਵੇਂ ਗੁਰੂ ਦੇ ਲਿਖੇ ਪਤ੍ਰਿਆਂ ਤੋਂ ਨਕਲ ਕੀਤੇ ਹੋਣਗੇ। ਏਸੇ ਤਰ੍ਹਾਂ ਹੋਰ ਬਾਣੀਆਂ ਜਿਉਂ ਜਿਉਂ ਗੁਰੂ ਸਾਹਿਬ ਦਰੁਸਤ ਕਰਕੇ ਭਾਈ ਜੀ ਨੂੰ ਦੇਂਦੇ ਗਏ, ਭਾਈ ਜੀ ਲਿਖਦੇ ਗਏ। ਰੋਜ਼ ਦਾ ਨੇਮ ਇਹ ਸੀ ਕਿ ਇਸ਼ਨਾਨ ਪਾਣੀ ਤੋਂ ਵਿਹਲੇ ਹੋਕੇ ਚਾਨਣ ਹੁੰਦਿਆਂ ਹੀ ਕਨਾਤ ਦੇ ਅੰਦਰ ਸਿਹਨ ਵਿਚ ਇਕ ਬੇਰੀ ਦੇ ਹੇਠਾਂ ਬੈਠ ਜਾਂਦੇ। ਕੁਝ ਤਾਂ ਬੋਲਕੇ ਲਿਖਵਾਂਦੇ, ਅਤੇ ਬਹੁਤ ਕਰਕੇ ਬਾਣੀ ਲਿਖੀ ਹੋਈ ਦੇ ਖੁਲ੍ਹੇ ਪਤ੍ਰੇ ਆਪ ਦਰੁਸਤ ਕਰਕੇ ਭਾਈ ਗੁਰਦਾਸ ਨੂੰ ਨਕਲ ਕਰਨ ਲਈ ਦੇਂਦੇ ਜਾਂਦੇ। ਜਦ ਭਾਈ ਜੀ ਲਿਖਾਈ ਕਰ ਰਹੇ ਹੁੰਦੇ ਸਨ, ਤਦ ਗੁਰੂ ਸਾਹਿਬ ਹੋਰ ਬਾਣੀ ਨੂੰ ਵੇਖ ਅਤੇ ਸੋਧ ਰਹੇ ਹੁੰਦੇ ਸਨ।

---

*'ਨੀਸ਼ਾਨ' ਸ਼ਾਹੀ ਫ਼ੁਰਮਾਨ ਨੂੰ ਕਹਿੰਦੇ ਸਨ। ਸ਼ਾਹਜ਼ਾਦੇ ਭੀ ਜਦ ਸੂਬੇਦਾਰ ਹੁੰਦੇ ਸਨ, ਇਹ 'ਨੀਸ਼ਾਨ' ਦਿਆ ਕਰਦੇ ਸਨ, ਜਿਸ ਤਰ੍ਹਾਂ ਅੰਗ੍ਰੇਜ਼ੀ ਫਰਾਂਸੀਸੀ ਆਦਿ ਕੰਪਨੀਆਂ ਨੂੰ ਇਹੋ ਜਿਹੇ 'ਨੀਸ਼ਾਨਾਂ' ਨਾਲ ਫ਼ੈਕਟਰੀਆਂ ਆਦਿ ਖੋਲਣ ਤੇ ਤਜਾਰਤ ਕਰਨ ਦੀ ਇਜਾਜ਼ਤ ਦਿੱਤੀ ਗਈ। ਭਾਈ ਸਾਹਿਬ ਲਈ ਗੁਰੂ ਸਾਹਿਬ ਦੇ ਹਥ ਦਾ 'ਨੀਸ਼ਾਨ' ਨਾ ਨਿਰਾ ਸਨਦ ਜਾਂ authority ਹੀ ਸੀ, ਸਗੋਂ 'ਮੰਗਲਾ ਚਰਣ' ਵਜੋਂ ਵੀ ਸੀ, ਜਿਸ ਤਰ੍ਹਾਂ ਮੁਸਲਮਾਨ ਵੀ ਕਿਤਾਬ ਲਿਖਦੇ ਸਮੇਂ ਕਸੇ ਬਜ਼ੁਰਗ ਤੋਂ ਪਹਿਲੇ ਸਫ਼ੇ ਪੁਰ 'ਤਬਰੱਕਨ', 'ਬਿਸਮਿਲਾ' ਲਿਖਵਾ ਲੈਂਦੇ ਸਨ। ਗੁਰੂ ਸਾਹਿਬਾਨ ਦੇ ਵੇਲੇ ਜਿਨ੍ਹੇ ਭੀ ਗ੍ਰੰਥ ਸਾਹਿਬ ਦੇ ਉਤਾਰੇ ਲਿਖਾਰੀਆਂ ਨੇ ਕੀਤੇ, ਕੰਮ ਆਰੰਭਣ ਤੋਂ ਪਹਿਲੇ ਗੁਰੂ ਸਾਹਿਬ ਦਾ 'ਨਿਸ਼ਾਨ' ਇਕ ਕਾਗ਼ਜ਼ ਪੁਰ, ਜੋ ਕਈ ਵਾਰੀ ਸੁਨਹਿਰੀ ਰੁਪਹਿਰੀ ਹੁੰਦਾ ਸੀ, ਗੁਰੂ ਸਾਹਿਬ ਦੀ ਹਥੀਂ ਲਿਖਵਾ ਲੈਂਦੇ ਸਨ, ਅਤੇ ਗੁਰੂ ਸਾਹਿਬ ਮੂਲ ਮੰਤ੍ਰ ਪੂਰਾ ਜਾਂ ਕੁਝ ਸੰਖੇਪ ਕਰਕੇ ਜਾਂ ਕੁਝ ਹੋਰ ਉਹੋ ਜਿਹੇ ਲਫ਼ਜ਼ ਲਿਖ ਦੇਂਦੇ ਸਨ ਜਿਸ ਤਰ੍ਹਾਂ 'ਗੁਰੂ ਸਹਾਇ'। ਬਹੁਤ ਸਾਰੀਆਂ ਪ੍ਰਾਚੀਨ ਬੀੜਾਂ ਵਿਚ ਇਹ 'ਨੀਸ਼ਾਨ' ਮੌਜੂਦ ਹਨ।



Sri Satguru Jagjit Singh Ji Elibrary NamdhariElibrary@gmail.com

ਇਹਨਾਂ ਸੋਧੇ ਪੱਤ੍ਰਿਆਂ ਦੇ ਛੇਕੜ ਉਹ ਲਫ਼ਜ਼ 'ਸ਼ੁਧ' ਲਿਖ ਦੇਂਦੇ ਅਤੇ ਕਈ ਵਾਰੀ ਭਾਈ ਗੁਰਦਾਸ ਲਈ ਖ਼ਾਸ ਹਦਾਇਤਾਂ ਦਰਜ ਕਰ ਦੇਂਦੇ. ਜਿਸ ਤਰ੍ਹਾਂ ਰਾਗ ਗਉੜੀ ਵਿਚ ਇਕ ਥਾਂ ਅਖ਼ੀਰ ਤੇ ਇਹ ਹਦਾਇਤ ਹੈ:—'ਇਹ ਸ਼ਲੋਕ ਆਦਿ ਅੰਤ ਪੜ੍ਹਨਾ'। ਸੋ ਭਾਈ ਸਾਹਿਬ ਨੇ ਉਹ ਸ਼ਲੋਕ ਉਸ ਜੁਜ਼ ਦੇ, ਜੋ ਉਹ ਉਸ ਵੇਲੇ ਨਕਲ ਕਰ ਰਹੇ ਸਨ, ਪਹਿਲੇ ਵੀ ਤੇ ਪਿਛੇ ਵੀ ਲਿਖਿਆ ਹੈ। ਜਾਂ ਇਕ ਹੋਰ ਥਾਂ (ਰਾਗ ਗਉੜੀ ਵਾਰ ਮ: ੫ ਦੇ ਅਖ਼ੀਰ ਤੇ) ਇਹ ਹਦਾਇਤ ਹੈ: "ਸੁਧ ਕੀਚੈ" ਜਿਸਦਾ ਮਤਲਬ ਹੈ ਕਿ ਨਕਲ ਕਰਨ ਵਿਚ ਗ਼ਲਤੀਆਂ ਹੋਈਆਂ ਹਨ, ਅਸਲ ਨਾਲ ਮੁਕਾਬਲਾ ਕਰਕੇ ਸੋਧ ਲਉ।

ਲਿਖਾਈ ਦਾ ਕੰਮ ਦੁਪਹਿਰ ਤਕ ਹੁੰਦਾ ਰਹਿੰਦਾ; ਫੇਰ ਪ੍ਰਸ਼ਾਦ ਛਕ ਕੇ ਤੇ ਕੁਝ ਆਰਾਮ ਕਰਕੇ ਗੁਰੂ ਸਾਹਿਬ 'ਮੰਜੀ ਸਾਹਿਬ' ਚਲੇ ਜਾਂਦੇ ਅਤੇ ਉਥੋਂ ਵਾਪਸ ਆ ਕੇ ਸੰਧਿਆਂ ਨੂੰ ਚਾਨਣੇ ਚਾਨਣੇ, ਜਿੰਨੀ ਕੁ ਵੇਹਲ ਮਿਲਦੀ, ਅਗਲੇ ਦਿਨ ਲਈ ਤਿਆਰੀ ਕਰਦੇ, ਜਾਂ ਨਵੀਂ ਬਾਣੀ ਰਚਦੇ। ਭਾਈ ਗੁਰਦਾਸ ਬਾਬਤ ਭੀ ਲਿਖਿਆ ਹੈ ਕਿ ਉਹਨਾਂ ਨੇ ਵੀ ਆਪਣੀ ਕੁਝ ਰਚਨਾ ਇਹਨੀਂ ਦਿਨੀਂ ਹੀ ਰਚੀ ਸੀ।

ਭਾਈ ਜੀ ਦਾ ਲਿਖਾਈ ਦਾ ਕੰਮ ਵੀ ਸੁਖਾਲਾ ਨਹੀਂ ਸੀ, ਲਗਾਂ ਸੋਧ ਕੇ ਸਹਿਜੇ ਸਹਿਜੇ ਲਿਖਾਈ ਕਰਨੀ ਸੀ। ਲਿਖਾਈ ਦਾ ਕੰਮ ਇਕ ਬੈਠਕ ਵਿਚ ਬਹੁਤਾ ਹੋ ਭੀ ਨਹੀਂ ਸੀ ਸਕਦਾ। ਜੇਕਰ ਤਿੰਨ ਜਾਂ ਚਾਰ ਸਫ਼ੇ ਔਸਤਨ ਰੋਜ਼ ਲਿਖਨ, ਤਦ ੬੬੯×੨ ਸਫ਼ੇ, ਜੋ ਆਦਿ ਬੀੜ ਦੇ ਸਨ, ਲਿਖਣ ਲਈ ਵਰ੍ਹਾ ਭਰ ਲਗ ਜਾਣਾ ਮਾਮੂਲੀ ਗਲ ਸੀ। ਫੇਰ ਕੋਈ ਪੰਜਾਹ ਸਫ਼ੇ ਤਤਕਰਿਆਂ ਦੇ ਵੀ ਤਿਆਰ ਕਰਨੇ ਸਨ। ਸਮਝੋ ਕਿ ਪਹਿਲੀ ਕਾਂਟ ਛਾਂਟ ਤੋਂ ਪਿਛੋਂ ਲਿਖਾਈ ਲਿਖਾਈ ਉਤੇ ਹੀ ਕੋਈ ਸਵਾ ਜਾਂ ਡੇਢ ਵਰ੍ਹਾ ਲੱਗਾ ਹੋਵੇਗਾ।

ਸਮਾਂ ਪਾਕੇ ਗ੍ਰੰਥ ਸਾਹਿਬ ਲਿਖਿਆ ਗਿਆ। ਗੁਰੂ ਸਾਹਿਬ ਨੇ ਬੜੀ ਖ਼ੁਸ਼ੀ ਮਨਾਈ, ਅਤੇ ਕੜਾਹ ਪ੍ਰਸ਼ਾਦ ਕਰਾਕੇ ਵੰਡਿਆ। ਹੁਣ ਜਿਲਦ ਬਨ੍ਹਾਣੀ ਬਾਕੀ ਸੀ। ਇਸਦਾ ਜ਼ਿਕਰ ਅਗੇ ਆਵੇਗਾ।



Sri Satguru Jagjit Singh Ji Elibrary NamdhariElibrary@gmail.com

# ੧੧-ਗ੍ਰੰਥ ਸਾਹਿਬ ਬਾਬਤ ਸਿਖਾਂ ਵਿਚ
# ਕੁਝ ਪ੍ਰਚੱਲਤ ਗ਼ਲਤ ਗੱਲਾਂ

'ਗੁਰਬਿਲਾਸ ਛੇਵੀਂ ਪਾਤਸ਼ਾਹੀ,' ਅਤੇ 'ਸੂਰਜ ਪ੍ਰਕਾਸ਼' ਆਦਿ ਇਤਿਹਾਸਾਂ* ਵਿਚ ਲਿਖਿਆ ਹੈ ਕਿ ਕਿਸ ਤਰ੍ਹਾਂ ਕਬੀਰ, ਨਾਮਦੇਵ ਆਦਿ ਭਗਤ ਪਹਿਰ ਰਾਤ ਰਹਿੰਦੀ ਗੁਰੂ ਅਰਜਨ ਦੇਵ ਪਾਸ ਆਉਂਦੇ ਸਨ, ਅਤੇ ਪਿਛੋਂ ਦਿਨ ਚੜ੍ਹੇ ਕਿਸ ਤਰ੍ਹਾਂ ਉਹਨਾਂ ਭਗਤਾਂ ਦੀ ਸੁਣਾਈ ਬਾਣੀ ਆਪ ਬੋਲਕੇ ਭਾਈ ਗੁਰਦਾਸ ਤੋਂ ਲਿਖਵਾਂਦੇ ਸਨ। ਅਸੀਂ ਇਸ ਬਾਬਤ ਉਪਰ ਕੁਝ ਜ਼ਿਕਰ ਕਰ ਆਏ ਹਾਂ।

ਏਸੇ ਤਰ੍ਹਾਂ ਤੀਹ ਰਾਗਾਂ ਹੇਠ ਬਾਣੀ ਲਿਖੇ ਜਾਣਦੇ ਪਿਛੋਂ,

ਏਕ ਸਮੇ ਪੰਡਿਤ ਦੋ ਆਏ। ਕਾਸ਼ੀ ਤੇ, ਬਡ ਗੁਣੀ ਸੁਨਾਏ।
ਕ੍ਰਿਸ਼ਣਲਾਲ ਹਰਿਲਾਲ ਸੁ ਨਾਮ। ਦੋਊ ਭ੍ਰਾਤ ਸੁੰਦਰ ਸੁਖ ਧਾਮ।

ਗੁਰੂ ਅਰਜਨ ਜੀ ਨੂੰ ਮਥਾ ਆ ਟੇਕਿਆ। ਗੁਰੂ ਜੀ ਨੇ ਬੜੇ ਆਦਰ ਨਾਲ ਪਾਸ ਬਿਠਾਲਕੇ ਹਾਲ ਚਾਲ ਪੁਛਿਆ। ਉਹਨਾਂ ਉਤਰ ਦਿੱਤਾ ਕਿ :-

ਏਕ ਸਮੇ ਨਾਨਕ ਨਰੰਕਾਰੀ। ਕਾਸੀ ਗਏ ਗੁਰੂ ਸੁਖ ਧਾਰੀ।
ਮੁਹਿ ਦਾਦੇ ਸੋ ਸੰਗਤ ਭਈ। ਅਨਿਕ ਭਾਂਤ ਕੀ ਚਰਚਾ ਕਈ॥
ਬਹੁਰ ਉਪਦੇਸ਼ ਗੁਰੂ ਜੀ ਕੀਨੇ। ਚਾਰ ਸ਼ਲੋਕ ਪਠੇ ਸੁਖ ਦੀਨੇ॥
ਸੋ ਸਲੋਕ ਹੈਂ ਕੰਠ ਹਮਾਰੇ। ਸੁਨੋ ਪ੍ਰਭ ਹਮ ਕਹੈਂ ਉਦਾਰੇ॥
'ਪਢੂ ਪੁਸਤਕ ਸੰਧਿਆ ਬਾਦੰ।' ਇਹ ਬਿਧ ਭਾਖੇ ਰੂਪ ਅਨਾਦੰ॥

---

*'ਇਤਿਹਾਸ' (=ਇਤਿ—ਆਹ—ਸ) ਦੇ ਮਾਦੀ ਅਰਥ (etymological meaning) ਹਨ 'ਇਹ ਕਹਿੰਦੇ ਹਨ' ਅਰਥਾਤ ਕਿੱਸਾ, ਕਹਾਣੀ ਜਾਂ ਅਫ਼ਸਾਨਾ। ਸਿਖ ਇਤਿਹਾਸਕਾਰ ਪੁਰਾਣਾ ਆਦਿ ਦੇ ਕਿੱਸੇ ਕਹਾਣੀਆਂ ਪੁਰ ਪਲਦੇ ਸਨ, ਜਿਨ੍ਹਾਂ ਦਾ ਨਾਮ ਆਰਯਾ ਸਮਾਜੀਆਂ ਨੇ 'ਪੌਰਾਣਕ ਗਪੋੜੇ' ਰੱਖਿਆ ਹੈ, ਸੋ ਵਿਚਾਰੇ ਆਪਣੀ 'ਪੌਰਾਣਕ-ਸਿਖਿਆ' ਤੋਂ ਉਪਰ ਨਹੀਂ ਸਨ ਉਠ ਸਕਦੇ।



Sri Satguru Jagjit Singh Ji Elibrary NamdhariElibrary@gmail.com

ਆਪ ਕ੍ਰਿਪਾ ਕਰ ਅਵਰ ਸੋ ਕਹੇ। ਜਾਂਤੇ ਮੁਕਤ ਪਦਾਰਥ ਲਹੇ॥
ਚਾਰ ਸ਼ਲੋਕ ਲਿਖੇ ਗੁਰ ਸੋਊ। ਸ੍ਰੀ ਮੁਖ ਕਹਾ ਸੁਣੋ ਤੁਮ ਦੋਊ॥
ਸ੍ਰੀ ਮੁਖ ਕਰੇ ਸਲੋਕ ਬਖਾਨ। ਸਤਾਹਠ ਸੰਸਕ੍ਰਿਤ ਮੈਂ ਜਾਨ॥

ਦੋਹਰਾ॥ 'ਕਤੰਚ ਮਾਤਾ' ਤੇ ਆਦਿ ਲੈ ਗਾਥਾ ਦੀਓ ਸੁਨਾਇ।
ਦੋਊ ਭ੍ਰਾਤ ਆਨੰਦ ਭਰੇ ਰਹੇ ਚਰਣ ਲਪਟਾਇ॥
ਸੋ ਸ਼ਲੋਕ ਗੁਰੂ ਗ੍ਰੰਥ ਲਿਖ ਬਿਪ੍ਰਨ ਦੀਏ ਸੁਨਾਇ।
ਆਪਨਿ ਦੇਸ ਕਲਿਆਨ ਹਿਤ ਪੰਡਤਨਿ ਲਿਖੇ ਬਨਾਇ॥
ਤਥਾ ਸਤ ਬਚ ਸ੍ਰੀ ਗੁਰੂ ਕਹੇ ਤਬੇ ਦੋਊ ਹਰ ਖਾਇ।
ਕਾਂਸੀ ਕੋ ਜਾਵਤ ਭਏ ਸ੍ਰੀ ਗੁਰੂ ਪਾਦ ਮਨਾਇ॥

'ਸ਼ਲੋਕ ਸੰਸਕ੍ਰਿਤੀ' ਅਤੇ 'ਗਾਥਾ' ਨਾਮ ਦੇ ਸਲੋਕ ਜੋ 'ਭੋਗ ਦੀ ਬਾਣੀ' ਵਿਚ ਗੁਰੂ ਨਾਨਕ ਸਾਹਿਬ ਦੇ ਨਾਮ ਪੁਰ ਅਤੇ ਪੰਚਮ ਗੁਰੂ ਦੇ ਨਾਮ ਪੁਰ ਦਿਤੇ ਹਨ, ਉਹਨਾਂ ਦੇ ਬਣਨ ਦੇ ਮੌਕਿਆ ਅਤੇ ਸਬਬਾਂ ਨੂੰ ਦਸਣ ਲਈ ਇਹ ਕਹਾਣੀ ਘੜੀ ਗਈ ਹੈ, ਜਿਸ ਤਰ੍ਹਾਂ ਹੋਰ ਖ਼ਾਸ ਬਾਣੀਆਂ ਦੀ ਰਚਨਾ ਬਾਬਤ ਕਹਾਣੀਆਂ ਬਣਾਈਆਂ ਹਨ। ਜਿਹੜੇ ਚਾਰ 'ਸ਼ਲੋਕ ਸੰਸਕ੍ਰਿਤ' ਗੁਰੂ ਨਾਨਕ ਸਾਹਿਬ ਨੇ ਕਾਂਸ਼ੀ ਵਿਚ ਕ੍ਰਿਸ਼ਣ ਲਾਲ ਤੇ ਹਰਿਲਾਲ ਪੰਡਿਤਾਂ ਦੇ ਦਾਦੇ 'ਚਤੁਰ ਦਾਸ' ਨੂੰ ਸੁਣਾਏ ਕਹੇ ਜਾਂਦੇ ਹਨ, ਉਹਨਾਂ ਵਿਚੋਂ ਖ਼ਾਲੀ ਪਹਿਲਾ ਇਕੱਲਾ ਸਲੋਕ ਹੀ ਗੁਰੂ ਨਾਨਕ ਸਾਹਿਬ ਦਾ ਹੈ, ਬਾਕੀ ਦੇ ਤਿੰਨ ਦੂਜੇ ਗੁਰੂ, ਗੁਰੂ ਅੰਗਦ ਦੇਵ, ਦੇ ਹਨ। ਏਸ ਗਲ ਦੀ ਗਵਾਹੀ ਖ਼ੁਦ ਗੁਰੂ ਅਰਜਨ ਦੇਵ ਜੀ ਨੇ ਗ੍ਰੰਥ ਸਾਹਿਬ ਵਿਚ ਭਰੀ ਹੈ। ਜੋ 'ਗਾਥਾ' ਨਾਮ ਦੇ ਸਲੋਕ ਗੁਰੂ ਅਰਜਨ ਦੇਵ ਦੇ ਉਹੋ ਜਿਹੀ ਬੋਲੀ ਵਿਚ ਰਚੇ ਹੋਏ ਹਨ, ਉਹਨਾਂ ਦੀਆਂ ਕਈ ਪਾਲਾਂ 'ਚਰਪਟਨਾਥ' ਜੋਗੀ ਦੀ ਰਚਨਾ ਵਿਚੋਂ ਲਈਆਂ ਗਈਆਂ ਹਨ, ਜਿਸ ਤਰ੍ਹਾਂ ਕਿ ਅਸੀਂ ਉਪਰ ਦਸ ਆਏ ਹਾਂ। ਗੁਰੂ ਅਰਜਨ ਦੇਵ ਨੇ ਪਹਿਲੋਂ ਮੌਜੂਦ ਗੁਰੂ ਨਾਨਕ ਅਤੇ ਗੁਰੂ ਅੰਗਦ ਦੇ ਚਾਰ ਸਲੋਕਾਂ ਦੀ ਬੋਲੀ ਵਲੋਂ ਨਕਲ ਉਤਾਰੀ ਹੈ। ਉਹ ਕਿਸੇ ਪੰਡਤਾਂ ਨਾਲ ਗੋਸ਼ਟ ਸਮੇਂ ਨਹੀਂ ਕਹੇ ਗਏ, ਜੋ ਏਸ ਬੋਲੀ ਦੇ ਵਰਤਨ ਲਈ ਬਹਾਨਾ ਬਣਾਇਆ ਜਾ ਸਕੇ। ਫੇਰ ਉਹਨਾਂ ਸਲੋਕਾਂ ਵਿਚ 'ਸੰਸਕ੍ਰਿਤ' ਕੁਝ ਵੀ ਨਹੀਂ, ਪੰਡਿਤਾਂ ਨੂੰ ਸਮਝਾਣ ਵਾਸਤੇ



Sri Satguru Jagjit Singh Ji Elibrary NamdhariElibrary@gmail.com

ਉਹੋ ਜਿਹੀ ਬੋਲੀ ਵਰਤਨੀ ਪੰਡਤਾਂ ਸਾਹਮਣੇ ਆਪਣੇ ਆਪ ਨੂੰ ਹਾਸੋ ਹੀਣਾ ਬਨਾਣਾ ਹੈ। ਸੰਸਕ੍ਰਿਤ ਵਿਚ ਕਰਮ ਕਾਰਕ ਦੇ ਪਿਛੇ 'ਮ੍' ਆਉਂਦਾ ਹੈ, ਅਤੇ ਸਬੰਧ ਕਾਰਕ ਵਿਚ 'स्य'। ਏਸੇ ਤਰ੍ਹਾਂ ਕ੍ਰਿਆਪਦ ਦੇ ਤ੍ਰਿਤੀਆ ਪੁਰਖ, ਬਹੁ ਵਚਨ, ਵਰਤਮਾਨ ਕਾਲ ਵਿਚ ਛੇਕੜ ਤੇ '॰ਤਿ' ਹੁੰਦਾ ਹੈ। 'ਮ੍' ਅਨੁਸਵਰ ਵਿਚ ਬਦਲ ਜਾਂਦਾ ਹੈ। ਇਹਨਾਂ ਚਿਨ੍ਹਾਂ ਨੂੰ ਗਲਤ ਮਲਤ ਵਰਤਕੇ 'ਜੋਗੀ ਨਾਥਾਂ' ਨੇ ਸੰਸਕ੍ਰਿਤ ਦੀ ਨਕਲ ਆਪਣੀ ਰਚਨਾ ਵਿਚ ਉਤਾਰੀ ਸੀ। ਉਹਨਾਂ ਦੀ ਪ੍ਰਚਲਤ ਰਚਨਾ ਦੇ ਨਮੂਨੇ ਪੁਰ ਗੁਰੂ ਸਾਹਿਬ ਨੇ ਵੀ ਕੁਝ ਸਲੋਕ ਰਚੇ ਹਨ ਤੇ ਬਸ, ਜਿਸ ਤਰ੍ਹਾਂ ਡਖਨੇ ਆਦਿ ।

ਜਿਸ ਆਪਣੇ ਦਾਦੇ 'ਚਤੁਰਦਾਸ' ਦਾ ਜ਼ਿਕਰ ਪੰਡਤਾਂ ਨੇ ਕੀਤਾ ਹੈ, ਉਹ ਇਕ ਫ਼ਰਜ਼ੀ ਨਾਮ ਹੈ, ਜਿਹੋ ਜਿਹੇ ਨਾਵਲਾਂ ਵਿਚ ਬਣਾ ਲਈਦੇ ਹਨ ਅਤੇ ਗੁਰੂ ਨਾਨਕ ਦੇ ਇਕ ਬਚਨ ਤੋਂ ਲਿਆ ਗਿਆ ਹੈ, ਜਿਥੇ ਉਹਨਾਂ ਕਿਹਾ ਹੈ:-

"ਗਿਆਨ ਧਿਆਨ ਕੁਛ ਬੂਝੇ ਨਾਹੀ, ਚਤੁਰ ਕਹਾਵੇ, ਪਾਂਡੇ।"

'ਚਤੁਰ ਦਾਸ' ਕੋਈ ਨਾਂ ਨਹੀਂ ਹੋ ਸਕਦਾ, ਖ਼ਾਸ ਕਰਕੇ ਕਾਂਸ਼ੀ ਦੇ ਪਾਂਡੇ ਦਾ, 'ਚਤੁਰਸੇਨ' ਭਾਵੇਂ ਹੋਵੇ। ਜਨਮ ਸਾਖੀਆਂ ਵਿਚ ਉਪਰਲਾ ਬਚਨ ਗੁਰੂ ਨਾਨਕ ਸਾਹਿਬ ਨੇ ਕੁਰੁਖੇਤ੍ਰ ਵਿਚ 'ਮਾਸ' ਸਬੰਧੀ ਬਹਿਸ ਕਰਦਿਆਂ 'ਨਨਕੂ' ਪਾਂਡੇ ਨੂੰ ਕਿਹਾ ਦਸਿਆ ਹੈ। ਅਤੇ ਮਤਲਬ ਇਹ ਹੈ ਕਿ 'ਜਾਣਦਾ ਤੇ ਤੂੰ ਕੁਝ ਨਹੀਂ ਅਤੇ ਆਪਣੇ ਆਪ ਨੂੰ ਬੜਾ ਚਤੁਰ ਕਹਾਂਦਾ ਹੈਂ।'

ਸ੍ਵਾਮੀ ਦਯਾਨੰਦ ਨੇ ਗੁਰੂ ਨਾਨਕ ਸਾਹਿਬ ਪੁਰ 'ਸੰਸਕ੍ਰਿਤ ਮੇ ਪਗ' ਅੜਾਉਣ ਦਾ ਦੋਸ਼ ਥਪਦਿਆਂ ਭਾਵੇਂ ਲਫ਼ਜ਼ 'ਭੌ' ਦੀ ਮਿਸਾਲ ਦਿੱਤੀ ਹੈ, ਪਰ ਅਸਲ ਵਿਚ ਉਨ੍ਹਾਂ ਦਾ ਖ਼ਿਆਲ ਇਹਨਾਂ 'ਸਲੋਕ ਸੰਸਕ੍ਰਿਤੀ' ਵਲ ਸੀ। ਗੁਰੂ ਅਰਜਨ ਦੇਵ ਦੀ ਸਾਰੀ ਉਮਰ ਇਕ ਛੋਟੇ ਜਿਹੇ ਇਲਾਕੇ ਵਿਚ ਲੰਘੀ ਸੀ, ਜੋ ਅਜ ਕਲ ਦੇ ਅੰਮ੍ਰਿਤਸਰ ਦੇ ਜ਼ਿਲੇ ਨਾਲੋਂ ਕੁਝ ਵੱਡਾ ਨਹੀਂ ਸੀ, ਲਾਹੌਰੋਂ ਕਰਤਾਰਪੁਰ ਅਤੇ ਗੋਇੰਦਵਾਲੋਂ ਹਰਗੋਬੰਦਪੁਰ। ਏਸ ਬੋਲੀ ਨੂੰ ਵਰਤਨ ਦੀਲੋੜ, ਜੋ ਉਹਨੀਂ ਦਿਨੀਂ ਉਹ ਕਿਤੇ ਵਰਤੀ



Sri Satguru Jagjit Singh Ji Elibrary NamdhariElibrary@gmail.com

ਜਾਂਦੀ ਸੀ, ਨਹੀਂ ਸੀ ਪੈ ਸਕਦੀ ਅਤੇ ਨਾ ਹੀ ਗੁਰੂ ਅੰਗਦ ਦੇਵ ਨੂੰ, ਜਿਨ੍ਹਾਂ ਦੀ ਸਾਰੀ ਦੁਨੀਆਂ ਗੁਰੂ ਬਨਣ ਪਿਛੋਂ ਖਡੂਰ ਦਾ ਨਿੱਕਾ ਜਿਹਾ ਪਿੰਡ ਸੀ।

"ਜ ਤ ਪੰਡਤ ਜਾਵਤ ਭਏ ਅਧਿਕ ਹਿਰਦੈ ਸੁਖਮਾਨ।
ਸਭੈ ਭਗਤ ਆਵਤ ਭਏ ਸ੍ਰੀ ਗੁਰੂ ਕੇ ਨਿਕਟਾਨ॥
ਚਰਚਾ ਭਈ ਅਨੇਕ ਪਕਾਰਾ। ਨਿਰਗੁਣ ਸਰਗੁਣ ਰੂਪ ਅਪਾਰਾ।"

ਤਦ ਭਗਤਾਂ ਦੀ ਮੌਜੂਦਗੀ ਵਿਚ ਭਾਈ ਗੁਰਦਾਸ ਨੂੰ ਗੁਰੂ ਸਾਹਿਬ ਨੇ ਕਿਹਾ ਜੋ ਤੁਸੀਂ ਆਪਣੀ ਰਚਨਾ ਵੀ ਲੈ ਆਉ। ਭਾਈ ਜੀ ਜਿਤਨੀ ਕੁ ਰਚਨਾ ਕੀਤੀ ਹੋਈ ਸੀ, ਲੈ ਆਏ। ਪਰ ਗੁਰੂ ਸਾਹਿਬ ਦੇ ਤਿੰਨ ਵਾਰੀ ਕਹਿਣ ਪੁਰ ਭੀ ਨਿਮ੍ਰਤਾ ਸਹਿਤ ਇਹੋ ਕਿਹਾ ਕਿ ਇਹ ਰਚਨਾ ਗ੍ਰੰਥ ਸਾਹਿਬ ਵਿਚ ਦਰਜ ਹੋਣ ਦੇ ਯੋਗ ਨਹੀਂ।

ਸਾਰੇ ਭਗਤਾਂ ਨੂੰ ਏਸ ਵੇਲੇ ਲਿਆਉਣ ਦੀ ਲੋੜ ਸਾਨੂੰ ਨਹੀਂ ਦਿਸਦੀ, ਗ੍ਰੰਥ ਸਾਹਿਬ ਪੂਰਣ ਹੋ ਚੁਕਾ ਸੀ, ਅਤੇ 'ਭੋਗ ਦੀ ਬਾਣੀ' ਵਿਚ ਖ਼ਾਲੀ ਕਬੀਰ ਤੇ ਫ਼ਰੀਦ ਦੇ ਸਲੋਕ ਹੀ ਹਨ, ਇਹ ਦੋਵੇਂ ਭਾਵੇਂ ਆ ਜਾਂਦੇ। ਫੇਰ ਕਬੀਰ ਤੇ ਫ਼ਰੀਦ ਦੇ ਇਥੇ ਦਿਤੇ ਸਲੋਕਾਂ ਦੀ ਗਿਣਤੀ ਦਾ ਅੱਡ ਅੱਡ ਬੀੜਾਂ ਵਿਚ ਫ਼ਰਕ ਹੈ।

(ਤ) 'ਬਹੁਰੋ ਬੇਦ ਦੇਹ ਧਰ ਆਏ'। ਵੇਦਾਂ ਨੂੰ ਆਕਾਸ਼ ਬਾਣੀ ਹੋਈ:-

"ਚਤੁਰ ਚਤੁਰ ਤੁਮ ਰੂਪ ਸੁਧਾਰੋ। ਬਿਪ ਦੇਹ ਧਰ ਕਾਜ ਸਵਾਰੋ।
ਚਤੁਰਾਨਨਿ* ਕਉ ਕਹਾ ਸੁਨਾਏ। ਜਾਵੋ ਧਰ, ਇਨ ਰਛ ਕਰਾਏ।
ਜਬ ਲੋ ਰਹੋ ਬੇਦ ਧਰ ਮਾਂਹੀ। ਤਬ ਲੋ ਰਹੋ ਇਨੈ ਨਿਕਟਾਈ।"

ਸੋ ਇਹ ੪×੪+੧=੧੭ ਬ੍ਰਹਿਮਣ ਭੱਟ ਸਨ, ਜਿਨ੍ਹਾਂ ਦੇ ਸਵੱਯੇ ਗ੍ਰੰਥ ਸਾਹਿਬ ਵਿਚ ਹਨ। ਇਹਨਾਂ ਵਿਚੋਂ ਭਿਖਾ ਬ੍ਰਹਮਾ ਦਾ ਅਵਤਾਰ ਸੀ; ਮਥਰਾ, ਹਰਿਬੰਸ, ਜਾਲਪ ਤੇ ਬੱਲ ਇਹ ਚਾਰ ਸਾਮਵੇਦ ਦੇ ਅਵਤਾਰ ਸਨ; ਕਲ੍ਹ, ਸਹਾਰ, ਜਲ੍ਹਨ ਤੇ ਨਲ, ਇਹ ਚਾਰ ਰਿਗਵੇਦ ਦੇ ਅਵਤਾਰ;

*ਬ੍ਰਹਮਾ।



Sri Satguru Jagjit Singh Ji Elibrary NamdhariElibrary@gmail.com

ਢੱਲ, ਸੱਲ ਜੱਥ ਤੇ ਬਲ ਇਹ ਯੁਜੁਰਵੇਦ ਦੇ, ਅਤੇ ਕੀਰਤ, ਗਇੰਦ, ਦਾਸ, ਸਦਾ ਰੰਗ ਇਹ ਅਥਰਬਣ ਵੇਦ ਦੇ ਚਾਰ ਦੇਹਿ-ਅੰਗ ਸਨ। ਇਹ ਸਾਰੇ ਇਕ ਵਰ੍ਹਾ ਜਗਤ ਵਿਚ ਗੁਰੂ ਨੂੰ ਥਾਂ ਥਾਂ ਅਤੇ ਜੋਗੀਆਂ ਤਪੀਆਂ ਵਿਚ ਢੂੰਡਦੇ ਹੋਏ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਨੂੰ ਆ ਮਿਲੇ ਅਤੇ ਗੁਰੂ ਜੀ ਦੀ ਬੜੀ ਉਸਤਤੀ ਕੀਤੀ, 'ਮਹਾਂ ਬਿਸ਼ਨ ਦਿਖ ਰੂਪ॥' ਗੁਰੂ ਅਰਜਨ ਦੇਵ ਜੀ ਨੇ ਕਿਹਾ, ਗੁਰੂ ਦੀ ਉਸਤਤੀ ਕਰੋ। ਉਹਨਾਂ ਕਿਹਾ ਸਾਨੂੰ ਸਮਝ ਨਹੀਂ ਕਿ ਕਿਸ ਤਰ੍ਹਾਂ ਕਰੀਏ :–

ਕਿਹ ਬਿਧ ਉਸਤਤ ਗੁਰ ਕੀ ਗਾਵੇਂ। ਆਪ ਸਮਝਾਏ ਚਾਲ ਹਮ ਦੇਵੇਂ॥
ਬੀਸ ਸਵੈਯੇ ਸ੍ਰੀ ਮੁਖ ਰਰੇ। ਗੁਰ ਨਾਨਕ ਜਸ ਬਰਨਨ ਕਰੇ॥
ਸਮਝ ਚਾਲ ਤਿਹ ਜਸ ਪ੍ਰਗਟਾਯੋ। ਗੁਰੂ ਨਾਨਕ ਜਸ ਪ੍ਰਿਥਮੈ ਗਾਇਓ॥
ਗੁਰੂ ਅੰਗਦ ਕਾ ਜਸ ਕਹਾ। ਸਵੈਯੇ ਦਸ ਪ੍ਰਗਟਾਇ॥
ਅਮਰਦਾਸ ਕਾ ਜਸ ਸੁਖ ਕੰਦਾ। ਬਾਈ ਸਵਯੇ ਰਚੇ ਆਨੰਦਾ॥
ਸ੍ਰੀ ਗੁਰੂ ਰਾਮਦਾਸ ਜਗ ਸਵਾਮੀ। ਸਠ ਸਵੈਯੇ ਪੂਰਣ ਕਾਮੀ॥
ਮੁਕਤ ਜੁਗਤ ਕਾ ਇਕ ਗੁਰ ਸੂਰਾ। ਗੁਰੂ ਅਰਜਨ ਕਾ ਜਸ ਜਗ ਰੂਰਾ॥
ਬੀਸ ਏਕ ਸਵਈਏ ਗੁਣ ਗਾਇ। ਇਕ ਸੋ ਬਾਈ* ਭਏ ਸਮੁਦਾਯ॥
ਇਹ ਬਿਧ ਸਭ ਨੇ ਜਸ ਪ੍ਰਗਟਾਯੋ। ਸਭ ਭੱਟਨ ਮਨ ਆਨੰਦ ਪਾਯੋ॥
ਅਤਿ ਪ੍ਰਸੰਨ ਭਏ ਕ੍ਰਿਪਾ ਨਿਧਾਨਾ। ਲਿਖੇ ਸਵੈਯੇ ਗ੍ਰੰਥ ਮਨਮਾਨਾ॥
ਮਨ ਇਛਤ ਸਭਕੋ ਵਰ ਦੀਨੇ। ਕੀਨ ਸਿਖ ਭ੍ਰਮ ਤਿਨਕਾ ਛੀਨੇ॥

ਅਸੀਂ ਉਪਰ ਦਸ ਆਏ ਹਾਂ ਕਿ ਇਹ ਭੱਟ ਕੌਣ ਸਨ, ਅਤੇ ਕਿਸ ਤਰ੍ਹਾਂ ਉਹਨਾਂ ਨੇ ਸਵੱਯੇ ਆਪਣੀ ਅਨੋਖੀ ਬੋਲੀ ਵਿਚ ਰਚੇ, ਅਤੇ ਕਿਨ੍ਹਾਂ ਮੌਕਿਆਂ ਪੁਰ ਪੜ੍ਹੇ। ਭੱਟ ਘਰਾਂ ਦੇ ਸੇਪੀ ਲਾਗੀ ਹੁੰਦੇ ਹਨ ਅਤੇ ਉਸਤਤ ਦੇ ਪੁਲ ਬਨ੍ਹਕੇ, ਜਜਮਾਨ ਨੂੰ ਖੁਸ਼ ਕਰਕੇ, ਆਪਣੀ ਲਾਗ ਲੈਂਦੇ ਸਨ। ਸ੍ਰੀ ਮੁਖ ਉਹ ਸਵਯੇ ਸਨ ਜੋ ਪਹਿਲੇ ਦੇ ਰਚੇ ਹੋਏ ਸਨ, ਪਰ ਗ੍ਰੰਥ ਸਾਹਿਬ ਦੇ ਅੰਦਰ ਰਾਗਾਂ ਹੇਠਾਂ ਨਹੀਂ ਸਨ ਆ ਸਕੇ। ਭੱਟਾਂ ਨੂੰ 'ਵਾਰਾਂ' ਅਤੇ 'ਸਵੱਯੇ' ਆਦਿ ਬਨਾਣੇ ਚੰਗੇ ਆਉਂਦੇ ਹਨ, ਪੁਰਾਨੇ ਪਵਾਣ ਦੀ ਲੋੜ ਨਹੀਂ ਰਖਦੇ॥ ਏਸ ਤੋਂ ਵਧਕੇ ਜੋ ਹੋਰ ਗੱਲ ਉਪਰਲੀ ਲੰਮੀ ਕਹਾਣੀ

*ਜੋੜ ੧੨੩ ਹੁੰਦਾ ਹੈ।



Sri Satguru Jagjit Singh Ji Elibrary NamdhariElibrary@gmail.com

ਵਿਚੋਂ ਪਾਠਕ ਦੇ ਪਲੇ ਪੈਂਦੀ ਹੈ, ਉਹ ਆਪ ਵਿਚਾਰ ਲਵੇ।

(੪) "ਵਾਰ ਵਧੀਕ ਸਲੋਕ ਲਿਖ, ਮੁੰਦਾਵਣੀ ਔਰ ਲਿਖਾਇ ॥
ਤਤਕਰਾ ਲਿਖ ਸਭ ਗ੍ਰੰਥ ਕਾ, ਤੋਰ ਗ੍ਰੰਥ ਜੀ ਪਾਇ।"

'ਵਾਰਾਂ' ਤੋਂ ਬਚ ਰਹੇ ਸਲੋਕ ਉਹ ਸਨ ਜੋ ਮਜ਼ਮੂਨ ਦੇ ਲਿਹਾਜ਼ ਨਾਲ 'ਵਾਰਾਂ' ਵਿਚ ਨਹੀਂ ਸਨ ਸਮਾ ਸਕੇ, ਪਰ ਹੈਸਨ ਉਹ ਪਹਿਲੋਂ ਹੀ ਮੌਜੂਦ, ਐਨ ਮੌਕਿਆ ਸਿਰ ਨਹੀਂ ਰਚੇ ਗਏ, ਅਤੇ ਨਾ ਹੀ ਸਾਰੇ ਪੰਜਵੀਂ ਪਾਤਸ਼ਾਹੀ ਦੇ ਰਚੇ ਹਨ।

'ਮੁੰਦਾਵਣੀ' ਵਾਲੇ ਸਲੋਕ ਪਹਿਲੇ ਬਾਣੀ ਦੇ ਵਿਚਾਲੇ, ਉਪਰਲੇ ਸਲੋਕਾਂ ਨਾਲ ਰਲੇ, ਅਤੇ ਝਟ ਹੀ ਪਿਛੋਂ ਆ ਚੁਕੇ ਹਨ। ਕੁਝ ਪ੍ਰਾਚੀਨ ਬੀੜਾਂ ਵਿਚ ਇਹ 'ਮੁੰਦਾਵਣੀ' ਅਖੀਰ ਤੇ ਦਿਤੀ ਭੀ ਨਹੀਂ।

'ਤਤਕਰੇ' ਬਾਬਤ ਵੀ ਕਈ ਵਿਦਵਾਨ ਸਿਖਾਂ ਨੂੰ ਸ਼ਕ ਹੈ ਕਿ ਇਹ 'ਤਤਕਰੇ ਦੀ ਪੋਥੀ' ਬਣੀ ਹੀ ਪਿਛੋਂ 'ਪਹੇਜੇ' ਜਾਂ ਪਹੋਏ (ਕੁਰਖੇਤ੍ਰ) ਵਿਚ ਹੈ। ਸਾਡਾ ਏਸ ਖ਼ਿਆਲ ਨਾਲ ਇਤਫ਼ਾਕ ਨਹੀਂ। ਅਗੇ ਚਲ ਕੇ ਦੂਸਰੇ ਭਾਗ ਵਿਚ ਇਸ ਪੁਰ ਵਿਚਾਰ ਕਰਾਂਗੇ। ਧਿਆਨ ਰਖੋ ਇਥੇ 'ਤਤਕਰਾ' ਜਾਂ 'ਤਤਕਰੇ' ਵੀ ਖ਼ੁਦ ਗੁਰੂ ਸਾਹਿਬ ਦੇ ਬਣਾਏ ਦਸੇ ਮਾਲੂਮ ਹੁੰਦੇ ਹਨ। ਕਿਤੇ ਇਹ ਕੰਮ ਭਾਈ ਗੁਰਦਾਸ ਨੂੰ ਸੌਂਪਿਆ ਕਿਹਾ ਗਿਆ ਹੈ, ਜਿਸ ਨੇ ਪਿਛੋਂ ਧੀਰਜ ਨਾਲ ਇਹ ਬਣਾਏ। ਇਹਨਾਂ ਪਤ੍ਰਿਆਂ ਪੁਰ ਗਿਣਤੀ ਦਾ ਅੰਕ ਵਖਰਾ ਸੀ।

(੫) ਹੁਣ ਇਕ ਹੋਰ ਮਜ਼ੇਦਾਰ ਗਲ ਸੁਣੋ :–

ਤਬ ਲੌ ਰਾਗ ਸਭਿ ਇਕ ਠਾਏ। ਗੁਰ ਅਰਜਨ ਕੇ ਸਨਮੁਖ ਆਏ।
ਕ੍ਰਿਪਾ ਸਿੰਧ ਕੀ ਉਸਤਤ ਕਰੀ। ਭਾਂਤ ਭਾਂਤ ਮਨ ਆਨੰਦ ਭਰੀ।
ਉਸਤਤ ਕਰ ਗੁਰੂ ਪਗ ਲਪਟਾਏ। ਦਯਾ ਸਿੰਧ ਪੂਛਿਓ ਮਨ ਲਾਇ।
ਨਿਜ ਆਵਨ ਕਾ ਕਾਰਣ ਕਹੋ। ਤਿਨੇ ਕਹਾ ਤੁਮ ਸਭ ਕਿਛ ਲਹੋ।
ਹਮ ਜਗ ਮੈਂ ਅਤ ਹੀ ਦੁਖ ਪਾਏ। ਪੁਤ੍ਰੀ ਸਾਥ ਪਿਤਾ* ਰਰ ਗਾਵੈਂ।

---

*ਲਿਖਨ ਵਾਲੇ ਨੂੰ ਹੋਰ ਕੋਈ ਚੰਗੀਆਂ ਉਪਮਾਆਂ ਲਭੀਆਂ ਹੀ ਨਹੀਂ। ਹਰਾਮਕਾਰੀ Incest ਦੀਆਂ ਤਸ਼ਬੀਹਾਂ ਵਰਤਕੇ ਚਟਖਾਰੇ ਲੈ ਰਿਹਾ ਹੈ।



Sri Satguru Jagjit Singh Ji Elibrary NamdhariElibrary@gmail.com

ਇਹ ਬਿਧ ਹਮ ਜਗ ਮੈਂ ਦੁਖ ਪਾਵੈ। ਪ੍ਰਤ ਪਾਤ* ਕਰਹੈ ਇਕ ਠਾਰੈ।
ਸਮਝ ਨ ਪ੍ਰਾਤ ਸਮਾ ਮਧਿਆਨਾ*। ਵਿਪਰਜੇ ਗਾਵੈਂ ਧਾਰ ਗੁਮਾਨਾ।
ਦੋਹਰਾ ॥ ਤਾਂਤੇ ਜਤਨ ਕੋ ਅਸ ਕਰੋ ਹੇ ਪ੍ਰਭ ਦੀਨਾ ਨਾਥ।
ਭਿੰਨ੍ ਭਿੰਨ ਸਭ ਕੋ ਲਿਖੋ ਹਮ ਸਭ ਕਰੋ ਸਨਾਥ।
ਰਾਗਨ ਕੀ ਬਿਨਤੀ ਸੁਨੀ ਗੁਰ ਅਰਜਨ ਸੁਖ ਖਾਨ।
ਰਾਗ ਮਾਲ ਤਬ ਹੀ ਲਿਖੀ ਭੋਗ ਤਾਂਹਿ ਪਰ ਠਾਨ੍।
ਚੌਪਈ ॥ ਕਹੇ ਰਾਗ ਖਟ, ਤੀਹ ਸੰਗ ਨਾਰੀ। ਅਸ਼ਟ ਅਸ਼ਟ ਸੁਤ ਕਹੇ ਉਚਾਰੀ
ਅਠਤਾਲੀ ਸੁਤ ਸਭ ਕੇ ਭਏ। ਅਤਿ ਅਨੰਦ ਮਨ ਰਾਗਨ ਲਏ ॥

ਰਾਗ ਰਾਗਣੀਆਂ ਦੀਆਂ ਮਰਦ-ਇਸਤ੍ਰੀ ਦੇ ਰੂਪ ਵਿਚ ਤਸਵੀਰਾਂ ਦੇ ਸੈੱਟ ਤਾਂ ਅਜਾਇਬ ਘਰਾਂ ਵਿਚ ਵੇਖੇ ਜਾਂਦੇ ਹਨ, ਪਰ ਏਸ ਲੇਖਕ ਨੇ ਉਹਨਾਂ ਵਿਚ ਜਿੰਦ ਜਾਨ ਪਾਕੇ ਗੁਰੂ ਅਰਜਨ ਦੇ ਸਾਹਮਣੇ ਆਉਂਦੇ ਅਤੇ ਸ਼ਕਾਇਤ ਕਰਦੇ ਦਸਿਆ ਹੈ। ਏਸਦੇ ਵੇਲੇ ਤਕ ਰਾਗਮਾਲਾ ਵਾਲਾ ਝਗੜਾ ਛਿੜ ਚੁਕਾ ਸੀ, ਅਤੇ ਇਹ ਉਸ ਧੜੇ ਵਿਚ ਸੀ ਜੋ ਰਾਗਮਾਲਾ ਨੂੰ ਗ੍ਰੰਥ ਸਾਹਿਬ ਦੇ ਪਾਠ ਵਿਚ ਸ਼ਾਮਲ ਕਰਨਾ ਚਾਹੁੰਦੇ ਸਨ। ਸੋ ਇਸਨੇ ਆਪਣੇ ਏਸ ਅਨੋਖੇ ਢੰਗ ਨਾਲ ਰਾਗਮਾਲਾ ਨੂੰ ਗੁਰੂ ਅਰਜਨ ਦੇਵ ਦੀ ਬਨਾਈ ਦਸਿਆ ਹੈ। ਇਹ ਗਲ ਮੂਲੋਂ ਗ਼ਲਤ ਹੈ। ਆਲਿਮ ਕਵੀ ਦੀ ਲਿਖੀ ਕਿਤਾਬ 'ਕਾਮਕੰਦਲਾ' ਵਿਚੋਂ ਇਹ ਰਾਗਮਾਲਾ ਉਧ੍ਰਿਤ ਕਰਕੇ ਗੁਰੂ ਅਰਜਨ ਦੇਵ ਦੇ ਵੇਲੇ ਤੋਂ ਬਹੁਤ ਪਿਛੋਂ ਕਿਸੇ ਨੇ ਹੋਰ ਫ਼ਾਲਤੂ ਬਾਣੀਆਂ ਦੇ ਨਾਲ ਅਤੇ ਉਹਨਾਂ ਦੇ ਵੀ ਅਖ਼ੀਰ, ਇਸਨੂੰ ਗ੍ਰੰਥ ਸਾਹਿਬ ਦੀ ਹਿਫ਼ਾਜ਼ਤ ਵਾਸਤੇ ਜੋ ਪਿਛੇ ਕੋਰੇ ਵਰਕੇ ਹੁੰਦੇ ਹਨ, ਉਹਨਾਂ ਪੁਰ ਲਿਖਨਾ ਸ਼ੁਰੂ ਕੀਤਾ, ਅਤੇ ਅਗਲੇ ਲਿਖਾਰੀ ਇਹਨਾਂ ਨੂੰ ਨਕਲ ਦਰ ਨਕਲ ਕਰਨ ਲਗ ਪਏ। ਰਾਗਮਾਲਾ ਦੇ ਅੰਦਰ ਹੀ ਗਵਾਹੀ ਮੌਜੂਦ ਹੈ ਕਿ ਕਿਸ ਤਰ੍ਹਾਂ ਮੁਜਰਾ ਦੇਂਦੇ 'ਗਾਯਣ ਪਾਤ੍ਰਾ' ਜਾਂ ਰੰਡੀ ਨੇ, ਅਤੇ ਉਸਦੇ ਨਾਲ ਬਾਹਰੋਂ ਆਏ ਉਸਤਾਦ ਰਾਗੀ ਨੇ ਬਿਦ ਬਿਦ ਕੇ ਹਰ ਰਾਗ ਦੇ ਗੀਤ ਗਾਏ, ਅਤੇ ਉਹਨਾਂ ਦੇ ਨਾਲ ਤਬਲੇ ਸਾਰੰਗੀ ਵਾਲਿਆਂ ਨੇ ਤਾਨ ਮਿਲਾਕੇ ਗਾਂਵਿਆ। ਅਸਾਂ ਤੀਸਰੇ ਭਾਗ ਵਿਚ ਇਸ ਸਵਾਲ ਪੁਰ ਖੋਲ੍ਹਕੇ ਵਿਚਾਰ ਕੀਤੀ ਹੈ।

(੬) ਪਰ 'ਗੁਰਬਿਲਾਸ' ਦਾ ਕਰਤਾ ਕਿੱਸੇ ਲਿਖਦਾ ਹਾਲੀਂ



Sri Satguru Jagjit Singh Ji Elibrary NamdhariElibrary@gmail.com

ਬਾਕਿਆ ਨਹੀਂ । ਉਨ੍ਹਾਂ ਹੁਣ 'ਕਲਿਜੁਗ' ਹੋਰਾਂ, ਮਤਲਬ ਹਜ਼ਰਤ ਸ਼ੈਤਾਨ, ਨੂੰ ਵੀ ਲੈ ਆਂਦਾ ਹੈ, ਜੋ ਆਕੇ ਗੁਰੂ ਸਾਹਿਬ ਦੀ ਉਸਤਤੀ ਕਰਕੇ ਕਹਿੰਦਾ ਹੈ—

ਗ੍ਰੰਥ ਪਾਠ ਜਹਾਂ ਪ੍ਰੇਮ ਸੌ ਕਰਹੈ ਸਿਖ ਉਦਾਰ ।
ਤਹਾਂ ਰਹਣ ਹਮਾਰਾ ਨਹੀਂ, ਤਜੌਂ ਠੌਰ ਤਤਕਾਰ ॥
ਸੰਗਤ ਮੈਂ ਆਵਨ ਪ੍ਰਭ ਕਿਸੀ ਕਾਲ ਹਮ ਦੇਹੁ ।
ਹੌਂ ਅਨਾਥ ਸ਼ਰਨੀ ਪਰਿਓਂ ਕ੍ਰਿਪਾ ਸਿੰਧ ਰਖ ਲੇਹੁ ।

ਤਦ ਗੁਰੂ ਸਾਹਿਬ ਨੇ ਉੱਤਰ ਦਿੱਤਾ :—

ਜਬ ਕੜਾਹ ਸੰਗਤ ਮੈਂ ਆਵੈ । ਤਿਹ ਛਿਨ ਤੁਮ ਭੀ ਦਰਸ਼ਨ ਪਾਵੈ ।
ਜਬ ਲਗ ਵਰਤਤ ਰਹੈ ਕੜਾਹਿ । ਤਬ ਲੌ ਵਾਸ ਕਰੋ ਤੁਮ ਤਾਹਿ ।
ਕੜਾਹ ਸਾਥ ਕਲਜੁਗ ਚਲ ਆਵੈ । ਸੰਗਤ ਮੈਂ ਝਗੜਾ ਪੜ ਜਾਵੈ ।

ਇਸ ਕਹਾਣੀ ਦੇ ਸੱਚੇ ਹੋਣ ਦਾ ਸਬੂਤ ਇਹ ਦਿੰਦਾ ਹੈ ਕਿ :—

ਅਬ ਲੌਂ ਬਾਤ ਪ੍ਰਤਖ ਇਹ ਦੇਖਹੁ ਸਮਝ ਵਿਚਾਰ ।

ਗੁਰਦਵਾਰਿਆਂ ਪੁਜਾਰੀਆਂ ਦੇ ਲਾਲਚੀ ਸੁਭਾ ਅਤੇ ਸੰਗਤ ਵਿਚ ਸਿਖਾਂ ਦੇ ਕੜਾਹ ਵਰਤਨ ਵੇਲੇ ਕੋਝੇ ਰਵਈਏ ਦਾ ਕਿਹਾ ਸੋਹਣਾ ਮਖੌਲ ਉਡਾਇਆ ਹੈ ! ਜੇ ਕਰਤਾ ਇਹ ਕਿੱਸਾ ਲਿਖਕੇ ਐਵੇਂ ਕਾਗਜ਼ ਕਾਲੇ ਨਾ ਕਰਦਾ ਤਾਂ ਕੀਹ ਬੁਰਿਆ ਪਿਆ ਸੀ । ਪਰ ਕਿਤਾਬ ਮਜ਼ੇਦਾਰ ਕਿਵੇਂ ਬਣਦੀ ? ਜਦ ਗ੍ਰੰਥ ਸਾਹਿਬ ਦੇ ਬਣਨ ਦੀ ਸਾਰੀ ਕਹਾਣੀ ਲਿਖੀ ਹੈ, ਤਦ ਗ੍ਰੰਥ ਸਾਹਿਬ ਦੇ ਪਹਿਲੇ ਭੋਗ ਸਮੇਂ ਦੇ ਵਰਤਾਰੇ ਤਕ ਉਸ ਕਹਾਣੀ ਨੂੰ ਕਿਉਂ ਨਾ ਪੁਚਾਇਆ ਜਾਏ ।

# ੧੨-ਗ੍ਰੰਥ ਸਾਹਿਬ ਦੀਆਂ 'ਸ਼ਾਖਾਂ'

ਸਿਖਾਂ ਦੇ ਮੁਹਾਵਰੇ ਵਿਚ 'ਬੀੜ' ਦਾ ਲਫ਼ਜ਼ ਤਿੰਨ ਅੱਡ-ਅੱਡ ਅਰਥਾਂ ਵਿਚ ਵਰਤਿਆ ਜਾਂਦਾ ਹੈ, ਅਰਥਾਤ volume ਜਿਲਦ copy ਨਕਲ, ਅਤੇ recension ਸ਼ਾਖਾ । ਇਸ ਕਿਤਾਬ ਵਿਚ ਮੈਂ ਭੀ ਇਹ ਲਫ਼ਜ਼ 'ਬੀੜ' ਤਿੰਨਾਂ ਹੀ ਅਰਥਾਂ ਵਿਚ ਵਰਤਿਆ ਹੈ ਅਤੇ ਕਿਤੇ ਵਿਖੇਵਾਂ ਕਰਨ ਦਾ ਯਤਨ ਨਹੀਂ ਕੀਤਾ । ਪੜ੍ਹਨ ਤੇ ਪਤਾ ਲਗ ਜਾਏਗਾ ਕਿ ਕਿਥੇ



Sri Satguru Jagjit Singh Ji Elibrary NamdhariElibrary@gmail.com

ਕੀਹ ਅਰਥ ਹੈ। ਪਰ ਏਸ ਧਿਆਇ ਵਿਚ ਅਸੀਂ recension ਵਾਸਤੇ ਲਫ਼ਜ਼ 'ਸ਼ਾਖ਼ਾਂ' ਵਰਤਿਆ ਹੈ। ਇਹ ਲਫ਼ਜ਼ ਵੇਦਾਂ ਦੇ ਨਾਲ ਏਸੇ ਅਰਥ ਵਿਚ ਵਰਤਿਆ ਗਿਆ ਹੈ।

ਗ੍ਰੰਥ ਸਾਹਿਬ ਦੀਆਂ ਤਿੰਨ ਮੁਖ 'ਸ਼ਾਖ਼ਾ' ਸਮਝੀਆਂ ਜਾਂਦੀਆਂ ਹਨ :–

(੧) ਪਹਿਲੀ 'ਸ਼ਾਖਾ' ਭਾਈ ਗੁਰਦਾਸ ਦੇ ਹਥੀਂ ਲਿਖ਼ੀ 'ਆਦਿ-ਬੀੜ' ।

(੨) ਦੂਜੀ 'ਸ਼ਾਖਾ' ਭਾਈ ਬੰਨੋ ਵਾਲੀ ਬੀੜ ਜਿਸ ਵਿਚ ਭਾਈ ਬੰਨੋ ਜੀ ਨੇ ਕੁਝ ਸ਼ਬਦ ਵਾਧੂ ਗ੍ਰੰਥ ਸਾਹਿਬ ਦੇ ਅੰਦਰ ਦਰਜ ਕਰ ਦਿਤੇ ਸਨ–ਇਕ ਸੂਰਦਾਸ ਦਾ ਅਤੇ ਇਕ ਮੀਰਾਂਬਾਈ ਦਾ।

(੩) ਤੀਜੀ 'ਸ਼ਾਖਾ' ਉਹ ਹੈ ਜਿਸ ਵਿਚ ਨਾਵੇਂ ਮਹਲੇ ਦੀ ਬਾਣੀ ਵਧਾਈ ਗਈ ਸੀ ।

ਗੁਰੂ ਹਰਿਗੋਬਿੰਦ ਸਾਹਿਬ ਨੇ ਕੁਝ 'ਵਾਰਾਂ' ਦੇ ਸਿਰੇ ਪੁਰ ਦੇਸ ਵਿਚ ਪ੍ਰਚੱਲਤ 'ਜੋਧਿਆਂ ਦੀਆਂ ਵਾਰਾਂ' ਦੇ ਨਾਮ ਦੇ ਕੇ ਇਹ ਹਦਾਇਤ ਕੀਤੀ ਸੀ, ਕਿ ਗਰੰਥ ਸਾਹਿਬ ਦੀਆਂ 'ਵਾਰਾਂ' ਨੂੰ ਉਹਨਾਂ ਪ੍ਰਚੱਲਤ ਵਾਰਾਂ ਦੀਆਂ ਧੁਨੀਆਂ ਉਤੇ ਗਾਵਿਆਂ ਜਾਇਆ ਕਰੇ, ਕਿਉਂ ਜੋ ਗੁਰੂ ਸਾਹਿਬ ਦਾ ਸੁਭਾਉ ਸਿਪਾਹੀਆਨਾ ਸੀ, ਅਤੇ ਉਹ ਸਿਖਾਂ ਵਿਚ ਇਹ ਗਰਮੀ ਲਿਆਣਾ ਚਾਹੁੰਦੇ ਸਨ। ਇਹਨਾਂ ਨਉਂ (੯) 'ਧੁਨੀਆਂ' ਦੇ ਵਧਾ ਦੇਣ ਨਾਲ, ਜੋ 'ਆਦਿ-ਬੀੜ' ਵਿਚ ਹਾਸ਼ੀਏ ਪੁਰ ਲਿਖੀਆਂ ਗਈਆਂ ਸਨ, ਕੋਈ ਅਡ ਸ਼ਾਖਾ ਕਾਇਮ ਨਾ ਹੋਈ, ਕਿਉਂਕਿ ਫ਼ਰਕ ਏਡਾ ਛੋਟਾ ਸੀ ਕਿ ਨਜ਼ਰ-ਅੰਦਾਜ਼ ਕੀਤਾ ਜਾ ਸਕਦਾ ਸੀ। ਦੂਜੇ ਇਹ ਥੋੜੀ ਤਬਦੀਲੀ ਖ਼ੁਦ 'ਆਦਿ-ਬੀੜ' ਵਿਚ ਹੀ ਕੀਤੀ ਗਈ ਸੀ, ਜੋ ਉਤਾਰੇ ਏਸ ਤਬਦੀਲੀ ਦੇ ਪਿਛੋਂ ਇਸ 'ਆਦਿ-ਬੀੜ' ਤੋਂ ਹੋਏ, ਉਹਨਾਂ ਵਿਚ ਇਹ ਆਪਣੇ ਆਪ ਨਕਲ ਹੁੰਦੀ ਗਈ।

ਲਿਖਾਰੀਆਂ (ਕਾਤਿਬਾਂ scribes) ਨੇ ਆਪਣੀ ਮਰਜ਼ੀ ਨਾਲ



Sri Satguru Jagjit Singh Ji Elibrary NamdhariElibrary@gmail.com

ਗ੍ਰੰਥ ਸਾਹਿਬ ਦੇ ਪਿਛੋਂ ਕੋਰੇ ਵਰਕਿਆਂ ਪੁਰ ਕੁਝ ਫ਼ਾਲਤੂ 'ਨਕਲੀ' ਬਾਣੀਆਂ (apocrypha) ਹੋਰ ਯਾਦਦਾਸ਼ਤਾਂ ਸਮੇਤ ਲਿਖਣੀਆਂ ਸ਼ੁਰੂ ਕਰ ਦਿਤੀਆਂ ਸਨ, ਪਰ ਇਹ ਗ੍ਰੰਥ ਸਾਹਿਬ ਦੇ ਪਿਛੇ ਸਨ ਅਤੇ ਛੇਤੀ ਪਛਾਣੀਆਂ ਜਾਂਦੀਆਂ ਸਨ, ਅਤੇ ਉਹਨਾਂ ਦੇ ਲਿਖਣ ਨਾਲ ਗ੍ਰੰਥ ਸਾਹਿਬ ਦੇ ਅੰਦਰ ਕੋਈ ਫ਼ਰਕ ਨਹੀਂ ਸੀ ਪਿਆ। ਸੋ ਅਸੀਂ ਏਸ ਵਾਧੇ ਨੂੰ ਵੀ ਅਖੋਂ ਓਹਲੇ ਕਰ ਸਕਦੇ ਹਾਂ।

ਪਰ ਇਕ ਰਚਨਾਂ 'ਬਸੰਤ ਕੀ ਵਾਰ' ਹੈ, ਖ਼ੁਦ ਗੁਰੂ ਅਰਜਨ ਦੇਵ ਦੀ ਰਚੀ ਹੈ। ਇਹ ਅਪੂਰਣ ਹੈ ਅਤੇ ਤਿੰਨਾਂ ਪਉੜੀਆਂ ਤਕ ਹੀ ਰਚੀ ਰਹਿ ਗਈ ਹੈ। ਜਿਸ ਵੇਲੇ ਗੁਰੂ ਸਾਹਿਬ ਇਹ ਵਾਰ ਰਚ ਰਹੇ ਸਨ, ਲਾਂਗਰੀ ਪ੍ਰਸ਼ਾਦ ਲੈ ਆਇਆ ਅਤੇ ਗੁਰੂ ਸਾਹਿਬ ਉਠਕੇ ਪ੍ਰਸ਼ਾਦ ਛਕਣ ਚਲੇ ਗਏ। ਅਤੇ ਫੇਰ ਏਸਨੂੰ ਮੁਕੰਮਲ ਨਾ ਕਰ ਸਕੇ। ਉਚਰਾਂ ਨੂੰ ਰਾਗ ਬਸੰਤ ਦੀ ਲਿਖਾਈ ਮੁਕ ਗਈ। ਸੋ ਗੁਰੂ ਸਾਹਿਬ ਨੇ ਗ੍ਰੰਥ ਸਾਹਿਬ ਦੀ ਬੀੜ ਦੇ ਪਿਛੋਂ ਜੋ ਭੱਟਾਂ ਦੇ ਸਵੱਯਾਂ ਨਾਲ ਪਤ੍ਰੇ ੬੧੯ ਪੁਰ ਇਸ ਤੁਕ ਤੇ ਮੁਕ ਜਾਂਦੀ ਸੀ—

'ਛਤੁ ਸਿਘਾਸਨੁ ਪਿਰਥਮੀ ਗੁਰ ਅਰਜਨ ਕਉ ਦੇ ਆਇਉ ॥ ੨੧ ॥'

ਪਤ੍ਰੇ ੬੨੦ ਦੇ ਮੋਹਰਲੇ ਸਫ਼ੇ ਤੇ ਇਹ ਲਿਖਵਾ ਦਿਤੀ, ਅਤੇ ਉਹਨਾਂ ਦੇ ਪਿਛੋਂ ਜਲਦੀ ਹੀ ਇਹ ਤਿੰਨ ਪਉੜੀਆਂ ਦੀ ਵਾਰ ਰਾਗ ਬਸੰਤ ਹੇਠਾਂ ਆਪਣੇ ਠੀਕ ਥਾਂ ਸਿਰ ਲਿਖਣੀ ਸ਼ੁਰੂ ਹੋ ਗਈ। ਏਸ ਬਦਲੀ ਨੂੰ ਵੀ ਅਸੀਂ ਸੂਰਦਾਸ ਅਤੇ ਮੀਰਾਂ ਬਾਈ ਦੇ ਸ਼ਬਦਾਂ ਨਾਲ ਗਿਣਕੇ ਦੂਜੀ 'ਸ਼ਾਖਾ' ਵਿਚ ਹੀ ਰਖ ਸਕਦੇ ਹਾਂ।

ਪਰ ਨਾਵੇਂ ਮਹਲੇ ਦੀ ਬਾਣੀ ਚੋਖੀ ਸੀ, ਜਿਸਦੇ ਸ਼ਾਮਲ ਕਰਨ ਕਰਕੇ ਬਹੁਤ ਫ਼ਰਕ ਪੈ ਗਿਆ, ਅਤੇ ਇੱਕ ਤੀਜੀ 'ਸ਼ਾਖਾ' ਦੇ ਖੜੇ ਹੋਣ ਦਾ ਕਾਰਣ ਬਣਿਆ, ਜਿਸਨੂੰ 'ਦਮਦਮੇ ਵਾਲੀ ਬੀੜ' ਕਹਿੰਦੇ ਹਨ। ਕਿਉਂਕਿ ਇਹ ਬਾਣੀ ਖ਼ੁਦ ਗੁਰੂ ਸਾਹਿਬ ਦੀ ਆਗਿਆ ਨਾਲ ਵਧਾਈ ਗਈ (ਭਾਈ ਬੰਨੋ ਦੀ ਬੀੜ ਵਾਂਗ ਨਹੀਂ), ਇਹ 'ਸ਼ਾਖਾ' ਮੁਖ ਤੇ ਪ੍ਰਮਾਣੀਕ ਹੋ ਗਈ, ਅਤੇ ਹੁਣ ਸਾਰੇ ਗ੍ਰੰਥ ਸਾਹਿਬ ਘਟ ਵਧ ਫ਼ਰਕਾਂ



Sri Satguru Jagjit Singh Ji Elibrary NamdhariElibrary@gmail.com

ਨਾਲ ਏਸੇ ਸ਼ਾਖਾ ਮੁਤਾਬਕ ਛਾਪੇ ਜਾਂਦੇ ਹਨ।

ਆਪ ਦੇਖ ਸਕਦੇ ਹੋ ਕਿ ਗ੍ਰੰਥ ਸਾਹਿਬ ਵਿਚ ਦੋ ਵਾਰੀ ਕੁਝ ਵਧਾਏ ਜਾਣ ਕਰਕੇ ਇਕ ਤੋਂ ਤਿੰਨ 'ਸ਼ਾਖਾਂ' ਬਣ ਗਈਆਂ ਹਨ, ਉਸ ਵਿਚੋਂ ਕੁਝ ਕਢ ਦੇਣ ਜਾਂ ਆਪਣੇ ਆਪ ਛੁਟ ਜਾਣ ਕਰਕੇ ਨਹੀਂ। ਅਤੇ ਹੋ ਭੀ ਇਹੋ ਕੁਝ ਸਕਦਾ ਸੀ, ਕਿਉਂਕਿ ਗੁਰੂ ਅਰਜਨ ਦੇਵ ਦੇ ਬਣਾਏ ਗ੍ਰੰਥ ਸਾਹਿਬ ਵਿਚੋਂ ਕੁਝ ਕਢ ਦੇਣ ਦੀ ਦਲੇਰੀ ਕਿਸੇ ਸਿਖ ਨੂੰ ਨਹੀਂ ਸੀ ਹੋ ਸਕਦੀ।

ਅਗੇ ਜਾਕੇ ਮੈਂ ਸਿਧ ਕੀਤਾ ਹੈ ਕਿ ਨਾਵੇਂ ਮਹਲੇ ਦੀ ਬਾਣੀ ਖ਼ੁਦ ਗੁਰੂ ਤੇਗ਼ ਬਹਾਦਰ ਦੀ ਆਗਿਆ ਨਾਲ ਗ੍ਰੰਥ ਸਾਹਿਬ ਵਿਚ ਦਾਖ਼ਲ ਕੀਤੀ ਗਈ ਸੀ। ਪਰ ਆਮ ਸਿਖਾਂ ਵਿਚ ਇੱਕ ਭੁਲੇਖਾ ਫੈਲਿਆ ਹੋਇਆ ਹੈ। ਅਤੇ ਉਹ ਇਹ ਹੈ ਕਿ ਜਦ 'ਸੰਮਤ ੧੭੬੩–੬੪ ਵਿਚ ਜੰਗਾਂ ਜੁਧਾਂ ਦੇ ਪਿਛੋਂ 'ਲਖੀ ਜੰਗਲ' ਅੰਦਰ ਗੁਰੂ ਗੋਬਿੰਦ ਸਿੰਘ ਨੂੰ ਕੁਝ ਮਹੀਨਿਆਂ ਲਈ ਸੁਖ ਦਾ ਸਾਹ ਲੈਣਾ ਮਿਲਿਆ ਅਤੇ ਵੈਰੀ ਨੇ ਪਿਛਾ ਛਡ ਦਿਤਾ, ਤਦ ਆਪ ਨੂੰ ਗ੍ਰੰਥ ਸਾਹਿਬ ਦਾ ਉਤਾਰਾ ਕਰਵਾਕੇ ਉਸ ਵਿਚ ਨਾਵੇਂ ਮਹਲੇ ਦੀ ਬਾਣੀ ਚੜ੍ਹਾਨ ਦਾ ਖ਼ਿਆਲ ਆਇਆ। ਉਸ ਵੇਲੇ ਆਪ ਤਲਵੰਡੀ ਸਾਬੋ ਦੇ ਮੁਕਾਮ ਤੇ ਜਿਸਨੂੰ ਹੁਣ 'ਦਮਦਮਾ ਸਾਹਿਬ' ਕਹਿੰਦੇ ਹਨ, ਟਿਕੇ ਹੋਏ ਸਨ। ਕਿਹਾ ਜਾਂਦਾ ਹੈ ਏਸ ਵੇਲੇ ਖ਼ਾਲੀ ਦੋ ਹੀ ਕਾਪੀਆਂ ਗ੍ਰੰਥ ਸਾਹਿਬ ਦੀਆਂ ਮੌਜੂਦ ਸਨ, ਕਰਤਾਰ ਪੁਰ (ਜਾਲੰਧਰ) ਵਾਲੀ, ਅਤੇ ਇਕ ਮਾਂਗਟ, ਭਾਈ ਬੰਨੋ ਵਾਲੀ ਅਤੇ ਇਹ ਦੋਵੇਂ ਗੁਰੂ ਸਾਹਿਬ ਨੂੰ ਨਹੀਂ ਸਨ ਮਿਲ ਸਕਦੀਆਂ। ਥੋੜੇ 'ਰਾਗਾਂ' ਦੀ ਨਕਲ ਭਾਈ ਬਿਧੀ ਚੰਦ ਦੀ ਕੀਤੀ ਵੀ ਕਿਤੇ ਮੌਜੂਦ ਸੀ, ਪਰ ਹੋਰ ਕੋਈ ਗ੍ਰੰਥ ਸਾਹਿਬ ਕਿਤੇ ਨਹੀਂ ਸੀ। ਸੋ ਗੁਰੂ ਸਾਹਿਬ ਨੇ ਆਪਣੀ ਦੈਵੀ ਸ਼ਕਤੀ ਵਰਤਕੇ ਸਾਰਾ ਗ੍ਰੰਥ ਸਾਹਿਬ ਜ਼ਬਾਨੀ ਹੀ ਲਿਖਵਾ ਦਿਤਾ, ਅਤੇ ਉਸ ਵਿਚ ਗੁਰੂ ਤੇਗ਼ ਬਹਾਦਰ ਦੀ ਬਾਣੀ ਵੀ ਸ਼ਾਮਲ ਕਰ ਦਿੱਤੀ, ਅਤੇ ਕਿਸੇ ਅਖਰ ਮਾਤ੍ਰ ਦਾ ਭੀ ਫ਼ਰਕ ਨਾ ਆਇਆ। ਇਹ 'ਦਮਦਮੇ ਵਾਲੀ ਬੀੜ' ਹੈ। ਅਤੇ ਇਹ ਵੀ



Sri Satguru Jagjit Singh Ji Elibrary NamdhariElibrary@gmail.com

ਮਸ਼ਹੂਰ ਸੀ ਕਿ 'ਦਮਦਮੇ ਵਾਲੀ ਬੀੜ' ਗੁਮ ਹੋ ਗਈ ਹੈ। ਕੋਈ ਕਹਿੰਦਾ ਸੀ ਇਹਨੂੰ ਕੋਈ ਕਾਬਲ ਵਲ ਲੈ ਗਿਆ ਸੀ।

ਹੁਣ ਇਹਨਾਂ ਵਿਚੋਂ ਇਕ ਗਲ ਭੀ ਰਤਾ ਜਿੰਨੀ ਠੀਕ ਨਹੀਂ। ਸਭ ਵਾਹੀ ਤਬਾਹੀ ਦਾਅਵੇ ਕੀਤੇ ਹੋਏ ਹਨ, ਜੋ ਨਵੀਨ ਸਿਖਾਂ ਨੇ ਬੇਖ਼ਬਰੀ ਕਰਕੇ ਪੁਰਾਣੇ ਇਤਿਹਾਸਕਾਰਾਂ ਦੇ ਗਪੌੜਿਆਂ ਨਾਲ ਵਧਾਏ ਹਨ। ਸੰਮਤ ੧੭੬੩–੬੪ ਤਕ ਜਦ ਗੁਰੂ ਗੋਬਿੰਦ ਸਿੰਘ 'ਲਖੀ ਜੰਗਲੀ' ਵਿਚ ਆਸਰਾ ਲਿਆ ਹੋਇਆ ਸੀ, ਗ੍ਰੰਥ ਸਾਹਿਬ ਤਿਆਰ ਹੋਇਆਂ ਨੂੰ ੧੧੫ ਵਰ੍ਹੇ ਲੰਘ ਚੁਕੇ ਸਨ, ਅਤੇ ਏਸ ਅਰਸੇ ਵਿਚ ਸੈਂਕੜੇ ਉਤਾਰੇ ਗ੍ਰੰਥ ਸਾਹਿਬ ਦੇ ਹੋ ਚੁਕੇ ਸਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਹੁਣ ਵੀ ਮਿਲਦੇ ਹਨ। ਖ਼ੁਦ ਗੁਰੂ ਗੋਬਿੰਦ ਸਿੰਘ ਨੇ ਜਦ ਹੋਸ਼ ਸੰਭਾਲੀ ਤਦ ਪਹਿਲਾ ਕੰਮ ਇਹ ਕੀਤਾ ਕਿ ਦਰਜਨਾਂ ਉਤਾਰੇ ਕਰਾਕੇ ਦੂਰ ਦੂਰ ਦੀਆਂ ਸਿਖ ਸੰਗਤਾਂ ਵਿਚ ਭੇਜੇ। ਇਹਨਾਂ ਵਿਚ ਬਹੁਤਿਆਂ ਤੇ ਉਤਾਰਾ ਕਰਨ ਦਾ ਸੰਮਤ ਦਿੱਤਾ ਹੋਇਆ ਹੈ, ਅਤੇ ਉਹ ਸੰਮਤ ਸਾਰੇ ੧੭੪੨ ਤੋਂ ਲੈ ਕੇ ਸੰਮਤ ੧੭੪੬ ਦੇ ਵਿਚਾਲੇ ਪੈਂਦੇ ਹਨ। ਗੁਰੂ ਸਾਹਿਬ ਦੀ ਉਮਰ ਇਸ ਵੇਲੇ ਵੀਹ-ਇੱਕੀ ਵਰ੍ਹੇ ਦੀ ਸੀ। ਯੂ. ਪੀ. ਅਤੇ ਢਾਕੇ ਬੰਗਾਲੇ ਦੀ ਸੰਗਤਾਂ ਵਿਚ ਇਹ ਗ੍ਰੰਥ ਸਾਹਿਬ ਮੈਂ ਆਪਣੀ ਅਖੀਂ ਦੇਖੇ ਹਨ, ਤੇ ਉਹਨਾਂ ਨੂੰ ਵੇਖਕੇ ਹੀ ਮੈਨੂੰ ਇਸ ਖੋਜ ਕਰਨ ਦਾ ਸ਼ੌਕ ਹੋਇਆ ਸੀ। ਬਹੁਤਿਆਂ ਉਤਾਰਿਆਂ ਵਿਚ ਗੁਰੂ ਸਾਹਿਬ ਦਾ 'ਨੀਸ਼ਾਣ', ਉਹਨਾਂ ਦੇ ਖ਼ਾਸ ਚਿਨ੍ਹ ੦+– ਸਮੇਤ ਮਿਲਦਾ ਹੈ। ਬਿਹਾਰ, ਸੀ. ਪੀ., ਪੰਜਾਬ ਵਿਚ ਵੀ ਬਹੁਤੇਰੀਆਂ ਬੀੜਾਂ 'ਨੀਸ਼ਾਣ' ਵਾਲੀਆਂ ਹਨ। ਨਾਵੀਂ ਪਾਤਸ਼ਾਹੀ ਦੀ ਬਾਣੀ ਸਮੇਤ ਮੁਕੰਮਲ ਬੀੜ ਸੰਮਤ ੧੭੩੨ ਦੀ ਲਿਖੀ ਢਾਕੇ ਦੀ 'ਹਜ਼ੂਰ ਸੰਗਤ' ਵਿਚ ਮੌਜੂਦ ਹੈ। ਏਸ ਵਿਚ ਨਾ ਨਿਰੀ ਨਾਵੇਂ ਮਹਲੇ ਦੀ ਬਾਣੀ ਥਾਉਂ ਥਾਈਂ ਦਿੱਤੀ ਹੈ, ਸਗੋਂ ਨਾਵੇਂ ਮਹਲੇ ਦਾ ਇਹ ਸਲੋਕ :–

'ਬਲ ਛੁਟਕਿਓ ਬੰਧਨ ਪਰੇ' ਆਦਿ



Sri Satguru Jagjit Singh Ji Elibrary NamdhariElibrary@gmail.com

ਅਤੇ ਉਸ ਦਾ ਜਵਾਬ ਗੁਰੂ ਗੋਬਿੰਦ ਸਿੰਘ ਜੀ ਵਲੋਂ
'ਬਲ ਹੋਆ ਬੰਧਨ ਛੁਟੇ' ਆਦਿ।

'ਪਾਤਸ਼ਾਹੀ ੧੦' ਲਿਖ ਕੇ, ਉਸ ਬੀੜ ਵਿਚ ਮੌਜੂਦ ਹਨ। ਚੇਤੇ ਰਹੇ ਸੰਮਤ ੧੭੩੨ ਉਹੀ ਸੰਮਤ ਹੈ ਜਦੋਂ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਹੋਈ ਸੀ। ਇਹ ਸੰਮਤ ੧੭੩੨ ਦਾ ਗ੍ਰੰਥ ਸਾਹਿਬ ਹੀ 'ਦਮਦਮੇ ਸਾਹਿਬ ਵਾਲੀ ਬੀੜ' ਹੈ, ਅਤੇ ਜੋ ਗੁਰੂ ਗੋਬਿੰਦ ਸਿੰਘ ਦੇ ਵੇਲੇ ਗੁਰੂ ਗੱਦੀ ਦੇ ਨਾਲ ਰਹੀ ਅਤੇ ਜਦ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦ ਪੁਰ ਛਡਣਾ ਪਿਆ, ਅਤੇ ਵੈਰੀ ਨੇ ਅਨੰਦ ਪੁਰ ਉਜਾੜ ਦਿੱਤਾ, ਤਦ ਕੋਈ ਸਿਖ ਇਸ ਨੂੰ ਬਚਾਕੇ ਢਾਕੇ ਲੈ ਗਿਆ। ਉਹ 'ਦਮਦਮਾ' ਜਿਥੇ ਇਹ ਗ੍ਰੰਥ ਸਾਹਿਬ ਲਿਖਿਆ ਗਿਆ, ਆਨੰਦਪੁਰ ਵਾਲਾ ਸੀ, ਮਾਲਵੇ ਵਾਲਾ ਨਹੀਂ। ਅਤੇ ਇਸ ਬੀੜ ਦੇ ਪੂਰਾ ਹੋਣ ਦਾ ਸੰਮਤ ੧੭੩੨ ਸੀ, ਨਾ ਕਿ ੧੭੬੪।

ਗੁਰੂ ਤੇਗ਼ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਲਵੇ ਵਿਚ ਦੌਰੇ ਦਾ ਹਾਲ ਵੇਰਵੇ ਨਾਲ ਅਤੇ ਲਗਾਤਾਰ ਇੱਕ ਕਿਤਾਬ 'ਸਫਰਾਂ ਦੀਆਂ ਸਾਖੀਆਂ' ਵਿਚ ਮਿਲ ਜਾਂਦਾ ਹੈ। ਇਹ ਇਕ ਤਰ੍ਹਾਂ ਨਾਲ ਉਹਨਾਂ ਦੀ 'ਡਾਇਰੀ' ਹੈ। ਉਹਨਾਂ ੮੦ ਸਾਖੀਆਂ ਵਿਚ, ਜੋ ਗੁਰੂ ਗੋਬਿੰਦ ਸਿੰਘ ਬਾਬਤ ਹਨ, ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਣ ਦਾ ਕੋਈ ਜ਼ਿਕਰ ਅਜ਼ਕਾਰ ਨਹੀਂ, ਗ੍ਰੰਥ ਸਾਹਿਬ ਦੇ ਲਿਖਾਣ ਨੂੰ ਵੀ ਵਰ੍ਹਾ ਸਵਾ ਵਰ੍ਹਾ ਚਾਹੀਦਾ ਸੀ, ਅਤੇ ਉਹ ਕੁਝ ਮਹੀਨਿਆਂ ਤੋਂ ਵਧ ਕਿਸੇ ਥਾਂ ਤੇ ਨਹੀਂ ਟਿਕੇ। ਫਿਰ ਲਿਖਣ ਵਾਲਾ ਤਾਂ ਕਰਾਮਾਤੀ ਨਹੀਂ ਸੀ! ਹਾਂ ਜੇ ਗੁਰੂ ਗ੍ਰੰਥ ਸਾਹਿਬ ਲਿਖਿਆ ਲਿਖਾਇਆ ਅਸਮਾਨ ਤੋਂ ਉਤਰਿਆ ਹੋਵੇ ਤਾਂ ਵਖਰੀ ਗਲ ਹੈ। ਪਰ ਅਜਿਹੇ ਤੇ ਏਡੇ ਜ਼ਰੂਰੀ ਵਾਕਿਆ ਦਾ ਜ਼ਿਕਰ, ਸਾਖੀਆਂ ਲਿਖਣ ਵਾਲਾ ਕਿਉਂ ਨਾ ਕਰਦਾ? ਮਾਮੂਲੀ ਮਾਮੂਲੀ ਗਲਾਂ ਤਾਂ ਉਸ ਪੂਰੀ ਤਰ੍ਹਾਂ ਲਿਖੀਆਂ ਹਨ।

ਮਹਾਰਾਜ ਨੂੰ ਕਰਾਮਾਤ ਕਰਨ ਦੀ ਵੀ ਕੋਈ ਲੋੜ ਨਹੀਂ ਸੀ।



Sri Satguru Jagjit Singh Ji Elibrary NamdhariElibrary@gmail.com

ਗ੍ਰੰਥ ਸਾਹਿਬ ਦੀਆਂ ਸੈਂਕੜੇ ਕਾਪੀਆਂ ਕਈ ਥਾਵਾਂ ਤੇ ਮੌਜੂਦ ਸਨ, ਜਿਨੀਆਂ ਚਾਹੁੰਦੇ ਲੈ ਸਕਦੇ ਸਨ। ਇਹ ਕਹਿਣਾ ਕਿ ਮਹਾਰਾਜ ਪਾਸ ਉਹਨੀਂ ਦਿਨੀਂ ਕੋਈ ਕਾਪੀ ਗ੍ਰੰਥ ਸਾਹਿਬ ਦੀ ਨਹੀਂ ਸੀ, ਐਵੇਂ ਕਪੋਲ-ਕਲਪਨਾ ਹੈ॥

ਫੇਰ ਭਾਈ ਗੁਰਦਾਸ ਵਾਲੀ ਆਦਿ ਬੀੜ ਨਾ ਉਸ ਵੇਲੇ ਮੌਜੂਦ ਸੀ ਨਾ ਹੁਣ ਹੈ। ਉਹ ਸੰਮਤ ੧੭੨੨ ਵਿਚ ਗੁਰੂ ਤੇਗਬਹਾਦਰ ਨੇ ਜਲ-ਪਰਵਾਹ ਕਰ ਦਿਤੀ ਸੀ। ਕਰਤਾਰਪੁਰ (ਜਾਲੰਧਰ) ਵਾਲੀ ਬੀੜ ਭਾਈ ਬੱਨੋ ਵਾਲੀ ਬੀੜ ਦੇ ਕਿਸੇ ਉਤਾਰੇ ਦਾ ਉਤਾਰਾ ਹੈ। ਅਤੇ ਹੁਣ ਵਾਲੀ ਸ਼ਕਲ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਬਹੁਤ ਪਿਛੋਂ ਆਈ ਸੀ। ਭਾਈ ਬੱਨੋ ਵਾਲੀ ਬੀੜ ਕੁਝ ਅਦਲ ਬਦਲ ਕੇ ਅਤੇ ਕਈ ਵਾਧੇ ਕਰ ਕੇ ਜੋ ਪ੍ਰਤੱਖ ਨਜ਼ਰ ਆ ਰਹੇ ਹਨ, ਹੁਣ ਭੀ ਮੌਜੂਦ ਹੈ।

ਇਹ ਭੀ ਇਕ ਨਵੀਂ ਤੇ ਆਮ ਪ੍ਰਚੱਲਤ ਗ਼ਲਤੀ ਹੈ ਕਿ ਜਦ ਗੁਰੂ ਅਰਜਨ ਦੇਵ ਦੇ ਸਾਹਮਣੇ ਭਾਈ ਬਨੋਂ ਨੇ ਦੋ ਬੀੜਾਂ ਜਾ ਰਖੀਆਂ, ਤਦ ਉਹਨਾਂ ਨੇ ਕਿਹਾ ਕਿ 'ਭਾਈ ਬਨੋਂ ! ਇਹ ਕੀ ਕੀਤਾ ? ਅਸਾਂ ਤਾਂ ਇਕੋ ਬੀੜ ਰਖਣੀ ਸੀ', ਅਤੇ ਨਾਰਾਜ਼ ਹੋ ਕੇ ਪੇਸ਼ੀਨਗੋਈ ਕੀਤੀ ਕਿ ਹੁਣ ਬੀੜਾਂ ਇਤਨੀਆਂ ਬਣਨਗੀਆਂ ਕਿ ਲੋਕੀ ਘੜਿਆਂ ਉਪਰ ਢੱਕਣ ਦੀ ਥਾਂ ਰਖਿਆ ਕਰਨਗੇ। ਗੁਰੂ ਸਾਹਿਬ ਨੇ ਅੰਮ੍ਰਿਤਸਰ ਵਿਚ ਗ੍ਰੰਥ ਸਾਹਿਬ ਨੂੰ ਕ੍ਰਿਸ਼ਨ ਮੂਰਤੀ ਜਾਂ ਸੋਮਨਾਥ ਵਾਂਗ ਸਥਾਪਨ ਕਰ ਕੇ ਪੂਜਾ ਕਰਾਣ ਲਈ ਨਹੀਂ ਸੀ ਬਣਾਇਆ, ਸੋ ਉਹ ਇਹੋ ਜਿਹੀ ਅਯੋਗ ਗਲ ਭਲਾ ਕਿਉਂ ਕਹਿੰਦੇ। ਉਹਨਾਂ ਤਾਂ ਬਾਣੀ ਦਾ ਪ੍ਰਚਾਰ ਕਰਨਾ ਸੀ, ਸਿਖੀ ਫੈਲਾਣੀ ਸੀ। ਸਿਖੀ ਲਈ ਸਗੋਂ ਉਹ ਦਿਨ ਬੜਾ ਭਾਗੋਂ ਭਰਿਆ ਸਮਝਣਾ ਚਾਹੀਦਾ, ਹੈ, ਜਿਸ ਦਿਨ ਇਕ ਤੋਂ ਅਨੇਕ ਗ੍ਰੰਥ ਸਾਹਿਬ ਹੋ ਕੇ ਘਰ ਘਰ ਵਿਚ ਪਹੁੰਚ ਜਾਣ। ਈਸਾਈ ਬਾਈਬਲਾਂ ਵੰਡ ਕੇ ਤੇ ਵੇਚ ਕੇ ਖ਼ੁਸ਼ ਹੁੰਦੇ ਹਨ ਅਤੇ ਫ਼ਖ਼ਰ ਨਾਲ ਲਿਖਿਆ ਕਰਦੇ ਹਨ ਕਿ ਸਾਲ ਵਿਚ ਇਤਨੇ ਲਖ ਬਾਈਬਲਾਂ ਅੱਡ ਅੱਡ ਬੋਲੀਆਂ ਵਿਚ ਛਪੀਆਂ ਤੇ ਵਿਕੀਆਂ॥



Sri Satguru Jagjit Singh Ji Elibrary NamdhariElibrary@gmail.com

# ਹਿਜੇ ਤੇ ਲਗਾਂ

ਜੋ ਲਫ਼ਜ਼ ਵਯੰਜਨ (Consonant) ਅਖਰਾਂ ਵਿਚ ਮੁਕਦੇ ਹਨ, ਓਹਨਾਂ ਬਹੁਤਿਆਂ ਨਾਲ ਗ੍ਰੰਥ ਸਾਹਿਬ ਵਿਚ ਇਕ ਫ਼ਾਲਤੂ ਸਿਹਾਰੀ ਜਾਂ ਫ਼ਾਲਤੂ ਔਂਕੜ ਲਗਾ ਹੁੰਦਾ ਹੈ, ਜਿਸ ਦਾ ਉਚਾਰ ਨਹੀਂ ਹੁੰਦਾ। ਗ੍ਰੰਥ ਸਾਹਿਬ ਵਿਚ ਇਹ ਕੋਈ ਨਵੀਂ ਗਲ ਨਹੀਂ। ਨਾਗਰੀ ਹਿੰਦੀ ਅਤੇ ਮਰਹੱਟੀ ਵਿਚ ਲਿਖੀਆਂ ਪੁਰਾਣੀਆਂ ਕਿਤਾਬਾਂ ਵਿਚ ਵੀ ਇਹੋ ਫ਼ਾਲਤੂ ਲਗਾਂ ਵਰਤੀਆਂ ਦਿਸਦੀਆਂ ਹਨ। ਏਸ ਦੇ ਕੁਝ ਕਾਰਣ ਸਨ। ਬੋਲੀਆਂ ਆਪਣੇ ਵਿਕਾਸ ਵਿਚ ਪੇਚੀਦਗੀਆਂ ਅਤੇ ਵਾਧੂ ਚਿਨ੍ਹਾਂ ਆਦਿ ਨੂੰ ਛਡ ਕੇ ਦਿਨੋ ਦਿਨ ਸਰਲ ਸਿਧੀਆਂ ਹੁੰਦੀਆਂ ਜਾਂਦੀਆਂ ਹਨ। ਇਹ ਕੁਦਰਤੀ ਨਿਯਮ ਹੈ। ਜਿਸ ਬੋਲੀ ਤੇ ਸਖ਼ਤ ਕੈਦਾਂ ਲਾਈਆਂ ਜਾਣ ਅਤੇ ਉਸ ਨੂੰ ਕਿਤਾਬਾਂ ਵਿਚ ਲਿਖ ਕੇ ਬਦਲਨ ਤੋਂ ਰੋਕ ਦਿਤਾ ਜਾਏ, ਉਹ ਮਰ ਜਾਂਦੀ ਹੈ, ਜਿਵੇਂ ਸੰਸਕ੍ਰਿਤ। ਕੁਦਰਤੀ ਨਿਯਮ ਅਪਣਾ ਕੰਮ ਬਰਾਬਰ ਕਰਦੇ ਰਹਿੰਦੇ ਹਨ। ਹਿੰਦੁਸਤਾਨ ਦੀਆਂ ਵਰਤਮਾਨ ਬੋਲੀਆਂ ਏਸੇ ਤਰ੍ਹਾਂ ਵਜੂਦ ਵਿਚ ਆਈਆਂ ਹਨ। ਆਰਯਣ ਭਾਖਾ ਤੋਂ, ਜੋ ਵੇਦਾਂ ਵਿਚ ਵਰਤੀ ਹੈ, ਸਹਿਜੇ ਸਹਿਜੇ ਸਰਲ ਹੁੰਦੀਆਂ ਇਹ ਬੋਲੀਆਂ ਬਣੀਆਂ ਹਨ। ਇਹ ਸਰਲਤਾ 'ਨਾਮਨ' ਅਤੇ 'ਕ੍ਰਿਆ' ਪਦਾਂ ਦੇ ਅੰਤ, ਜੋ ਕੁਝ ਅਖਰ ਜੁੜ ਕੇ ਉਹਨਾਂ ਦੇ ਕਈ ਰੂਪ ਬਣਾ ਦੇਂਦੇ ਹਨ, ਉਹਨਾਂ ਅਖਰਾਂ ਨੂੰ ਗ਼ੈਰ ਜ਼ਰੂਰੀ ਥਾਵਾਂ ਪੁਰ ਛਡ ਦੇਣ ਜਾਂ ਛੋਟਾ ਕਰ ਦੇਣ, ਅਤੇ ਬਹੁਤੇ ਰੂਪਾਂ ਨੂੰ ਘਟਾ ਕੇ ਇਕ ਦੋ ਬਹੁਤੇ ਵਰਤੇ ਜਾਣ ਵਾਲੇ ਰੂਪ ਰਖ ਲੈਣ ਨਾਲ, ਪੈਦਾ ਕੀਤੀ ਜਾਂਦੀ ਹੈ। ਜਿੱਨੇ ਛੋਟੇ ਲਫ਼ਜ਼ਾਂ, ਜਿਨੇ ਥੋੜੇ ਲਫ਼ਜ਼ਾਂ, ਜਿਨੀਆਂ ਥੋੜੀਆਂ ਲਫ਼ਜ਼ਾਂ ਦੀਆਂ ਸ਼ਕਲਾਂ ਨਾਲ ਗੁਜ਼ਾਰਾ ਹੋ ਸਕੇ ਅਤੇ ਕੰਮ ਚਲ ਸਕੇ, ਉਤਨੇ ਹੀ ਰਖ ਲਏ ਜਾਂਦੇ ਹਨ ਅਤੇ ਬਾਕੀ ਛਡ ਦਿਤੇ ਜਾਂਦੇ ਹਨ। ਪਰ ਲੇਖਕ ਲੋਕ ਆਪਣੇ ਲੇਖਾਂ ਨੂੰ ਸਾਫ਼



Sri Satguru Jagjit Singh Ji Elibrary NamdhariElibrary@gmail.com

ਸਾਫ਼ ਅਤੇ ਸਹੀ ਬਨਾਣ ਲਈ ਪੁਰਾਣੇ ਚਿਨ੍ਹਾਂ ਜਾਂ ਉਹਨਾਂ ਦੇ ਬਕੀਯਾਂ ਨੂੰ ਆਮ ਲੋਕਾਂ ਨਾਲੋਂ ਚਿਰ ਪਿਛੋਂ ਤਕ ਚਮੜੇ ਰਹਿੰਦੇ ਹਨ ਅਤੇ ਬੜਾ ਸਹਿਜੇ ਸਹਿਜੇ ਉਸ ਵੇਲੇ ਛਡਦੇ ਹਨ ਜਦ ਮਜਬੂਰ ਹੀ ਹੋ ਜਾਨ। ਇਹੋ ਹਾਲ ਇਹਨਾਂ ਉਚਾਰ ਵਿਚ ਨਾ ਆਉਣ ਵਾਲੀਆਂ ਲਗਾਂ, ਸਿਆਰੀਆਂ ਤੇ ਔਂਕੜਾਂ ਦਾ ਹੈ। ਤੁਸੀਂ ਸੰਸਕ੍ਰਿਤ ਦੇ ਇਹ ਛੇ ਲਫ਼ਜ਼ ਲੈ ਲੌ :—

सत्य ; सप्त ; सत् ; रामो वने अगच्छत् ; कर्म ।

ਇਹ ਪੰਜਾਬੀ ਵਿਚ ਇਉਂ ਪੜ੍ਹੇ ਲਿਖੇ ਜਾਨਗੇ :—

ਸੱਤ (ਸਚ), ਸੱਤ (੭); ਸਤ (ਈਸਬਗੋਲ ਦਾ),
ਰਾਮ ਬਣ ਗਿਆ; ਕਰਮ ਜਾਂ ਕੰਮ।

ਗੁਰਮੁਖੀ ਵਿਚ ਵਯੰਜਨਾ ਦੇ ਛੋਕੜ short a ਜਾਂ ਜ਼ਬਰ ਕੋਈ ਨਹੀਂ ਹੁੰਦੀ, ਅਖਰ ਮੁਕਤਾ ਜਾਂ ਖੁਲਾ ਹੁੰਦਾ ਹੈ।

ਗ੍ਰੰਥ ਸਾਹਿਬ ਵਿਚ ਏਹਨਾਂ ਹੀ ਛੇ ਲਫ਼ਜ਼ਾਂ ਨੂੰ ਇਉਂ ਲਿਖਿਆ ਪਾਉਗੇ :—

ਸਤਿ, ਸਤੁ, ਸਤ, ਰਾਮੁ, ਵਨਿ, ਕਮ ਜਾਂ ਕਰਮ

ਤਸ਼ਦੀਦ ਲਈ ਅਧਕ ਦਾ ਚਿਨ੍ਹ ਅਜ ਕਲ ਵਰਤਨ ਵਿਚ ਆਇਆ ਹੈ, ਗ੍ਰੰਥ ਸਾਹਿਬ ਵਿਚ ਨਹੀਂ ਵਰਤਿਆ ਅਤੇ ਨਾ ਅਨੁਸੂਰ ਵਰਤਿਆ ਹੈ, ਕਦੀ ਕਦੀ ਭਾਵੇਂ ਕਿਧਰੇ ਆ ਗਿਆ ਹੋਵੇ।

ਉਪਰਲੇ ਛੇ ਲਫ਼ਜ਼ਾਂ ਦੀ ਗ੍ਰੰਥ ਸਾਹਿਬ ਵਾਲੀ ਸ਼ਕਲ ਵਿਚ 'ਸਤਿ' ਦੀ ਸਿਆਰੀ ਸੰਸਕ੍ਰਿਤ ਦੇ 'ਯ' ਦੀ ਬਾਕੀ ਹੈ ਜਿਸਦਾ ਲੋਪ ਹੋ ਗਿਆ ਹੈ। 'ਸਤੁ' ਵਿਚ ਔਂਕੜ ਪ੍ਰਥਮਾ ਜਾਂ ਦੁਤੀਆ ਵਿਭਕਤੀ ਦਾ ਚਿਨ੍ਹ ਹੋੜੇ ਦੀ ਥਾਂ ਹੈ; 'ਪ' ਗਿਰ ਗਿਆ ਹੈ। 'ਰਾਮੁ' ਵਿਚ ਵੀ ਔਂਕੜ ਪ੍ਰਥਮਾ ਜਾਂ ਦੁਤੀਆ ਵਿਭਕਤੀ ਦਾ ਨਿਸ਼ਾਨ ਹੋੜੇ ਦੀ ਥਾਂ ਤੇ ਹੈ। 'ਵਨਿ' ਦੀ ਸਿਆਰੀ ਕਾਰਕ ਦੀ ਲਾਂ ਦੀ ਥਾਂ ਆਈ ਹੈ। 'ਕਰਮ' ਆਪਣੀ ਅਸਲ ਦੇ ਬਹੁਤ ਨੇੜੇ ਰਿਹਾ ਹੈ, 'ਰ' ਅਤੇ 'ਮ' ਦੇ ਵਿਚਾਲੇ ਕੋਈ ਹਰਕਤ ਨਹੀਂ, 'ਰ' ਮੁਕਤਾ ਹੈ। 'ਕਮ' ਵਿਚ 'ਰ' ਉਡ ਹੀ ਗਿਆ ਹੈ,



Sri Satguru Jagjit Singh Ji Elibrary NamdhariElibrary@gmail.com

ਪਰ ਅੱਧਕ ਨਹੀਂ ਲਿਖੀ ਗਈ ਭਾਵੇਂ ਉਚਾਰ ਵਿਚ ਆਈ ਹੈ, ਤੇ 'ਮ' ਅੱਧਕ ਵਾਲਾ ਹੈ।

ਏਸੇ ਤਰ੍ਹਾਂ ਕ੍ਰਿਆ ਪਦਾਂ ਦੇ ਕ੍ਰਿਦੰਤ (participles) ਜਿਨ੍ਹਾਂ ਦੇ ਪਿਛੇ ਸੰਸਕ੍ਰਿਤ ਵਿਚ 'ਯ' ਆਉਂਦਾ ਹੈ ਅਤੇ ਅਰਥ ਹੁੰਦੇ ਹਨ 'ਕਰਕੇ' ਜਾਂ 'ਕਰਦਾ ਹੋਇਆ' ਜਾਂ 'ਕੀਤਾ ਹੋਇਆ' ਉਥੇ ਭੀ ਛੇਕੜਲੇ 'ਯ' ਦੀ ਥਾਂ ਗ੍ਰੰਥ ਸਾਹਿਬ ਵਿਚ ਸਿਆਰੀ ਆਉਂਦੀ ਹੈ। ਜਿਥੇ ਹੁਕਮ ਦਿੱਤਾ ਜਾਂਦਾ ਹੈ, ਉਥੇ ਸ਼ਕਲ 'ਕਰੋ' 'ਜਪੋ' ਹੋ ਜਾਂਦਾ ਹੈ। ਏਸ ਹੋੜੇ ਨੂੰ ਸੰਖੇਪ ਕਰ ਕੇ 'ਕਰ' 'ਜਪ' ਹੋ ਜਾਂਦਾ ਹੈ। ਗ੍ਰੰਥ ਸਾਹਿਬ ਵਿਚ ਇਹਨਾਂ ਨੂੰ ਹੀ ਅਕਸਰ ਲਿਖਣਗੇ 'ਕਰੁ', 'ਜਪੁ'। ਅਤੇ ਜੋ ਪੂਰਾ ਉਚਾਰ ਅਦਾ ਕਰਨਾ ਹੋਵੇ ਤਦ ਸ਼ਕਲਾਂ ਹੋਣਗੀਆਂ 'ਕਰਹੁ' 'ਜਪਹੁ'।

ਕਿਤੇ ਕਿਤੇ ਸਿਆਰੀ 'ਹੀ' ਜਾਂ 'ਈ' (the same, self) ਦੀ ਥਾਂ ਆਕੇ ਪਹਿਲੇ ਆਏ ਲਫ਼ਜ਼ ਦੇ ਵਯੰਜਨ ਅਖਰ ਨਾਲ ਜੁੜ ਗਈ ਹੈ, ਪਰ ਇਹ ਵਰਤਾਉ ਸਿਆਰੀ ਦਾ ਬਹੁਤ ਘਟ ਹੋਇਆ ਹੈ। ਅਤੇ ਉਸਨੂੰ ਦਰੁਸਤ ਵਰਤਿਆ ਹੋਇਆ ਸਿਧ ਕਰਨ ਲਈ ਸਾਨੂੰ ਖਿਚ ਘਸੀਟ ਕਰਨੀ ਪੈਂਦੀ ਹੈ।

ਸਾਡੇ ਲੇਖਕਾਂ ਤੇ ਲਿਖਾਰੀਆਂ ਦੋਹਾਂ ਨੇ ਇਹ ਫ਼ਾਲਤੂ ਸਿਆਰੀ ਤੇ ਔਂਕੜ ਸਾਖੀਆਂ ਲਿਖਦੇ 'ਤੇ ਨਕਲ ਕਰਦੇ ਸਮੇਂ ਵਾਰਤਕ ਵਾਕ-ਰਚਨਾ ਵਿਚ ਵੀ ਵਰਤੇ ਹਨ, ਪਰ ਡਾਢੇ ਹੀ ਗ਼ਲਤ। ਉਹਨਾਂ ਨੇ ਮਨ ਰਖਿਆ ਸੀ ਕਿ ਕੋਈ ਵਿਯੰਜਨ ਅਖਰ ਬਿਨਾਂ ਕਿਸੇ ਸਵਰ ਦੇ ਹੋ ਹੀ ਨਹੀਂ ਸਕਦਾ; ਜ਼ਬਰ, ਜ਼ੇਰ, ਪੇਸ਼ ਵਿਚੋਂ ਕੋਈ ਨਾ ਕੋਈ ਜ਼ਰੂਰ ਨਾਲ ਹੋਣੀ ਚਾਹੀਏ। ਉਹ ਲੋਕ ਸਮਝਦੇ ਨਹੀਂ ਸਨ ਕਿ ਸਿਆਰੀ ਤੇ ਔਂਕੜ ਦੇ ਆਉਣ ਦਾ ਕੋਈ ਨਾ ਕੋਈ ਕਾਰਣ ਹੁੰਦਾ ਸੀ, ਐਵੇਂ ਅਕਾਰਨ ਨਿਯਮ ਨਹੀਂ ਸੀ ਬਧਾ ਹੋਇਆ। ਗ੍ਰੰਥ ਸਾਹਿਬ ਵਿਚ ਏਸ ਪਿੰਡਾਣੇ ਨਿਯਮ ਤੇ ਨਹੀਂ ਟੁਰੇ ਪਰ ਤਾਂ ਭੀ ਮੈਂ ਕੋਈ ਬੀੜ ਲਿਖਤੀ ਜਾਂ ਛਾਪੇ ਦੀ ਨਹੀਂ ਦੇਖੀ ਜਿਸ ਵਿਚ ਹਰ ਸਫ਼ੇ ਪੁਰ ਬਹੁਤ ਸਾਰੀਆਂ ਇਹਨਾਂ ਲਗਾਂ



Sri Satguru Jagjit Singh Ji Elibrary NamdhariElibrary@gmail.com

ਦੀਆਂ ਗ਼ਲਤੀਆਂ ਨਾ ਹੋਣ। ਸੋ ਇਹਨਾਂ ਦੀ ਦਰੁਸਤੀ ਪੁਰ ਜ਼ਰੂਰਤ ਨਾਲੋਂ ਵਧੀਕ ਜ਼ੋਰ ਦੇਣਾ ਵਿਅਰਥ ਹੈ ਅਤੇ ਦਰੁਸਤ ਕਰਨ ਦਾ ਯਤਨ ਕਰਨਾ ਫ਼ਜ਼ੂਲ। ਹਿੰਦੀ ਅਤੇ ਮਰਹਟੀ ਵਾਲਿਆਂ ਨੇ ਹੁਣ ਭਗਤ ਬਾਣੀ ਲਿਖਦੇ ਸਮੇਂ ਵੀ ਇਹਨਾਂ ਫ਼ਾਲਤੂ ਲਗਾਂ ਦਾ ਵਰਤਾਉ ਛਡ ਦਿਤਾ ਹੈ, ਜਿਸ ਤਰ੍ਹਾਂ ਕਿ 'ਦੀ ਸਿਖ ਰਿਵੀਊ' ਵਿਚ ਆਪਣੇ ਇਕ ਲੇਖ ਵਿਚ, ਬਹੁਤ ਵਰ੍ਹੇ ਹੋਏ ਹਨ, ਮੈਂ ਲਿਖਿਆ ਭੀ ਸੀ। ਗੁਰਮੁਖੀ ਵਾਲੇ ਇਹਨਾਂ ਨੂੰ ਛਡਣ ਜਾਂ ਨਾ ਛਡਣ ਉਨ੍ਹਾਂ ਦੀ ਮਰਜ਼ੀ ਹੈ, ਪਰ ਇਹਨਾਂ ਦਾ ਰਖਣਾ ਕੁਝ ਲੰਮਾ ਕੰਮ ਨਹੀਂ ਸਵਾਰਦਾ।

ਹਿਜੇ ਕਰਨ ਵਿਚ ਬਹੁਤ ਬੇਥਵੀ ਪਾਈ ਜਾਂਦੀ ਹੈ। ਇਕ ਹੀ ਲਫ਼ਜ਼ ਨੂੰ ਅੱਡ ਅੱਡ ਤਰ੍ਹਾਂ ਲਿਖਿਆ ਹੈ। ਕੁਝ ਮਿਸਾਲਾਂ ਦੇਂਦੇ ਹਾਂ :—

ਸਵੈਯੇ, ਸਵਯੇ, ਸਵਈਏ ਸ੍ਵਈਏ, ਸ੍ਵਯੇ; ਗਿਰੰਥ, ਗ੍ਰੰਥ, ਗ੍ਰਿੰਥ; ਪ੍ਰਲੋਕ, ਪਰਲੋਕ; ਪ੍ਰਗਟ, ਪਰਗਟ; ਨੈਣ, ਨਯਨ, ਨੈਨ; ਗੁਨ, ਗੁਣ; ਸ੍ਰਵਣ, ਸ਼ਰਵਨ, ਸ੍ਰਵਣ; ਨਰੰਕਾਰ, ਨਿਰੰਕਾਰ; ਵਾਹਿਗੁਰੂ, ਵਾਹਗੁਰੂ, ਵਾਹੁਗੁਰੂ; ਭੌਜਲ, ਭਉਜਲ; ਪਵਣ, ਪਉਨ; ਆਦਿ।

ਕਈ ਥਾਂ ਦੋਹਰੀਆਂ ਲਗਾਂ ਭੀ ਇਕੋ ਅੱਖਰ ਨੂੰ ਲਾਈਆਂ ਹਨ; ਜਿਵੇਂ 'ਨਨਾ ਏਕ ਤੁੋਹੀ' ਵਿਚ 'ਤ' ਨੂੰ ਹੋੜਾ ਵੀ ਲਾਇਆ ਹੈ ਤੇ ਔਂਕੜ ਵੀ। 'ਵ' ਦੀ ਥਾਂ 'ਬ' ਭੀ ਹੋ ਗਿਆ ਹੈ, ਜਿਵੇਂ 'ਮੁਖਵਾਕ' ਦਾ 'ਮੁਖਬਾਕ'; 'ਵੇਦ' ਦਾ 'ਬੇਦ'।

ਜੇਕਰ ਹਿਜਿਆਂ ਨੂੰ ਨਿਯਤ ਕਰਨਾਂ ਜਾਂ ਟਕਸਾਲੀ ਬਨਾਨਾਂ ਹੋਵੇ, ਤਦ ਪ੍ਰਤੱਖ ਹੈ ਕਿ ਚੋਣਵੇਂ ਸਿਖ ਵਿਦਵਾਨਾਂ ਦੀ ਇਕ ਕਮੇਟੀ ਬੈਠਣੀ ਹੋਵੇਗੀ ਜੋ ਮੰਨੀਆਂ ਪ੍ਰਮੰਨੀਆਂ ਬੀੜਾਂ ਤੋਂ ਇਕ ਠੀਕ ਰੂਪ ਗ੍ਰੰਥ ਸਾਹਿਬ ਦਾ ਵੀ ਤਿਆਰ ਕਰਨ। ਜਿਸਤਰ੍ਹਾਂ ਕਿ ਬਾਈਬਲ ਦਾ Authorized version ਹੈ।

ਲਫ਼ਜ਼ੀ ਅਦਲ ਬਦਲ ਵੀ ਕਈ ਦੇਖੇ ਜਾਂਦੇ ਹਨ, ਜਿਵੇਂ 'ਛਾਡ' ਦੀ ਥਾਂ 'ਤਜ', 'ਕਾਲੀ' ਦੀ ਥਾਂ 'ਕਾਰੀ' ਆਦਿ। ਪਰ ਇਹ ਫ਼ਰਕ ਬਹੁਤ ਥੋੜੇ ਹਨ। ਹੇਠਾਂ ਇਕ ਸਾਰਨੀ ਵਿਚ ਇਕ ਹੀ 'ਸ਼ਬਦ' ਤਿਨਾਂ



Sri Satguru Jagjit Singh Ji Elibrary NamdhariElibrary@gmail.com

ਥਾਵਾਂ ਤੋਂ ਲੈ ਕੇ ਦਿਤਾ ਜਾਂਦਾ ਹੈ, 'ਜਪੁ ਜੀ' ਵਿਚੋਂ; 'ਰਹਿਰਾਸਿ' ਵਿਚੋਂ; ਅਤੇ ਗ੍ਰੰਥ ਸਾਹਿਬ ਦੇ ਅੰਦਰੋਂ ਰਾਗ 'ਆਸਾ' ਵਿਚੋਂ। ਤੁਸੀ ਦੇਖੋਗੇ ਕਿ ਕਿਤਨੇ ਫ਼ਰਕ ਹਨ। ਰਾਗ ਆਸਾ ਵਿਚ ਚੂੰਕਿ ਮੁਢਲਾ ਲੇਖ ਹੋਇਆ ਸੀ, ਉਹ ਸਹੀ ਸਮਝਣਾ ਚਾਹੀਦਾ ਹੈ। 'ਜਪੁ' ਗੁਰੂ ਨਾਨਕ ਦੇਵ ਨੇ ਪਿਛੋਂ ਰਚਿਆ ਸੀ, ਕਰਤਾਰਪੁਰ ਬੈਠਕੇ। ਇਹ 'ਜਪੁ' ਗੁਰੂ ਰਾਮਦਾਸ ਦੀ ਹਥੀਂ ਲਿਖਿਆ ਗਿਆ, ਅਤੇ ਉਸ ਤੋਂ ਲਿਖਾਰੀਆਂ ਨੇ ਬੜੀ ਇਹਤਿਆਤ ਨਾਲ ਨਕਲ ਕੀਤੀ; ਸੋ ਜੋ ਫ਼ਰਕ ਇਸ ਵਿਚ ਰਾਗ ਆਸਾ ਨਾਲੋਂ ਦਿਸਦੇ ਹਨ, ਉਹ ਗੁਰੂ ਨਾਨਕ ਸਾਹਿਬ ਦੇ ਜਾਣ ਬੁਝ ਕੇ ਪਾਏ ਸਮਝਣੇ ਚਾਹਿਦੇ ਹਨ। ਪਰ 'ਸੋਦਰ' ਵਾਲੇ ਹਿਸੇ ਵਿਚ ਜੋ ਫ਼ਰਕ ਹਨ ਉਹ ਭਾਈ ਗੁਰਦਾਸ ਦੇ ਜ਼ਿਮੇ ਲਗਨ ਗੇ।

ਜੋ ਭੀ ਕੋਈ 'ਸ਼ਬਦ' ਗ੍ਰੰਥ ਸਾਹਿਬ ਵਿਚ ਇਕ ਤੋਂ ਵਧੀਕ ਥਾਵਾਂ ਤੇ ਆਇਆ ਹੈ, ਅਤੇ ਉਹਨਾਂ ਦਾ ਆਪੋ ਵਿਚ ਟਾਕਰਾ ਕੀਤਾ ਗਿਆ ਹੈ, ਤਾਂ ਹਿੱਜਿਆਂ, ਲਗਾਂ, ਅਤੇ ਲਫ਼ਜ਼ਾਂ ਦੇ ਇਹੋ ਜਿਹੇ ਫ਼ਰਕ ਸਾਨੂੰ ਦਿਸੇ ਹਨ :—

| 'ਜਪੁ ਜੀ' ਵਿਚੋਂ | 'ਸੋਦਰ' ਵਿਚੋਂ | ਰਾਗ ਆਸਾ ਵਿਚੋਂ |
|---|---|---|
| ਸੋ ਦਰੁ ਕਿਹਾ ਸੋ ਘਰ ਕਿਹਾ ਜਿਤ ਬਹੁ ਸਰਬ ਸਮਾਲੇ। | ਸੋ ਦਰੁ ਕਿਹਾ ਸੋ ਘਰੁ ਕਿਹਾ ਜਿਤੁ ਬਹਿ ਸਰਬ ਸਮਾਲੇ। | ਸਮ੍ਹਾਲੇ |
| ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣ ਹਾਰੇ। | ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ। | |
| ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ। | ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣ ਹਾਰੇ | |
| ਗਾਵਹਿ ਤੁਹਨੋ ਪਉਣੁ ਪਾਣੀ- ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ। | ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ। | ਗਾਵਨਿ੍ ਪਉਣੁ ਧਰਮ |
| ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ। | ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ। | ਗਾਵਨਿ੍ ਵੀਚਾਰੇ |



Sri Satguru Jagjit Singh Ji Elibrary NamdhariElibrary@gmail.com

| 'ਜਪੁ ਜੀ' ਵਿਚੋਂ' | 'ਸੋਦਰ' ਵਿਚੋਂ' | ਆਸਾ ਰਾਗ ਵਿਚੋਂ' |
| --- | --- | --- |
| ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ। | ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ। | ਗਾਵਨਿ |
| ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ। | ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ। | ਗਾਵਨਿ |
| ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ। | ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ। | ਗਾਵਨਿ |
| ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ। | ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ। | ਗਾਵਨਿ |
| ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ। | ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸਰੁ ਜੁਗੁ ਜੁਗੁ ਵੇਦਾ ਨਾਲੇ। | ਪੜੰ<br>ਬੇਦਾ |
| ਗਾਵਹਿ ਮੋਹਣੀਆ ਮਨਮੋਹਨਿ ਸਰਗਾ ਮਛ ਪਇਆਲੇ। | ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛ ਪਇਆਲੇ | ਮਛੁ |
| ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ। | ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠ ਸਠਿ ਤੀਰਥ ਨਾਲੇ। | ਗਾਵਨਿ ਉਪਾਏ |
| ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ। | ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ | ਗਾਵਨਿ<br>ਗਾਵਨਿ |
| ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ। | ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ। | |
| ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ। ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ। | ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ। | ਗਾਵਨਿ ਭਾਵਨਿ |

ਤਰਤੀਬ ਦਾ ਵੀ ਫ਼ਰਕ ਹੈ, ਜਿਸ ਤਰ੍ਹਾਂ ਕੀਰਤਨ ਸੋਹਲੇ ਦੇ ਪੰਜਵੇਂ ਸ਼ਬਦ ਵਿਚ ਰਹਾਉ ਵਾਲੀ ਤੁਕ :

ਅਉਧ ਘਟੈ ਦਿਨਸੁਰੈਣਾਰੇ। ਮਨ ਗੁਰ ਮਿਲਿ ਕਾਜ ਸਵਾਰੇ ॥੧॥ਰਹਾਉ ॥



Sri Satguru Jagjit Singh Ji Elibrary NamdhariElibrary@gmail.com

ਏਸ ਪਦ ਤੋਂ ਪਿਛੋਂ ਦਿਤੀ ਹੈ :-

'ਕਰਉ ਬੇਨੰਤੀ ਸੁਣਹੁ......ਆਗੈ ਬਸਨੁ ਸੁਹੇਲਾ ॥'

ਪਰ ਰਾਗ ਗਉੜੀ ਪੂਰਬੀ ਹੇਠਾਂ, ਜਿਥੋਂ ਇਹ 'ਸ਼ਬਦ' ਲਿਆ ਹੈ, ਰਹਾਉ ਵਾਲੀ ਤੁਕ 'ਪਦ' ਤੋਂ ਪਹਿਲੇ ਆਉਂਦੀ ਹੈ। ਰਹਾਉ ਵਾਲੀਆਂ ਤੁਕਾਂ ਦੀ ਤਰਤੀਬ ਦਾ ਫ਼ਰਕ ਹੋਰਥੇ ਭੀ ਦੇਖਿਆ ਗਿਆ ਹੈ। ਜ਼ਾਹਿਰ ਹੈ ਰਬਾਬੀਆਂ ਨੇ ਕਦੇ ਰਹਾਉ ਦੀ ਤੁਕ ਪਹਿਲੇ ਗਾਵੀਂ, ਤੇ ਕਦੇ ਪਹਿਲਾਂ ਸਲੋਕ ਜਾਂ ਪਦ ਗਾ ਕੇ ਰਹਾਉ ਵਾਲੀ ਤੁਕ ਪਿਛੋਂ। ਸਹੰਸਰ ਰਾਮ ਨੇ ਜਿਵੇਂ ਸੁਣਿਆਂ ਤਿਵੇਂ ਲਿਖ ਲਿਆ।

'ਸਲੋਕ ਸਹਸ੍ਰਿਤਿ ਮਹਲ ੧' ਦੇ ਸਿਰਨਾਵੇਂ ਹੇਠਾਂ 'ਭੋਗ ਦੀ ਬਾਣੀ' ਵਿਚ ਜੋ ਚਾਰ ਸਲੋਕ ਦਿਤੇ ਹਨ ਇਹਨਾਂ ਵਿਚੋਂ ਖ਼ਾਲੀ ਪਹਿਲਾ ਸਲੋਕ ਹੀ 'ਮਹਲਾ ੧' ਦਾ ਹੈ, ਬਾਕੀ ਦੇ ਤਿੰਨਾਂ ਨੂੰ ਗ੍ਰੰਥ ਸਾਹਿਬ ਦੇ ਅੰਦਰ 'ਮਹਲਾ ੨' ਦੇ ਦਸਿਆ ਹੈ। ਸਲੋਕ 'ਨਿਹਫਲੰ ਤਸਜੁਜਨਮਸਜ' ਨੂੰ ਮਾਝ ਦੀ ਵਾਰ ਦੀ ਪਉੜੀ ੨੩ ਨਾਲ ਰਲਾ ਕੇ ਦਿਤਾ ਹੈ ਅਤੇ 'ਮਹਲਾ ੨' ਨਾਲ ਲਿਖਿਆ ਹੈ। ਕਰਤਾਰ ਪੁਰ ਵਾਲੀ ਬੀੜ ਵਿਚ ਇਸ ਦੇ ਪਹਿਲੇ '੧ਓ' ਵੀ ਲਿਖਿਆ ਹੈ, ਜਿਸ ਦਾ ਮਤਲਬ ਹੈ ਕਿ ਇਸ ਦੂਸਰੇ ਸਲੋਕ ਦੇ ਨਾਲ ਦੂਜੀ ਜੁਜ਼ ਟੁਰੀ, ਅਰਥਾਤ 'ਮਹਲੇ ੨ ਦੇ ਸਲੋਕ ਚਲੇ,' ਭਾਵੇਂ 'ਮਹਲਾ ੨' ਏਥੇ 'ਭੋਗ ਦੀ ਬਾਣੀ' ਵਿਚ ਨਾਲ ਨਹੀਂ ਦਿਤਾ।

ਏਸ ਤਰ੍ਹਾਂ ਤੀਜੇ ਤੇ ਚੌਥੇ ਸਲੋਕ :-

'ਜੋਗ ਸਬਦੰ' ਅਤੇ 'ਏਕ ਕ੍ਰਿਸਨੰ'

ਨੂੰ ਭੀ 'ਆਸਾ ਦੀ ਵਾਰ' ਵਿਚ ਦੇਂਦੇ ਇਹਨਾਂ ਦੋਹਾਂ ਦੇ ਨਾਲ 'ਮਹਲਾ ੨' ਲਿਖਿਆ ਹੈ। ਹਿਜਿਆਂ ਦਾ ਵੀ ਬਹੁਤ ਫ਼ਰਕ ਹੈ। ਗ੍ਰੰਥ ਸਾਹਿਬ ਦੇ ਅੰਦਰਲੇ ਸਲੋਕ ਠੀਕ ਸਮਝਣੇ ਚਾਹੀਦੇ ਹਨ, ਅਤੇ 'ਭੋਗ ਦੀ ਬਾਣੀ' ਵਾਲੇ ਗਲਤ। ਦੋਹਾਂ ਪਾਠਾਂ ਨੂੰ ਹੇਠਾਂ ਦੇ ਕਾਲਮਾਂ ਵਿਚ ਰਖ ਕੇ ਦਿਖਾਇਆ ਹੈ।



Sri Satguru Jagjit Singh Ji Elibrary NamdhariElibrary@gmail.com

'[illegible]ਗ [illegible] ਬਾਣੀ' ਵਿਚੋਂ

ਨਿਹ ਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ । ਸਾਗਰੰ ਸੰਸਾਰਸ੍ਯ ਗੁਰ ਪ੍ਰਸਾਦੀ ਤਰਹਿ ਕੇ ॥ ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ । ਕਾਰਣ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ[illegible] । [illegible]ੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪ੍ਰਾਕ੍ਰਿਤਹ । ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ । ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥

ਏਕ ਕ੍ਰਿਸਨ ਤ ਸਰਬ ਦੇਵਾ ਦੇਵ ਦੇਵਾਤ ਆਤਮਹ । ਆਤਸੰ ਸ੍ਰੀ ਬਾਸ੍ਵ ਦੇਵਸ੍ਯ ਜੇ ਕੋ ਜਾਨਸਿ ਭੇਵ । ਨਾਨਕ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਵ ॥ ੪ ॥

ਗ੍ਰੰਥ ਸਾਹਿਬ ਦੇ ਅੰਦਰੋਂ

ਮਹਲਾ ੨ ॥ ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ । ਸਾਗਰੰ ਸੰਸਾਰਸਿ ਗੁਰ ਪ੍ਰਸਾਦੀ ਤਰਹਿ ਕੇ । ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ । ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥ ੨ ॥

[ਮਾਝ ਕੀ ਵਾਰ । ਪਉੜੀ ੨੩ਵੀਂ

ਮਹਲਾ ੨ ॥ ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਹ । ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ । ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ । ਨਾਨਕ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥

(ਆਸਾ ਦੀ ਵਾਰ

ਮਹਲਾ ੨ ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾਤ ਆਤਮਾ । ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ । ਨਾਨਕੁ ਤਾਕਾ ਦਾਸ ਹੈ ਸੋਈ ਨਿਰੰਜਨ ਦੇਉ ।੪।

## ਰਾਗ ਗਉੜੀ ਵਿਚ ਵਾਰ ਮਹਲ ੪ ਦੀ ਬਾਹਰਵੀਂ ਪਉੜੀ

## 'ਸੰਤ ਬਚਨ ਅਟਲਾਧਾ'

ਪਹਿਲਾਂ ਮਹਲਾ ੪ ਦੀ ਕਰਕੇ ਦਿੱਤੀ ਹੈ, ਅਤੇ ਫੇਰ ਅਗੇ ਜਾ ਕੇ ਏਸੇ ਨੂੰ ਦੁਹਰਾਇਆ ਹੈ। ਪਰ ੩੧ਵੀਂ ਪਉੜੀ ਵਿਚ ਏਸ ਨੂੰ ਪੰਜਵੀਂ ਪਾਤਸ਼ਾਹੀ ਦੀ ਵਿਖਾਇਆ ਹੈ। ਇਹ ਸਮਝ ਨਹੀਂ ਆਉਂਦੀ ਕਿ ਇਹ ਗਲਤੀ ਕਿਸ ਤਰ੍ਹਾਂ ਹੋਈ, ਸਿਵਾਇ ਇਹ ਮਨਣ ਦੇ ਕਿ –'ਮ: ੫' ਦੇ ਅਖਰ ਲਿਖਾਰੀ ਨੇ ਗਲਤੀ ਨਾਲ ਲਿਖ ਦਿਤੇ । ਨਾ ਇਹ ਸਮਝ ਆਉਂਦੀ ਹੈ ਕਿ ਸਾਰੀ ਪਉੜੀ ਕਿਉਂ ਦੁਹਰਾਈ ਹੈ। ਮਾਲੂਮ ਹੁੰਦਾ ਹੈ ਕਿ ਦੋ ਥਾਈਂ ਲਿਖੀ ਗਈ ਸੀ ਭੁਲ ਭੁਲੇਖੇ।



Sri Satguru Jagjit Singh Ji Elibrary NamdhariElibrary@gmail.com

ਭਗਤਾਂ ਦੀ ਬਾਣੀ ਵਿਚ ਕਬੀਰ ਜੀ ਦੀਆਂ ਇਹ ਤੁਕਾਂ.—

ਚੂਆ ਚੰਦਨ ਮਰਦਨ ਅੰਗਾ।
ਸੋ ਤਨ ਜਲੈ ਕਾਠ ਕੈ ਸੰਗਾ।

ਰਾਗ ਗਉੜੀ ਗੁਆਰੇਰੀ ਦੇ ਯਾਰ੍ਹਵੇਂ ਚਉਪਦੇ ਵਿਚ ਤੇ ਫੇਰ ਸੋਲ੍ਹਵੇਂ ਚਉਪਦੇ ਵਿਚ ਆਉਂਦੀਆਂ ਹਨ। ਕਾਗ਼ਜ਼ ਦਾ ਪਤਰਾ ਜੋ ਭਾਈ ਗੁਰਦਾਸ ਨੂੰ ਨਕਲ ਕਰਨ ਲਈ ਮਿਲਿਆ ਹੋਵੇਗਾ, ਉਸ ਪੁਰ ਏਵੇਂ ਹੀ ਲਿਖੀਆਂ ਹੋਣਗੀਆਂ।

ਪੁਰਾਤਨ ਹਥ ਦੀਆਂ ਲਿਖੀਆਂ ਕਿਤਾਬਾਂ ਦਾ ਟਾਕਰਾ ਕਰਨਾ, ਅਤੇ ਉਤਾਰੇ ਕਰਨ ਵਿਚ ਲਿਖਾਰੀਆਂ ਦੀਆਂ ਕੀਤੀਆਂ ਗ਼ਲਤੀਆਂ ਲਭ ਲੈਣਾ ਅਜ ਕਲ ਇਕ ਸਾਇੰਸ ਬਣ ਗਈ ਹੈ। ਬਵੰਜਾ ਤਰ੍ਹਾਂ ਦੀਆਂ ਗ਼ਲਤੀਆਂ ਇਹਨਾਂ ਲਿਖਾਰੀਆਂ ਤੋਂ ਹੁੰਦੀਆਂ ਹਨ। ਜਿਸ ਕਮੇਟੀ ਬਨਾਣ ਦੀ ਤਜਵੀਜ਼ ਅਸਾਂ ਉਪਰ ਕੀਤੀ ਹੈ, ਦੇਖੀਏ ਉਸ ਦੇ ਮੈਂਬਰ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ ਦਾ ਮੁਕਾਬਲਾ ਕਰਦੇ ਪਰ ਵਿਚੋਂ ਕੰਨੀ ਤਰ੍ਹਾਂ ਦੀਆਂ ਗ਼ਲਤੀਆਂ ਇਹਨਾਂ ਵਿਚੋਂ ਲਭਦੇ ਹਨ।



Sri Satguru Jagjit Singh Ji Elibrary NamdhariElibrary@gmail.com

# ਭਾਗ ਦੂਜਾ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ੧. ਭਾਈ ਗੁਰਦਾਸ ਵਾਲੀ

# 'ਆਦਿ ਬੀੜ'

੧. ਗ੍ਰੰਥ ਸਾਹਿਬ ਭਾਦਰੋਂ ਸੁਦੀ ਏਕਮ ਨੂੰ ਮੁਕੰਮਲ ਹੋ ਗਿਆ ਅਤੇ ਅਸੂ ਦੇ ਅਖੀਰ ਜਿਲਦ ਬਨ੍ਹਕੇ ਆ ਗਈ। ਤਦ 'ਮੰਜੀ ਸਾਹਿਬ' ਵਾਲੇ ਥਾਂ ਅਸਥਾਪਨ ਕੀਤੇ ਗਏ ਅਤੇ ਭਾਈ ਬੁਢਾ ਜੀ ਗ੍ਰੰਥੀ ਮੁਕਰੱਰ ਹੋਏ। ਜਿਨਾਂ ਚਿਰ ਗੁਰੂ ਸਾਹਿਬ ਅੰਮ੍ਰਿਤਸਰ ਰਹੇ, ਗ੍ਰੰਥ ਸਾਹਿਬ ਭੀ ਇਥੇ ਹੀ ਰਹੇ। ਪਰ ਕੁਝ ਚਿਰ ਪਿਛੋਂ ਜਦ ਗੁਰੂ ਅਰਜਨ ਦੇਵ ਕਰਤਾਰ ਪੁਰ (ਜਲੰਧਰ) ਜਾ ਰਹੇ, ਅਤੇ ਉਥੋਂ ਦੀ ਧਰਮਸਾਲਾ ਬਾਉਲੀ ਆਦਿ ਤਿਆਰ ਕਰਾਏ ਤਦ ਗ੍ਰੰਥ ਸਾਹਿਬ ਵੀ ਉਹਨਾਂ ਦੇ ਨਾਲ ਕਰਤਾਰ ਪੁਰ ਪਹੁੰਚ ਗਏ। ਇਹ ਗ੍ਰੰਥ ਸਾਹਿਬ ਹੁਣ ਗੁਰੂ ਗੱਦੀ ਦਾ ਖਾਸ ਚਿਨ੍ਹ ਸੀ ਜੋ ਗੁਰੂ ਸਾਹਿਬ ਤੋਂ ਅਲਹਿਦਾ ਨਹੀਂ ਸੀ ਹੋ ਸਕਦਾ। ਜਿਥੇ ਅਗੇ ਸਿਖ ਗੁਰੂ ਸਾਹਿਬ ਦੀ ਮੰਜੀ ਅਗੇ ਮਥਾ ਟੇਕਦੇ ਤੇ ਪਾਵਿਆਂ ਨੂੰ ਮੁਠੀਆਂ ਭਰਿਆਂ ਕਰਦੇ ਸਨ, ਉਥੇ ਹੁਣ ਗ੍ਰੰਥ ਸਾਹਿਬ ਅਗੇ, ਜੋ ਮੰਜੀ ਪੁਰ ਰਖਿਆ ਰਹਿੰਦਾ ਸੀ, ਮਥੇ ਟੇਕਦੇ।

ਇਥੇ ਕਰਤਾਰ ਪੁਰ ਹੀ ਅਕਬਰ ਪਾਤਸ਼ਾਹ ਨੇ ਡੇਰੇ ਆ ਕੇ ਗ੍ਰੰਥ ਸਾਹਿਬ ਪੜ੍ਹਵਾਕੇ ਸੁਣਿਆਂ ਅਤੇ ਖ਼ੁਸ਼ ਹੋਕੇ ਕਰਤਾਰਪੁਰ ਦੀ ਧਰਮਸਾਲਾ ਲਈ ਚੋਖੀ ਜ਼ਮੀਨ ਦਿੱਤੀ, ਅਤੇ ਗੁਰੂ ਅਰਜਨ ਦੇਵ ਦੀ ਸਫਾਰਿਸ਼ ਪੁਰ ਉਸ ਸਾਲ ਜ਼ਮੀਨ ਦੇ ਮੁਆਮਲੇ ਵਿਚ ਲੋਕਾਂ ਨੂੰ 'ਬ-ਹਿਸਾਬੇ ਦੇਹ ਦਵਾਜ਼ਦੀ' ਰਿਆਇਤ ਦਿਤੀ।



Sri Satguru Jagjit Singh Ji Elibrary NamdhariElibrary@gmail.com

੨. ਅਕਬਰ ਪੂਰੇ ਚੌਦਾਂ ਵਰ੍ਹੇ, ਸੰਨ ੧੫੮੪ ਤੋਂ ੧੫੯੮ ਤਕ ਲਾਹੌਰ ਰਹਿਕੇ ਆਗਰੇ ਵਾਪਸ ਜਾ ਰਿਹਾ ਸੀ ਅਤੇ ਉਸਦਾ ਇਰਾਦਾ ਜਸਵਾਂ ਦੂਨ ਦੇ ਰਸਤੇ ਜਾਣ ਦਾ ਸੀ। ਹਾਲੀ ਬਿਆਸਾ ਨਹੀਂ ਲੰਘਿਆ ਸੀ ਜੋ ਅਚਲ (ਵਟਾਲੇ) ਵਿਚ ਹਿੰਦੂ-ਮੁਸਲਮਾਨਾਂ ਵਿਚ ਸਖਤ ਫ਼ਸਾਦ ਹੋ ਜਾਣ ਦੀ ਖ਼ਬਰ ਮਿਲੀ। ਮੁਸਲਮਾਨ ਫ਼ਕੀਰਾਂ ਅਤੇ ਜੋਗੀਆਂ ਵਿਚ ਕਿਸੇ* ਗਲੇ ਝਗੜਾ ਹੋਕੇ ਫ਼ਸਾਦ ਦੀ ਅੱਗ ਭੜਕ ਉਠੀ ਅਤੇ ਮੁਸਲਮਾਨਾਂ ਨੇ ਬਹੁਤ ਸਾਰੇ ਜੋਗੀ ਮਾਰ ਦਿਤੇ ਤੇ ਜੋਗੀਆਂ ਦਾ ਪੁਰਾਣਾ ਮਸ਼ਹੂਰ ਮੰਦਰ ਢਾ ਦਿੱਤਾ। ਪਾਤਸ਼ਾਹ ਇਹ ਖਬਰ ਸੁਣਕੇ ਅਤੇ ਆਪਣਾ ਰਾਹ ਛਡਕੇ ਅਚਲ ਪੁੱਜਾ, ਅਤੇ ਖ਼ੁਦ ਤਹਕੀਕਾਤ ਕਰਕੇ ਮਾਲੂਮ ਕੀਤਾ ਜੋ ਮੁਸਲਮਾਨਾਂ ਦੀ ਵਧੀਕੀ ਸੀ, ਉਹਨਾਂ ਨੂੰ ਸਜ਼ਾ ਦਿੱਤੀ ਅਤੇ ਮੰਦਰ ਫੇਰ ਉਹਨਾਂ ਦੇ ਖ਼ਰਚ ਪੁਰ ਬਣਵਾ ਦਿੱਤਾ।

ਅੰਦਰਲਾ ਦੂਨ ਵਾਲਾ ਰਸਤਾ ਤਾਂ ਪਾਤਸ਼ਾਹ ਛੱਡ ਹੀ ਚੁਕਾ ਸੀ, ਹੁਣ ਉਸਨੇ ਸ਼ਾਹੀ ਸੜਕ ਫੜਕੇ ਜਾਲੰਧਰ ਹੁੰਦੇ ਜਸਵਾਂ ਦੂਨ ਵਿਚ ਫੇਰ ਪਹਾੜੀ ਸੜਕ ਨੂੰ ਜਾ ਫੜਨ ਦੀ ਸਲਾਹ ਠਹਿਰਾਈ ਜਿਥੇ ਕਿ ਰਕਾਬ-ਦੀ-ਫ਼ੌਜ ਡੇਰਾ ਪਾਈ ਇਨਤਜ਼ਾਰ ਕਰ ਰਹੀ ਸੀ। ਬਿਆਸਾ ਨਦੀ ਨੂੰ ਗੋਇੰਦਵਾਲ ਕੋਲ ਪਾਰ ਕੀਤਾ। ਉਹ ਅਗੇ ਇਕ ਵਾਰੀ ਏਧਰੋਂ ਲੰਘਦਾ ਗੋਇੰਦਵਾਲ ਗੁਰੂ ਅਮਰਦਾਸ ਨੂੰ ਮਿਲਿਆ ਸੀ, ਅਤੇ ਉਹਨਾਂ ਦੀ ਲੜਕੀ ਬੀਬੀ ਭਾਨੀ ਅਤੇ ਜਵਾਈ ਰਾਮਦਾਸ ਨੂੰ ਇਕ ਚੱਕ†

---

*'ਪ੍ਰਾਚੀਨ' ਜਨਮਪੱਤ੍ਰੀ ਤੋਂ ਪਤਾ ਲਗਦਾ ਹੈ ਕਿ ਗਊ ਦੇ ਜ਼ਬਹ ਕਰਨ ਤੋਂ ਝਗੜਾ ਛਿੜਿਆ ਸੀ।

†ਇਹੋ ਪਿਛੋਂ 'ਚੱਕ ਰਾਮਦਾਸ' ਅਖਵਾਇਆ। ਇਹ ਸਾਰੀ ਭੋਂ ਦੀਆਂ ਤਿੰਨ ਪੱਤੀਆਂ ਸਨ। ਜਿਥੇ ਪਿਛੋਂ ਕਿਲਾ 'ਗੋਬਿੰਦ ਗੜ੍ਹ' ਬਣਿਆ, ਉਹ ਸਧਵਾਂ ਦੀ ਪੱਤੀ ਸੀ, ਜਿਨ੍ਹਾਂ ਦੇ ਕਿਸੇ ਵਡੇਰੇ ਦੀ ਕਬਰ ਹੁਣ ਤਕ ਕਿਲੇ ਦੇ ਪਾਸ ਹੈ। ਵਿਚਲੀ ਭੋਂ 'ਸਹਮੇ ਲੂੰਜੇ' ਦੀ ਮਾਲਕੀ ਵਿਚ ਸੀ, ਜਿਸਦੇ ਨਾਮ ਪੁਰ 'ਤੂੰਗੇ ਦਾ →



Sri Satguru Jagjit Singh Ji Elibrary NamdhariElibrary@gmail.com

ਮੁਆਫ਼ੀ ਵਿਚ ਦੇ ਗਿਆ ਸੀ, ਜੋ ਪਿਪਲੀ ਸਾਹਿਬ ਤੋਂ ਲੈਕੇ ਸੰਤੋਖਸਰ ਤਕ ਪਿੰਡ ਦੇ ਬਾਹਰ ਬਾਹਰ ਸੀ। ਅਤੇ ਇਹ ਮੁਆਫ਼ੀ ਹੁਣ ਗੁਰੂ ਅਰਜਨ ਦੇਵ ਪਾਸ ਸੀ। ਗੋਇੰਦਵਾਲ ਨੂੰ ਵੇਖਕੇ ਉਸਨੂੰ ਪੁਰਾਣੀ ਗਲ ਯਾਦ ਆਈ, ਅਤੇ ਦਰਯਾਫ਼ਤ ਕਰਨ ਪੁਰ ਪਤਾ ਲਗਾ ਜੋ ਗੁਰੂ ਜੀ ਏਸ ਵੇਲੇ ਕਰਤਾਰ ਪੁਰ (ਜਾਲੰਧਰ), ਜੋ ਕੁਝ ਵੀ ਏਸ ਪਿੰਡ ਦਾ ਨਾਮ ਉਸ ਵੇਲੇ ਹੁੰਦਾ ਸੀ, ਰਹਿੰਦੇ ਹਨ।

੩. ਸੰਨ ੧੫੮੨ ਵਿਚ ਜਦ ਅਕਬਰ ਪੰਜਾਬ ਆਇਆ ਤੇ ਕਸ਼ਮੀਰ ਗਿਆ ਹੈ, ਰਾਜਾ ਬੀਰਬਲ ਨਾਲ ਸੀ। ਪੰਜਾਬ ਦੇ ਬ੍ਰਾਹਮਣਾਂ ਨੇ ਸਿਖ ਧਰਮ ਦੇ ਬਰਖ਼ਿਲਾਫ਼ ਰਾਜਾ ਬੀਰਬਲ ਪਾਸ ਸ਼ਕਾਇਤਾਂ ਕੀਤੀਆਂ ਸਨ ਅਤੇ ਰਾਜੇ ਨੇ ਅਗੋਂ ਪਾਤਸ਼ਾਹ ਦੇ ਕੰਨ ਭਰੇ ਸਨ। ਬੀਰਬਲ ਤਾਂ ਪਿਛੋਂ ਸੱਦੋਜ਼ਈਆਂ ਦੀ ਮੁਹਿਮ ਪੁਰ ਭੇਜਿਆ ਗਿਆ ਅਤੇ ਓਥੇ ਹੀ ਮਾਰਿਆ ਗਿਆ, ਪਰ ਪਾਤਸ਼ਾਹ ਨੂੰ ਉਸਦੀ ਸ਼ਕਾਇਤ ਅਜਿਹੇ ਫ਼ਿਰਕੇ ਦੇ ਬਰਖ਼ਿਲਾਫ਼, ਜਿਸਨੂੰ ਉਹ ਵੱਡੀ ਮੁਆਫ਼ੀ ਦੇ ਚੁਕਾ ਸੀ, ਯਾਦ ਰਹੀ। ਇਤਫ਼ਾਕ ਨਾਲ ਹੁਣ ਫੇਰ ਏਸ ਰਸਤੇ ਲੰਘਿਆ, ਅਤੇ ਇਹ ਪਤਾ ਲਗਾ ਕਿ ਰਾਮਦਾਸ ਜੀ ਦਾ ਪੁਤ੍ਰ ਗੁਰੂ ਅਰਜਨ ਦੇਵ ਕਰਤਾਰ ਪੁਰੇ ਧਰਮਸਾਲਾ ਬਣਵਾ ਰਿਹਾ ਹੈ ਅਤੇ ਇਹ ਪਿੰਡ ਸੜਕ ਉਤੇ ਹੀ ਹੈ। ਪਾਦਸ਼ਾਹ ਕਰਤਾਰ ਪੁਰੋਂ ਲੰਘਦਾ ਧਰਮਸਾਲਾ ਚਲਾ ਗਿਆ ਅਤੇ ਬੀਰਬਲ ਦੇ ਪਾਏ ਸ਼ੱਕਾਂ ਦੇ ਦੂਰ ਕਰਨ ਲਈ ਗ੍ਰੰਥ ਸਾਹਿਬ ਪੜ੍ਹਵਾਕੇ ਸੁਣਨਾ

←ਤਲਾ' ਹੁੰਦਾ ਸੀ, ਜੋ ਹੁਣ ਅੰਮ੍ਰਿਤਸਰ ਸ਼ਹਿਰ ਦਾ ਇਕ ਮਹੱਲਾ ਹੈ। ਸਭ ਤੋਂ ਦਖਨ ਦੀ ਪੱਤੀ ਰੰਘੜਾਂ ਦੀ ਸੀ। ਇਹ ਜ਼ਮੀਨ ਨਾਕਸ ਤੇ ਗ਼ੈਰ ਆਬਾਦ ਪਈ ਸੀ ਤੇ ਟੋਇਆਂ ਤੇ ਛਪੜਾਂ ਵਾਲੀ ਸੀ। ਕਿਸੇ ਪੁਰਾਣੇ ਸਮੇਂ ਬਿਆਸਾ ਦਾ ਵਾਹਨ ਜਾਂ ਪੇਟ ਸੀ, ਅਤੇ ਇਹਨੀ ਦਿਨੀਂ ਤਲਾ ਛਪੜ ਸਨ ਜੋ ਬਰਸਾਤ ਵਿਚ ਦੂਰੋਂ ਦੂਰੋਂ ਪਾਣੀ ਆਕੇ ਭਰ ਜਾਂਦੇ ਸਨ। ਜਾਂ ਏਥੇ ਬੇਰੀ, ਕਿਕਰਾਂ, ਪਿਪਲਾਂ ਦੇ ਬੂਟ ਹੁੰਦੇ ਸਨ। ਜਦ ਖਾਨ ਬਹਾਦਰ ਅਤੇ ਮੀਰ ਮੰਨੂ ਦੇ ਵੇਲੇ ਸਿਖ ਅੰਮਰਤਸਰੋਂ ਕੱਢ ਦਿਤੇ ਗਏ ਤਦ ਪੁਰਾਣੇ ਹੱਕ ਕਰਕੇ, ਮੱਸਾ ਰੰਘੜ ਦਰਬਾਰ ਸਾਹਿਬ ਪੁਰ ਕਬਜ਼ਾ ਕਰ ਬੈਠਾ, ਅਤੇ ਸਿਖਾਂ ਨੂੰ ਚਿੜ੍ਹਾਨ ਖ਼ਾਤਰ ਉਥੇ ਨਾਚ ਮੁਜਰੇ ਕਰਾਨ ਲਗਾ।



Sri Satguru Jagjit Singh Ji Elibrary NamdhariElibrary@gmail.com

ਚਾਹਿਆ । ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੋਇਆ ਸੀ, ਆਪਣੀ ਹਥੀਂ ਕੁਝ ਵਰਕੇ ਉਲਟਕੇ ਭਾਈ ਗੁਰਦਾਸ ਨੂੰ ਜੋ ਤਾਬੇ ਬੈਠੇ ਸਨ, ਇਕ ਥਾਉਂ ਪੜ੍ਹਨ ਵਾਸਤੇ ਕਿਹਾ। ਇਤਿਫ਼ਾਕ ਨਾਲ ਉਥੇ ਵਾਕ ਨਿਕਲਿਆ:-

ਅਵੱਲ ਅਲੱਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ ਕੌ ਭਲੇ ਕੋ ਮੰਦੇ।

ਪਾਦਸ਼ਾਹ ਇਸ ਤੋਂ ਕੁਝ ਚਿਰ ਪਹਿਲੇ 'ਦੀਨ-ਇਲਾਹੀ' ਕਾਇਮ ਕਰ ਚੁਕਾ ਸੀ, ਜਿਸਦਾ ਉਹ ਆਪ ਖ਼ਲੀਫ਼ਾ ਸੀ। ਇਹ ਸ਼ਬਦ ਠੀਕ ਆਪਣੇ ਮਤ ਦਾ ਪਾ ਕੇ ਉਸਦੇ ਦਿਲ ਵਿਚ ਸ਼ੱਕ ਗੁਜ਼ਰਿਆ ਜੋ ਭਾਈ ਗੁਰਦਾਸ ਨੇ, ਜਿਸਨੇ ਇਹ ਗ੍ਰੰਥ ਲਿਖਿਆ ਹੈ, ਜੋ ਕੁਝ ਪੜ੍ਹਿਆ ਹੈ ਗ੍ਰੰਥ ਸਾਹਿਬ ਵਿਚੋਂ ਨਹੀਂ ਪੜ੍ਹਿਆ, ਮੇਰੀ ਖ਼ੁਸ਼ਾਮਦ ਲਈ ਜ਼ਬਾਨੀ ਸੁਣਾ ਦਿੱਤਾ ਹੈ। ਉਸਨੇ ਭਾਈ ਗੁਰਦਾਸ ਨੂੰ ਉਠਣ ਅਤੇ ਦੂਜੇ ਆਦਮੀ ਦੇ ਬੈਠਨ ਲਈ ਇਸ਼ਾਰਾ ਕੀਤਾ, ਅਤੇ ਕੁਝ ਵਰਕੇ ਉਲਟਕੇ ਉਥੋਂ ਪੜ੍ਹਨ ਵਾਸਤੇ ਕਿਹਾ। ਬਾਬਾ ਬੁਢਾ ਜੀ ਨੇ ਸ਼ਬਦ ਪੜ੍ਹਿਆ- ਸਿਖਾਂ ਦੀ ਰਵਾਇਤ ਤਾਂ ਇਹ ਹੈ ਕਿ ਦੂਜੀ ਵਾਰ ਇਹ ਸ਼ਬਦ ਨਿਕਲਿਆ:-

ਯਕ ਅਰਜ਼ ਗੁਫ਼ਤਮ ਪੇਸ਼ਿ ਤੋ ਦਰਗੋਸ਼ ਕੁਨ ਕਰਤਾਰ।
ਹੱਕਾ ਕਬੀਰ ਕਰੀਮ ਤੂ ਬੇਐਬ ਪਰਵਰਦਗਾਰ।

ਪਰ ਇਹ ਘੜੰਤ ਜਾਪਦੀ ਹੈ, ਗ੍ਰੰਥ ਸਾਹਿਬ ਦੀ ਕਰਾਮਾਤ ਦਸਣ ਲਈ ਸਿਖਾਂ ਨੇ ਇਹ ਗਲ ਬਣਾ ਲਈ ਹੈ। ਸੁਖ! ਜੋ ਭੀ ਸ਼ਬਦ ਦੂਜੀ ਵਾਰ ਆਇਆ ਹੋਵੇ ਉਹ ਪਾਦਸ਼ਾਹ ਦੇ ਨੁਕਤਾ ਖ਼ਿਆਲ ਤੋਂ ਮਾੜਾ ਨਹੀਂ ਸੀ ਹੋ ਸਕਦਾ। ਗ੍ਰੰਥ ਸਾਹਿਬ ਵਿਚ ਕੋਈ ਮਾੜੀ ਗੱਲ ਲਿਖੀ ਹੀ ਨਹੀਂ ਸੀ। ਪਾਦਸ਼ਾਹ ਦੂਜਾ ਸ਼ਬਦ ਸੁਣਕੇ ਬੜਾ ਖ਼ੁਸ਼ ਹੋਇਆ, ਅਤੇ ਉਸਦੇ ਦਿਲ ਵਿਚ ਜੋ ਸ਼ਕ ਸਿਖ ਧਰਮ ਵਲੋਂ ਪੈਦਾ ਕੀਤੇ ਗਏ ਸਨ, ਸਭ ਦੂਰ ਹੋ ਗਏ। ਗੁਰੂ ਅਰਜਨ ਦੇਵ ਨੂੰ ਪ੍ਰਸੰਨ ਹੋਕੇ ਆਖਿਆ ਕਿ ਕੁਛ ਕਹਿਣਾ ਹੋਵੇ ਤਾਂ ਕਹੋ। ਗੁਰੂ ਸਾਹਿਬ ਨੇ ਉਤਰ ਦਿੱਤਾ ਕਿ ਮੈਨੂੰ ਆਪਣੇ ਵਾਸਤੇ ਤਾਂ ਕੁਝ ਨਹੀਂ ਕਹਿਣਾ, ਪਰ ਤਿੰਨਾਂ ਵਰ੍ਹਿਆਂ ਤੋਂ ਦੇਸ ਵਿਚ ਕਾਲ



Sri Satguru Jagjit Singh Ji Elibrary NamdhariElibrary@gmail.com

ਪਿਆ ਹੋਇਆ ਹੈ ਅਤੇ ਪਾਤਸ਼ਾਹੀ ਫੌਜਾਂ ਵੀ ਆਉਂਦੀਆਂ ਜਾਂਦੀਆਂ ਰਹੀਆਂ ਹਨ, ਲੋਕੀ ਤੰਗ ਹਨ, ਜ਼ਿਮੀਂਦਾਰਾਂ ਨੂੰ ਮੁਆਮਲੇ ਦੀ ਛੋਟ ਹੋ ਜਾਏ। ਪਾਦਸ਼ਾਹ ਨੇ ਉਸੇ ਵੇਲੇ ਹੁਕਮ ਲਿਖਵਾਇਆ ਕਿ ਦੋ-ਬਾਹਰਵੇਂ ਛੋਟ ਦਿੱਤੀ ਜਾਏ ਅਤੇ ਇਹ ਭੀ ਹੁਕਮ ਵਿਚ ਲਿਖਵਾਇਆ ਕਿ ਆਮਿਲਾਂ ਨੂੰ ਸਖ਼ਤ ਤਾਕੀਦ ਕਰੋ ਕਿ ਹਰਗਿਜ਼ ਏਸ ਤੋਂ ਵਧੀਕ ਵਸੂਲ ਨਾ ਕਰਨ। ਖ਼ੁਦ ਗੁਰੂ ਸਾਹਿਬ ਨੂੰ ਵੀ ਉਸ ਪਿੰਡ ਦੀ ਸਾਰੀ ਜ਼ਮੀਨ ਧਰਮਸਾਲਾ ਵਾਸਤੇ ਮੁਆਫ਼ੀ ਵਿਚ ਦੇ ਦਿਤੀ।

੪. ਕਰਤਾਰ ਪੁਰ ਦੇ ਗੁਰਦਵਾਰੇ ਵਿਚ ਜੋ ਹਥ ਦੀ ਲਿਖੀ ਪੁਰਾਣੀ ਬੀੜ ਹੈ, ਅਤੇ ਜਿਸਨੂੰ ਉਥੋਂ ਦੇ ਸੋਢੀ, ਗੁਰੂ ਨਿਰੰਜਨ ਰਾਏ ਦੇ ਵੇਲੇ ਤੋਂ, ਭਾਈ ਗੁਰਦਾਸ ਦੇ ਹਥੀਂ ਲਿਖੀ ਅਸਲੀ ਆਦਿ-ਬੀੜ ਦਸਦੇ ਆਏ ਹਨ, ਉਸ ਵਿਚ ਇਸ ਜ਼ਮੀਨ ਬਾਬਤ ਇਹ ਯਾਦਦਾਸ਼ਤ ਕੀਤੀ ਹੋਈ ਹੈ :-

> "ਸੰਮਤ ੧੬੫੫ ਜਹਾਂਗੀਰ ਪਾਤਸ਼ਾਹ ਨੇ ਗੁਰੂ ਅਰਜਨ ਜੀ ਨੂੰ ਰਕਬਾ ਕਰਤਾਰ ਪੁਰ ਦਿੱਤਾ, ਧਰਮਸਾਲ ਨੂੰ ੯੯੬੪ ਘੁਮਾਂ, ਕਨਾਲ ੭, ਮਰਲੇ ੧੫।"

ਸੰਮਤ ੧੬੫੫ ਮੁਤਾਬਕ ਸੰਨ ੧੫੯੯ ਈਸਵੀ ਬਣਦਾ ਹੈ, ਤੇ ਇਹ ਠੀਕ ਉਹੋ ਸਾਲ ਹੈ ਜਦ ਅਕਬਰ ਲਾਹੌਰੋਂ ਵਾਪਸ ਆਗਰੇ ਜਾ ਰਿਹਾ ਸੀ ਅਤੇ ਏਸ ਰਸਤੇ ਕਰਤਾਰਪੁਰੋਂ ਹੋਕੇ ਅਤੇ ਗੁਰੂ ਅਰਜਨ ਦੇਵ ਨੂੰ ਮਿਲਕੇ ਲੰਘਿਆ ਸੀ। ਉਪਰਲੀ ਯਾਦਦਾਸ਼ਤ ਵਿਚ ਜ਼ਮੀਨ ਦੇਣ ਵਾਲੇ ਪਾਤਸ਼ਾਹ ਦਾ ਨਾਂ ਗ਼ਲਤ ਦਿਤਾ ਹੈ। ਸੰਮਤ ੧੬੫੫ ਵਿਚ ਜਹਾਂਗੀਰ ਪਾਦਸ਼ਾਹ ਨਹੀਂ ਸੀ, ਉਹ ਸੱਤ ਵਰ੍ਹੇ ਪਿਛੋਂ ਤਖ਼ਤ ਤੇ ਬੈਠਾ ਹੈ। ਤੇ ਨਾ ਜਹਾਂਗੀਰ ਗੁਰੂ ਅਰਜਨ ਦੇਵ ਨੂੰ ਜ਼ਮੀਨ ਦੇਣ ਲੱਗਾ ਸੀ। ਉਸਦੀ ਰਾਇ ਗੁਰੂ ਘਰ ਬਾਬਤ ਆਮ ਤੌਰ ਤੇ, ਅਤੇ ਗੁਰੂ ਅਰਜਨ ਦੇਵ ਬਾਬਤ ਖ਼ਾਸ ਕਰਕੇ, ਬਹੁਤ ਬੁਰੀ ਸੀ; ਉਹ ਗੁਰਸਿਖੀ ਨੂੰ ਤਿੰਨ ਚਾਰ ਪੁਸ਼ਤਾਂ ਤੋਂ ਚਲਾਈ 'ਦੁਕਾਨਦਾਰੀ' ਜਾਣਦਾ ਸੀ। ਆਪਣੀ ਤੁਜ਼ਕ ਵਿਚ ਗੁਰੂ ਸਾਹਿਬ ਦਾ



Sri Satguru Jagjit Singh Ji Elibrary NamdhariElibrary@gmail.com

ਜ਼ਿਕਰ ਨਫ਼ਰਤ ਭਰੇ ਲਫ਼ਜ਼ਾਂ ਵਿਚ ਕਰਦਾ ਹੈ, ਅਤੇ ਗੁਰੂ ਅਰਜਨ ਦੇਵ ਨੂੰ 'ਈਂ ਮਰਦੂਕ ਮਜਹੂਲ' ਲਿਖਦਾ ਹੈ । ਉਸਨੇ ਆਪਣੇ ਰਾਜ ਦੇ ਪਹਿਲੇ ਸਾਲ ਵਿਚ ਹੀ ਬਾਗੀ ਸ਼ਾਹਜ਼ਾਦਾ ਖ਼ੁਸਰੋ ਦੇ ਹੱਕ ਵਿਚ ਗੁਰੂ ਸਾਹਿਬ ਦੇ ਦੁਆ ਕਰਨ, ਉਸਦੇ ਮਥੇ ਤੇ (ਰਾਜਗੀ ਦਾ) ਤਿਲਕ ਲਾਉਣ ਅਤੇ ਮਾਲੀ ਮਦਦ ਕਰਨ ਦੀਆਂ ਤੁਹਮਤਾਂ ਵਿਚ, ਝੂਠੀਆਂ ਸਚੀਆਂ ਜੋ ਵੀ ਉਹ ਸਨ, ਗੁਰੂ ਅਰਜਨ ਦੇਵ ਨੂੰ ਗ੍ਰਿਫ਼ਤਾਰ ਕਰਕੇ ਤੇ ਦੁਖ ਦੇਕੇ ਸ਼ਹੀਦ ਕਰਵਾ ਦਿੱਤਾ, ਡੇਰਾ ਡੰਡਾ ਲੁਟ ਲੈਣ ਦਾ ਹੁਕਮ ਦਿੱਤਾ, ਜ਼ਮੀਨ ਦੀਆਂ ਮੁਆਫ਼ੀਆਂ ਜ਼ਬਤ ਕਰ ਲਈਆਂ, ਅਤੇ ਜੁਰਮਾਨਾ ਉਗਰਾਹੁਣ ਲਈ ਉਹਨਾਂ ਦੇ ਪੁਤ੍ਰ ਹਰਗੋਬਿੰਦ ਜੀ ਨੂੰ ਪਕੜਕੇ ਬਾਰਾਂ ਵਰ੍ਹੇ ਲਈ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ, ਜਿਥੇ ਗੁਰੂ ਸਾਹਿਬ ਨੂੰ ਨਮਕ ਵਾਲਾ ਖਾਣਾ ਦੇਣ ਦਾ ਹੁਕਮ ਨਹੀਂ ਸੀ । ਅਤੇ ਜਦ ਗਵਾਲੀਅਰ ਤੋਂ ਸੰਨ ੧੬੧੯ ਵਿਚ ਰਿਹਾ ਵੀ ਕੀਤਾ, ਤਦ ਵੀ ਡੇਢ ਵਰ੍ਹਾ ਹੋਰ ਸ਼ੇਖ ਅਹਿਮਦ ਸਰਹੰਦੀ ਸਮੇਤ, ਲਸ਼ਕਰ ਨਾਲ ਕਸ਼ਮੀਰ ਧਰੂਹੀ ਫਿਰਿਆ, ਜਿਥੇ ਗੁਰੂ ਸਾਹਿਬ ਨੂੰ ਲਸ਼ਕਰ ਦੇ ਬਾਹਰ ਕਿਸੇ ਛਪੜ ਦੇ ਕੰਢੇ ਜਾਂ ਕਬਰਸਤਾਨ ਦੇ ਨੇੜੇ ਡੇਰਾ ਲਾਣ ਦੀ ਇਜਾਜ਼ਤ ਹੁੰਦੀ ਸੀ। ਪਰ ਸਾਡੇ ਗ੍ਰੰਥੀ, ਭਾਈ ਅਤੇ ਇਤਿਹਾਸਕਾਰਾਂ* ਦੀ ਬਲਾ

---

*ਇਕ ਹਾਸੇ ਦੀ ਗਲ ਸੁਣੋ । ਸੰਨ ੧੯੧੪–੧੮ ਵਾਲੇ ਪਹਿਲੇ ਮਹਾਂਯੁਧ ਵੇਲੇ ਦਰਬਾਰ ਸਾਹਿਬ ਵਿਚ ਅੰਗ੍ਰੇਜ਼ੀ ਸਰਕਾਰ ਦੀ ਜਿੱਤ ਲਈ ਅਖੰਡ ਪਾਠ ਰਖਿਆ ਗਿਆ । ਭੋਗ ਪੈਣ ਵਾਲੇ ਦਿਨ ਅਰਦਾਸ ਕਰਦੇ ਸਮੇਂ ਭਾਈ ਹੋਰਾਂ ਦੇ ਮੂੰਹੋਂ ਨਿਕਲਿਆ, 'ਐਡਵਰਡ ਪਾਤਸ਼ਾਹ ਕੀ ਜੈ ਹੋਵੇ।' ਪਿਛੇ ਖੜੇ ਜ਼ਰਾ ਸਿਆਣੇ ਨੇ ਅਰਦਾਸੀਏ ਦੀ ਕੰਨੀ ਖਿਚੀ ਅਤੇ ਉਸਦੇ ਕੰਨ ਵਿਚ ਕਿਹਾ, 'ਜਾਰਜ ਪਾਤਸ਼ਾਹ'। ਅਰਦਾਸੀਏ ਨੂੰ ਜ਼ਰਾ ਉੱਚਾ ਸੁਣੀਂਦਾ ਸੀ, ਆਪਣੇ ਆਪ ਨੂੰ ਦਰੁਸਤ ਕਰਦੇ ਹੋਏ ਫੇਰ ਆਖਿਆ 'ਜਰਮਨ ਪਾਤਸ਼ਾਹ ਦੀ ਜੈ ਹੋਵੇ'। ਪਿਛੇ ਖਲੋਤੇ ਨੇ ਫੇਰ ਕੰਨੀ ਖਿਚੀ ਤੇ ਕਿਹਾ 'ਜਾਰਜ ਜਾਰਜ'। ਅਰਦਾਸੀਏ ਨੇ ਦੂਜੀ ਵਾਰੀ ਉਚੀ ਸਾਰੇ ਕਿਹਾ 'ਜਰਮਨ ਪਾਤਸ਼ਾਹ ਕੀ ਜੈ ਹੋਵੇ'। ਭਾਈ ਹੋਰਾਂ ਭਾਣੇ ਹਾਲੀ ਐਡਵਰਡ ਹੀ ਪਾਤਸ਼ਾਹ ਸੀ, ਜਿਸਨੂੰ ਮਰਿਆਂ ਕਈ ਵਰ੍ਹੇ ਹੋ ਗਏ ਸਨ, ਅਤੇ ਜਾਰਜ ਤੇ ਜਰਮਨ ਵਿਚ ਕੋਈ ਫ਼ਰਕ ਨਹੀਂ ਸਨ, ਕਰ ਸਕਦੇ ।



Sri Satguru Jagjit Singh Ji Elibrary NamdhariElibrary@gmail.com

ਜਾਣੇ ਇਹਨਾਂ ਗਲਾਂ ਨੂੰ, ਉਹਨਾਂ ਅਕਬਰ ਦੀ ਥਾਂ ਨਾਂ ਜਹਾਂਗੀਰ ਲਿਖ ਛਡਿਆ ਹੈ।

ਉਪਰਲੀ ਯਾਦਦਾਸ਼ਤ ਤੋਂ ਅਸੀਂ ਤਾਂ ਇਹ ਸਮਝਾਂਗੇ ਕਿ ਕਰਤਾਰ ਪੁਰ ਵਾਲੀ ਬੀੜ ਵਿਚ ਇਹ ਬਹੁਤ ਚਿਰ ਪਿਛੋਂ ਦਰਜ ਕੀਤੀ ਗਈ, ਜਦ ਲਿਖਣ ਵਾਲੇ ਨੇ ਗੁਰੂ ਅਰਜਨ ਦੇਵ ਅਤੇ ਜਹਾਂਗੀਰ ਦੇ ਨਾਮ ਇਕੱਠੇ ਹੋਏ ਪੜ੍ਹਕੇ ਜਾਂ ਸੁਣਕੇ ਉਹਨਾਂ ਨੂੰ ਸਮਕਾਲੀ ਮੰਨਕੇ ਜ਼ਮੀਨ ਦੇਣ ਵਾਲੇ ਪਾਤਸ਼ਾਹ ਦਾ ਨਾਂ 'ਜਹਾਂਗੀਰ' ਦੇ ਦਿੱਤਾ। ਰਕਬਾ ਜੋ ਦਿੱਤਾ ਗਿਆ ਲਿਖਿਆ ਹੈ, ਉਹ ਅਕਬਰ ਦੀ ਦਰਯਾ-ਦਿਲੀ ਲਈ ਵੀ ਬਹੁਤ ਸੀ। ਮਾਮੂਲੀ ਪਿੰਡਾਂ ਦੇ ਨਾਲ ਤੇ ਖਾਸ ਕਰਕੇ ਛੋਟੇ ਗੁਮਨਾਮ ਪਿੰਡਾਂ ਦੇ ਨਾਲ, ਤੇ ਉਹ ਭੀ ਦੁਆਬੇ ਵਿਚ ਇਤਨੀ ਭੋਂ ਨਹੀਂ ਹੁੰਦੀ। ਸ਼ਾਇਦ ਹਰਿਗੋਬਿੰਦ ਪੁਰ ਵਾਲੀ ਗੈਰਆਬਾਦ ਜ਼ਮੀਨ, ਢਹਿ ਢੇਰੀ ਕੱਚੀ ਗੱਢੀ ਦੇ ਦੁਆਲੇ ਵਾਲੀ ਏਸ ਵਿਚ ਸ਼ਾਮਲ ਹੋਵੇ। ਮਸਜਿਦਾਂ ਮੰਦਰਾਂ ਆਦਿ ਨੂੰ ਇਹ ਦਾਨ ਬਾਦਸ਼ਾਹ ਵਲੋਂ ਮੁਆਫੀ ਜਾਂ ਜਾਗੀਰ ਦੀ ਸ਼ਕਲ ਵਿਚ ਇਕ ਨੀਯਤ ਰਕਬੇ ਵਿਚੋਂ ਜੋ ਧਰਮ ਖਾਤੇ ਲਈ ਵਖ ਕੀਤਾ ਹੁੰਦਾ ਸੀ, ਮਿਲਦੇ ਸਨ। ਅਤੇ ਇਹਨਾਂ ਦੇ ਬੰਦੋਬਸਤ ਲਈ ਸਰਕਾਰ ਦਾ ਇਕ ਵਖਰਾ ਮਹਿਕਮਾ ਸੀ, ਜਿਸਦੇ ਸਿਰ ਉਤੇ ਸਾਰੀ ਬਾਦਸ਼ਾਹਤ ਵਿਚ 'ਕ਼ਾਜ਼ੀ-ਉਲ-ਕੁਜ਼ਾਤ' ਜਾਂ 'ਸ਼ੇਖ-ਉਲ-ਇਸਲਾਮ' ਹੁੰਦਾ ਸੀ, ਅਤੇ ਸੂਬਿਆਂ ਵਿਚ 'ਕਾਜ਼ੀ-ਕੁਲ'।

ਰਕਬੇ ਨੂੰ ਕਨਾਲਾਂ ਮਰਲਿਆਂ ਤਕ ਗਿਣਕੇ ਦਸਿਆ ਹੈ, ਜਿਸਦਾ ਮਤਲਬ ਹੈ ਕਿ ਜਾਲੰਧਰ ਦੁਆਬੇ ਵਿਚ ਪਹਿਲਾਂ ਅੰਗ੍ਰੇਜ਼ੀ 'ਪੱਕਾ ਬੰਦੋਬਸਤ' ਹੋ ਜਾਣ ਦੇ ਬਾਹਦ ਇਹ ਯਾਦਦਾਸ਼ਤ ਲਿਖੀ ਗਈ, ਅਰਥਾਤ ਸੰਨ ੧੯੫੬ ਵਿਚ ਜਾਂ ਜ਼ਰਾ ਪਿਛੋਂ ਅਤੇ ਜੋ ਇਹ ਰਕਬਾ ਠੀਕ ਨਹੀਂ ਅਤੇ ਐਵੇਂ ਗਪ ਮਾਰ ਛੱਡੀ ਹੈ, ਤਦ ਕਨਾਲਾਂ ਮਰਲਿਆਂ ਦਾ ਜ਼ਿਕਰ ਉਸੇ ਖ਼ਿਆਲ ਨਾਲ ਕੀਤਾ ਗਿਆ ਹੈ, ਜਿਸ ਤਰ੍ਹਾਂ ਝੂਠੇ ਬਿਲ ਬਨਾਣ ਵਾਲੇ ਠੇਕੇਦਾਰ, ਬਿੱਲ ਆਨੇ ਪਾਈਆਂ ਤਕ ਬਨਾਇਆ ਕਰਦੇ ਹਨ।



Sri Satguru Jagjit Singh Ji Elibrary NamdhariElibrary@gmail.com

ਫੇਰ ਮੈਨੂੰ ਇਹ ਭੀ ਮਾਲੂਮ ਨਹੀਂ ਕਿ ਅਕਬਰ ਦੇ ਵੇਲੇ ਜ਼ਮੀਨ ਦੀ ਰਕਬਾ ਘੁਮਾਵਾਂ, ਕਨਾਲਾਂ ਤੇ ਮਰਲਿਆਂ ਵਿਚ ਦਿੱਤਾ ਜਾਂਦਾ ਸੀ ਜਾਂ ਕੋਈ ਹੋਰ ਮਾਪ ਪ੍ਰਚੱਲਤ ਸਨ। ਜਹਾਂਗੀਰ ਨੇ ਜ਼ਮੀਨ ਤੇ ਕੀਹ ਦੇਣੀ ਸੀ, ਪਿਉ ਦੀ ਦਿੱਤੀ ਜ਼ਬਤ ਜ਼ਰੂਰ ਕਰ ਲਈ ਹੋਵੇਗੀ। ਸਾਰੀ ਜ਼ਮੀਨ ਜੋ ਹੁਣ ਕਰਤਾਰ ਪੁਰ ਦੇ ਗੁਰਦਵਾਰੇ ਨਾਲ ਹੈ, ਪਿਛੋਂ ਮਹਾਰਾਜੀ ਰਣਜੀਤ ਸਿੰਘ ਨੇ ਦਿੱਤੀ ਹੋਵੇਗੀ, ਜਿਸਦੇ ਕਰਤਾਰ ਪੁਰ ਆਉਣ ਦੀ ਯਾਦਦਾਸ਼ਤ ਉਸੇ ਬੀੜ ਵਿਚ ਇਉਂ ਕੀਤੀ ਹੈ:—

"ਸੰਮਤ ੧੮੮੮ ਫਾਗੁਨ ਮੈਂ ਰੰਜੀਤ ਸਿੰਘ ਕਰਤਾਰ ਪੁਰ ਆਇਆ"

ਸਾਡੇ ਕਹਿਣ ਦਾ ਮਤਲਬ ਇਹ ਹੈ, ਕਿ ਸੰਨ ੧੫੯੮ ਈਸਵੀ ਜਾਂ ਸੰਮਤ ੧੬੫੫ ਵਿਚ ਗ੍ਰੰਥ ਸਾਹਿਬ ਕਰਤਾਰ ਪੁਰ ਵਿਚ ਮੌਜੂਦ ਸੀ, ਜਦ ਅਕਬਰ ਉਥੇ ਗਿਆ। ਏਸ ਤੋਂ ਪਹਿਲੇ ਬੀੜ ਕਦ ਤਿਆਰ ਹੋਈ ਸੀ ਇਸ ਪਰ ਅਗੇ ਜਾਕੇ ਵਿਚਾਰ ਕਰਾਂਗੇ।

ਪਰ ਸੰਮਤ ੧੬੫੫ ਤੋਂ ਕੁਝ ਚਿਰ ਪਿਛੋਂ ਗੁਰੂ ਸਾਹਿਬ ਅੰਮ੍ਰਿਤ-ਸਰ ਆ ਗਏ ਅਤੇ ਕੁਦਰਤੀ ਤੌਰ ਪੁਰ ਗ੍ਰੰਥ ਸਾਹਿਬ ਭੀ ਨਾਲ ਹੀ ਏਥੇ ਆਇਆ। ਜਦ ਸ਼ੁਰੂ ਸੰਮਤ ੧੬੬੩ ਵਿਚ ਆਪ ਗ੍ਰਿਫਤਾਰ ਕਰਕੇ ਲਾਹੌਰ ਲਿਆਏ ਗਏ ਤਦ ਗ੍ਰੰਥ ਸਾਹਿਬ ਏਥੇ ਹੀ ਸੀ। ਗੁਰੂ ਹਰਿ ਗੋਬਿੰਦ ਸਾਹਿਬ ਦੀ ਚੌਦਾਂ ਕੁ ਵਰ੍ਹੇ ਦੀ ਗੈਰ-ਹਾਜ਼ਰੀ ਵਿਚ ਇਹ 'ਆਦਿ-ਬੀੜ' ਅੰਮ੍ਰਿਤਸਰ ਵਿਚ ਹੀ ਭਾਈ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਦੇ ਹਵਾਲੇ ਰਹੀ।

ਹੋਰ ਦਸ ਕੁ ਵਰ੍ਹੇ ਪਿਛੋਂ ਜਦ ਗੁਰੂ ਹਰਿ ਗੋਬਿੰਦ ਜੀ ਲਈ ਫੇਰ ਔਖੇ ਦਿਨ ਆਏ, ਅਤੇ ਹਾਕਮਾਂ ਨੇ ਇਹਨਾਂ ਨੂੰ ਪੰਜਾਬ ਵਿਚੋਂ ਕਢ ਦੇਣਾ ਚਾਹਿਆ, ਤਦ ਤਿੰਨ ਚਾਰ ਵਰ੍ਹੇ, ਕਦੇ ਕਰਤਾਰ ਪੁਰ, ਕਦੇ ਮਾਲਵੇ ਤੇ ਕਦੇ ਹਰਿਗੋਬਿੰਦਪੁਰ ਮਾਰੇ ਮਾਰੇ ਫਿਰਨਾ ਪਿਆ; ਅਤੇ ਛੇਕੜ ਦੇਸ ਛਡਕੇ ਪ੍ਰਦੇਸ ਵਿਚ ਇਕ ਪਹਾੜੀ ਰਿਆਸਤ ਬਿਲਾਸਪੁਰ ਦੇ ਇਲਾਕੇ ਵਿਚ, ਕੀਰਤਪੁਰ ਜਾ ਵਸੇ। 'ਮੀਨਿਆਂ' ਦੇ ਦਿੱਤ ਮਿਹਨਿਆਂ ਵਿਚ ਕਿ:—



Sri Satguru Jagjit Singh Ji Elibrary NamdhariElibrary@gmail.com

'ਨਠਾ ਫਿਰੇ ਨ ਟਿਕੇ ਟਿਕਾਇਆ।'
'ਬਾਦਸ਼ਾਹ ਘਰ ਆਂਵਦੇ ?' 'ਗੜ੍ਹ ਚੜ੍ਹਾਇਆ !'

ਇਹਨਾਂ ਦੁਖਾਂ ਦੇ ਦਿਨਾਂ ਵਲ ਹੀ ਇਸ਼ਾਰਾ ਕੀਤਾ ਹੈ, ਅਤੇ ਗੁਰੂ ਸਾਹਿਬ ਦੇ ਦੁਖਾਂ ਦਾ ਮਖ਼ੌਲ ਉਡਾਇਆ ਹੈ। ਘਰ ਦੇ ਸੁਖ-ਲਧੇ ਲੋਕ ਵੀ ਵਿਗੜ ਖਲੋਤੇ। ਟਿੱਕਾ-ਨੂਹੇਂ ਨਤੀ ਜਾਂ ਨਿਹਾਲ ਕੌਰ ਨੇ ਪੇਕਿਆਂ ਦੇ (ਜੋ ਕਰਤਾਰ ਪੁਰ ਵਿਚ ਸਨ) ਅਤੇ ਕੁਝ ਮਸੰਦਾਂ ਦੇ ਕਹੇ ਸੁਣੇ ਗੁਰੂ ਸਾਹਿਬ ਦੇ ਨਾਲ ਕੀਰਤਪੁਰ ਰਹਿਣਾ ਕਬੂਲ ਨਾ ਕੀਤਾ, ਅਤੇ ਆਪਣੇ ਨਾਬਾਲਗ਼, ਸਗੋਂ ਤੁਤਲੇ ਬਾਲ, ਧੀਰਮਲ ਦੇ ਨਾਮ ਪੁਰ ਮਸੰਦਾਂ ਦੀ ਮਦਦ ਨਾਲ ਕਰਤਾਰ ਵਿਚ ਹੀ ਵਖਰੀ ਗੁਰਗੱਦੀ ਕਾਇਮ ਕਰਕੇ ਸੁਖ ਦੀਆਂ ਰੋਟੀਆਂ ਖਾਣ ਦਾ ਫ਼ੈਸਲਾ ਕੀਤਾ, ਅਤੇ ਗ੍ਰੰਥ ਸਾਹਿਬ ਉਤੇ ਕਬਜ਼ਾ ਕਰਕੇ ਕਰਤਾਰ ਪੁਰ ਲੈ ਆਉਣਾ ਚਾਹਿਆ। ਪਰ ਗੁਰੂ ਸਾਹਿਬ ਏਸ ਗੁਰੂ ਗਦੀ ਦੇ ਨਿਸ਼ਾਨ ਜਾਂ ਗੁਰੂ ਦੇ ਅਧਿਕਾਰ ਦੇ ਚਿਨ੍ਹ ਨੂੰ ਕਿਸ ਤਰ੍ਹਾਂ ਛਡ ਸਕਦੇ ਸਨ ? ਝਗੜੇ ਝਾਂਜੇ ਪਿਛੋਂ ਜ਼ੋਰ ਨਾਲ ਏਸਨੂੰ ਕੀਰਤਪੁਰ ਹੀ ਰਖਿਆ। ਮਾਤਾ ਨਾਨਕੀ ਜੀ ਵੀ ਆਪਣੇ ਪੁਤ੍ਰ ਤੇਗ ਬਹਾਦਰ ਜੀ ਨੂੰ ਨਾਲ ਲੈਕੇ ਆਪਨੇ ਪੇਕੇ 'ਬਕਾਲਾ' ਆ ਰਹੇ। ਮਾਤਾ ਦਮੋਦਰੀ ਪਹਿਲੇ ਹੀ ਚਲਾਣਾ ਕਰ ਚੁਕੇ ਸਨ। ਗੁਰੂ ਸਾਹਿਬ ਪਾਸ ਕੀਰਤਪੁਰ ਵਿਚ ਖ਼ਾਲੀ ਮਾਤਾ ਮਰਵਾਹੀ, ਅਤੇ ਛੋਟੀ ਨੂੰਹ ਹਰਿ ਰਾਇ ਜੀ ਦੀ ਮਾਤਾ ਹੀ ਰਹਿ ਗਏ ਸਨ।

ਗੁਰੂ ਹਰਿ ਗੋਬਿੰਦ ਸਾਹਿਬ ਦੇ ਚਲਾਣੇ ਪੁਰ ਗ੍ਰੰਥ ਸਾਹਿਬ ਦੀ 'ਆਦਿ-ਬੀੜ' ਗੁਰੂ ਗਦੀ ਦੇ ਨਾਲ ਪਹਿਲੇ ਗੁਰੂ ਹਰਿ ਰਾਏ ਜ.* ਨੂੰ ਤੇ ਫੇਰ ਅਗੋਂ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਪਹੁੰਚੀ।

ਜਦ ਪਹਿਲੀ ਵਸਾਖ ਸੰਮਤ ੧੭੨੧ ਨੂੰ ਗੁਰੂ ਹਰਿ ਕ੍ਰਿਸ਼ਨ ਜੀ 'ਬਾਬਾ ਬਕਾਲੇ' ਨੂੰ ਗੱਦੀ ਦੇਕੇ ਸਮਾ ਗਏ, ਤਦ ਉਹਨਾਂ ਦੀ ਮਾਤਾ ਅਤੇ ਮਸੰਦਾਂ ਨੇ ਜੋ ਉਹਨਾਂ ਨਾਲ ਦਿੱਲੀ ਵਿਚ ਸਨ, 'ਗੁਰੂ ਕੀ

*ਵੇਖੋ ਅਗੇ ਜਾਕੇ ਸੰਮਤ ੧੭੧੬ ਤੇ ਸੰਮਤ ੧੭੧੮ ਦੀਆਂ ਲਿਖੀਆਂ ਬੀੜਾਂ ਦਾ ਹਾਲ।



Sri Satguru Jagjit Singh Ji Elibrary NamdhariElibrary@gmail.com

ਵਸਤ' ਠੀਕ ਗੁਰੂ ਨੂੰ ਬਕਾਲੇ ਆ ਦਿੱਤੀ।

੬. ਹੁਣ ਤਕ ਗੁਰੂ ਗਦੀ ਧੀਰ ਮਲ ਦੀ ਆਪਣੀ ਸ਼ਾਖ਼ ਜਾਂ ਬਾਬਾ ਗੁਰਦਿੱਤਾ (ਜੋ ਮਰਨ ਤੋਂ ਪਹਿਲੇ ਗੁਰੂ ਗੱਦੀ ਲਈ ਨਾਮਜ਼ਦ ਸਨ) ਦੀ ਔਲਾਦ ਵਿਚ ਹੀ ਰਹੀ ਸੀ, ਪਰ ਤੇਗ਼ ਬਹਾਦਰ ਜੀ ਦੇ ਗੁਰੂ ਬਨਣ ਨਾਲ ਗੁਰਿਆਈ ਸ਼ਰੀਕਾਂ ਪਾਸ ਚਲੀ ਗਈ। ਧੀਰਮਲ, ਜੋ ਕੁਸੰਗਤ ਵਿਚ ਪਲਕੇ ਹੁਣ ੨੭-੨੮ ਵਰ੍ਹੇ ਦਾ ਨੌਜਵਾਨ, ਗੁਰੂ ਹਰਿ ਗੋਬਿੰਦ ਸਾਹਿਬ ਦੇ ਲਫ਼ਜ਼ਾਂ ਵਿਚ 'ਦੂਜਾ ਪ੍ਰਿਥੀਆ' ਸੀ, ਏਸ ਗਲ ਨੂੰ ਕਦ ਸਹਿ ਸਕਦਾ ਸੀ। ਝੱਟ ਹੀ ਗੁਰੂ ਸਾਹਿਬ ਤੋਂ ਗ੍ਰੰਥ ਸਾਹਿਬ ਦੀ ਮੰਗ ਸ਼ੁਰੂ ਕਰ ਦਿੱਤੀ, ਅਤੇ ਜਾਨੋਂ ਮਾਰਕੇ ਵੀ ਖੋਹ ਲਿਜਾਣ ਦੀਆਂ ਧਮਕੀਆਂ ਦੇ ਭੇਜੀਆਂ। ਗੁਰੂ ਸਾਹਿਬ ਲੁਕ ਛਿਪਕੇ ਦਿਨ ਕਟਦੇ ਅਤੇ ਬਹੁਤਾ ਬਾਹਰ ਨਾ ਨਿਕਲਦੇ। ਛੇਕੜ ਧੀਰ ਮਲ ਦਾ ਇਕ ਭੇੜਾ ਮਸੰਦ ਕਰਤਾਰਪੁਰ ਦੀ ਗਦੀ ਦਾ ਵੱਡਾ ਥੰਮ ਸ਼ੀਹਾਂ* ਭੀੜ ਨਾਲ ਲੈਕੇ ਬਕਾਲੇ ਤੇ ਚੜ੍ਹ ਆਇਆ ਅਤੇ ਗੁਰੂ ਸਾਹਿਬ ਪਰ ਬੰਦੂਕ ਦਾ ਵਾਰ ਕਰਕੇ ਗ੍ਰੰਥ ਸਾਹਿਬ ਪਾਲਕੀ ਆਦਿ ਸਮੇਤ ਖੋਹ ਕੇ ਲੈ ਗਿਆ। ਗੁਰੂ ਸਾਹਿਬ ਨੂੰ ਖਬੇ ਮੋਢੇ ਪੁਰ ਗੋਲੀ ਦਾ ਘਾਉ ਲਗਾ, ਪਰ ਜ਼ਖ਼ਮ ਡੂੰਘਾ ਨਹੀਂ ਸੀ, ਬਚਾਅ ਹੋ ਗਿਆ। ਗੁਰੂ ਸਾਹਿਬ ਸਹਿਨਸ਼ੀਲ ਸਨ, ਸਹਿ ਗੁਜ਼ਰੇ ਅਤੇ ਹੋਰ ਭੀ ਲੁਕ ਕੇ ਘਰ ਅੰਦਰ ਰਹਿਨ ਲਗੇ, ਤੇ ਘਟ ਹੀ ਕਿਸੇ ਨੂੰ ਮਿਲਦੇ। ਹੋਰ ਕਰ ਭੀ ਕੀਹ ਸਕਦੇ ਸਨ? ਨਾ ਇਹਨਾਂ ਦਾ ਕੋਈ ਰਸੂਖ਼ ਸੀ ਅਤੇ ਨਾ ਹੀ ਕੋਈ ਲੰਮੀ ਸਿਖੀ ਮਾਝੇ ਤੇ ਦੁਆਬੇ ਵਿਚ ਇਹਨਾਂ ਦੀ ਸੀ। ਅੰਮ੍ਰਿਤਸਰ ਜਾਕੇ ਵੀ ਵੇਖ ਆਏ ਸਨ, ਜਿਥੇ ਇਹਨਾਂ ਨੂੰ ਕਿਸੇ ਦਰਬਾਰ ਸਾਹਿਬ ਅੰਦਰ ਵੀ ਵੜਨ ਤਕ ਨਾ ਦਿੱਤਾ। ਘਰ ਵਾਲੇ ਵੀ ਉਹਨਾਂ ਦੇ ਏਸ ਦਾਬੂ ਸੁਭਾਉ ਨੂੰ ਵੇਖ ਕੇ ਥਕ ਗਏ ਸਨ ਅਤੇ ਉਹਨਾਂ ਨੂੰ ਸਿਰੜੀ ਸਮਝਣ ਲਗ ਪਏ ਸਨ।

ਹਾਲੀ ਬੰਦੂਕ ਦਾ ਜ਼ਖ਼ਮ ਅੱਲਾ ਹੀ ਸੀ ਕਿ ਅਗਲੀ ਵਿਸਾਖੀ

---

*ਕੀਹ 'ਸ਼ੀਹਾਂ ਛੀਂਬਾ', ਸਾਖੀਆਂ ਦਾ ਲਿਖਣ ਵਾਲਾ, ਏਹੋ ਹੀ ?



Sri Satguru Jagjit Singh Ji Elibrary NamdhariElibrary@gmail.com

ਸੰਮਤ ੧੭੨੨ ਦਾ ਤਿਉਹਾਰ ਆ ਗਿਆ। ਬਾਹਰਲੀਆਂ ਸੰਗਤਾਂ ਦੂਰੋਂ ਦੂਰੋਂ ਆਈਆਂ, ਉਹਨਾਂ ਵਿਚ ਹੀ ਦਿੱਲੀ ਦੇ ਕੁਝ ਧਨਾਡ ਖਤ੍ਰੀ ਵੀ ਸਨ, ਜੋ ਦਿੱਲੀ ਦੀ ਸਿਖੀ ਦੀ ਜਿੰਦ ਜਾਨ ਸਨ, ਅਤੇ ਜਿਨ੍ਹਾਂ ਨੇ ਗੁਰੂ ਹਰਿ ਕ੍ਰਿਸ਼ਨ ਜੀ ਦੀ ਵਸੀਅਤ ਆਪਣੀ ਕੰਨੀ ਸੁਣੀ ਹੋਈ ਸੀ। ਜਦ ਚੋਖੀ ਕੋਸ਼ਸ਼ ਪਿਛੋਂ ਗੁਰੂ ਸਾਹਿਬ ਤਕ ਉਹਨਾਂ ਲੋਕਾਂ ਦੀ ਪਹੁੰਚ ਹੋਈ, ਤਦ ਗੁਰੂ ਸਾਹਿਬ ਨੇ ਆਪਣਾ ਜ਼ਖਮੀ ਮੋਢਾ ਵਿਖਾਇਆ। ਅਤੇ ਗੁਰੂ ਬਨਣ ਦੇ ਦਿਨ ਤੋਂ ਪਿਛਲੇ ਗੁਜਰੇ ਵਰ੍ਹੇ ਅੰਦਰ ਜੋ ਸਿਰ ਬੀਤੀ ਸੀ, ਸਭ ਕਹਿ ਸੁਣਾਈ। ਸੰਗਤਾਂ ਸਾਰੀਆਂ ਬਾਹਰ ਦੀਆਂ ਸਨ, ਕੀਹ ਮਦਦ ਕਰ ਸਕਦੀਆਂ ਸਨ? ਦਿਲੀ ਦੇ ਖਤ੍ਰੀਆਂ ਨੇ ਸਲਾਹ ਦਿੱਤੀ ਕਿ ਆਪ ਏਸ ਕਲਹ ਵਿਚੋਂ ਨਿਕਲੋ ਅਤੇ ਦਖਨ ਪੂਰਬ ਦੀਆਂ ਸੰਗਤਾਂ ਨੂੰ ਦਰਸ਼ਨ ਦਿਉ। ਇਹ ਸਲਾਹ ਗੁਰੂ ਸਾਹਿਬ ਦੇ ਆਪਣੇ ਸੁਭਾਉ ਅਤੇ ਖ਼ਿਆਲ ਦੇ ਅਨੁਸਾਰ ਸੀ, ਪਸੰਦ ਆਈ, ਅਤੇ ਦਿਲ ਵਿਚ ਦੇਸ ਛਡ ਬੇਦੇਸ ਚਲੇ ਜਾਣ ਦਾ ਇਰਾਦਾ ਪੱਕਾ ਕਰ ਲਿਆ। ਸੰਗਤਾਂ ਦੇ ਵਿਦਾ ਹੋਣ ਤੋਂ ਥੋੜੇ ਦਿਨ ਪਿਛੋਂ ਹੀ ਡੇਰੇ ਡੰਡੇ ਦੀ ਸੰਭਾਲਨਾ ਕਰ, ਬਕਾਲਾ ਛਡ, ਟੁਰ ਪਏ। ਕਰਤਾਰਪੁਰ ਰਸਤੇ ਵਿਚ ਪੈਂਦਾ ਸੀ,* ਫਗਵਾੜੇ ਤੇ ਗੜ੍ਹਸ਼ੰਕਰ ਹੁੰਦੇ ਕੀਰਤ ਪੁਰ ਜਾ ਰਹੇ ਸਨ। ਗੁਰੂ ਸਾਹਿਬ ਦੇ ਕਾਫ਼ਿਲੇ ਜਾਂ ਸੰਗ ਵਿਚ ਮਾਈਆਂ, ਉਹਨਾਂ ਦਾ ਸਾਲਾ ਕ੍ਰਿਪਾਲ ਅਤੇ ਹੋਰ ਬਹੁਤ ਸਾਰੇ ਅਨਨਜ ਸਿਖ ਸਨ। ਜਦ ਕਰਤਾਰ ਪੁਰ ਦੇ ਕੋਲੋਂ ਲੰਘੇ, ਧੀਰ ਮਲ ਅਤੇ ਉਸਦੇ ਸਾਥੀ ਇਹ ਵੇਖਕੇ ਖ਼ੁਸ਼ ਹੋ ਰਹੇ ਸਨ

---

*ਬਕਾਲਾ ਪਿੰਡ ਅੰਮ੍ਰਿਤਸਰ ਦੇ ਜ਼ਿਲੇ ਵਿਚ ਬੁਟਾਰੀ ਦੇ ਕੋਲ ਬਿਆਸ ਤੋਂ ਚਾਰ ਕੁ ਮੀਲ ਉਤਰ ਵੱਲ ਹੈ, ਅਤੇ ਕਰਤਾਰ ਪੁਰ ਬਿਆਸਾ ਤੋਂ ਦਖਨ ਵਲ ਕੋਈ ਪੰਦਰਾਂ ਕੁ ਮੀਲ। ਕਰਤਾਰ ਪੁਰੋਂ ਜਾਲੰਧਰ ਕੁਲ ਪੰਜ ਮੀਲ ਹੈ, ਅਤੇ ਜਾਲੰਧਰ ਸ਼ਹਿਰ ਦੁਆਬੇ ਦੇ ਫ਼ੌਜਦਾਰ ਦੇ ਰਹਿਣ ਦੀ ਥਾਂ ਸੀ। ਜਾਲੰਧਰ, ਸੂਬਾ ਲਾਹੌਰ ਦੀ ਇਕ 'ਸਰਕਾਰ' (Commissioner's Division) ਸੀ। ਫ਼ੌਜਦਾਰ ਨੂੰ ਜੋ 'ਸਰਕਾਰ' ਵਿਚ ਹਾਕਮ ਆਲਾ ਹੁੰਦਾ ਸੀ, ਆਪਣੇ ਇਲਾਕੇ ਵਿਚ ਸਾਰੇ ਅਖ਼ਤਿਆਰ ਸੂਬੇਦਾਰ ਵਰਗੇ ਹੁੰਦੇ ਸਨ।



Sri Satguru Jagjit Singh Ji Elibrary NamdhariElibrary@gmail.com

ਕਿ ਚਾਚਾ ਹੁਣ ਦੇਸ ਨਿਕਾਲਾ ਲੈ ਚਲਿਆ ਹੈ। ਜਦ ਤਾਹਨੇ ਮਿਹਣੇ ਦੇ ਕੁਝ ਲਫ਼ਜ਼ ਸਿਖਾਂ ਦੀ ਕੰਨੀ ਅਪੜੇ, ਤਦ ਕ੍ਰਿਪਾਲ ਦੇ ਲਹੂ ਨੇ ਜੋਸ਼ ਖਾਧਾ ਅਤੇ ਜੈਸੇ ਕੋ ਤੈਸਾ ਹੋਕੇ ਮਿਲਣ ਦੇ ਖ਼ਿਆਲ ਨਾਲ ਕੁਝ ਸਿਖ ਆਪਣੇ ਨਾਲ ਲੈਕੇ ਸੰਗ ਨਾਲੋਂ ਪਛੜ ਗਿਆ, ਅਤੇ ਮੌਕਿਆਂ ਵੇਖਕੇ ਅਚਨਚੇਤ ਕਰਤਾਰ ਪੁਰ ਦੀ ਧਰਮਸਾਲਾ ਵਿਚ ਵੜਕੇ ਗ੍ਰੰਥ ਸਾਹਿਬ ਦੀ 'ਆਦਿ-ਬੀੜ' ਲੁਟਕੇ ਗੁਰੂ ਸਾਹਿਬ ਦੇ ਪਿਛੇ ਦੌੜੇ। ਇਚਰਾਂ ਨੂੰ ਗੁਰੂ ਸਾਹਿਬ ਕਬੀਲੇ ਤੇ ਹੋਰ ਸਾਥੀਆਂ ਸਮੇਤ ਦੂਰ ਅਗੇ ਨਿਕਲ ਗਏ ਸਨ। ਕ੍ਰਿਪਾਲ ਗ੍ਰੰਥ ਸਾਹਿਬ ਲਈ ਨਾਲ ਜਾ ਮਿਲਿਆ। ਜਦ ਗੁਰੂ ਸਾਹਿਬ ਨੇ ਇਕ ਸਿਖ ਨੂੰ ਸਿਰ ਪੁਰ ਗ੍ਰੰਥ ਸਾਹਿਬ ਚੁਕੀ ਆਉਂਦਾ ਡਿੱਠਾ, ਤਦ ਹੈਰਾਨ ਅਤੇ ਨਾਰਾਜ਼ ਹੋਏ, ਅਤੇ ਸਿਖਾਂ ਨੂੰ ਗ੍ਰੰਥ ਸਾਹਿਬ ਮੋੜ ਆਉਣ ਵਾਸਤੇ ਕਿਹਾ, ਪਰ ਕੋਈ ਵਾਪਸ ਜਾਏ ਨਾ। ਮਾਤਾ ਨਾਨਕੀ ਨੇ ਭੀ ਪੁਤ੍ਰ ਨੂੰ ਸਖਤ ਸੁਸਤ ਕਿਹਾ ਅਤੇ ਆਖਿਆ ਕਿ ਕਿਉਂ ਅਸੀਂ ਆਪਣਾ ਗ੍ਰੰਥ ਸਾਹਿਬ ਆਪਣੇ ਵੈਰੀਆਂ ਨੂੰ ਦੇਈਏ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ :-

ਇਤਨੇ ਮਹਿ ਸਿਖ ਸੋ ਚਲਿ ਆਯੋ।
ਗੁਰੂ ਗ੍ਰੰਥ ਜਿਨ ਸੀਸ ਉਠਾਯੋ॥
ਤੇਗ ਬਹਾਦਰ ਗੁਰੂ ਬਖਾਨਜੋ।
ਕੌਨ ਗ੍ਰੰਥ ਸਾਹਿਬ ਇਹ ਆਨਜੋ॥
ਤਬ ਕ੍ਰਿਪਾਲ ਗੁਜਰੀ ਕੋ ਭ੍ਰਾਤਾ।
ਸਰਬ ਸੁਨਾਇ ਭਨਜੋ ਸੁ ਬ੍ਰਿਤਾਂਤਾ॥
ਸ੍ਰੀ ਗੁਰੂ ਅਰਜਨ ਪ੍ਰਥਮ ਲਿਖਾਯੋ।
ਧੀਰ ਮਲ ਸੋ ਛਲ ਕਰ ਪਾਯੋ ॥ ੬ ॥
ਡੇਰਾ ਲੂਟ ਲੀਨ ਜਬ ਸਾਰੇ।
ਤਬਤੇ ਆਯਹ ਸਦਨ ਹਮਾਰੇ॥
ਮਹਾਂ ਮਹਾਤਮ ਇਸ ਕੇਰਾ।



Sri Satguru Jagjit Singh Ji Elibrary NamdhariElibrary@gmail.com

ਜਿਸਕੇ ਦਰਸ਼ਨ ਪੁਨ ਘਨੇਰਾ ॥ ੭ ॥
ਰਾਵਰ-ਬਤਨ ਬਨਾਯੋ ਇਹੀ ।
ਜਿਸ ਢਿਗ ਹੋਇ, ਪੂਜਾ* ਬਹੁ ਲੇਹੀ ॥
ਇਸ ਕਰ ਸਰਬ ਸੰਗਤਾਂ ਆਵੈਂ ।
ਦਰਸਹਿ ਅਨਕ ਅਕੋਰ† ਚਢਾਵੈਂ ॥ ੮ ॥
ਯਾਂ ਤੇ ਆਪ ਨਿਕਟ ਅਬ ਰਹੇ ।
ਅਪਰ ਥਾਨ ਕੇ ਉਚਿਤ ਨ ਅਹੇ ॥
ਸੁਨ ਸ੍ਰੀ ਤੇਗ ਬਹਾਦਰ ਕਹਯੋ ।
ਹਮਰੇ ਸੰਗ ਕੌਨ ਬਿਧ ਰਹਯੋ ॥ ੯ ॥
ਕਿਨ ਇਹ ਰਾਖ ਸਾਥ ਨਿਜ ਆਨਯੋ ।
ਫੇਰਨ ਕਹਯੋ ਨਹੀਂ ਸੋ ਮਾਨਯੋ ॥
ਧੀਰ ਮਲ ਕੇ ਨਿਕਟ ਕਦੀ ਕੋ ।
ਅਬ ਭੀ ਦੇਬੋ ਬਨਹਿ ਤਿਸੀ ਕੋ ॥ ੧੦ ॥
ਛੀਨ ਲੇਨ ਇਹ ਉਚਿਤ ਨ ਹਮੈ ।
ਰਿਦੇ ਬਿਸੂਰੇ ਦੁਖ ਸਭ ਸਮੈ ॥
ਤਬਹਿ ਕ੍ਰਿਪਾਲ ਸੁਨਾਵਨ ਕੀਨ ।
ਮਖਣ ਅਰ ਮਾਤਾ ਨਹਿ ਦੀਨ ॥ ੧੧ ॥
"ਹੁਤੋ ਪਿਤਾਮੇ ਰਾਵਰ‡ ਕੇਰਾ ।
ਜਿਨਹੁ ਗ੍ਰੰਥ ਜੀ ਕੀਨ ਬਡੇਰਾ ॥
ਯਾਂਤੇ ਵਸਤ ਆਪ ਕੀ ਅਹੈ ।
ਜੋ ਗੁਰ-ਗਦੀ ਪੁਰ ਸੋ ਲਹੈ ॥ ੧੨ ॥
ਇਤਨੇ ਬਿਖੇ ਨਾਨਕੀ ਆਈ ॥
ਗੁਜਰੀ ਸੰਗ ਚਢੀ ਸੁਭ ਡੋਲੇ ॥

---

*ਪੂਜਾ—ਭੇਟ     †ਅਕੋਰ = ਧਨ
‡ਰਾਵਰ ਕੇਰਾ = ਜਨਾਬ ਕੇ ।



Sri Satguru Jagjit Singh Ji Elibrary NamdhariElibrary@gmail.com

ਨਿਕਟ ਆਏ ਸੁਤ ਕੇ ਬਚ ਸੁਨੇ।
'ਹਠ-ਕਰ-ਰਹੇ' ਹੇਰ, ਸਿਰ ਧੁਨੇ ॥
"ਸਤ੍ਰੂ ਕੋ ਹਿਤ ਚਾਹਿਤ ਰਹੇ।
ਪੁਨ-ਹਾਨ-ਲਗ ਖੋਟੇ ਅਹੇ ॥ ੧੫ ॥
ਕਹੌ ਕਹਾਂ ਲਗ ਬਹੁ ਸਮਝਾਏ।
ਸਰਲ ਸੁਭਾਉ ਨ ਕੁਛ ਲਖ ਪਾਇ ॥"
ਸਿਖਜਨ ਸੰਗ ਗੁਰੂ ਪੁਨ ਕਹਯੋ।
"ਧੀਰਮਲ ਕੋ ਹਮ ਇਹ ਲਹਯੋ* ॥ ੧੬ ॥
ਕੋ ਅਬ ਗਮਨਹੁ ਲੇਕਰ ਜਾਵੈ।
ਸੌਂਪੇ ਜਾਇ ਤਿਸੀ ਕੇ ਪ੍ਰਾਹੇ ॥
ਹਮਰੇ ਸੰਗ ਨ ਰਾਖਨ ਕਰੋ।
ਸ੍ਰੀ ਕਰਤਾਰ ਪੁਰੇ ਲੇ ਧਰੋ ॥ ੧੭ ॥"
ਸੁਣ ਸਿਖਜਨ ਸਭ ਜੋਰੇ ਹਾਥ।
ਹੋਇ ਨੰਮ੍ਰ ਬੋਲੇ ਗੁਰ ਸਾਥ ॥
"ਧੀਰ ਮਲ ਤਨ ਮਨ ਕਾ ਖੋਟਾ ॥
ਤਿਸਕੋ ਦੇਖਨ ਤੇ ਬਹੁ ਤੋਟਾ ॥ ੧੮ ॥
ਗੁਰ ਨਿੰਦਕ ਬਡ ਪਾਪ ਕਮਾਏ ॥
ਕਹਿ ਕਰ ਤੁਮ ਪਰ ਤੁਪਕ ਚਲਾਏ ॥
ਰਾਵਰ ਕੋ ਅਪਰਾਧੀ ਭਾਰੋ।
ਹਮ ਬਿਲੋਕ† ਨਹਿ ਸਕਹਿ ਸਹਾਰੋ ॥ ੨੦ ॥
ਹਮ ਤਿਸ ਕੀ ਦਿਸ ਮੁਖ ਨਹਿ ਕਰੇ।
ਮਿਲਬੇ‡ ਕੀ ਬਾਂਛਾ ਕੋ ਧਰੇ ॥"

---

*ਲਹਯੋ–ਦਿੱਤਾ।
†ਬਿਲੋਕ = ਵੇਖਕੇ। ‡ਮਿਲਬੇ = ਸੁਲਹ ਸਫ਼ਾਈ।



Sri Satguru Jagjit Singh Ji Elibrary NamdhariElibrary@gmail.com

No. 7



Autograph of Guru Gobind Singh in Granth Sahib at Nanak-mata traced by G.B.S.

Sri Satguru Jagjit Singh Ji Elibrary NamdhariElibrary@gmail.com

ਸੁਨ ਗੁਰ ਸਭ ਸਿਖਜਨ ਕੀ ਬਿਨਤੀ।
ਮਨ ਮਹਿ ਗਿਨਤ ਰਹੇ ਗਨ ਗਨਤੀ॥
"ਨਹਿਨ ਗ੍ਰੰਥ ਸਾਹਿਬ ਹਮ ਰਾਖੇ ।
ਤਿਸ ਢਿਗ ਪਹੁਚੇ ਚਿਤ ਅਭਿਲਾਖੇ ॥ ੨੧ ॥"
ਮਾਤ ਨਾਨਕੀ ਬਰਜਤ ਰੇਹੇ।
"ਹੇ ਸੁਤ ਕਜੋਂ ਹਠ ਕਰਹੁ ਬਡੇਰੇ ॥
ਦੁਰਲਭ ਵਸਤ ਆਪਨ ਬਡਨ ਕੀ।
ਬਹੁਰ ਨ ਪ੍ਰਾਪਤ ਅਨਿਕ ਜਤਨ ਕੀ ॥ ੨੨ ॥
ਨਹਿ ਦੀਜਹਿ ਨਿਜ ਸਾਥ ਰਖੀਜਹਿ।
ਨੀਕੇ ਰਿਦੇ ਬਿਚਾਰ ਲਖੀਜਹਿ।
ਰਿਪੁ* ਕੋ ਕਛੁ ਤਦਾਰਕ ਹੋਇ ।
ਕਰੀ ਅਵਗਜਾ ਲੇ ਫਲ ਸੋਇ ॥ ੨੩ ॥
ਅਧਿਕ ਸਰੀਕਾ ਉਰ ਮਹਿ ਧਾਰਹਿ ।
ਨਹਿ ਬਡਿਆਈ ਤਨਕ ਬਿਚਾਰਹਿ ॥
ਅਹੇ ਭਤੀਜਾ ਬਡ ਅਹੰਕਾਰ।
ਨਹਿ ਜਿਸਕੇ ਕੁਛ ਰਹਜੋ ਬਿਚਾਰ ॥ ੨੪ ॥
ਕਿਸੀ ਰੀਤ ਤੇ ਅਦਬ ਨ ਰਾਖਾ।
ਕਹਤ ਸਦਾ ਮਾਰਨ ਅਭਿਲਾਖਾ ॥
ਇਮ ਸਨੇਹੁ ਤਿਸਕੇ ਸੰਗ ਧਰਨਾ ।
ਕਿਮ ਨ ਚਿਤਹ ਜਿਮ ਦੁਰਮਤ ਕਰਨਾ" ॥੨੫॥
ਸੁਨਤ ਮਾਤ ਤੇ ਧਰ ਮੁਖ ਮੋਨ।
ਚਿਤਹਿੰ, ਉਪਾਇ ਕਰਹਿੰ ਅਬ ਕੌਨ ॥ ੨੬ ॥
ਸਿਖ ਸੇਵਕ ਤਿਹ ਜਾਇ ਨ ਕੋਈ।

*ਰਿਪੁ = ਵੈਰੀ



Sri Satguru Jagjit Singh Ji Elibrary NamdhariElibrary@gmail.com

ਲਖਹਿੰ ਮਹਾ ਅਪਰਾਧੀ ਸੋਈ ॥ ੨੬ ॥
ਕਰਹਿ ਪ੍ਰਣ ਤਿਸ ਮੁਖ ਨਹਿ ਲਾਗਹਿ ।
ਕਿਮੁ ਪਹੁਚਾਇ ਗ੍ਰੰਥ ਤਿਸ ਆਗਹਿ ॥ ੨੭ ॥
ਤਰਨੀ* ਕੀ ਪ੍ਰਤੀਖਨਾ† ਕਰਤੇ ।
ਇਸ ਕਾਰਜ ਕੋ ਰਿਦੇ ਬਿਚਰਤੇ ॥
ਜਬ ਨੌਕਾ ਚਲ ਕਰ ਢਿਗ ਆਈ ।
ਭਏ ਅਰੂਢਨ ਤਬਹਿ ਗੁਸਾਈ ॥ ੨੮ ॥
ਸਯੰਦਨ‡ ਡੇਰੇ ਨਰ ਸਮੁਦਾਇ ।
ਮਖਨ ਆਦਿਕ ਤੁਰਤ ਚਢਾਏ ॥
ਗੁਰੂ ਗ੍ਰੰਥ ਕੋ §ਤਰੀ ਮਝਾਰ ।
ਸ਼ੁਭ ਤਲ ਪਿਖਕਰ ਧਰਜੋ ਸੁਧਾਰ ॥੨੯॥
ਕਰਨਧਾਰ¶ ਤਬ ਪ੍ਰੇਰਨ ਕਰੀ ।
ਨੀਰ ਗੰਭੀਰ ਸੀਘ੍ਰ ਚਲ ਤਰੀ ॥
ਪਰਲੇ ਤੀਰ ਗਈ ਤਤਕਾਲਾ ।
ਉਤਰੂ ਪਰੇ ਸਤਿਗੁਰ ਕ੍ਰਿਪਾਲਾ ॥੩੦॥
ਹੁਤੇ ਗੰਭੀਰ‖ ਬੇਗ ਜਿਹ ਪਾਨੀ ॥੩੪॥
ਭਲੇ ਰਖਾਯਹੁ ਤਾਹਿ ॥੩੫॥
ਜਲ ਗੰਭੀਰ ਮਹਿ ਜਬ ਹੀ ਟਿਕਾਇ ।
ਸਗਲ ਬਿਲੋਕਤ ਬਹੁ **ਬਿਸਮਾਏ ॥
ਕੋ ਤਹ ਗਯੋ ਨ, ਅਬ ਕਯਾ ਕਰਯੋ ।
ਸਲਤਾ ਸਹਤ ਬੇਗ ਮਹਿ ਧਰਯੋ ॥੩੭॥

---

*ਤਰਨੀ = ਬੇੜੀ । †ਪ੍ਰਤੀਖਨਾ = ਉਡੀਕ ।
‡ਸਯੰਦਨ = ਪਾਲਕੀ ਬਨਾਨੀ । § ਤਰੀ = ਬੇੜੀ ਵਿਚ । ¶ ਕਰਨਸਾਰ =ਮਲਾਹ। ‖ਗੰਭੀਰ ਬੇਗ = ਡੂੰਘਾ ਤੇ ਜ਼ੋਰ ਦਾ ਵਗਦਾ।**ਬਿਸਮਾਏ=ਹੈਰਾਨ ਹੋਏ



Sri Satguru Jagjit Singh Ji Elibrary NamdhariElibrary@gmail.com

ਜਲ ਮਹਿ ਕਾਗਦ ਭੀਗਹਿ ਜਬੈ।
ਬਚਹਿ ਨ, ਸੀਘ੍ਰ ਜਾਹਿ ਗਰ ਤਬੈ।
ਕਿਮ ਅੱਖਰ ਸਾਬਤ ਰਹਿਜੈ ਹੈ।
ਬਿਨ ਭੀਤ ਜਿਮ ਚਿਤ੍ਰ ਨ ਪੈਹੈ ॥੩੩॥
ਪਿਖਤ ਨਾਨਕੀ ਰਿਦਾ ਤਪਾਯੋ।
ਨਹਿ ਸੁਤ ਸੋ ਪੁਨ ਬਾਕ ਅਲਾਯੋ॥

[੧੧ ਰਾਸ। = ੪ ਅੱਸੂ।

ਇਸ ਤਰ੍ਹਾਂ ਗ੍ਰੰਥ ਸਾਹਿਬ ਦੀ 'ਆਦਿ-ਬੀੜ' ਸਦਾ ਲਈ ਅਲੋਪ ਹੋ ਗਈ। ਸਮਝੋ ਕਿ ਜੇਠ ਸੰਮਤ ੧੭੨੨ ਸੀ। ਸਹੀ ਗਲ ਤਾਂ ਇਹੋ ਹੈ।

੭. ਧੀਰ ਮਲ ਨੇ ਹਾਕਮਾਂ ਪਾਸ ਜਾਲੰਧਰ ਜਾ ਰਪੋਟ ਲਿਖਾਈ, ਕਿ ਮੇਰੇ ਚਾਚੇ ਤੇਗ ਬਹਾਦਰ ਨੇ ਕਰਤਾਰ ਪੁਰ ਸਾਡੇ ਘਰ ਆ ਕੇ ਸਾਡੇ ਉੱਤੇ ਡਾਕਾ ਮਾਰਿਆ ਅਤੇ ਸਾਡੇ ਆਦਮੀਆਂ ਨੂੰ ਮਾਰ ਕੁਟ ਕੇ ਸਾਡਾ ਗ੍ਰੰਥ ਸਾਹਿਬ ਤੇ ਹੋਰ ਮਾਲ ਮਤਾਅ ਲੁਟ ਕੇ ਲੈ ਗਏ ਹਨ। ਗੁਰੂ ਹਰਗੋਬਿੰਦ ਜੀ ਨੂੰ ਦੇਸੋਂ ਬਦੇਸ ਗਏ ਨੂੰ ਤੀਹ-ਬਤੀ ਵਰ੍ਹੇ ਹੋ ਚੁਕੇ ਸਨ ਅਤੇ ਗੁਰੂ ਹਰਿਰਾਇ ਤੇ ਹਰਿਕ੍ਰਿਸ਼ਨ ਜੀ ਕੀਰਤਪੁਰ ਹੀ ਰਹੇ ਸਨ। ਇਧਰ ਧੀਰਮਲ ਵਾਲੀ ਗਦੀ ਕਾਇਮ ਹੋਇਆਂ ਨੂੰ ਵੀ ਚੌਥਾਈ ਸਦੀ ਹੋ ਚੁਕੀ ਸੀ। ਸਾਰੇ ਦੁਆਬੇ, ਤੇ ਮਾਝੇ ਵਿਚ ਵੀ, ਇਸੇ ਦੀ ਸਿਖੀ ਸੇਵਕੀ ਚੱਲੀ ਹੋਈ ਸੀ। ਹਾਕਮਾਂ ਨਾਲ ਵੀ ਬੜਾ ਰਸੂਖ ਪੈਦਾ ਕਰ ਲਿਆ ਹੋਇਆ ਸੀ। ਜਦ ਤਕ ਧੀਰ ਮਲ ਜਾਂ ਉਸ ਦੇ ਆਦਮੀ ਸਰਕਾਰੀ ਮਦਦ ਲੈ ਕੇ ਪਿਛਾ ਕਰਦੇ ਸਤਲੁਜ ਤਕ ਅਪੜੇ ਤਦ ਤਕ ਗੁਰੂ ਸਾਹਿਬ ਹਦ ਪਾਰ ਕਰ ਕੇ ਬਿਲਾਸਪੁਰ ਰਾਜ ਵਿਚ, ਕੀਰਤਪੁਰ ਪਹੁੰਚ ਚੁਕੇ ਸਨ, ਅਤੇ ਝਗੜੇ ਦੀ ਬੁਨਿਆਦ ਗ੍ਰੰਥ ਸਾਹਿਬ ਨੂੰ ਜਲ ਪ੍ਰਵਾਹ ਕਰ ਚੁਕੇ ਸਨ। ਦੇਸ ਨਿਕਾਲਾ ਤਾਂ ਗੁਰੂ ਸਾਹਿਬ ਆਪ ਹੀ ਲੈ ਆਏ ਸਨ। ਸੋ ਉਸ ਵੇਲੇ ਹੋਰ ਪਿੱਛਾ ਕਰਨਾ ਫ਼ਜ਼ੂਲ ਜਾਣ, ਇਹ ਲੋਕੀ ਪਿਛੇ ਮੁੜ ਗਏ। ਅਤੇ ਗੁਰੂ ਸਾਹਿਬ ਅੰਤ ਤਕ ਸਰਕਾਰੀ ਢੱਕ ਬਣੇ ਰਹੇ।



Sri Satguru Jagjit Singh Ji Elibrary NamdhariElibrary@gmail.com

# ੨-ਬੂੜੇ ਸੰਧੂ ਵਾਲੀ ਬੀੜ

## ਸੰਮਤ ੧੬੬੨ ॥

੧. ਰਾਵਲਪਿੰਡੀ ਮਹੱਲਾ ਸੈਦਪੁਰੀ ਦਰਵਾਜ਼ੇ ਵਿਚ ਇਕ ਡੇਰਾ ਭੱਲੇ ਬਾਵਿਆਂ ਦਾ ਹੈ ਅਤੇ ਇਸ ਵੇਲੇ ਬਾਵਾ ਬਿਸ਼ਨ ਸਿੰਘ ਜੀ* ਏਸ ਡੇਰੇ ਦੇ ਆਗੂ ਹਨ। ਉਹਨਾਂ ਦੀ ਜ਼ਬਾਨੀ ਹੈ ਕਿ ਇਹ ਡੇਰਾ ਕੋਈ ਡੇਢ ਸੌ ਵਰ੍ਹਾ ਪੁਰਾਣਾ ਹੈ ਅਤੇ ਭੱਲੇ ਬਾਵਗਾਨ ਜੋ ਇਸ ਡੇਰੇ ਦੇ ਕਾਇਮ ਕਰਨ ਵਾਲੇ ਸਨ, ਉਹ ਪਿਛੋਂ ਵਟਾਲੇ ਤੋਂ ਆਏ ਸਨ ਅਤੇ ਇਸ ਡੇਰੇ ਦਾ ਪੁਰਾਤਨ ਗ੍ਰੰਥ ਸਾਹਿਬ ਵੀ ਨਾਲ ਹੀ ਪਿਛੋਂ ਲਿਆਏ ਸਨ। ਜਦ ਮਹਾਰਾਜਾ ਰਣਜੀਤ ਸਿੰਘ ਸੰਨ ੧੮੧੩ ਵਿਚ ਦੋਸਤ ਮੁਹਮਦ ਨਾਲ ਜੰਗ ਕਰਨ ਆਏ ਹਨ, ਤਦ ਰਾਵਲਪਿੰਡੀਓਂ ਲੰਘਦੇ ਜਦ ਉਹਨਾਂ ਸੁਣਿਆਂ ਕਿ ਏਥੇ ਇਕ ਬੜੇ ਬ੍ਰਿਧ ਗ੍ਰੰਥ ਸਾਹਿਬ ਹਨ, ਤਦ ਉਹ ਦਰਸ਼ਨ ਲਈ ਡੇਰੇ ਆਏ ਅਤੇ 'ਵਾਕ' ਲਿਆ। ਵਾਕ ਇਹ ਨਿਕਲਿਆ :—

'*ਬਾਵਾ ਜੀ ਨੂੰ ਵੇਖ ਕੇ ਮੈਨੂੰ ਬੜੀ ਪ੍ਰਸਨਤਾ ਹੋਈ; ਆਪ ਚੰਗੇ ਦੀਦਾਰੀ ਮੂਰਤੀ ਹਨ। ਸੂਰਤ ਦੇ ਨਾਲ ਸੀਰਤ ਭੀ ਸੋਹਣੀ ਪਾਈ ਹੈ। ਤੰਗ ਖ਼ਿਆਲੀ, ਲਾਲਚ, ਅਸਾਊਪੁਣਾ ਜੋ ਮੈਂ ਪੁਜਾਰੀਆਂ ਅਤੇ ਉਸ ਜਮਾਤ ਦੇ ਹੋਰ ਲੋਕਾਂ ਨਾਲ ਆਪਣੇ ਮਨ ਵਿਚ ਜੋੜ ਰਖੇ ਹਨ, ਏਥੇ ਨਾਮ ਨੂੰ ਵੀ ਨਹੀਂ ਸਨ। ਉਦਾਰ ਚਿਤ, ਬੇਪਰਵਾਹ, ਅਤੇ ਸਤਜ ਦਾ ਸਵਾਗਤ ਕਰਨੇ ਵਾਲੇ ਮੈਨੂੰ ਨਜ਼ਰ ਆਏ। ਉਹਨਾਂ ਦੇ ਸ਼ਰਾਫਤ ਭਰੇ ਸਲੂਕ ਨੇ ਮੈਨੂੰ ਮੋਹਿਤ ਕਰ ਲਿਆ, ਜਿਸ ਕਰਕੇ ਬੇਵਸੇ ਹੀ ਮੈਂ ਉਹਨਾਂ ਬਾਬਤ ਇਹ ਲਫ਼ਜ਼ ਲਿਖ ਰਿਹਾ ਹਾਂ। ਆਪ ਇਸ ਵੇਲੇ ਕੋਈ ੮੫ ਬਰਸ ਦੀ ਅਵਸਥਾ ਦੇ ਹਨ, ਪਰ ਅਖਾਂ, ਕੰਨ, ਦੰਦ, ਹੋਸ਼ ਹਵਾਸ ਸਭ ਠੀਕ ਹਨ। ਆਪਣੇ ਤਨ ਦੀ ਥੋੜੀ ਸੇਵਾ ਲਈ ਵੀ ਕਿਸੇ ਦੂਜੇ ਦੇ ਮੁਹਤਾਜ ਨਹੀਂ। ਜਦ ਮੈਂ ਦੂਜੀ ਬਾਰ ਡੇਰੇ ਗਿਆ, ਤਦ ਟੂਟੀ ਹੇਠਾਂ ਬੈਠੇ ਆਪਣੇ ਕਪੜੇ ਧੋ ਰਹੇ ਸਨ ਤੇ ਨਿਚੋੜ ਵੀ ਰਹੇ ਸਨ, ਜਿਨਾਂ ਬਲ ਸਾਨੇ। ਮੈਂ ਵੇਖਕੇ ਬੜਾ ਖ਼ੁਸ਼ ਹੋਇਆ।



Sri Satguru Jagjit Singh Ji Elibrary NamdhariElibrary@gmail.com

"ਸੰਤ ਪਸਾਦਿ ਮਹਾ ਸੁਖ ਪਾਇਆ ਾਗਲੇ ਬੰਧਨ ਕਾ ੇ।
ਹਰਿ ਹਰਿ ਨਾਮੁ ਨਾਨਕ ਧਨੁ ਪਾਇਆ, ਆਪਨੈ ਘਰ
ਲੈ ਆਇਆ ਖਾਟੇ ॥੫॥੧॥"

[ਧਨਾਸਰੀ ਮਃ ੫

ਇਹ ਵਾਕ ਸੁਣ ਕੇ ਮਹਾਰਾਜਾ ਬੜਾ ਖ਼ੁਸ਼ ਹੋਇਆ ਅਤੇ ਸਾਰੇ ਲਸ਼ਕਰ ਵਿਚ ਗਲ ਫੈਲ ਕੇ ਉਤਸ਼ਾਹ ਅਤੇ ਜੋਸ਼ ਵਧ ਗਿਆ। ਮਹਾਰਾਜਾ ਏਸੇ ਜੋਸ਼ ਵਿਚ ਬਿਨਾਂ ਬਹੁਤ ਨੁਕਸਾਨ ਉਠਾਏ ਦੇ ਹੜ੍ਹ ਆਏ ਦਰਯਾ ਅਟਕ ਤੋਂ ਪਾਰ ਹੋ ਗਿਆ। ਤਦ ਦੁਸ਼ਮਨ ਨੂੰ ਭੀ ਯਕੀਨ ਆ ਗਿਆ ਕਿ ਖ਼ੁਦਾ ਉਸ ਦੀ ਮੱਦਦ ਤੇ ਹੈ। ਪਠਾਣੀ ਫ਼ੌਜ ਹੌਸਲਾ ਹਾਰ ਕੇ ਮੈਦਾਨ ਛਡ ਗਈ, ਅਤੇ ਮਹਾਰਾਜੇ ਦੀ ਪੂਰੀ ਫ਼ਤਹਿ ਹੋਈ। ਮੁੜਦੀ ਵਾਰੀ ਮਹਾਰਾਜ ਨੇ ਫੇਰ ਡੇਰੇ ਦੇ ਦਰਸ਼ਨ ਕੀਤੇ, ਦੀਪਮਾਲਾ ਕਰਾਈ ਤੇ ਬੜੀ ਖ਼ੁਸ਼ੀ ਮਨਾਈ ॥ ੩੫੦੦੦) ਰੁਪਏ ਸਾਲ ਦੀ ਜਾਗੀਰ ਡੇਰੇ ਦੇ ਨਾਂ ਲਗਾਈ, ਜੋ ਘਟ ਕੇ ਅੰਗਰੇਜ਼ੀ ਰਾਜ ਹੇਠਾਂ ੧੫੦੦) ਦੀ ਰਹਿ ਗਈ ਹੈ। ਸ਼ਾਹਜ਼ਾਦਾ ਖੜਕ ਸਿੰਘ ਤੇ ਨੌਨਿਹਾਲ ਸਿੰਘ, ਸਰਦਾਰ ਚਤੁਰ ਸਿੰਘ ਆਦਿ ਹੋਰ ਸਰਦਾਰ ਭੀ ਪਿਛੋਂ ਦਰਸ਼ਨ ਨੂੰ ਆਉਂਦੇ ਰਹੇ।

(੨) ਡੇਰੇ ਦੀ ਪ੍ਰਾਚੀਨ ਬੀੜ, ਜਿਸ ਵਿਚੋਂ ਵਾਕ ਲਿਆ ਗਿਆ ਸੀ ਸਾਰੀ ਦੀ ਸਾਰੀ ਇਕ ਹਥ ਦੀ ਲਿਖੀ ਹੋਈ ਸੀ। ਤਤਕਰੇ ਪਹਿਲੇ ੨੬ ਪਤ੍ਰਿਆਂ ਪੁਰ ਅਤੇ ਗ੍ਰੰਥ ਸਾਹਿਬ ਦੇ ਸਮੇਤ ਇਕ ਪਤ੍ਰੇ ਦੇ ਜਿਸ ਪੁਰ ਇਕ ਪਾਸੇ ਬਸੰਤ ਕੀ ਵਾਰ ਅਤੇ ਦੂਜੇ ਪਾਸੇ ਚਲਿਤ੍ਰ ਜੋਤੀ ਜੋਤ ਸਮਾਵਣ ਕੇ ਦਿਤੇ ਸਨ, ਸਾਰੇ ੫੬੩ ਪਤ੍ਰਿਆਂ ਪੁਰ ਮੁਕਾ ਸੀ, ਕੁਲ ੫੮੯ ਪਤਰੇ ਜਿਨ੍ਹਾਂ ਪੁਰ ਸ਼ੁਰੂ ਤੋਂ ਲੈ ਕੇ ਇਕ ਲਗਾਤਾਰ ਗਿਣਤੀ ਦਿਤੀ ਹੋਈ ਸੀ। ਪਰ ਪਿਛੋਂ ਕਾਫ਼ੀ ਚਿਰ ਬਾਅਦ ਕਿਸੇ ਨੇ ਛੇਕੜਲੀ ਜੁਜ਼ ਦੇ ਅੰਦਰਲੇ ਦੋ ਵਰਕੇ ਜਿਨ੍ਹਾਂ ਪੁਰ ਅੰਕ ੫੮੭ ਅਤੇ ੫੮੮ ਦਿਤੇ ਸਨ, ਕਢਕੇ ਉਹਨਾਂ ਦੀ ਥਾਂ ਹੋਰ ਕਾਗਜ਼ ਦੇ ਚਾਰ ਵਰਕਿਆਂ



Sri Satguru Jagjit Singh Ji Elibrary NamdhariElibrary@gmail.com

ਦੀ ਜੁਜ਼ ਲਗਾ ਕੇ ਕਈ ਇਕ ਫ਼ਾਲਤੂ ਗਲਾਂ ਇਹਨਾਂ ਵਰਕਿਆਂ ਪੁਰ ਵਧਾ ਦਿਤੀਆਂ ਹਨ, ਅਤੇ 'ਬਸੰਤ ਕੀ ਵਾਰ' ਜੋ ਪਤਰੇ ੫੮੭ ਪਰ ਲਿਖੀ ਸੀ, ਉਸ ਨੂੰ ਰਾਗ ਬਸੰਤ ਹੇਠਾਂ ਲਿਜਾ ਕੇ, ਰਾਗ ਦੇ ਮੁਕਣ ਪਰ ਜੋ ਅਧਾ ਕੁ ਸਫ਼ਾ ਕੋਰਾ ਪਿਆ ਸੀ, ਅਤੇ ਅਗਲੇ ਸਫੇ ਤੋਂ ਅਗਲਾ ਰਾਗ ਸਾਰੰਗ ਸ਼ੁਰੂ ਹੁੰਦਾ ਸੀ, ਉਥੇ ਲਿਖ ਦਿਤਾ। ਏਥੇ 'ਬਸੰਤ ਕੀ ਵਾਰ' ਦੀ ਸਿਆਹੀ ਤੇ ਲਿਖਾਈ ਉਹੋ ਹੈ ਜੋ ਛੇਕੜਲੇ ਪਿਛੋਂ ਪਾਏ ਚਾਰ ਵਰਕਿਆਂ ਦੀ। ਏਹਨਾਂ ਚਾਰ ਵਰਕਿਆਂ ਦਾ ਕਾਗਜ਼ ਹੋਰ, ਸਿਆਹੀ ਹੋਰ, ਕਲਮ ਹੋਰ ਤੇ ਲਿਖਨ ਵਾਲਾ ਹੋਰ ਸੀ, ਅਸਲ ਗ੍ਰੰਥ ਦਾ ਲਿਖਨ ਵਾਲਾ ਨਹੀਂ ਸੀ। ਚੂੰਕਿ ਵਾਧੂ ਲੇਖ ਜੋ ਵਧਾਏ ਗਏ ਹਨ, ਉਹਨਾਂ ਵਿਚ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਵੀ ਹੈ, ਅਤੇ ਇਹ ਔਰੰਗਜ਼ੇਬ ਦੇ ਜ਼ਮਾਨੇ ਵਿਚ ਲਿਖੀ ਗਈ ਸੀ ਸੰਨ ੧੬੭੩ ਦੇ ਲਾਗੇ, ਸੋ ਇਹ ਦੂਜਾ ਲਿਖਨ ਵਾਲਾ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਵਿਚ ਹੋਇਆ ਸਮਝਨਾ ਚਾਹੀਦਾ ਹੈ। ਇਸ ਦੂਜੇ ਲਿਖਾਰੀ ਨੇ 'ਚਲਿਤ੍ਰ ਜੋਤੀ ਜੋਤ ਸਮਾਵਣ ਦੇ ਅਤੇ ਉਸ ਦੇ ਪਿਛੇ ਗ੍ਰੰਥ ਦੇ ਉਤਾਰਾ ਕੀਤੇ ਜਾਣ ਦਾ ਸੰਮਤ ਆਦਿ ਜਿਉਂ ਦਾ ਤਿਉਂ ਅਸਲ ਪਤਰੇ ੫੮੯ ਤੋਂ ਨਕਲ ਕਰ ਦਿਤੇ। ਉਹ ਲੇਖ ਇਉਂ ਹੈ :-

ੴ ਸਤਿਗੁਰ ਪ੍ਰਸਾਦਿ ॥
ਚਲਿਤ੍ਰ ਜੋਤੀ ਜੋਤ ਸਮਾਵਣੇ ਕਾ ॥

ਸੰਮਤ ੧੫੯੬ ਅਸੂ ਵਦੀ ੧੦ ਗੁਰੂ ਬਾਬਾ ਨਾਨਕ ਦੇਵ ਜੀ ਸਮਾਣੇ।
ਸੰਮਤ ੧੬੦੯ ਚੇਤ ਸੁਦੀ ੪ ਸ੍ਰੀ ਗੁਰੂ ਅੰਗਦ ਜੀ ਸਮਾਣੇ॥
ਸੰਮਤ ੧੬੩੧ ਭਾਦੋਂ ਸੁਦੀ ੫ਰ ਸ੍ਰੀ ਗੁਰੂ ਅਮਰਦਾਸ ਜੀ ਸਮਾਣੇ॥
ਸੰਮਤ ੧੬੩੮ ਭਾਦੋਂ ਸੁਦੀ ੩ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ॥
ਸ੍ਰੀ ਵਾਹਿਗੁਰੂ ਜੀ ਸ੍ਰੀ ਵਾਹਿਗੁਰੂ ਜੀ।
ਸ੍ਰੀ ਗੁਰੂ ਜੀ ਕੇ ਹਜੂਰ ਗ੍ਰੰਥ ਸਾਹਿਬ ਸੰਪੂਰਣ ਹੋਇਆ। ਲਿਖਿਆ



Sri Satguru Jagjit Singh Ji Elibrary NamdhariElibrary@gmail.com

ਭਾਈ ਬੂੜੇ ਮੰਧੂ ਪੰਜਵੀਂ ਪਾਤਸਾਹੀ ਦੇ ਹਜੂਰ। ਲਿਖਵਾਇਆ ਭਾਈ ਮਿਲਖੀ ਪੇਸ਼ਓਰ ਦੇ ਵਾਸੀ। ਜੋ ਕੋਈ ਇਸ ਗ੍ਰੰਥ ਸਾਹਿਬ ਜੀ ਕਾ ਦਰਸ਼ਨ ਕਰੇਗਾ, ਉਸ ਨੂੰ ਗੁਰੂ ਨਾਨਕ ਸਾਹਿਬ ਜੀ ਕੀ ਦੇਹ ਦਾ ਦਰਸ਼ਣ ਹੋਵੇਗਾ। ਭੁਲ ਚੁਕ ਬਖਸਨੀ॥

ਸ੍ਰੀ ਵਾਹਿਗੁਰੂ ਜੀ ਸਤਿ ਜੀ।

ਸੰਮਤ ੧੬੬੨ ਵਿਚ ਸੰਪੂਰਣ ਹੋਇਆ।"

[N. B. ਦੂਜੇ ਲਿਖਾਰੀ ਨੂੰ ਸ੍ਰੀ ਗੁਰੂ ਅੰਗਦ ਦੇਵ ਦੇ ਚਲਾਣੇ ਦਾ ਸੰਮਤ ਠੀਕ ਲਿਖਣਾ ਨਹੀਂ ਆਇਆ। ਸ਼ੁੰਨ ਦੀ ਥਾਂ ਬਿੰਦੀ ਦੇ ਵਰਤਾਉ ਨੂੰ ਉਹ ਨਹੀਂ ਸਮਝਦਾ ਸੀ, ਜਿਸ ਤਰ੍ਹਾਂ ਕਿ ਹੋਰ ਕਈ ਲਿਖਾਰੀ ਵੀ। ੧੬੦੯ ਦੀ ਜਗ੍ਹਾ ੧੬੯ ਲਿਖਿਆ ਸੂ, ਅਤੇ ੯ ਦਾ ਹਿੰਦਸਾ ਵੀ ਹੋਰ ਹੀ ਤਰ੍ਹਾਂ ਬਨਾਇਆ ਸੂ, ਅਰਥਾਤ ਪੁਰਾਣੇ ੮ ਦੇ ਹਿੰਦਸੇ ਦੀ ਹੇਠਲੀ ਨੁਕਰੋਂ ਇਕ ਆੜੀ ਲੀਕ ਖਬੇ ਵਲ ਖਿਚ ਦਿਤੀ ਹੈ। ~੮ ॥]

ਗੁਰੂ ਅਰਜਨ ਦੇਵ ਸੰਮਤ ੧੬੬੩ ਜੇਠ ਸੁਦੀ ੪ ਨੂੰ ਸ਼ਹੀਦ ਹੋਏ, ਭਾਵੇਂ ਲਿਖਾਰੀ ਨੇ ਗ੍ਰੰਥ ਸਾਹਿਬ ਦੇ ਖ਼ਤਮ ਕਰਨ ਦੀ ਕੋਈ ਤਾਰੀਖ਼ ਮਹੀਨਾ ਨਹੀਂ ਦਿਤਾ, ਪਰ ਇਹ ਅਸੀਂ ਕਹਿ ਸਕਦੇ ਹਾਂ ਕਿ ਇਹ ਬੀੜ ਗ੍ਰੰਥ ਸਾਹਿਬ ਦੀ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਵਰ੍ਹਾ ਕੂ ਪਹਿਲੋਂ ਉਹਨਾਂ ਦੇ ਹਜ਼ੂਰ 'ਆਦਿ-ਬੀੜ' ਤੋਂ ਨਕਲ ਕੀਤੀ ਗਈ। ਗੁਰੂ ਸਾਹਿਬ ਦਾ 'ਨਿਸ਼ਾਨ' ਜਾਂ Sign-manual ਵੀ ਵਿਚ ਹੈ ਜੋ ਸਾਹਮਣੇ ਦਿਤਾ ਜਾਂਦਾ ਹੈ, ਅਤੇ ਜਿਸ ਦੇ ਬਨਾਉਟੀ ਜਾਂ ਜਾਅਲੀ ਹੋਣ ਦੀ ਬਾਬਤ ਸ਼ਕ ਕਰਨ ਲਈ ਕੋਈ ਠੀਕ ਕਾਰਨ ਸਾਨੂੰ ਨਹੀਂ ਔਹੜਦਾ। ਉਤਾਰਾ ਕਰਨ ਤੋਂ ਪਹਿਲੇ ਹੀ ਦਸਤੂਰ ਮੁਤਾਬਕ ਉਸ ਨੇ ਇਹ ਪਰਵਾਨਗੀ ਲੈ ਲਈ ਹੋਵੇਗੀ। ਇਹ 'ਨੀਸ਼ਾਣ' ਜੋ ਵਖਰੇ ਕਾਗਜ਼ ਪੁਰ ਹੁੰਦਾ ਸੀ, 'ਉਤਾਰੇ' ਦੇ ਦਰੁਸਤ ਹੋਣ ਦੀ ਸਨਦ ਨਹੀਂ ਸੀ ਹੁੰਦਾ, ਸਗੋਂ ਵੇਲੇ ਦੇ ਗੁਰੂ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੇ ਪਵਿਤ੍ਰ ਹਥਾਂ ਦਾ ਲਿਖਿਆ ਹੋਣ ਕਰ ਕੇ, ਉਹਨਾਂ ਦੀ ਆਸ਼ੀਰ-ਵਾਦ ਜਾਂ ਸ਼ੁਭ-ਇੱਛਾ ਦਾ ਚਿਨ੍ਹ ਹੁੰਦਾ ਸੀ, ਜਿਸ ਤਰ੍ਹਾਂ ਕਾਤਿਬ ਜਾਂ ਖ਼ੁਸ਼ਨਵੀਸ ਲੋਕ ਕੁਰਾਨ ਦੀ ਨਕਲ ਸ਼ੁਰੂ ਕਰਨ ਤੋਂ ਪਹਿਲੇ ਕਿਸੇ ਬਜ਼ੁਰਗ ਦੇ ਹਥੋਂ 'ਤਬਰੱਕ' ਲਈ 'ਬਿਸਮਿਲਾ' ਲਿਖਾ ਲੈਂਦੇ ਸਨ॥

(੩) ਇਸ ਲਈ ਇਹ ਬੀੜ ਬੜੀ 'ਮੁਸਤਨਿੱਦ' ਹੈ, ਏਸ ਨਾਲੋਂ ਵਧੀਕ ਸਨਦੀ ਕਾਪੀ ਹੋ ਨਹੀਂ ਸਕਦੀ। ਜੋ ਸਜਨ ਛੇਕੜਲੀ ਸਿਹਾਰੀ ਅਤੇ ਔਂਕੜ ਜਾਂ ਹੋਰ ਇਹੋ ਜਿਹੀਆਂ ਬਰੀਕੀਆਂ ਪੁਰ ਲੋੜ ਨਾਲੋਂ ਵਧੀਕ, ਅਤੇ ਮੇਰੇ ਖ਼ਿਆਲ ਵਿਚ ਵਿਅਰਥ, ਜ਼ੋਰ ਦੇਂਦੇ ਹਨ, ਉਹਨਾਂ ਲਈ ਵੀ ਏਸ ਬੀੜ ਤੋਂ ਵਧ ਕੇ ਹੋਰ ਕੋਈ ਚੰਗਾ ਰਾਹ-ਦਸੇਰਾ ਨਹੀਂ ਬਣ ਸਕਦਾ। ਇਸ ਕਰਕੇ ਏਸ ਦਾ ਇਮਤਿਹਾਨ ਅਸੀਂ ਕੁਝ ਵੇਰਵੇ ਨਾਲ ਕਰਦੇ ਹਾਂ।

(੪-ੳ.) ਲਿਖਾਰੀ ਨੇ ੨੫ ਵਰਕੇ ਤਤਕਰਿਆਂ ਲਈ ਹਥ ਵਿਚ ਰਖ ਕੇ, ੨੬ ਵੇਂ ਪਤਰੇ ਤੋਂ ਗ੍ਰੰਥ ਸਾਹਿਬ ਦਾ ਉਤਾਰਾ ਕਰਨਾ ਸ਼ੁਰੂ ਕੀਤਾ, ਅਤੇ ਗ੍ਰੰਥ ਸਾਹਿਬ ਦੇ ਪਹਿਲੇ ਵਰਕੇ ਪੁਰ ਅੰਕ ੨੬ ਦਿਤਾ। ਤਤਕਰੇ ਉਸ ਦੇ, ਪਿਛੋਂ ਅਠਾਰਾਂ ਵਰਕਿਆਂ ਪੁਰ ਹੀ ਮੁਕ ਗਏ। ਪੂਰੀਆਂ ਚੌ-ਵਰਕੀਆਂ ਦੀ ਛੇ ਜੁਜ਼ਾਂ ਜੋ ਉਸ ਨੇ ਲਗਾਈਆਂ ਸਨ, ਉਹਨਾਂ ਵਿਚੋਂ ਦੋ ਵਰਕਿਆਂ ਦੀ ਸ਼ੀਟ, ਜਿਨ੍ਹਾਂ ਪਰ ਅੰਕ ੨੧ ਤੇ ੨੪ ਦਿਤੇ ਹੋਏ ਸਨ, ਕਢ ਲਈ; ਫੇਰ ੨੨ ਅਤੇ ੨੩ ਅੰਕ ਵਾਲੇ ਪਤ੍ਰਿਆਂ ਨੂੰ ਜੋੜ ਕੇ ਮੋਟਾ ਕੀਤਾ ਅਤੇ ਉਸ ਪਰ, ਜੋ 'ਨਿਸ਼ਾਨ' ਗੁਰੂ ਸਾਹਿਬ ਦਾ ਪਤਲੇ ਚਿਠੀ ਪਤ੍ਰ ਦੇ ਕਾਗ਼ਜ਼ਪੁਰ ਲਿਖਿਆ ਸੀ,ਉਹ ਲੇਈ ਨਾਲ ਜੋੜ ਦਿੱਤਾ।

(ਅ) 'ਰਾਗਾਂ ਦੇ ਤਤਕਰੇ' ਵਿਚ ਛੇਕੜਲੀਆਂ ਪ੍ਰਤੀਕਾਂ (ਜੋ ਫੇਰ 'ਸ਼ਬਦਾਂ ਦੇ ਤਤਕਰੇ' ਵਿਚ ਨਹੀਂ ਦੁਹਰਾਈਆਂ) ਏਸ ਤਰ੍ਹਾਂ ਪੁਰ ਦਿਤੀਆਂ ਹਨ :–

"੫੪੭ ਰਾਗ ਪ੍ਰਭਾਤੀ।

ਸਲੋਕ ਸਹਸਕ੍ਰਿਤ। ਗਾਥਾ। ਫੁਨਹੇ। ਚਉਬੋਲੇ।



Sri Satguru Jagjit Singh Ji Elibrary NamdhariElibrary@gmail.com

No. 1



Guru Arjandev's autograph in Beera Sandhoo's bir
Traced by G.B.S.

Sri Satguru Jagjit Singh Ji Elibrary NamdhariElibrary@gmail.com

੫੬੭ ਸ਼ਲੋਕ ਵਾਰਾਂ ਤੇ ਵਧੀਕ।
ਸ਼ਲੋਕ ਕਬੀਰ ਜੀਓਕੇ। ਸਲੋਕ ਸੇਖ ਫ਼ਰੀਦ ਕੇ।
ਸਵਯੇ ਸ੍ਰੀ ਮੁਖਵਾਕ ਮਹਲਾ ੫।
੫੭੮ ਸਵੈਯੇ ਭਟਾਂ ਕੇ।
(ਏਥੇ ਇਕ ਸਤਰ ਕੋਰੀ ਛਡੀ ਹੈ)।
੫੮੮ ਚਲਿਤ੍ਰ ਜੋਤੀਜੋਤ ਸਮਾਵਣ ਕੇ।
੫੮੭ ਬਸੰਤ ਕੀ ਵਾਰ॥"

ਇਹ ਪ੍ਰਤੀਕਾਂ ਸਭ ਦੀਆਂ ਸਭ ਬੂੜੇ ਸੰਧੂ ਦੇ ਹਥ ਦੀਆਂ ਲਿਖੀਆਂ ਹਨ। ਆਪ ਵੇਖੋਗੇ ਕਿ 'ਮੁੰਦਾਵਣੀ', ਅਤੇ 'ਰਾਗਮਾਲਾ' ਜਾਂ ਹੋਰ ਕਿਸੇ ਫ਼ਾਲਤੂ ਬਾਣੀ ਦੀਆਂ ਪ੍ਰਤੀਕਾਂ ਨਹੀਂ ਦਿਤੀਆਂ। ਛਪੇ ਹੋਏ ਗ੍ਰੰਥ ਸਾਹਿਬ ਨਾਲ ਟਾਕਰਾ ਕਰੀਏ, ਤਦ ਪਤਾ ਲਗਦਾ ਹੈ ਕਿ ਏਥੇ ਭੋਗ ਦੀ ਬਾਣੀ' ਦੀ ਤਰਤੀਬ ਵਖਰੀ ਹੈ ਅਤੇ ਬਧੇ ਹੋਏ ਨਿਯਮਾਂ ਦੇ ਵਧੀਕ ਅਨੁਸਾਰ ਹੈ। 'ਸਲੋਕ ਵਾਰਾਂ ਤੇ ਵਧੀਕ', ਗੁਰੂ ਸਾਹਿਬਾਨ ਦੀ ਆਪਣੀ ਰਚਨਾ ਹੈ, ਉਹਨਾਂ ਨੂੰ 'ਭੱਟਾਂ ਦੇ ਸਵੈਯਾਂ' ਤੋਂ ਪਹਿਲੇ ਦਿਤਾ ਹੈ ਅਤੇ ਇਹ ਅਵੱਸ਼ਜ ਕਬੀਰ ਅਤੇ ਫ਼ਰੀਦ ਦੇ ਸਲੋਕਾਂ ਤੋਂ ਵੀ ਪਹਿਲੇ ਹਨ, ਜੈਸਾ ਕਿ ਹੋਣੇ ਚਾਹੀਦੇ ਸਨ॥ 'ਭੱਟਾਂ ਦੇ ਸਵੈਯੇ' 'ਭੋਗ ਦੀ ਬਾਣੀ' ਦਾ ਅੰਤ ਹਨ, ਜੋ ਉਹਨਾਂ ਲਈ ਮੁਨਾਸਬ ਥਾਂ ਹੈ। ਜਿਹੜੇ ਨਿਯਮ ਬਾਣੀ ਨੂੰ ਗ੍ਰੰਥ ਸਾਹਿਬ ਦੇ ਅੰਦਰ ਦੇਣ ਵਿਚ ਵਰਤੇ ਗਏ ਹਨ, ਉਹ ਏਸ ਵਾਧੂ ਭਾਗ (ਖਿਲ) ਜਾਂ 'ਭੋਗ ਦੀ ਬਾਣੀ' ਵਿਚ ਵਰਤੇ ਹਨ॥

ਹਥ ਦੀਆਂ ਲਿਖੀਆਂ ਹੋਰ ਬੀੜਾਂ, ਜੋ ਪਿਛੋਂ ਦੀਆਂ ਹਨ, ਉਹਨਾਂ ਵਿਚ ਏਸ 'ਭੋਗ ਦੀ ਬਾਣੀ' ਦੀ ਅੰਦਰਲੀ ਤਰਤੀਬ ਵਿਚ ਬੜਾ ਫ਼ਰਕ ਹੈ। ਕਿਸੇ ਕਿਸੇ ਵਿਚ ਕਬੀਰ ਅਤੇ ਫ਼ਰੀਦ ਦੇ ਸ਼ਲੋਕ ਅਖ਼ੀਰ ਆਉਂਦੇ ਹਨ। ਕਿਸੇ ਵਿਚ ਗੁਰੂ ਸਾਹਿਬਾਨ ਦੇ ਰਚੇ 'ਸ਼ਲੋਕ ਵਾਰਾਂ ਤੇ ਵਧੀਕ' ਪਹਿਲੇ ਰਖਕੇ ਪਿਛੋਂ ਖ਼ਾਸ ਕਿਸਮ ਦੀਆਂ ਰਚਨਾਵਾਂ ਸ਼ਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ ਅਤੇ ਸਵੈਯੇ ਭੱਟਾਂ ਦੇ



Sri Satguru Jagjit Singh Ji Elibrary NamdhariElibrary@gmail.com

ਦੇ ਕੇ ਫੇਰ ਪੁਰ ਕਬੀਰ ਤੇ ਫ਼ਰੀਦ ਦੇ ਸ਼ਲੋਕ ਹਨ। ਅਤੇ ਇਹ ਤਰਤੀਬ ਵੀ ਗ੍ਰੰਥ ਸਾਹਿਬ ਦੇ ਅੰਦਰ ਵਰਤੀ ਤਰਤੀਬ ਦੇ ਅਨੁਸਾਰ ਹੈ। ਪਰ ਇਸ ਕਰਕੇ ਜੋ ਬੂੜੇ ਸੰਧੂ ਵਾਲੀ ਬੀੜ, ਭਾਈ ਗੁਰਦਾਸ ਵਾਲੀ ਆਦਿ 'ਬੀੜ' ਤੋਂ ਸਿਧੀ ਨਕਲ ਕੀਤੀ ਗਈ ਸੀ, ਅਤੇ ਉਹ ਭੀ ਗੁਰੂ ਅਰਜਨ ਦੇਵ ਦੇ ਸਾਹਮਣੇ, ਅਸੀਂ ਮਨ ਲਵਾਂਗੇ ਕਿ 'ਭੋਗ ਦੀ ਬਾਣੀ' ਦੀ ਜੋ ਤਰਤੀਬ ਬੂੜੇ ਸੰਧੂ ਵਾਲੀ ਬੀੜ ਵਿਚ ਹੈ, ਉਹੋ 'ਆਦਿ-ਬੀੜ' ਵਿਚ ਸੀ॥

(੫) 'ਬਸੰਤ ਕੀ ਵਾਰ' ਰਾਗ ਬਸੰਤ ਹੇਠਾਂ ਨਹੀਂ ਦਿਤੀ ਸੀ। ਹੋਰ ਕਿਤਨੀਆਂ ਹੀ ਪੁਰਾਤਨ ਬੀੜਾਂ ਵਿਚ ਵੀ ਇਹ ਬਸੰਤ ਕੀ ਵਾਰ ਫ਼ਾਲਤੂ ਬਾਣੀਆਂ ਵਿਚ ਦਿਤੀ ਹੁੰਦੀ ਹੈ, ਅੰਦਰ ਗ੍ਰੰਥ ਸਾਹਿਬ ਦੇ ਨਹੀਂ। ਜਿਸ ਤਰ੍ਹਾਂ ਕਿ ਉਪਰ ਦਸਿਆ ਹੈ, ਇਸ ਵਾਰ ਦੇ ਨਾਮੁਕੰਮਲ ਰਹਿਣ ਦਾ ਕਾਰਨ ਇਹ ਬਣਿਆਂ ਸੀ ਕਿ ਜਿਸ ਵੇਲੇ ਗੁਰੂ ਸਾਹਿਬ ਇਹ ਰਚ ਰਹੇ ਸਨ ਤਦ ਲਾਂਗਰੀ ਪ੍ਰਸ਼ਾਦ ਤਿਆਰ ਕਰਕੇ ਲੈ ਆਇਆ ਅਤੇ ਗੁਰੂ ਸਾਹਿਬ ਇਹ ਕੰਮ ਵਿਚੇ ਛਡ ਕੇ ਉਠ ਬੈਠੇ। ਜੇ ਕਰ ਇਹ ਵਾਰ ਪੰਝੀ ਜਾਂ ਤੀਹ ਪਉੜੀਆਂ ਦੀ ਬਣ ਜਾਂਦੀ ਤਦ ਸ਼ਾਇਦ 'ਸ਼ਲੋਕ ਵਾਰਾਂ ਤੋਂ ਵਧੀਕ' ਵਿਚੋਂ ਕੁਝ ਪੰਜਾਹ-ਸਠ ਸਲੋਕ ਏਸ ਵਾਰ ਵਿਚ ਪਰੋ ਦਿਤੇ ਜਾਂਦੇ, ਅਤੇ 'ਭੋਗ ਦੀ ਬਾਣੀ' ਉਤਨੀ ਹੀ ਘਟ ਜਾਂਦੀ।

ਏਸੇ ਤਰ੍ਹਾਂ 'ਆਦਿ-ਬੀੜ' ਦੇ ਅੰਤ ਪੁਰ ਪਹਿਲੇ ਚਾਰ ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਥਿਤਾਂ ਦਰਜ ਸਨ, ਜੋ ਭਾਈ ਬੂੜੇ ਨੇ ਜਿਉਂ ਦੀਆਂ ਤਿਉਂ ਨਕਲ ਕਰ ਲਈਆਂ।

(੬) ਸ਼ਬਦਾਂ ਦੇ ਤਤਕਰੇ ਵਿਚ ਪ੍ਰਭਾਤੀ ਰਾਗ ਦੇ ਸ਼ਬਦਾਂ ਦੀਆਂ ਪ੍ਰਤੀਕਾਂ ਦੇ ਕੇ ੧੯ਵੇਂ ਪਤਰੇ ਪੁਰ '੧ ਓ ਸਤਿਗੁਰ ਪ੍ਰਸਾਦਿ' ਲਿਖ ਕੇ ਭੋਗ ਦੀ ਬਾਣੀਆਂ ਦੀਆਂ ਪ੍ਰਤੀਕਾਂ ਲਿਖਣੀਆਂ ਚਾਹੀਆਂ ਸਨ, ਪਰ ਇਸ ਕਰ ਕੇ ਕਿ ਇਹ ਸਭ ਪਹਿਲਾਂ ਹੀ ਰਾਗਾਂ ਦੇ ਤਤਕਰੇ ਵਿਚ ਆ ਚੁਕੀਆਂ ਸਨ, ਇਹ ਖ਼ਿਆਲ ਛਡ ਦਿਤਾ, ਅਤੇ



Sri Satguru Jagjit Singh Ji Elibrary NamdhariElibrary@gmail.com

ਦੋ ਵਰਕੇ ਕੋਰੇ ਹੀ ਰਹਿ ਗਏ, ਭਾਵੇਂ ਉਹਨਾਂ ਉਪਰ ਤਤਕਰੇ ਲਿਖਣ ਵਾਸਤੇ ਸਿਆਹੀ ਦੀਆਂ ਲੀਕਾਂ ਖਿਚੀਆਂ ਹਨ।

(੭) ਤਤਕਰਿਆਂ ਤੋਂ ਪਿਛੋ ਗ੍ਰੰਥ ਸਾਹਿਬ ਸ਼ੁਰੂ ਹੁੰਦਾ ਹੈ ਅਤੇ ਮੂਲ ਮੰਤਰ ਤੇ ਜਪੁ ਜੀ ਤੋਂ ਲੈ ਕੇ 'ਭੱਟਾਂ ਦੇ ਸਵੈਯਾਂ ਦੀ ਛੇਕੜਲੀ ਪਾਲ:

ਛਤ੍ਰ ਸਿੰਘਾਸਨ ਪਿਰਥਮੀ ਗੁਰੂ ਅਰਜਨ ਕਉ ਦੇ ਆਇਓ।

ਤਕ ਬੂੜੇ ਸੰਧੂ ਦੇ ਹਥ ਦਾ ਲਿਖਿਆ ਹੈ।

(੮) ਮੁੰਦਾਵਣੀ ਵਾਲਾ ਦੂਜਾ ਸ਼ਲੋਕ:—'ਤੇਰਾ ਕੀਤਾ ਜਾਤੋ ਨਾਹੀਂ', 'ਭੋਗ ਦੀ ਬਾਣੀ' ਦੇ ਵਿਚਾਲੇ ਆਪਣੀ ਠੀਕ ਥਾਂ ਪੁਰ, ਅਰਥਾਤ 'ਸ਼ਲੋਕ ਵਾਰਾਂ ਤੇ ਵਧੀਕ' ਦੇ ਅੰਤ ਪੁਰ ਹੋਰਨਾਂ ਸਲੋਕਾਂ ਨਾਲ ਮਿਲਾ ਕੇ ਦਿਤਾ ਹੈ, ਅਤੇ ਉਸ ਦੇ ਪਿਛੋਂ 'ਮੁੰਦਾਵਣੀ' ਦਾ ਨਵਾਂ ਸਿਰਨਾਵਾਂ ਦੇ ਕੇ 'ਥਾਲ ਵਿਚ ਤਿਨ ਵਸਤੂ ਪਈਓ' ਵਾਲਾ ਸ਼ਲੋਕ ਲਿਖਿਆ ਹੈ। ਉਸ ਤੋਂ ਪਿਛੋਂ ਸਲੋਕ ਕਬੀਰ ਤੇ ਸਲੋਕ ਫ਼ਰੀਦ ਦੇ ਕੇ ਫੇਰ ਸਵੈਯੇ ਆਏ ਹਨ ਪਤਰੇ ੫੭੨ ਪੁਰ॥

ਕੋਈ 'ਮੁੰਦਾਵਣੀ' ਜਾਂ ਉਸ ਦਾ ਪਹਿਲਾ ਤੇ ਪਿਛਲਾ ਸ਼ਲੋਕ ਗ੍ਰੰਥ ਸਾਹਿਬ ਦੇ ਅੰਤ ਪੁਰ ਨਹੀਂ ਦਿਤੇ, ਭਾਵੇਂ ਉਹਨਾਂ ਦੇ ਲਿਖਣ ਵਾਸਤੇ ਕਾਫ਼ੀ ਥਾਂ ਪਈ ਸੀ ਅਤੇ ਲਿਖਾਰੀ ਜੇ ਚਾਹੁੰਦਾ ਤਾਂ ਖ਼ੁਸ਼ੀ ਨਾਲ ਲਿਖ ਸਕਦਾ ਸੀ।

(੯) ਗ੍ਰੰਥ ਸਾਹਿਬ ਦੇ ਅੰਦਰ ਕਿਸੇ ਵਾਰ ਦੇ ਸਿਰ ਪੁਰ ਧੁਨੀ ਨਹੀਂ ਦਿਤੀ ਗਈ। ਰਾਗ ਸਾਰੰਗ ਹੇਠਾਂ ਨਾ ਸੂਰਦਾਸ ਦਾ ਇਹ ਸਾਰਾ ਸ਼ਬਦ:—

'ਛਾਡ ਮਨ ਹਰ ਬੇਮੁਖਨ ਕੋ ਸੰਗ।'

ਅਤੇ ਨਾ ਹੀ ਇਹ ਪਹਿਲੀ ਤੁਕ ਉਸ ਦੀ ਦਿਤੀ ਹੈ। ਏਸੇ ਤਰ੍ਹਾਂ ਰਾਗ ਮਾਰੂ ਹੇਠਾਂ ਮੀਰਾਂ ਬਾਈ ਦਾ ਸ਼ਬਦ ਵੀ ਨਹੀਂ। ਨਾਵੇਂ ਗੁਰੂ ਦੀ ਬਾਣੀ ਹੋਣੀ ਹੀ ਨਹੀਂ ਸੀ, ਪਰ ਪਿਛੋਂ ਵੀ ਕਿਸੇ ਨੇ ਕਿਤੇ ਵਿਚ-



Sri Satguru Jagjit Singh Ji Elibrary NamdhariElibrary@gmail.com

ਕਾਰ ਜਾਂ ਇਕੱਠੀ ਛੇਕੜ ਤੇ ਨਹੀਂ ਚੜ੍ਹਾਈ॥

(੧੦) ਨਿੱਤਨੇਮ ਦੀ ਬਾਣੀ ਵਿਚ ਜਪੁ ਜੀ ਦੇ ਛੇਕੜਲੇ ਸ਼ਲੋਕਾਂ ਬਾਬਤ ਇਹ ਵੇਰਵਾ ਨਹੀਂ ਦਿਤਾ ਕਿ ਇਹ ਦੂਸਰੇ ਗੁਰੂ ਦੀ ਰਚਨਾ ਹਨ।

ਰਹਿਰਾਸ ਵਿਚ 'ਸੋ ਪੁਰਖ' ਵਾਲੇ ਚਾਰੇ ਸ਼ਬਦ ਜਿਨ੍ਹਾਂ ਦੇ ਪਹਿਲੇ ਅਖਰ ਹਨ :-'ਸੋ ਪੁਰਖ,' 'ਤੂੰ ਕਰਤਾ'; 'ਤਿਤੁ ਸਰਵਰੜੈ'; 'ਭਈ ਪ੍ਰਾਪਤ' ਇਹ ਚਾਰੇ ਸ਼ਬਦ ਮੌਜੂਦ ਹਨ। ਪਹਿਲੇ ਦੋ ਚਉਥੇ ਗੁਰੂ ਦੇ, ਤੀਜਾ ਪਹਿਲੇ ਗੁਰੂ ਦਾ ਅਤੇ ਚਉਥਾ ਸ਼ਬਦ ਪੰਜਵੇਂ ਗੁਰੂ ਦਾ ਹੈ, ਅਤੇ ਇਹ ਸਾਰੇ ਗ੍ਰੰਥ ਸਾਹਿਬ ਦੇ ਅੰਦਰ ਰਾਗਾਂ ਹੇਠਾਂ ਦਿਤੇ ਹਨ। 'ਆਦਿ-ਬੀੜ' ਤੋਂ ਸਿਧੇ ਹੋਏ ਹੋਰ ਉਤਾਰਿਆਂ ਵਿਚ ਇਹ ਸ਼ਬਦ ਨਹੀਂ ਦਿਤੇ ਹੋਏ; ਜਿਸ ਤਰ੍ਹਾਂ ਭਾਈ ਬਨੋਂ ਵਾਲੀ ਬੀੜ ਅਤੇ ਉਸ ਤੋਂ ਹੋਏ ਉਤਾਰਿਆਂ, ਕਰਤਾਰਪੁਰ ਵਾਲੀ ਬੀੜ ਆਦਿ, ਵਿਚ ਅਤੇ ਏਸੇ ਤਰ੍ਹਾਂ ਸੰਮਤ ੧੭੧੯ ਦੀ ਬੀੜ ਵਿਚ ਇਹ ਚਾਰ ਸ਼ਬਦ ਨਹੀਂ ਆਏ। ਜ਼ਾਹਿਰ ਹੈ ਕਿ 'ਆਦਿ-ਬੀੜ' ਵਿਚ ਇਹ ਨਹੀਂ ਸਨ, ਅਤੇ ਰਹਿਰਾਸ ਵਾਲਾ ਭਾਗ ਉਸ ਬੀੜ ਵਿਚ ਕਿਸੇ ਪੁਰਾਣੇ ਗੁਟਕੇ ਤੋਂ ਨਕਲ ਕੀਤਾ ਗਿਆ ਸੀ, ਜਿਸ ਵਿਚ ਇਹ ਸ਼ਬਦ ਦਰਜ ਨਹੀਂ ਸਨ, ਭਾਵੇਂ 'ਰਹਿਰਾਸ' ਦਾ ਹਿੱਸਾ ਬਣ ਚੁਕੇ ਹੋਏ ਸਨ। 'ਆਦਿ-ਬੀੜ' ਤਿਆਰ ਹੋ ਚੁਕਨ ਦੇ ਪਿਛੋਂ ਉਹ ਰਹਿ ਗਏ ਨਜ਼ਰ ਆਏ, ਜਿਸ ਤੇ ਬੂੜੇ ਸੰਧੂ ਨੇ ਬਹੁਤ ਕਰ ਕੇ ਗੁਰੂ ਜੀ ਦੀ ਆਗਿਆ ਨਾਲ ਆਪਣੀ ਬੀੜ ਵਿਚ ਦਰਜ ਕਰ ਦਿਤੇ।

(੧੧) ਅਸੀਂ ਉਪਰ ਕਹਿ ਆਏ ਹਾਂ ਕਿ ਭਗਤਾਂ ਦੀ ਬਾਣੀ ਦੀ ਆਪਣੀ ਅੰਦਰਲੀ ਤਰਤੀਬ ਵਿਚ, ਅਤੇ ਇਕ ਦੋ ਜਗ੍ਹਾ ਖ਼ੁਦ ਗੁਰਬਾਣੀ ਵਿਚ ਵੀ ਅਗੇਤੜ ਪਛੇਤੜ ਹੋ ਗਿਆ ਹੈ, ਜੋ ਤਰਤੀਬ ਦੇਣ ਲਈ ਪਰਚੱਲਤ ਨਿਯਮਾਂ ਦੇ ਵਿਰੁਧ ਹੈ। ਏਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਖੁਲ੍ਹੇ ਪਤਰੇ, ਜਿਨ੍ਹਾਂ ਪੁਰ ਇਹ ਬਾਣੀ ਲਿਖੀ



Sri Satguru Jagjit Singh Ji Elibrary NamdhariElibrary@gmail.com

ਹੁੰਦੀ ਸੀ, ਨਕਲ ਕਰਦੇ ਸਮੇਂ ਭਾਈ ਗੁਰਦਾਸ ਤੋਂ ਹੇਠਾਂ ਉਪਰ ਹੋ ਗਏ। ਪਰ ਬੁੜੇ ਸੰਧੂ ਵਾਲੀ ਬੀੜ ਵਿਚ ਇਹਨਾਂ ਵਿਚੋਂ ਕੁਝ ਗ਼ਲਤੀਆਂ ਦਰੁਸਤ ਹੋਈਆਂ ਮਿਲਦੀਆਂ ਹਨ।' ਜੇ ਇਹ ਗ਼ਲਤੀਆਂ 'ਆਦਿ-ਬੀੜ' ਵਿਚ ਸਨ, ਤਦ ਇਹ ਦਰੁਸਤੀਆਂ ਬੁੜੇ ਸੰਧੂ ਨੇ ਆਪ ਕੀਤੀਆਂ। ਅਤੇ ਜੇ ਇਹ ਗ਼ਲਤੀਆਂ 'ਆਦਿ-ਬੀੜ' ਵਿਚ ਨਹੀਂ ਸਨ, ਤਦ ਉਹਨਾਂ ਪੁਰਾਤਨ ਬੀੜਾਂ ਦੇ ਲਿਖਣ ਵਾਲਿਆਂ ਕੀਤੀਆਂ, ਜਿਨ੍ਹਾਂ ਵਿਚ ਇਹ ਗ਼ਲਤੀਆਂ ਹੋਈਆਂ ਮਿਲਦੀਆਂ ਹਨ। ਅਸੀਂ ਇਹ ਪਿਛਲੀ ਗਲ ਠੀਕ ਮਨ ਲਵਾਂਗੇ, ਕਿਉਂਕਿ ਜਦ ਨਕਲ ਕਰਦੇ ਸਮੇਂ ਲਿਖਾਰੀ ਕੋਲੋਂ ਕੋਈ ਸ਼ਬਦ ਨਕਲ ਕਰਨੋਂ ਰਹਿ ਗਿਆ, ਅਤੇ ਇਹ ਗ਼ਲਤੀ ਝਬਦੇ ਹੀ ਮਾਲੂਮ ਹੋ ਗਈ, ਤਦ ਰਿਹਾ ਹੋਇਆ ਸ਼ਬਦ ਪਿਛੋਂ ਲਿਖ ਦਿਤਾ ਹੈ। ਕੁਝ ਮਿਸਾਲਾਂ ਅਸੀਂ ਹੇਠਾਂ ਦੇਂਦੇ ਹਾਂ :–

| ਛਾਪੇ ਦੀ ਸਫ਼ਰੀ ਜਿਲਦ ਵਿਚੋਂ | ਬੁੜੇ ਸੰਧੂ ਵਾਲੀ ਲਿਖਤੀ ਬੀੜ ਵਿਚੋਂ |
|---|---|
| ਸ੍ਰੀ ਰਾਗ ਦੇ ਸ਼ਬਦ :– 'ਕਬੀਰ ਦਾ ੧, ਤ੍ਰਿਲੋਚਨ ੧, ਕਬੀਰ ੧, ਬੇਣੀ ੧, ਅਤੇ ਰਵਿਦਾਸ ੧ ॥ ਸਾਰੇ ੫ ॥ | ਕਬੀਰ ੧, ਤ੍ਰਿਲੋਚਨ ੧, ਕਬੀਰ ੧, ਬੇਣੀ ੧, ਰਵਿਦਾਸ ੧ ॥ ਸਾਰੇ ੫ ॥ ਇਥੇ ਤਰਤੀਬ ਤਾਂ ਇਕੋ ਹੈ ਅਤੇ ਗਿਣਤੀ ਭੀ, ਪਰ ਪਹਿਲੇ ਦੋ ਸ਼ਬਦਾਂ ਵਿਚ ਮਜ਼ਮੂਨ ਦੀ ਸਾਂਝ ਹੈ ਅਤੇ ਕਬੀਰ ਦੇ ਦੋ ਸ਼ਬਦਾਂ ਨੂੰ ਜਾਣ ਬੁਝਕੇ ਨਿਖੇੜਿਆ ਗਿਆ ਹੈ॥ |
| ਮਾਰੂ ਰਾਗ ਦੇ ਸ਼ਬਦ :– ਕਬੀਰ ੧੦, ਨਾਮਦੇਵ ੧, ਕਬੀਰ ੧, ਜੈਦੇਵ ੧, ਕਬੀਰ ੧, ਰਵਿਦਾਸ ੨ ॥ ਸਾਰੇ ੧੬ ॥ | ਕਬੀਰ ੧੧, ਨਾਮਦੇਵ ੧, ਜੈਦੇਵ ੧, ਰਵਿਦਾਸ ੧ ॥ ਸਾਰੇ ੧੪ ॥ |



Sri Satguru Jagjit Singh Ji Elibrary NamdhariElibrary@gmail.com

ਕਬੀਰ ਦੇ ਦੋ ਸ਼ਲੋਕਾਂ ਨੂੰ ਇਕ ਗਿਣਿਆਂ ਹੈ, ਪਰ ਰਵਿਦਾਸ ਦਾ ਇਕ ਸ਼ਬਦ ਘਟ ਹੈ, ਨਹੀਂ ਦਿਤਾ।

ਭੈਰੋਂ ਰਾਗ ਦੇ ਸ਼ਬਦ :–

ਕਬੀਰ ੨੦, ਨਾਮਦੇਵ ੧੧ ਰਵਿਦਾਸ ੧, ਨਾਮਦੇਵ ੧ ॥ ਸਾਰੇ ੩੩ ॥

ਕਬੀਰ ੨੦, ਨਾਮਦੇਵ ੧੨, ਰਵਿਦਾਸ ੧, ਨਾਮਦੇਵ ੧ ॥ ਸਾਰੇ ੩੪ ॥

ਨਾਮਦੇਵ ਦਾ ਇਕ ਵਧ ਹੈ, ਪਹਿਲੀ ਸ੍ਰੇਣੀ ਵਿਚੋਂ ਬਾਹਰਵੇਂ ਸ਼ਬਦ ਦੀ ਪਹਿਲੀ ਤੁਕ ਇਹ ਹੈ :–

'ਜਉ ਗੁਰ ਦੇਉ ਤਾਂ ਮਿਲੇ ਮੁਰਾਰ ॥'

ਬਸੰਤ ਰਾਗ ਦੇ ਸ਼ਬਦ :–

ਕਬੀਰ ੭, ਰਾਮਾਨੰਦ ੧, ਨਾਮਦੇਵ ੩, ਰਵਿਦਾਸ ੧ ਅਤੇ ਫੇਰ ਕਬੀਰ ੧ ॥ ਸਾਰੇ ੧੩ ॥

ਕਬੀਰ ੮; ਰਾਮਾਨੰਦ ੧; ਨਾਮਦੇਵ ੩; ਰਵਿਦਾਸ ੧ ॥ ਸਾਰੇ ੧੩ ॥

ਕਬੀਰ ਦੇ ਪਹਿਲੇ ੭ ਤੇ ਪਿਛਲਾ ੧ ਇਕੱਠੇ ਕਰ ਦਿਤੇ ਹਨ ॥

ਸਾਰੰਗ ਰਾਗ ਦੇ ਸ਼ਬਦ :–

ਕਬੀਰ ੨; ਨਾਮਦੇਵ ੩; ਪਰਮਾਨੰਦ ੧; ਸੂਰਦਾਸ ੧ ਤੇ ਇਕ ਤੁਕ, ਅਤੇ ਫੇਰ ਕਬੀਰ ੧ ॥ ਸਾਰੇ ੯ ॥

[ਸੂਰਦਾਸ ਦੇ ਪਹਿਲੇ ਸ਼ਬਦ ਦੀ

ਕਬੀਰ ੩; ਨਾਮਦੇਵ ੩; ਪਰਮਾਨੰਦ ੧; ਸੂਰਦਾਸ ੧ ॥ ਸਾਰੇ ੮ ॥

ਕਬੀਰ ਦੇ ਤਿੰਨੇ ਸ਼ਬਦ ਇਕੱਠੇ ਕਰ ਦਿਤੇ ਹਨ । ਗਿਣਤੀ ਇੱਕ



Sri Satguru Jagjit Singh Ji Elibrary NamdhariElibrary@gmail.com

ਇਕੱਲੀ ਪਹਿਲੀ ਤੁਕ, ਕਰਤਾਰਪੁਰ ਵਾਲੀ ਬੀੜ ਦੀ ਨਕਲ ਵਿਚ ਦਿਤੀ ਹੈ। ਸਾਰੀ ਗਿਨਤੀ ਸੂਰਦਾਸ ਦੇ ਪਿਛੇ '੮' ਕੀਤੀ ਹੈ (ਅਤੇ ਕਬੀਰ ਦੇ ਪਿਛੇ ੯) ਜੋ ਕਰਤਾਰਪੁਰ ਵਾਲੀ ਬੀੜ ਦੀ ਨਕਲ ਹੈ। ਗੋਇਆ ਕਰਤਾਰਪੁਰ ਵਾਲੀ ਬੀੜ ਵਿਚ ਉਹ ਸ਼ਬਦ ਸੂਰਦਾਸ ਦਾ, ਜਿਸ ਪੁਰ ਪਿਛੋਂ ਹੜਤਾਲ ਫੇਰੀ ਗਈ ਹੈ, ਅਤੇ ਇਕ ਤੁਕ (ਪਹਿਲੀ) ਹੜਤਾਲ ਤੋਂ ਬਚ ਗਈ ਹੈ, ਉਹ ਗਿਨਤੀ ਵਿਚ ਆ ਚੁਕਾ ਸੀ। ਤਤਕਰੇ ਵਿਚ ਪ੍ਰਤੀਕ ਭੀ ਏਸ ਸ਼ਬਦ ਦੀ ਦਿਤੀ ਹੈ।

ਪਰਮਾਨੰਦ ਦੇ ਸ਼ਬਦ ਅਤੇ ਸੂਰਦਾਸ ਦੀ ਵਾਧੂ ਤੁਕ ਦੇ ਵਿਚਾਲੇ, ਭਗਤ ਸੂਰਦਾਸ ਦਾ ਨਾਮ ਨਹੀਂ ਦਿਤਾ, ਦੋਨੋਂ ਸ਼ਬਦ ਨਾਲ ਮੇਲਕੇ ਹੀ ਲਿਖੇ ਹੋਏ ਹਨ।

ਘਟ ਹੈ, ਕਿਉਂਕਿ 'ਆਦਿ-ਬੀੜ' ਵਿਚ ਸੂਰਦਾਸ ਦਾ ਇੱਕੋ ਸ਼ਬਦ ਸੀ। ਵਾਧੂ ਸ਼ਬਦ ਦੀ ਪਹਿਲੀ ਪਾਲ, ਅਤੇ ਉਸ ਸ਼ਬਦ ਦੀ ਪ੍ਰਤੀਕ ਤਤਕਰੇ ਵਿਚ ਵੀ ਨਹੀਂ ਸੀ। ਕਰਤਾਰਪੁਰ ਵਾਲੀ ਬੀੜ ਦੇ ਉਤਾਰੇ ਕਰਨ ਵਾਲੇ ਨੇ, ਸੂਰਦਾਸ ਵਾਲਾ ਵਾਧੂ ਸ਼ਬਦ ਬਨੋਂ ਵਾਲੀ ਬੀੜ ਦੀ ਕਿਸੇ ਨਕਲ ਤੋਂ ਨਕਲ ਕਰ ਲਿਆ। ਪਿਛੋਂ ਜਦ ਏਸ ਬੀੜ ਨੂੰ ਭਾਈ ਗੁਰਦਾਸ ਵਾਲੀ 'ਆਦਿ-ਬੀੜ' ਮਸ਼ਹੂਰ ਕਰਨਾ ਚਾਹਿਆ, ਉਸ ਸ਼ਬਦ ਪੁਰ ਹੜਤਾਲ ਫੇਰ ਦਿੱਤੀ, ਪਰ ਪਿੰਜਰ ਤੇ ਲਹੂ-ਲਿਬੜੇ ਕਪੜੇ ਖ਼ੂਨ ਕੀਤੇ ਦਾ ਨਿਸ਼ਾਨ ਦੇਨ ਵਾਲੇ ਪਿਛੇ ਰਹਿ ਗਏ।

---

ਏਸ ਡੇਰੇ ਵਿਚ ਦੋ ਛਾਪੇ ਦੇ ਗ੍ਰੰਥ ਸਾਹਿਬ ਭੀ ਸਨ, ਜਿਨ੍ਹਾਂ ਵਿਚੋਂ ਇਕ 'ਕਰਤਾਰਪੁਰ-ਵਾਲੀ' ਬੀੜ ਨਾਲ ਸੋਧ ਕੇ ਭਾਈ ਜੀਵਨ ਸਿੰਘ ਚਤੁਰ ਸਿੰਘ ਨੇ ਛਪਵਾਇਆ ਹੋਇਆ ਹੈ। ਮੁਕਾਬਲਾ ਕਰਨ ਪੁਰ ਇਹਨਾਂ ਦੋਹਾਂ ਵਿਚ, ਕਬੀਰ ਦਾ ਹੇਠਾਂ ਦਿਤਾ ਸ਼ਬਦ, ਜੋ ਰਾਗ ਮਾਰੂ ਹੇਠਾਂ ਜੈਦੇਵ ਦੇ ਸ਼ਬਦ ਦੇ ਪਿਛੇ ਆਉਂਦਾ ਹੈ, ਮੇਰੀ ਨਜ਼ਰੇ ਨਹੀਂ ਚੜ੍ਹਿਆ:—



Sri Satguru Jagjit Singh Ji Elibrary NamdhariElibrary@gmail.com

"ਰਾਮ ਸਿਮਰ ਪਛੁਤਾਹਿਗਾ ਮਨ।......................

ਕਹਤ ਕਬੀਰ ਸੁਨਹੁ ਰੇ ਸੰਤਹੁ, ਸਾਧ ਸੰਗਤਿ ਤਰਿ ਜਾਹਿਗਾ॥"

ਸ਼ਾਇਦ ਕਿਸੇ ਹੋਰ ਰਾਗ ਵਿਚ ਦਰਜ ਹੋਵੇ। ਸਫ਼ਰੀ ਜਿਲਦ ਵਿਚ ਵੀ ਰਾਗ ਮਾਰੂ ਵਿਚ ਨਹੀਂ॥

(੧੨) ਰਾਗ ਮਾਰੂ ਹੇਠਾਂ ਜੋ ਰਵਿਦਾਸ ਦਾ ਇਕ ਸ਼ਬਦ ਏਸ ਬੀੜ ਵਿਚ ਨਹੀਂ, ਉਹ ਮਾਮੂਲੀ ਛਾਪੇ ਦੇ ਗ੍ਰੰਥ ਸਾਹਿਬਾਂ ਵਿਚ ਇਉਂ ਦਿਤਾ ਹੁੰਦਾ ਹੈ:—

ਮਾਰੂ॥ ਸੁਖ-ਸਾਗਰ, ਸੁਰਿ ਤੁਰ, ਚਿੰਤਾ ਮਨਿ, ਕਾਮਧੇਨ ਬਸਿ ਜਾਕੇ ਰੇ। ਚਾਰ ਪਦਾਰਥ, ਅਸ਼ਟ ਮਹਾਸਿਧਿ, ਨਵਨਿਧਿ, ਕਰਤਲ ਤਾਂ ਕੇ॥ ੧॥ ਹਰਿ ਹਰਿ ਹਰਿ ਨ ਜਪਸਿ ਰਸਨਾ। ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ॥ ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ* ਅਛਰ ਮਾਹੀ। ਬਿਆਸ ਬਿਚਾਰ ਰਹਿਓ ਪਰਮਾਰਥ ਰਾਮ ਨਾਮ ਸਰਿ ਨਾਹੀ॥ ੨॥ ਸਹਿਜ ਸਮਾਧ, ਉਪਾਧਿ ਰਹਿਤ ਹੋਇ ਬਡੇ ਭਾਗ ਲਿਵ ਲਾਗੀ। ਕਹਿ ਰਵਿਦਾਸ, ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ॥ ੩॥ ੨॥ ੧੫॥

ਬੂੜੇ ਸੰਧੂ ਵਾਲੀ ਬੀੜ ਵਿਚ ਕਿਸੇ ਹੋਰ ਰਾਗ ਹੇਠਾਂ ਦਿਤਾ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ; ਟਾਕਰਾ ਕਰਨ ਦੀ ਲੋੜ ਹੈ। ਏਸ ਤੋਂ ਦਿਸਦਾ ਹੈ ਕਿ ਭਗਤ ਬਾਣੀ ਦੀ ਗਿਣਤੀ ਅਤੇ ਤਰਤੀਬ ਦੋਹਾਂ ਵਿਚ ਕਿਤਨਾ ਫ਼ਰਕ ਹੈ, ਨਿਰਾ ਸੂਰਦਾਸ ਦੇ ਇਕ ਫ਼ਾਲਤੂ ਸ਼ਬਦ ਅਤੇ ਮੀਰਾਂਬਾਈ ਦੇ ਸ਼ਬਦ ਪੁਰ ਹੀ ਬਸ ਨਹੀਂ ਹੋ ਜਾਂਦੀ। ਜੇਕਰ ਇਹ ਸ਼ਬਦ ਸਚ ਮੁਚ

* ਏਥੇ ਬਾਵਨ ਦੀ ਥਾਂ ਚਉਤੀਸ ਅਖਰ ਹੀ ਗਿਣੇ ਹਨ। ਜੇ ਕਰ ਗੁਰਮੁਖੀ ਲਿਪੀ ਵਿਚੋਂ 'ੜ' ਛਡ ਦੇਈਏ, ਤਦ ਚਉਤੀਸ ਅਖਰ ਹੀ ਰਹਿ ਜਾਂਦੇ ਹਨ, ਅਤੇ ਰਵਿਦਾਸ ਆਦਿ ਦੀ ਬਾਣੀ ਵਿਚ 'ੜ' ਵਰਤਿਆ ਭੀ ਨਹੀਂ, ਸਭ ਥਾਂ 'ਡ' ਆਇਆ ਹੈ। ਸਵੱਰ ਚਿਨ੍ਹਾਂ ਅਤੇ ਙ ਤੇ ਞ ਨੂੰ ਵੀ ਛਡ ਦਿਤਾ ਹੈ।



Sri Satguru Jagjit Singh Ji Elibrary NamdhariElibrary@gmail.com



ਸੰਨ ੧੭੪੫ ਈਸਵੀ ਦੀ ਇਕ "ਵੇਲਦਾਰ" (Illuminated) ਬੀੜ ਦੇ ਦੋ ਪਤਰੇ

(ਫੋਟੋ : ਜੀ ਐਸ ਸਿੰਘ)

Sri Satguru Jagjit Singh Ji Elibrary NamdhariElibrary@gmail.com

ਬੁੜੇ, ਸੰਧੂ ਵਾਲੀ ਬੀੜ ਵਿਚ ਹੈ ਹੀ ਨਹੀਂ, ਤਦ ਵੀਹ ਵਿਸਵੇ ਆਦਿ-ਬੀੜ' ਵਿਚ ਵੀ ਹੈ ਨਹੀਂ ਸੀ।

(੧੩) ਬੁੜੇ ਸੰਧੂ ਵਾਲੀ ਬੀੜ ਦੇ ਪਿਛੇ ਜੋ ਵਾਧੂ ਚਾਰ ਪਤਰੇ ਲਗਾਕੇ, ਅਤੇ ਇਕ ਪਹਿਲੋਂ ਦੇ ਕੋਰੇ ਰਹੇ ਪੰਜਵੇਂ ਵਰਕੇ ਨਾਲ ਰਲਾਕੇ, ਉਹਨਾਂ ਪੁਰ ਗਿਨਤੀ ਦੇ ਅੰਕ ੫੮੭ ਤੋਂ ੫੯੧ ਤਕ ਦਿਤੇ ਹਨ, ਉਹਨਾਂ ਪੁਰ ਹੇਠ ਲਿਖੀਆਂ ਬਾਣੀਆਂ ਤਰਤੀਬ ਵਾਰ ਦਰਜ ਕੀਤੀਆਂ ਹਨ :–

(ੳ) ਸ਼ਲੋਕ ਮਹਲਾ ੧। "ਜਿਤ ਦਰ ਲਖ ਮੁਹਮਦਾ.............
ਨਾਨਕ ਤਾਕੀ ਕੀਮਤ ਨ ਪਵੈ ਬੇਅੰਤ ਬੇਸ਼ੁਮਾਰ ॥ ੧ ॥
ਇਸ ਕਲਿਓ ਪੰਜ ਭੀਤਿਓ ਕਿਉਂ ਕਰ....................
ਕਰਤਾ ਰਖੇ ਪਤ ॥ ੨ ॥
ਨਾਨਕ ਛਿੰਜ ਪਈ ਦਰਵਜੇ ॥ ੩ ॥"

(ਅ) ਸਲੋਕ ਮਹਲਾ ੧ ॥ "ਬਾਇ ਆਤਿਸ਼ ਆਬ ਖ਼ਾਕ............
ਆਪਿਓ ਹੋਇ ਤਾਂ ਖ਼ੁਰਿਮਰਾਂ ਸਚੁ ਸਦਾ ਬਖਸ਼ੀਦ।"

(ੲ) ਰਾਗ ਰਾਮਕਲੀ ਰਤਨਮਾਲਾ,
"ਆਸਨ ਸਾਧ ਨਿਰਾਲਮ ਰਹੇ......
ਤਾਮਸ ਤਿਸਨਾ ਮਮੈ ਤਿਆਗੀ ਨਾਨਕ ਕਹੇ ਸੋਈ ਬੈਰਾਗੀ ॥੨੫॥
ਰਤਨ ਮਾਲਾ ਸੁਧ ਉਤਾਰ ਕੀਤਾ ਗਿਰੰਥ ਕਾ ਅਖਰੀ ਤੋਰਕੀ ਸੀ ਭੀ* ਅਖਰੀ ਗੁਰਮੁਖੀ ਲਿਖੀ ॥"

(ਸ) ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ।

(ਹ) ਰਾਗ ਮਾਲਾ।

(ਕ) ਸਿਆਹੀ ਕੀ ਬਿਧਿ (ਛੋਟੀ ਚਾਰ 'ਸਤਰਾਂ ਵਾਲੀ)

(ਖ) ਚਲਿਤ੍ਰ ਜੋਤੀ ਜੋਤ ਸਮਾਵਣ ਕੇ ਚਾਰ ਗੁਰੂਆਂ ਦੇ, ਅਤੇ

---

*'ਭੀ' ਡੋਗਰੀ ਬੋਲੀ ਹੈ, ਅਰਥ 'ਫੇਰ'।



Sri Satguru Jagjit Singh Ji Elibrary NamdhariElibrary@gmail.com

ਲਿਖਾਰੀ ਦਾ ਨਾਮ ਤੇ ਗ੍ਰੰਥ ਲਿਖਣ ਦਾ ਸੰਮਤ, ਜੋ ਪੁਰਾਣੇ ਪਤਰੇ ਤੋਂ ਨੱਕਲ ਕੀਤੇ ਹਨ।

ਆਪ ਦੇਖ ਸਕਦੇ ਹੋ ਕਿ ਰਾਗ ਮਾਲਾ ਫ਼ਾਲਤੂ ਬਾਣੀਆਂ ਵਿਚ, ਭੀ ਸਭ ਤੋਂ ਅਖ਼ੀਰ ਰਖੀ ਹੈ। 'ਹਕੀਕਤ ਰਾਹ ਮੁਕਾਮ' ਸੰਨ ੧੬੭੩ ਦੇ ਲਗ ਪਗ ਲਿਖੀ ਗਈ ਸੀ॥

(੧੪) ਅਖਰਾਂ ਦੀਆਂ ਸ਼ਕਲਾਂ ਦਾ ਵੀ ਫ਼ਰਕ ਹੈ। ਸੋ ਏਸ ਬੀੜ ਤੇ ਹੋਰ ਪੁਰਾਤਨ ਬੀੜਾਂ ਤੋਂ ਇੱਕਠੀਆਂ ਕਰ ਕੇ ਇਹ ਪੁਰਾਣੀਆਂ ਸ਼ਕਲੋਂ ਸਾਹਮਣੇ ਦਿਤੀਆਂ ਹਨ। ਬਾਰਾਂ ਵਜੰਜਨ ਅਖਰਾਂ, ਇਕ ਸੂਰ ਅਖਰ, ਪੰਜ ਸੂਰ ਚਿਨ੍ਹਾਂ ਅਤੇ ਸਤ ਹਿੰਦਸਿਆਂ ਦੀ ਸ਼ਕਲਾਂ ਵਿਚ ਫ਼ਰਕ ਹੈ॥

# ੩-ਬੀੜ ਭਾਈ ਬਨੋਂ ਜੀ, ਮਾਂਗਟ।

ਜਦ ਭਾਈ ਗੁਰਦਾਸ ਨੇ ਸਾਰਾ ਗ੍ਰੰਥ ਸਾਹਿਬ ਲਿਖ ਲਿਆ, ਤਦ

ਦੋਹਰਾ॥ ਗੁਰ ਸਿਖ ਬੰਨੋ ਆਯੋ, ਸੰਗਤ ਸਾਥ ਅਪਾਰ।
ਮਾਂਗਟ ਵਾਸੀ ਤਾਹਿ ਕੀ, ਦਰਸ਼ਨ ਗੁਰੂ ਨਿਹਾਰ॥

ਚੌਪਈ॥ ਬੰਨੋ ਕੋ ਨਿਜ ਸਿਖ ਗੁਰ ਜਾਨਾ।
ਸ੍ਰੀ ਗੁਰੂ ਤਾਂਕੋ ਬਚਨ ਬਖਾਨਾ।
ਲਾਹੌਰ ਬੀਚ ਬਨੋਂ ਤੁਮ ਜਾਵੋ।
ਸ੍ਰੀ ਗ੍ਰੰਥ ਕੀ ਜਿਲਤ ਬਨਾਵੋ।
ਕਾਰੀਗਰ ਇਹ ਠਾਂ ਅਬ ਨਾਹੀਂ।
ਸਮਾ ਪਾਇ ਸਭ ਇਹਾਂ ਰਹਾਈਂ।
ਤੁਰਕ ਰਾਜ, ਬਹੁ ਦਿਨ ਨਹੀਂ ਰਹਿਨਾ।
ਜਿਤਕ ਜਰੂਰ ਹੋਇ ਤਿਤ ਰਹਿਨਾ॥



Sri Satguru Jagjit Singh Ji Elibrary NamdhariElibrary@gmail.com

ਤਬ ਬਨੋਂ ਮਨ ਮੈ ਇਹ ਆਈ।
ਦੁਤੀਆ ਸਰੂਪ ਗ੍ਰੰਥ ਜੀ ਪਾਈ।
ਹਾਥ ਜੋਰ ਬਨੋਂ ਤਬ ਕਹਾ।
ਏਕ ਬੇਨਤੀ ਮੋ ਪ੍ਰਭ ਆਹਾ।
ਹੁਕਮ ਹੋਇ ਤਾਂ ਮਾਂਗਟ ਜਾਵੈਂ।
ਸੰਗਤ ਕੋ ਦਰਸ਼ਨ ਕਰਵਾਵੈਂ।

ਦੋਹਰਾ॥ ਗ੍ਰੰਥ ਜਹਾਜ ਸਤਿਗੁਰ ਰਚਜੋ, ਭਈ ਜਿਲਤ ਇਕ ਵਾਰ॥
ਗੁਰ ਗ੍ਰਹ ਭਯੋ ਤਬ, ਲਿਖੈ ਕੋ, ਸੰਗਤ ਕੇਸ ਕਰਾਇ॥

ਚੌਪਈ॥ ਗੁਰੂ ਤਬ ਕਹਾ ਇਕ ਨਿਸ ਬਸਨਾ।
ਤਿਨ ਸੋ ਕਹਾ ਜੋਊ ਗੁਰ ਰਸਨਾਂ॥

ਦੋਹਰਾ॥ ਏਕ ਰੈਨ ਖਾਰੇ ਰਹੇ, ਦੁਤੀਆਂ ਜੰਡੋਰ ਆਇ।
ਸਿਖ ਸੰਗਤ ਦਰਸ਼ਨ ਕਰਿਓ ਮਨ ਮੈਂ ਸੁਖ ਪਾਇ॥

ਭਾਈ ਬਨੋਂ ਜੀ ਆਪਣੇ ਇਲਾਕੇ ਦੀਆਂ ਸੰਗਤਾਂ ਦੇ ਮੁਖੀਏ, ਅਤੇ ਓਧਰ ਦੇ ਮਸੰਦ ਸਨ, ਮਾਨ ਸਤਿਕਾਰ-ਜੋਗ ਅਤੇ ਕਰਨੀ ਵਾਲੇ ਸਜਨ ਪੁਰਖ ਸਨ, ਅਤੇ ਆਪਣੇ ਇਲਾਕੇ ਵਿਚ ਗੁਰੂ ਵਤ ਪੂਜੇ ਜਾਂਦੇ ਸਨ।ਹਸਬ ਮਾਮੂਲ ਸੰਗਤਾਂ ਨੂੰ ਨਾਲ ਲੈਕੇ ਦਿਵਾਲੀ ਵਿਸਾਖੀ ਗੁਰੂ ਕੇ ਦਰਸ਼ਨ ਨੂੰ ਆਇਆ ਕਰਦੇ ਸਨ। ਹੁਣ ਭਾਦਰੋਂ ਵਿਚ ਆਏ ਸਨ, ਰਵਾਜ ਅਨੁਸਾਰ ਏਸ ਕਟਕੇ ਕੋਈ ਬੜੀ ਸੰਗਤ ਨਾਲ ਨਹੀਂ ਸੀ ਹੋ ਸਕਦੀ, ਕਿਉਂ ਜੋ ਕੋਈ ਤਿਉਹਾਰ ਨਹੀਂ ਸੀ। ਜਦ ਗੁਰੂ ਸਾਹਿਬ ਨੇ ਲਾਹੌਰ ਜਾ ਕੇ ਗ੍ਰੰਥ ਸਾਹਿਬ ਦੀ ਜਿਲਦ ਬਨਵਾ ਲਿਆਉਣ ਵਾਸਤੇ ਕਿਹਾ, ਤਦ ਭਾਈ ਸਾਹਿਬ ਨੇ ਕੁਝ ਮਨ ਵਿਚ ਸੋਚ ਕੇ ਗ੍ਰੰਥ ਸਾਹਿਬ ਨੂੰ ਆਪਣੇ ਘਰ ਮਾਂਗਟ ਪਹਿਲੇ ਲਿਜਾ ਕੇ ਸੰਗਤਾਂ ਨੂੰ ਦਰਸ਼ਨ ਕਰਾ ਲਿਆਉਣ ਦੀ ਆਗਿਆ ਮੰਗੀ। ਗੁਰੂ ਸਾਹਿਬ ਭਾਈ ਜੀ ਦੀ ਬੇਨਤੀ ਨੂੰ ਅਸ੍ਵੀਕਾਰ ਨਹੀਂ ਸਨ ਕਰ ਸਕਦੇ, ਇਜਾਜ਼ਤ ਦੇ ਦਿਤੀ। ਭਾਈ ਸਾਹਿਬ ਨੇ ਸੋਚ ਲਿਆ ਸੀ ਕਿ ਜਾਂਦੀ ਵਾਰੀ ਲਾਹੌਰੋਂ ਲੋੜ ਜਿੱਨੇ ਕਾਗ਼ਜ਼ ਕਲਮਾਂ



Sri Satguru Jagjit Singh Ji Elibrary NamdhariElibrary@gmail.com

ਸਿਆਹੀ ਖ਼੍ਰੀਦ ਕੇ ਮਾਂਗਟ ਤੋਂ ਮੁੜਦੀ ਵਾਰੀ ਆਪਨੇ ਮਨ ਭਾਉਂਦੇ ਲਿਖਾਰੀ ਨਾਲ ਲੈ ਲੈਣਗੇ।

ਸ੍ਰੀ ਗੁਰੂ ਕਹਾ ਰੈਨ ਇਕ ਰਹੀਉ। ਆਵਤ ਜਾਵਤ ਬੀਚ ਨ ਬਹੀਓ।
ਪੰਥ ਰੈਨ ਕਛੁ ਭਾਖੀ ਨਾਹੀਂ। ਤਾਂਤ ਜਤਨ ਕਰੋਂ ਇਹ ਮਾਹੀਂ॥

ਮਾਂਗਟ ਵਾਲੀ ਗ੍ਰੰਥ ਸਾਹਿਬ ਦੀ ਬੀੜ ਬਾਰਾਂ ਲਿਖਾਰੀਆਂ ਦੇ ਹਥ ਦੀ ਲਿਖੀ ਹੈ, ਅਤੇ ਛੇਕੜ ਦੇ ਕੁਝ ਵਰਕੇ ਇਕ ਦੋ ਹੋਰ ਹਥਾਂ ਦੇ। ਸੋ ਸਾਫ਼ ਦਿਸਦਾ ਹੈ ਕਿ ਭਾਈ ਸਾਹਿਬ ਦਰਜਨ ਕੁ ਲਿਖਾਰੀ ਨਾਲ ਲੈ ਕੇ ਮੁੜੇ ਸਨ। ਚਾਰ-ਚਾਰ ਪੰਜ-ਪੰਜ ਕੋਹ ਦੀ ਮੰਜ਼ਲ ਕਰਦੇ ਟੁਰ ਪਏ। ਕਾਗ਼ਜ਼ ਦੇ ਤਖ਼ਤਿਆਂ ਦੇ ਵਰਕੇ ਬਣਾ ਕੇ ਲਿਖਾਰੀਆਂ ਵਿਚ ਵੰਡ ਦਿਤੇ। ਔਸਤਨ ਹਰ ਇਕ ਦੇ ਹਿਸੇ ੨੦ ਜੁਜ਼ਾਂ ਜਾਂ ਅੱਸੀ ਅਸੀ ਵਰਕੇ ਸੈਂਚੀਆਂ ਦੇ ਪੈਂਦੇ ਹਨ। ਲਾਹੌਰ ਪਹੁੰਚਦੇ ਤਕ ਪੂਰੀ ਨਕਲ ਗ੍ਰੰਥ ਸਾਹਿਬ ਦੀ ਹੋ ਗਈ। ਉਸ ਬੀੜ ਵਿਚ ਗ੍ਰੰਥ ਸਾਹਿਬ ਲਿਖੇ ਜਾਨ ਦੀ ਤਾਰੀਖ਼

"ਅਸੂ ਵਦੀ ੧"

ਦਿਤੀ ਹੈ। ਮਾਂਗਟ ਤੋਂ ਲਾਹੌਰ ਤਕ ਸਿਧਾ ਪੈਦਲ ਰਸਤਾ, ਕਾਦਿਰਾਬਾਦ ਪਾਸ ਦਰਿਆ ਪਾਰ ਕਰਕੇ, ਸੌ ਮੀਲ ਤੋਂ ਕੁਝ ਹੀ ਉਪਰ ਹੈ। ਸਮਝੋ ਜੇਕਰ ਰਸਤੇ ਵਿਚ ਬਾਰਾਂ ਪੜਾਂ ਕੀਤੇ, ਤਦ ਔਸਤ ਲਿਖਾਈ ਰੋਜ਼ ਫ਼ੀ ਲਿਖਾਰੀ ੧੨ ਸਫ਼ੇ ਹੁੰਦੀ ਹੈ, ਜਿਸ ਦੇ ਲਿਖਣ ਲਈ ਮਾਮੂਲੀ ਲਿਖਾਰੀ ਨੂੰ ਚਾਰ ਪੰਜ ਘੰਟੇ ਲਗ ਜਾਂਦੇ ਹੋਣਗੇ। ਸੋ ਇਹ ਠੀਕ ਬੈਠਦਾ ਹੈ। ਪਰ ਬਹੁਤ ਕਰਕੇ ਪੜਾਂ ਪੰਦਰਾਂ ਕੁ ਹੋਣਗੇ, ਕਿਉਂਕਿ ਏਸ ਤਰ੍ਹਾਂ ਲਿਖਾਈ ਕੁਝ ਧੀਰਜ ਨਾਲ ਹੋ ਸਕਦੀ ਸੀ। ਸਵੇਰੇ ਹੀ ਸੌਚ ਇਸ਼ਨਾਨ ਕਰ ਟੁਰ ਪਏ, ਜੇਹੜਾ ਪਿੰਡ ਸਤਾਂ ਅੱਠਾਂ ਕੂ ਮੀਲਾਂ ਤੇ ਪਿਆ ਉਥੇ ਠਹਿਰ ਗਏ, ਰੋਟੀ ਪਕਾਈ, ਖਾਧੀ ਤੇ ਕੁਝ ਆਰਾਮ ਕਰ ਕੇ ਦੁਪਹਿਰੋਂ ਪਿਛੋ ਲਿਖਨ ਲਗ ਪਏ। ਮਹੀਨਾ ਭਾਦਰੋਂ ਜਾਂ

* ਸੈਂਚੀ=Copy



Sri Satguru Jagjit Singh Ji Elibrary NamdhariElibrary@gmail.com

ਬਰਸਾਤ ਦਾ ਛੇਕੜ ਅਤੇ ਅਸੂ ਦੇ ਪਹਿਲੇ ਦਿਨ ਸਨ॥

ਇਹ ਗਲ ਆਮ ਪ੍ਰਸਿਧ ਤੇ ਸਾਰੇ ਸਿਖਾਂ ਦੀ ਮੰਨੀ ਹੋਈ ਹੈ ਕਿ ਏਸ ਬੀੜ ਵਿਚ ਇਕ ਵਾਧੂ ਸ਼ਬਦ ਸੂਰਦਾਸ ਦਾ, ਅਤੇ ਇਕ ਸ਼ਬਦ ਮੀਰਾਂਬਾਈ ਦਾ ਪਾਏ ਗਏ ਹਨ, ਜੋ 'ਆਦਿ-ਬੀੜ' ਵਿਚ ਨਹੀਂ ਸਨ। ਭਾਈ ਬਨੋਂਜੀ ਦੀ ਆਗਿਆ ਨਾਲ ਲਿਖਾਰੀ ਨੇ ਪਾਏ, ਜਾਂ ਆਪਣੀ ਮਨ ਮਰਜ਼ੀ ਕੀਤੀ, ਨਹੀਂ ਕਿਹਾ ਜਾ ਸਕਦਾ। ਆਖ਼ਿਰ ਇਹਨਾਂ ਸ਼ਬਦਾਂ ਵਿਚ ਕੁਝ ਭੀ ਸਿਖੀ ਦੇ ਬਰਖ਼ਿਲਾਫ਼ ਜਾਂ ਇਤਰਾਜ਼ ਯੋਗ ਗਲ ਨਹੀਂ ਸੀ, ਦੋਵੇਂ ਸ਼ਬਦ ਗੁਰੂ ਆਸ਼ੇ ਦੇ ਅਨੁਸਾਰ ਹਨ। ਸੂਰਦਾਸ ਦਾ ਜੋ ਸ਼ਬਦ ਵਧਾਇਆ ਗਿਆ ਹੈ, ਉਹ ਇਹ ਹੈ :-

ਛਾਡ ਮਨ ਹਰ ਬੇਮੁਖਨ ਕੋ ਸੰਗ।
ਕਾਹ ਭਯੋ ਪੈ ਪਾਨ ਪਿਆਇ, ਬਿਖ ਨਹੀਂ ਤਜਤ ਭੁਅੰਗ,
॥ ੧ ॥ ਰਹਾਉ ॥
ਕਾਗਾਂ ਕਾਪੂਰ ਚੁ ਗਾਏ, ਸ੍ਵਾਨ ਨ੍ਹਾਇ ਗੰਗ।
ਖਰ* ਕੋ ਕਹਾ ਅਗਰ ਕੋ ਲੇਪਨ।
ਮਰਕਟ† ਭੂਖਨ ਅੰਗ।
ਪਾਹਨ ਪਤਿਤ ਬਾਨ ਬੇਧੇ, ਰੀਤੇ‡ ਹੋਏ ਨਿਖੰਗ§
ਸੂਰਦਾਸ ਕੀ ਕਾਲੀ ਕਮਰੀ,¶ ਚੜ੍ਹਤ ਨ ਦੂਜਾ ਰੰਗ॥

ਸਗੋਂ ਜੇਹੜਾ ਸ਼ਬਦ ਸੂਰਦਾਸ ਦਾ ਸਭ ਬੀੜਾਂ ਵਿਚ ਹੈ, ਉਸ ਦੀ ਟੇਕ ਤੁਕ ਤੇ ਕੁਝ ਇਤਰਾਜ਼ ਹੋ ਸਕਦਾ ਹੈ :-

'ਸਿਆਮ ਸੁੰਦਰ ਤਜ ਆਨ ਜੋ ਚਾਹਤ, ਜਿਉਂ ਕੁਸ਼ਟੀ ਤਨ ਜੋਕਿ॥'

ਕਿਉਂਕਿ ਇਸ ਵਿਚ ਕ੍ਰਿਸ਼ਨ ਦੀ ਪੂਜਾ ਦ੍ਰਿੜ੍ਹਾਈ ਹੈ, ਅਤੇ ਹੋਰ ਕਿਸੇ

---

||ਅਸਲ ਵਿਚ ਕੁਝ ਹੋਰ ਫ਼ਰਕ ਭੀ ਸਨ। ਦੇਖੋ ਸਫ਼ਾ ੧੨੦ ਅਤੇ ੧੪੦

* ਖਰ=ਖੋਤਾ, †ਮਰਕਟ=ਬਾਂਦਰ। ‡ਰੀਤੇ ਹੋਏ=ਖ਼ਾਲੀ ਹੋਏ।

§ ਨਿਖੰਗ=ਤਰਕਸ਼, ਭਥੇ। ¶ਕਮਰੀ=ਕੰਬਲੀ।



Sri Satguru Jagjit Singh Ji Elibrary NamdhariElibrary@gmail.com

ਦੀ ਪੂਜਾ ਦੀ ਨਿਖੇਧੀ ਹੈ। ਇਹ ਦੂਜਾ ਸ਼ਬਦ ਆਦਿ ਬੀੜ ਵਿਚ ਜ਼ਰੂਰ ਸੀ॥

ਸੂਰਦਾਸ ਅਤੇ ਹੋਰ ਕਈ ਭਗਤਾਂ ਵਾਂਗ ਮੀਰਾਂ ਭੀ ਕ੍ਰਿਸ਼ਨ ਜੀ ਦੀ ਉਪਾਸ਼ਕ ਸੀ, ਅਤੇ ਏਸ ਦਾ ਸ਼ਬਦ ਭੀ ਕ੍ਰਿਸ਼ਨ ਵਲ ਹੀ ਸੰਬੋਧਨ ਹੋ ਕੇ ਕਿਹਾ ਹੋਇਆ ਹੈ। ਅਤੇ ਹੈ ਭੀ ਸ਼ਿੰਗਾਰ-ਰਸ ਨਾਲ ਭਰਿਆ ਹੋਇਆ, ਪਰ ਮੋਟੇ ਅਰਥਾਂ ਵਿਚ ਉਹ ਭੀ ਸੂਰਦਾਸ ਦੇ ਸ਼ਬਦਾਂ ਵਾਂਗ ਨਿਰਦੋਸ ਹੈ :-

ਮਨ ਹਮਾਰੋ ਬਾਧਿਓ ਮਾਈ, ਕਵਲਨੈਨ ਆਪਨੇ ਗੁਨ ॥ ਰਹਾਉ ॥
ਤੀਖਨ ਤੀਰ ਬੇਧ ਸਰੀਰ, ਦੂਰਿ ਗਇਓ ਮਾਈ।
ਲਾਗਿਓ ਤਬ ਜਾਨਿਓ ਨਾਹੀ, ਅਬ ਨ ਸਹਿਓ ਜਾਈ ਰੀ ਮਾਈ॥੧॥
ਤੰਤ ਮੰਤ ਅਉਖਦ ਕਰੋ, ਤਉ ਪੀਰ ਨ ਜਾਈ।
ਹੈ ਕੋਊ ਉਪਕਾਰ ਕਰੈ, ਕਠਿਨ ਦਰਦ ਮਾਈ ਰੀ ॥ ੨ ॥
ਨਿਕਟਿ ਹਉ ਤੁਮ ਦੂਰਿ ਨਹੀਂ, ਬੇਗ ਮਿਲਹ ਆਈ।
ਮੀਰਾਂ ਗਿਰਧਰ ਸੁਆਮੀ ਦਇਆਲਾ।
ਤਨ ਕੀ ਤਪਤ ਬੁਝਾਈ ਰੀ ਮਾਈ॥
ਕਵਲਨੈਨ ਆਪਨੇ ਗੁਣ, ਆਪਨੇ ਗੁਣ ਬਾਧਿਓ
ਮਾਈ॥੩॥੧॥੧੫॥

ਸੂਰਦਾਸ ਅਤੇ ਮੀਰਾਂ ਦੇ ਸ਼ਬਦਾਂ ਵਿਚਾਲੇ ਸਫਰੀ ਜਿਲਦ ਵਿਚ ੧੭੦ ਸਫੇ ਦੀ ਵਿੱਥ ਹੈ। ਸੋ ਮਾਲੂਮ ਹੁੰਦਾ ਹੈ ਕਿ ਦੋ ਲਿਖਾਰੀ ਏਹਨਾਂ ਸ਼ਬਦਾਂ ਦੇ ਵਧਾਨ ਲਈ ਜ਼ਿੰਮੇਵਾਰ ਸਨ, ਪਰ ਹੋ ਸਕਦਾ ਹੈ ਕਿ ਇਕੋ ਨੇ ਹੀ ਦੋਵੇਂ ਵਧਾਏ ਹੋਣ, ਮੈਨੂੰ ਏਸ ਗਲ ਦੀ ਪੜਤਾਲ ਕਰਨ ਦਾ ਮੌਕਿਆ ਨਹੀਂ ਮਿਲਿਆ॥

ਇਹ ਦੋ ਸ਼ਬਦ ਤਾਂ ਰਾਗ ਸਾਰੰਗ ਤੇ ਰਾਗ ਮਾਰੂ ਦੇ ਛੇਕੜ ਗ੍ਰੰਥ ਸਾਹਿਬ ਦੇ ਅੰਦਰ ਵਧਾਏ ਗਏ ਸਨ, ਪਰ ਗ੍ਰੰਥ ਸਾਹਿਬ ਦੇ ਪਿਛੇ ਵਾਧੂ ਪਤ੍ਰਿਆਂ ਪੁਰ ਹੋਰ ਕਈ ਬਾਣੀਆਂ ਵੀ ਏਸ ਬੀੜ ਵਿਚ



Sri Satguru Jagjit Singh Ji Elibrary NamdhariElibrary@gmail.com

ਦਰਜ ਹੋਈਆਂ। 'ਗੁਰਬਿਲਾਸ ਛੇਵੀਂ ਪਾਤਸ਼ਾਹੀ' ਦਸਦਾ ਹੈ :-

੧. 'ਜਿਤ ਦਰ ਲਖ ਮੁਹਮਦਾ' ਸਲੋਕ ਤੀਨ ਲਿਖ ਪਾਇ।
੨. 'ਬਾਇ ਆਤਿਸ਼ ਆਬ' ਸੋਲਾਂ ਸਲੋਕ।
੩. 'ਰਤਨ ਮਾਲਾ' ਲਿਖ ਲਈ ਅਲੋਕ॥
੪. 'ਰਾਹ ਮੁਕਾਮ ਕੀ ਸਾਖ' ਲਿਖਾਈ।
੫. 'ਰਾਗਮਾਲਾ' ਪਾਛੇ ਲਿਖ ਪਾਈ॥
ਦੁਹੂੰ ਗ੍ਰੰਥ ਕੀ ਜਿਲਤ ਬਨ੍ਹਾਈ।
ਚਲੇ ਗੁਰੂ ਪਹਿ ਦੇਰ ਨ ਲਾਈ॥

ਮੈਂ ਭਾਈ ਸਾਹਿਬ ਅਤੇ ਉਹਨਾਂ ਦੇ ਲਿਖਾਰੀਆਂ ਨੂੰ ਇਹ ਵਾਧਾ ਕਰਨ ਦਾ ਜ਼ਿੰਮੇਵਾਰ ਨਹੀਂ ਠਹਿਰਾ ਸਕਦਾ। ਉਸ ਬੀੜ ਵਿਚ ਕਈ ਵਾਧੇ ਤੇ ਅਦਲ ਬਦਲ ਪਿਛੋਂ ਹੋਏ ਹਨ। ਗੁਰੂ ਤੇਗ ਬਹਾਦਰ ਦੀ ਸਾਰੀ ਬਾਣੀ ਪਿਛੇ ਇਕ ਥਾਂ ਇਕੱਠੀ ਦਿਤੀ ਹੈ, ਅੰਦਰ ਹੜਤਾਲ ਆਦਿ ਫੇਰ ਕੇ 'ਵਾਰਾਂ' ਉਪਰ 'ਧੁਨੀਆਂ' ਪਿਛੋਂ ਲਿਖੀਆਂ ਹਨ। ਸਵਾਲ ਤਾਂ ਇਹ ਹੈ ਕਿ ਇਹ ਉਪਰ ਗਿਣੀਆਂ ਪੰਜ ਬਾਣੀਆਂ ਉਸ ਬੀੜ ਵਿਚ ਕਦ ਪਾਈਆਂ ਗਈਆਂ। 'ਛੇਵੀਂ ਪਾਤਸ਼ਾਹੀ ਦਾ ਗੁਰਬਿਲਾਸ' ਮਹਾਰਾਜਾ ਸ਼ੇਰ ਸਿੰਘ ਦੇ ਵੇਲੇ ਜੇ ਨਹੀਂ ਮੁੱਕਾ, ਤਾਂ ਮਹਾਰਾਜਾ ਰਣਜੀਤ ਸਿੰਘ ਦੇ ਅਖ਼ੀਰਲੇ ਵੇਲੇ ਜ਼ਰੂਰ ਮੁਕ ਗਿਆ ਸੀ। ਉਸ ਦੇ ਬਿਆਨ ਤੋਂ ਇਹ ਤਾਂ ਸਿਧ ਹੁੰਦਾ ਹੈ ਕਿ ਉਸ ਵੇਲੇ ਤਕ ਇਹ ਬਾਣੀਆਂ ਮਾਂਗਟ ਵਾਲੀ ਬੀੜ ਵਿਚ ਲਿਖੀਆਂ ਜਾ ਚੁਕੀਆਂ ਸਨ। ਪਰ ਉਸ ਵੇਲੇ ਇਹਨਾਂ ਦੇ ਬੀੜ ਵਿਚ ਹੋਣ ਤੋਂ ਇਹ ਸਿਧ ਨਹੀਂ ਹੁੰਦਾ ਕਿ ਇਹ ਉਤਾਰਾ ਕਰਦੇ ਸਮੇਂ ਹੀ ਪੈ ਗਈਆਂ ਸਨ, ਅਤੇ ਉਸ ਵੇਲੇ ਮੌਜੂਦ ਸਨ, ਜਦ ਬੀੜ ਜਿਲਦ ਬਨ੍ਹਣ ਲਈ ਦਿੱਤੀ ਗਈ ਅਤੇ ਜਿਲਦ ਬਨ੍ਹਾ ਕੇ ਗੁਰੂ ਸਾਹਿਬ ਦੇ ਪੇਸ਼ ਕੀਤੀ ਗਈ। ਜਿਸ ਤਰ੍ਹਾਂ ਕਿ ਉਪਰ ਕਿਹਾ ਹੈ, ਬੀੜ ਵਿਚ ਭਾਈ ਬੰਨੋਂ ਦੇ ਪਿਛਲਿਆਂ ਨੇ ਕਈ ਵਾਰ ਹਸਤਾਖੇਪ ਕੀਤੇ। 'ਵਾਰਾਂ' ਦੇ ਉਪਰ 'ਧੁਨੀਆਂ' ਲਿਖਣ



Sri Satguru Jagjit Singh Ji Elibrary NamdhariElibrary@gmail.com

ਲਈ ਪਿਛੋਂ ਜਗਹ ਬਣਾਈ ਸਾਫ ਦਿਸ ਰਹੀ ਹੈ। ਕਿਤੇ ਹੜਤਾਲ ਨਾਲ ਪਹਿਲੇ ਲਿਖੇ ਨੂੰ ਮਿਟਾ ਕੇ ਲਕੀਰਾਂ ਦੇ ਵਿਚਕਾਰ 'ਧੁਨੀ' ਦੇ ਲਫਜ਼ ਦਰਜ ਕਰਨ ਲਈ ਥਾਂ ਬਣਾਈ ਹੈ, ਕਿਤੇ ਪੁਰਾਣੀਆਂ ਲੀਕਾਂ ਦੇ ਵਿਚਾਲੇ ਬਰੀਕ ਅਖਰਾਂ ਵਿਚ ਲਿਖਿਆ ਹੈ। ਇਹ ਹਸਤਾਖੇਪ ਗੁਰੂ ਹਰਗੋਬਿੰਦ ਸਾਹਿਬ ਦੇ ਗਵਾਲੀਅਰ ਤੋਂ ਰਿਹਾ ਹੋ ਕੇ ਵਾਪਸ ਪੰਜਾਬ ਆਉਣ ਅਰਥਾਤ ਸੰਨ ੧੬੨੧ ਦੇ ਬਾਅਦ ਹੋਇਆ ਅਰਥਾਤ ਸੰਮਤ ੧੬੭੮ ਦੇ ਪਿਛੋਂ॥ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਵਾਲੀ ਲਿਖਿਤ ਵਿਚ ਇਕ ਰਾਜੇ ਦਾ ਨਾਮ ਦਿਤਾ ਹੈ ਜਿਸ ਨੂੰ ਅਸੀਂ ਸੰਨ ੧੬੭੩ ਜਾਂ ਸੰਮਤ ੧੭੩੦ ਵਿਚ ਰਖ ਸਕਦੇ ਹਾਂ, ਅਰਥਾਤ ਗੁਰੂ ਤੇਗ ਬਹਾਦਰ ਦੇ ਚਲਾਣੇ ਤੋਂ ਦੋ ਵਰ੍ਹੇ ਪਹਿਲੇ। ਏਸ ਸੰਮਤ ਤੋਂ ਪਿਛੋਂ ਹੀ ਇਹ ਲੇਖ ਬੀੜਾਂ ਵਿਚ ਲਿਖੀਣ ਲੱਗਾ। ਤੇ ਇਹਨਾਂ ਨਵੀਆਂ ਬਣੀਆਂ ਬੀੜਾਂ ਦੀ ਰੀਸੇ ਹੀ ਪੁਰਾਤਨ ਬੀੜਾਂ ਵਿਚ ਵੀ ਇਹ ਦਰਜ ਕਰ ਦਿਤੀ ਗਈ। ਨਾਵੇਂ ਮਹਿਲ ਦੀ ਬਾਣੀ ਮਾਂਗਟ ਵਾਲੀ ਬੀੜ ਵਿਚ ਸੰਮਤ ੧੭੩੨ ਦੇ ਪਿਛੋਂ ਪਈ। ਇਹ ਬਾਣੀ ਜਾਂ ਤਾਂ ਕੋਈ ਬਨੋਂਆਨੀਆਂ ਆਨੰਦ ਪੁਰ ਸਾਹਿਬ ਜਾ ਕੇ ਸੰਮਤ ੧੭੩੨ ਦੀ ਬੀੜ ਵਿਚੋਂ ਨਕਲ ਕਰ ਲਿਆਇਆ, ਜਾਂ ਜਿਸ ਤਰ੍ਹਾਂ ਬਨੋਆਨੀਏ ਆਖਦੇ ਹਨ, ਉਥੋਂ ਲਿਖੀ ਲਿਖਾਈ ਆਈ, ਮਤਲਬ ਸਭ ਪ੍ਰਾਚੀਨ ਬੀੜਾਂ ਨੂੰ ਗਸ਼ਤੀ ਚਿਠੀ ਵਾਂਗ ਸਰਕੂਲੇਟ ਕੀਤੀ ਗਈ, ਗੁਰੂ ਸਾਹਿਬ ਦੇ ਹੁਕਮ ਨਾਲ। ਪਿਛਲੀ ਗਲ ਮੰਨਣ ਯੋਗ ਨਹੀਂ, ਅਤੇ ਸਹੀ ਇਹੋ ਗਲ ਜਾਪਦੀ ਹੈ ਕਿ ਵਿਸਾਖੀ ਦਿਵਾਲੀ ਤੇ ਸੰਗਤਾਂ ਗੁਰੂ ਦੇ ਦਰਸ਼ਨ ਨੂੰ ਜਾਂਦੀਆਂ ਸਨ, ਸੰਮਤ ੧੭੩੨ ਦੇ ਪਿਛੋਂ ਅਜਿਹੇ ਕਿਸੇ ਮੌਕਿਆ ਪੁਰ, ਕੋਈ ਬਨੋਂਆਨੀਆਂ ਭਾਈ ਇਹ ਬਾਣੀ ਉਸ ਬੀੜ ਵਿਚੋਂ ਨਕਲ ਕਰ ਲਿਆਇਆ। ਅਤੇ ਜਿਸ ਵੇਲੇ ਇਹ ਬਾਣੀ ਆਪਣੀ ਪ੍ਰਾਚੀਨ ਬੀੜ ਦੇ ਅਖ਼ੀਰ ਇਕ ਥਾਂ ਦਰਜ ਕੀਤੀ, ਉਸੇ ਵੇਲੇ ਪੰਜ ਫ਼ਾਲਤੂ ਬਾਣੀਆਂ ਵੀ, ਜੋ ਉਪਰ



Sri Satguru Jagjit Singh Ji Elibrary NamdhariElibrary@gmail.com

ਗਿਆਂ ਹਨ, ਉਹ ਭੀ ਦਰਜ ਕੀਤੀਆਂ, ਕਿਉਂਕਿ ਉਹ ਸੰਮਤ ੧੭੩੨ ਤੋਂ ਪਹਿਲੇ ਦਰਜ ਨਹੀਂ ਸਨ ਹੋ ਸਕਦੀਆਂ।*

ਮੈਨੂੰ ਮੌਕਿਆ ਨਹੀਂ ਮਿਲਿਆ ਕਿ ਮੈਂ ਆਪਣੀ ਤਸੱਲੀ ਕਰ ਸਕਦਾ, ਇਹ ਵੇਖਕੇ ਕਿ ਇਹ ਪੰਜ ਫਾਲਤੂ ਬਾਣੀਆਂ, ਜੋ ਹੁਣ ਬੀੜ ਵਿਚ ਮੌਜੂਦ ਹਨ, ਕਿਸ ਤਰਤੀਬ ਵਿਚ ਦਿਤੀਆਂ ਹਨ, ਕਿਹਨਾਂ ਹਥਾਂ ਨੇ ਲਿਖੀਆਂ ਹਨ, ਕੀ ਇਹਨਾਂ ਦਾ ਲਿਖਣ ਵਾਲਾ ਓਹੋ ਲਿਖਾਰੀ ਸੀ ਜਿਸਨੇ 'ਭੋਗ ਦੀ ਬਾਣੀ' ਲਿਖੀ ਜਾਂ ਕੋਈ ਨਵਾਂ ਹੀ ਲਿਖਾਰੀ ? ਮੈਂ ਕੁਝ , ਸਵਾਲ ਇਕ ਸੱਜਨ ਨੂੰ ਲਿਖ ਭੇਜੇ ਹਨ, ਜੇਕਰ ਮੈਨੂੰ ਇਹਨਾਂ ਦਾ ਜਵਾਬ ਮਿਲ ਗਿਆ ਜਾਂ ਮੈਂ ਦੂਜੀ ਵਾਰ ਆਪ ਮਾਂਗਟ ਗਿਆ, ਤਦ ਕੋਈ ਨਿਸਚਿਤ ਗਲ ਲਿਖ ਸਕਾਂਗਾ। ਪਰ ਏਸ ਗਲ ਦਾ ਮੈਂ ਵੇਰਵਾ ਕਢ ਲਿਆ ਸੀ, ਕਿ ਛੇਕੜ ਪੁਰ 'ਸਿਆਹੀ ਕੀ ਬਿਧਿ' ਤੇ 'ਰਾਗ ਮਾਲਾ' ਦੇ ਕੇ ਨਾਵੀਂ ਪਾਤਸ਼ਾਹੀ ਦੀ ਸਾਰੀ ਬਾਣੀ ਸਲੋਕਾਂ ਸਮੇਤ ਇਕ ਥਾਂ ਦਿੱਤੀ ਹੈ, ਰਾਗਾਂ ਹੇਠਾਂ ਵੰਡਕੇ ਹੋਰ ਸ਼ਬਦਾਂ ਦੇ ਵਿਚਕਾਰ ਨਹੀਂ ਦਿਤੀ ਗਈ। ਕਾਰਨ ਇਹ ਕਿ ਰਾਗਾਂ ਹੇਠਾਂ ਥਾਂ ਸਿਰ ਦੇਣ ਲਈ ਕੋਰੀਆਂ ਥਾਵਾਂ ਮੌਜੂਦ ਨਹੀਂ ਸਨ। ਹੋਰ ਪ੍ਰਾਚੀਨ ਬੀੜਾਂ ਵਿਚ ਵੀ ਜੋ ਸੰਮਤ ੧੭੩੨ ਤੋਂ ਪਹਿਲੇ ਦੀਆਂ ਲਿਖੀਆਂ ਹੋਈਆਂ ਹਨ, ਇਹੋ ਕੁਝ ਕੀਤਾ ਹੈ।

ਮਾਂਗਟ ਵਾਲੀ ਬੀੜ ਵਿਚ ਨਾਵੇਂ ਮਹਿਲੇ ਦੀ ਬਾਣੀ ਦੇ ਪਿਛੋਂ 'ਚਲਿਤ੍ਰ ਜੋਤੀ ਜੋਤ ਸਮਾਵਨ ਕਾ' ਆਉਂਦਾ ਹੈ; ਨੌ ਗੁਰੂਆਂ ਦੇ ਚਲਾਣੇ ਦੀਆਂ ਥਿਤਾਂ ਦਿਤੀਆਂ ਹਨ। ਸਾਫ਼ ਸਿਧ ਹੈ ਕਿ ਇਹ ਸਭ ਵਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਲਿਖਕੇ ਪਾਏ ਗਏ, ਜਾਂ ਉਸਤੋਂ ਵੀ ਕੁਝ ਪਿਛੋਂ।

ਪਰ ਇਹ ਪਿਛੋਂ ਪਾਈਆਂ ਬਾਣੀਆਂ ਅਸਲ ਬੀੜ ਪੁਰ ਕੋਈ

---

*ਵੇਖੋ ਅਗੇ ਜਾ ਕੇ Addenda



Sri Satguru Jagjit Singh Ji Elibrary NamdhariElibrary@gmail.com

ਅਸਰ ਨਹੀਂ ਰਖਦੀਆ। ਕੱਟ ਵਢਕੇ ਨੇ 'ਧੁਨੀਆਂ' [illegible]ਈਆਂ ਹਨ, ਅਤੇ ਬੀੜ ਲਿਖੇ ਜਾਨ ਦੇ ਸੰਮਤ ਨੂੰ ਜੋ ਸਾਫ਼ ਸਾ[illegible] ਬਦਲਿਆ ਦਿਸ ਰਿਹਾ ਹੈ, ਇਹ ਦੋਵੇਂ ਇਸ ਗੱਲ ਦਾ ਪੱਕਾ ਸਬੂਤ ਹਨ ਕਿ ਮੌਜੂਦਾ ਗ੍ਰੰਥ ਸਾਹਿਬ ਅਸਲੀ ਭਾਈ ਬਨੋਂ ਵਾਲੀ ਬੀੜ ਹੈ, ਭਾਵੇਂ ਪਿਛਲਿਆਂ ਨੇ ਆਪਣੀ ਮੂਰਖਤਾ ਨਾਲ ਉਸਨੂੰ ਆਮ-ਪ੍ਰਚੱਲਤ ਗ਼ਲਤੀਆਂ, ਅਤੇ ਲੋਕਾਂ ਵਿਚ ਫੈਲੇ ਗ਼ਲਤ ਖ਼ਿਆਲਾਂ ਦੇ ਮੁਤਾਬਕ ਕਰ ਦੇਣ ਦਾ ਜਤਨ ਕੀਤਾ ਹੈ। ਖ਼ਾਲੀ ਦੋ ਸ਼ਬਦ ਵਧਾਏ ਹੋਏ ਇਸ ਬੀੜ ਵਿਚ ਜ਼ਰੂਰ ਹਨ, ਪਰ ਇਹਨਾਂ ਦੀ ਮੌਜੂਦਗੀ ਭੀ ਏਸ ਬੀੜ ਨੂੰ ਅਪ੍ਰਮਾਣਿਤ ਨਹੀਂ ਬਣਾਂਦੀ। 'ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਲਿਖਿਆ ਹੈ ਕਿ ਜਦ ਭਾਈ ਬਨੋ ਦੋਵੇਂ ਬੀੜਾਂ ਜਿਲਦ ਕਰਾਕੇ ਗੁਰੂ ਸਾਹਿਬ ਪਾਸ ਲੈ ਗਏ, ਤਦ ਉਹਨਾਂ ਦੇ ਏਸ ਸਵਾਲ ਦੇ ਜਵਾਬ ਵਿਚ ਕਿ ਇਹ ਦੋ ਬੀੜਾਂ ਕਿਵੇਂ ਹੋ ਗਈਆਂ, ਭਾਈ ਬਨੋਂ ਨੇ ਕਿਹਾ:—

ਬਨੋ ਕਹਾ ਪ੍ਰਭੂ ਤੁਮ ਜਾਨੋ।
ਸੰਗਤ ਹਿਤ ਮੈਂ ਉਦਮ ਠਾਨੋ।
ਪਰਉਪਕਾਰ ਗੁਰ ਤਹਿ ਦਿਖਰਾਇ।
ਦਸਖਤ ਕਰੇ ਸੁ ਪ੍ਰਭੁ ਸੁਖਦਾਇ।
ਸ੍ਰੀ ਮੁਖ ਕਹਾ ਬੀੜ ਦੋ ਭਈ।
ਇਕ ਗੁਰਦਾਸ, ਇਕ ਬਨੋ ਕਈ।

ਦੋਹਰਾ॥ ਜੋਊ ਗ੍ਰੰਥ ਇਸਤੇ ਲਿਖੇ ਸੋਧਉ ਇਸੈ ਬਨਾਇ।
ਗੁਰਦਾਸ ਬੀੜ ਤੇ ਜੋ ਲਿਖੇ ਤਾਂਤੇ ਸੋਊ ਸੁਧਾਇ॥

ਭਾਵੇਂ ਇਸ ਬਿਆਨ ਨੂੰ ਅਸੀਂ ਅੱਖਰੋ ਅੱਖਰ ਠੀਕ ਨਹੀਂ ਮੰਨ ਸਕਦੇ, ਕਿਉਂ ਜੋ ਗੁਰਬਿਲਾਸ ਦੇ ਕਰਤਾ ਨੇ ਆਪਣੇ ਸਮੇਂ ਵਿਚ ਪ੍ਰਚੱਲਤ ਖ਼ਿਆਲਾਂ ਤੋਂ ਇਹ ਗਲ ਬਣਾਈ ਹੈ, ਪਰ ਤਾਂ ਭੀ ਦਿਸ ਰਿਹਾ ਹੈ, ਕਿ ਗੁਰੂ ਸਾਹਿਬ ਨੇ ਭਾਈ ਬਨੋਂ ਦੇ ਉਤਾਰਾ ਕਰ ਲੈਣ ਨੂੰ, ਅਤੇ ਉਸ ਵਿਚ 'ਅਸਲ' ਨਾਲੋਂ ਕੁਝ ਫ਼ਰਕ ਪਾ ਦੇਣ ਨੂੰ, (ਜਿਸਦਾ



Sri Satguru Jagjit Singh Ji Elibrary NamdhariElibrary@gmail.com

ਪਤਾ ਭਾਈ ਬਨੋਂ ਨੇ ਖ਼ੁਦ ਹੀ ਦਿੱਤਾ ਹੋਵੇਗਾ, ਕਿਉਂਕਿ ਗੁਰੂ ਸਾਹਿਬ ਨੇ ਤੇ ਟਾਕਰਾ ਕਰਕੇ ਦੇਖਿਆ ਹੀ ਨਹੀਂ), ਕੋਈ ਬੁਰਾ ਨਹੀਂ ਮਨਾਇਆ ਅਤੇ ਉਸਨੂੰ ਆਪਣੀ ਪ੍ਰਵਾਨਗੀ ਵਖਰੇ ਕਾਗਜ਼ ਪੁਰ 'ਮੂਲਮੰਤ੍ਰ' ਲਿਖਕੇ ਦੇ ਦਿਤੀ, ਜਿਸਨੂੰ ਕਿ ਗੁਰੂ ਕਾ 'ਨੀਸ਼ਾਣ' ਕਿਹਾ ਜਾਂਦਾ ਹੈ। ਨਹੀਂ ਤਾਂ 'ਦਸਤਖਤ' ਕਰਨ ਅਤੇ ਆਪਣਾ ਨਾਂ ਲਿਖਨ ਦਾ ਕੋਈ ਦਸਤੂਰ ਓਹਨੀਂ ਦਿਨੀਂ ਨਹੀਂ ਸੀ, ਅਤੇ ਨਾ ਕੋਈ ਅਜਿਹਾ 'ਦਸਤਖ਼ਤ' (Signature) ਉਸ ਬੀੜ ਵਿਚ ਹੈ ਹੀ। ਖ਼ਤਾਂ ਚਿਠੀਆਂ ਤਕ ਦੇ ਹੇਠ ਨਾਂ ਨਹੀਂ ਸੀ ਦਿੱਤਾ ਜਾਂਦਾ। ਗੁਰੂ ਸਾਹਿਬ ਨੇ ਸਗੋਂ ਇਹ ਵੀ ਕਿਹਾ ਕਿ ਜੋ ਉਤਾਰਾ ਭਾਈ ਬਨੋਂ ਵਾਲੀ ਬੀੜ ਤੋਂ ਕੀਤਾ ਜਾਏ, ਉਸਨੂੰ ਉਸ ਤੋਂ ਸੋਧੋ, ਅਤੇ ਜੋ ਭਾਈ ਗੁਰਦਾਸ ਵਾਲੀ ਬੀੜ ਤੋਂ ਕੀਤਾ ਜਾਏ, ਉਸਨੂੰ ਉਸ ਨਾਲ ਮਿਲਾਕੇ ਸੋਧੋ, ਇਹ ਯਥਾਰਥ ਗਲ ਸੀ। ਏਸ ਸਾਰੀ ਬਹਿਸ ਦਾ ਮਤਲਬ ਇਹ ਹੈ ਕਿ ਜੋ ਦੋ ਸ਼ਬਦ ਵਧਾਏ ਗਏ ਸਨ, ਉਹਨਾਂ ਨੂੰ ਪੰਜਵੀਂ ਪਾਤਸ਼ਾਹੀ ਨੇ ਪ੍ਰਵਾਨ ਕਰ ਲਿਆ। ਏਥੇ ਹੀ ਬਸ ਨਹੀਂ, ਰਾਗੁ ਮਾਰੂ ਦੇ ਅੰਤ ਮੀਰਾਂ ਬਾਈ ਦੇ ਸ਼ਬਦ ਤੋਂ ਪਿਛੇ ਕੋਰੀ ਥਾਂ ਪੁਰ ਗੁਰੂ ਹਰ ਗੋਬਿੰਦ ਸਾਹਿਬ ਦੀ ਪ੍ਰਵਾਨਗੀ ਦੀ ਮੁਹਰ ਲਗੀ ਹੈ ਅਤੇ 'ਨਿਸ਼ਾਣ' ਉਹਨਾਂ ਦੇ ਹਥ ਦਾ ਹੈ, ਜੋ ਇਸ ਤਰ੍ਹਾਂ ਪੁਰ ਹੈ :—

---

੧ ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

---

| | |
|---|---|
| ਗੁਰੂ ਨਾਨਕ ਚਰਨ<br>ਸਰਨ ਸਾਹਿਬ ਹਰਿ<br>ਗੋਬਿੰਦ ਜੀ | ਗੋਰੂ ਜੀ<br>੧ ੳ ਸਤਿਨਾਮੁ<br>ਵਾਹਿਗੁਰੂ ਜੀ ਸ੍ਰੀ |

Reverse & obverse
of the seal



Sri Satguru Jagjit Singh Ji Elibrary NamdhariElibrary@gmail.com

ਇਹ 'ਨੀਸ਼ਾਣ' ਅਤੇ ਮੁਹਰ ਦੇ ਦੋਹੀਂ ਪਾਸੇ ਦੀ ਛਾਪ ਸੰਨ ੧੬੨੧ ਤੋਂ ਪਿਛੋਂ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਤੋਂ ਭਾਈ ਬੰਨੋਂ ਨੇ ਆਪ (ਜੇ ਉਸ ਵੇਲੇ ਤਕ ਜ਼ਿੰਦਾ ਸਨ ਤਾਂ) ਨਹੀਂ ਤਾਂ ਬਨੋਆਨੀਆਂ ਨੇ ਅਰਜ਼ ਕਰਕੇ ਲਏ ਹੋਣਗੇ । ਏਸ ਗਲ ਦੀ ਲੋੜ ਉਹਨਾਂ ਨੂੰ ਮਹਿਸੂਸ ਹੋਈ ਹੋਵੇਗੀ । ਇਹ ਇੱਕ ਹੋਰ ਸਬੂਤ ਇਸ ਗਲ ਦਾ ਹੈ ਕਿ ਬੀੜ 'ਅਸਲੀ' ਹੈ ਅਤੇ ਬੀੜ ਦੇ ਆਦਿ ਵਿਚ ਜੋ ਪੰਜਵੇਂ ਗੁਰੂ ਸਾਹਿਬ ਦਾ 'ਨੀਸ਼ਾਣ' ਹੈ, ਉਹ ਭੀ ਸੱਚਾ ਹੈ, ਭਾਵੇਂ ਉਹ ਇਸ ਉਤਾਰਾ ਕਰਨ ਵੇਲੇ ਪਹਿਲੋਂ ਨਹੀਂ ਸੀ ਲਿਆ ਗਿਆ, ਜਿਸ ਤਰ੍ਹਾਂ ਕਿ ਪਿਛੋਂ ਰਵਾਜ਼ ਪੈ ਗਿਆ । ਸੋ ਪੰਜਵੀਂ ਪਾਤਸ਼ਾਹੀ ਦਾ 'ਨਿਸ਼ਾਨ' ਏਸ ਬੀੜ ਵਿਚ 'ਮੰਗਲਾ ਚਰਣ' ਜਾਂ ਸ਼ੁਭ ਇੱਛਾ ਵਜੋਂ ਨਹੀਂ ਸੀ, ਸਗੋਂ ਤਸਦੀਕ ਜਾਂ ਮਨਜ਼ੂਰੀ ਦੀ ਸਨਦ ਸੀ,ਜਿਸ ਵਿਚ 'ਚਿਰਜੀਵੈ' ਦੀ ਅਸੀਸ ਸ਼ਾਮਲਸੀ।

ਸੋ ਜੇ ਅਜੀਂ ਪ੍ਰਤਖ ਪਿਛੋਂ ਵਧਾਈਆਂ ਬਾਣੀਆਂ ਸ਼ਬਦ ਆਦਿ ਦਾ ਧਿਆਨ ਨਾ ਕਰੀਏ, ਅਤੇ ਠੀਕ ਅਸਲੀ ਉਤਾਰੇ ਨੂੰ ਹੀ ਲਈਏ, ਤਦ ਇਹ ਬੀੜ ਸਭ ਤੋਂ ਪੁਰਾਣੀ ਅਤੇ ਪ੍ਰਮਾਣਿਤ ਸਾਡੇ ਪਾਸ ਹੈ, ਜਿਸ ਕਰਕੇ ਇਹ ਬੜੇ ਮਹਤਵ ਅਤੇ ਗੌਰਵ ਦੀ ਚੀਜ਼ ਹੈ।

ਏਸ ਬੀੜ ਬਾਬਤ ਦੋ ਇਕ ਪ੍ਰਚੱਲਤ ਗ਼ਲਤੀਆਂ, ਜਾਂ ਜਾਣ ਬੁਝ ਕੇ ਫੈਲਾਈਆਂ ਝੂਠੀਆਂ ਗਲਾਂ, ਦੀ ਭੀ ਦਰੁਸਤੀ ਅਸੀਂ ਕਰ ਦੇਣਾ ਚਾਹੁੰਦੇ ਹਾਂ ।

ਕੋਈ ੨੬ ਵਰ੍ਹੇ ਹੋਏ ਹਨ, ਜਦ 'ਰਾਗਮਾਲਾ' ਸਬੰਧੀ ਚਰਚਾ ਬੜੇ ਜ਼ੋਰਾਂ ਵਿਚ ਸੀ ਅਤੇ ਵਰ੍ਹਾ ਭਰ ਹੁੰਦੀ ਰਹੀ ਸੀ, ਉਸ ਵੇਲੇ ਰਾਗ ਮਾਲਾ ਦੇ ਪਖੀਆਂ ਨੇ ਆਪਣੇ ਪਖ ਦੀ ਸਿਧੀ ਲਈ ਇਹ ਗਲ* ਫੈਲਾ ਦਿੱਤੀ ਸੀ ਕਿ ਮਾਂਗਟ ਵਾਲੀ ਬੀੜ 'ਅਸਲੀ' ਬੀੜ ਹੀ ਨਹੀਂ,

---

*ਪੰਜਾਬ ਵਿਚ ਫਿਰ ਕੇ, ਅਤੇ ਪ੍ਰਾਚੀਨ ਬੀੜਾਂ ਨੂੰ ਵੇਖ ਕੇ ਮੈਂ ਇਹ ਵੇਖਿਆ ਹੈ ਕਿ ਏਸੇ ਵਰਗੀਆਂ ਹੋਰ ਕਈ ਗ਼ਲਤ-ਬਿਆਨੀਆਂ ਕੀਤੀਆਂ ਗਈਆਂ ਸਨ, ਉਸ ਬਹਿਸ ਦੇ ਦੌਰਾਨ ਵਿਚ (sins of commission) ਅਤੇ ਕਈ ਗਲਾਂ ਜੋ ਦਸਣ ਵਾਲੀਆਂ ਸਨ, ਲੁਕਾਈਆਂ ਗਈਆਂ ਸਨ (sins of omission).



Sri Satguru Jagjit Singh Ji Elibrary NamdhariElibrary@gmail.com

ਮ੍ਰਖੋ ਅਸਲੀ ਬੀੜ ਕਿਸੇ ਕੁੜੀ ਦੇ ਦਾਜ ਵਿਚ, ਜੋ ਪਿੰਡੀ ਲਾਲਾ ਦੇ ਭਾਟੀਆਂ ਦੇ ਵਿਆਹੀ ਗਈ ਸੀ, ਦਿੱਤੀ ਗਈ ਸੀ । ਭਾਈ ਬਨੋਂ ਜੀ ਭਾਟੀਏ ਸਨ, ਅਤੇ ਬਨੋਆਨੀਏ ਭਾਈ ਜਿਨ੍ਹਾਂ ਪਾਸ ਇਹ ਮਾਂਗਟ ਵਾਲੀ ਬੀੜ ਹੁਣ ਹੈ, ਭਾਈ ਬਨੋ ਦੇ ਵੰਸ਼ਜ ਹਨ । ਅਸਲ ਬੀੜ ਦੇ ਦਾਜ ਵਿਚ ਦਿਤੇ ਜਾਣ ਵਾਲੀ ਗਲ ਗ਼ਲਤ ਹੈ। ਪਿੰਡੀ ਲਾਲਾ ਵਿਚ ਇਹ ਮੈਨੂੰ ਭੀ ਦਸਿਆ ਗਿਆ ਸੀ ਕਿ 'ਆਦਿ-ਬੀੜ' ਤੋਂ ਦੋ ਉਤਾਰੇ ਇਕ-ਸਾਥ ਹੋਣੇ ਆਰੰਭ ਹੋਏ ਸਨ, ਪਰ ਜੋ ਉਤਾਰਾ ਪਿੰਡੀ ਲਾਲਾ ਵਿਚ ਹੈ, ਉਹ ਉਸ ਵੇਲੇ ਪੂਰਾ ਨਾ ਹੋ ਸਕਿਆ ਅਤੇ ਪਿਛੋਂ ਪੂਰਾ ਕੀਤਾ ਗਿਆ । ਪਰ ਇਹ ਗਲ ਭੀ ਨਿਰਮੂਲ ਹੈ। ਪਿੰਡੀ ਲਾਲਾ ਵਾਲੀ ਬੀੜ ਦਾ ਵੱਡਾ ਹਿੱਸਾ ਜ਼ਰੂਰ ਪੁਰਾਣਾ ਲਿਖਿਆ ਹੈ, ਪਰ ਇਹ ਪੁਰਾਣਾ ਹਿੱਸਾ ਭੀ ਗੁਰੂ ਹਰ ਗੋਬਿੰਦ ਸਾਹਿਬ ਦੇ ਵੇਲੇ ਦੇ ਅਖ਼ੀਰ ਦਾ ਲਿਖਿਆ ਸਿਧ ਹੁੰਦਾ ਹੈ, ਅਤੇ ਬਾਕੀ ਦਾ ਹਿੱਸਾ ਮਾਂਗਟ ਵਾਲੀ ਬੀੜ ਨਾਲੋਂ ੯੪ ਵਰ੍ਹੇ ਪਿਛੋਂ । ਤਤਕਰੇ ਦੇ ਪਿਛੇ ਅਤੇ ਉਸੇ ਹਥ ਦਾ ਲਿਖਿਆ ਉਸਦੇ ਪੂਰਣ ਹੋਣ ਦਾ ਸੰਮਤ ਇਉਂ ਦਿਤਾ ਹੈ :-

"ਸੰਮਤ ੧੭੩੨ ਪੋਹ ੨੩ ਤ੍ਰੇਵੀਂ ਪੋਥੀ ਲਿਖੀ ਪਹੁਚੇ"

ਅਰਥਾਤ ਓਹੋ ਸੰਮਤ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ, ਜਾਂ ਗੁਰੂ ਗੋਬਿੰਦ ਸਿੰਘ ਗੁਰ-ਗੱਦੀ ਪੁਰ ਬੈਠੇ ।

ਸੋ ਜੇਕਰ ਇਸ ਗਲ ਦੀ ਕੁਝ ਬੁਨਿਆਦ ਹੈ ਕਿ ਕੋਈ ਬੀੜ ਕਿਸੇ ਕੁੜੀ ਦੇ ਦਾਜ ਵਿਚ ਦਿੱਤੀ ਗਈ, ਤਦ ਉਹ ਇਹੋ ਪਿਛੋਂ ਤਿਆਰ ਹੋਈ, ਅਤੇ ਹੋਰ ਭੀ ਪਿਛੋਂ ਪੂਰਣ ਹੋਈ ਬੀੜ ਹੋ ਸਕਦੀ ਹੈ, ਜੋ ਪਿੰਡੀ ਲਾਲਾ ਵਿਚ ਹੈ, ਨਾ ਕਿ ਭਾਈ ਬਨੋਂ ਵਾਲੀ ਬੀੜ ਜੋ ਸਦਾ ਮਾਂਗਟ ਵਿਚ ਰਹੀ ਹੈ ਅਤੇ ਹੁਣ ਭੀ ਓਥੇ ਈ ਹੈ। ਮਾਂਗਟ ਵਾਲੀ ਬੀੜ ਦੇ ਨਾਲ ਆਰੰਭ ਕੀਤਾ ਉਤਾਰਾ ਪਿੰਡੀ ਲਾਲਾ ਵਿਚ ਨਹੀਂ, ਸਗੋਂ ਕੁਝ ਮਹੀਨੇ ਹੀ ਪਿਛੋਂ ਮੁਕੰਮਲ ਹੋਇਆ ਉਤਾਰਾ ਪਿੰਡ 'ਬੋਹਤ' ਵਿਚ ਹੈ, ਜੋ ਅਰੋੜਿਆਂ ਦਾ ਪਿੰਡ ਹੈ, ਭਾਟੀਆਂ ਦਾ ਨਹੀਂ ।



Sri Satguru Jagjit Singh Ji Elibrary NamdhariElibrary@gmail.com

ਅਗੇ ਜਾਕੇ ਅਸੀਂ ਇਹਨਾਂ ਬੀੜਾਂ ਦਾ ਵੀ ਜ਼ਿਕਰ ਕਰਾਂਗੇ।

ਦੂਜੀ ਗ਼ਲਤ ਗਲ ਜੋ ਦਰੁਸਤ ਕਰਨ ਵਾਲੀ ਹੈ, ਉਹ ਭਾਈ ਬਨੋ ਵਾਲੀ ਬੀੜ ਦੇ ਨਾਮ ਜਾਂ ਉਪਨਾਮ ਬਾਬਤ ਹੈ। ਸਿਖਾਂ ਵਿਚ ਮਸ਼ਹੂਰ ਹੈ ਕਿ ਜਿਸ ਵੇਲੇ ਭਾਈ ਬਨੋ ਦੋਹਾਂ ਬੀੜਾਂ ਦੀਆਂ ਜਿਲਦਾਂ ਬਨ੍ਹਾਕੇ ਗੁਰੂ ਸਾਹਿਬ ਪਾਸ ਹਾਜ਼ਰ ਹੋਏ ਅਤੇ ਗੁਰੂ ਸਾਹਿਬ ਨੂੰ ਮਾਲੂਮ ਹੋਇਆ ਕਿ ਦੋ ਸ਼ਬਦ ਵਿਚ ਵਾਧੂ ਪਾਏ ਹਨ, ਤਦ ਦੂਜੀ ਬੀੜ ਦਾ ਨਾਮ ਉਹਨਾਂ 'ਖਾਰੀ ਬੀੜ' ਰਖ ਦਿੱਤਾ। ਇਹ ਮੂਲੋਂ ਗ਼ਲਤ ਹੈ। ਇਹ ਕਹਾਣੀ ਬਹੁਤ ਪਿਛੋਂ ਘੜੀ ਗਈ ਤੇ ਮਤਲਬੀਆਂ ਦੀ ਜਾਣ ਬੁਝਕੇ ਫੈਲਾਈ ਜਾਪਦੀ ਹੈ॥

ਜਿਸ ਕਸਬੇ ਨੂੰ ਅਜ ਕਲ 'ਮਾਂਗਟ' ਆਖਦੇ ਹਨ, ਉਸਦਾ ਪੁਰਾਣਾ ਨਾਮ ਜੋ ਨੇੜੇ ਦੇ ਸਮਿਆਂ ਤਕ ਵਰਤੀਂਦਾ ਚਲਾ ਆਇਆ ਹੈ, 'ਖ਼ਾਰਾ' ਸੀ, ਅਤੇ ਏਥੇ ਦੀ ਸੰਗਤ ਦਾ ਨਾਮ 'ਖਾਰੇ ਦੀ ਸੰਗਤ'। ਖ਼ੁਦ ਗੁਰੂ ਸਾਹਿਬਾਨ ਦੇ ਕਲਮੀ ਹੁਕਮਨਾਮਿਆਂ ਵਿਚ, ਜੋ ਹੁਣ ਤਕ ਬਨੋਆਨੀਆਂ ਭਾਈਆਂ ਪਾਸ ਮੌਜੂਦ ਹਨ, ਏਥੇ ਦੀ ਸੰਗਤ ਨੂੰ 'ਖਾਰੇ ਦੀ ਸੰਗਤ' ਕਹਿਕੇ ਸੰਬੋਧਨ ਕੀਤਾ ਹੈ। ਅਤੇ ਜੇਹੜੀਆਂ ਸਰਕਾਰੀ ਸਨਦਾਂ ਗੁਰਦਵਾਰੇ ਨਾਲ ਲਗੀ ਜਾਗੀਰ ਬਾਬਤ ਹਨ, ਉਹਨਾਂ ਵਿਚ ਨਾਮ ਕਿਤੇ 'ਖਾਰਾ' ਅਤੇ ਕਿਤੇ 'ਖਾਰਾ ਮਾਂਗਟ' ਕਰਕੇ ਦਿੱਤਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਦਿਤੇ ਪਰਵਾਣੇ ਮਿਤੀ ੨੯ ਸਾਵਨ ੧੮੮੧ ਵਿਚ 'ਖਾਰਾ ਮਾਂਗਟ' ਦਾ ਨਾਮ ਹੀ ਦਿੱਤਾ ਹੈ। ਏਸੇ ਤਰ੍ਹਾਂ ਜਾਗੀਰ ਦੇ Deed of Grant ਵਿਚ, ਜੋ ੭ ਜਨਵਰੀ ਸੰਨ ੧੮੫੩ ਨੂੰ ਗਵਰਨਰ ਜਨਰਲ ਨੇ ਮੰਨਜ਼ੂਰੀ ਦਿੱਤੀ, ਉਸ ਵਿਚ ਵੀ 'ਖਾਰਾ ਮਾਂਗਟ' ਹੀ ਲਿਖਿਆ ਹੈ। ਸੰਨ ੧੮੮੧ ਵਿਚ ਜੋ ਏਸ ਮਨਜ਼ੂਰੀ ਦੀ ਤਸਦੀਕ ਹੋਈ, ਉਸ ਵਿਚ 'ਖਾਰਾ ਮਾਂਗਟ' ਨਾਮ ਦੁਹਰਾਇਆ ਹੈ।

ਏਸੇ ਤਰ੍ਹਾਂ ਇਸ ਬੀੜ ਦਾ ਨਾਮ 'ਖਾਰੇ ਦੀ ਬੀੜ' ਸੀ ਨਾ ਕਿ



Sri Satguru Jagjit Singh Ji Elibrary NamdhariElibrary@gmail.com

ਧਾਰੀ ਬੀੜ'। ਪੰਡਤ ਤਾਰਾ ਸਿੰਘ ਜੀ ਨਰੋਤਮ ਨੇ ਵੀ ਪ੍ਰਚੱਲਤ ਗ਼ਲਤੀ ਨੂੰ ਬਿਨਾਂ ਸੋਚੇ ਸਮਝੇ ਦੁਹਰਾ ਦਿੱਤਾ ਹੈ।

'ਧਾਰਾ' ਦੀ ਤਵਾਰੀਖ ਬਹੁਤ ਪੁਰਾਣੀ ਹੈ। ਹਿੰਦੂ ਰਾਜਿਆਂ ਦੇ ਵਕਤ ਇਹ ਕੇਂਦਰੀ ਪੰਜਾਬ ਦੇ ਵਡੇ ਹਿਸੇ ਦੀ ਰਾਜਧਾਨੀ ਸੀ, ਅਤੇ ਏਸਦਾ ਨਾਮ 'ਢੱਕੀ' ਸੀ, ਜਿਸਦਾ ਜ਼ਿਕਰ 'ਹਯੂਨ ਤਸਾਂਗ' ਚੀਨੀ ਯਾਤਰੂ ਨੇ ਆਪਣੇ ਸਫਰਨਾਮੇ ਵਿਚ ਸਤਵੀਂ ਸਦੀ ਈਸਵੀ ਦੇ ਮੁਢ ਵਿਚ ਇਹੋ ਨਾਮ ਦੇਕੇ ਕੀਤਾ ਹੈ 'Tsekia'। ਭਾਵੇਂ ਜਨਰਲ ਕਨਿੰਘਮ ਸਾਹਿਬ ਨੇ 'ਢੱਕੀ' ਨੂੰ ਖਾਨਗਾਹ ਡੋਗਰਾਂ ਦੇ ਪਾਸ ਮਸਰੂਰ ਦੇ ਵਡੇ ਥੇਹ ਜਾਂ 'ਮੀਆਂ ਅਲੀ ਦਾ ਭਿੜ' ਵਿਚ ਜਾ ਲਭਾ ਹੈ, ਪਰ ਏਸ ਲਈ ਆਪ ਨੂੰ ਚੀਨੀ ਯਾਤਰੂ ਦੇ ਦਿਤੇ ਪਿੰਡਾਂ ਸ਼ਹਿਰਾਂ ਦੇ ਵਿਚਾਲੇ ਦੇ ਫ਼ਾਸਲਿਆਂ ਨੂੰ ਦਰੁਸਤ ਕਰਨਾ ਜਾਂ ਬਦਲਨਾ ਪਿਆ ਹੈ। ਦਸ ਮੀਲ (੬੦ ਲੀ ji) ਦੇ ਸੌ ਮੀਲ ਬਣਾਕੇ ਉਹ ਖ਼ਾਨਗਾਹ ਡੋਗਰਾਂ ਅਪੜੇ ਹਨ। ਫੇਰ ਉਥੇ 'ਢੱਕੀ' ਨਾਮ ਨਹੀਂ ਲਭਦਾ, ਜੋ ਕਿਸੇ ਰਵਾਇਤ ਆਦਿ ਵਿਚ ਵੀ ਨਹੀਂ ਆਉਂਦਾ, ਹਾਲਾਂਕਿ ਮਾਂਗਟ ਪਿੰਡ ਦੇ ਵਿਚਾਲੇ ਜੋ ਥੇਹ ਹੈ, ਅਤੇ ਜਿਸ ਉਤੇ ਤੇ ਜਿਸਦੇ ਪੈਰਾਂ ਵਿਚ ਮਾਂਗਟ ਵਸਿਆ ਹੈ ਉਸਨੂੰ ਹੁਣ ਤਕ 'ਢੱਕੀ' ਹੀ ਆਖਦੇ ਹਨ।*

ਕਿਸੇ ਸਮੇਂ ਏਥੋਂ ਦੇ ਰਾਜਾ ਦਾ ਨਾਮ 'ਖੰਖਾਰ' ਸੀ। 'ਖੰਖਾਰ' ਅਪਭ੍ਰੰਸ਼ ਸ਼ਬਦ ਹੈ, ਜੋ ਸਹਿਜੇ ਸਹਿਜੇ ਸੰਸਕ੍ਰਿਤ ਦੇ ਲਫ਼ਜ਼ ਸ਼੍ਰਿੰਗਾਰ ਤੋਂ ਬਣਿਆ ਹੈ:-

**शृंगार शिंगार षंखार खंखार खार खारे खारा**

'ਸ਼੍ਰਿੰਗਾਰ' ਵੀ 'ਮਦਨ' ਜਾਂ Love God ਦਾ ਦੂਜਾ ਨਾਮ ਸੀ, ਅਤੇ

---

*ਅਸਰੂਰ ਤੇ ਮਸਰੂਰ ਦੋ ਡੋਗਰ ਮੁਸਲਮਾਨ ਭਰਾ ਸਨ। ਖਾਨਗਾਹ ਡੋਗਰਾਂ, ਖਾਨਗਾਹ ਮਸਰੂਰ ਦੇ ਨਾਮ ਪੁਰ ਵੀ ਮਸ਼ਹੂਰ ਹੈ। ਇਹ ਦੋ ਭਰਾ ਅਕਬਰ ਦੇ ਰਾਜ ਦੇ ਸ਼ੁਰੂ ਵਿਚ ਜਾਂ ਸੂਰੀ ਪਠਾਨਾਂ ਦੇ ਵੇਲੇ ਹਏ ਹਨ।



Sri Satguru Jagjit Singh Ji Elibrary NamdhariElibrary@gmail.com

ਹੁਣ ਤਕ ਜੱਟਾਂ ਵਿਚ 'ਸ਼ਿਗਾਰਾ ਸਿੰਘ' ਆਦਿ ਦੀਆਂ ਸ਼ਕਲਾਂ ਵਿਚ ਵਰਤਿਆ ਜਾਂਦਾ ਹੈ।

ਰਾਜਾ ਖੰਖਾਰ ਦੇ ਨਾਮ ਪੁਰ ਕਸਬੇ ਦਾ ਨਾਮ 'ਢੱਕੀ ਖੰਖਾਰ' ਪੈ ਗਿਆ। ਪਿਛੋਂ ਇਹ ਕਸਬਾ ਅਸਲੋਂ ਗ਼ੈਰਆਬਾਦ ਹੋ ਗਿਆ ਅਤੇ ਸਦੀਆਂ ਤਕ ਗ਼ੈਰਆਬਾਦ ਪਿਆ ਰਿਹਾ। ਖਾਰੇ ਦੇ ਲੋਕ ਇਥੋਂ ਉਠਕੇ ਹੋਰ ਥਾਂ ਪਿੰਡ ਜਾ ਵਸਾਏ। 'ਖਾਰੇ' ਉਸ ਵੇਲੇ ਤਕ ਜੱਟਾਂ ਦੀ ਇਕ ਗੋਤ ਦਾ ਨਾਮ ਬਣ ਚੁਕਾ ਸੀ, ਸੋ ਇਹਨਾਂ ਲੋਕਾਂ ਦੇ ਨਵੇਂ ਵਸਾਏ ਪਿੰਡਾਂ ਦਾ ਨਾਮ ਵੀ ਇਹਨਾਂ ਤੋਂ 'ਖ਼ਾਰਾ' ਹੀ ਪਿਆ। ਜਿਸ ਤਰ੍ਹਾਂ ਖ਼ੁਦ ਗੁਜਰਾਤ ਦੇ ਜ਼ਿਲੇ ਵਿਚ 'ਖਾਰਿਆਂ,' ਅੰਮ੍ਰਿਤਸਰ ਦੇ ਜ਼ਿਲੇ ਵਿਚ 'ਖਾਰਾ' ਅਤੇ ਏਸੇ ਤਰ੍ਹਾਂ ਫੀਰੋਜ਼ਪੁਰ ਦੇ ਜ਼ਿਲੇ ਵਿਚ ਪਿੰਡ ਖਾਰਾ ਮੌਜੂਦ ਹਨ।

ਕੇਰ ਚਿਰਾਂ ਪਿਛੋਂ ਢੱਕੀ ਦੇ ਥੇਹ ਦੇ ਉਤ੍ਰ ਵਲ 'ਝੁਲਾਨੇ' ਜੱਟਾਂ ਨੇ ਇਕ ਪਿੰਡ 'ਝੁਲਾਨਾ' ਨਾਮ ਵਸਾਇਆ। ਏਹਨਾਂ ਦੇ ਚੌਧਰੀ ਦੀ ਕੁੜੀ ਕੁਝਰਾਂਵਾਲੇ* ਦੇ ਜ਼ਿਲੇ ਦੇ ਮਾਂਗਟ ਜਟਾਂ ਦੇ ਵਿਆਹੀ ਗਈ ਅਤੇ ਇਹ ਮਾਂਗਟ ਲੋਕ ਦਰਯਾ ਪਾਰ ਕਰ ਏਥੇ ਝੁਲਾਨੇ ਹੀ ਆ ਗਏ। 'ਢੱਕੀ ਖਾਰਾ' ਦੀ ਸਾਰੀ ਜ਼ਮੀਨ ਝੁਲਾਨੇ ਪਿੰਡ ਵਿਚ ਹੀ ਗਿਨੀ ਜਾਂਦੀ ਸੀ। ਮਾਂਗਟਾਂ ਨੇ ਏਥੇ ਇਕ ਪਿੰਡ ਵਸਾਇਆ, ਜਿਸਦਾ ਨਾਮ ਪੁਰਾਣੇ ਨਾਮ ਤੋਂ ਹੌਲੀ ਹੌਲੀ 'ਖਾਰਾ ਮਾਂਗਟ' ਅਤੇ ਪਿਛਲੀਆਂ ਦੋ ਸਦੀਆਂ ਵਿਚ ਨਿਰਾ 'ਮਾਂਗਟ' ਮਸ਼ਹੂਰ ਹੋ ਗਿਆ। ਅਤੇ ਹੁਣ 'ਮਾਂਗਟ ਭਾਈ ਬਨੋ' ਜਾਂ ਨਿਰਾ 'ਮਾਂਗਟ ਭਾਈ' ਅਖਵਾਂਦਾ ਹੈ। 'ਝੁਲਾਨਾਂ' ਅਤੇ 'ਮਾਂਗਟ' ਦੋਵੇਂ ਗੁਜਰਾਂ ਦੀਆਂ ਗੋਤਾਂ ਹਨ, ਪਰ ਜੱਟ ਦੇ ਖੁਲੇ ਅਰਥ 'ਕਾਸ਼ਤਕਾਰ' ਦੇ ਲੈਕੇ 'ਜੱਟ' ਹੀ ਅਖਾਂਦੇ ਹਨ।

ਭਾਈ ਬਨੋ ਦਾ ਦਾਦਾ ਜਾਂ ਪੜਦਾਦਾ 'ਸ਼ਾਹ-ਵਣਜਾਰਗੀ' ਲਈ

---

*'ਕੁਝੌਰ' ਜੱਟ ਸਨ, 'ਗੁਜਰਾਤ' ਦੀ ਨਕਲ ਪੁਰ, ਜੋ ਅਕਬਰ ਨੇ ਡਾਕੂ ਗੁਜਰਾਂ ਵਾਸਤੇ ਵਸਾਇਆ ਸੀ, ਗਲਤੀ ਨਾਲ ਏਸਨੂੰ ਵੀ 'ਗੁਜਰਾਂ-ਵਾਲਾ' ਕਿਹਾ ਜਾਂਦਾ ਹੈ। ਇਹ ਕਦੇ ਗੁਜਰਾਂ ਦਾ ਪਿੰਡ ਨਹੀਂ ਸੀ।



Sri Satguru Jagjit Singh Ji Elibrary NamdhariElibrary@gmail.com

No. 2

# ਪ੍ਰਾਚੀਨ ਬੀੜਾਂ ਵਿਚ ਪੁਰਾਣੀ ਸ਼ਕਲਾਂ ਦੇ ਅਖਰ ਤੇ ਅੰਕ




Traced by G.B.S.

ਮਾਂਗਟਾਂ [illegible] ਪਿੰਡ ਵਿਚ ਆ ਵਸਿਆ ਸੀ।

## Addenda ਵਾਧੂ ਗਲਾਂ

ਉਪਰ ਮੈਂ ਲਿਖਿਆ ਸੀ ਕਿ ਜੇ ਮੇਰੇ ਪੁਛ ਭੇਜੇ ਸਵਾਲਾਂ ਦਾ ਜਵਾਬ ਮੈਨੂੰ ਮਿਲ ਗਿਆ, ਤਦ ਕੋਈ ਨਿਸਚਿਤ ਗੱਲ ਲਿਖ ਸਕਾਂਗਾ। ਹੁਣ ਮੈਨੂੰ ਨਾ ਨਿਰਾ ਮੇਰੇ ਸਵਾਲਾਂ ਦਾ ਜਵਾਬ ਮਿਲ ਗਿਆ ਹੈ, ਸਗੋਂ ਸਰਦਾਰ ਬਿਸ਼ਨ ਸਿੰਘ ਜੀ ਬਨੋਅਨੀਏ ਨੇ, ਜੋ ਸਿਆਣੇ ਸਜਨ ਹਨ, ਅਤੇ ਇਹੋ ਜਿਹੀ ਖੋਜ ਪੜਤਾਲ ਦੇ ਸ਼ੌਕੀਨ ਜਾਪਦੇ ਹਨ, ਆਪਣੀ ਬੀੜ ਵਿਚੋਂ ਵੀ, ਤੇ 'ਬੋਹਤ' ਅਤੇ ਪਿੰਡੀ ਲਾਲਾ ਜਾ ਕੇ ਉਹਨਾਂ ਬੀੜਾਂ ਵਿਚੋਂ ਵੀ ਮੇਰੇ ਸਵਾਲਾਂ ਦੇ ਜਵਾਬ ਢੂੰਡਕੇ, ਮੈਨੂੰ ਲਾਹੌਰ ਆ ਕੇ ਦਰਸ਼ਨ ਦੇਣ ਦੀ ਖੇਚਲ ਕੀਤੀ, ਅਤੇ ਇਹਨਾਂ ਸਵਾਲਾਂ ਸਬੰਧੀ ਮੇਰੇ ਨਾਲ ਚਰਚਾ ਭੀ ਕੀਤੀ। ਮੈਂ ਉਹਨਾਂ ਦਾ ਬੜਾ ਧਨਵਾਦੀ ਹਾਂ।

(੧) ਆਪ ਨੇ ਦਸਿਆ ਕਿ 'ਰਾਗ ਮਾਰੂ ਵਿਚ ਮੀਰਾਂਬਾਈ ਦਾ ਸ਼ਬਦ ਰਾਗ ਦੇ ਅੰਤ ਪੁਰ ਹੈ, ਅਤੇ ਉਸ ਦੇ ਪਿਛੇ ਹੋਰ ਕੁਝ ਨਹੀਂ। ਪਰ ਇਹ ਉਸੇ ਹਥ ਦਾ ਲਿਖਿਆ ਹੈ ਕਿ ਜਿਸ ਹਥ ਦੇ ਉਸ ਤੋਂ ਪਹਿਲੇ ਲਿਖੇ ਜੈਦੇਵ ਅਤੇ ਰਵਿਦਾਸ ਦੇ ਸ਼ਬਦ। ਇਹ ਸ਼ਬਦ ਪਿਛੋਂ, ਕਿਸੇ ਦਾ ਲਿਖਿਆ ਨਹੀਂ, ਅਸਲ ਦਾ ਹਿੱਸਾ ਹੈ।' ਸਿੱਟਾ ਇਹ ਨਿਕਲਿਆ ਕਿ ਜਿਸ ਵੇਲੇ ਭਾਈ ਬੰਨੋ ਵਾਲੀ ਬੀੜ ਗੁਰੂ ਅਰਜਨ ਸਾਹਿਬ ਦੇ ਸਾਹਮਣੇ ਆਈ, ਉਸ ਵੇਲੇ ਇਹ ਸ਼ਬਦ ਬੀੜ ਵਿਚ ਮੌਜੂਦ ਸੀ।

(੨) 'ਸਾਰੰਗ ਰਾਗ ਵਿਚ ਸੂਰਦਾਸ ਦੇ ਸ਼ਬਦਾਂ ਦੀ ਪ੍ਰਕ੍ਰਿਤਿ ਇਹ ਹੈ:-

ਪਰਮਾਨੰਦ ਦਾ ਸ਼ਬਦ।
(ੳ) ਛਾਡ ਮਨ ਹਰਿ ਬੇਮੁਖਨ ਕੋ ਸੰਗ।
(ਅ) ਹਰਿਕੇ ਸੰਗ ਬਸੇ ਹਰਿ ਲੋਕਾ।



Sri Satguru Jagjit Singh Ji Elibrary NamdhariElibrary@gmail.com

ਇਹਨਾਂ ਤੋਂ ਪਿਛੇ ਕਬੀਰ ਜੀ ਦਾ ਸ਼ਬਦ ਹੈ :–

ਹਰ ਬਿਨ ਕਉਨ ਸਹਾਈ ਮਨ ਕਾ ॥

"'ਛਾਡ ਮਨ ਹਰਿ ਬੇਮੁਖਨ ਕੋ ਸੰਗ' ਵਾਲਾ ਸਾਰਾ ਸ਼ਬਦ ਭਾਵੇਂ ਏਥੇ ਲਿਖਿਆ ਹੈ, ਪ੍ਰੰਤੂ ਪਹਿਲੀ ਤੁਕ ਹੀ ਆਪਣੇ ਤੋਂ ਪਹਿਲੀ ਲਿਖਿਤ ਨਾਲ ਮਿਲਦੀ ਹੈ, ਅਗੇ ਸਾਰਾ ਸ਼ਬਦ ਹੋਰ ਲਿਖਿਤ ਦਾ ਹੈ। ਉਸ ਦੇ ਪਿਛੋਂ ਦੂਜਾ ਸ਼ਬਦ ਸੂਰਦਾਸ ਦਾ, ਅਤੇ ਪਿਛੋਂ ਕਬੀਰ ਦਾ ਸ਼ਬਦ ਪਹਿਲੀ ਕਲਮ ਦੇ ਹੀ ਲਿਖੇ ਹਨ।

ਇਹ ਸ਼ਬਦ ਪਿਛੋਂ ਦਾ ਵਧਾਇਆ ਨਹੀਂ ਬਣ ਸਕਦਾ ॥"

ਸਿੱਟਾ ਇਹ ਨਿਕਲਿਆ ਕਿ ਜਿਸ ਵੇਲੇ ਲਿਖਾਰੀ ਮਾਂਗਟ ਤੋਂ ਲਾਹੌਰ ਆਉਂਦਾ ਨਕਲ ਕਰ ਰਿਹਾ ਸੀ, ਤਦ ਉਸ ਨੂੰ ਇਹ ਸ਼ਬਦ ਯਾਦ ਆਇਆ, ਪਰ ਸਾਰੀਆਂ ਤੁਕਾਂ ਚੰਗੀ ਤਰ੍ਹਾਂ ਯਾਦ ਨਹੀਂ ਸਨ, ਜਾਂ ਉਹਨਾਂ ਦੇ ਲਫ਼ਜ਼ਾਂ ਬਾਬਤ ਕੁਝ ਸ਼ਕ ਸੀ। ਸੋ ਉਸ ਨੇ ਪਹਿਲੀ ਤੁਕ ਤਾਂ ਮੂੰਹ ਜ਼ਬਾਨੀ ਲਿਖ ਦਿਤੀ, ਉਪਰਲੇ ਪਰਮਾਨੰਦ ਦੇ ਸ਼ਬਦ ਦੇ ਨਾਲ ਹੀ ਮਿਲਾ ਕੇ, ਬਿਨਾਂ ਨਵਾਂ ਸਿਰ-ਲੇਖ 'ਸੂਰਦਾਸ' ਦਾ ਦੇਣ ਦੇ, ਅਤੇ ਬਾਕੀ ਛੇ ਤੁਕਾਂ ਵਾਸਤੇ ਥਾਂ ਛਡ ਕੇ, ਸੂਰਦਾਸ ਦਾ ਦੂਸਰਾ ਸ਼ਬਦ, ਸਾਹਮਣੇ ਪਈ ਸੈਂਚੀ ਤੋਂ ਨਕਲ ਕਰ ਦਿੱਤਾ। ਬਾਕੀ ਦੀਆਂ ਛੇ ਤੁਕਾਂ ਗਾਲਿਬਨ ਜਿਸ ਵੇਲੇ ਬੀੜ ਪੰਚਮ ਪਾਤਸ਼ਾਹੀ ਦੇ ਹਜ਼ੂਰ ਪੇਸ਼ ਹੋਈ, ਉਸ ਵਿਚ ਹਾਲੀ ਨਹੀਂ ਸਨ, ਲਿਖੀਆਂ ਗਈਆਂ ਪਿਛੋਂ ਤਲਾਸ਼ ਕਰ ਕੇ, ਜਾਂ ਕਿਸੇ ਹੋਰ ਲਿਖਾਰੀ ਨੇ, ਜਿਸ ਨੂੰ ਇਹ ਚੰਗੀ ਤਰ੍ਹਾਂ ਯਾਦ ਸਨ, ਲਿਖ ਦਿਤੀਆਂ।*

---

*ਗੁਰਦਵਾਰਾ ਨਾਨਕਸ਼ਾਹੀ ਬ੍ਰਹਮਕੁੰਡ ਅਜੁਧਿਆ ਵਿਚ ਉਥੋਂ ਦੇ ਮਹੰਤ 'ਸ਼ਤਰੂਜੀਤ ਸਿੰਘ' ਜੀ ਦੇ ਮੂੰਹੋਂ ਪਹਿਲੀ ਵਾਰ ਮੈਨੂੰ ਇਸ ਸੂਰਦਾਸ ਦੇ ਵਾਧੂ ਸ਼ਬਦ ਦੇ ਗ੍ਰੰਥ ਸਾਹਿਬ ਵਿਚ ਮੌਜੂਦ ਹੋਣ ਦੀ ਖ਼ਬਰ ਮਿਲੀ ਸੀ। ਇਤਿਫ਼ਾਕ ਦੀ ਗਲ ਸਮਝੋ, ਉਹ ਭੀ ਮੈਨੂੰ ਪਹਿਲੀ ਤੁਕ ਤੇ ਕੁਝ ਥੋੜੇ ਲਫ਼ਜ਼ ਦੂਜੀਆਂ ਤੁਕਾਂ ਦੇ ਸੁਣਾ ਸਕੇ ਸਨ।



Sri Satguru Jagjit Singh Ji Elibrary NamdhariElibrary@gmail.com

ਇਸ ਸੂਰਦਾਸ ਦੇ ਸ਼ਬਦ ਅਤੇ ਮੀਰਾਂਬਾਈ ਦੇ ਉਪਰ ਦਸੇ ਸ਼ਬਦ, ਅਤੇ ਅੰਤ ਪੁਰ ਫ਼ਾਲਤੂ ਸਲੋਕਾਂ ਨੂੰ ਦਰਜ ਕਰਨ ਦੀ ਵਜਹ ਇਹ ਹੋਈ ਜਾਪਦੀ ਹੈ ਕਿ ਇਹ ਸਭ ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚ ਦਰਜ ਸਨ।

(੩) " 'ਬਸੰਤ ਕੀ ਵਾਰ' ਰਾਗ ਬਸੰਤ ਹੇਠਾਂ ਭਗਤਾਂ ਦੀ ਬਾਣੀ ਤੋਂ ਪਹਿਲੇ, ਥਾਂ ਸਿਰ ਦਿਤੀ ਹੈ। ਤਤਕਰੇ ਵਿਚ ਪੰਨੇ ਦਾ ਅੰਕ ਸਾਫ਼ ਦਿਤਾ ਹੈ।"

'ਆਦਿ-ਬੀੜ' ਵਿਚ ਇਹ ਛੇਕੜਲੇ ਵਰਕੇ ਪੁਰ 'ਚਲਿਤ੍ਰ ਜੋਤੀਜੋਤ ਸਮਾਵਨ ਕੇ' ਤੋਂ ਪਹਿਲੇ ਅੰਦਰਲੇ ਸਫ਼ੇ ਪੁਰ ਸੀ, ਲਿਖਾਰੀ ਨੇ ਉਥੋਂ ਚੁਕ ਕੇ ਰਾਗ ਹੇਠਾਂ ਲਿਖ ਦਿੱਤੀ।

(੪) "ਇਹ ਮਨਣ ਵਾਲੀ ਗਲ ਹੈ ਜੋ ਵਾਧੂ ਬਾਣੀ ਭਾਈ ਸਾਹਿਬ ਜੀ ਨੇ ਇਕੱਠੀ ਇਕੋ ਵਾਰੀ ਬੀੜ ਵਿਚ ਲਿਖੀ ਹੋਵੇ, ਪ੍ਰੰਤੂ ਬੀੜ ਦੀ ਤਿਆਰੀ ਦੇ ਵਕਤ, ਅਤੇ ਸ੍ਰੀ ਗੁਰੂ ਅਰਜਨ ਦੇਵ ਪੰਚਮ ਪਾਤਸ਼ਾਹੀ ਦੇ ਹਜ਼ੂਰ ਲਿਜਾਨ ਤੋਂ ਪਹਿਲੇ। ਪਿਛੋਂ ਕੋਈ ਬਾਣੀ ਨਹੀਂ ਲਿਖੀ ਗਈ।"

ਇਹ ਅਸੀਂ ਖ਼ਾਲੀ ਅੰਦਰ ਦਰਜ ਕੀਤੀਆਂ ਬਾਣੀਆਂ ਬਾਬਤ ਹੀ ਮਨ ਸਕਦੇ ਹਾਂ, ਪਰ ਜੇਹੜੀਆਂ ਬਾਣੀਆਂ ਗ੍ਰੰਥ ਸਾਹਿਬ ਦੇ ਪਿਛੇ ਹਨ, ਉਹਨਾਂ ਬਾਬਤ ਨਹੀਂ।

(੪ ੳ) "ਗ੍ਰੰਥ ਸਾਹਿਬ ਦੇ ਅੰਤ ਪੁਰ ਇਹ ਵਾਧੂ ਬਾਣੀਆਂ ਹੇਠ ਦਿਤੀ ਤਰਤੀਬ ਵਿਚ ਮੌਜੂਦ ਹਨ :-

(ੳ) ਸ਼ਲੋਕ, 'ਜਿਤ ਦਰ ਲਖ ਮੁਹਮਦਾ।'
(ਅ) ਸਲੋਕ, 'ਬਾਇ ਆਤਿਸ਼ ਆਬ।'
(ੲ) ਰਤਨਮਾਲਾ।
(ਸ) ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ।
(ਹ) ਰਾਗ ਮਾਲਾ।



Sri Satguru Jagjit Singh Ji Elibrary NamdhariElibrary@gmail.com

ਰਾਗ ਕਾਨੜਾ ਤੋਂ ਲੈ ਕੇ ਇਸ ਵਾਧੂ ਬਾਣੀ ਸਮੇਤ ਰਾਗਮਾਲਾ ਤੇ ਸਿਆਹੀ ਕੀ ਬਿਧੀ ਇਕ ਹਥ ਦੀ ਲਿਖਿਤ ਹੈ।"

ਜੇ ਇਹ ਠੀਕ ਹੈ, ਤਦ ਸਾਨੂੰ ਕਹਿਣਾ ਪਵੇਗਾ ਕਿ ਇਹ ਸਾਰੇ ਵਰਕੇ ਭਾਈ ਬਨੋ ਜੀ ਦੇ ਲਿਖਾਰੀਆਂ ਵਿਚੋਂ ਕਿਸੇ ਦੀ ਲਿਖਿਤ ਨਹੀਂ, ਬਲਕਿ ਫਿਰ ਪਿਛੋਂ ਕਿਸੇ ਹੋਰ ਨੇ ਲਿਖ ਕੇ ਪਾਏ ਹਨ। ਅਸਲ ਬੀੜ ਦੇ ਛੇਕੜਲੇ ਕੁਝ ਵਰਕੇ ਖਸਤਾ ਹੋ ਗਏ ਹੋਣਗੇ ਜਾਂ ਪਾਟ ਗਏ ਹੋਣਗੇ।

'ਹਕੀਕਤ ਰਾਹ ਮੁਕਾਮ ਰਾਜਾ ਸ਼ਿਵਨਾਭ ਕੀ' ਵਿਚ ਤੰਜੋਰ ਵਿਚ 'ਨਾਯਿਕ*-ਰਾਜ' ਹੋਣ ਅਤੇ ਤੰਜੋਰ ਦੇ ਨਾਯਿਕ ਦਾ ਨਾਮ ਦਿਤਾ ਹੈ। ਤੰਜੋਰ ਵਿਚ ਨਾਯਿਕਾਂ ਦਾ ਰਾਜ ਸੰਨ ੧੫੩੨ (ਸੰਮਤ ੧੫੮੯) ਵਿਚ ਕਾਇਮ ਹੋਇਆ ਹੈ। ਉਹ ਨਾਯਿਕ, ਜਿਸ ਵਲ 'ਹਕੀਕਤ ਰਾਹ ਮੁਕਾਮ' ਵਿਚ ਇਸ਼ਾਰਾ ਹੈ ਤੰਜੋਰ ਦਾ ਛੇਕੜਲਾ ਨਾਯਿਕ ਸੀ, ਜਿਸ ਨੂੰ ਬੀਜਾਪੁਰ ਦੇ ਜਰਨੈਲ 'ਏਕੋ ਜੀ ਭੋਂਸਲੇ' (ਸ਼ਿਵਾਜੀ ਦਾ ਛੋਟਾ ਭਰਾ) ਨੇ ਮਦਦ ਦੇ ਕੇ ਗਦੀ ਤੇ ਬਿਠਾਇਆ ਸੀ। ਏਕੋ ਜੀ ਦੇ ਭਾਗਾਂ ਨੂੰ ਸੁਲਤਾਨ ਬੀਜਾਪੁਰ ਇਹਨੀ ਦਿਨੀਂ ਹੀ ਮਰ ਗਿਆ; ਅਤੇ ਕੁਝ ਸਾੜ ਬਾੜ ਹੋ ਕੇ ਏਕੋ ਜੀ ਨੇ ਨਾਯਿਕ ਨੂੰ ਕਢ ਕੇ ਤੰਜੋਰ ਦਾ ਰਾਜ ਆਪ ਸੰਭਾਲ ਲਿਆ। ਇਸ ਤਰ੍ਹਾਂ ਤੰਜੋਰ ਵਿਚ ਮਰਹਟਿਆਂ ਦਾ ਰਾਜ ਹੋ ਗਿਆ। ਇਹ ਵਾਕਿਆ ਸੰਨ ੧੬੭੩ ਦਾ ਹੈ। ਪਿਛਲਾ ਨਾਯਿਕ ਤੰਜੋਰ ਦਾ ਕੁਝ ਮਹੀਨੇ ਹੀ ਗੱਦੀ ਪੁਰ ਰਿਹਾ ਸੀ। ਮੈਂ ਆਪਣੀ ਕਿਤਾਬ 'ਸਾਖੀਆਂ ਦੀ ਹਕੀਕਤ' ਵਿਚ ਇਸ ਵਿਸ਼ੇ ਤੇ ਪੂਰੀ ਵਿਚਾਰ ਕੀਤੀ ਹੈ। ਸੋ 'ਹਕੀਕਤ ਰਾਹ ਮੁਕਾਮ ਰਾਜਾ ਸ਼ਿਵਨਾਭ ਕੀ' ਨੂੰ,

---

*ਜਿੰਜੀ, ਤੰਜੋਰ ਅਤੇ ਮਦੁਰਾ ਵਿਚ ਵਿਜਯਨਗਰ ਰਾਜ ਨੇ ਤਾਮਿਲ ਰਾਜਿਆਂ ਨੂੰ ਕਢਕੇ ਆਪਣੇ ਰਿਸ਼ਤੇਦਾਰ ਤੇਲੰਗਾਂ ਨੂੰ ਸੂਬੇਦਾਰ ਮੁਕੱਰਰ ਕੀਤਾ ਸੀ, ਇਹ ਸੂਬੇਦਾਰ ਜਾਂ ਨਾਯਿਕ ਛੇਤੀ ਹੀ ਬਾਗ਼ੀ ਹੋ ਕੇ ਥਾਓਂ ਥਾਈਂ ਖ਼ੁਦ ਮੁਖ਼ਤਾਰ ਹੋ ਬੈਠੇ। ਵਿਜਯਨਗਰ ਰਾਜ ਦਾ ਨਾਮ ਹੀ ਰਾਮ ਰਾਜ ਸੀ।



Sri Satguru Jagjit Singh Ji Elibrary NamdhariElibrary@gmail.com

ਸੰਨ ੧੬੭੩ ਤੋਂ ਥੋੜਾ ਪਹਿਲੋਂ ਹੀ ਰਖ ਸਕਦੇ ਹਾਂ, ਅਰਥਾਤ ਜਦੋਂ ਕੋਈ ਨੀਮ ਪੜ੍ਹਿਆ (ਕਚ-ਘਰੜ ਪੜ੍ਹਿਆ) ਸਾਧੂ ਉਧਰ ਗਿਆ ਅਤੇ ਉਥੋਂ ਦੇ ਨਾਵਾਂ ਆਦਿ ਨੂੰ ਵਿਗਾੜ ਕੇ ਏਸ ਲੇਖ ਵਿਚ ਲਿਖ ਦਿਤਾ।

(੫) "ਸ੍ਰੀ ਗੁਰੂ ਨਾਵੀਂ ਪਾਤਸ਼ਾਹੀ ਦੀ ਬਾਣੀ' ਉਪਰ ਵਾਲੀ ਕਲਮ ਸਿਆਹੀ ਦੀ ਨਹੀਂ ਜਿਸ ਦੀ ਕਿ ਪਿਛੇ ਬਾਣੀ ਲਿਖੀ ਗਈ ਹੈ। ਇਹ ਸੈਂਚੀ ਵਖਰੇ ਹੀ ਕਾਗ਼ਜ਼ ਅਤੇ ਵਖਰੀ ਹੀ ਲਿਖਿਤ ਦੀ ਪਿਛੋਂ ਦਸਵੇਂ ਪਾਤਸ਼ਾਹ ਜੀ ਦੇ ਵਕਤ ਏਥੇ ਆਈ, ਜੋ ਅਜ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਦੇ ਪਿਛੋਂ ਵਖਰੀ ਸੈਂਚੀ ਦਿਤੀ ਹੈ, ਅਤੇ ਜੋ ਰਾਗ ਗਉੜੀ (ਦੇ ਸ਼ਬਦਾਂ) ਤੋਂ ਚਲ ਕੇ ਰਾਗਾਂ ਦੇ [illegible]ਮ ਅ[illegible]ਸਾਰ ਸ਼ਲੋਕ ਨਾਵੀਂ ਪਾਤਸ਼ਾਹੀ ਤਕ ਹੈ।"

ਹੋ ਸਕਦਾ ਹੈ ਕਿ ਇ[illegible]ਰ ਹੀ ਹੋਇਆ ਹੋਵੇ।

(੬) "'ਚਲਿਤ੍ਰ ਜੋਤੀਜੋਤਿ ਸਮਾਨ' ਦੇ ਪੰਜ ਪਾਤਸ਼ਾਹੀਆਂ ਦੇ ਇਕ ਹਥ ਦੇ ਹੈਨ, ਅਗੇ ਛੇਵੀਂ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਤਕ ਵਖੋ ਵਖ ਹਥਾਂ ਦੇ ਹੈਨ।"

ਸੋ ਇਹ ਪਤ੍ਰਾ ਪੰਜਵੇਂ ਗੁਰੂ ਦੇ ਚਲਾਣੇ ਤੋਂ ਪਿਛੋ ਲਿਖਿਆ ਗਿਆ। ਬਾਕੀ ਥਿਤਾਂ ਸਮੇਂ ਸਮੇਂ ਲਿਖੀਂਦੀਆਂ ਰਹੀਆਂ, ਅਰਥਾਤ ਨਾਵੇਂ ਗੁਰੂ ਤਕ 'ਨਾਵੇਂ ਮਹਲ ਦੀ ਬਾਣੀ' ਲਿਖਣ ਵਾਲੇ ਦੀ ਹਥੀਂ, ਅਤੇ ਦਸਵੇਂ ਗੁਰੂ ਦੀ ਥਿਤ ਹੋਰ ਕਿਸੇ ਦੀ ਹਥੀਂ, ਹੋਰ ਭੀ ਪਿਛੋਂ।

ਇਸ ਤੋਂ ਜੋ ਕੁਝ ਉਪਰ (੪ੳ) ਵਿਚ ਲਿਖਿਆ ਹੈ, ਉਸਦੀ ਪ੍ਰੋੜ੍ਹਤਾ ਹੁੰਦੀ ਹੈ।

੭. (ੳ) 'ਮੁੰਦਾਵਣੀ' ਪੰਚਮ ਪਾਤਸ਼ਾਹੀ ਦੇ 'ਸ਼ਲੋਕ ਵਾਰਾਂ ਤੇ ਵਧੀਕ' ਦੇ ਪਿਛੇ ਨਾਲ ਹੀ ਮਿਲਕੇ ਲਿਖੀ ਹੈ। ਤਤਕਰੇ ਵਿਚ ਇਸਦੀ ਪ੍ਰਤੀਕ ਨਹੀਂ ਦਿੱਤੀ।

(ਅ) ਤਤਕਰਾ ਰਾਗਾਂ ਦਾ ਪਹਿਲੇ ਦਿੱਤਾ ਹੈ, ਜਿਸ ਵਿਚ ਰਾਗਾਂ



Sri Satguru Jagjit Singh Ji Elibrary NamdhariElibrary@gmail.com

ਦੇ ਪਿਛੇ ਇਹ ਚੀਜ਼ਾਂ ਹਨ:-

ਸ਼ਲੋਕ ਸਹਸਕ੍ਰਿਤਿ, ਗਾਥਾ, ਸਲੋਕ ਕਬੀਰ ਜੀ, ਸਲੋਕ ਫਰੀਦ ਜੀ, ਸਵੇਯੇ, ਸ਼ਲੋਕ ਵਾਰਾਂ ਤੇ ਵਧੀਕ, ਸਲੋਕ ਜਿੱਤ ਦਰ ਲਖ ਮੁਹਮਦਾ, ਰਤਨਮਾਲਾ, ਹਕੀਕਤ ਰਾਹਮੁਕਾਮ ਰਾਜੇ ਸ਼ਿਵਨਾਭ ਕੀ, ਰਾਗ ਮਾਲਾ।

ਇਹ ਪ੍ਰਤੀਕਾਂ ਦਿਤੀਆਂ ਹਨ ਅਤੇ ਪੱਨਿਆਂ ਦੇ ਅੰਕ ਵੀ ਦਿਤੇ ਹਨ ।

(ੲ) "ਅਤੇ ਤਤਕਰਾ 'ਰਾਗਾਂ ਕੇ ਸ਼ਬਦਾਂ ਕਾ' ਹੈ, ਪ੍ਰੰਤੂ ਭਗਤਾਂ ਦੀ ਬਾਣੀ ਸਾਰੀ ਦਾ ਇਕੋ ਪੱਨਾ ਦਿੱਤਾ ਗਿਆ ਹੈ, ਵਖ ਵਖ ਸ਼ਬਦਾਂ ਦਾ ਪੱਨਾ ਨਹੀਂ। ਇਹੋ ਢੰਗ ਸਾਰੇ ਰਾਗਾਂ ਹੇਠਾਂ ਵਰਤਿਆ ਹੈ । ਭਗਤਾਂ ਦੀ ਬਾਣੀ ਦਾ ਤਤਕਰਾ ਏਸੇ ਤਰ੍ਹਾਂ ਹੈ।"

ਸਿੱਟੇ ਇਹ ਨਿਕਲੇ (ੳ) ਮੁੰਦਾਵਣੀ ਗ੍ਰੰਥ ਸਾਹਿਬ ਦੇ ਅੰਤ ਪੁਰ 'ਇਤਿ' ਲਈ ਨਹੀਂ । (ਅ) 'ਫੁਨਹੇ', 'ਚਉਬੋਲੇ' ਅਤੇ 'ਭਟਾਂ ਦੇ ਸਵੈਯੇ' ਦਾ ਜ਼ਿਕਰ ਨਹੀਂ ਕੀਤਾ, ਨਾਂ ਸਲੋਕ 'ਬਾਇ ਆਤਿਸ਼ ਆਬ' ਬਾਬਤ ਕੁਝ ਕਿਹਾ ਹੈ। (ੲ) ਤਤਕਰੇ ਦੀ ਤਿਆਰੀ ਵਿਚ ਕੁਝ ਖੁਲ੍ਹ ਲੈ ਲਈ ਹੈ ।

੮. "ਇਹ ਸਚ ਹੈ ਕਿ ਰਹਿਰਾਸ ਦੇ ਸ਼ਬਦ, ਇਸ ਬੀੜ ਵਿਚ ਕੁਲ ਪੰਜ ਹੀ ਹਨ (ਸੋ ਦਰ, ਸੁਣ ਵਡਾ, ਆਖਾਂ ਜੀਵਾਂ, ਹਰਿਕੇ ਜਨ, ਕਾਹੇ ਰੇ ਮਨ)। ਬਾਕੀ ਚਾਰ ਸ਼ਬਦ (ਸੋ ਪੁਰਖ, ਤੂੰ ਕਰਤਾ, ਤਿਤ ਸਰਵਰੜੇ, ਭਈ ਪ੍ਰਾਪਤ) ਇਸ ਬੀੜ ਵਿਚ ਰਹਿਰਾਸ ਵਿਚ ਨਹੀਂ ਹਨ।"

ਸਿੱਟਾ ਇਹ ਨਿਕਲਿਆ ਕਿ ਆਦਿ ਬੀੜ ਵਿਚ ਇਹ ਚਾਰ ਸ਼ਬਦ ਨਿਤਨੇਮ ਦੀ ਬਾਣੀ ਨਾਲ ਲਿਖਣੋਂ ਰਹਿ ਗਏ ਸਨ। ਹੋਰ ਪ੍ਰਾਚੀਨ ਬੀੜਾਂ ਭੀ ਇਸ ਗਲ ਦੀ ਪ੍ਰੋੜ੍ਹਤਾ ਕਰਦੀਆਂ ਹਨ।



Sri Satguru Jagjit Singh Ji Elibrary NamdhariElibrary@gmail.com

# ੪. ਬੋਹਤ (ਤਹਸੀਲ ਫਾਲੀਆ) ਵਾਲੀ ਬੀੜ

ਭਾਈ ਬਨੋ ਵਾਲੀ ਬੀੜ ਤੋਂ ਪਹਿਲਾ ਉਤਾਰਾ ਵਰ੍ਹੇ ਦੇ ਅੰਦਰ ਹੀ ਹੋ ਗਿਆ, ਅਤੇ ਉਹ ਬੀੜ ਮਾਂਗਟ ਤੋਂ ਪੰਜ ਕੁ ਮੀਲ ਤੇ ਇੱਕ ਪਿੰਡ ਬੋਹਤ ਵਿਚ ਪੰਚਾਇਤੀ ਗੁਰਦਵਾਰੇ ਵਿਚ ਮੌਜੂਦ ਹੈ। ਪਿਛਲੇ ੨੬ ਵਰਕੇ, ਜੋ ਸੌ ਵਰ੍ਹਾ ਪਿਛੋਂ ਪਾਏ ਗਏ ਸਨ, ਛਡ ਕੇ ਇਹ ਗ੍ਰੰਥ ਸਾਰੇ ਦਾ ਸਾਰਾ ਪਤ੍ਰੇ ੧ ਤੋਂ ਪਤ੍ਰੇ ੫੬੮ ਤਕ ਇਕ ਹੀ ਲਿਖਾਰੀ ਦੇ ਹਥਾਂ ਦਾ ਸਾਫ਼ ਲਿਖਿਆ ਹੈ, ਤਤਕਰਿਆਂ ਸਮੇਤ। ਅਤੇ ਤਤਕਰੇ ਦੇ ਪਿਛੇ ਤਿੰਨ ਉਂਗਲਾਂ ਖ਼ਾਲੀ ਥਾਂ ਛਡਕੇ ਉਸੇ ਹਥ ਦਾ ਲਿਖਿਆ ਸੰਮਤ ਹੈ, ਇਸ ਗ੍ਰੰਥ ਸਾਹਿਬ ਦੇ ਲਿਖੇ ਜਾਣ ਦਾ। ਤਤਕਰੇ ਤੋਂ ਇਹ ਭੀ ਦਿਸਦਾ ਹੈ ਕਿ ਇਕ ਪਤ੍ਰਾ ੫੬੯ ਸੀ, ਜਿਸ ਉਤੇ ਪਹਿਲੇ ਲਿਖਾਰੀ ਨੇ ਹੀ 'ਰਾਗਮਾਲਾ' ਤੇ 'ਚਲਿਤ੍ਰ ਜੋਤੀਜੋਤ ਸਮਾਵਣ ਕਾ' ਲਿਖੇ ਸਨ। ਇਹ ਅਸਲੀ ਉਤਾਰੇ ਵਿਚ ਸਨ। ਇਸ ਪਤ੍ਰੇ ੫੬੯ ਨੂੰ ਕਢਕੇ ੨੬ ਪਤ੍ਰੇ ਹੋਰ ਬਨਤ ਦੇ ਕਾਗਜ਼ ਦੇ ਪਾਏ ਗਏ, ਜਿਨ੍ਹਾਂ ਪੁਰ ਕਈ ਤਰ੍ਹਾਂ ਦੀ ਫ਼ਾਲਤੂ ਬਾਣੀ ਆਦਿ ਲਿਖੀ ਹੋਈ ਹੈ।

ਇਕ ਵਰਕਾ ਹੋਰ ਪਿਛੋਂ ਪਾਇਆ ਹੈ ਗ੍ਰੰਥ ਸਾਹਿਬ ਦੇ ਅੰਦਰ, ਇਸ ਪੁਰ 'ਸੋ ਪੁਰਖ' ਵਾਲੇ ਚਾਰ ਸ਼ਬਦ ਲਿਖੇ ਹਨ, ਜਿਨ੍ਹਾਂ ਦੀ ਪ੍ਰਤੀਕ ਅਸਲੀ ਲਿਖੇ ਤਤਕਰੇ ਵਿਚ ਕੋਈ ਨਹੀਂ ਦਿੱਤੀ। ਸਰਦਾਰ ਬਿਸ਼ਨ ਸਿੰਘ ਜੀ ਬਨੋਆਨੀਆਂ ਨੇ ਮੇਰੀ ਬੇਨਤੀ ਪੁਰ ਬੋਹਤ ਵਾਲੀ ਬੀੜ ਨੂੰ ਚੰਗੀ ਤਰ੍ਹਾਂ ਵੇਖਕੇ ਇਕ ਤਾਂ ਮੇਰੇ ਕੀਤੇ ਨੋਟਾਂ ਦੀ ਤਾਈਦ ਕੀਤੀ ਹੈ, ਤੇ ਦੂਜੇ ਹੇਠ ਲਿਖੀਆਂ ਨਵੀਆਂ ਗਲਾਂ ਮੈਨੂੰ ਦਸੀਆਂ ਹਨ। ਮੈਂ ਕਾਹਲ ਵਿਚ ਥੋੜਾ ਵਕਤ ਹੀ ਦੇ ਸਕਿਆ ਸਾਂ।

(੧) ਰਾਗ ਮਾਰੂ ਹੇਠਾਂ ਜੈਦੇਵ ਦਾ ਇਹ ਸ਼ਬਦ 'ਚੰਦ ਸਤਿ



Sri Satguru Jagjit Singh Ji Elibrary NamdhariElibrary@gmail.com

ਭੇਦਿਆ' ਛੇਕੜ ਪੁਰ ਆਕੇ ਪਿਛੇ ਥਾਂ ਖ਼ਾਲੀ ਪਈ ਸੀ। ਉਥੇ ਕਿਸੇ ਹੋਰ ਹਥ ਦੇ ਲਿਖੇ ਇਹ ਦੋ ਸ਼ਬਦ ਹਨ :

(ੳ) ਰਵਿਦਾਸ ਦਾ ਸ਼ਬਦ : 'ਸੁਖ ਸਾਗਰ ਚਿੰਤਾ' (ਦੇਖੋ ਸਫ਼ਾ ੧੨੦ ਉਪਰ)।

(ਅ) ਮੀਰਾਬਾਈ ਦਾ ਸ਼ਬਦ : 'ਮਨ ਹਮਾਰੋ ਬੇਧਿਓ'

ਥਾਂ ਹਾਲੀ ਭੀ ਖ਼ਾਲੀ ਪਈ ਹੈ (ਪੱਨਾ ੩੪੯ ਪੁਰ)।

(੨) ਰਾਗ ਬਸੰਤ ਹੇਠਾਂ 'ਬਸੰਤ ਕੀ ਵਾਰ' ਭਗਤਾਂ ਦੀ ਬਾਣੀ ਤੋਂ ਪਿਛੇ ਦਿੱਤੀ ਹੈ, ਰਾਗ ਦੇ ਅਖ਼ੀਰ ਪੁਰ ਅਗੇ ਜਗ੍ਹਾਂ ਖਾਲੀ ਪਈ ਹੈ (ਪੱਨਾ ੪੮੪ ਪੁਰ) ।

(੩) ਰਾਗ ਸਾਰੰਗ ਹੇਠਾਂ, ਸੂਰਦਾਸ ਦਾ ਸ਼ਬਦ 'ਛਾਡ ਮਨ ਹਰ ਬੇ ਮੁਖਨ ਕੋ ਸੰਗ' ਅਤੇ ਕਬੀਰ ਦਾ ਸ਼ਬਦ 'ਹਰਿ ਬਿਨ ਕਉਨ ਸਹਾਈ' ਇਹ ਪਿਛੋਂ ਕਿਸੇ ਹੋਰ ਹਥ ਦੇ ਲਿਖੇ ਹਨ।*

ਜੇਹੜੇ ਨਵੇਂ ਵਰਕੇ ਪਾਏ ਗਏ ਹਨ, ਉਹਨਾਂ ਪੁਰ ਹੇਠਲੀ ਤਰਤੀਬ ਵਾਰ ਇਹ ਬਾਣੀਆਂ ਲਿਖੀਆਂ ਹਨ:-

(ੳ) ਪਨੇ ੫੬੯ ਤੋਂ ੫੭੮ ਤਕ ਨਾਵੇਂ ਗੁਰੂ ਦੀ ਬਾਣੀ, ਸ਼ਬਦ ਤੇ ਸਲੋਕ ।

(ਅ) ਸਵੈਯੇ ਭੱਟਾਂ ਕੇ ਬਾਬਤ ਮਹਲੇ ੧ ਦੇ, ਮਹਲੇ ੨ ਦੇ ਤੇ ਮਹਲੇ ੩ ਦੇ। ਮਹਲੇ ੪ ਅਤੇ ਮਹਲੇ ੫ ਦੇ।

(ੲ) ਮੁੰਦਾਵਣੀ ।

(ਸ) ਸਲੋਕ ਮਹਲਾ ੧-'ਜਿਤ ਦਰ ਲਖ ਮੁਹਮਦਾ'

(ਹ) ਸਲੋਕ ਮਹਲਾ ੧-'ਬਾਇ ਆਤਿਸ਼ ਆਬ'।

(ਕ) ਰਾਗ ਰਾਮਕਲੀ ਰਤਨਮਾਲਾ।

---

*ਹੋਰ ਫ਼ਰਕ ਭੀ ਹੋ ਸਕਦੇ ਹਨ, ਇਹ ਤਾਂ ਉਹਨਾਂ ਮੇਰੇ ਪੁਛੇ ਸਵਾਲਾਂ ਦੇ ਉਤ੍ਰ ਢੂੰਡਦਿਆਂ ਪਤਾ ਕੀਤੇ ਹਨ।



Sri Satguru Jagjit Singh Ji Elibrary NamdhariElibrary@gmail.com

No. 4



Guru Arjandev's Autograph in Granth Sahib at Bohat (Gujrat) traced by Master Balwant Singh

G.B.S.

(ਖ) ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ।
(ਗ) ਰਾਗ ਮਾਲਾ।
(ਘ) ਸਿਆਹੀ ਕੀ ਬਿਧੀ (ਛੋਟੀ) ਅਤੇ
(ਙ) ਚਲਿਤ੍ਰ ਜੋਤੀ ਜੋਤ ਸਮਾਵਨ ਕੇ ਪਹਿਲੇ ਨੌਂ ਗੁਰੂ ਸਾਹਿਬਾਨ ਦੇ।

ਪ੍ਰਤਖ ਹੈ ਕਿ ਇਹ ੨੬ ਵਰਕੇ ਗੁਰੂ ਤੇਗ਼ ਬਹਾਦਰ ਦੇ ਚਲਾਣੇ ਦੇ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਪਾਏ ਗਏ। ਬਾਬਾ ਗੁਰਦਿੱਤਾ ਜੀ ਦੇ ਚਲਾਣੇ ਦੀ ਥਿੱਤ-ਸੰਮਤ ਨਹੀਂ ਦਿਤੇ, ਅਤੇ ਗੁਰੂ ਹਰ ਗੋਬਿੰਦ ਸਾਹਿਬ ਦੀ ਠੀਕ ਤਾਰੀਖ਼ 'ਸੰਮਤ ੧੭੦੧ ਚੇਤ ਸੁਦੀ ੫' ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਮਘਰ ਸੁਦੀ ੫ ਸੰਮਤ ੧੭੩੨' ਦਿਤੀਆਂ ਹਨ।

ਜੋ ਬਾਣੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸਾਰੀ ਇਕੋ ਜਗ੍ਹਾ ਦਿੱਤੀ ਹੈ, ਉਸਦੀ ਅੰਦਰਲੀ ਤਰਤੀਬ ਇਉਂ ਹੈ:–੧. ਰਾਗ ਗਉੜੀ, ੨. ਰਾਗ ਆਸਾ, ੩. ਰਾਗ ਦੇਵ ਗੰਧਾਰੀ; ੪. ਰਾਗ ਸੋਰਠ, ਰਾਗ ਗਉੜੀ ੫. ਰਾਗ ਬਿਹਾਗੜਾ, ੬. ਰਾਗ ਧਨਾਸਰੀ, ੭. ਰਾਗ ਜੈਤਸਰੀ, ੮. ਰਾਗ ਟੋਡੀ, ੯. ਰਾਗ ਤਿਲੰਗ, ੧੦. ਰਾਗ ਬਿਲਾਵਲ, ੧੧. ਰਾਗ ਰਾਮਕਲੀ, ੧੨. ਰਾਗ ਮਾਰੂ, ੧੩. ਜੈਜਾਵੰਤੀ ਅਤੇ ੧੪. ਸਲੋਕ ਮਹਲਾ ੯॥

ਆਪ ਵੇਖ ਸਕਦੇ ਹੋ ਕਿ ਰਾਗ ਗਉੜੀ ਦੋ ਵਾਰੀ ਆਗਿਆ ਹੈ, ਅਤੇ ਰਾਗ ਬਿਹਾਗੜਾ ਤਰੀਕੇ ਅਨੁਕੂਲ ਰਾਗ ਸੋਰਠ ਤੋਂ ਪਹਿਲੇ ਲਿਖਣ ਦੀ ਬਜਾਇ, ਪਿਛੋਂ ਦਿੱਤਾ ਹੈ। ਸੋ ਉਪਰਲੀ ਤਰਤੀਬ ਵਿਚ ਰਾਗ ਦੇਵ ਗੰਧਾਰੀ ਅਤੇ ਰਾਗ ਧਨਾਸਰੀ ਦੇ ਵਿਚਾਲੇ ਕੁਝ ਗੜ ਬੜ ਹੋਈ ਹੈ। ਜਿਨ੍ਹਾਂ ਵਰਕਿਆਂ ਤੋਂ ਇਹ ਨਵਾਂ ਲਿਖਾਰੀ ਨਕਲ ਕਰ ਰਿਹਾ ਸੀ ਉਲਟ ਪੁਲਟ ਹੋ ਗਏ ਜਾਪਦੇ ਹਨ। ਰਾਗ ਗਉੜੀ ਦੇ ਦੂਜੀ ਵਾਰ ਆਉਣ ਕਰਕੇ ਅਵੱਸੋਂ ਮੇਰੇ ਦਿਲ ਵਿਚ ਭਰਮ ਉਠਿਆ, ਅਤੇ ਮੈਂ ਦੂਜੀ ਵਾਰੀ ਆਏ ਰਾਗ ਗਉੜੀ ਹੇਠਾਂ ਲਿਖੇ ਨਾਵੇਂ ਮਹਲੇ ਦੇ ਕੁਝ ਸ਼ਬਦਾਂ ਦੀਆਂ ਪਹਿਲੀਆਂ ਦੋ ਦੋ ਤੁਕਾਂ ਪੜ੍ਹੀਆਂ ਜੋ ਮੈਨੂੰ ਨਵੀਆਂ



Sri Satguru Jagjit Singh Ji Elibrary NamdhariElibrary@gmail.com

ਲਗੀਆਂ, ਹਾਲਾਂਕਿ ਮੈਂ ਥੋੜਾ ਚਿਰ ਹੀ ਪਹਿਲੋਂ ਨਾਵੇਂ ਮਹਲ ਦੀ ਸਾਰੀ ਬਾਣੀ ਵਖਰੀ ਕਰਕੇ ਚੰਗੀ ਤਰ੍ਹਾਂ ਪੜ੍ਹ ਚੁਕਾ ਸਾਂ, ਅਤੇ ਉਸਦਾ ਖੁਲਾਸਾ ਬਣਾ ਚੁਕਾ ਸਾਂ। ਇਕ ਸਜਨ ਹੋਰ ਜੋ ਮੇਰੇ ਨਾਲ ਸਨ, ਉਹਨਾਂ ਨੂੰ ਵੀ ਉਹ ਤੁਕਾਂ ਨਵੀਆਂ ਲਗੀਆਂ। ਰਾਗ ਗਉੜੀ ਹੇਠਾਂ ਜੋ ਨੌਂ ਸ਼ਬਦ ਨਾਵੇਂ ਮਹਲੇ ਦੇ ਦਿਤੇ ਹੁੰਦੇ ਹਨ, ਉਹ ਏਸ ਬੀੜ ਵਿਚ ਵੀ ਦਿਤੇ ਸਨ। ਦੂਜੀ ਵਾਰੀ ਗਉੜੀ ਰਾਗ ਹੇਠਾਂ ਆਏ ਇਹਨਾਂ ਨੌਆਂ ਵਿਚੋਂ ਨਹੀਂ ਸਨ। ਪਰ ਮੈਨੂੰ ਪਿੰਡੀ ਲਾਲਾ ਅਪੜਨ ਦੀ ਕਾਹਲ ਸੀ, ਇਹਨਾਂ ਸ਼ਬਦਾਂ ਦੀ ਨਕਲ ਦਾ ਕੰਮ ਬੋਹਤ ਦੇ ਇਕ ਸਜਨ ਦੇ ਜ਼ਿਮੇ ਲਾ ਕੇ ਚਲਾ ਆਇਆ। ਇਹਨਾਂ ਸ਼ਬਦਾਂ ਦੀ ਨਕਲ ਛੱਡ, ਉਹਨਾਂ ਦੀਆਂ ਪ੍ਰਤੀਕਾ ਵੀ ਬਾਵਜੂਦ ਚੋਖੀ ਲਿਖਾ ਪੜ੍ਹੀ ਦੇ ਮੈਨੂੰ ਨਹੀਂ ਮਿਲ ਸਕੀਆਂ, ਕਿਉਂਕਿ ਉਥੇ ਦੀ 'ਸੰਗਤ ਨਹੀਂ ਚਾਹੁੰਦੀ ਕਿ ਬਾਣੀ ਦੀ ਪੜਚੋਲ* ਕੀਤੀ ਜਾਏ।' ਮੈਨੂੰ ਇਹ ਜਾਪਦਾ ਹੈ ਕਿ ਜਿਤਨੀ ਬਾਣੀ ਗੁਰੂ ਤੇਗ਼ ਬਹਾਦਰ ਦੇ ਨਾਮ ਪੁਰ ਆਮ ਪ੍ਰਸਿਧ ਹੈ, ਉਸ ਨਾਲੋਂ ਕੁਝ ਹੋਰ ਵਧੀਕ ਬਾਣੀ ਉਹਨਾਂ ਦੀ ਸੀ। ਹੋਰ ਦੋ ਤਿੰਨ ਬੀੜਾਂ ਵਿਚ ਮੈਨੂੰ ਰਾਗ ਸੋਰਠਿ ਹੇਠਾਂ ਬਾਰਾਂ ਦੀ ਥਾਂ ਇਕ ਵਾਧੂ ਤੇਹਰਵੇਂ ਸ਼ਬਦ ਦੀ 'ਪ੍ਰਤੀਕ' ਮਿਲੀ ਹੈ, ਭਾਵੇਂ ਸਾਰਾ ਸ਼ਬਦ ਅੰਦਰ ਨਹੀਂ ਮਿਲਿਆ।

ਪਰ ਏਸ ਨਾਲੋਂ ਕਿਤੇ ਵਧੀਕ ਜ਼ਰੂਰੀ ਗੱਲ ਏਸ ਬੀੜ ਬਾਬਤ ਦਸਣ ਵਾਲੀ ਇਸ ਵਿਚ ਦਿੱਤਾ ਏਸਦੇ ਲਿਖੇ ਜਾਣ ਦਾ ਸੰਮਤ ਹੈ, ਜੋ ਇਸ ਤਰ੍ਹਾਂ ਪੁਰ ਹੈ:–ਸੰਮਤ ੧੬੪੯ ਕਤਕ ਸੁਦੀ ੫† ਮੈਂ ਭਾਈ ਬਨੋਂ ਵਾਲੀ ਬੀੜ ਵਿਚਲਾ ਸੰਮਤ ਜਾਣਕੇ ਉਪਰ ਨਹੀਂ ਦਿੱਤਾ, ਉਸਨੂੰ ਏਸ

---

*ਠੀਕ ਵੀ ਹੈ Ignorance is bliss, ਕੁਝ ਜਾਣਕੇ ਕੀਹ ਲੈਣਾ ਹੈ? †ਸਰਦਾਰ ਬਿਸ਼ਨ ਸਿੰਘ ਜੀ ਨੇ ਛੇ ਕੁ ਮਹੀਨੇ ਪਿਛੋਂ ਏਸ ਗ੍ਰੰਥ ਨੂੰ ਵੇਖ ਕੇ ਇਸ ਦਿਤੇ ਸੰਮਤ ਦੀ ਪ੍ਰੋੜਤਾ ਕੀਤੀ।



Sri Satguru Jagjit Singh Ji Elibrary NamdhariElibrary@gmail.com

ਥਾਂ ਲਈ ਰਖ ਲਿਆ ਸੀ। ਉਹ ਸੰਮਤ ਸਾਫ਼ ਸਾਫ਼ ਇਸ ਤਰ੍ਹਾਂ ਪੁਰ ਦਿਤਾ ਹੈ:–

## ਅਸੂ ਵਦੀ ੧ ਸੰਮਤ ੧੬੫੯

## ਪੋਥੀ ਲਿਖਿ ਪਹੁਚੇ

ਇਸ ਵਿਚ ੫ ਦਾ ਜੋ ਅੰਕ ਹੈ, ਉਹ ਸਾਫ਼ ਕਿਸੇ ਹੋਰ ਹਿੰਦਸੇ ਨੂੰ ਦਰੁਸਤ ਕਰਕੇ ਬਣਾਇਆ ਗਿਆ ਨਜ਼ਰ ਆ ਰਿਹਾ ਹੈ, ਅਤੇ ਪਹਿਲਾ ਹਿੰਦਸਾ ਤੰਗ ਪੇਟ ਵਾਲਾ ੪ ਸੀ, ਠੀਕ ਉਸੇ ਤਰ੍ਹਾਂ ਦਾ ੪ ਜਿਸਤਰ੍ਹਾਂ ਦਾ ਬੋਹਤ ਵਾਲੀ ਬੀੜ ਦੇ ਸੰਮਤ ਵਿਚ ਹੈ। ਇਉਂ ਸਮਝੋ ਜਿਕਰ ਕੰਧਾਂ ਉਤੇ ਲੱਗਾ ਹਿਰਨ ਦਾ ਸਿਰ ਦੂਰੋਂ ਦਿਸਦਾ ਹੈ। ਚੌਕੇ ਦੀ ਤੰਗ ਘੁੰਡੀ ਜਾਂ ਪੇਟ ਨੂੰ ਭਰਕੇ ਭਾਈ ਬਨੋ ਵਾਲੀ ਬੀੜ ਦਾ ਪਾਂਜਾ ਮੋਟੀ ਸੁਜੀ ਹੋਈ ਲੱਤ ਵਾਲਾ ਹੋ ਗਿਆ ਹੈ, ਜਿਕੁਰ ਕਿਸੇ ਆਦਮੀ ਦੀ ਲੱਤ ਨੂੰ ਹਾਥੀਪਾਉ ਦੀ ਬੀਮਾਰੀ olophantiasis ਹੋ ਜਾਂਦਾ ਹੈ। ਉਪਰਲੀਆਂ ਸ਼ਾਖਾਂ (ਹਿਰਨ ਦੇ ਸਿੰਗ) ਵਿਚੋਂ ਖਬੀ ਸ਼ਾਖ ਉਤੇ ਫਿਰ ਕਲਮ ਫੇਰੀ ਹੋਈ ਦਿਸ ਰਹੀ ਹੈ। ਏਸੇ ਤਰ੍ਹਾਂ ਪਹਿਲੇ ਅੰਕ ੮ ਉਪਰ ਦੁੰਬਾਲਾ ਵਧਾਕੇ ਹੁਣ ਵਾਲਾ ਅੰਕ ੯ ਉਸੇ ਆਦਮੀ ਦਾ ਬਣਾਇਆ ਹੋਇਆ ਹੈ।ਇਸ ਸੰਮਤ ਨੂੰ ਵੇਖ ਕੇ ਮੇਰਾ ਪੱਕਾ ਨਿਸਚਾ ਹੋ ਗਿਆ ਹੈ ਕਿ ਇਹ ਸੰਮਤ, ਜਿਸ ਤਰ੍ਹਾਂ ਪਹਿਲੋਂ ਲਿਖਿਆ ਸੀ ੧੬੪੮ ਸੀ, ਜਿਸ ਦੀ ਤਾਈਦ ਬੋਹਤ ਵਾਲੀ ਬੀੜ ਕਰ ਰਹੀ ਹੈ, ਜੋ ਮਾਂਗਟ ਵਾਲੀ ਬੀੜ ਤੋਂ ਪਹਿਲੇ ਸਾਲ ਅੰਦਰ ਹੀ ਨਕਲ



Sri Satguru Jagjit Singh Ji Elibrary NamdhariElibrary@gmail.com

ਕੀਤੀ ਗਈ।

ਉਪਰ 'ਆਦਿ-ਬੀੜ' ਦਾ ਜ਼ਿਕਰ ਕਰਦਿਆਂ ਅਸੀਂ ਦਸ ਆਏ ਹਾਂ ਕਿ ਅਕਬਰ ਪਾਤਸ਼ਾਹ ਦੇ ਕਰਤਾਰਪੁਰ ਜਾਕੇ ਗ੍ਰੰਥ ਸਾਹਿਬ ਵਿਚੋਂ ਦੋ ਸ਼ਬਦ ਪੜ੍ਹਵਾ ਕੇ ਸੁਣਨ ਲਈ ਗ੍ਰੰਥ ਸਾਹਿਬ ਉਸ ਤੋਂ ਪਹਿਲੇ ਤਿਆਰ ਹੋ ਗਿਆ ਹੋਣਾ ਚਾਹੀਦਾ ਹੈ। ਅਤੇ ਅਕਬਰ ਅਚਲ (ਬਟਾਲਿਉਂ) ਹੁੰਦਾ ਸੰਨ ੧੫੯੮, ਮੁਤਾਬਕ ਸੰਮਤ ੧੬੫੫ ਵਿਚ ਕਰਤਾਰ ਪੁਰ ਗਿਆ, ਜਿਸ ਸੰਮਤ ਦੀ ਤਾਈਦ ਕਰਤਾਰ ਪੁਰ ਵਾਲੀ ਬੀੜ ਖ਼ੁਦ ਇਕ ਯਾਦਦਾਸ਼ਤ ਵਿਚ ਕਰ ਰਹੀ ਹੈ। ਸੋ ਗ੍ਰੰਥ ਸਾਹਿਬ ਦੀ ਬੀੜ ਬੱਝਨ ਦਾ ਸੰਮਤ ੧੬੫੫ ਤੋਂ ਪਹਿਲੇ ਦਾ ਹੋਣਾ ਜ਼ਰੂਰੀ ਹੈ। ਅਤੇ ਜਦ ਦੋ 'ਪ੍ਰਾਚੀਨ' ਬੀੜਾਂ ਇਸਨੂੰ ਸੰਮਤ ੧੬੪੮, ਅਰਥਾਤ ਸੰਮਤ ੧੬੫੫ ਤੋਂ ਸਤ ਵਰ੍ਹੇ ਪਹਿਲੋਂ ਦਿਖਾ ਰਹੀਆਂ ਹਨ, ਤਦ ਸਾਨੂੰ ਮੰਨਣਾ ਪਵੇਗਾ ਕਿ ਗ੍ਰੰਥ ਸਾਹਿਬ ਦੀ ਬੀੜ ਭਾਦਰੋਂ ਸੰਮਤ ੧੬੪੮ ਵਿਚ ਤਿਆਰ ਹੋ ਗਈ ਸੀ। ਮਤਲਬੀ ਲੋਕ ਬੇਸ਼ਕ ਢੋਲ ਵਜਾਕੇ ਕਹਿੰਦੇ ਫਿਰਨ ਕਿ ਨਹੀਂ ਬੀੜ ਸੰਮਤ ੧੬੬੧ ਵਿਚ (੧੩ ਵਰ੍ਹੇ ਪਿਛੋਂ) ਬਣੀ ਸੀ।

ਮਾਂਗਟ ਵਾਲਿਆ ਨੇ ਬੜੀ ਭੁਲ ਕੀਤੀ ਕਿ ਆਪਣੀ ਅਸਲ ਬੀੜ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਦੇ ਨਾਦਾਨ ਲੋਕਾਂ ਵਿਚ ਫੈਲੇ ਖ਼ਿਆਲਾਂ ਦੇ ਮੁਤਾਬਕ ਕਰਨ ਲਈ ਨਾ ਨਿਰਾ ਚੌਕੇ ਦਾ ਪਾਂਜਾ ਅਤੇ ਅੱਠੇ ਦਾ ਨਾਇਆਂ ਬਣਾ ਦਿੱਤਾ, ਸਗੋਂ ਕਰਤਾਰ ਪੁਰ ਵਾਲੀ ਬੀੜ ਦੀ ਪੈਰਵੀ



Sri Satguru Jagjit Singh Ji Elibrary NamdhariElibrary@gmail.com

ਵਿਚ (ਜੋ ਉਹਨਾਂ ਦੀ ਬੀੜ ਦੇ ਕਿਸੇ ਉਤਾਰੇ ਦਾ ਉਤਾਰਾ ਸੀ) ਹੜਤਾਲ ਆਦਿ ਦੀ ਮਦਦ ਨਾਲ ਵਾਰਾਂ ਦੇ ਉਪਰ 'ਧੁਨੀਆਂ' ਭੀ ਵਿਚ ਘੁਸੇੜ ਦਿਤੀਆਂ। ਭਾਈ ਬਨੋਂ ਸਾਹਿਬ ਦੇ ਦੋ ਸ਼ਬਦ ਵਾਧੂ ਲਿਖਣ ਨਾਲ (ਜੋ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਲਿਖਾਰੀਆਂ ਨੇ ਪਾ ਦਿਤੇ ਸਨ) ਮਾਂਗਟ ਵਾਲੀ ਬੀੜ 'ਖਾਰੀ' ਨਹੀਂ ਬਣੀ, ਅਤੇ ਨਾ ਗੁਰੂ ਅਰਜਨ ਦੇਵ ਨੇ ਏਸ ਵਧਾ ਦੀ ਕੋਈ ਪਰਵਾਹ ਕੀਤੀ, ਪਰ ਮੰਮਤ ਬਦਲਕੇ ਅਤੇ ਧੁਨੀਆਂ ਲਿਖਕੇ ਮਾਂਗਟ ਵਾਲਿਆਂ ਨੇ ਖ਼ਾਲਸ ਸੋਨੇ ਵਿਚ ਖੋਟ ਰਲਾ ਲਿਆ, ਭਾਵੇਂ ਵਿਚਾਰਵਾਨਾਂ ਲਈ ਏਸ ਪ੍ਰਤਖ ਦਿਸ ਰਹੇ ਖੋਟ ਨੇ ਬੀੜ ਦੇ ਅਸਲੀ ਹੋਣ ਦਾ ਪੱਕਾ ਸਬੂਤ ਪੈਦਾ ਕਰ ਦਿੱਤਾ।

ਇਕ ਹੋਰ ਗਲ ਦੀ ਭੀ ਏਸ ਬੋਹਤ ਵਾਲੀ ਬੀੜ ਤੋਂ ਤਸਦੀਕ ਹੁੰਦੀ ਹੈ ਕਿ 'ਮੁੰਦਾਵਣੀ' ਗ੍ਰੰਥ ਸਾਹਿਬ ਦੇ ਪਿਛੇ 'ਭੋਗ ਬਾਣੀ' ਦੇ ਅੰਦਰ 'ਖ਼ਾਸ ਤਰ੍ਹਾਂ' ਦੀ ਰਚਨਾਂ ਦੇ ਥਾਂ ਪੁਰ ਦਰਜ ਸੀ। 'ਮੁੰਦਾਵਣੀ' ਦੀ ਨਾ ਤਾਂ ਪ੍ਰਤੀਕ ਤਤਕਰੇ ਵਿੱਚ ਦਿਤੀ ਹੈ, ਅਤੇ ਨਾ ਪੱਨੇ ੫੬੯ ਉਪਰ ਭਗਤ ਬਾਣੀ ਤੋਂ ਪਿਛੇ ਇਹ ਲਿਖੀ ਹੀ ਹੈ, ਭਾਵੇਂ ਡੇਢ ਸਫ਼ਾ ਖ਼ਾਲੀ ਪਿਆ ਹੈ, ਅਤੇ ਜੇ ਲਿਖਾਰੀ ਨੇ ਲਿਖਣੀ ਹੁੰਦੀ ਤਾਂ ਲਿਖੀ ਜਾ ਸਕਦੀ ਸੀ। ਅਸਲੀ ਪਨੇ ੫੬੯ ਉਪਰ ਕੀਹ ਲਿਖਿਆ ਸੀ, ਇਹ ਅਸੀਂ ਪਿਛੇ ਦਸ ਹੀ ਆਏ ਹਾਂ।

ਫੇਰ ਏਸ ਬੀੜ ਵਿਚ 'ਭੱਟਾਂ ਦੇ ਸਵੈਯਾਂ' ਨੂੰ ਪਿਛੋਂ ਲਾਏ ਵਰਕਿਆਂ ਪੁਰ ਫਾਲਤੂ Apocryphal ਬਾਣੀਆਂ ਵਿਚ ਥਾਂ ਦਿੱਤੀ ਹੈ, ਜੋ ਉਹਨਾਂ ਲਈ ਯੋਗ ਥਾਂ ਹੈ।

ਬੀੜ ਦੇ ਮੁਢ ਵਿਚ ਗੁਰੂ ਅਰਜਨ ਦੇਵ ਜੀ ਦੇ ਹਥ ਦਾ ਲਿਖਿਆ



Sri Satguru Jagjit Singh Ji Elibrary NamdhariElibrary@gmail.com

'ਨਿਸ਼ਾਨ' ਮੂਲਮੰਤ੍ਰ ਦਾ ਅਤੇ ਇਕ ਸਲੋਕ ਵੀ ਹਨ, ਇਸ ਤਰ੍ਹਾਂ ਕਿ:-

ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ
ਅਜੂਨੀ ਸੈਭੰ ਗੁਰ ਪ੍ਰਸਾਦਿ ॥
ਸ਼ਲੋਕ। ਰੇ ਮਨ ਤਾਕੋ ਧਿਆਈਏ ਸਭ ਬਿਧਿ ਜਾਕੇ ਹਾਥ।
ਰਾਮ ਨਾਮ ਧਨ ਸੰਚੀਏ, ਨਾਨਕ ਨਿਬਹੇ ਸਾਥ ॥"

ਏਸਦਾ ਟ੍ਰੇਸਿੰਗ ਮੁਕਾਬਲੇ ਲਈ ਦੇਂਦੇ ਹਾਂ।

ਛੇਵੇਂ ਗੁਰੂ ਦਾ ਇਕ ਹੁਕਮਨਾਮਾ ਭੀ ਦਸਿਆ ਜਾਂਦਾ ਹੈ, ਜਿਸਦੀ ਇਬਾਰਤ ਇਹ ਹੈ:-

"ਸਤਿਗੁਰੂ ਆਦਿ ਸਚੁ ਜਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ਸਭਨੀ ਗਲੀ ਗੁਰੂ ਸਹਾਇ ਗੁਰੂ ਰਖੇ ਵੈਰੀ* ਮੁਹ ਭਿਖਾਰ।"

ਏਸੇ ਕਾਗਜ਼ ਦੇ ਟੁਕੜੇ ਦੀ ਉਪਰਲੀ ਖਬੀ ਨੁਕਰ ਵਿਚ ਲਿਖਿਆ ਹੈ:-

"ਮ: ੬ ॥ ਜੋ ਸਿਖ ਭਰਾ ਦਰਸ਼ਨ ਕਰੇ ਸੋ ਦਸਵੰਧ ਗੁਰੂ ਕਾ ਦੇਵੇ।"

ਗੁਰੂ ਕੀ ਲਿਖਤ ਨੂੰ ਕਿਸੇ ਸਿਖ ਨੇ ਮੰਗਣ ਲਈ ਠੂਠਾ ਬਣਾਇਆ ਹੈ।

## ੫. ਬੀੜ ਪਿੰਡੀ ਲਾਲਾ (ਗੁਜਰਾਤ)

ਪਿੰਡੀ ਲਾਲਾਂ ਦੇ ਗੁਰਦਵਾਰੇ ਵਿਚ ਮੈਂ ਦੋ ਲਿਖਤ ਦੇ ਗ੍ਰੰਥ ਸਾਹਿਬ ਵੇਖੇ; ਇਕ ਸੰਮਤ ੧੭੩੨ ਦਾ ਸੀ ਅਤੇ ਦੂਜਾ ਚੇਤ੍ਰ ੧੯੧੯ ਦਾ। ਇਹਨਾਂ ਵਿਚੋਂ ਪਹਿਲਾ ਗ੍ਰੰਥ ਸਾਹਿਬ ਏਸ ਵਾਸਤੇ ਜ਼ਰੂਰੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਕੁਲ ਇੱਕ ਮਹੀਨਾ ਪਿਛੋਂ ਤਿਆਰ ਹੋਇਆ ਅਤੇ ਏਸ ਵਿਚ ਨਾਵੇਂ ਗੁਰੂ ਸਾਹਿਬ ਦੀ ਬਾਣੀ

*ਮੈਂ ਇਹੋ ਕੁਝ ਪੜ੍ਹ ਸਕਿਆ ਹਾਂ ਸ਼ਾਇਦ ਕੁਝ ਹੋਰ ਪਾਠ ਹੋਵੇ।



Sri Satguru Jagjit Singh Ji Elibrary NamdhariElibrary@gmail.com

ਦਿੱਤੀ ਹੈ। ਹਾਂ, ਇਹ ਬਾਣੀ ਵੰਡਕੇ ਅੱਡ ਅੱਡ ਰਾਗਾਂ ਹੇਠਾਂ ਨਹੀਂ ਦਿੱਤੀ, ਸਗੋਂ ਇਕੱਠੀ ਇਕ ਥਾਂ ਗ੍ਰੰਥ ਸਾਹਿਬ ਦੇ ਅੰਤ ਪੁਰ, ਜਿਥੇ ਸਾਰੇ ਰਾਗ ਮੁਕ ਜਾਂਦੇ ਹਨ। ਇਹ ਪਤ੍ਰੇ ੫੩੮ ਤੋਂ ੫੪੭ ਤਕ, ਜਿਨ੍ਹਾਂ ਉਪਰ ਇਹ ਬਾਣੀ (ਸ਼ਬਦ) ਲਿਖੀ ਹੈ, ਕਿਸੇ ਹੋਰ ਹਥ ਦੇ ਲਿਖੇ ਹਨ, ਬਾਕੀ ਗ੍ਰੰਥ ਕਿਸੇ ਹੋਰ ਨੇ ਪਹਿਲੋਂ ਲਿਖਿਆ ਹੋਇਆ ਸੀ। ਏਸ ਬਾਣੀ ਤੋਂ ਪਿਛੋਂ ਪਤ੍ਰੇ ੫੪੭ ਤੋਂ ਟੁਰਕੇ 'ਭੋਗ ਦੀ ਬਾਣੀ' ਮੁੰਦਾਵਣੀ ਤਕ, ਫੇਰ ਅਸਲੀ ਗ੍ਰੰਥ ਲਿਖਣ ਵਾਲੇ ਦੇ ਹਥ ਦੀ ਹੈ; ਅਤੇ ਛੇਕੜਲੇ ਪੰਜ ਵਰਕੇ ਦੂਜੇ ਲਿਖਾਰੀ ਦੀ ਕਲਮ ਤੋਂ ਜਿਸ ਨੇ ਨਾਵੇਂ ਮਹਲੇ ਦੀ ਬਾਣੀ ਲਿਖੀ। ਨੌ ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਥਿੱਤਾਂ ਵੀ ਦਿੱਤੀਆਂ ਹਨ। ਇਹ ਵੰਡ ਦਸਦੀ ਹੈ ਕਿ ਨਾਵੇਂ ਮਹਲੇ ਦੀ ਬਾਣੀ ਵਾਲੇ ਪਤ੍ਰੇ ਪਿਛੋਂ ਵਿਚ ਪਾਏ ਹਨ, ਅਤੇ ਪਿਛਲੇ ਪੰਜ ਪਤ੍ਰੇ ਭੀ ਵਧਾਏ ਹਨ। ਅਸਲੀ ਗ੍ਰੰਥ ਸਾਹਿਬ 'ਭੋਗ ਦੀ ਬਾਣੀ' ਪੁਰ ਮੁਕ ਜਾਂਦਾ ਸੀ।

ਗ੍ਰੰਥ ਲਿਖਣ ਦਾ ਸੰਮਤ ਇਹਨਾਂ ਲਫ਼ਜ਼ਾਂ ਵਿਚ ਦਿੱਤਾ ਹੈ:-

"ਸੂਚੀ ਪਤ੍ਰ ਪੋਥੀ ਤਤਕਰਾ ਰਾਗਾਂ ਕਾ
ਜਿਤੀ ਜੋਤ ਸਮਾਵਣ ਕਾ ਚਿਤ੍ਰ* ਸੰਮਤ ੧੭੩੨
ਪੋਹ ੨੩ਤ੍ਰੇਵੀਂ ਪੋਥੀ ਲਿਖੀ ਪਹੋਚੇ।"

ਏਸੇ ਤਰ੍ਹਾਂ ਦੇ ਲਫ਼ਜ਼ ਹੋਰ ਥੀੜਾਂ ਵਿਚ ਵੀ ਦੇਖੇ ਗਏ ਹਨ; ਏਸ ਵਿਚ 'ਪੋਥੀ ਲਿਖੀ ਪਹੋਚੇ' ਸਾਫ਼ ਲਫ਼ਜ਼ ਲਿਖੇ ਹਨ, ਗੋਇਆ ਸੰਮਤ ੧੭੩੨ ਤਕ ਕਈ ਲੋਕਾਂ ਨੇ ਮੰਨ ਲਿਆ ਸੀ ਕਿ ਸੂਚੀ ਪਤ੍ਰ ਪੋਥੀ ਭੋਏ ਕੁਰਖੇਤ੍ਰ ਲਿਖੀ ਜਾਈ ਸੀ। 'ਪੋਥੀ ਲਿਖੀ ਪਹੋਚੇ' ਦਾ ਠੀਕ ਮਤਲਬ ਨਾ ਸਮਝ ਕੇ, ਇਹ ਇਕ ਤਰ੍ਹਾਂ ਦਾ 'ਵੇਦ ਮੰਤ੍ਰ' ਬਣ ਗਿਆ ਸੀ, ਜਿਸਨੂੰ ਲਿਖਾਰੀ ਜਿਉਂ ਦਾ ਤਿਉਂ ਨਕਲ ਕਰ ਛਡਦੇ ਸਨ।

'ਵਾਰਾਂ' ਦੇ ਉਪਰ ਪਹਿਲੇ ਲਿਖਾਰੀ ਦੇ ਹਥ ਦੀਆਂ ਲਿਖੀਆਂ

---

*'ਚਲਿਤ੍ਰ' ਦੀ ਥਾਂ, ਜੋ ਹੋਰ ਸਭ ਥਾਂ ਹੈ, ਏਸਨੇ ਲਫ਼ਜ਼ 'ਚਿਤ੍ਰ' ਵਰਤਿਆ ਹੈ।



Sri Satguru Jagjit Singh Ji Elibrary NamdhariElibrary@gmail.com

ਧੁਨੀਆਂ ਦਿਤੀਆਂ ਹਨ, ਜਿਸਦਾ ਮਤਲਬ ਹੈ ਕਿ ਏਸ ਗ੍ਰੰਥ ਦਾ ਪੁਰਾਣਾ ਹਿੱਸਾ ਭੀ ੧੭੨੧ ਸੰਮਤ ਤੋਂ ਪਿਛੋਂ ਕਿਸੇ ਵੇਲੇ ਲਿਖਿਆ ਗਿਆ ਸੀ। ਛੇਵੇਂ ਗੁਰੂ ਦਾ ਹਸਤਲੇਖ ਵੀ ਇਸ ਵਿਚ ਦਿੱਤਾ ਕਿਹਾ ਜਾਂਦਾ ਹੈ, ਜਿਸਦੇ ਲਫ਼ਜ਼ ਹਨ 'ਗੁਰੂ ਸਹਾਇ'। ਪਰ ਇਹ ਹੋ ਨਹੀਂ ਸਕਦਾ ।

ਜਪੁ ਜੀ ਬਾਬਤ ਲਿਖਿਆ ਹੈ, 'ਜਪੁ ਗੁਰੂ ਰਾਮਦਾਸ ਜੀਓ ਕੇ ਨਕਲ ਕਾ ਨਕਲ ਤਿਸ ਕਾ ਨਕਲ ।' ਇਹ ਗ੍ਰੰਥ ਮੁਢ ਆਦਿ ਗ੍ਰੰਥ ਤੋਂ ਤੀਜੀ ਥਾਂ ਨਕਲ ਸੀ।

'ਸੋ ਦਰ' ਵਾਲੇ ਪੰਜ ਸ਼ਬਦ, 'ਸੋ ਪੁਰਖ' ਵਾਲੇ ਚਾਰ ਸ਼ਬਦ ਅਤੇ 'ਸੋਹਿਲਾ ਆਰਤੀ' ਦੇ ਪੰਜ ਸ਼ਬਦ ਸਭ ਦਿਤੇ ਹਨ।

'ਬਸੰਤ ਕੀ ਵਾਰ' ਰਾਗ ਦੇ ਅੰਤ ਪੁਰ ਭਗਤ ਬਾਣੀ ਤੋਂ ਪਿਛੇ ਦਿਤੀ ਹੈ ।

'ਰਾਗ ਸਾਰੰਗ' ਵਿਚ ਇਹ ਸ਼ਬਦ 'ਛਾਡ ਮਨ ਹਰਿ ਬੇਮੁਖਨ ਕੋ ਸੰਗ' ਦੀ ਖ਼ਾਲੀ ਇਹੋ ਤੁਕ ਦਿੱਤੀ ਹੈ, ਪੂਰਾ ਸ਼ਬਦ ਨਹੀਂ। ਫੇਰ ਦੂਜਾ ਸ਼ਬਦ ਸੂਰਦਾਸ ਦਾ ਦੇਕੇ ਕਬੀਰ ਦਾ ਸ਼ਬਦ, 'ਹਰਿ ਬਿਨ ਕਉਨ ਸਹਾਈ' ਆਉਂਦਾ ਹੈ ।

ਰਾਗ ਮਾਰੂ ਵਿਚ ਮੀਰਾਂਬਾਈ ਦਾ ਸ਼ਬਦ ਰਾਗ ਦੇ ਛੇਕੜ ਪੁਰ ਦਿੱਤਾ ਹੈ ਅਤੇ ਉਸ ਤੋਂ ਪਹਿਲੇ ਰਵਿਦਾਸ ਦੇ ਦੋ ਸ਼ਬਦ, 'ਐਸੀ ਲਾਲ ਤੁਝ ਬਿਨ' ਅਤੇ 'ਸੁਖ ਸਾਗਰ ਸੁਰ ਤਰ' ਆਉਂਦੇ ਹਨ।

'ਭੋਗ ਦੀ ਬਾਣੀ' ਦੀ ਤਰਤੀਬ ਮਾਮੂਲੀ ਹੈ। ਸਲੋਕ ਕਬੀਰ ਦੇ ੨੪੪, ਫ਼ਰੀਦ ਦੇ ੧੩੦ ਹੀ ਦਿਤੇ ਹਨ। ਸਵੈਯਾ ਦਾ ਜੋੜ ੧੪੨ ਅਤੇ 'ਸਲੋਕ ਵਾਰਾਂ ਤੇ ਵਧੀਕ' ਦਾ ਜੋੜ ੧੫੩ ਹੈ ਹੋਰ ਨਾਵੇਂ ਗੁਰੂ ਦੇ ਖ਼ਾਲੀ ਸ਼ਬਦ ਦੇ ਕੇ ਫਾਲਤੂ ਬਾਣੀਆਂ ਪਹਿਲੇ ਲਿਖਾਰੀ ਦੇ ਹਥ ਦੀਆਂ ਲਿਖੀਆਂ ਏਸ ਤਰਤੀਬ ਸਿਰ ਦਿਤੀਆਂ ਹਨ :—

(ੳ) ਸਲੋਕ ਤਥਾ ਗੋਸ਼ਟ ਮਲ੍ਹਾਰ ਨਾਲ ਹੋਈ।



Sri Satguru Jagjit Singh Ji Elibrary NamdhariElibrary@gmail.com

(ਅ) ਸਲੋਕ ਮਹਲਾ ੯ (ਸਾਰੇ ੫੭) ਗੋਇਆ ਪਹਿਲਾ ਲਿਖਾਰੀ ਏਸ ਵੇਲੇ ਤਕ ਜ਼ਿੰਦਾ ਮੌਜੂਦ ਸੀ।

(ੲ) ਰਤਨਮਾਲਾ ਰਾਮਕਲੀ ਮਹਲਾ ੧

(ਸ) ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ।

(ਹ) ਰਾਗ ਮਾਲਾ ਅਤੇ (ਕ) ਸਿਆਹੀ ਕੀ ਬਿਧੀ।

'ਰਤਨ ਮਾਲਾ' ਦੇ ੨੫ ਬੰਦ ਦੇਕੇ ਪਿਛੇ ਰਵਾਜ ਮੁਤਾਬਕ ਟਿਪਨੀ ਲਿਖੀ ਹੈ ਕਿ ਇਹ ਗ੍ਰੰਥ ਤੇਰਕੀ ਤੋਂ ਗੁਰਮੁਖੀ ਅਖਰਾਂ ਵਿਚ ਕੀਤਾ ਗਿਆ।

ਜਾਪਦਾ ਹੈ ਕਿ ਏਸ ਬੀੜ ਦਾ ਬਹੁਤਾ ਭਾਗ ਨਾਵੇਂ ਗੁਰੂ ਦੇ ਵੇਲੇ ਤਿਯਾਰ ਹੋ ਗਿਆ ਸੀ ਅਤੇ ਫੇਰ ਗੁਰੂ ਗੋਬਿੰਦ ਸਿੰਘ ਦੇ ਵੇਲੇ ਏਸ ਬੀੜ ਨੂੰ ਮੁਕੰਮਲ ਕੀਤਾ ਗਿਆ। ਇਸ ਬੀੜ ਬਾਬਤ ਇਹ ਦਾਅਵਾ ਕਿ ਉਸਦਾ ਲਿਖੇ ਜਾਣਾ ਮਾਂਗਟ ਵਾਲੀ ਬੀੜ ਦੇ ਨਾਲ ਹੀ ਸ਼ੁਰੂ ਹੋਇਆ ਸੀ, ਠੀਕ ਨਹੀਂ।

ਪਿੰਡੀ ਲਾਲਾ ਦੀ ਹਥ ਦੀ ਲਿਖੀ ਦੂਜੀ ਬੀੜ ਸੁੰਦਰ ਮੋਟੀ ਲਿਖਾਈ ਦੀ ੧੬੦੨ ਪਤ੍ਰਿਆਂ ਪੁਰ ਉਪਰਲੀ ਬੀੜ ਤੋਂ ਹੀ ਨਕਲ ਕੀਤੀ ਹੋਈ ਹੈ। ਲਿਖਣ ਦੀ ਤਾਰੀਖ ਇਉਂ ਦਿੱਤੀ ਹੈ:—

"ਸਾਵਣੋਂ ਸਤਾਈ 'ਲਿਖ ਪਹੁੰਚੇ ਕਾ ਚਿਤਰ' ੧੯੧੯"

ਇਹ ਦਿਸਦਾ ਹੈ ਕਿ ਏਸ ਲਿਖਾਰੀ ਨੇ 'ਲਿਖ ਪਹੁਚੇ ਕਾ ਚਿਤਰ' ਦੇ ਅਰਥ 'ਲਿਖ ਚੁੱਕਣ ਦਾ ਸੰਮਤ' ਦੇ ਕੀਤੇ ਹਨ। ਫ਼ਾਲਤੂ ਬਾਣੀਆਂ ਏਸ ਵਿਚ ਸਿਰਫ ਚਾਰ ਹਨ:'ਗੋਸ਼ਟ ਮਲਿਆਰ ਨਾਲ ਹੋਈ,' 'ਰਤਨ ਮਾਲਾ ਰਾਮਕਲੀ;' 'ਹਕੀਕਤ ਰਾਹ ਮੁਕਾਮ ਰਾਜਾ ਸ਼ਿਵਨਾਭ', ਅਤੇ '੪—ਰਾਗ ਮਾਲਾ।'

'ਵਾਰਾਂ' ਦੇ ਸਿਰ ਉਪਰ ਧੁਨੀਆਂ ਦਿਤੀਆਂ ਹਨ। 'ਮੁੰਦਾਵਣੀ' ਵਾਲੇ ਸ਼ਲੋਕ 'ਗੋਸ਼ਟ ਮਲਿਆਰ ਨਾਲ ਹੋਈ' ਤੋਂ ਪਹਿਲੇ ਦਿੱਤੇ ਹਨ।

ਹੋਰ ਕੋਈ ਗਲ ਏਸ ਬੀੜ ਬਾਬਤ ਲਿਖਣ ਵਾਲੀ ਨਹੀਂ ਅਤੇ ਹੈ ਭੀ ਇਹ ਕੁਲ ੯੨ ਵਰ੍ਹੇ ਪੁਰਾਣੀ।



Sri Satguru Jagjit Singh Ji Elibrary NamdhariElibrary@gmail.com

# ੬--ਬੀੜ ਵਾਸੂ
## (ਤਹਿਸੀਲ ਫਾਲੀਆ)

ਵਾਸੂ ਇਕ ਮੁਸਲਮਾਨ ਜਟ ਸੀ, ਜਿਸਦੇ ਨਾਮ ਪੁਰ ਇਹ ਪਿੰਡ ਵਸਿਆ ਸੀ। ਇਹ ਖਾਸਾ ਵੱਡਾ ਪਿੰਡ ਹੈ। ਆਬਾਦੀ ਤੇ ਮਾਲਕੀ ਬਹੁਤੀ ਅਰੋੜਿਆਂ ਦੀ ਹੈ। ਮਾਂਗਟ ਬਨੋ, ਬੋਹਤ, ਪਿੰਡੀਲਾਲਾ (ਜਿਥੇ ਦੇ ਸਰਦਾਰ ਲਾਂਬੇ ਖਤ੍ਰੀ ਹਨ, ਸਰਦਾਰ ਗੁਰਮੁਖ ਸਿੰਘ ਲਾਂਬਾ ਦੇ ਵੰਸ਼ਜ), ਵਾਸੂ ਆਦਿ ਸਭ ਨੇੜੇ ਨੇੜੇ ਪਿੰਡ ਹਨ। 'ਧੋਲ' ਜਿਥੋਂ ਦੀ ਸੰਗਤ ਗੁਰੂ ਸਾਹਿਬਾਨ ਦੇ ਵੇਲੇ ਵਡੀਆਂ ਤੇ ਚੰਗੀਆਂ ਸੰਗਤਾਂ ਵਿਚੋਂ ਸੀ, ਓਹ ਮਾਂਗਟੋਂ ਤਿੰਨ ਕੋਹ ਪੁਰ ਹੈ। ਓਥੇ ਅਤੇ *ਮੋਂਗ ਰਸੂਲ ਵਿਚ ਪੁਰਾਣੇ ਗ੍ਰੰਥ ਸਾਹਿਬ ਹਨ। ਪਿੰਡੀ ਬਹਾਉਦੀਨ ਤੋਂ ੫ ਮੀਲ ਤੇ ਚੱਕ ਫਤੇ ਸ਼ਾਹ ਵਿਚ ਤਿੰਨ ਪੁਰਾਣੇ ਗ੍ਰੰਥ ਸਾਹਿਬ ਹਨ। ਜਦ ਗੁਰੂ ਹਰ ਗੋਬਿੰਦ ਸਾਹਿਬ ਦੇਸੋਂ ਨਿਕਲ ਬਿਦੇਸ ਜਾ ਵਸੇ, ਅਤੇ ਪਿਛੋਂ ਨਾ ਗੁਰੂ ਹਰਿ ਰਾਇ ਅਤੇ ਨਾ ਗੁਰੂ ਹਰਿ ਕ੍ਰਿਸ਼ਣ ਏਧਰ ਆਏ, ਤਦ ਪੰਜਾਬ ਦੇ ਵਿਚਲੇ ਹਿਸੇ ਵਿਚ 'ਮੀਨਿਆਂ' ਅਤੇ 'ਧੀਰਮਲੀਆਂ' ਦਾ ਜ਼ੋਰ ਹੋ ਗਿਆ, ਅਤੇ ਸਤਿਲੁਜ ਤੋਂ ਲੈ ਕੇ ਚਨਾਬ ਤਕ ਦੇ ਦੇਸ ਵਿਚ 'ਗੁਰੂ-ਗਦੀ' ਨਾਲ ਸੰਬੰਧਤ ਸਿਖ ਤੇ ਸਿਖ ਸੰਗਤਾਂ ਬਹੁਤ ਘਟ ਗਏ; ਗੁਰੂਆਂ ਦੀ ਸਿਖੀ ਸਤਲੁਜੋਂ ਦਖਨ ਮਾਲਵੇ ਵਿਚ ਅਤੇ ਚਨਾਬੋਂ ਉਤ੍ਰ ਵਲ ਰਹਿ ਗਈ। ਇਹ ਸੰਗਤਾਂ ਅਤੇ ਸਿਖ, ਜਿਨ੍ਹਾਂ ਦਾ ਜ਼ਿਕਰ ਅਸੀਂ ਏਥੇ ਕਰ ਰਹੇ ਹਾਂ, ਉਤ੍ਰੀ ਪੰਜਾਬ ਦੇ ਦਰਵਾਜ਼ੇ ਪੁਰ ਸਨ ਅਤੇ ਏਸੇ ਕਰਕੇ ਗੁਰੂ ਸਾਹਿਬਾਨ ਨੂੰ ਇਹ 'ਆਪਣਾ ਘਰ' ਦਿਸਦੀਆਂ ਸਨ, ਜਿਸਤਰ੍ਹਾਂ ਕਿ ਹੁਕਮ ਨਾਮਿਆਂ ਵਿਚ ਕਿਹਾ ਹੈ। ਇਸ ਇਲਾਕੇ ਦੇ

---

*ਮੋਂਗ ਰਸੂਲ ਅਤੇ ਚੇਲੀਆਂ ਵਾਲਾ ਦੋਵੇਂ ਪਿੰਡੀ ਬਹਾਉਦੀਨ ਤੋਂ ਛੇ ਸਤ ਮੀਲ ਹਨ।



Sri Satguru Jagjit Singh Ji Elibrary NamdhariElibrary@gmail.com

ਸਿਖੀ ਦਾ ਕੇਂਦਰ ਹੋਣ ਦਾ ਇਕ ਸਬਬ ਇਹ ਭੀ ਸੀ ਕਿ ਇਸ ਇਲਾਕੇ ਦੇ ਹਿੰਦੂ ਲੋਕ ਖਤ੍ਰੀ, ਭਾਟੀਆ, ਅਰੋੜੇ 'ਗ਼ੈਰ ਕਾਸ਼ਤਕਾਰ' ਕੌਮਾਂ ਦੇ ਸਨ ਅਤੇ ਜੱਟ ਵਸੋਂ ਸਾਰੀ ਮੁਸਲਮਾਨੀ ਸੀ। ਏਸ ਇਲਾਕੇ ਦੀਆਂ ਸੰਗਤਾਂ ਵਿਚ ਬਹੁਤ ਸਾਰਾ ਮਸਾਲਾ ਗੁਰੂਆਂ ਦੇ ਵਕਤ ਦੀ ਤਵਾਰੀਖ਼ ਸੰਬੰਧੀ ਲਈ ਮਿਲ ਸਕਦਾ ਹੈ ਅਤੇ ਪੁਰਾਤਨ ਬੀੜਾਂ ਅਤੇ ਹੁਕਮਨਾਮੇ ਸਾਰੇ ਹਿੰਦਵਾਨੇ ਪਿੰਡਾਂ ਵਿਚ ਹਨ।

'ਵਾਸੂ' ਦੀ ਜਿਸ ਲਿਖਤ ਦੀ ਬੀੜ ਦਾ ਜ਼ਿਕਰ ਅਸੀਂ ਹੁਣ ਕਰਨ ਲੱਗੇ ਹਾਂ, ਉਹ ਬਹੁਤ ਪੁਰਾਣੀ ਤਾਂ ਨਹੀਂ, ਹੈ। ਪਰ ਉਸ ਵਿਚ ਇਕ ਖ਼ਾਸ ਗ਼ਲਤੀ ਦਾ, ਜੋ ਉਸ ਸਮੇਂ ਦੇ ਸਿਖਾਂ ਵਿਚ ਆਮ ਫੈਲੀ ਹੋਈ ਸੀ, ਸਾਫ਼ ਸਬੂਤ ਮਿਲ ਜਾਂਦਾ ਹੈ। ਇਹ 'ਗ਼ਲਤੀ' ਛੇਵੀਂ ਤੋਂ ਨਾਵੀਂ ਪਾਤਸ਼ਾਹੀ ਦੇ ਹਾਲਾਤ ਵਿਚ ਬੜੀ ਗੜ ਬੜ ਪਾਣ ਦਾ ਕਾਰਣ ਬਣੀ ਰਹੀ ਹੈ। ਫੇਰ ਏਸ ਬੀੜ ਵਿਚ ਸੂਰਦਾਸ ਦੇ ਵਾਧੂ ਪਾਏ ਸ਼ਬਦ ਦਾ ਠੀਕ ਠੀਕ ਪਾਠ ਮਿਲ ਜਾਂਦਾ ਹੈ। ਏਸ ਵਿਚੋਂ ਕੁਝ ਗਲਾਂ ਨਕਲ ਕਰਕੇ, ਫੇਰ ਅਸੀਂ ਆਪਣੇ ਨਤੀਜੇ ਕੱਢਾਂਗੇ।

(੧) ਤਤਕਰੇ ਦੇ ਮੁਢ ਵਿਚ ਲਿਖਿਆ ਹੈ :-

"ਤਤਕਰਾ ਗੁਰੂ ਗ੍ਰੰਥ ਜੀ ਦਾ ਲਿਖਿਆ ਸੰਮਤ ੧੮੯੬ ਵਿਚ ਹਾੜ ਸੁਦੀ ੧੦ ॥"

(੨) "ਜਪੁ ਨੀਸ਼ਾਨ ਗੁਰੂ ਰਾਮਦਾਸ ਜੀ ਕੇ ਦਸਤਖਤਾਂ ਕਾ ਨਕਲ ਥਾ, ਤਿਨ ਕਾ ਨਕਲ ਲਿਖਿਆ।"

(੩) 'ਸੋ ਦਰ' ਵਾਲੇ ਪੰਜ ਸ਼ਬਦ, 'ਸੋ ਪੁਰਖ' ਵਾਲੇ ਚਾਰ ਸ਼ਬਦ ਅਤੇ 'ਸੋਹਿਲਾ ਆਰਤੀ' ਦੇ ਪੰਜ ਸ਼ਬਦ ਹਨ।

(੪) ਰਾਗਾਂ ਹੇਠਾਂ ਰਾਗ ਦੇ ਸਿਰ ਪੁਰ ਧੁਨੀਆਂ ਦਿਤੀਆਂ ਹਨ।

(੫) ਰਾਗ ਸਾਰੰਗ ਵਿਚ ਦੋਵੇਂ ਸ਼ਬਦ ਸੂਰਦਾਸ ਦੇ ਦਿਤੇ ਹਨ। ਪਹਿਲੇ ਸ਼ਬਦ ਦਾ ਜੋ ਭਾਈ ਬਨੋਂ ਦੀ ਬੀੜ ਵਿਚ ਵਧਾਇਆ ਗਿਆ, ਪਾਠ ਇਸ ਤਰ੍ਹਾਂ ਪੁਰ ਹੈ :-



Sri Satguru Jagjit Singh Ji Elibrary NamdhariElibrary@gmail.com

"ਛਾਡਿ ਹਰਿ ਬਿਮੁਖਨ ਕੋ ਸੰਗ।
ਕਹਾ ਭਏ ਪੀ* ਪਾਇ† ਪਿਆਏ,
ਬਿਖ ਨ ਤਜਈ ਭੁਇਅੰਗ‡ ॥੧॥ ਰਹਾਉ।
ਕਾਗਾਂ ਕਹਾ ਕਪੂਰ ਚੁਗਾਏ, ਸੁਆਨ ਨਵਾਇ ਗੰਗ॥
ਖਰ§ ਕੋ ਕਹਾ ਅਗਰ ਕੋ ਲੇਪਨ,
ਮਰਕਟਿ¶ ਭੂਖਨ ਅੰਗ ॥ ੧ ॥
ਪਾਹਿਨ ਪਤਿਤ ਬਾਨ ਨ ਬੇਧੇ, ਰੀਤੇ|| ਹੋਇ ਨਿਖੰਗ।
ਸੂਰਦਾਸ ਓਇ∴ ਕਾਰੀ∷ ਕਮਰੀਆ,×
ਚੜ੍ਹਤ ਨ ਦੂਜਾ ਰੰਗ ॥ ੨ ॥"

(੬) ਰਾਗ ਮਾਰੂ ਵਿਚ ਮੀਰਾਂ ਦਾ ਸ਼ਬਦ ਰਾਗ ਦੇ ਅੰਤ ਪੁਰ ਹੈ, ਕੁਜ ਪਾਠਾਂਤ੍ਰ ਨਾਲ :–

"ਮਨ ਹਮਾਰੋ ਬਾਧਿਓ, ਮਾਈ! ਕਵਲ ਨੈਨ ਆਪਨੇ ਸੰਗ।

..............................................................................

ਮੀਰਾ! ਗਿਰਧਰ ਸੁਆਮੀ ਦਇਆਲ ਤਨਿ ਕੀ ਤਪਤਿ
ਬੁਝਾਈ ਰੀ ਮਾਈ।
ਕਵਲਨੈਨ ਆਪਨੇ ਗੁਨ, ਆਪਨੇ ਗੁਨ ਬਾਧਿਓ ਮਾਈ॥

(੭) 'ਭੋਗ ਦੀ ਬਾਣੀ,' ਰਾਗ ਪ੍ਰਭਾਤੀ ਤੇ ਪਿਛੇ, ਇਉਂ ਦਿਤੀ ਹੈ;

(ੳ) ਸਵੈਯੇ ਭਟਾਂ ਤਕ ਦੇ ਦੇ ਕੇ ਫੇਰ ਆਉਂਦੇ ਹਨ,

(ਅ) 'ਸ਼ਲੋਕ ਵਾਰਾਂ ਤੇ ਵਧੀਕ' ਮਹਲਾ ੧, ਮ: ੩, ਮਹਲਾ ੪, ਤੇ ਮਹਲਾ ੫ ॥

---

*ਪੀ=ਅਪੀ ਜਾਂ ਅਫਈ, ਅਤੇ ਭੁਇ ਅੰਗ ਦੋਹਾਂ ਦਾ ਮਤਲਬ ਸਪ ਦੇ ਹਨ
†ਪਾਇ=ਦੁਧ। ‡ਖਰ=ਖੋਤਾ। §ਮਰਕਟ ਬਾਂਦਰ।
¶ਸਖਣੇ ਹੋ ਗਏ। ||ਤਰਕਸ਼, ਭਲਥੇ। ∴ਓਇ=ਓਹੋ ਈ। ∷ਕਾਰੀ=ਕਾਲੀ। ×ਕਮਰੀਆ=ਕਮਲੀਆ।



Sri Satguru Jagjit Singh Ji Elibrary NamdhariElibrary@gmail.com

(ੲ) ਮੁੰਦਾਵਣੀ।

(ਸ) ਸਲੋਕ, 'ਜਿਤ ਦਰ ਲਖ ਮੁਹਮਦਾ'।

(ਹ) ਰਾਗ ਰਾਮਕਲੀ, ਰਤਨਮਾਲਾ।

(ਕ) 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ'

(ਖ) ਰਾਗ ਮਾਲਾ ਅਤੇ (ਗ) ਸਿਆਹੀ ਕੀ ਬਿਧੀ (ਛੋਟੀ)

(੮) ਤਤਕਰੇ ਤੋਂ ਝੱਟ ਹੀ ਪਹਿਲੇ 'ਚਲਿਤ੍ਰ ਜੋਤੀ ਜੋਤ ਸਮਾਵਣ ਕਾ' ਲਿਖਿਆ ਹੈ, ਜਿਸ ਵਿਚ ਪਹਿਲੇ ਨੌਂ ਗੁਰੂਆਂ ਦੇ ਚਲਾਣੇ ਦੀਆਂ ਥਿਤਾਂ ਦਿਤੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਚਲਾਣੇ ਦਾ ਸੰਮਤ ਨਹੀਂ ਦਿਤਾ। ਗੁਰੂ ਨਾਨਕ ਦੇਵ ਦੇ ਚਲਾਣੇ ਦੀ ਥਿੱਤ 'ਸੰਮਤ ੧੫੯੬ ਅਸੂ ਵਦੀ ੧੦' ਦਿਤੀ ਹੈ। ਪੰਜਵੇਂ ਗੁਰੂ ਦੇ ਚਲਾਣੇ ਦੀ ਥਿਤ ਦੇ ਪਿਛੋਂ ਬਿਨਾਂ ਨਾਮ ਦਿਤੇ ਦੇ ਜੋ ਤਾਰੀਖ ਪ੍ਰਾਚੀਨ ਬੀੜਾਂ ਵਿਚ ਦਿੱਤੀ ਹੁੰਦੀ ਹੈ, ਉਸਨੂੰ ਗੁਰੂ ਹਰ ਗੋਬਿੰਦ ਦੇ ਨਾਮ ਨਾਲ ਜੋੜ ਦਿੱਤਾ ਹੈ, ਏਸ ਲਿਖਾਰੀ ਨੇ ਹੀ ਨਹੀਂ ਸਗੋਂ ਉਸ ਤੋਂ ਪਹਿਲੇ ਲਿਖਾਰੀ ਨੇ ਵੀ ਜਿਸਦੀ ਪੁਰਾਣੀ ਲਿਖੀ ਬੀੜ ਤੋਂ ਇਹ ਨਕਲ ਕਰ ਰਿਹਾ ਸੀ:-

'ਸੰਮਤ ੧੬੯੫ ਚੇਤ ਸੁਦੀ ੧੦ ਸ੍ਰੀ ਗੁਰੂ ਬਾਬਾ ਜੀ ਸਮਾਣਾ ਕੀਰਤਪੁਰ, ਆਇਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸ੍ਰੀ ਗੁਰੂ ਕਾਰਣ ਕਰਣ ਸਮਰਥੁ ਕਰਤਾ ਪੁਰਖ ਨਿਰੰਕਾਰ ਨਿਰਵੈਰ ਅਕਾਲ ਮੂਰਤਿ ਕਰਤਾ ਪੁਰਖੁ ਸ੍ਰੀ ਗੁਰੂ ਹਰ ਗੋਬਿੰਦ ਜੀ ਸਮਾਣਾ ਕੀਰਤਪੁਰ ਦੇ ਹੇਠ ਥਾਪਲੁ ਪਤਾਲਗੜ ਨਾਉ ਥਾ ਕੋਠੇ ਵਿਚ ਪੰਜ ਦਿਹੁ ਸਾਂਗ ਹੋਆ। ਰਾਤਿ ਆਂਵਦੀ ਸਮਾਣਾ ਨਦੀ ਉਤੇ ਦਾਗੁ ਦਿੱਤਾ ਰਾਜ ਕੈਹਲੂਰ ਕੇ ਵਿਚਿ ਅਗੋਂ ਜੋ ਗੁਰ ਭਾਵੇਗਾ ਸੋਂ ਹੋਵੇਗਾ।'

'ਆਦਿ-ਬੀੜ' ਦੇ ਪਿਛੇ ਪਹਿਲੀਆਂ ਪੰਜ ਥਿਤਾਂ ਤੋਂ ਅਗੇ ਬਾਬਾ



Sri Satguru Jagjit Singh Ji Elibrary NamdhariElibrary@gmail.com

ਗੁਰਦਿਤਾ ਅਤੇ ਗੁਰੂ ਹਰ ਗੋਬਿੰਦ ਜੀ ਦੇ ਚਲਾਣੇ ਦੀਆਂ ਦੋ ਥਿਤਾਂ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਹਥੀਂ (ਜਾ ਸ਼ਾਇਦ ਗੁਰੂ ਹਰਿ ਰਾਇ ਜੀ ਦੇ ਬੋਲਕੇ ਲਿਖਾਣ ਪੁਰ) ਲਿਖੀਆਂ ਗਈਆਂ ਸਨ ਸੰਮਤ ੧੭੧੭–੧੮ ਵਿਚ। ਉਸ ਤੋਂ ਨਕਲ ਦਰ ਨਕਲ ਕਰਨ ਵਾਲੇ ਨੇ ਗੁਰੂ ਹਰ ਗੋਬਿੰਦ ਸਾਹਿਬ ਦੇ ਚਲਾਣੇ ਦੀ ਥਿਤ ਸੰਮਤ ਛੱਡਕੇ ਪਹਿਲੀ ਥਿਤ, ਜੋ ਅਸਲ ਵਿਚ ਬਾਬਾ ਗੁਰਦਿੱਤਾ ਜੀ ਦੇ ਚਲਾਣੇ ਦੀ ਸੀ, ਉਸਦੇ ਸਾਹਮਣੇ ਦੋਹੀਂ ਥਾਈਂ ਲਿਖੀਆਂ ਇਬਾਰਤਾਂ ਨੂੰ ਰਲਾਕੇ ਇਕੱਠਾ ਕਰ ਦਿੱਤਾ ਹੈ, ਜਿਵੇਂ ਉਹ ਇੱਕੋ ਇਬਾਰਤ ਹੁੰਦੀ ਹੈ।

ਗੁਰੂ ਤੇਗ ਬਹਾਦਰ ਦੇ ਚਲਾਣੇ ਦੀ ਥਿਤ ਇਉਂ ਦਿੱਤੀ ਹੈ:–

'ਸੰਮਤ ੧੭੩੨ ਮਿਤਿ ਮਘਰ ਸੁਦੀ ੫ ਵੀਰਵਾਹ ਦੋਇ ਪਹਿਰ ਇਕ ਘੜੀ ਦਿਨ ਚੜ੍ਹਿਆ ਸੀ ਸਤਿਗੁਰੂ ਤੇਗ ਬਹਾਦਰ ਜੀ ਦਿੱਲੀ ਵਿਚ ਸਾਂਗ ਹੋਆ। ਗੁਰੂ ਕੀਤਾ।'

ਨਤੀਜੇ, ਜਿਨ੍ਹਾਂ ਵਲ ਅਸੀਂ ਉਪਰ ਇਸ਼ਾਰਾ ਵੀ ਕਰ ਆਏ ਹਾਂ, ਇਹ ਨਿਕਲਦੇ ਹਨ:–

(੧) ਇਹ ਬੀੜ ਸਾਰੀ ਇਕੋ ਹੱਥ ਦੀ ਲਿਖੀ ਹੈ। ਲਿਖੇ ਜਾਣ ਦਾ ਸੰਮਤ ੧੮੮੬ ਮੁਤਾਬਕ ਸਨ ਈਸਵੀਂ ੧੮੨੯ (ਮਹਾਰਾਜਾ ਰਣਜੀਤ ਸਿੰਘ ਦਾ ਵੇਲਾ) ਦਿੱਤਾ ਹੈ, ਪਰ ਨਾ ਤਾਂ ਗੁਰੂ ਗੋਬਿੰਦ ਸਿੰਘ ਦੇ ਚਲਾਣੇ ਦਾ ਸੰਨ ਦਿਤਾ ਹੈ ਅਤੇ ਨਾ ਨਾਵੇਂ ਗੁਰੂ ਦੀ ਬਾਣ ਈ ਹੈ। ਏਸ ਕਰਕੇ ਇਹ ਅਜਿਹੀ ਬੀੜ ਤੋਂ ਨਕਲ ਕੀਤੀ ਗਈ ਹੈ ਜੋ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਨੇੜੇ ਬਣੀ ਸੀ, ਕੁਝ ਵਰ੍ਹੇ ਪਹਿਲੋਂ ਜਾਂ ਪਿਛੋਂ। ਗੁਰੂ ਤੇਗ ਬਹਾਦਰ ਦੇ ਚਲਾਣੇ ਦੀ ਥਿਤ ਏਸ 'ਵਾਸੂ' ਵਾਲੀ ਬੀੜ ਦੇ ਲਿਖਾਰੀ ਨੇ ਕਿਤੋਂ ਹੋਰ ਥੋਂ ਨਕਲ ਕਰ ਲਈ, ਜਿਸ ਤਰ੍ਹਾਂ ਕਿ ਉਸਦੇ ਸਾਹਮਣੇ ਦੀ ਇਬਾਰਤ ਤੋਂ ਦਿਸ ਰਿਹਾ ਹੈ, ਜੋ ਦੂਜੀਆਂ ਬੀੜਾਂ ਵਿਚ ਦਿੱਤੀ ਇਬਾਰਤ ਤੋਂ ਬਹੁਤ ਵਖਰੀ ਹੈ।

ਉਹ ਬੀੜ, ਜਿਸ ਤੋਂ ਵਾਸੂ ਵਾਲੀ ਬੀੜ ਨਕਲ ਕੀਤੀ ਗਈ,



Sri Satguru Jagjit Singh Ji Elibrary NamdhariElibrary@gmail.com

ਭਾਈ ਬਨੋਂ ਦੀ ਬੀੜ ਤੋਂ ਸਿਧੀ ਨਕਲ ਸੀ, ਜਿਸਤੇ ਵਾਸੂ ਵਾਲੀ ਬੀੜ ਦਾ 'ਜਪੁ' ਗੁਰੂ ਰਾਮਦਾਸ ਵਾਲੇ ਜਪੁ ਤੋਂ ਤੀਜੀ ਥਾਂ ਨਕਲ ਸੀ।

(੨) ਗੁਰੂ ਹਰ ਗੋਬਿੰਦ ਸਾਹਿਬ ਅਤੇ ਉਹਨਾਂ ਦੇ ਪੁਤ੍ਰ ਪੋਤ੍ਰਿਆਂ ਦੇ ਜਨਮ, ਮਰਨ, ਵਿਆਹ ਆਦਿ ਦੀਆਂ ਤਾਰੀਖਾਂ ਅਤੇ ਹੋਰ ਕਈ ਘਟਨਾਆਂ ਦੀਆਂ ਤਾਰੀਖਾਂ ਗੁਰੂ ਤੇਗ ਬਹਾਦਰ ਦੇ ਸਮੇਂ ਤਕ, ਜੋ ਗੁਰੂ ਹਰਗੋਬਿੰਦ ਸਾਹਿਬ ਦੇ ਚਲਾਣੇ ਦੇ ਸੰਮਤ ਤੋਂ ਹਿਸਾਬ ਕਰਕੇ 'ਗੁਰ-ਪ੍ਰਣਾਲੀਆਂ' ਆਦਿ ਲਿਖਣ ਵਾਲਿਆਂ ਨੇ ਦਿਤੀਆਂ ਹਨ, ਉਹਨਾਂ ਵਿਚ ਗੜ ਬੜ ਅਤੇ ਗ਼ਲਤੀਆਂ, ਇਸੇ ਸੰਮਤ ਦੀ ਬੇਥਵੀ ਕਰਕੇ ਹੋਈਆਂ ਹਨ, ਅਤੇ ਉਹ ਭੀ ਇਕ ਬਚੇ ਦੀ ਹਥੀਂ ਲਿਖੇ ਜਾਣ ਕਰਕੇ, ਜਿਸ ਵਿਚ ਉਸ ਬਚੇ ਨੇ ਸ਼ਾਇਦ ਅਦਬ ਦੇ ਖ਼ਿਆਲ ਨਾਲ ਆਪਣੇ ਦਾਦੇ ਦਾ ਨਾਮ ਨਹੀਂ ਦਿੱਤਾ। ਸ੍ਰੀ ਹਰਿ ਕ੍ਰਿਸ਼ਨ ਜੀ ਨੇ ਦਾਦੇ ਦੇ ਚਲਾਣੇ ਦੀ ਥਿਤਿ ਦੇਕੇ ਖ਼ਾਲੀ ਇਹ ਲਫ਼ਜ਼ ਲਿਖੇ, 'ਸ੍ਰੀ ਸਤਿਗੁਰੂ ਬਾਬਾ ਜੀ ਸਾਹਮਣੇ'। 'ਗੁਰੂ ਸਤਿਗੁਰੂ' ਇਹ ਸਾਰੇ ਘਰ ਦਿਆਂ ਲੋਕਾਂ ਵਾਸਤੇ ਖ਼ਿਤਾਬ ਸੀ, ਨਹੀਂ ਤਾਂ ਬਾਬਾ ਗੁਰਦਿੱਤਾ ਕਦੇ ਸਤਿਗੁਰੂ ਨਹੀਂ ਸਨ ਬਣੇ। ਜੀਉਂਦੇ ਰਹਿੰਦੇ ਅਤੇ ਅਠਾਰਾਂ ਉੱਨੀ ਵਰ੍ਹੇ ਦੀ ਉਮਰ ਵਿਚ ਨਾ ਚਲ ਵਸਦੇ, ਤਾਂ ਭਾਵੇਂ ਗੁਰੂ ਗੱਦੀ ਉਹਨਾਂ ਨੂੰ ਮਿਲਦੀ; ਉਹ ਭੀ ਸ਼ਾਇਦ ਹੀ, ਕਿਉਂ ਜੋ ਬਾਬਾ ਸ੍ਰੀ ਚੰਦ ਦੇ ਮੰਗਣ ਪੁਰ ਗੁਰੂ ਹਰ ਗੋਬਿੰਦ ਆਪਣਾ ਇਹ ਬਚਾ, ਉਹਨਾਂ ਦੇ ਚੜ੍ਹਾ ਚੁਕੇ ਸਨ, ਅਤੇ ਬਾਬਾ ਸ੍ਰੀ ਚੰਦ ਨੇ ਬਾਬਾ ਗੁਰਦਿੱਤਾ ਨੂੰ ਆਪਣੀ ਸੇਲੀ ਟੋਪੀ ਦੇ ਕੇ ਆਪਣੇ ਪਿਛੇ ਉਦਾਸੀ ਸਮਪਰਦਾਇ ਦਾ ਮਹੰਤ ਬਣਾਇਆ ਸੀ ਅਤੇ ਬਾਬਾ ਗੁਰਦਿੱਤਾ ਦੇ ਹੀ ਚਾਰ ਮੁਖੀ ਚੇਲਿਆਂ ਤੋਂ ਉਦਾਸੀਆਂ ਦੇ ਚਾਰ ਧੂਏਂ ਚਲੇ ਹਨ।

ਜਿਸ ਤਰ੍ਹਾਂ ਵਾਸੂ ਵਾਲੀ ਬੀੜ ਵਿਚ ਬਾਬਾ ਗੁਰਦਿਤਾ ਦੇ ਚਲਾਣੇ ਦਾ ਸੰਮਤ ਹੇਠਾਂ ਵਲ ਗੁਰ ਹਰ ਗੋਬਿੰਦ ਸਾਹਿਬ ਦੇ ਨਾਮ ਨਾਲ ਜੁੜਿਆ ਮਿਲਦਾ ਹੈ, ਉਸੇ ਤਰ੍ਹਾਂ ਅਖਨੂਰ (ਜਮੂ) ਦੀ ਇਕ ਪ੍ਰਾਚੀਨ



Sri Satguru Jagjit Singh Ji Elibrary NamdhariElibrary@gmail.com

ਬੀੜ ਵਿਚ, ਇਹੋ ਤਾਰੀਖ਼ ਉਪਰ ਵਲ ਗੁਰੂ ਅਰਜਨ ਦੇਵ ਦੇ ਨਾਮ ਨਾਲ ਜੋੜ ਦਿੱਤੀ ਹੈ, ਅਤੇ ਓਹਨਾਂ ਦੇ ਚਲਾਣੇ ਦੀ ਆਪਣੀ ਅਸਲੀ ਸਹੀ ਤਾਰੀਖ਼ ਛਡ ਦਿੱਤੀ ਹੈ। ਇਹਨਾਂ ਲਿਖਾਰੀਆਂ ਨੂੰ ਇੱਕ ਸੰਮਤ ਵਧ ਲਿਖਿਆ ਮਿਲਦਾ ਸੀ; ਗੁਰੂ ਛੇ ਅਤੇ ਸੰਮਤ ਚਲਾਣੇ ਦੇ ਸੱਤ, ਇਹ ਗਲ ਓਹਨਾਂ ਨੂੰ ਸਮਝ ਨਹੀਂ ਸੀ ਆਉਂਦੀ। ਸੋ ਏਸਨੂੰ ਭੁਲ ਸਮਝਕੇ, ਅਤੇ ਇਕ ਸੰਮਤ ਦੇ ਛਡ ਦੇਣ ਦੀ ਜ਼ਰੂਰਤ ਪ੍ਰਤੀਤ ਕਰਕੇ, ਕਿਸੇ ਨੇ ਗੁਰੂ ਹਰ ਗੋਬਿੰਦ ਸਾਹਿਬ ਦੇ ਚਲਾਣੇ ਦਾ ਸੰਮਤ ਛੱਡ ਦਿੱਤਾ। ਅਤੇ ਕਿਸੇ ਨੇ ਗੁਰੂ ਅਰਜਨ ਦੇਵ ਦੇ ਚਲਾਣੇ ਦਾ, ਪਰ ਪਹਿਲੇ ਖ਼ਿਆਲ ਦੇ ਲਿਖਾਰੀ ਵਧੀਕ ਸਨ।

## ੭-ਅਖਨੂਰ (ਜੰਮੂ) ਦੀਆਂ ਬੀੜਾਂ

ਅਖਨੂਰ ਵਿਚ ਆਦਿ-ਗ੍ਰੰਥ ਦੀਆਂ ਤਿੰਨ ਲਿਖਤੀ ਬੀੜਾਂ ਹਨ; ਦੋ ਪੰਚਾਇਤੀ ਧਰਮਸਾਲਾ ਵਿਚ, ਤੇ ਇਕ ਧਰਮਸਾਲਾ ਨਾਨਕ ਚੰਦ ਗਣੇਸ਼ ਦਾਸ ਠਕੁਰਾਲ ਵਿਚ। ਪੰਚਾਇਤੀ ਧਰਮਸਾਲਾ ਵਿਚ ਇਕ ਲਿਖਤ ਦਾ ਦਸਮ-ਗ੍ਰੰਥ ਵੀ ਹੈ।

(੧) ਸਭ ਤੋਂ ਪੁਰਾਣੀ ਬੀੜ ਸੰਮਤ ੧੭੮੦ (ਮੁਤਾਬਕ ਸੰਨ ੧੭੨੩ ਈਸਵੀ) ਦੀ ਹੈ:—"ਸੰਮਤ ੧੭੮੦ ਮਿਤਿ ਵੈਸਾਖਉ ਦਿਨ ਪੰਦਰਹ ਗੁਦਰੇ ਗਰੰਥ ਜੀ ਪੂਰਣ ਲਿਖਿਆ।"

(੨) ਸਾਰੇ ਦਾ ਸਾਰਾ ਗ੍ਰੰਥ ਇਕ ਲਿਖਾਰੀ ਦਾ ਲਿਖਿਆ ਹੈ, ੧੩ ਇੰਚ ੮ ਇੰਚ ਦੇ ੬੮੪ ਪਤ੍ਰਿਆਂ ਪੁਰ, ਲਿਖਾਈ ਫ਼ਾਰਸੀ ਕਿਤਾਬਾਂ ਵਾਂਗ ਚੁਤਿਤਨ ਵਿਚ

(੩) ਵਾਰਾਂ ਦੇ ਉਪਰ 'ਧੁਨੀਆਂ' ਲਿਖਾਰੀ ਦੇ ਆਪਣੇ ਹੱਥ ਦੀਆਂ ਮੁਢੋਂ ਹੀ ਲਿਖੀਆਂ ਹਨ, ਕਿਸੇ ਨੇ ਪਿਛੋਂ ਨਹੀਂ ਲਿਖੀਆਂ।



Sri Satguru Jagjit Singh Ji Elibrary NamdhariElibrary@gmail.com

(੪) ਸੂਰਦਾਸ ਦੇ ਵਾਧੂ ਸ਼ਬਦ ਦੀ ਖਾਲੀ ਪਹਿਲੀ ਤੁਕ ਹੀ ਦਿਤੀ ਹੈ; ਸਾਰਾ ਸ਼ਬਦ ਲਿਖ ਕੇ ਉਸ ਪਰ ਹੜਤਾਲ ਨਹੀਂ ਫੇਰੀ, ਜਿਸਤਰ੍ਹਾਂ ਕਰਤਾਰ ਪੁਰ ਵਾਲੀ ਬੀੜ ਵਿਚ:–

"ਛਾਡਿ ਮਨ ਹਰ ਬੇ-ਮੁਖਨ ਕੋ ਸੰਗ।"

ਦੂਸਰਾ ਸ਼ਬਦ ਸੂਰਦਾਸ ਦਾ ਪੂਰਾ ਦਿੱਤਾ ਹੈ।

(੫) ਰਾਗ ਮਾਰੂ ਹੇਠਾਂ ਮੀਰਾਂ ਬਾਈ ਦਾ ਸ਼ਬਦ: 'ਮਨ ਹਮਾਰਾ ਬਾਂਧਿਓ ਕੰਵਲ ਨੈਣ ਆਪਨੇ ਗੁਣ', ਦਿੱਤਾ ਹੈ, ਉਪਰ ਹੜਤਾਲ ਨਹੀਂ ਫੇਰੀ ਹੋਈ।

(੬) ਨਾਵੇਂ ਗੁਰੂ ਦੀ ਬਾਣੀ ਥਾਂ ਸਿਰ ਰਾਗਾਂ ਹੇਠਾਂ ਦਿਤੀ ਹੈ, ਅਤੇ ਸ਼ਲੋਕ ਵਖਰੇ 'ਭੋਗ ਦੀ ਬਾਣੀ' ਨਾਲ ਦਿਤੇ ਹਨ। ਰਾਗ 'ਜੈਜਾਵੰਤੀ' ਛੋਕੜ ਪੁਰ ੩੧ ਵਾਂ ਰਾਗ ਨਹੀਂ ਬਣਾਇਆ, ਸਗੋਂ ਜੈਤਸਰੀ ਰਾਗ ਦੇ ਪਿਛੇ ਦਿੱਤਾ ਹੈ।

(੭) 'ਭੋਗ ਦੀ ਬਾਣੀ' ਦੇ ਪਿਛਲੇ ਹਿਸੇ ਵਿਚ ਬਾਣੀਆਂ ਹੇਠ ਲਿਖੀ ਤਰਤੀਬ ਸਿਰ ਹਨ:–

(ੳ) ਸਲੋਕ ਕਬੀਰ (੨੪੪) ਸਲੋਕ ਫ਼ਰੀਦ (੧੩੦) ਸਵੈਯੇ ਸ੍ਰੀ ਮੁਖਵਾਕ। (ਸ) ਸਵੈਯੇ ਭੱਟਾਂ ਕੇ। (ਹ) ਸ਼ਲੋਕ ਵਾਰਾਂ ਤੇ ਵਧੀਕ। (ਕ) ਸਲੋਕ ਨਾਵੇਂ ਮਹਿਲਕੇ (੫੭)

ਏਥੇ ਕੋਈ ਥਾਂ ਨਾ ਛੱਡਕੇ ਫਾਲਤੂ ਬਾਣੀਆਂ ਇਸ ਤਰ੍ਹਾਂ ਪੁਰ ਚਲਦੀਆਂ ਹਨ:–

(ਖ) ਸ਼ਲੋਕ ਜਿਤ ਕਰ ਲਖ ਮੁਹਮਦਾ।

(ਗ) ਗੋਸ਼ਟ ਮਲਾਰ ਨਾਲ ਹੋਈ।

(ਘ) ਮੁੰਦਾਵਣੀ (ਦੋਵੇਂ ਸ਼ਲੋਕ)।

ਏਥੇ ਚੋਖੀ ਥਾਂ ਛੱਡੀ ਹੈ। ਫੇਰ ਆਉਂਦੀਆਂ ਹਨ ਬਾਣੀਆਂ:–

(ਙ) ਰਤਨਮਾਲਾ, ਮਾਮੂਲੀ ਟਿਪੱਣੀ ਸਮੇਤ।

(ਚ) ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ।



Sri Satguru Jagjit Singh Ji Elibrary NamdhariElibrary@gmail.com

(ਛ) ਰਾਗ ਮਾਲਾ।

(ਜ) ਚਲਿਤ੍ਰ ਜੋਤੀ ਜੋਤ ਸਮਾਵਣ ਕਾ। ਨਾਵੇਂ ਗੁਰੂ ਕੀ ਥਿਤ ਤਕ। ਬਾਬਾ ਗੁਰਦਿਤਾ ਦੀ ਥਿਤ ਨਹੀਂ ਦਿੱਤੀ।

(ਝ) ਸਿਆਹੀ ਕੀ ਬਿਧੀ (ਛੋਟੀ)।

ਏਸ ਬੀੜ ਦੇ ਉਤਾਰਾ ਕਰਨ ਦੀ ਤਾਰੀਖ ਏਥੇ ਫੇਰ ਦਿੱਤੀ ਹੈ; ਪਹਿਲੇ ਏਥੇ ਹੀ ਲਿਖੀ ਗਈ ਹੋਵੇਗੀ, ਪਿਛੋਂ ਜਦ ਤਤਕਰਾ ਲਿਖਿਆ, ਓਥੇ ਇਹ ਤਾਰੀਖ਼ ਦੁਹਰਾ ਦਿੱਤੀ।

(੮) ਤਤਕਰਿਆਂ ਤੋਂ ਪਹਿਲੇ, ਇਕ ਵਾਧੂ ਪਤ੍ਰੇ ਪੁਰ ਇਹ ਟਿੱਪਣੀ ਲਿਖੀ ਹੈ:–

"ਜਪੁ ਗੁਰੂ ਰਾਮਦਾਸ ਜੀ ਕੇਆ ਦਸਤ ਕਾ ਨਕਲ, ਨਕਲ ਕਾ ਨਕਲ, ਨਕਲ ਕਾ ਨਕਲ, ਗ੍ਰੰਥ ਜੀ ਤੇ ਲਿਖਿਆ।"

ਜਿਸਦਾ ਮਤਲਬ ਹੈ ਕਿ ਇਹ ਬੀੜ ਪਹਿਲੀ ਆਦਿ ਬੀੜ ਤੋਂ ਛੇਵੀਂ ਥਾਂ ਨਕਲ ਜਾਂ ਛੇਵੀਂ ਪੀਹੜੀ ਵਿਚ ਹੈ।

(੯) ਕੋਈ 'ਨੀਸ਼ਾਣ' ਕਿਸੇ ਗੁਰੂ ਸਾਹਿਬ ਦਾ ਨਹੀਂ ਤੇ ਨਾ ਹੋ ਸਕਦਾ ਸੀ, ਕਿਉਂਕਿ ਇਹ ਬੀੜ ਗੁਰੂ ਗੋਬਿੰਦ ਸਿੰਘ ਦੇ ਚਲਾਣੇ ਤੋਂ ਛ੍ਰੀਬਪੰਦਰਹ ਵਰ੍ਹੇ ਪਿਛੋਂ ਲਿਖੀ ਗਈ।

ਨਤੀਜੇ (੧) ਜਿਸ ਬੀੜ ਤੋਂ ਇਹ ਨਕਲ ਕੀਤੀ ਗਈ, ਓਹ ਪ੍ਰਤਖ ਅਜਿਹੀ ਸੀ ਕਿ ਜਿਸ ਵਿਚ ਸੂਰਦਾਸ ਦੇ ਵਾਧੂ ਸ਼ਬਦ ਦੀ ਪਹਿਲੀ ਤੁਕ ਹੀ ਤੁਕ ਸੀ। ਓਹ ਬੀੜ ਕਰਤਾਰ ਪੁਰ ਵਾਲੀ ਬੀੜ ਸੀ, ਕਿਉਂ ਜੋ ਏਸ ਵਿਚ ਇਹ ਸਾਰਾ ਸ਼ਬਦ ਲਿਖ ਕੇ ਉਸ ਪਰ ਫੇਰ ਹੜਤਾਲ ਫੇਰੀ ਹੋਈ ਹੈ। ਹੋਰ ਕੋਈ ਇਹਨਾਂ ਤੋਂ ਪੁਰਾਣੀ ਬੀੜ ਅਜਿਹੀ ਮਾਲੂਮ ਨਹੀਂ, ਜਿਸ ਵਿਚ ਇਹ ਕੀਤਾ ਹੋਵੇ।

ਜੇ ਆਦਿ-ਬੀੜ ਤੋਂ ਇਹ ਅਖਨੂਰ ਵਾਲੀ ਬੀੜ ਛੇਵੇਂ ਥਾਂ ਹੈ, ਤਦ ਕਰਤਾਰ ਪੁਰ ਵਾਲੀ ਬੀੜ ਪੰਜਵੇਂ ਥਾਂ ਸੀ। ਮਤਲਬ ਭਾਈ ਬਨੋ ਵਾਲੀ ਬੀੜ ਅਤੇ ਕਰਤਾਰਪੁਰ ਵਾਲੀ ਬੀੜ ਦੇ ਵਿਚਾਲੇ ਦੋ ਪੀਹੜੀਆਂ ਸਨ; ਕਰਤਾਰ ਪੁਰ ਵਾਲੀ ਬੀੜ ਭਾਈ ਬਨੋਂ ਦੀ ਬੀੜ ਦੇ



Sri Satguru Jagjit Singh Ji Elibrary NamdhariElibrary@gmail.com

ਉਤਾਰੇ ਦੇ ਉਤਾਰੇ ਦਾ ਉਤਾਰਾ ਹੈ ਅਤੇ ਇਹ ੧੭੭੯-੮੦ ਸੰਮਤ ਵਿਚ ਮੌਜੂਦ ਸੀ।

ਦੂਸਰੀ ਬੀੜ ਪੰਚਾਇਤੀ ਧਰਮਸਾਲਾ ਦੀ ਡਾਢੀ ਸੁੰਦਰ, ਇਕ ਹੱਥ ਦੀ ਲਿਖੀ ਹੋਈ ਹੈ। ਹਾਸ਼ੀਆ ਮਾਮੂਲੀ ਲਾਲ ਕਾਲੀਆਂ ਲੀਕਾਂ ਪਾਕੇ ਬਣਾਇਆ ਹੋਇਆ ਹੈ, ਪਰ ਬੜਾ ਸੁੰਦਰ ਲਗਦਾ ਹੈ। ਭਾਵੇਂ ਏਸ ਪੁਰ ਏਸਦੇ ਲਿਖੇ ਜਾਣ ਦਾ ਸੰਮਤ ਨਹੀਂ ਦਿਤਾ, ਅਤੇ ਨਾ ਕਿਸੇ ਲਿਖਾਰੀ ਦਾ ਨਾਂ ਹੈ, ਪਰ ਇਹ ਗੁਰੂ ਗੋਬਿੰਦ ਸਿੰਘ ਦੇ ਚਲਾਣੇ ਤੋਂ ਥੋੜੀ ਦੇਰ ਹੀ ਪਿਛੋਂ ਲਿਖੀ ਗਈ ਮਾਲੂਮ ਦੇਂਦੀ ਹੈ, ਜਿਸਦਾ ਪਤਾ ਓਹਨਾਂ ਦੇ ਚਲਾਣੇ ਦੇ ਗ਼ਲਤ ਸੰਮਤ ਦੇਣ ਤੋਂ ਲੱਗਦਾ ਹੈ। ਮੁਢ ਵਿਚ ਹੀ ਇਹ ਦਸਾਂ ਗੁਰੂਆਂ ਦੀਆਂ ਚਲਾਣੇ ਦੀਆਂ ਥਿਤਾਂ ਦਿਤੀਆਂ ਹਨ। ਇਕ ਅਜੀਬ ਗ਼ਲਤੀ ਕੀਤੀ ਹੈ, ਕਿ ਬਾਬਾ ਗੁਰਦਿੱਤਾ ਦੇ ਚਲਾਣੇ ਦੀ ਤਾਰੀਖ਼ ਗੁਰੂ ਅਰਜਨ ਦੇਵ ਦੇ ਨਾਮ ਨਾਲ ਜੋੜ ਦਿੱਤੀ ਹੈ:-

"ਸੰਮਤ ੧੬੯੫ ਚੇਤ ਸੁਦੀ ੯ ਬੁਧਵਾਰ
ਸ੍ਰੀ ਸਤਿਗੁਰੂ ਅਰਜਨ ਜੀ ਸਮਾਣੇ।"

ਦਸਵੇਂ ਗੁਰੂ ਦੇ ਚਲਾਣੇ ਦਾ ਸੰਮਤ ਦਿੱਤਾ ਹੈ:- "ਸੰਮਤ ੧੭੬੬ ਕਤਕ ਸ਼ੁਦੀ ਪੰਚਮੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਾਣੇ ਸੋਮਵਾਰ ਕੇ ਦਿਨ ਪਹਿਰ ਰਾਤ ਰਹਿੰਦੀ ਨੰਦੇੜ ਵਿਚ ਗੋਦਾਵਰੀ ਤੀਰਥ ਬਾਨਗੰਗਾ ਉਪਰ ਸਾਂਗ ਹੋਆ ਦਖਨ ਦੇਸ।" ਏਸ ਵਿਚ ਥਿਤ ਠੀਕ ਹੈ, ਪਰ ਸੰਮਤ ੧੭੬੫ ਦੀ ਥਾਂ (ਜੋ ਮਾਮੂਲੀ ਤੌਰ ਪੁਰ ਦਿੱਤਾ ਜਾਂਦਾ ਹੈ) ੧੭੬੬ ਦਿੱਤਾ ਹੈ। ਪਰ ਨਾਲ ਹੀ ਭਰੋਸੇ ਵਾਲੀ ਗਲ ਇਹ ਜਾਪਦੀ ਹੈ ਕਿ ਸੰਮਤ ੧੭੬੬ ਦੀ ਕਾਰਤਿਕ ਸ਼ੁਦੀ ੫ ਨੂੰ



Sri Satguru Jagjit Singh Ji Elibrary NamdhariElibrary@gmail.com

ਨੂੰ ਵਾਰ, ਸੋਮਵਾਰ ਹੀ ਸੀ, ਭਾਵੇਂ ਅੰਗ੍ਰੇਜ਼ੀ ਹਿਸਾਬ ਮੂਜਬ ਮੰਗਲ ਚੜ੍ਹ ਪਿਆ ਸੀ, ਅੱਧੀ ਰਾਤ ਤੋਂ*। ਤਾਂਤੇ ਅਜਬ ਨਹੀਂ ਜੋ ਠੀਕ ਸੰਮਤ ੧੭੬੬ ਹੀ ਹੋਵੇ। ਏਸ ਹਿਸਾਬ ਅੰਗਰੇਜ਼ੀ ਤਾਰੀਖ਼ ੨੭ ਸਤੰਬਰ ਸੰਨ ੧੭੦੯ ਸੀ।

ਏਸ ਗ੍ਰੰਥ ਵਿਚ 'ਮੁੰਦਾਵਣੀ' ਦੇ ਸਿਰਨਾਵੇਂ ਹੇਠਾਂ ਖ਼ਾਲੀ ਪਹਿਲਾ ਸਲੋਕ 'ਥਾਲ ਵਿਚ ਤਿੰਨ ਵਸਤੂ' ਵਾਲਾ ਹੀ ਦਿੱਤਾ ਹੈ। ਇਹ 'ਸ਼ਲੋਕ ਵਾਰਾਂ ਤੇ ਵਧੀਕ' ਦੇ ਪਿਛੇ ਆਉਂਦੀ ਹੈ। 'ਮੁੰਦਾਵਣੀ' ਦਾ ਦੂਜਾ ਸ਼ਲੋਕ ਪਹਿਲੇ ਹੀ ਪੰਜਵੇਂ ਗੁਰੂ ਦੇ ਸ਼ਲੋਕਾਂ ਨਾਲ ਰਲਾਕੇ 'ਮੁੰਦਾਵਣੀ' ਦੇ ਉਪਰ ਆ ਚੁਕਾ ਹੈ। ਇਹ 'ਮੁੰਦਾਵਣੀ' ਵਾਸਤੇ ਠੀਕ ਜਗ੍ਹਾ ਹੈ,

---

[ਸੰਮਤ ੧੭੬੫ ਦੀ ਕੱਤਕ ਸੁਦੀ ਪੰਚਮੀ ਨੂੰ ਵੀਰਵਾਰ ਸੀ, ਅਤੇ ਪ੍ਰਵਿਸ਼ਟਾ ਤਾਰੀਖ਼ ੮ ਕੱਤਕ। ਉਪਰ ਸੰਮਤ ੧੭੬੬ ਲਈ ਵਾਰ ਤਾਂ ਦਿੱਤਾ ਹੈ, ਪਰ ਪ੍ਰਵਿਸ਼ਟਾ ਤਾਰੀਖ਼ ਨਹੀਂ ਦਿੱਤੀ, ਜਿਸ ਦੇ ਪੜਤਾਲਨ ਨਾਲ ਹੋਰ ਤਸਦੀਕ ਜਾਂ ਤਰਦੀਦ ਹੋ ਸਕਦੀ। ਜਿਥੇ ਸੰਮਤ ੧੭੬੫, ਕੱਤਕ ਸੁਦੀ ੫ ਦਿੱਤਾ ਹੁੰਦਾ ਹੈ, ਓਥੇ ਨਾਲ ਵਾਰ ਨਹੀਂ ਦਿੱਤਾ ਹੁੰਦਾ, ਜਿਸਤੇ ਪੜਤਾਲ ਹੋ ਸਕੇ। ਪਰ ਏਸ ਅਖਨੂਰ ਦੇ ਲਿਖਾਰੀ ਦਾ ਆਪਣੇ ਦਿਤੇ ਸੰਮਤ ਨਾਲ ਠੀਕ ਵਾਰ ਦਸ ਦੇਣਾ ਹੈਰਾਨੀ ਵਾਲੀ ਗੱਲ ਹੈ। ਜ਼ਾਹਿਰ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਣੇ ਦੇ ਬਹੁਤ ਹੀ ਨਜ਼ਦੀਕ ਹੋਇਆ, ਜਿਸਤੇ ਜੰਤ੍ਰੀ ਤੋਂ ਵੇਖ ਕੇ ਜਾਂ ਜੋਤਸ਼ੀ ਤੋਂ ਪੁਛਕੇ ਠੀਕ ਥਿਤ ਵਾਰ ਦੇ ਸਕੇ। ਇਹ ਭੀ ਚੇਤੇ ਰੱਖਣ ਵਾਲੀ ਗਲ ਹੈ ਕਿ ਅਖਨੂਰ ਇਲਾਕਾ ਰਿਆਸੀ ਵਿਚ ਹੈ, ਜਿਥੋਂ ਦਾ ਬਾਬਾ ਬੰਦਾ ਸੀ। ਬਾਬਾ ਬੰਦਾ ਦੇ 'ਬੀਰ' ਭੀ ਏਸੇ ਇਲਾਕੇ ਦੇ ਹੋਣਗੇ। ਲਿਖਾਰੀ ਨੂੰ ਸੰਮਤ ਕਿਸੇ 'ਬੀਰ' ਨੇ ਹੀ ਦਸਿਆ ਹੋਵੇਗਾ, ਭਾਵੇਂ ਉਹ ਬਾਬਾ ਬੰਦਾ ਦੇ ਨਾਲ, ਗੁਰੂ ਗੋਬਿੰਦ ਸਿੰਘ ਜੀ ਦੇ ਚਲਾਣੇ ਤੋਂ ਪਹਿਲੇ ਹੀ ਨੰਦੇੜ ਤੋਂ ਰਵਾਨਾ ਹੋ ਚੁਕੇ ਸਨ।]



Sri Satguru Jagjit Singh Ji Elibrary NamdhariElibrary@gmail.com

ਜੋ ਬਹੁਤ ਪ੍ਰਾਚੀਨ ਬੀੜਾਂ ਵਿਚ ਵੀ ਹੈ।

ਮੁੰਦਾਵਣੀ ਤੋਂ ਪਿਛੇ ਹੋਰ ਬਾਣੀਆਂ ਤਰਤੀਬ ਵਾਰ ਇਸਤਰ੍ਹਾਂ ਦਰਜ ਹਨ:–ਸ਼ਲੋਕ ਨਾਵੇਂ ਮਹਲ ਦੇ (੫੮); ਸਲੋਕ ਕਬੀਰ ਜੀ ਕੇ (੨੪੩); ਸ਼ਲੋਕ ਫ਼ਰੀਦ ਜੀ ਕੇ (੧੩੦); ਸਵੈਯੇ ਸ੍ਰੀ ਮੁਖਵਾਕ; ਸਵੈਯੇ ਭਟਾਂ ਕੇ; ਸ਼ਲੋਕ 'ਜਿਤ ਦਰ ਲਖ ਮੁਹਮਦਾ', ਸਲੋਕ 'ਬਾਇ ਆਤਿਸ਼ ਆਬ' ਤੇ ਰਤਨਮਾਲਾ ਜਿਸਦੇ ਪਿਛੇ ਤਰੀਕੇ ਮੁਤਾਬਕ ਟਿੱਪਣੀ ਇਕ ਲਫ਼ਜ਼ ਵਧਾਕੇ ਆਈ ਹੈ:–

'ਰਤਨ ਮਾਲਾ ਸ਼ੁਧ ਉਤਾਰ ਕੀਤਾ। ਅਗੋ ਅਖਰੀ ਤੋਰਕੀ ਸੀ।
ਭੀ* ਅਖਰੀ ਗੁਰਮੁਖੀ ਲਿਖੀ

ਲਫ਼ਜ਼ 'ਗ੍ਰੰਥ ਕਾ' ਛਡ ਦਿੱਤਾ ਹੈ 'ਉਤਾਰ ਕੀਤਾ' ਦੇ ਪਿਛੇ, ਅਤੇ ਲਫ਼ਜ਼ 'ਅਗੋਂ' ਵਧਿਆ ਹੋਇਆ ਹੈ।

ਰਤਨ ਮਾਲਾ ਤੋਂ ਪਿਛੇ ਆਉਂਦੀਆਂ ਹਨ: 'ਹਕੀਕਤ ਰਾਹ ਮੁਕਾਮ' 'ਰਾਗ ਮਾਲਾ' ਤੇ 'ਸਿਆਹੀ ਕਿ ਬਿਧਿ' (ਛੋਟੀ)।

ਉਪਰਲੀ ਤਰਤੀਬ 'ਭੋਗ ਦੀ ਬਾਣੀ' ਤੇ ਵਾਧੂ ਬਾਣੀਆਂ ਦੀ ਬਹੁਤ ਠੀਕ ਹੈ। 'ਸ਼ਲੋਕ ਵਾਰਾਂ ਤੇ ਵਧੀਕ' ਦਾ ਪਹਿਲੇ ਆਉਣਾ ਹੀ ਸਹੀ ਤਰਤੀਬ ਹੈ, ਜੋ ਗਰੰਥ ਸਾਹਿਬ ਦੀ ਅੰਦਰਲੀ ਤਰਤੀਬ ਨਾਲ ਮਿਲਦੀ ਹੈ; ਅਤੇ ਉਸਤੋਂ ਪਿਛੋਂ ਹੀ ਖ਼ਾਸ ਤਰ੍ਹਾਂ ਦੀ ਰਚਨਾ, ਜਿਹਾ ਕਿ 'ਮੁੰਦਾਵਣੀ' ਹੈ, ਆਉਣੀ ਚਾਹੀਦੀ ਹੈ। ਜਦ ਨਾਵੇਂ ਗੁਰੂ ਦੇ ਸਲੋਕਾਂ ਦੇ ਵਿਚ ਦਰਜ ਕਰਨ ਦੀ ਲੋੜ ਪਈ, ਤਦ ਉਹ ਇਹਨਾਂ ਦੁਹਾਂ ਦੇ ਪਿਛੇ ਹੀ ਰਖੇ ਜਾਣਗੇ। ਫ਼ੇਰ ਭਗਤਾਂ ਦੇ ਸਲੋਕਾਂ ਦੀ ਵਾਰੀ ਆਉਂਦੀ ਹੈ। ਸਵੈਯਾਂ ਨੂੰ ਵਖਰੀ ਤਰ੍ਹਾਂ ਦੀ ਰਚਨਾ ਮਨਕੇ, ਉਹਨਾਂ ਦੀ ਤਰਤੀਬ, ਪਹਿਲੇ ਸਵੈਯੇ ਸ੍ਰੀ ਮੁਖਵਾਕ, ਤੇ ਫੇਰ ਸਵੈਯੇ ਭੱਟਾਂ ਦੇ ਆਉਣਗੇ। ਅਤੇ ਦੋਵੇਂ ਹੋਰ ਬਾਣੀਆਂ ਤੋਂ ਪਿਛੇ।

---

*'ਭੀ' ਏਧਰ ਦੀ ਹੀ ਡੋਗਰੀ ਬੋਲੀ ਹੈ, ਅਰਥ ਹਨ 'ਫੇਰ'।



Sri Satguru Jagjit Singh Ji Elibrary NamdhariElibrary@gmail.com

ਸਭ ਤੋਂ ਛੇਕੜ ਜਾਕੇ ਫਾਲਤੂ ਬਾਣੀਆਂ, ਜਿਨ੍ਹਾਂ ਵਿਚੋਂ 'ਰਾਗਮਾਲਾ' ਭੀ ਹੈ, ਹੋਣੀਆਂ ਚਾਹੀਦੀਆਂ ਹਨ।

ਦਸਮ ਗ੍ਰੰਥ ਦੀ ਬੀੜ ਵਿਚ, ਜਿਥੋਂ ਤਕ ਮੈਨੂੰ ਯਾਦ ਪੈਂਦਾ ਹੈ, 'ਤ੍ਰਿਆ-ਚਰਿਤ੍ਰ' ਨਹੀਂ ਸੀ। ਪਰ ਮੇਰੇ ਨੋਟਾਂ ਵਿਚ ਇਸ ਗਲ ਦਾ ਕੋਈ ਵੇਰਵਾ ਨਹੀਂ ਕਢਿਆ ਹੋਇਆ। ਸ਼ਾਇਦ ਲਿਖਣਾ ਭੁਲ ਗਿਆ ਹਾਂ।

## ਅਖਨੂਰ ਦੀ ਤੀਸਰੀ ਬੀੜ

ਇਹ ਬੀੜ ਧਰਮਸਾਲਾ ਗਣੇਸਦਾਸ ਨਾਨਕ ਚੰਦ ਠਕੁਰਾਲ ਵਿਚ ਹੈ। ਸੰਮਤ ਨਕਲ ਕਰਨ ਦਾ ਕੋਈ ਨਹੀਂ ਦਿੱਤਾ, ਪਰ ਬਹੁਤ ਕਰਕੇ ਅਖਨੂਰ ਦੀ ਦੂਜੀ ਬੀੜ ਤੋਂ ਹੀ ਨਕਲ ਕੀਤੀ ਗਈ ਹੈ। ਅੰਤ ਪੁਰ 'ਭੋਗ ਦੀ ਬਾਣੀ ਅਤੇ 'ਫ਼ਾਲਤੂ ਬਾਣੀ' ਦੀ ਤਰਤੀਬ ਸਗਾਵੀਂ ਉਹੋ ਹੈ, ਜੋ ਉਪਰ ਦਿਤੀ ਹੈ।

ਤਤਕਰੇ ਦਾ ਮੁਢ ਏਹਨਾਂ ਲਫ਼ਜ਼ਾਂ ਨਾਲ ਕੀਤਾ ਹੈ—'ਤਤਕਰਾ ਸੂਚੀ ਪਤ੍ਰ ਗਰੰਥ ਜੀ ਕਾ' ਹੋਰਾਂ ਥਾਵਾਂ ਤੇ ਲਫ਼ਜ਼ ਗ੍ਰੰਥ ਦੀਥਾਂ ਪੋਥੀ ਹੁੰਦਾ ਹੈ। ਸੋ ਪੁਰਾਣੇ ਲੋਕ 'ਗਰੰਥ' ਅਤੇ 'ਪੋਥੀ' ਦੋਵੇਂ ਲਫ਼ਜ਼ ਗ੍ਰੰਥ ਸਾਹਿਬ ਵਾਸਤੇ ਵਰਤਦੇ ਸਨ; 'ਗੁਰੂ ਗ੍ਰੰਥ' ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਚੋਖਾ ਚਿਰ ਪਿਛੋਂ ਸਿਖ ਮਿਸਲਾਂ ਦੇ ਖੜਾ ਹੋਣ ਸਮੇਂ ਵਰਤੀਨ ਲਗਾ ਹੈ, ਅਤੇ ਲਫ਼ਜ਼ 'ਗੁਰੂ ਬਾਬਾ' ਹੋਰ ਵੀ ਪਿਛੋਂ।

ਤਤਕਰੇ ਵਿਚ ਪ੍ਰਤੀਕ 'ਜਪੁ ਨੀਸ਼ਾਣ' ਦਿਤੀ ਹੈ, ਪਰ ਇਹ ਐਵੇਂ ਪੁਰਾਣੇ ਤਤਕਰੇ ਤੋਂ ਨਕਲ ਕਰਦੇ ਸਮੇਂ ਲਿਖ ਦਿਤਾ ਹੈ, ਲਿਖਾਰੀ ਇਹ ਨਹੀਂ ਸੀ ਜਾਣਦਾ ਕਿ 'ਨੀਸ਼ਾਣ' ਤੋਂ ਕੀਹ ਮਤਲਬ ਹੈ। ਇਸ ਬੀੜ ਦੇ ਅੰਦਰ ਕਿਸੇ ਗੁਰੂ ਦਾ 'ਨੀਸ਼ਾਣ' ਨਹੀਂ। ਹਾਂ ਪਹਿਲੇ ਦੋ ਸਫ਼ੇ ਜੇਬਾਇਸ਼ੀ ਤੇ 'ਜ਼ਰਫਸ਼ਾਂ' ਹਨ। ਦੋ ਸਫ਼ਿਆਂ ਪੁਰ ਆਮੋਹ ਸਾਮ੍ਹਣੇ ਦੋ ਚੱਕਰ ਪ੍ਰਕਾਰ ਨਾਲ ਖਿਚ ਕੇ ਓਹਨਾਂ ਦੇ ਦੁਆਲੇ



Sri Satguru Jagjit Singh Ji Elibrary NamdhariElibrary@gmail.com

ਚੁਆਲੇ ਖ਼ੂਬ ਵੇਲ ਬੂਟੇ ਪਾਏ ਹਨ, ਜਿਨ੍ਹਾਂ ਵਿਚ ਮੋਰਪੰਖ ਦਾ ਚਮਕੀਲਾ ਨੀਲਾ ਰੰਗ ਬਹੁਤਾ ਵਰਤਿਆ ਹੈ। ਜਪੁ ਦੀਆਂ ਪਹਿਲੀਆਂ ਚਾਰ ਪਉੜੀਆਂ ਇਹਨਾਂ ਦੇ ਸਫਿਆਂ ਪੁਰ ਚਕਰਾਂ ਦੇ ਅੰਦਰ ਲਿਖੀਆਂ ਹਨ, ਅਤੇ ਪਾਲਾਂ ਦੇ ਵਿਚਾਲੇ ਭੀ 'ਰੰਗਾਮੇਜ਼ੀ' ਕੀਤੀ ਹੈ। ਮੇਰਾ ਜੀਉ ਕੀਤਾ ਸੀ ਕਿ ਫ਼ੋਟੋ ਲੈ ਲਵਾਂ, ਪਰ ਸਾਮਾਨ ਪਾਸ ਨਹੀਂ ਸੀ, ਤੇ ਨਾ ਮਿਲ ਸਕਿਆ।

ਅਖਨੂਰ ਤੋਂ ਥੋੜੀ ਦੂਰ ਇਕ ਪਿੰਡ 'ਚੱਕ ਰਾਨਾ' ਨਾਮ ਦਾ ਹੈ ਉਥੇ ਇਕ ਪ੍ਰਾਚੀਨ ਬੀੜ ਸੰਮਤ ੧੬੬੩ ਦੀ ਲਿਖੀ ਮੌਜੂਦ ਹੈ। ਏਸ ਵਿਚ ਇਕ ਨਿਸ਼ਾਣ' ਹੈ, ਜੋ ਪੰਜਵੀਂ ਪਾਤਸ਼ਾਹੀ ਦਾ ਕਿਹਾ ਜਾਂਦਾ ਹੈ। ਪਿਛੋਂ ਕੁਝ ਵਧਾ ਘਟਾ ਭੀ ਹੋਏ ਹਨ, ਲਿਖਿਤਾਂ ਇਕ ਤੋਂ ਵਧੀਕ ਹਥਾਂ ਦੀਆਂ ਹਨ। ਜੋ ਏਸ ਨੂੰ ਸਾਡੇ ਮਤਲਬ ਲਈ ਗ਼ੈਰ ਮੁਅਤਬਿਰ ਬਨਾਂਦੀਆਂ ਹਨ।

# ੯-ਸੰਮਤ ੧੭੧੬ ਦੀ ਬੀੜ

## ਡੇਹਰਾਦੂਨ

ਇਹ ਬੀੜ, ਜੋ ਡੇਹਰਾ ਬਾਬਾ ਰਾਮਰਾਇ, ਡੇਹਰਾਦੂਨ, ਵਿਚ ਮੌਜੂਦ ਹੈ, ਬੜੇ ਮਹਤ੍ਵ ਵਾਲੀ ਹੈ, ਅਤੇ ਮੈਂ ਏਸ ਨੂੰ ਬੂੜੇ ਸੰਧੂ ਵਾਲੀ ਅਤੇ ਮਾਂਗਟ ਦੀ ਬੀੜ ਦੇ ਬਰਾਬਰ ਹੀ 'ਸਨਦੀ' ਸਮਝਦਾ ਹਾਂ। ਇਹਨਾਂ ਬੀੜਾਂ ਤੋਂ ਸਾਨੂੰ ਪਤਾ ਲਗ ਜਾਂਦਾ ਹੈ ਕਿ ਆਦਿ-ਬੀੜ ਵਿਚ ਕੀਹ ਸੀ ਤੇ ਕੀਹ ਨਹੀਂ। ਇਹ ਬੀੜ ਗੁਰੂ ਹਰਿ ਰਾਇ ਸਾਹਿਬ ਨੇ ਬਾਬਾ ਰਾਮ ਰਾਇ ਦੇ ਨਾਲ ਦਿੱਲੀ ਭੇਜਣ ਲਈ ਤਿਆਰ ਕਰਵਾਈ। ਭਾਵੇਂ ਇਹ ਉਤਾਰਾ ਕੀਤਾ ਤਾਂ ਕਿਸੇ ਹੋਰ ਬੀੜ ਤੋਂ ਗਿਆ, ਪਰ ਏਸ ਦਾ ਮੁਕਾਬਲਾ ਪੰਚਮ ਪਾਤਸ਼ਾਹੀ ਦੀ ਆਦਿ ਬੀੜ ਨਾਲ



Sri Satguru Jagjit Singh Ji Elibrary NamdhariElibrary@gmail.com

ਕੀਤਾ ਗਿਆ, ਜਿਸ ਗਲ ਦਾ ਸਬੂਤ ਏਸ ਦੇ ਅੰਦਰ ਹੀ ਮੌਜੂਦ ਹੈ। ਏਸ ਤਰ੍ਹਾਂ ਮੁਕਾਬਲਾ ਕਰਨ ਪੁਰ ਕੁਝ ਸੁਧਾਈਆਂ, ਏਸ ਵਿਚ ਉਸੇ ਵੇਲੇ ਕੀਤੀਆਂ ਗਈਆਂ, ਪਰ ਪਿਛੋਂ ਇਹ ਅਨਛੇਹੀ ਰਹੀ, ਨਾਵੇਂ ਮਹਿੱਲ ਦੇ ਸ਼ਬਦ ਵੀ ਨਹੀਂ ਚੜ੍ਹਾਏ ਗਏ। ਤਾਂ ਤੇ ਏਸ ਬੀੜ ਵਿਚ ਅਸਲ ਆਦਿ ਬੀੜ ਦੀ ਨਕਲ ਸਾਡੇ ਪਾਸ ਮੌਜੂਦ ਹੈ। ਕਿਤੇ ਕੋਈ ਲਫ਼ਜ਼ ਬਦਲ ਗਿਆ ਹੋਵੇ, ਹਿਜੇ ਵਿਚ ਫ਼ਰਕ ਆ ਗਿਆ ਹੋਵੇ, ਜਾਂ ਲਫ਼ਜ਼ਾਂ ਦੇ ਆਖ਼ਿਰ ਦੀ ਸਿਹਾਰੀ ਜਾਂ ਔਂਕੜ ਰਹਿ ਗਏ ਹੋਨ ਜਾਂ ਵਧ ਲਗ ਗਏ ਹੋਨ, ਇਹਨਾਂ ਗਲਾਂ ਬਾਬਤ ਕੁਝ ਨਹੀਂ ਕਿਹਾ ਜਾ ਸਕਦਾ, ਅਤੇ ਇਹ ਹੈਨ ਭੀ ਮਾਮੂਲੀ ਗਲਾਂ। ਪਰ ਤਿੰਨਾਂ *ਬੀੜਾਂ ਦਾ ਟਾਕਰਾ ਕਰਕੇ ਅਸੀਂ ਏਹ ਸ਼ਕ ਭੀ ਦੂਰ ਕਰ ਸਕਦੇ ਹਾਂ।

(੨) ਗ੍ਰੰਥ ਦੇ ਮੁਢ ਵਿਚ ਹੀ ਇਕ ਕੋਰੇ ਵਰਕੇ ਪੁਰ ਲਿਖਾਰੀ ਨੇ ਉਤਾਰਾ ਕਰਨ ਦਾ ਸੰਮਤ ਇਉਂ ਦਿਤਾ ਹੈ:—

"੧ਓ ਸਤਿਗੁਰ ਪ੍ਰਸਾਦਿ।

ਸੰਮਤ ੧੭੧੬ ਵਰਖੇ ਮਾਹ ਵੈਸਾਖ ਵਦੀ ੧ ਦੇ ਦਿਨ ਗਿਰੰਥ ਲਿਖਾ।" ਇਹ ਥਿਤ ੨੯ ਮਾਰਚ ਸੰਨ ੧੬੫੯ ਨੂੰ ਪੈਂਦੀ ਹੈ। ਏਸ ਤੋਂ ਪਿਛੋਂ ਹੀ ਬਾਬਾ ਰਾਮਰਾਇ ਦਿਲੀ ਵਿਚ ਔਰੰਗਜ਼ੇਬ ਦੇ ਹੁਕਮ ਨਾਲ 'ਓਲ' ਵਿਚ ਭੇਜੇ ਗਏ ਸਨ, ਅਤੇ ੬ ਅਕਤੂਬਰ ਸੰਨ ੧੬੬੧ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਸਮਾਵਣ ਪੁਰ ਕੀਰਤਪੁਰ ਆ ਕੇ ਆਪਣੇ ਛੋਟੇ ਭਾਈ ਸ੍ਰੀ ਹਰਿ ਕ੍ਰਿਸ਼ਨ ਨਾਲ, ਜਿਨ੍ਹਾਂ ਨੂੰ ਗੁਰੂ ਹਰਿ ਰਾਇ ਆਪਨੀ ਥਾਂ ਗੁਰੂ ਥਾਪ ਗਏ ਸਨ, ਗੁਰੂ ਗਦੀ ਬਾਬਤ ਝਗੜਾ ਕਰਦੇ ਅਤੇ ਹਾਕਿਮਾਂ ਪਾਸ ਅਰਜ਼ੀ ਪਰਚਾਂ ਕਰਦੇ ਰਹੇ

---

*ਚੌਥੀ ਬੀੜ ਸੰਮਤ ੧੭੧੮ ਵਾਲੀ ਹੈ, ਜਿਸ ਦਾ ਜ਼ਿਕਰ ਅਗੇ ਦਿਤਾ ਹੈ।

†ਬਾਬਾ ਰਾਮ ਰਾਇ ਦੀ ਉਮਰ ਏਸ ਵੇਲੇ ਮਸਾਂ ਅਠਾਂ ਕੁ ਵਰ੍ਹਿਆਂ ਦੀ ਸੀ। ਇਹ ਸਾਰਾ ਝਗੜਾ ਦੋਹਾਂ ਦੀ ਮਾਵਾਂ ਤੇ ਧੜੇ ਦੇ ਮਸੰਦਾਂ ਵਿਚ ਸੀ। ਧੀਰਮਲ ਦੀ ਮਿਸਾਲ ਸਾਹਮਣੇ ਮੌਜੂਦ ਸੀ, ਜੋ ਤਾਇਆ ਲਗਦਾ ਸੀ ਅਤੇ ੨੨ ਕੁ ਵਰ੍ਹੇ ਦਾ ਖ਼ੁਦ-ਪਸੰਦ ਜਵਾਨ ਸੀ।



Sri Satguru Jagjit Singh Ji Elibrary NamdhariElibrary@gmail.com




Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਹਨ। ਬੀੜ ਵਿਚ ਗੁਰੂ ਹਰਿ ਰਾਇ ਸਾਹਿਬ ਦਾ 'ਨੀਸ਼ਾਣ' ਹੈ, ਜੋ ਸਾਹਮਣੇ ਦਿਤਾ ਜਾਂਦਾ ਹੈ। ਆਪ ਦੇਖ ਸਕਦੇ ਹੋ ਕਿ ਏਸ ਸ਼ਕਲ ਵਿਚ ਗੁਰਮੁਖੀ ਅਖਰ ਸਰਾਫੀ ਅਖਰਾਂ ਵਰਗੇ ਹੀ ਸਨ; ਨਾ ਉਪਰ ਮਾਤ੍ਰਾ ਸਭ ਥਾਂ ਦਿੱਤੀ ਹੈ ਅਤੇ ਨਾ, ਸਿਵਾਇ ਇਕ ਸਿਹਾਰੀ ਦੇ, ਕੋਈ ਲਗਾਂ ਹੀ ਵਰਤੀਆਂ ਹਨ, ਪਰ ਲਗਾਂ ਤੇ ਮਾਤ੍ਰਾ ਜ਼ਹੂਰ ਮਾਲੂਮ ਹੋਸਨ।

(ੲ) ਰਾਗ ਮਾਰੂ ਦੇ ਅੰਤ ਪੁਰ ਥੋੜੀ ਜਿਹੀ ਥਾਂ ਰਹਿੰਦੀ ਸੀ, ਲਿਖਾਰੀ ਨੇ ਏਸ ਥੋੜੀ ਥਾਂ ਵਿਚ ਘਸੇੜ ਕੇ ਬਰੀਕ ਅਖਰਾਂ ਵਿਚ ਮੀਰਾਬਾਈ ਦਾ ਸ਼ਬਦ ਕਿਤੋਂ ਹੋਰ ਬੀੜ ਤੋਂ ਲੈ ਕੇ ਲਿਖਿਆ ਹੈ, ਜਾਂ ਕਿਸੇ ਤੋਂ ਜ਼ਬਾਨੀ ਸੁਣਕੇ, ਕਿਉਂ ਜੋ ਇਕ ਦੋ ਲਫ਼ਜ਼ਾਂ ਦਾ ਫ਼ਰਕ ਹੈ।

ਏਸ ਸ਼ਬਦ ਦੇ ਹੇਠਾਂ ਮੁਟੇਰੇ ਅੱਖਰਾਂ ਵਿਚ ਲਿਖਿਆ ਹੈ:
'ਮੀਰਾਂ ਬਾਈ ਕਾ ਸ਼ਬਦ ਪੰਜਵੇਂ ਮਹਲੈ ਕੇ ਗ੍ਰਿੰਥ ਨਾਹੀ।'

(ਅ) ਏਸੇ ਤਰ੍ਹਾਂ ਇਕ ਹੋਰ ਸ਼ਬਦ ਹਾਸ਼ੀਏ ਪੁਰ ਲਿਖਿਆ ਹੈ, ਅਤੇ ਨਿਸ਼ਾਨ ਪਾਕੇ ਦਸਿਆ ਹੈ ਕਿ ਇਹ ਮੀਰਾਂ ਬਾਈ ਦੇ ਸ਼ਬਦ ਤੋਂ ਪਹਿਲੇ ਲਿਖਿਆ ਜਾਣਾ ਚਾਹੀਦਾ ਸੀ। ਸ਼ਬਦ ਇਹ ਹੈ*—"ਮਾਰੂ ਰਵਿਦਾਸ ਜੀ। ਸੁਖ ਸਾਗਰ ਸੁਰਿਤਰ ਚਿੰਤਾਮਣੀ......ਕਹਿ ਰਵਿਦਾਸੁ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥ ੩ ॥ ੨ ॥ ੧੭ ॥"

ਏਸੁ ਸ਼ਬਦ ਦੇ ਹੇਠਾਂ ਫੇਰ ਲਿਖਿਆ ਹੈ:—
'ਇਹ ਸ਼ਬਦ ਪੰਜਵੇਂ ਮਹਲੇ ਕੇ ਗਿਰੰਥ ਉਪਰਹੁ ਲਿਖਿਆ।'

(ੲ) 'ਸ਼ਲੋਕ ਵਾਰਾਂ ਤੋਂ ਵਧੀਕ' ਪਹਿਲੇ, ਤੀਜੇ

---

*ਦੇਖੋ ਸਫ਼ਾ ੧੭੦ ਪੁਰ ॥



Sri Satguru Jagjit Singh Ji Elibrary NamdhariElibrary@gmail.com

ਅਤੇ ਚੋਥੇ ਮਹਲੇ ਦੇ ਲਿਖ ਕੇ ਫੇਰ ਹੇਠਾਂ ਲਿਖਿਆ ਹੈ:–
"ਇਤਨੇ ਸ਼ਲੋਕ ਪੰਜਵੇਂ ਮਹਲੇ ਕੇ ਗ੍ਰੰਥ ਉਪਰਹੁ ਲਿਖੇ।"

ਉਪਰ ਜੋ ਤਿੰਨ ਟਿਪਣੀਆਂ ਜਾਂ Colophons ਦਿਤੀਆਂ ਹਨ, ਓਹਨਾਂ ਤੋਂ ਸਾਫ਼ ਸਿਧ ਹੈ ਕਿ ਇਹ ਸੰਮਤ ੧੭੧੬ ਦੀ ਬੀੜ ਕਿਸੇ ਹੋਰ ਪੁਰਾਣੀ ਬੀੜ ਤੋਂ ਉਤਾਰਾ ਕੀਤੀ ਗਈ, ਪਰ ਉਹ ਪੁਰਾਣੀ ਬੀੜ ਭਾਈ ਬਨੋ ਵਾਲੀ ਬੀੜ ਦੀ ਸਿਧੀ ਜਾਂ ਹੋਰਨਾਂ ਬੀੜਾਂ ਦੀ ਰਾਹੀਂ ਨਕਲ ਨਹੀਂ ਸੀ, ਕਿਉਂ ਜੋ ਉਸ ਵਿਚ ਮੀਰਾਂ ਦਾ ਸ਼ਬਦ ਨਹੀਂ ਸੀ, ਅਤੇ ਓਹ ਪਿਛੋਂ ਹੋਰ ਥਾਉਂ ਲੈਕੇ ਤੰਗ ਥਾਂ ਵਿਚ ਲਿਖਿਆ ਗਿਆ। ਪਰ ਫੇਰ ਜਦ ਪਿਛੋਂ ਪੰਜਵੇਂ ਮਹਲੇ ਦੇ ਗ੍ਰੰਥ ਸਾਹਿਬ ਨਾਲ ਟਾਕਰਾ ਕੀਤਾ, ਤਦ ਏਸ ਸ਼ਬਦ ਨੂੰ ਓਥੇ ਨਾ ਵੇਖ ਕੇ ਏਸਨੂੰ ਛਡ ਦੇਨ ਵਾਸਤੇ ਕਿਹਾ। ਅਤੇ ਉਸਤੋਂ ਪਹਿਲੇ ਜੋ ਰਵਿਦਾਸ ਦਾ ਸ਼ਬਦ ਛੁਟ ਗਿਆ ਸੀ, ਉਸਨੂੰ 'ਪੰਜਵੇਂ ਮਹਲੇ ਦੇ ਗ੍ਰੰਥ ਉਪਰਹੁ' ਲਿਖਿਆ। ਏਸੇ ਤਰ੍ਹਾਂ ਤਿਨਾਂ ਪਾਤਸ਼ਾਹੀਆਂ ਦੇ ਸ਼ਲੋਕ (ਵਾਰਾਂ ਤੇ ਵਧੀਕ) ਵੀ 'ਆਦਿ–ਬੀੜ' ਉਪਰਹੁ ਹੀ ਨਕਲ ਕੀਤੇ। ਗੋਇਆ ਹਾਲੀ ਏਸ ੧੭੧੬ ਵਾਲੀ ਬੀੜ ਦੀ ਲਿਖਾਈ ਪੂਰੀ ਨਹੀਂ ਸੀ ਹੋਈ ਜਿਸ ਵੇਲੇ ਇਹ ਸੁਧਾਈਆਂ ਕੀਤੀਆਂ ਗਈਆਂ।

ਸੰਮਤ ੧੭੧੬ ਵਾਲੀ ਬੀੜ ਕੀਰਤਪੁਰ ਲਿਖੀ ਗਈ, ਜਿਸਤੋਂ ਪ੍ਰਤਖ ਹੈ ਕਿ ਏਸ ਸੰਮਤ ਤੋਂ ਪਿਛੋਂ ਤਕ 'ਆਦਿ–ਬੀੜ' ਕੀਰਤਪੁਰ ਵਿਚ ਮੌਜੂਦ ਸੀ। ਹੋਰ ਬੀੜ ਜਾਂ ਬੀੜਾਂ ਭੀ ਸਨ, ਜਿਨ੍ਹਾਂ ਤੋਂ ਆਮ ਤੌਰ ਪੁਰ ਉਤਾਰੇ ਕੀਤੇ ਜਾਂਦੇ ਸਨ। ਇਹੋ 'ਆਦਿ–ਬੀੜ' ਦੋ ਕੁ ਵਰ੍ਹੇ ਪਿਛੋਂ ਗੁਰੂ ਗਦੀ ਦੇ ਨਾਲ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਪਹੁੰਚੀ, ਅਤੇ ਸੰਮਤ ੧੭੨੦ ਦੇ ਅੰਤ ਵਿਚ ਓਹਨਾਂ ਦੇ ਨਾਲ ਦਿਲੀ ਗਈ, ਜਦ ਓਹ ਬਾਬਾ ਰਾਮਰਾਇ ਦੇ ਕੀਤੇ ਮੁਕਦਮੇ ਦੀ ਪੇਸ਼ੀ ਲਈ ਦਿੱਲੀ ਸਦੇ ਗਏ ਸਨ। ਜਦ ਗੁਰੂ ਹਰਿ ਕ੍ਰਿਸ਼ਨ ਜੀ ਵਿਸਾਖੀ ਸੰਮਤ ੧੭੨੧ ਦੇ ਮੌਕਿਆ ਪੁਰ ਦਿੱਲੀ ਵਿਚ ਹੀ ਚਲਾਣਾ ਕਰ ਗਏ, ਤਦ ਓਹਨਾਂ ਦੀ ਮਾਤਾ ਅਤੇ



Sri Satguru Jagjit Singh Ji Elibrary NamdhariElibrary@gmail.com

ਨਾਲ ਦੇ ਮਸੰਦ ਤੇ ਸੇਵਕ ਓਹਨਾਂ ਦੀ ਆਗਿਆ ਮੁਜਬ ਗ੍ਰੰਥ ਸਾਹਿਬ ਨੂੰ ਬਕਾਲੇ ਲੈ ਆਏ ਅਤੇ ਗੁਰੂ ਤੇਗ਼ ਬਹਾਦਰ ਦੇ ਹਵਾਲੇ ਕਰ ਦਿੱਤਾ। ਅਗਲਾ ਹਾਲ ਅਸੀਂ ਉਪਰ ਦੇ ਆਏ ਹਾਂ।

(੪) ਬੀੜ ਦੇ ਅੰਤ ਪੁਰ 'ਚਲਿਤ੍ਰ ਜੋਤੀ ਜੋਤ ਸਮਾਵਣ ਕਾ' ਤਿੰਨ ਵਾਰੀ ਕਰਕੇ ਦਿੱਤੇ ਹਨ। ਪਹਿਲੀ ਫ਼ਿਹਿਰਿਸਤ ਵਿਚ ਖ਼ਾਲੀ ਪਹਿਲੇ ੭ ਗੁਰੂਆਂ ਦੇ ਚਲਾਣੇ ਦੀਆਂ ਥਿਤਾਂ ਹਨ, ਛੇ ਇਕ ਹੱਥ ਦੀਆਂ ਲਿਖੀਆਂ ਤੇ ਸਤਵੀਂ ਕਿਸੇ ਹੋਰ ਦੀ। ਬਾਬਾ ਗੁਰਦਿੱਤਾ ਦੀ ਥਿਤ ਨਹੀਂ ਦਿਤੀ, ਅਤੇ ਛੇਵੀਂ ਪਾਤਸ਼ਾਹੀ ਦੀ ਥਿਤ ਬਹੁਤ ਸੰਖੇਪ ਲਫ਼ਜ਼ਾਂ ਵਿਚ ਇਉਂ ਦਿੱਤੀ ਹੈ:–

"ਸੰਮਤ ੧੭੦੧ ਚੇਤ ਸੁਦੀ ੫ ਛਨਿਛਰ ਵਾਰ ਨਉ ਘੜੀਆਂ
ਰਾਤ ਬੀਤੀ ਸ੍ਰੀ ਗੁਰੂ ਹਰ ਗੋਬਿੰਦ ਜੀ ਸਮਾਣੇ ਚੇਤ ਕੀ ਸੰਕਰਾਂਤ॥"

ਇਹਨਾਂ ਦੋ ਗਲਾਂ ਤੋਂ ਦਿਸਦਾ ਹੈ ਕਿ ਇਹ ਤਾਰੀਖ਼ਾਂ 'ਆਦਿ-ਬੀੜ' ਉਤੋਂ ਨਕਲ ਨਹੀਂ ਕੀਤੀਆਂ ਗਈਆਂ, ਜਿਸ ਵਿਚ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਹਥੀਂ ਇਹ ਦੋ ਤਾਰੀਖ਼ਾਂ ਲਿਖੀਆਂ ਸਨ। ਬਾਬਾ ਗੁਰਦਿੱਤਾ ਦਾ ਨਾਮ ਨਾ ਦੇ ਕੇ, ਥਿਤ ਦਿਤੀ ਸੀ ਖ਼ਾਲੀ 'ਸ੍ਰੀ ਬਾਬਾ ਜੀ ਕਹਿਕੇ; ਪਰ ਪੜਦਾਦੇ ਦੀ ਥਿਤ ਦੇਂਦਿਆਂ ਪੰਜ ਛੇ ਸਤਰਾਂ ਭਰੀਆਂ ਸਨ, ਜਿਨ੍ਹਾਂ ਵਿਚ ਓਹਨਾਂ ਦੀ ਹਦੋਂ ਵਧ ਤਾਰੀਫ਼ ਕੀਤੀ ਸੀ, ਜਿਸਨੂੰ ਪੜ੍ਹਕੇ ਬਜਾਇ ਸ਼ਰਧਾ ਉਪਜਨ ਜਾਂ ਵਧਨ ਦੇ ਬਹੁਤਿਆਂ ਦੇ ਮਨ ਉਪ੍ਰਾਮ ਹੋ ਜਾਣਗੇ।

ਗੁਰੂ ਹਰਿ ਰਾਇ ਸਾਹਿਬ ਦੀ ਥਿਤ ਇਸ ਵਿਚ ਹੋ ਨਹੀਂ ਸੀ ਸਕਦੀ, ਕਿਉਂ ਜੋ ਬੀੜ ਓਹਨਾਂ ਦੇ ਜੀਊਂਦੇ ਜੀਅ ਤਿਆਰ ਹੋਈ ਅਤੇ ਪਿਛੋਂ ਸਦਾ ਬਾਬਾ ਰਾਮਰਾਇ ਦੇ ਕਬਜ਼ੇ ਵਿਚ ਰਹੀ। ਸੋ ਕਿਸੇ ਹੋਰ ਸ਼ਖ਼ਸ ਦੀ ਹਥੀਂ ਇਹ ਥਿਤ ਪਿਛੋਂ ਏਸਤਰ੍ਹਾਂ ਪੁਰ ਲਿਖੀ ਗਈ:–

"ਸੰਮਤ ੧੭੧੮ ਕੱਤਕ ਵੱਦੀ ੯ ਨੂੰ ਸ੍ਰੀ ਹਰਿਰਾਇ ਜੀ ਸਮਾਣੇ।"

ਦੂਜੀ ਫ਼ਿਹਿਰਿਸਤ ਵਖਰੇ ਵਰਕੇ ਪੁਰ ਕਿਸੇ ਨੇ ਸੰਮਤ ੧੭੪੪



Sri Satguru Jagjit Singh Ji Elibrary NamdhariElibrary@gmail.com

ਤੋਂ ਪਿਛੋਂ ਲਿਖੀ। ਇਸ ਵਿਚ ਬਾਬਾ ਰਾਮਰਾਇ ਜੀ ਦੇ ਚਲਾਣੇ ਦੀ ਥਿਤ ਵਧਾਈ ਹੈ, ਇਸਤਰ੍ਹਾਂ ਪੁਰ:—

"ਸੰਮਤ ੧੭੪੪ ਭਾਦਉ ਸੁਦੀ ੮ ਆਦਿਤ ਵਾਰਿ ਪੰਜ ਘੜੀਆਂ
ਦਿਨਿ ਚੜ੍ਹੇ ਛੇਦੀਂ ਦੇ ਅਮਲਿ ਸ੍ਰੀ ਸਤਿਗੁਰੂ ਰਾਮਰਾਇ ਜੀ ਸਮਾਣੇ॥
ਗੁੜ੍ਹਵਾਲਿ ਦੇਸ ਖੁਰਵਧੀ ਗੰਗਾ ਜਮਨਾ ਦੇ ਮਧਿਆਨ* ।"

(੫) ਇਹ ਦੂਜੀ ਫ਼ਿਹਿਰਿਸਤ ਸਾਰੀ ਇਕ ਹਥ ਦੀ ਲਿਖੀ ਹੈ, ਅਤੇ ਕਿਸੇ ਦੂਸਰੀ ਬੀੜ ਵਿਚੋਂ ਕਢਕੇ ਏਸ ਵਿਚ ਜਿਲਦ ਅੰਦਰ ਲੈ ਆਂਦੀ ਹੈ। ਅਠਵੀਂ, ਨਾਵੀਂ ਅਤੇ ਦਸਵੀਂ ਪਾਤਸ਼ਾਹੀ ਨੂੰ ਤਾਂ ਓਹ ਲੋਕ ਦੂਜੇ ਦਾ ਹੱਕ ਖੋਹਣ ਵਾਲੇ ਜਾਂ ਗ਼ਾਸਿਬ ਜਾਣਦੇ ਸਨ ਅਤੇ ਗੁਰੂ ਨਹੀਂ ਸਨ ਮੰਨਦੇ, ਸੋ ਓਹਨਾਂ ਦੀਆਂ ਥਿਤਾਂ ਕਿਉਂ ਦੇਨ ਲਗੇ ਸਨ। ਪਰ ਇਹ ਦੂਜੀ ਫ਼ਿਹਿਰਿਸਤ ਉਪ੍ਰਲੀ ਦੀ ਨਕਲ ਨਹੀਂ, ਕਿਉਂਕਿ ਪਹਿਲੇ ਗੁਰੂਆਂ ਦੀਆਂ ਥਿਤਾਂ ਦੇਣ ਵਿਚ ਬਹੁਤ ਲਫ਼ਜ਼ੀ ਫ਼ਰਕ ਹੈ, ਅਤੇ ਕੁਝ ਵੇਰਵਾ ਦਿਤਾ ਹੈ, ਜੋ ਉਪ੍ਰਲੀ ਪਹਿਲੀ ਫ਼ਿਹਿਰਿਸਤ ਵਿਚ ਨਹੀਂ। ਪਹਿਲੇ ਮਹਲੇ ਦੀ ਥਿਤ ਦੇਂਦਿਆਂ ਲਿਖਿਆ ਹੈ ਕਿ ਚਲਾਣਾ 'ਪਖੋ ਕੀ ਰੰਧਾਵੀ ਰਾਵੀ ਕੇ ਕਿਨਾਰੇ ਹੋਇਆ। ਦੂਜੇ ਗੁਰੂ ਦੇ ਸਮਾਣ ਦੀ ਥਾਂ 'ਖਡੂਰ' ਅਤੇ ਤੀਜੇ ਤੇ ਚੌਥੇ† ਦੀ 'ਗੋਇੰਦਵਾਲ' ਦਸੀ ਹੈ। ਪੰਜਵੇਂ ਗੁਰੂ ਦੀ ਥਿਤ ਦੇਂਦੇ ਲਿਖਿਆ ਹੈ: 'ਜੇਠ ਸੁਦੀ ੧੪ ਸ਼ੁਕਰਵਾਰ ਲਾਹੌਰ।' ਲਿਖਾਰੀ ਨੇ ਗ਼ਲਤੀ ਨਾਲ ੪ ਦੀ ਥਾਂ ੧੪ ਲਿਖ ਦਿਤਾ ਹੈ। ਏਸ ਥਿਤ ਤੋਂ ਅਗੇ ਲਿਖਿਆ ਹੈ :—

---

*ਮਾਲੂਮ ਹੁੰਦਾ ਹੈ ਕਿ ਏਹਨਾਂ ਲਫ਼ਜ਼ਾਂ 'ਗੰਗਾ ਜਮਨਾ ਕੇ ਮਧਿਆਨ' ਤੋਂ ਹੀ ਕਿਸੇ ਨੇ ਪਿਛੋਂ ਇਹ ਕਹਾਣੀ ਘੜ ਲਈ ਕਿ ਬਾਬਾ ਰਾਮਰਾਇ ਨੂੰ ਸਾਧੂਆਂ ਨੇ ਸਮਾਧੀ ਦੀ ਹਾਲਤ ਵਿਚ ਜਿਉਂਦਾ ਹੀ ਸਾੜ ਦਿੱਤਾ।

†ਕਿਸੇ ਕਿਸੇ ਥਾਂ ਚੌਥੇ ਗੁਰੂ ਦਾ ਚਲਾਣਾ ਅੰਮ੍ਰਿਤਸਰ ਦਾ ਲਿਖਿਆ ਹੈ ਅਤੇ ਕਿਹਾ ਹੈ ਕਿ ਜਿਥੇ ਹਰਿਮੰਦਰ ਹੈ, ਓਥੇ ਓਹਨਾਂ ਦਾ ਜਲ ਪ੍ਰਵਾਹ ਕੀਤਾ ਗਿਆ, ਜਾਂ ਮਿੱਟੀ ਦੇ ਢੇਰ ਉਪਰ ਸਿਸਕਾਰ ਕੀਤਾ ਗਿਆ, ਪਰ ਇਹ ਗ਼ਲਤ ਹੈ, ਗੋਇੰਦਵਾਲ ਵਾਲੀ ਗਲ ਠੀਕ ਹੈ।



Sri Satguru Jagjit Singh Ji Elibrary NamdhariElibrary@gmail.com

"ਸੰਮਤ੍ਰ ੧੬੯੫ ਚੇਤ ਸੁਦੀ ੧੦ ਬੁਧਵਾਰ ਸ੍ਰੀ ਸਤਿਗੁਰੂ ਬਾਬਾ ਗੁਰਦ੍ਤਿਾ ਜੀ ਸਮਾਣੇ ਕੀਰਤਪੁਰਿ।"

'ਆਦਿ-ਬੀੜ' ਦੀ ਇਬਾਰਤ ਲੈ ਕੇ ਉਸ ਵਿਚ 'ਗੁਰਦਿਤਾ' ਅਤੇ 'ਕੀਰਤਪੁਰ' ਨਾਮ ਵਧਾਏ ਹਨ। ਅਜਿਹੇ ਹੀ ਛੋਟੇ ਲਫ਼ਜ਼ੀ ਫ਼ਰਕ ਛੇਵੇਂ ਗੁਰੂ ਦੀ ਖਿਤ ਦੇ ਸਾਮਣੇ ਦੀ ਇਬਾਰਤ ਵਿਚ ਵੀ ਪਾਏ ਹਨ।

ਇਕ ਤੀਜੀ ਫ਼ਹਿਰਿਸਤ ਵੀ ਦਿਤੀ ਹੈ ਜਿਸ ਵਿਚ ਉਪਰਲੀਆਂ ਦੋਹਾਂ ਫ਼ਹਿਰਿਸਤਾਂ ਨੂੰ ਮਿਲਾ ਕੇ ਇਸ ਨੂੰ ਬਣਾਇਆ ਹੈ, ਅਰਥਾਤ ਪਹਿਲੇ ਛੇ ਗੁਰੂਆਂ ਦੀਆਂ ਥਿਤਾਂ ਪਹਿਲੀ ਲਿਸਟ ਤੋਂ, ਅਤੇ ਬਾਬਾ ਗੁਰਦਿਤਾ, ਗੁਰੂ ਹਰਿ ਰਾਇ ਜੀ ਅਤੇ ਗੁਰੂ ਰਾਮਰਾਇ ਦੀਆਂ ਥਿਤਾਂ ਦੂਜੀ ਲਿਸਟ ਤੋਂ ਲਈਆਂ ਹਨ। ਇਹ ਪਤ੍ਰਾ ਵੀ ਕਿਸੇ ਹੋਰ ਬੀੜ ਵਿਚੋਂ, ਜੋ ਰਾਮ ਰਾਈਆਂ ਨੇ ਤਿਆਰ ਕੀਤਾ, ਲੈ ਕੇ ਏਥੇ ਜਿਲਦ ਬਨ੍ਹਦੇ ਸਮੇਂ ਲਗਾ ਦਿੱਤਾ ਹੈ।

ਇਹ ਤਿੰਨੇ ਲਿਸਟਾਂ ਵੀ ਬੀੜ ਦੀ ਪ੍ਰਮਾਣਤਾ ਦੀ ਪ੍ਰੋੜ੍ਹਤਾ ਕਰਦੀਆਂ ਹਨ।

(੬)' 'ਮੁੰਦਾਵਣੀ' ਤੋਂ ਪਿਛੇ ਉਪਰ ਦਸੀਆਂ ਤਿੰਨ ਲਿਸਟਾਂ ਤੋਂ ਇਲਾਵਾ, 'ਰਾਗ ਮਾਲਾ' ਅਤੇ 'ਵਾਰ ਬਸੰਤ ਕੀ ਮਹਲਾ ੧' ਇਹ ਦੋ ਚੀਜ਼ਾਂ ਦਿਤੀਆਂ ਹਨ। ਗ਼ਲਤੀ ਨਾਲ 'ਬਸੰਤ ਕੀ ਵਾਰ' ਨੂੰ ਮਹਲੇ ਪਹਿਲੇ ਦੀ ਸਮਝਿਆ ਹੈ, ਜਿਵੇਂ ਹੋਰ ਸਲੋਕ 'ਜਿਤ ਦਰ ਲਖ ਮੁਹਮਦਾ' ਆਦਿ ਹੁੰਦੇ ਹਨ। ਇਸ ਗ਼ਲਤੀ ਕਰਕੇ ਕਈ ਬੀੜਾਂ ਵਿਚ ਇਹ ਪਿਛੋਂ ਵੀ ਗ੍ਰੰਥ ਸਾਹਿਬ ਦੇ ਅੰਦਰ ਰਾਗ ਬਸੰਤ ਹੇਠਾਂ ਦਰਜ ਨਹੀਂ ਕੀਤੀ ਗਈ। ਅਸਲ ਵਿਚ ਇਹ ਵਾਰ ਪੰਜਵੇਂ ਮਹਲੇ ਦੀ ਰਚਨਾ ਹੈ, ਅਤੇ 'ਆਦਿ-ਬੀੜ' ਵਿਚ ਰਾਗ ਬਸੰਤ ਹੇਠਾਂ ਦਰਜ ਹੋਣ ਦੀ ਥਾਂ ਗ੍ਰੰਥ ਸਾਹਿਬ ਦੇ ਅੰਤ ਪੁਰ ਇਕ ਬਚ ਰਹੇ ਕੋਰੇ ਪਤ੍ਰੇ ਪੁਰ ਲਿਖੀ ਗਈ ਸੀ। ਬੂੜੇ ਸੰਧੂ ਵਾਲੇ 'ਆਦਿ-ਬੀੜ' ਦੇ ਉਤਾਰੇ ਅਤੇ ਹੋਰ ਕਈ ਬੀੜਾਂ ਵਿਚ ਵੀ



Sri Satguru Jagjit Singh Ji Elibrary NamdhariElibrary@gmail.com

ਪਿਛੇ ਹੀ ਦਿੱਤੀ ਗਈ ਸੀ*।

(੭) ਹੁਣ ਮੁੜ ਵਿਚ ਤਤਕਰਿਆਂ ਵਲ ਆਉ। 'ਸੂਚੀ ਪਤ੍ਰ ਪੋਥੀ ਦਾ ਤਤਕਰਾ ਲਿਖਿਆ ਰਾਗਾਂ ਕਾ ਤਥਾ ਸ਼ਬਦਾਂ ਕਾ' ਦੇਕੇ ਅਗੇ ਲਿਖਿਆ ਹੈ:—'ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲ।' ਏਥੇ ਇਹ ਦਸਣ ਦੀ ਕੋਸ਼ਸ਼ ਨਹੀਂ ਕੀਤੀ ਕਿ ਏਥੇ ਕਿਨਵੀਂ ਥਾਵੇਂ ਨਕਲ ਸੀ; ਨਕਲ ਦਰ ਨਕਲ ਦਸਕੇ ਯਾਹਰਵੇਂ ਥਾਂ ਨਕਲ ਕੀਤੀ ਨਹੀਂ ਦਸੀ ਜਿਸ ਤਰ੍ਹਾਂ ਕਿ ਢਾਕੇ ਦੀ ੧੭੩੨ ਵਾਲੀ ਬੀੜ ਵਿਚ ਕਿਹਾ ਹੈ। ਏਸ ਬੀੜ ਦਾ ਲੰਬਾ ਜ਼ਿਕਰ ਅਗੇ ਆਉਂਦਾ ਹੈ। ਪਰ ਹੋਰ ਗਲਾਂ ਤੋਂ ਮਾਲੂਮ ਹੁੰਦਾ ਹੈ ਕਿ ਇਹ ੧੭੧੬ ਵਾਲੀ ਬੀੜ ਆਦਿ ਬੀੜ ਤੋਂ ਤੀਜੇ ਕੁ ਥਾਂ ਨਕਲ ਸੀ,ਅਤੇ ਏਸ ਦੇ ਅਤੇ ਬੂੜੇ ਸੰਧੂ ਵਾਲੀ ਬੀੜ ਦੇ ਵਿਚਾਲੇ ਇਕ ਜਾਂ ਹਦ ਦੋ ਹੀ ਹੋਰ ਬੀੜਾਂ ਜਾਂ ਨਕਲਾਂ ਸਨ। ਉਸ ਪੁਰਾਣੀ ਬੀੜ ਵਿਚ, ਜਿਸਤੋਂ ਇਹ ਉਤਾਰਾ ਕੀਤੀ ਗਈ, ਅੰਤ ਪੁਰ ਮੁੰਦਾਵਣੀ ਤੇ ਰਾਗਮਾਲਾ ਲਿਖੇ ਜਾ ਚੁਕੇ ਸਨ, ਸ਼ਾਇਦ ਅਸਲ ਲਿਖਾਰੀ ਨਾਲੋਂ ਭਿੰਨ ਕਿਸੇ ਦੂਸਰੇ ਦੀ ਹਥੀਂ। 'ਆਦਿ-ਬੀੜ' ਅਤੇ ਏਸ ਬੀੜ ਦੇ ਲਿਖੇ ਜਾਨ ਦੇ ਵਿਚਾਲੇ ਸਤਰ ਵਰ੍ਹੇ ਦੇ ਕ਼ਰੀਬ ਲੰਘ ਚੁਕੇ ਸਨ।

ਏਸ ਦੀ ਅਸਲ ਪੁਰਾਣੀ ਬੀੜ ਵਿਚ 'ਸੋ ਪੁਰਖ' ਵਾਲੇ ਚਾਰ ਸ਼ਬਦ ਭੀ ਬਹੁਤ ਕਰਕੇ ਲਿਖੇ ਜਾ ਚੁਕੇ ਸਨ, ਕਿਉਂਕਿ ਇਸ ਬੀੜ ਵਿਚ ਓਹ ਹਨ।

(੮) ਤਤਕਰੇ ੨੯ ਵਰਕਿਆਂ ਪੁਰ ਮੁਕੇ ਹਨ, ਇਹ ਬੜੀ ਇਹਤਿਆਤ ਨਾਲ ਲਿਖੇ ਹਨ, ਅਤੇ ਹੋਰਨਾਂ ਸਭਨਾਂ ਨਾਲੋਂ ਜੋ ਮੈਂ ਦੇਖੇ

---

*ਅਸਲ ਲਿਖਾਰੀ ਨੇ ਤਾਂ ਇਹ ਕੀਤਾ ਸੀ, ਪਰ ਪਿਛੋਂ ਕਿਸੇ ਹੋਰ ਸ਼ਖਸ ਨੇ ਵਿਚਾਲੇ ਕੋਰੀ ਥਾਂ ਵੇਖਕੇ ਉਸ ਪਰ 'ਵਾਰ ਬਸੰਤ ਕੀ' ਮਹਲਾ ੫' ਫੇਰ ਲਿਖ ਦਿਤੀ ਹੈ। ਕੋਰੀਆਂ ਥਾਵਾਂ,ਨਾ ਨਿਰਾ ਰਾਗਾਂ ਦੇ ਅੰਤ ਪੁਰ, ਸਗੋਂ ਜੁਚਾਂ ਦੇ ਪਿਛੇ ਅਤੇ ਕਿਤੇ ਕਿਤੇ ਵਿਚਾਲੇ ਭੀ ਛਡੀਆਂ ਹੋਈਆਂ ਹਨ। 'ਭਗਤਾਂ ਦੀ ਬਾਣੀ' ਵਿਚ ਇਹ ਕੋਰੀਆਂ ਥਾਵਾਂ ਬਹੁਤ ਹਨ।



Sri Satguru Jagjit Singh Ji Elibrary NamdhariElibrary@gmail.com

ਹਨ, ਚੰਗੇ ਹਨ। ਜਿਕਰ ਅੰਗ੍ਰੇਜ਼ੀ ਦੀਆਂ ਕਈ ਡਿਕਸ਼ਨਰੀਆਂ ਵਿਚ ਹਰ ਸਫ਼ੇ ਦੇ ਸਿਰੇ ਉਪਰ ਸਫੇ ਦਾ ਪਹਿਲਾ ਤੇ ਪਿਛਲਾ ਲਫ਼ਜ਼ ਦਿੱਤਾ ਹੁੰਦਾ ਹੈ, ਉਸੇ ਤਰ੍ਹਾਂ ਏਥੇ 'ਸ਼ਬਦਾਂ ਦੇ ਤਤਕਰੇ' ਵਿਚ ਕੀਤਾ ਹੈ। ਸਫੇ ਦੇ ਉਪਰ ਸ਼ਬਦ ਦੀ ਪ੍ਰਤੀਕ ਅਤੇ ਰਾਗ ਦਾ ਨਾਮ ਅਤੇ ਮਹਲਾ ਦਿਤੇ ਹਨ। ਰਾਮਕਲੀ ਰਾਗ ਦੇ ਤਤਕਰੇ ਵਿਚ ਇਕ ਪ੍ਰਤੀਕ ਇਸ ਤਰ੍ਹਾਂ ਪੁਰ ਹੈ:–

ਰਾਗ ਰਾਮਕਲੀ ਦਖਣੀ ॥

ਓਅੰਕਾਰ ਮਹਲਾ ੧ ॥

ਮਤਲਬ ਇਹ ਕਿ ਲਫ਼ਜ਼ 'ਦਖਣੀ' ਰਾਗ ਰਾਮਕਲੀ ਦਾ ਵਿਸ਼ੇਸ਼ਨ ਜਾਂ ਗੁਣਵਾਚਕ ਸੰਗਿਆ ਹੈ, ਨਾ ਕਿ ਓਅੰਕਾਰ' ਦੀ ਪ੍ਰਸੰਸਾ।

'ਦਖਣੀ ਓਅੰਕਾਰ' ਦੇ ਕੁਝ ਅਰਥ ਨਹੀਂ, ਇਹ ਗ਼ਲਤੀ ਸਿਖਾਂ ਵਿਚ ਆਮ ਪ੍ਰਚੱਲਤ ਹੈ। 'ਓਅੰਕਾਰ' ਉਹ ਬਾਣੀ ਹੈ ਜਿਸ ਦਾ ਉਚਾਰਨ ਬਨਾਰਸ ਦੇ ਪੰਡਤਾਂ ਚਤੁਰਦਾਸ ਆਦਿ ਦੇ ਸਾਹਮਣੇ ਹੋਇਆ ਹੈ, ਨਾ ਕਿ ਦਖਣ ਵਿਚ ਮਹਾਰਾਸ਼ਟਰ ਦੇ ਪੰਡਿਤਾਂ ਸਾਹਮਣੇ।

(੧੦) ਤਤਕਰਿਆਂ ਤੋਂ ਪਿਛੇ ਦੋ ਵਰਕਿਆਂ ਪੁਰ ਗੁਰ ਹਰਿ ਰਾਇ ਸਾਹਿਬ ਅਤੇ ਬਾਬਾ ਰਾਮ ਰਾਇ ਜੀ ਦੇ ਹਥ ਦੇ ਲਿਖੇ ਦੋ 'ਨੀਸ਼ਾਨ' ਹਨ।

ਗ੍ਰੰਥ ਸਾਹਿਬ ੩੩ ਤੋਂ ੬੫੧ ਵਰਕਿਆਂ ਪੁਰ ਹੈ (ਗਿਨਤੀ ਦਾ ਅੰਕ ਜੁਸਤ ਸਫ਼ਿਆ ਪੁਰ ਦਿਤਾ ਹੈ, ਤਾਕ ਪੁਰ ਨਹੀਂ।) ਸਾਰੇ ਦਾ ਸਾਰਾ ਗ੍ਰੰਥ ਸਾਹਿਬ ਇਕ ਹੀ ਹਥ ਦਾ ਲਿਖਿਆ ਹੈ, ਸਾਫ਼ ਤੇ ਸੁਥਰਾ, ਸਿਵਾਏ ਉਹਨਾਂ ਦਰੁਸਤੀਆਂ ਦੇ ਜਿਨ੍ਹਾਂ ਦਾ ਜ਼ਿਕਰ ਉਪਰ ਕੀਤਾ ਹੈ।

(੧੧) ਜਿਸ ਤਰ੍ਹਾਂ ਕਿ ਉਪਰ ਕਿਹਾ ਹੈ, ਰਾਗ ਬਸੰਤ ਦੇ ਅੰਤ ਪੁਰ ਕਿਸੇ ਨੇ ਪਿਛੋਂ 'ਬਸੰਤ ਕੀ ਵਾਰ ਮ ੫' ਲਿਖ ਦਿਤੀ ਹੈ, ਠੀਕ



Sri Satguru Jagjit Singh Ji Elibrary NamdhariElibrary@gmail.com

ਜਿਵੇਂ ਕਿ ਬੂੜੇ ਸੰਧੂ ਵਾਲੀ ਬੀੜ ਵਿਚ। ਇਉਂ ਜਾਪਦਾ ਕਿ ਜਦ ਬੂੜੇ ਸੰਧੂ ਵਾਲੀ ਬੀੜ ਵਿਚ ਕਿਸੇ ਨੇ ਪਿਛੋਂ ਚਾਰ ਵਰਕੇ ਪਾ ਕੇ ਫ਼ਾਲਤੂ ਬਾਣੀਆਂ ਰਾਗਮਾਲਾ ਆਦਿ ਲਿਖੀਆਂ ਸਨ, ਅਤੇ 'ਬਸੰਤ ਕੀ ਵਾਰ' ਨੂੰ ਅੰਦਰ ਰਾਗ ਬਸੰਤ ਦੇ ਪਿਛੇ ਲਿਖ ਦਿੱਤਾ ਸੀ, ਉਸ ਵਧਾਈ ਹੋਈ ਬੂੜੇ ਸੰਧੂ ਦੀ ਬੀੜ ਤੋਂ ਜੋ ਉਤਾਰਾ ਹੋਇਆ, ਉਸਤੋਂ ਅਗੋਂ ੧੭੧੯ ਵਾਲੀ ਬੀੜ ਨਕਲ ਕੀਤੀ ਗਈ।

(੧੨) 'ਭੋਗ ਦੀ ਬਾਣੀ' ਵਿਚ ਕਬੀਰ ਦੇ ੨੪੩ ਸਲੋਕ ਦਿਤੇ ਹਨ, ਪਰ ਛੇਕੜਲੇ ਦੋ 'ਹਰਿ ਸੋ ਹੀਰਾ' ਅਤੇ 'ਜਿਉ ਗ੍ਰਿਹੁ ਕਰਹਿ', ਕਿਸੇ ਹੋਰ ਹਥ ਦੇ ਪਿਛੋਂ ਲਿਖੇ ਹਨ, ਮਤਲਬ ਪਹਿਲੋਂ ੨੪੧ ਈ ਸਨ।

ਫ਼ਰੀਦ ਦੇ ਹਸਬ ਮਾਮੂਲ ੧੩੦ ਸਲੋਕ ਹਨ। ਇਹਨਾਂ ਸ਼ਲੋਕਾਂ ਦੇ ਪਿਛੇ ਦੋ ਸਫੇ ਕੋਰੇ ਛਡਕੇ ਸਵੈਯੇ ਸ੍ਰੀ ਮੁਖਵਾਕ ਲਿਖੇ ਹਨ। ਪੰਜਵੇਂ ਸਵਈਏ ਦੀ ਪਹਿਲੀ ਤੁਕ, 'ਹਰਿ ਗੁਰੁ ਨਾਨਕੁ ਜਿਨ ਪਰਸਿ', ਲਿਖਕੇ ਸਾਢੀਆਂ ਤਿੰਨ ਪਾਲਾ ਦੀ ਥਾਂ ਖ਼ਾਲੀ ਛਡ ਦਿੱਤੀ ਹੈ, ਅਤੇ ਅਗੇ ਜਾਕੇ ਇਹ ਤੁਕ ਲਿਖੀ ਹੈ:-

'ਅਉਸਿ ਜਨਮ ਮਰਣ ਦੁਹੁ ਥੇ ਰਹਿਉ ॥ ੫ ॥

ਵਿਚਲੇ ਪਾਠ ਬਾਬਤ ਦਿਲ ਵਿਚ ਕੁਝ ਸ਼ੱਕ ਸੀ, ਸੋ ਫੇਰ ਤੇ ਰਖਿਆ, ਪਰ ਪਿਛੋਂ ਲਿਖ ਨਾ ਸਕਿਆ। ਇਹਨਾਂ ਸਵੈਯਾਂ ਦੀ ਗਿਨਤੀ ਇਉਂ ਕੀਤੀ ਹੈ:-

॥ ੧੧ ॥ ੯ ॥ ੨ ॥

ਅਗੇ ਸਵੈਯੇ ਭਟਾਂ ਕੇ, ੯, ੧੦, ੨੨, ੬੦ ਅਤੇ ੨੧ ਦੇ ਕੇ ਫੇਰ ਦੋ ਸਫੇ ਖ਼ਾਲੀ ਛਡੇ ਹਨ, ਅਤੇ ਤੀਸਰੇ ਸਫੇ ਦੇ ਹੇਠੋਂ ਸ਼ੁਰੂ ਕਰਕੇ 'ਸ਼ਲੋਕ ਵਾਰਾਂ ਤੇ ਵਧੀਕ' ਲਿਖੇ ਹਨ ਮਹਲਾ ੧ ਦੇ ੩੨, ਮਹਲਾ ੩ ਦੇ ੬੩, ਅਤੇ ਮਹਲਾ ੪ ਦੇ ੩੦। ਚੌਥੇ ਮਹਲੇ ਬਾਬਤ ਜੋ ਭੱਟਾਂ ਦੇ ਸਵੈਯੇ ਹਨ, ਓਹਨਾਂ ਵਿਚ ਕੁਝ ਲਫ਼ਜ਼ੀ ਗ਼ਲਤੀਆਂ ਦੂਸਰੇ ਹਥ ਦੀਆਂ ਦਰੁਸਤ ਕੀਤੀਆਂ ਹੋਈਆਂ ਹਨ। 'ਸਲੋਕ ਵਾਰਾਂ ਤੇ ਵਧੀਕ' ਦੇ ਪਿਛੋਂ



Sri Satguru Jagjit Singh Ji Elibrary NamdhariElibrary@gmail.com

ਇਹ Colophon ਜਾਂ ਟਿਪਨੀ।

'ਇਤਨੇ ਸ਼ਬਦ ਪੰਜਵੇਂ ਮਹਲੇ ਕੇ ਗ੍ਰੰਥ ਉਪਰੋ ਲਿਖੇ।'

ਏਸਦਾ ਜ਼ਿਕਰ ਅਸੀਂ ਉਪਰ ਕਰ ਆਏ ਹਾਂ।

(੧੩) ਏਸਤੋਂ ਪਿਛੋਂ 'ਮੁੰਦਾਵਣੀ' ਲਿਖਕੇ ਬਾਕੀ ਅੱਧਾ ਸਫ਼ਾ ਕੋਰਾ ਛਡਿਆ ਹੈ। ਅਗਲੇ ੬੫੧ ਪਤ੍ਰੇ ਦੇ ਮੁਢਲੇ ਸਫ਼ੇ ਪੁਰ ਰਾਗ ਮਾਲਾ ਅਤੇ ਪਿਛਲੇ ਪਾਸੇ ਤੇ 'ਵਾਰ ਬਸੰਤ ਕੀ ਮਹਲਾ ੧' ਦਿੱਤੇ ਹਨ।

ਏਹਨਾਂ ਦੋ ਤੋਂ ਸਿਵਾ ਹੋਰ ਕੋਈ ਫਾਲਤੂ ਜਾਂ ਵਾਧੂ ਰਚਨਾ ਨਹੀਂ ਦਿੱਤੀ ਗਈ।

# ੯-ਬੀੜ ਸੰਮਤ ੧੭੪੨-ਡੇਹਰਾਦੂਨ

ਇਹ ਬੀੜ ਸੰਮਤ ੧੭੧੬ ਵਾਲੀ ਉਪਰ ਦਸੀ ਬੀੜ ਤੋਂ ਡੇਹਰਾਦੂਨ ਵਿਚ ਨਕਲ ਕੀਤੀ ਗਈ। ਲਿਖਿਆ ਹੈ:-

"ਸੰਮਤ ੧੭੪੨ ਜੇਠ ਸੁਦੀ ਥਿਤੀ ਪੰਚਮੀ ੫
ਸ਼ੁਕਰਵਾਰ ਗ੍ਰੰਥ ਜੀ ਸੰਪੂਰਣ ਹੋਏ ਜੀ॥"

ਪਰ ਇਹ ਲਿਖਤ ਅਸਲੀ ਲਿਖਾਰੀ ਦੀ ਨਹੀਂ, ਕਿਸੇ ਹੋਰ ਹਥ ਦੀ ਬੀੜ ਦੇ ਅਖ਼ੀਰ ਤੇ ਦਿਤੀ ਹੈ। ਅਤੇ ਏਸ ਤੋਂ ਪਿਛੋਂ 'ਚਲਿਤ੍ਰ ਜੋਤੀ ਜੋਤ ਸਮਾਵਣ ਕਾ' ਆਉਂਦਾ ਹੈ, ਜੋ ਸੰਮਤ ੧੭੧੬ ਵਾਲੀ ਬੀੜ ਦੀ ਦੂਜੀ ਲਿਸਟ ਤੋਂ ਨਕਲ ਕੀਤਾ ਹੈ, ਜਿਸਦੇ ਪਿਛੇ ਇਕ ਥਿੱਤ ਹੋਰ ਪਿਛੋਂ ਵਧਾਈ ਹੋਈ ਹੈ:-

"ਸੰਮਤ ੧੭੯੮* ਮਿਤੀ ਵੈਸਾਖ ਸੁਦੀ ਬੁਧਵਾਰ ੫ ਸ੍ਰੀ ਮਾਤਾ ਪੰਜਾਬ ਕੌਰ ਜੀ ਸਮਾਣੇ ਗੜਵਾਲ ਦੇਸ।"

ਮਾਤਾ ਪੰਜਾਬ ਕੌਰ, ਬਾਬਾ ਰਾਮਰਾਇ ਜੀ ਦੀ ਤੀਜੀ ਪਤਨੀ

---

*ਮਾਤਾ ਪੰਜਾਬ ਕੌਰ ਨੇ ਸੰਨ ੧੭੪੧ ਵਿਚ ਚਲਾਣਾ ਕੀਤਾ। ਉਦੋਂ ਨਾਦਿਰਸ਼ਾਹ ਦਾ ਹਮਲਾ ਹੋਕੇ ਸਿਖ ਹੋਸ਼ ਸੰਭਾਲ ਰਹੇ ਸਨ।



Sri Satguru Jagjit Singh Ji Elibrary NamdhariElibrary@gmail.com

ਸਨ, ਅਤੇ ਓਹਨਾਂ ਦੇ ਚਲਾਣੇ ਸਮੇਂ ਕੋਈ ਸੋਲਾਂ ਸਤਾਰਾਂ ਵਰ੍ਹਿਆਂ ਦੀ ਜਵਾਨ ਲੜਕੀ ਸਨ। ਪੰਜਾਬ ਕੌਰ ਜੀ (ਆਮ ਪ੍ਰਸਿਧ ਨਾਮ ਮਾਈ ਪੰਜਾਬੋ)† ਪਿਛੋਂ ੫੪ ਵਰ੍ਹੇ ਜਿਉਂਦੇ ਰਹੇ।

ਮੁੰਦਾਵਣੀ ਦੇ ਪਿਛੋਂ ਖ਼ਾਲੀ ਰਾਗਮਾਲਾ ਈ ਦਿੱਤੀ ਹੈ।

ਮੀਰਾਂ ਦਾ ਸ਼ਬਦ ਰਾਗ ਮਾਰੂ ਹੇਠਾਂ ਅਤੇ ਰਵਿਦਾਸ ਦਾ ਵਾਧੂ ਸ਼ਬਦ ਹਾਸ਼ੀਏ ਪੁਰ ਬਹੁਤ ਘਿਚ ਮਿਚ ਕਰਕੇ ਲਿਖੇ ਹਨ, ਜਿਸਤੋਂ ਦਿਸਦਾ ਹੈ ਕਿ ਜਾਂ ਤਾਂ ਲਿਖਾਰੀ ਨੇ ਨਕਲ ਕਰਦੇ ਸਮੇਂ ਮਖੀ ਤੇ ਮਖੀ ਮਾਰੀ ਹੈ ਜਾਂ ਉਤਾਰਾ ਕਰਨਾ ਸ਼ੁਰੂ ਤਾਂ ਬਹੁਤ ਚਿਰ ਪਹਿਲੋਂ ਕੀਤਾ ਸੀ, ਪਰ ਮੁਕਾਇਆ ਕਿਸੇ ਹੋਰ ਨੇ ੨੬ ਵਰ੍ਹੇ ਪਿਛੋਂ।

ਇਸ ਬੀੜ ਵਿਚ 'ਨੀਸ਼ਾਣ' ਬਾਬਾ ਰਾਮਰਾਇ ਦੇ ਹਥ ਦਾ ਹੈ।

# ੧੦–ਬੀੜ ਸੰਮਤ ੧੭੧੮, ਕਾਨਗੜ੍ਹ (ਰਿਆਸਤ ਪਟਿਆਲ਼ਾ)

ਹੁਣ ਅਸੀਂ ਇਕ ਬੜੀ ਜ਼ਰੂਰੀ ਬੀੜ ਦਾ ਜ਼ਿਕਰ ਕਰਨ ਲਗੇ ਹਾਂ, ਜੋ ਤਿਆਰ ਤਾਂ ਕੀਰਤਪੁਰ ਹੋਈ ਸੀ, ਪਰ ਹੁਣ

---

†ਦੇਹੁਰਾ ਸੰਮਤ ੧੭੬੩ ਵਿਚ ਬਾਬਾ ਜੀ ਦੀ ਮੰਜੀ ਉਤੇ ਮਾਈ ਪੰਜਾਬੋ ਨੇ ਹੀ ਉਸਾਰਿਆ ਸੀ ਅਤੇ ਇਹੋ ਨਾਮ 'ਮਾਈ ਪੰਜਾਬੋ' ਕੰਧ ਪੁਰ ਇਕ ਸਿੱਲਾ ਵਿਚ ਲਿਖਿਆ ਸੀ। ਮੈਂ ਜਦ ਪਹਿਲੀ ਵਾਰ ਇਹ ਪੜ੍ਹਿਆ ਤਾਂ ਕੁਝ ਮੁਸਕਰਾ ਪਿਆ। ਮਹੰਤ ਸਾਹਿਬ ਨੇ ਜੋ ਆਦਮੀ ਮੈਨੂੰ ਦੇਹੁਰਾ ਵਿਖਾਣ ਲਈ ਮੇਰੇ ਨਾਲ ਕੀਤਾ ਹੋਇਆ ਸੀ, ਉਸਨੇ ਇਹ ਗਲ ਤਾੜ ਲਈ। ਸੋ ਜਦ ਮੈਂ ਦੂਜੀ ਵਾਰ ਕੋਈ ਛੇ ਮਹੀਨੇ ਪਿਛੋਂ, ਫੇਰ ਦੇਹੁਰੇ ਗਿਆ, ਤਦ ਵੇਖਿਆ ਕਿ ਖ਼ੁਤਬੇ ਨੂੰ ਬਦਲਕੇ 'ਮਾਈ ਪੰਜਾਬੋ' ਦੀ ਥਾਂ ਨਾਮ 'ਰਾਣੀ ਪੰਜਾਬ ਕੌਰ' ਕਰ ਦਿੱਤਾ ਗਿਆ ਸੀ। ਤਬਦੀਲੀ ਬਿਲਕੁਲ ਬੇ-ਮਾਲੂਮੀ ਸੀ।



Sri Satguru Jagjit Singh Ji Elibrary NamdhariElibrary@gmail.com

ਕਾਨਗੜ੍ਹ* ਵਿਚ ਮੌਜੂਦ ਹੈ। ਇਹ ਬੀੜ ਸਾਢੇ ੧੩ ਇੰਚ × ਸਾਢੇ ਦਸ ਇੰਚ ਦੇ ੬੭੯ ਵਰਕਿਆਂ ਪੁਰ ਫ਼ਾਰਸੀ ਕਿਤਾਬਾਂ ਵਾਂਗ ਚੌੜੇ ਦਾਉ† ਲਿਖੀ ਹੋਈ ਹੈ। ਕੋਈ ੩੦ ਵਰ੍ਹੇ ਹੋਏ ਹਨ, ਸਰਦਾਰ ਹਰਦਮ ਸਿੰਘ ਜੀ ਨੂੰ ਇਹ ਬੀੜ ਬਿਨਾ ਜਿਲਦ ਦੇ ਪਟਿਆਲੇ ਤੋਂ ਪ੍ਰਾਪਤ ਹੋਈ ਸੀ, ਤੇ ਜਿਲਦ ਉਹਨਾਂ ਆਪ ਬਨ੍ਹਾਈ ਸੀ। ਉਸਤੋਂ ਪਹਿਲੇ ਦਾ ਹਾਲ ਕੁਝ ਪਤਾ ਨਹੀਂ ਕਿ ਕਿਸ ਤਰ੍ਹਾਂ ਕੀਰਤਪੁਰ ਤੋਂ ਪਟਿਆਲੇ ਅਪੜੀ। ਕਿਹਾ ਗਿਆ ਹੈ ਕਿ ਇਹ ਬੀੜ ਕਿਸੇ ਜੁਧ ਦੇ ਮੌਕਿਆ ਪੁਰ ਜੰਗ ਦੇ ਮੈਦਾਨ ਵਿਚ ਵੀ ਸੀ, ਜਿਥੇ ਤਲਵਾਰ ਲਗ ਕੇ ਕੁਝ ਵਰਕੇ ਅਧੇ ਕਟੇ ਗਏ।

ਤਤਕਰੇ ਤੋਂ ਮਾਲੂਮ ਦੇਂਦਾ ਹੈ ਕਿ ਗ੍ਰੰਥ ਸਾਹਿਬ ਭੱਟਾਂ ਦੇ ਸਵੈਯਾਂ ਪੁਰ ਮੁਕ ਜਾਂਦਾ ਸੀ, ਅਤੇ ਉਸਤੋਂ ਅਗੇ 'ਚਲਿਤ੍ਰ ਜੋਤੀ ਜੋਤ ਸਮਾਵਣ ਕੇ' ਹੀ ਸੀ, ਜੋ ਹੁਣ ਵੀ ਮੌਜੂਦ ਹੈ। ਪਰ ਪਿਛੋਂ ਕਿਸੇ ਨੇ ਹੋਰ ਵਰਕੇ ਵਧਾਕੇ ਨਾਵੇਂ ਮਹਲੇ ਦੀ ਬਾਣੀ ਸਾਰੀ ਇਕ ਥਾਂ ਚਾਹੜੀ ਹੈ।

ਰਾਗਾਂ ਦੇ ਤਤਕਰੇ ਵਿਚ ਰਾਗਾਂ ਦੇ ਨਾਮਾਂ ਦੇ ਸਾਹਮਣੇ ਪੱਨਿਆਂ

---

*ਜਾਖਲ ਅਤੇ ਬਰੇਟਾ ਰੇਲਵੇ ਸਟੇਸ਼ਨ ਦੇ ਵਿਚਾਲੇ, ਬਰੇਟਾ ਤੋਂ ਤਿੰਨ ਮੀਲ ਦੇ ਪੈਦਲ ਰਸਤੇ ਪੁਰ ਇਹ ਪਿੰਡ ਕਾਨਗੜ੍ਹ ਵਸਦਾ ਹੈ।

†ਬਾਰਾਂ ਗਿਰਾਂ ਲੰਬੇ ਅਤੇ ੯ ਗਿਰਾਂ ਚੌੜੇ ਤਾਉ ਦੇ ਚਾਰ ਵਰਕੇ ਕੀਤੇ ਹਨ (Quarto) ਜਿਸ ਕਰਕੇ ਲਿਖਾਈ ਚੌੜੇ ਦਾਓ ਵਲ ਹੋਈ ਹੈ। ਲਿਖਾਈ ਸਾਫ਼ ਤਾਂ ਹੈ ਪਰ ਕੋਈ ਡਾਢੀ ਸੁੰਦਰ ਨਹੀਂ ਅਤੇ ਨਾ ਚਮਕੀਲੀ ਸਿਆਹੀ ਨਾਲ ਕੀਤੀ ਹੈ। ਜਿਥੇ ਕੋਈ ਲਫ਼ਜ਼ ਭੁਲ ਨਾਲ ਦੂਸਰੀ ਵਾਰੀ ਲਿਖੇ ਗਏ ਹਨ ਜਾਂ ਕੋਈ ਤੁਕ ਲਿਖਣੋਂ ਰਹਿ ਗਈ ਹੈ, ਓਹਨਾਂ ਨੂੰ ਦਰੁਸਤ ਵੀ ਕੀਤਾ ਹੋਇਆ ਹੈ। ਬੀੜ ਦਾ ਹੇਠਲਾ ਪਾਸਾ ਪਾਣੀ ਨਾਲ ਭਿਜਾ ਹੋਇਆ ਹੈ, ਅਤੇ ਨਮੀ ਦੇ ਨਿਸ਼ਾਨ ਇੰਚ ਸਵਾ ਇੰਚ ਅੰਦਰ ਤਕ ਪਹੁੰਚੇ ਹੋਏ ਹਨ। ਕਾਗਜ਼ ਭੁਰਭੁਰਾ ਹੋਕੇ ਨੁਕਰਾਂ ਤੋਂ ਹੇਠਲਾ ਕਿਨਾਰਾ ਕਈ ਥਾਂ ਤੋਂ ਟੁਟ ਗਏ ਹਨ। ਕਾਗਜ਼ ਦੇ ਪੁਰਾਣੇ ਹੋ ਜਾਣ ਕਰਕੇ ਪੰਦਰਾਂ ਵੀਹ ਵਰਕੇ ਇਕਠੇ ਕਿਸੇਤਰ੍ਹਾਂ ਪਾਟ ਗਏ ਸਨ, ਓਹਨਾਂ ਪੁਰ ਬਰੀਕ ਫ੍ਰੈਂਚ ਕਾਗਜ਼ ਦੀਆਂ ਕਾਤਰਾਂ ਲਾਕੇ ਲਿਖਾਈ ਫਿਰ ਕੀਤੀ ਹੋਈ ਹੈ। ਸਾਰੀ ਲਿਖਾਈ ਇਕ ਹਥ ਦੀ ਹੈ, ਹਾਂ ਤਿੰਨ ਥਾਵੀਂ ਪੁਰ ਚਾਰ ਚਾਰ ਪੰਜ ਪੰਜ ਸਤਰਾਂ ਕਿਸੇ ਹੋਰ ਲਿਖਾਰੀ ਦੇ ਹੱਥ ਦੀਆਂ ਲਿਖੀਆਂ ਵੇਖੀਆਂ ਗਈਆਂ, ਜਿਵੇਂ ਅਸਲ ਲਿਖਾਰੀ ਕਿਸੇ ਕੰਮ ਤੇ ਥੋੜੇ ਚਿਰ ਲਈ ਬਾਹਰ ਗਿਆ ਹੁੰਦਾ ਹੈ।



Sri Satguru Jagjit Singh Ji Elibrary NamdhariElibrary@gmail.com

ਦੇ ਅੰਕ ਦਿਤੇ ਹਨ, ਅਤੇ ਗ੍ਰੰਥ ਸਾਹਿਬ ਨੂੰ ਪਤ੍ਰੇ ੬੬੯ ਪੁਰ ਮੁੱਕਾ ਦਿਖਾਇਆ ਹੈ, ਅਤੇ ਪਤ੍ਰੇ ੬੭੦ ਪੁਰ ਸਾਹਮਣੇ ਸਫੇ ਤੇ 'ਵਾਰ ਬਸੰਤ ਕੀ' ਤੇ ਪਿਛਲੇ ਸਫੇ ਤੇ 'ਚਲਿਤ੍ਰ ਜੋਤੀ ਜੋਤ ਸਮਾਵਨ ਕੇ' ਦਿਤੇ ਦਸੇ ਹਨ। ਪਰ ਅੰਦਰ ਬੀੜ ਵਿਚ ਪਤ੍ਰੇ ੬੭੦ ਪੁਰ ਹਾਲੀ 'ਸਵੈਯੇ ਭਟਾਂ ਕੇ ਮਹਲੇ ਦੂਜੇ ਕੇ' ਹੀ ਚਲ ਰਹੇ ਹਨ। ਏਸ ਤਤਕਰੇ ਵਿਚ ਜਿਨੇ ਭੀ ਪਤ੍ਰਿਆਂ ਜਾਂ ਪੰਨਿਆਂ ਦੇ ਅੰਕ ਦਿਤੇ ਹਨ ਉਹ ਛੇਕੜਲੇ ਅੱਧੇ ਵਿਚ ਸਾਰੇ ਹੀ ਗ਼ਲਤ ਹਨ, ਅੰਦਰ ਬੀੜ ਨਾਲ ਨਹੀਂ ਮਿਲਦੇ।

'ਸ਼ਬਦਾਂ ਦੇ ਤਤਕਰੇ' ਵਿਚ ਸ਼ਬਦਾਂ ਦੀ ਗਿਣਤੀ ਦੇ ਅੰਕ ਸਿਲਸਿਲੇ ਵਾਰ ਖਬੇ ਹਥ ਦਿਤੇ ਹਨ, ਪਰ ਸ਼ਬਦ ਕਿਹੜੇ ਪਤ੍ਰੇ ਪੁਰ ਆਉਂਦਾ ਹੈ, ਇਹ ਅੰਕ ਨਹੀਂ ਦਿਤੇ। ਮਤਲਬ ਇਹ ਕਿ ਰਾਗਾਂ ਦੇ ਤਤਕਰੇ ਵਿਚ ਜੋ ਪੰਨਿਆਂ ਦੇ ਅੰਕ ਰਾਗਾਂ ਦੇ ਨਾਮਾਂ ਦੇ ਸਾਹਮਣੇ ਦਿਤੇ ਹਨ, ਉਹ ਇਸ ਬੀੜ ਦੇ ਨਕਲ ਕਰ ਹਟਨ ਦੇ ਪਿਛੋਂ ਅੰਦਰੋਂ ਵੇਖਕੇ ਨਹੀਂ ਦਿਤੇ ਗਏ, ਸਗੋਂ ਅਸਲ ਬੀੜ ਤੋਂ, ਜਿਸਤੋਂ ਇਹ ਬੀੜ ਨਕਲ ਕੀਤੀ ਗਈ, ਰਾਗਾਂ ਦੇ ਨਾਮ ਨਕਲ ਕਰਦਿਆਂ, ਜਿਉਂ ਕੇ ਤਿਉਂ ਲੈ ਲਏ ਹਨ, ਗ਼ਲਤੀ ਨਾਲ। ਲਿਖਾਰੀ ਨੇ ਬੀੜ ਦੀ ਨਕਲ ਦਾ ਮੁਢ ਤਤਕਰਿਆਂ ਤੋਂ ਕੀਤਾ ਸੀ, ਇਹ ਨਹੀਂ ਕਿ ਗ੍ਰੰਥ ਸਾਹਿਬ ਪਹਿਲੇਂ ਨਕਲ ਕੀਤਾ ਅਤੇ ਤਤਕਰੇ ਪਿਛੋਂ ਬਨਾਏ ਜੋ ਸਹੀ ਤ੍ਰੀਕਾ ਸੀ।

ਬਾਣੀ ਦਾ ਉਤਾਰਾ ਕਰਦੇ ਸਮੇਂ 'ਬਸੰਤ ਕੀ ਵਾਰ' ਜੋ ਲਿਖਾਰੀ ਦੇ ਸਾਹਮਣੇ ਰਖੀ ਅਸਲ ਬੀੜ ਦੇ ਅੰਤ ਪੁਰ, ਉਸਦੇ ਪਤ੍ਰੇ ੬੭੦ ਤੇ ਸੀ, ਉਹ ਰਾਗ ਬਸੰਤ ਹੇਠਾਂ ਆਪਣੀ ਠੀਕ ਥਾਂ ਸਿਰ, ਭਗਤ ਬਾਣੀ ਤੋਂ ਪਹਿਲੇ ਦਰਜ ਕਰ ਲਈ, ਅਤੇ ਕੁਝ ਸ਼ਬਦ ਹੋਰ ਵੀ ਵਿਚ ਪਾ ਦਿਤੇ। ਇਸ ਕਰਕੇ ਅਤੇ ਲਿਖਾਈ ਦੇ ਮੋਟੇ ਪਤਲੇ ਜਾਂ ਖੁਲ੍ਹੇ ਤੰਗ ਹੋਣ ਕਰਕੇ ਨਕਲ, ਅਸਲ ਦੇ ਮੁਤਾਬਿਕ ਨਾ ਰਹੀ, ਅਤੇ ਛੇਕੜ ਤਕ ਅਪੜਦਿਆਂ ਅਸਲ ਨਾਲੋਂ ਦਸ ਪਤ੍ਰੇ ਵਧ ਗਏ।

ਉਤਾਰਾ ਕਰਨ ਦਾ ਸੰਮਤ ਮੁਢ ਵਿਚ ਹੀ ਤਤਕਰਿਆਂ ਦੇ ਸਿਰੇ



Sri Satguru Jagjit Singh Ji Elibrary NamdhariElibrary@gmail.com

ਉਪਰ ਇਉਂ ਦਿਤਾ ਹੈ :-

"ਸੂਚੀ ਪਤ੍ਰ ਪੋਥੀ ਆਰੰਭ ਸੰਮਤ
੧੭੧੮ ਕੀਰਤਿਪੁਰ ਜੀ।"

ਜਪੁਜੀ ਦੀ ਪ੍ਰਤੀਕ ਖ਼ਾਲੀ 'ਜਪੁ' ਦਿਤੀ ਹੈ, 'ਜਪੁ ਨੀਸ਼ਾਣ' ਕਰਕੇ ਨਹੀਂ। ਠੀਕ ਵੀ ਇਹੋ ਸੀ, ਕਿਉਂ ਜੋ ਭਾਵੇਂ ਉਤਾਰਾ ਗੁਰੂ ਹਰਿ ਰਾਇ ਸਾਹਿਬ ਦੇ ਛੇਕੜਲੇ ਵਰ੍ਹੇ ਵਿਚ ਲਿਖਣਾ ਸ਼ੁਰੂ ਹੋ ਗਿਆ ਸੀ, ਪਰ ਉਤਾਰਾ ਆਰੰਭ ਕਰਨ ਤੋਂ ਪਹਿਲੇ ਉਹਨਾਂ ਦੀ ਕੋਈ ਮਨਜ਼ੂਰੀ ਜਾਂ ਆਸ਼ੀਰਵਾਦ ਵਜੋਂ ਉਹਨਾਂ ਦਾ ਕੋਈ 'ਨੀਸ਼ਾਣ' ਨਹੀਂ ਲਿਆ ਗਿਆ। ਏਸ ਉਤਾਰੇ ਦੀ ਲਿਖਾਈ ਮੁਕੀ ਉਹਨਾਂ ਦੇ ਜੋਤੀ ਜੋਤ ਸਮਾਣ ਮਗਰੋਂ ਪਰ ਪਿਛੋਂ ਵੀ ਨਾਵੀਂ ਜਾਂ ਦਸਵੀਂ ਪਾਤਸ਼ਾਹੀ ਦਾ 'ਨੀਸ਼ਾਣ' ਏਸ ਵਿਚ ਦਰਜ ਨਹੀਂ ਹੋਇਆ।

ਏਸ ਬੀੜ ਦੀ ਅਸਲ ਕੇਹੜੀ ਸੀ ? ਅਰਥਾਤ, ਇਹ ਕਿਸ ਬੀੜ ਤੋਂ ਨਕਲ ਕੀਤੀ ਗਈ ? ਏਸ ਬੀੜ ਵਿਚ ਮੀਰਾਂਬਾਈ ਦਾ ਸ਼ਬਦ ਰਾਗ ਮਾਰੂ ਹੇਠਾਂ ਨਹੀਂ ਦਿੱਤਾ, ਨਾ ਰਾਗ ਸਾਰੰਗ ਵਿਚ ਸੂਰਦਾਸ ਦਾ ਪਹਿਲਾ ਸ਼ਬਦ, ਜਾਂ ਉਸਦੀ ਪਹਿਲੀ ਤੁਕ 'ਛਾਡਿ ਮਨ ਹਰਿ ਬੇਮੁਖਨ ਕੋ ਸੰਗ' ਹੀ ਦਿਤੀ ਹੈ। ਫੇਰ ਸੰਮਤ ਦੇ ਦੇਣ ਵਿਚ ਇਹ ਲਫ਼ਜ਼ : 'ਪੋਥੀ ਲਿਖਿ ਪਹੁੰਚੇ' ਨਹੀਂ ਵਰਤੇ, ਜਿਸ ਤਰ੍ਹਾਂ ਕਿ ਹੋਰ ਬਹੁਤ ਸਾਰੀਆਂ ਬੀੜਾਂ ਦੇ ਉਤਾਰਾ ਕਰਨ ਵਾਲਿਆਂ ਨੇ ਬੇ-ਸਮਝੀ ਨਾਲ ਵਰਤੇ ਮਨ। ਜਿਹਨਾਂ ਤਿਨਾਂ ਗਲਾਂ ਦੇ ਨਾ ਹੋਣ ਤੋਂ ਇਹ ਸਿਧ ਹੈ ਕਿ ਇਹ ਉਤਾਰਾ ਭਾਈ ਬੱਨੋ ਵਾਲੀ ਬੀੜ ਤੋਂ ਸਿਧਾ ਜਾਂ ਉਸਦੀ ਕਿਸੇ ਨਕਲ ਤੋਂ ਨਕਲ ਨਹੀਂ ਹੋਇਆ। ਭਾਈ ਬੱਨੋ ਵਾਲੀ ਬੀੜ ਦੇ ਵੰਸ਼ ਦੀਆਂ ਇਹੋ ਤਿੰਨ



Sri Satguru Jagjit Singh Ji Elibrary NamdhariElibrary@gmail.com

ਨਿਸ਼ਾਣੀਆਂ ਹਨ ।

ਹੁਣ ਲੌ 'ਚਲਿਤ੍ਰ ਜੋਤੀ ਜੋਤ ਸਮਾਵਣ ਕੇ' ਨੂੰ। ਇਸ ਬੀੜ ਵਿਚ ਗੁਰੂ ਹਰ ਕ੍ਰਿਸ਼ਨ ਦੇ ਚਲਾਣੇ ਤਕ ਦੀਆਂ ਥਿਤਾਂ, ਬਾਬਾ ਗੁਰਦਿੱਤਾ ਦੇ ਚਲਾਣੇ ਦੀ ਥਿਤ ਸਮੇਤ, ਦਿਤੀਆਂ ਹਨ । ਛੇਕੜਲੀ ਥਿਤ ਗੁਰੂ ਹਰਿ ਕ੍ਰਿਸ਼ਨ ਦੇ ਚਲਾਣੇ ਦੀ ਸਫ਼ੇ ਦੇ ਹੇਠਾਂ ਥੋੜੀ ਥਾਂ ਵਿਚ ਕੁਝ ਬਰੀਕ ਅਖਰਾਂ ਵਿਚ ਅਤੇ ਤੰਗ ਕਰਕੇ ਲਿਖੀ ਹੈ। ਕੋਸ਼ਸ਼ ਇਹ ਕੀਤੀ ਹੈ ਕਿ ਇਹ ਇੰਦਰਾਜ entry ਵੀ ਉਸੇ ਸਫ਼ੇ ਪਰ ਮੁਕ ਜਾਏ। ਲਿਖਤ ਮੁਢਲੇ ਲਿਖਾਰੀ ਦੀ ਹੀ ਹੈ, ਕਿਸੇ ਹੋਰ ਦੀ ਨਹੀਂ। ਜਿਸਦਾ ਮਤਲਬ ਹੈ ਕਿ ਲਿਖਾਰੀ ਗੁਰੂ ਹਰਿ ਕ੍ਰਿਸ਼ਨ ਦੇ ਚਲਾਣੇ ਦੇ ਪਿਛੋਂ ਤਕ ਜੀਉਂਦਾ ਮੌਜੂਦ ਸੀ, ਅਰਥਾਤ ਆਪਣੀ ਬੀੜ ਲਿਖਣੀ ਖ਼ਤਮ ਕਰਨ ਤੋਂ ਡੇਢ ਦੋ ਵਰ੍ਹੇ ਪਿਛੋਂ ਤਕ। ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿ ਕ੍ਰਿਸ਼ਨ ਦੇ ਚਲਾਣੇ ਇਹਨੀਂ ਦਿਨੀਂ ਹੀ ਲਿਖਾਰੀ ਦੇ ਦੇਖਦਿਆਂ ਹੋਏ ਸਨ। ਅਤੇ ਇਹ ਦੋ ਥਿਤਾਂ ਉਸਨੇ ਆਪਣੀ ਬੀੜ ਵਿਚ ਆਪ ਹੀ ਅਤੇ ਪਹਿਲੀ ਵਾਰ ਲਿਖੀਆਂ।

ਪਹਿਲੇ ਚਾਰ ਗੁਰੂ ਸਾਹਿਬਾਨ ਦੇ ਸਮਾਵਣ ਦੀਆਂ ਚਾਰ ਥਿਤਾਂ 'ਆਦਿ-ਬੀੜ' ਦੇ ਪਿਛੇ ਗੁਰੂ ਅਰਜਨ ਦੇਵ ਨੇ ਭਾਈ ਗੁਰਦਾਸ ਤੋਂ ਆਪ ਹੀ ਲਿਖਾਈਆਂ ਸਨ।

ਗੁਰੂ ਹਰ ਗੋਬਿੰਦ ਜਦ ਸੰਮਤ ੧੬੭੯ ਵਿਚ, ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾ ਹੋਕੇ, ਅਤੇ ਬਾਦਸ਼ਾਹ ਦੇ ਨਾਲ ਡੇਢ ਵਰ੍ਹਾ ਹੋਰ ਰਸਤੇ ਵਿਚ ਅਤੇ ਕਸ਼ਮੀਰ ਰਹਿਕੇ ਆਪਣੇ ਘਰ ਅਪੜੇ, ਅਤੇ ਅੰਮ੍ਰਿਤਸਰ ਵਿਚ 'ਗੁਰੂ ਕੇ ਮਹਲ' ਆਦਿ ਸਥਾਨ ਓਹਨਾਂ ਨੂੰ ਮਿਲ ਗਏ, ਭਾਵੇਂ



Sri Satguru Jagjit Singh Ji Elibrary NamdhariElibrary@gmail.com

ਚੱਕ ਦੀ ਮੁਆਫ਼ੀ ਅਤੇ ਲਾਹੌਰ ਦੀ ਜਾਇਦਾਦ ਆਦਿ ਬਹਾਲ ਨਾ ਹੋਏ। ਓਹਨਾਂ ਠਾਠ ਬਾਠ ਨਾਲ ਰਹਿਣਾ ਸ਼ੁਰੂ ਕੀਤਾ, ਸਿਪਾਹੀ ਨੌਕਰ ਰਖੇ ਤੇ ਹਥਿਆਰ ਵਗੈਰਾ ਇਕੱਠੇ ਕਰਨ ਲਗੇ। ਆਪਦੇ ਦਰਬਾਰ ਵਿਚ ਜੋਧਿਆਂ ਦੀਆਂ ਆਮ ਪ੍ਰਸਿਧ ਵਾਰਾਂ ਗਾਵੀਆਂ ਜਾਂਦੀਆਂ। ਉਮਰ ਆਪਦੀ ਇਸ ਵੇਲੇ ਜ਼ਵਾਨੀ ਦੀ ਸੀ; ਵਾਰਾਂ ਦੀਆਂ ਤਰਜ਼ਾਂ ਜਾਂ ਧੁਨੀਆਂ ਬਹੁਤ ਪਸੰਦ ਆਈਆਂ। ਗ੍ਰੰਥ ਸਾਹਿਬ ਵਿਚ ਦਿਤੀਆਂ ਕੁਝ ਵਾਰਾਂ ਨੂੰ, ਪ੍ਰਸਿਧ ਜੋਧਿਆਂ ਦੀ ਵਾਰਾਂ ਦੀਆਂ ਧੁਨੀਆਂ ਪੁਰ *ਗਾਉਣ ਦੀ ਆਗਿਆ ਕੀਤੀ, ਅਤੇ ਓਹਨਾਂ ਦੀਆਂ ਚੁਣੀਆਂ ਨੌ ਧੁਨੀਆਂ 'ਆਦਿ-ਬੀੜ' ਵਿਚ ਭਾਈ ਗੁਰਦਾਸ ਦੇ ਹਥੋਂ ਜਾਂ ਕਿਸੇ ਹੋਰ ਕੋਲੋਂ ਚੜ੍ਹਵਾ ਦਿਤੀਆਂ। 'ਧੁਨੀ' ਦੇ ਲਫ਼ਜ਼ ਹਾਸ਼ੀਏ ਪੁਰ ਲਿਖੇ ਗਏ, ਜਿਸਦਾ ਸਬੂਤ ਏਸੇ ੧੭੧੯ ਦੀ ਬੀੜ ਵਿਚ ਮਿਲ ਜਾਂਦਾ ਹੈ। ਏਸੇ ਤਰ੍ਹਾਂ ਚਾਰ ਥਿਤਾਂ ਦੇ ਪਿਛੇ ਗੁਰੂ ਅਰਜਨ ਦੇ ਚਲਾਣੇ ਦੀ ਥਿਤ ਵੀ ਦਰਜ ਕਰਾਈ। ਭਾਈ ਗੁਰਦਾਸ ਜੀ ਗੁਰੂ ਸਾਹਿਬ ਦੇ ਘਰ ਮੁੜ ਆਉਣ ਤੋਂ ਛੇ ਸਤ ਵਰ੍ਹੇ ਪਿਛੋਂ ਤਕ ਜਿਊਂਦੇ ਰਹੇ ਹਨ।

ਅਗਲੀਆਂ ਦੋ ਥਿਤਾਂ, ਪਹਿਲੀ ਬਾਬਾ ਗੁਰਦਿੱਤਾ ਦੇ ਚਲਾਣੇ ਦੀ ਅਤੇ ਦੂਜੀ ਗੁਰੂ ਹਰ ਗੋਬਿੰਦ ਸਾਹਿਬ ਦੇ ਚਲਾਣੇ ਦੀ, ਗੁਰੂ ਹਰਿ ਰਾਇ ਸਾਹਿਬ ਨੇ ਬੋਲਕੇ ਜਾਂ ਕਹਿ ਕੇ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਹਥੀਂ 'ਆਦਿ-ਬੀੜ'

---

*ਗਾਉਣ ਲਈ ਧੁਨੀਆਂ ਦੇਣ ਦੀ ਰਸਮ ਵੀ ਅਸਲ ਵਿਚ ਗੁਰੂ ਅਰਜਨ ਦੇਵ ਤੋਂ ਹੀ ਟੁਰੀ। ਲਿਖਿਆ ਹੈ:—'ਸ੍ਰੀ ਰਾਗ ਕਬੀਰ ਜੀਉ ਕਾ। ਏਕੁ ਸੁਆਨੁ ਕੈ ਘਰਿ ਗਾਵਣਾ।' ਏਸਦਾ ਮਤਲਬ ਹੈ ਕਿ ਕਬੀਰ ਦੇ ਸ਼ਬਦ: 'ਜਨਨੀ ਜਾਨਤ ਸੁਤੁ ਬਡਾ ਹੋਤ ਹੈ' ਨੂੰ, ਉਸ ਸੁਰ ਵਿਚ ਗਾਉਣਾ ਜਿਸ ਵਿਚ ਕਿ ਇਹ ਸ਼ਬਦ: 'ਏਕੁ ਸੁਆਨੁ ਦੁਇ ਸੁਆਨੀ ਨਾਲ' ਗਾਵਿਆ ਜਾਂਦਾ ਹੈ। ਅਰਥਾਤ ਘਰ ੪ ਵਿਚ। ਘਰ ਤੋਂ ਮਤਲਬ (Octave) ਦਾ ਹੈ। ਹਿੰਦੁਸਤਾਨੀ ਉਸਤਾਦੀ ਗਾਣੇ ੧੫ ਘਰ ਤਕ ਗਾਵੇਂ ਜਾਂਦੇ ਹਨ।



Sri Satguru Jagjit Singh Ji Elibrary NamdhariElibrary@gmail.com

ਵਿਚ ਪਹਿਲੀਆਂ ਲਿਖੀਆਂ ਪੰਜ ਥਿਤਾਂ ਦੇ ਪਿਛੇ ਦਰਜ ਕਰਾਈਆਂ। ਲਫ਼ਜ਼ ਇਹ ਸੰਨ:—

"ਸੰਮਤ ੧੬੯੫ ਚੇਤ ਸੁਦੀ ੧੦, ਸ੍ਰੀ ਗੁਰੂ ਬਾਬਾ ਜੀ ਸਮਾਣੇ ਕੀਰਤਿਪੁਰ।"

ਸੰਮਤ ੧੭੦੧ ਚੇਤ ਸੁਦੀ ੫ ਆਦਿਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸ੍ਰੀ ਸਤਿਗੁਰੂ ਕਰਣ ਕਾਰਣ ਸਮਰਥ ਕਰਤਾ ਪੁਰਖੁ ਸ੍ਰੀ ਹਰਿ ਗੋਬਿੰਦ ਜੀ ਸਮਾਣੇ ਕੀਰਤਿਪੁਰ ਕੇ ਹੇਠ ਬਾਪਲ ਪਤਾਲਗੜ੍ਹ ਨਾਉ ਥਾਂ ਕੋਠੇ ਵਿਚਿ ਪੰਜ ਦਿਹੁ ਸਾਂਗ ਹੋਆ। ਰਾਤਿ ਆਂਵਦੀ ਸਮਾਣਾ।

ਨਦੀ ਉਤੈ ਦਾਗ ਦਿੱਤਾ ਰਾਜ ਕਹਲੂਰ ਕੈ ਵਿਚਿ ਅਗੈ ਜੋ ਗੁਰੂ ਭਾਵੈਗਾ ਸੋ ਹੋਵੈਗਾ ਤਾ ਕੋਈ ਜੀਵੈਗਾ ਸੋ ਲਖੈਗਾ। ਗੁਰੂ ਕੀ ਗਲ ਗੁਰੂ ਜਾਣੈ।'

ਸ੍ਰੀ ਹਰਿ ਕ੍ਰਿਸ਼ਨ ਜੀ ਨੇ ਆਪਣੇ ਪਿਤਾ ਦੇ ਚਲਾਣੇ ਦੀ ਥਿਤ ਨਹੀਂ ਦਿੱਤੀ, ਖ਼ਾਲੀ ਉਪਰਲੀਆਂ ਦੋ ਥਿਤਾਂ ਦਿਤੀਆਂ ਹਨ, ਇਕ ਦਾਦੇ ਦੀ ਅਤੇ ਇਕ ਪੜਦਾਦੇ ਦੀ। ਇਹ ਥਿਤਾਂ ਸੰਮਤ ੧੭੧੭—੧੮ ਵਿਚ ਹੀ ਦਰਜ ਕੀਤੀਆਂ ਗਈਆਂ ਹੋਣਗੀਆਂ, ਗੁਰੂ ਹਰ ਰਾਇ ਸਾਹਿਬ ਦੇ ਚਲਾਨੇ ਤੋਂ ਪਹਿਲਾਂ ਜਦ ਸ੍ਰੀ ਹਰਿ ਕ੍ਰਿਸ਼ਨ ਗੁਰੂ ਨਹੀਂ ਸਨ ਬਣੇ, ਅਤੇ ਜਦੋਂ ਉਹ ਲਿਖਣ ਦੇ ਕਾਬਿਲ ਹੋਏ ਹੋਣਗੇ, ਭਾਵੇਂ ਬੋਲਕੇ ਹੀ ਸਹੀ। ਪਿਤਾ ਦੇ ਚਲਾਣੇ ਸਮੇਂ ਉਹਨਾਂ ਦੀ ਉਮਰ ਮਸਾਂ ਪੰਜਾਂ ਵਰ੍ਹਿਆਂ ਦੀ ਸੀ। ਇਹ ਬੀੜ ਸਮਝ ਲੋ ਕਿ ਸੰਮਤ ੧੭੧੮ ਵਿਚ ਸ਼ੁਰੂ ਹੋਕੇ ਸੰਮਤ ੧੭੧੯



Sri Satguru Jagjit Singh Ji Elibrary NamdhariElibrary@gmail.com

ਵਿਚ ਮੁਕੀ ਹੋਵੇਗੀ ਜਿਸ ਵੇਲੇ ਉਪਰ ਦਿਤੀਆਂ ਦੋਵੇਂ ਥਿਤਾਂ ਉਸ ਵਿਚ ਨਕਲ ਕੀਤੀਆਂ ਗਈਆਂ। ਪ੍ਰਤਖ ਹੈ ਕਿ ਸੰਮਤ ੧੭੧੮ ਵਿਚ ਗੁਰੂ ਹਰ ਰਾਇ ਸਾਹਿਬ ਦੇ ਚਲਾਣੇ ਤੋਂ ਪਹਿਲੇ ਓਹ 'ਆਦਿ-ਬੀੜ' ਵਿਚ ਦਰਜ ਹੋ ਚੁਕੀਆਂ ਸਨ। ਏਸ ਲਿਖਾਰੀ ਨੇ ਨਕਲ ਕਰਦੇ ਸਮੇਂ ਪੰਜਵੇਂ ਗੁਰੂ ਤਕ ਦੀਆਂ ਥਿਤਾਂ ਨਕਲ ਕਰਕੇ ਅਗਲੀਆਂ ਦੋ ਦੇਣ ਤੋਂ ਪਹਿਲੇ ਇਹ ਲਫ਼ਜ਼ ਟਿਪੱਨੀ ਜਾਂ colophon ਵਜੋਂ ਲਿਖੇ:-

'ਮਹਲਾ ੮ ਅਠਵੇਂ ਜੀ ਕਾ ਨਕਲ ਹੈ, ਖਾਸ ਕਲਮ ਆਪਣੀ ਹਥੀਂ ਲਿਖਿਆ ਕਰਤੇ ਪੁਰਖੁ।'

ਇਹੋ ਲਫ਼ਜ਼ ਹੂ-ਬ-ਹੂ ਅੰਕ ਵੀ ਤੇ ਅਖਰ ਭੀ)* ਦੁਹਰਾਕੇ ਹੋਰਨਾਂ ਪੁਰਾਤਨ ਬੀੜਾਂ ਵਿਚ ਇਹ ਦੋ ਥਿਤਾਂ ਦਿਤੀਆਂ ਹਨ, ਜਿਸਤੋਂ ਪ੍ਰਤੱਖ ਹੈ ਕਿ ਹੋਰ ਬੀੜਾ ਨੇ ਏਸ ਸੰਮਤ ੧੭੧੮ ਵਾਲੀ ਬੀੜ ਤੋਂ ਹੀ ਇਹ ਲਫ਼ਜ਼ ਨਕਲ ਕੀਤੇ ਕਿਉਂਕਿ ਉਹ ਏਸ ਤੋਂ ਪਿਛੋਂ ਦੀਆਂ ਹੀ ਹੋ ਸਕਦੀਆਂ ਹਨ। ਅਸੀਂ ਉਪਰ ਕਿਹਾ ਹੈ ਕਿ ਇਹ ਬੀੜ ੧੭੧੯ ਵਿਚ ਮੁੱਕੀ, ਸ੍ਰੀ ਹਰਿ ਕ੍ਰਿਸ਼ਨ ਜੀ ਉਸ ਵੇਲੇ ਤਕ ਗੁਰੂ ਬਣ ਚੁਕੇ ਸਨ, ਸੋ ਲਿਖਾਰੀ ਉਹਨਾਂ ਨੂੰ ਮਹਲਾ ਅਠਵਾਂ ਅਤੇ ਕਰਤਾ ਪੁਰਖ ਕਹਿ ਸਕਦਾ ਸੀ।

ਏਸ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਿਆ,

---

*ਇਹ ਟਿਪਣੀ ਦੂਜੀਆਂ ਬੀੜਾਂ ਵਿਚ ਕਿਤੇ ਉਪਰ ਲਿਖੀ ਹੈ ਅਤੇ ਕਦੇ ਇਹਨਾਂ ਦੋ ਥਿਤਾਂ ਤੋਂ ਹੇਠਾ।



Sri Satguru Jagjit Singh Ji Elibrary NamdhariElibrary@gmail.com

ਕਿ ਇਹ ਸੰਮਤ ੧੭੧੯ ਵਾਲੀ ਬੀੜ 'ਆਦਿ-ਬੀੜ' ਤੋਂ ਸਿਧੀ ਨਕਲ ਕੀਤੀ ਗਈ ਹੈ। ਜੇ ਇਹ ਸਿੱਟਾ ਠੀਕ ਹੈ, ਅਤੇ ਹੈ ਠੀਕ, ਤਦ ਅਸੀਂ ਕਹ ਸਕਦੇ ਹਾਂ ਕਿ 'ਆਦਿ-ਬੀੜ' ਦੇ ੬੬੯† ਪਤ੍ਰੇ ਏਸੇ ਸਾਈਜ਼ ਦੇ, ਸਾਢੇ ਤੇਰਾਂ ਇੰਚ ਲੰਬ ਤੇ ਸਾਢੇ ਦਸ ਇੰਚ ਚੌੜੇ ਸਨ; ਹਰ ਸਫ਼ੇ ਪੁਰ ੨੩ ਜਾਂ ੨੪ ਪਾਲ੍ਹਾਂ ਸਨ ਤੇ ਏਸੇ ਤਰ੍ਹਾਂ ਚੌੜੇ ਦਾਉ ਲਿਖੀ ਹੋਈ ਸੀ। ਨਾਲੇ ਉਸ ਦੇ ਪਤ੍ਰੇ ੬੭੦ ਪੁਰ ਮੁਹਰਲੇ ਸਫ਼ੇ ਤੇ 'ਬਸੰਤ ਕੀ ਵਾਰ' ਅਤੇ ਪਿਛਲੇ ਸਫ਼ੇ ਪੁਰ ਚਾਰ ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਚਾਰ ਥਿਤਾਂ ਭਾਈ ਗੁਰਦਾਸ ਦੇ ਹਥੀਂ ਲਿਖੀਆਂ, ਅਤੇ ਪੰਜਵੀਂ ਪਿਛੋਂ ਬਹੁਤ ਕਰਕੇ ਫੇਰ ਭਾਈ ਗੁਰਦਾਸ ਦੇ ਹਥ ਦੀ ਲਿਖੀ ਸੀ। ਇਹਨਾਂ ਥਿਤਾਂ ਦੇ ਪਿਛੋਂ ਛੇਵੀਂ ਤੇ ਸਤਵੀਂ ਤਾਰੀਖ਼ਾਂ ਸ੍ਰੀ ਹਰਿਕ੍ਰਿਸ਼ਨ ਜੀ ਦੀ ਕਲਮ ਦੀਆਂ ਲਿਖੀਆਂ ਮੌਜੂਦ ਸਨ। 'ਮੁੰਦਾਵਣੀ' ਵਾਲਾ ਸ਼ਲੋਕ ਕਬੀਰ ਅਤੇ ਫ਼ਰੀਦ ਦੇ ਸ਼ਲੋਕਾਂ ਤੋਂ ਪਹਿਲੇ ਆਇਆ ਸੀ ਅਤੇ ਭੱਟਾਂ ਦੇ ਸਵੈਯਾਂ ਪੁਰ ਭੋਗ ਪੈ ਜਾਂਦਾ ਸੀ।

ਲਿਖਾਰੀ ਦਾ ਰਾਗਾਂ ਦੇ ਤਤਕਰੇ ਵਿਚ ਗ਼ਲਤੀ ਨਾਲ ਪੱਨਿਆਂ ਦੇ ਅੰਕਾਂ ਦਾ ਨਕਲ ਕਰ ਦੇਣਾ ਸਾਡੇ ਲਈ ਡਾਢਾ ਗੁਣਕਾਰ ਬੈਠਾ ਹੈ। ਅਸੀਂ ਦਸ ਸਕਦੇ ਹਾਂ ਕਿ 'ਆਦਿ-ਬੀੜ' ਵਿਚ ਕਿਹੜਾ ਰਾਗ ਕਿਹੜੇ ਪੱਨੇ ਤੋਂ ਸ਼ੁਰੂ ਹੁੰਦਾ ਸੀ।

ਹਾਂ! ਸੰਮਤ ੧੭੧੯ ਵਾਲੀ ਬੀੜ ਦੇ ਲਿਖਾਰੀ ਨੇ ਹੋਰ ਪ੍ਰਾਚੀਨ ਬੀੜਾਂ ਵਲੋਂ ਵੇਖਕੇ ਕੁਝ ਅਦਲ ਬਦਲ ਅਤੇ

---

†ਜੇ ਪੂਰੀਆਂ ੧੬੮ ਜੁਜ਼ਾਂ ਲਾਈਆਂ ਹੋਣ, ਤਦ ਸਾਰੇ ੬੭੨ ਵਰਕੇ ਹੋਣਗੇ।



Sri Satguru Jagjit Singh Ji Elibrary NamdhariElibrary@gmail.com

ਵਾਧੇ ਕਰ ਦਿਤੇ ਹਨ, ਜਿਨ੍ਹਾਂ ਦਾ ਏਸੇ ਤਰ੍ਹਾਂ 'ਆਦਿ-ਬੀੜ' ਵਿਚ ਹੋਣਾ ਸੰਭਵ ਨਹੀਂ। ਹੁਣ ਏਹਨਾਂ ਪੁਰ ਵਿਚਾਰ ਕਰਦੇ ਹਾਂ।

"ਧੁਨੀਆਂ" ਏਸ ਬੀੜ ਵਿਚ ਕਿਤੇ ਦਿਤੀਆਂ ਹਨ ਤੇ ਕਿਤੇ ਨਹੀਂ। ਆਸ਼ਾ ਦੀ ਵਾਰ ਦੇ ਸਿਰ ਉਪਰ ਇਹ ਲਫ਼ਜ਼ 'ਟੁੰਡੇ ਅਸਰਾਜੇ ਕੀ ਧੁਨੀ ਪਰ ਗਾਵਨਾ।' ਨਹੀਂ ਦਿਤੇ, ਪਰ ਰਾਗ ਗਉੜੀ ਤੇ ਰਾਗ ਸਾਰੰਗ ਦੀਆਂ ਵਾਰਾਂ ਪੁਰ 'ਧੁਨੀਆਂ' ਦਿਤੀਆਂ ਹਨ। ਧੁਨੀਆਂ ਵਿਚ ਵਿਚ ਛੁਟ ਜਾਨ ਦੇ ਅਰਥ ਇਹ ਹਨ, ਕਿ 'ਅਸਲ' ਵਿਚ, ਭਾਵ 'ਆਦਿ-ਬੀੜ' ਵਿਚ, ਇਹ ਧੁਨੀਆ ਦਰੁਸਤੀ ਦੀ ਸ਼ਕਲ ਵਿਚ ਹਾਸ਼ੀਏ ਤੇ ਲਿਖੀਆਂ ਸਨ। ਫੇਰ ਜਿਥੇ ਭੀ ਇਹ ਧੁਨੀਆਂ ਵਾਰਾਂ ਦੇ ਸਿਰਾਂ ਪੁਰ ਦਿਤੀਆਂ ਹਨ, ਓਥੇ ਹੀ ਇਉਂ ਜਾਪਦਾ ਹੈ ਜੋ ਪਿਛੋਂ ਰੁਮਾਲ ਦੀ ਕੰਨੀ ਨਾਲ ਪੂੰਝਣ ਦਾ ਕੁਝ ਜਤਨ ਕੀਤਾ ਹੈ, ਪਰ ਹਰਫ਼ ਮਿਟਾਏ ਨਹੀਂ, ਨਾ ਹੜਤਾਲ ਫੇਰੀ ਹੈ। ਸ਼ਾਇਦ ਲਿਖਾਰੀ ਨੂੰ ਲਿਖਕੇ ਖ਼ਿਆਲ ਆਇਆ ਹੋਵੇ, ਕਿ ਅਸਲ ਵਾਂਗ ਕਿਨਾਰੇ ਪਰ ਲਿਖਣੀਆਂ ਚਾਹੀਦੀਆਂ ਸਨ। ਜਾਂ ਇਹ ਪੂੰਝੇ ਪਿਛੋਂ ਕਿਸੇ ਦੀ ਕਾਰਸਤਾਨੀ ਹਨ, ਜੋ ਆਪਣੇ ਆਪ ਨੂੰ ਪਹਿਲੇ ਲਿਖਾਰੀ ਨਾਲੋਂ ਵਧੀਕ ਸਿਆਣਾ ਸਮਝਦਾ ਸੀ। ਇਹ ਪੂੰਝੇ ਪਏ ਹੋਏ ਵੀ, ਕੁਝ ਧੁਨੀਆਂ ਦੇ ਨਾ ਹੋਣ ਵਾਂਗ 'ਅਸਲ' ਜਾਂ 'ਆਦਿ-ਬੀੜ' ਵਿਚ ਉਹਨਾਂ ਦੇ ਹਾਸ਼ੀਏ ਪੁਰ ਲਿਖੇ ਹੋਣ ਦੀ ਦਲੀਲ ਹਨ, ਜਿਸ ਤੋਂ ਕਿ ਇਹ ੧੭੧੮ ਵਾਲੀ ਬੀੜ ਨਕਲ ਕੀਤੀ ਗਈ। ਇਹ ਚੇਤੇ ਰਹੇ



Sri Satguru Jagjit Singh Ji Elibrary NamdhariElibrary@gmail.com

ਕਿ ਇਹ ਛੇਕੜਲੀ ਬੀੜ ਸੀ ਜੋ ਸਿਧੀ 'ਆਦ-ਬੀੜ' ਤੋਂ ਨਕਲ ਕੀਤੀ ਗਈ।

ਜਿਸ ਵੇਲੇ ਇਹ ਲਿਖੀ ਗਈ, ਉਸ ਵੇਲੇ ਤਕ 'ਬਸੰਤ ਕੀ ਵਾਰ' ਨੂੰ ਗ੍ਰੰਥ ਸਾਹਿਬ ਦੇ ਅੰਦਰ ਰਾਗ ਬਸੰਤ ਹੇਠਾਂ ਆਪਣੀ ਠੀਕ ਥਾਂ ਸਿਰ ਭਗਤ ਬਾਣੀ ਤੋਂ ਪਹਿਲੇ ਲਿਖਣ ਦਾ ਰਵਾਜ ਪੈ ਚੁਕਾ ਸੀ, ਜਿਸਤੇ ਇਸ ਬੀੜ ਦੇ ਲਿਖਾਰੀ ਨੇ ਵੀ 'ਬਸੰਤ ਕੀ ਵਾਰ' ਰਾਗ ਬਸੰਤ ਵਿਚ ਦਰਜ ਕੀਤੀ ਹੈ, ਗ੍ਰੰਥ ਸਾਹਿਬ ਦੇ ਅਖ਼ੀਰ ਪੁਰ ਨਹੀਂ, ਜਿਸ ਤਰ੍ਹਾਂ ਬੂੜੇ ਸੰਧੂ ਵਾਲੀ ਬੀੜ ਵਿਚ ਸੀ, ਜਾਂ ਜਿਸ ਤਰ੍ਹਾਂ ਏਸ ਬੀੜ ਦੇ ਤਤਕਰੇ ਤੋਂ, ਜੋ 'ਆਦਿ-ਬੀੜ' ਵਿਚੋਂ ਨਕਲ ਕੀਤਾ ਗਿਆ ਸੀ, ਦਿਸਦਾ ਹੈ ।

ਏਸੇ ਤਰ੍ਹਾਂ 'ਸੋ ਦਰ' ਵਾਲੇ ਪੰਜ ਸ਼ਬਦਾਂ ਦੇ ਪਿਛੋਂ 'ਸੋ ਪੁਰਖ' ਵਾਲੇ ਚਾਰ ਸ਼ਬਦ ਭੀ ਗਰੰਥ ਸਾਹਿਬ ਦੇ ਅੰਦਰ ਲਿਖੇ ਜਾਣੇ ਸ਼ੁਰੂ ਹੋ ਗਏ ਸਨ, ਸ਼ਾਇਦ ਗੁਰੂ ਹਰ ਗੋਬਿੰਦ ਸਾਹਿਬ ਦੇ ਵੇਲੇ ਤੋਂ, ਉਹਨਾਂ ਦੀ ਆਗਿਆ ਨਾਲ। 'ਨਿਤਨੇਮ' ਵਿਚ ਇਹ ਪੜ੍ਹੇ ਜਾਂਦੇ ਤਾਂ ਗੁਰੂ ਅਰਜਨ ਦੇਵ ਦੇ ਵੇਲੇ ਤੋਂ ਹੀ ਸਨ ।

'ਦੋ ਵਾਧੂ ਸ਼ਬਦ' ਭੀ ਇਸ ਬੀੜ ਵਿਚ ਨਜ਼ਰੀਂ ਪਏ ਹਨ। ਇਕ ਤਾਂ ਰਾਗ ਗਉੜੀ 'ਥਿਤੀ ਕਬੀਰ ਜੀਉ ਕੀ' ਦੇ ਪਿਛੋਂ ਅਤੇ ਸਤ 'ਵਾਰਾਂ' (ਬਾਰ ਬਾਰ ਹਰਿ ਕੇ ਗੁਣ ਗਾਉਂ) ਤੋਂ ਪਹਿਲੇ ਕਬੀਰ ਜੀ ਦੀਆਂ ਇਹ ਦੋ ਸਤਰਾਂ ਦਿਤੀਆਂ ਹਨ:—

ਧੁਰ ਅੰਬਰ ਵਿਚਿ ਬੇਲੜੀ* ਤਿਹ ਲਾਲ ਸੁਹੀਂਦਾ ਫੂਲ ।

---

*ਇਹਨਾਂ ਤੁਕਾਂ ਦਾ ਪਾਠ ਮੈਂ ਕੁਝ ਬਦਲ ਦਿੱਤਾ ਹੈ। ਅਸਲ ਵਿਚ ਓਥੇ ਲਿਖਿਆ ਹੈ : 'ਧਰ ਅੰਬਰ ਵਿਚਿ ਬੇਲੜੀ ਤਿਹ ਲਾਲ ਸੁਗੰਧਾ ਫੂਲ । ਅਖਰ ਓਹ ਲਖਿਓ ਨਹੀਂ ਰੋਜਾ ਧਰੈ ਕਬੂਲ ।' ਬੇਲੜੀ ਤੋਂ ਮਤਲਬ 'ਬ੍ਰਹਮਰੰਧਰ' ਦਾ ਹੈ। ਬੋਲੀ ਕਬੀਰ ਜੀ ਦੀ ਨਹੀਂ ਜਾਪਦੀ ।



Sri Satguru Jagjit Singh Ji Elibrary NamdhariElibrary@gmail.com

ਅਖਰ ਓਹ ਲਖਿਓ ਨਹੀਂ ਰੇ ਜਾ ਪਰੇ ਕਬੂਲ।

ਦੂਜਾ ਇਕ ਪੂਰਾ ਸ਼ਬਦ ਤ੍ਰਿਲੋਚਨ ਜੀ ਦਾ ਹੈ। ਰਾਗ ਗੁਜਰੀ ਵਿਚ ਤ੍ਰਿਲੋਚਨ ਦੇ ਦੋ ਹੀ ਸ਼ਬਦ ਹੋਇਆ ਕਰਦੇ ਹਨ, ਏਥੇ ਤਿੰਨ ਦਿਤੇ ਹਨ, ਵਾਧੂ ਸ਼ਬਦ ਦੂਸਰੇ ਨੰਬਰ ਤੇ ਦਿਤਾ ਹੋਇਆ ਹੈ। ਪਹਿਲੀਆਂ ਦੋ ਸਤਰਾਂ ਉਪਰ ਕਿਸੇ ਨੇ ਪਿਛੋਂ ਸਿਆਹੀ ਫੇਰੀ ਹੋਈ ਹੈ, ਅਤੇ ਬਾਕੀਆਂ ਦੇ ਉਦਾਲੇ ਕਾਪੀਇੰਗ ਪੈਨਸਿਲ ਦੀਆਂ ਲੀਕਾਂ ਵਾਹੀਆਂ ਹਨ। ਜਿਨ੍ਹਾਂ ਦੋਂ ਸਤਰਾਂ ਉਪਰ ਸਿਆਹੀ ਫਿਰੀ ਹੈ, ਉਹ ਚੰਗੀ ਤਰ੍ਹਾਂ ਪੜ੍ਹੀਆਂ ਨਹੀਂ ਜਾ ਸਕਦੀਆਂ, ਬਾਕੀ ਦੀਆਂ ਇਉਂ ਹਨ:—

..............................................................................................................

..........................................................................................................॥੧॥

ਗੋਬਿੰਦ ਗੋਬਿੰਦ ਗੋਬਿੰਦਹ।\
ਗੋਬਿੰਦ ਬਿਨੁ ਮੈਂ ਅਵਰੁ ਨ ਜਾਚਉ,\
ਨਾਮ ਵਖਾਣਉ ਗੋਬਿੰਦ ਕਾ ॥ ੧ ॥ ਰਹਾਉ ॥\
ਗੋਬਿੰਦ ਕੇਰੀ ਮੁਕਤੀ ਦਾਸੀ,\
ਸਨਿਆਸੀ ਸ਼ਿਵ ਰਾਚੀਲੇ।\
ਤਾਚੀ ਦਾਸੀ ਮਹਾ ਅਸ਼ਟ ਸਿਧੀ,\
ਨਾਹੀ ਕਾਜ ਹਮਾ ਤਿਸ ਸੇਤੀ ॥ ੨ ॥\
ਧਾਤਰਬਾਜੀ ਰਸਾ ਉਪਜੀਲੇ,\
ਤਜਿਲੇ ਇਹ ਕੁਬੁਧੀ।\
ਮਨ ਭੀਤਰਿ ਬੀਚਾਰ ਨ ਦੇਖਹਿ,\
ਗੋਬਿੰਦ ਭਗਤ ਭਲੀ ਰਸ ਸੁਧੀ ॥੩॥\
ਗੋਬਿੰਦ ਕੇਰੀ ਬਾਤ ਸੁਣੀਜੈ,\
ਕਹ ਕਿਨਿ ਦੇਖਿਆ ਨੈਣੀ।

†ਦੇਖੋ ਅਗੇ ਜਾਕੇ



Sri Satguru Jagjit Singh Ji Elibrary NamdhariElibrary@gmail.com

ਗੋਬਿੰਦ ਨਾਮ ਚਰਿਤ੍ਰ ਸਦਾ ਹਹਿ,

ਗੋਬਿੰਦ ਸਦਾ ਸੰਤ ਕੀ ਬੇਣੀ ॥੪॥

ਗੋਬਿੰਦ ਕੇਰੀ ਭਾਉ ਭਗਵਤ,

ਮਨ ਮਛਰ ਮਦ ਰਹਤਾ।

ਬਦਤਿ ਤ੍ਰਿਲੋਚਨੁ, ਸੁਨੁ ਰੇ ਪ੍ਰਾਣੀ

ਮਾਗਉ ਜੋ ਸੰਸਾਰਿ ਬਿਰਕਤਾ ॥੫॥੨॥

ਸਿਖਾਂ ਵਿਚ ਰਵਾਇਤ ਹੈ ਕਿ ਕਬੀਰ ਦੀਆਂ ਪਹਿਲੀਆਂ ਦੋ ਪਾਲਾਂ ਜੋ ਅਸਾਂ ਉਪਰ ਦਿਤੀਆਂ ਹਨ ਉਹ ਇਕ ਪੂਰੇ ਸ਼ਬਦ ਵਿਚੋਂ ਹਨ, ਜੋ ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚ ਦਿੱਤਾ ਸੀ। ਕਿਉਂਕਿ ਉਸ ਵਿਚ ਹਠ ਯੋਗ ਦੀ ਸਿਖਿਆ ਦਿਤੀ ਹੈ, ਏਸ ਕਰਕੇ ਗੁਰੂ ਸਾਹਿਬ ਨੇ ਏਸਨੂੰ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਇਆ। ਅਸਲ ਗੱਲ ਇਉਂ ਜਾਪਦੀ ਹੈ ਕਿ ਗੁਰੂ ਸਾਹਿਬ ਨੇ ਫੈਸਲਾ ਕੀਤਾ ਕਿ ਇਹ ਕਬੀਰ ਦਾ ਸ਼ਬਦ ਨਹੀਂ, ਭਾਈ ਗੁਰਦਾਸ ਏਸਨੂੰ ਪੋਥੀ ਤੋਂ ਨਕਲ ਕਰ ਚੁਕੇ ਸਨ, ਸੋ ਉਸ ਪਰ ਹੜਤਾਲ ਫੇਰ ਦਿੱਤੀ ਗਈ। ਪਰ ਦੋ ਪਾਲਾਂ ਕਿਉਂ ਰਹਿਨ ਦਿਤੀਆਂ, ਏਸ ਦੀ ਕੁਝ ਸਮਝ ਨਹੀਂ ਆਉਂਦੀ।

ਤ੍ਰਿਲੋਚਨ ਦਾ ਸ਼ਬਦ ਭੀ ਆਦਿ ਬੀੜ ਵਿਚ ਜ਼ਰੂਰ ਦਿਤਾ ਸੀ। ਬੂੜੇ ਸੰਧੂ ਵਾਲੀ ਬੀੜ ਵਿਚ ਇਹ ਪੂਰਾ ਦਿੱਤਾ ਹੈ। ਪਹਿਲੀਆਂ ਦੋ ਸਤਰਾਂ, ਜੋ ਸੰਮਤ ੧੭੧੮ ਦੀ ਬੀੜ ਵਿਚ ਕਿਸੇ ਨੇ ਸਿਆਹੀ ਨਾਲ ਮਿਟਾ ਦਿਤੀਆਂ ਹਨ, ਉਹ ਬੂੜੇ ਸੰਧੂ ਵਾਲੀ ਬੀੜ ਵਿਚ ਏਸ ਤਰ੍ਹਾਂ ਪੁਰ ਹਨ:-

ਨਵ ਨਿਧ ਪਰਸੀ ਕਾਇਰੋ ਚਿੰਤਾ ਅਚਿੰਤ ਕਲਪ ਤਰੋ।

ਕੋਣ ਪਾਸ ਹਉ ਮਾਂਗਤ ਆਛਉ ਮੇਰ ਪ੍ਰਭੁ ਲਾਜੈ ਲਾਛ ਬਰੋ।੧।

ਹੋਰ ਕੇਹੜੀ ਕੇਹੜੀ ਪ੍ਰਾਚੀਨ ਬੀੜ ਵਿਚ ਇਹ ਸ਼ਬਦ ਦਿਤਾ ਹੈ, ਇਸ ਗਲ ਦਾ ਟਾਕਰਾ ਕਰਨ ਪੁਰ ਹੀ ਪਤਾ ਲਗ ਸਕਦਾ ਹੈ।



Sri Satguru Jagjit Singh Ji Elibrary NamdhariElibrary@gmail.com

ਰਾਗ ਰਾਮਕਲੀ ਵਿਚ ਪੰਜਵੇਂ ਮਹਲੇ ਦਾ ਇਕ 'ਛੰਤ' ਹੈ, ਜਿਸ ਦੀਆਂ ਖ਼ਾਲੀ ਦੋ ਹੀ ਪਾਲਾਂ ਦਿਤੀਆਂ ਹਨ, ਚਾਰ ਪਦ ਹੋਰ ਛੰਦਾਂ ਵਾਂਗ ਹੋਣੇ ਚਾਹੀਦੇ ਸਨ । ਏਸ ਪੂਰੇ ਛੰਤ ਵਾਸਤੇ ਕੋਰੀ ਥਾਂ ਛਡੀ ਹੈ, ਪਿਛੋਂ ਲਿਖਣ ਦਾ ਖ਼ਿਆਲ ਸੀ । 'ਸਭ ਮਹਿ ਰਹਿਆ ਸਮਾਇ ਜੀਉ ॥ ੪ ॥ ੪ ॥' ਦੇ ਪਿਛੋਂ ਏਸ ਛੰਤ ਦੀ ਪਹਿਲੀਆਂ ਦੋ ਪਾਲਾਂ ਇਉਂ ਦਿਤੀਆਂ ਹਨ :—

ਰੁਣ ਝੁੰਝਨੜਾ ਗਾਉ ਸਖੀ ਹਰਿ ਏਕ ਧਿਆਵਹੁ ।
ਸਤਿਗੁਰ ਤੁਮ ਸੇਵ ਸਖੀ ਮਨ ਚਿੰਦਿਅੜਾ ਫਲੁ ਪਾਵਹੁ ॥

ਇਕ ਮੋਟੇ ਅਖਰਾਂ ਦਾ ਛਾਪੇ ਦਾ ਗ੍ਰੰਥ ਸਾਹਿਬ ਵੀ (੧੬੫੦ ਸਫੇ ਵਾਲਾ) ਕਾਨਗੜ੍ਹ ਮੌਜੂਦ ਸੀ, ਉਸ ਨਾਲ ਟਾਕਰਾ ਕੀਤਾ ਗਿਆ, ਉਸ ਵਿਚ ਵੀ ਖ਼ਾਲੀ ਏਹੋ ਦੋ ਤੁਕਾਂ ਸਨ। ਭਾਈ ਹਰਨਾਮ ਸਿੰਘ ਵਾਲੀ ਸਫਰੀ ਜਿਲਦ, ਜੋ ਗੁਰਮਤ ਪ੍ਰੈਸ, ਅੰਮ੍ਰਿਤਸਰ ਵਿਚ ਛਪੀ ਹੋਈ ਹੈ, ਉਸ ਵਿਚ ਇਹੋ ਦੋ ਹੀ ਸਤਰਾਂ ਹਨ। ਮੈਂ ਸੁਣਦਾ ਹਾਂ ਕਿ ਹੋਰ ਛਾਪੇ ਦੇ ਗ੍ਰੰਥ ਸਾਹਿਬਾਂ ਵਿਚ ਵੀ ਦੋ ਹੀ ਸਤਰਾਂ ਹੁੰਦੀਆਂ ਹਨ । ਪਰ ਸੰਮਤ ੧੭੯੬ ਦੀ ਇਕ ਬੀੜ ਵਿਚ ਇਹ ਪੂਰਾ ਛੰਤ ਦਿਤਾ ਹੈ, ਜੋ ਅਸੀਂ ਅਗੇ ਚਲ ਕੇ ਦਿਆਂਗੇ।

**ਸੰਮਤ ੧੭੧੯ ਵਾਲੀ ਬੀੜ ਵਿਚ ਦੋ ਸਤਰਾਂ ਹੀ ਲਿਖ ਕੇ ਬਾਕੀ ੨੨ ਤੁਕਾਂ ਲਈ ਕੋਰੀ ਥਾਂ ਛਡੀ ਹੋਣੀ ਦਸਦੀ ਹੈ ਕਿ 'ਅਸਲ', ਭਾਵ 'ਆਦਿ- ਬੀੜ' ਵਿਚ ਏਥੇ ਹੜਤਾਲ ਫੇਰੀ ਹੋਈ ਸੀ।**

'ਭੋਗ ਦੀ ਬਾਣੀ' ਦੀ ਤਰਤੀਬ ਏਸ ਬੀੜ ਵਿਚ ਏਸ ਤਰ੍ਹਾਂ ਪੁਰ ਹੈ :—

ਸਲੋਕ ਸਹਸਕ੍ਰਿਤੀ ਮਹਲਾ ੧ ॥ ਸਲੋਕ ਸਹਸਕ੍ਰਿਤਿ ਮਹਲਾ ੫ ॥
ਗਾਥਾ ਫੁਨਹੇ ॥ ਚਉਬੋਲੇ ॥



Sri Satguru Jagjit Singh Ji Elibrary NamdhariElibrary@gmail.com

ਸਲੋਕ ਵਾਰਾਂ ਤੇ ਵਧੀਕ ਮਹਲਾ ੧, ਮਹਲਾ ੩, ਮਹਲਾ ੪,
ਤੇ ਮਹਲਾ ੫ ॥

ਮਹਲਾ ੫ ਦੇ ੨੨ ਸਲੋਕ ਏਥੇ ਦਿਤੇ ਹਨ, ਜਿਨ੍ਹਾਂ ਵਿਚੋਂ ਛੇਕੜਲਾ ਬਾਈਵਾਂ ਇਹ ਹੈ :–

ਤੇਰਾ ਕੀਤਾ ਜਾਤੋ ਨਾਹੀ ਮੈਨੂੰ ਜੋਗ ਕੀਤੋਈ ।
ਮੈਂ ਨਿਰਗੁਣਿਆਰੇ ਕੋਇ ਗੁਣ ਨਾਹੀਂ ਆਪੇ ਤਰਸ ਪਿਓਈ ॥
ਤਰਸ ਪਿਆ ਮਿਹਰਮਤ ਹੋਈ ਸਤਿਗੁਰ ਸਜਣ ਮਿਲਿਆ ।
ਨਾਨਕ ਨਾਮ ਮਿਲੈ ਤਾਂ ਜੀਵਾਂ ਤਨ ਮਨ ਥੀਵੈ ਹਰਿਆ ॥੨੨॥*

ਦੋ ਉਂਗਲਾਂ ਦੀ ਵਿਥ ਜਾਂ ਕੋਰੀ ਥਾਂ ਛਡ ਕੇ ਫੇਰ ਲਿਖਿਆ ਹੈ :–

ੴ ਸਤਿਗੁਰ ਪ੍ਰਸਾਦਿ ॥
ਮੁੰਦਾਵਣੀ ਮਹਲਾ ੫ ॥

ਥਾਲ ਵਿਚ ਤਿਨ ਵਸਤੂ ਪਈਓ ਸਤ ਸੰਤੋਖ ਵੀਚਾਰੋ ।
ਅੰਮ੍ਰਿਤ ਨਾਮ ਠਾਕੁਰ ਕਾ ਪਇਓ ਜਿਸਕਾ ਸਭਸ ਅਧਾਰੋ ।
ਜੋ ਕੋਇ ਖਾਵੈ ਜੋ ਕੋਈ ਭੁੰਚੈ ਤਿਸ ਕਾ ਹੋਇ ਉਧਾਰੋ ।
ਇਹ ਵਸਤ ਤਜੀ ਨਹੀਂ ਜਾਈ ਨਿਤ ਨਿਤ ਰਖ ਉਰਿ ਧਾਰੋ ।
ਤਮ ਸੰਸਾਰ ਚਰਣ ਲਗ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

ਇਸ ਤੋਂ ਪਿਛੋ ਹੋਰ ਥੋੜੀ ਕੋਰੀ ਥਾਂ ਛਡ ਕੇ ਭਗਤ ਬਾਣੀ ਦਿੱਤੀ ਹੈ; ਅਰਥਾਤ ਕਬੀਰ ਜੀ ਦੇ ਸ਼ਲੋਕ (੨੪੩): ਅਤੇ ਸ਼ੇਖ ਫ਼ਰੀਦ ਦੇ ਸਲੋਕ (੧੩੦)॥ ਇਸ ਭਗਤ ਬਾਣੀ ਤੋਂ ਪਿਛੋਂ ਫੇਰ ਆਉਂਦੇ ਹਨ :–

ਸਵੈਯੇ ਸ੍ਰੀ ਮੁਖਵਾਕ ਮਹਲਾ ੫ ॥ (੯+੧੧=੨੦)॥
ਸਵੈਯੇ ਭਟਾਂ ਕੇ, ਮਹਲੇ ਪਹਿਲੇ ਕੇ, ਮਹਲੇ ੨ ਕੇ, ਮਹਲੇ ੩ ਕੇ, ਮਹਲੇ ੪ ਕੇ, ਅਤੇ ਮਹਲੇ ਪੰਜਵੇਂ ਕੇ ॥

'ਭੋਗ ਦੀ ਬਾਣੀ' ਦੀ ਠੀਕ ਇਹੋ ਤਰਤੀਬ ਬੂੜੇ ਸੰਧੂ ਵਾਲੀ ਬੀੜ ਦੀ ਹੈ। ਇਹ ਸਭ ਬਾਣੀ ਪਤਰੇ ੬੭੯ ਤੁਕ ਮੁਕ ਜਾਂਦੀ ਹੈ, ਖ਼ਾਲੀ

---

*ਇਸ ਤੋਂ ਬਿਨਾ ਭੀ ਛਪੇ ਗ੍ਰੰਥਾਂ ਵਿਚ ੨੨ ਸਲੋਕ ਹਨ ਪਰ ਲਿਖਤ ਦੀਆਂ ਕੁਝ ਬੀੜਾਂ ਵਿਚ ੨੧। ਸੋ ਇਕ ਸਲੋਕ ਇਸ ਬੀੜ ਵਿਚ ਨਹੀਂ ਜੋ ਛਪੀਆਂ ਵਿਚ ਹੈ।



Sri Satguru Jagjit Singh Ji Elibrary NamdhariElibrary@gmail.com

ਫੇਕੜਲੀਆਂ ਤਿੰਨ ਸਤਰਾਂ 'ਸਵੈਯੇ ਮਹਲੇ ਪੰਜਵੇਂ ਕੇ' ਦੀਆਂ ੬੯੦ਵੇਂ ਵਰਕੇ ਦੇ ਸਿਰ ਪੁਰ ਜਾਂਦੀਆਂ ਹਨ। ਏਥੇ ਭੋਗ ਦੀ ਬਾਣੀ ਤੇ ਉਸ ਦੇ ਨਾਲ ਗ੍ਰੰਥ ਸਾਹਿਬ ਮੁਕ ਜਾਂਦਾ ਹੈ। ਕੋਈ ਮੁੰਦਾਵਣੀ ਏਥੇ ਨਹੀਂ ਹੈ।

ਇਹ ੬੭੯ ਪਤ੍ਰੇ ਅਤੇ ਤਿੰਨ ਪਾਲਾਂ ਪਤ੍ਰੇ ੬੮੦ ਦੇ ਸਿਰ ਉਪਰ ਇਕੋ ਹਥ ਦੀ ਲਿਖਤ ਹਨ।

ਪ੍ਰਤਖ ਹੈ ਕਿ ਸਲੋਕ 'ਤੇਰਾ ਕੀਤਾ ਜਾਤੋ ਨਾਹੀ', ਵਾਰਾਂ ਤੋਂ ਬਚ ਜਾਏ ਮਾਮੂਲੀ ਪਰਚੂਨ ਸਲੋਕਾਂ ਵਿਚੋਂ ਇਕ ਹੈ, ਅਤੇ ਖ਼ਾਸ ਤੌਰ ਪੁਰ ਗ੍ਰੰਥ ਸਾਹਿਬ ਦੇ ਅਖ਼ੀਰ ਮੁਹਰ ਵਜੋਂ ਨਹੀਂ ਰਚਿਆ ਗਿਆ ਸੀ। ਏਸੇ ਤਰ੍ਹਾਂ ਮੁੰਦਾਵਣੀ ਵਾਲਾ ਸ਼ਲੋਕ 'ਥਾਲ ਵਿਚ ...ਨ੍ਹਹਮ ਪਸਾਰੋ॥੧॥' ਖ਼ਾਸ ਤਰ੍ਹਾਂ ਦੀ ਇਕ ਰਚਨਾ ਸੀ, ਅਤੇ ਹੋਰ ਖ਼ਾਸ ਤਰ੍ਹਾਂ ਦੀਆਂ ਰਚਨਾਆਂ ਵਾਂਗ ਜੋ ਗ੍ਰੰਥ ਸਾਹਿਬ ਦੇ ਅੰਦਰ ਦਰਜ ਹਨ, ਇਹ ਭੀ ਗੁਰਬਾਣੀ ਦੇ ਅੰਤ ਤੇ ਅਤੇ ਭਗਤ ਬਾਣੀ ਤੋਂ ਪਹਿਲੇ ਦਿੱਤੀ ਹੈ। ਇਹ ਤਰਤੀਬ, ਬਧੇ ਤੇ ਵਰਤੇ ਨਿਯਮਾਂ ਅਨੁਸਾਰ ਹੈ। ਨਾਲੇ 'ਮੁੰਦਾਵਣੀ' ਮੂੰਦਣ ਜਾਂ ਢੱਕਨ ਵਾਸਤੇ ਨਹੀਂ, ਸਗੋਂ ਜੰਜ ਦੀ ਬੱਧੀ ਜਾਂ ਮੂੰਦੀ ਹੋਣੀ ਥਾਲੀ ਨੂੰ ਖੋਲ੍ਹਣ ਵਾਸਤੇ ਹੈ। ਇਹ ਮੁੰਦਾਵਣੀ ਭੀ ਗ੍ਰੰਥ ਸਾਹਿਬ ਦੀ ਬੀੜ ਲਿਖੀ ਜਾਣ ਦੇ ਪਿਛੋਂ ਖ਼ਾਸ ਤੌਰ ਪੁਰ ਉਸ ਉਪਰ ਮੋਹਰ ਲਾਣ ਲਈ ਨਹੀਂ ਸੀ ਰਚੀ ਗਈ। ਸਗੋਂ ਪਹਿਲੇ ਹੀ ਰਚੀ ਰਚਾਈ* ਮੌਜੂਦ ਸੀ, ਅਤੇ ਆਪਣੇ ਠੀਕ ਦਾਂ ਸਿਰ

*ਗੁਰੂ ਅਰਜਨ ਦੇਵ ਨੇ ਆਪਣੇ ਵਿਆਹ ਪੁਰ ਆਪਣੀ ਜੰਜ ਦੀ ਬਧੀ ਥਾਲੀ ਖੋਲ੍ਹਨ ਲਈ ਰਚੀ ਸੀ। 'ਵਸਤ' ਜਾਂ 'ਵਸਤੂ' ਆਮ ਪੁਰਾਣੇ ਪੰਜਾਬੀ ਮੁਹਾਵਰੇ ਵਿਚ 'ਮਠਿਆਈਆਂ' ਨੂੰ ਆਖਦੇ ਸਨ।



Sri Satguru Jagjit Singh Ji Elibrary NamdhariElibrary@gmail.com

'ਭੋਗ ਦੀ ਬਾਣੀ' ਵਿਚ ਦਿੱਤੀ ਗਈ ਸੀ। ਇਹ ਦੋਵੇਂ ਸਲੋਕ, ਜਿਨ੍ਹਾਂ ਨੂੰ ਮਿਲਾਕੇ ਅਜ ਕਲ ਮੁੰਦਾਵਣੀ ਆਖਦੇ ਹਨ, ਗ੍ਰੰਥ ਸਾਹਿਬ ਦੇ ਅਖ਼ੀਰ ਤੇ 'ਆਦਿ-ਬੀੜ' ਵਿਚ ਕਦਾਚਿਤ ਨਹੀਂ ਸੀ ਦਿਤੇ ਗਏ, ਅਤੇ ਨਾ ਭੱਟਾਂ ਦੇ ਸਵੈਯਾਂ ਦੇ ਪਿਛੋਂ ਕੁਝ ਸੀ। ਗ੍ਰੰਥ ਸਾਹਿਬ ਦਾ ਅੰਤ ਭੱਟਾਂ ਦੇ ਸਵੈਯਾਂ ਪੁਰ ਹੁੰਦਾ ਸੀ।

ਜਿਸ ਤਰ੍ਹਾਂ ਉਪਰ ਕਿਹਾ ਹੈ, ਪਤ੍ਰੇ ੬੯੦ ਦੇ ਮਥੇ ਉਤੇ ਤਿੰਨ ਸਤਰਾਂ ਸਵੈਯਾਂ ਦੀਆਂ, 'ਜਸੁ.....ਗੁਰੂ ਅਰਜਨ ਕਉ ਦੇ ਆਇਆਉ', ਲਿਖੀਆਂ ਸਨ, ਬਾਕੀ ਸਾਰਾ ਪਤ੍ਰਾ ਕੋਰਾ ਸੀ। ਉਸ ਤੋਂ ਅਗੇ ਪਤ੍ਰਾ ੬੯੧ ਵੀ ਸਾਰਾ ਕੋਰਾ ਪਿਆ ਸੀ। ਪਤ੍ਰੇ ੬੯੨ ਦੇ ਇਕ ਸਫੇ ਪੁਰ 'ਚਲਿਤ੍ਰ ਜੋਤਿ ਜੋਤ ਸਮਾਵਣੇ ਕੇ' ਗ੍ਰੰਥ ਸਾਹਿਬ ਦੇ ਲਿਖਾਰੀ ਦੇ ਹਥ ਦੇ ਲਿਖੇ ਸਨ, ਏਸਦਾ ਦੂਜਾ ਸਫਾ ਅਤੇ ਅਗਲਾ ਪਤ੍ਰਾ ੬੯੩ ਫੇਰ ਕੋਰੇ ਸਨ। ਇਕ ਹੋਰ ਕੋਰਾ ਪਤ੍ਰਾ ਬਿਨਾਂ ਅੰਕ ਦਿਤੇ ਵੀ ਜ਼ਰੂਰ ਹੁੰਦਾ ਹੋਵੇਗਾ। ਸੰਮਤ ੧੭੩੨ ਤੋਂ ਪਿਛੋਂ ਇਕ ਹੋਰ ਲਿਖਾਰੀ ਆਇਆ, ਏਸ ਨੇ ਥਿਤਾਂ ਵਾਲਾ ਪਤ੍ਰਾ ੬੯੨ ਵਿਚੋਂ ਕਢਕੇ ਉਸਦੀ ਥਾਂ ਚਾਰ ਪਤ੍ਰੇ ਨਵੇਂ ਬਾਹਰੋਂ ਪਾ ਕੇ, ਪਤ੍ਰੇ ੬੯੦ ਦੇ ਮਥੇ ਤੋਂ ਪਹਿਲੀਆਂ ਲਿਖੀਆਂ ਤਿੰਨ ਸਤਰਾਂ ਦੇ ਹੇਠਾਂ ਨਵੀਂ ਬਾਣੀ ਲਿਖਣੀ ਸ਼ੁਰੂ ਕੀਤੀ ਅਤੇ ਪੁਰਾਣੇ ਪਤ੍ਰੇ ੬੯੩ ਦੇ ਪਹਿਲੇ ਸਫੇ ਤਕ ਲਿਖਦਾ ਚਲਾ ਗਿਆ। ਅਤੇ ਉਸਤੋਂ ਪਿਛੋਂ ਅਸਲੀ ਲਿਖਾਰੀ ਦਾ ਲਿਖਿਆ ਹੋਇਆ ੬੯੨ਵਾਂ ਪਤ੍ਰਾ, ਜਿਸ ਪੁਰ ਥਿਤਾਂ ਲਿਖੀਆਂ ਹਨ, ਵਿਚ ਲਗਾ ਦਿੱਤਾ।

ਪਿਛੋਂ ਘਤੀ ਬਾਣੀ ਵਿਚ ਪਹਿਲੇ ਤਾਂ ਨਾਵੇਂ ਗੁਰੂ ਦੀ ਸਾਰੀ ਬਾਣੀ ਦਿੱਤੀ ਹੈ, ਤਰਤੀਬ ਵਾਰ ਰਾਗਾਂ ਵਿਚ ਵੰਡੀ ਹੋਈ, ੫੯ ਸ਼ਬਦ ਅਤੇ ੫੭ ਸ਼ਲੋਕ। ਇਹ ਬਾਣੀ ਸਾਰੀ ਦੀ ਸਾਰੀ ਇਕ ਥਾਂ ਦਿੱਤੀ ਹੈ, ਕਿਉਂ ਜੋ ਬੀੜ ਪਹਿਲੇ ਗੁਰੂ ਹਰਿ ਰਾਇ ਤੇ ਗੁਰੂ ਹਰਿ ਕ੍ਰਿਸ਼ਨ ਦੇ ਵੇਲੇ



Sri Satguru Jagjit Singh Ji Elibrary NamdhariElibrary@gmail.com

ਤਯਾਰ ਹੋ ਚੁਕੀ ਹੋਈ ਸੀ। ਇਹੋ ਢੰਗ ਇਸ ਬਾਣੀ ਨੂੰ ਇਕ ਥ ਦੇਣ ਦਾ ਹੋਰ ਬੀੜਾਂ ਵਿਚ ਵੀ ਵਰਤਿਆ ਹੈ। ਇਹ ਬਾਣੀ ਪਹਿਲ ਵਾਰ ਸੰਮਤ ੧੭੩੨ ਅਗਹਨ ਵਦੀ ੭ ਨੂੰ ਮੁਕੇ ਗਰੰਥ ਸਾਹਿਬ ਵਿਚ ਦਿੱਤੀ ਗਈ ਸੀ, ਗੁਰੂ ਸਾਹਿਬ ਦੀ ਸ਼ਹਾਦਤ ਤੋਂ ਕੋਈ ੧੬ ਦਿਨ ਪਿਛੋਂ। ਏਸ ਵਿਚ ਪਾਤਸ਼ਾਹੀ ੧੦ ਦਾ ਦੁਹਰਾ 'ਬਲ ਹੁਓ ਬੰਧਨ ਛੁਟੇ ਸਭ ਕੁਛ ਹੋਤ ਉਪਾਇ' ਪਾਤਸ਼ਾਹੀ ਦਸਵੀਂ ਦੇ ਨਾਮ ਪੁਰ ਆ ਗਿਆ ਹੈ। ਏਸ ਬੀੜ ਵਿਚ ਇਹ ਦੁਹਰਾ ਤਾਂ ਹੈ, ਪਰ ਨਾਲ, 'ਪਾਤਸ਼ਾਹੀ ੧੦' ਨਹੀਂ ਲਿਖਿਆ ਪਰ ਇੰਚ ਸਵਾ ਇੰਚ ਕੋਰੀ ਥਾਂ ਛੱਡੀ ਹੈ, ਜਿਸ ਤਰ੍ਹਾਂ ਏਸ ਨਵੇਂ ਲਿਖਾਰੀ ਦੇ ਮਨ ਵਿਚ ਭਰਮ ਹੁੰਦਾ ਹੈ ਕਿ ਇਹ 'ਪਾਤਸ਼ਾਹੀ ੧੦' ਦਾ ਦੁਹਰਾ ਹੈ ਵੀ ਕਿ ਨਹੀਂ।

ਨਾਵੇਂ ਮਹਿਲੀ ਦੀ ਬਾਣੀ ਦੇ ਪਿਛੋਂ ਏਸ ਨਵੇਂ ਲਿਖਾਰੀ ਨੇ 'ਮੁੰਦਾਵਣੀ' ਦਾ ਸਿਰਨਾਵਾਂ ਦੇਕੇ ਮਾਮੂਲੀ ਦੋਵੇਂ ਸਲੋਕ ਇਥੇ ਦੁਹਰਾਏ ਹਨ। ਮੁੰਦਾਵਣੀ ਦੇ ਪਿਛੋਂ ਉਸਨੇ ਰਾਗਮਾਲਾ ਭੀ ਨਕਲ ਕੀਤੀ ਹੈ, ਅਤੇ ਏਸ ਰਾਗ ਮਾਲਾ ਪੁਰ ਆਪਣੀ ਪਿਛੋਂ ਘੱਤੀ ਬਾਣੀ ਮੁਕਾਈ ਹੈ। ਹੋਰ ਬੀੜਾਂ ਨਾਲ ਮੁਕਾਬਲਾ ਕਰਕੇ ਅਸੀਂ ਇਹ ਦਸ ਸਕਾਂਗੇ ਕਿ ਸੰਮਤ ੧੭੩੨ ਦੇ ਪਿਛੋਂ ਇਹ ਦੂਜਾ ਲਿਖਾਰੀ ਕਦ ਹੋਇਆ, ਜਿਸ ਨੇ ਇਹ ਬਾਣੀ ਵਧਾਈ।

# ੧੧. ਬੀੜ ਸੰਮਤ ੧੭੯੬

## ਮਿਤਿ ਅਗਹਨ ਸੁਦੀ ੧੩ ॥

ਇਹ ਬੀੜ ਗੁਰੂ ਗੋਬਿੰਦ ਸਿੰਘ ਤੋਂ ਇੱਕੀ ਵਰ੍ਹੇ ਪਿਛੋਂ ਦੀ ਬਣ ਹੈ। ਸਾਨੂੰ ਇਕ ਮਿਤ੍ਰ* ਤੋਂ ਮਿਲੀ ਹੈ, ਜਿਨ੍ਹਾਂ ਦੇ ਪਿਤਾ ਸਤਵੰਜਾ ਦੇ

*ਡਾਕ ਚੋਧਰੀ ਮੋਲਾ ਰਾਮ, ਰੀ ਡ ਸਿਵਲ ਸਰਜਨ ਮਾਡਲ ਟਾਊਨ।



Sri Satguru Jagjit Singh Ji Elibrary NamdhariElibrary@gmail.com

ਗ਼ਦਰ ਵੇਲੇ ਏਸਨੂੰ ਪਟਨੇ ਤੋਂ ਲੁਟ ਵਿਚ ਲਿਆਏ ਸਨ। ਪਤਲੇ ਦੇਸੀ ਕਾਗਜ਼ ਦੇ ੩੨ x ੨੦ ਦੇ ਤਾਉ ਦੇ ਅਠ ਵਰਕੇ ਕਰ ਕੇ ੧੦ x ੮ (ਲਿਖਿਆ ਹੋਇਆ ਭਾਗ ੮ x ੫॥) ਦੇ ੭੬੮ ਪਤ੍ਰੇ ਕੁਲ ਹਨ, ਤਤਕਰਿਆਂ ਸਮੇਤ। ਤਤਕਰਿਆਂ ਲਈ ਚਾਲੀ ਪਤ੍ਰੇ ਰਖੇ ਸਨ, ਪਰ ਉਹ ੩੩ ਪਤ੍ਰਿਆਂ ਪੁਰ ਹੀ ਮੁੱਕ ਗਏ; ਬਾਕੀ ਕੋਰੇ ਪਏ ਹਨ। ਇੰਚ ਵਿਚ ਤਿੰਨ ਪਾਲਾਂ ਤੇ ਸਫੇ ਉਤੇ ੨੫ ਹਨ। ਲਿਖਾਈ ਬਰੀਕ ਤੇ ਸੋਹਣੀ ਹੈ। ਅਤੇ ਸਾਹੀ ਇਕ ਹਥ ਦੀ ਹੈ। ਤਤਕਰੇ ਵਿਚ ਸ਼ਬਦਾਂ ਦੇ ਮੁਕਾਬਲੇ ਪੁਰ ਪਤ੍ਰਿਆਂ ਦੇ ਅੰਕ ਸਭ ਥਾਈਂ ਨਹੀਂ ਦਿਤੇ।

'ਜਪੁ' ਬਾਬਤ ਇਉਂ ਲਿਖਿਆ ਹੈ:—'ਜਪ ਗੁਰੂ ਰਾਮਦਾਸ ਜੀਉ ਕਿਆਂ ਦਸਖਤਾਂ ਕਾ ਨਕਲ ਥਾ, ਤਿਸ ਕਾ ਨਕਲ, ਨਕਲ ਕਾ ਨਕਲ, ਕਾ ਨਕਲ। ਮਤਲਬ ਹੋਇਆ ਕਿ ਇਹ ਬੀੜ, ਪਹਿਲੀ 'ਆਦਿ-ਬੀੜ' ਤੋਂ ਭਾਈ ਬਨੋ ਦੀ ਬੀੜ ਦੀ ਰਾਹੀਂ ਛੇਵੇਂ ਥਾਂ ਨਕਲ ਸੀ। ਮੀਰਾ ਬਾਈ ਦਾ ੧ ਸ਼ਬਦ ਅਤੇ ਸੂਰਦਾਸ ਦੇ ਦੋਵੇਂ ਸ਼ਬਦ ਦਿਤੇ ਹਨ। ਸੂਰਦਾਸ ਦੇ ਪਹਿਲੇ ਸ਼ਬਦ (ਛਾਡਿ ਮਨੁ ਹਰ ਬੇਮੁਖਨ ਕੋ ਸੰਗ) ਨੂੰ ਉਪਰਲੇ ਪਰਮਾਨੰਦ ਦੇ ਸ਼ਬਦ ਨਾਲ ਹੀ ਰਲਾਕੇ ਲਿਖਿਆ ਅਤੇ ਉਸਦੇ ਨਾਲ ਹੀ ਗਿਣਿਆ ਹੈ। ਸੂਰਦਾਸ ਦੇ ਦੂਜੇ ਸ਼ਬਦ ਦੇ ਉਪਰ ਇਹ ਸਿਰਨਾਵਾਂ ਦਿਤਾ ਹੈ:—

"੧ ਓ ਸਤਿਗੁਰ ਪ੍ਰਸਾਦਿ॥ ਸਾਰੰਗ ਮ: ੫॥ ਸੂਰਦਾਸ।"

'ਮਹਲਾ ੫' ਦੇ ਲਫਜ਼ ਭੁਲ ਨਾਲ ਨਕਲ ਹੁੰਦੇ ਚਲੇ ਆਏ ਹਨ। ਸ਼ਬਦ ਸੂਰਦਾਸ ਦਾ ਹੀ ਹੈ, ਬੋਲੀ ਤੇ ਮੁਹਾਵਰਾ ਉਸਦਾ ਹੈ, ਛਾਪ ਵੀ ਸੂਰਦਾਸ ਦੀ ਹੈ।

ਬੀੜ ਲਿਖਨ ਦਾ ਸੰਮਤ ਦੇਂਦਿਆਂ ਇਹ ਲਫਜ਼ ਨਹੀਂ ਦੁਹਰਾਏ:—

'ਪੋਥੀ ਲਿਖਿ ਪਹੁਚੇ'। ਲਿਖਾਰੀ ਇਹਨਾਂ ਦਾ ਮਤਲਬ ਚੰਗੀ ਤਰ੍ਹਾਂ ਸਮਝਦਾ ਸੀ।



Sri Satguru Jagjit Singh Ji Elibrary NamdhariElibrary@gmail.com

ਏਸੇ ਤਰ੍ਹਾਂ 'ਜਪੁ' ਦੀ ਪ੍ਰਤੀਕ ਦੇਂਦੇ ਅਗੇ ਲਫ਼ਜ਼ 'ਨੀਸ਼ਾਣ' ਨਹੀਂ ਦਿੱਤਾ, ਕਿਉਂ ਜੋ ਲਿਖਾਰੀ ਸਮਝਦਾ ਸੀ ਕਿ 'ਨੀਸ਼ਾਣ' ਕਿਸ ਨੂੰ ਆਖਦੇ ਹਨ ਅਤੇ ਏਥੇ 'ਨੀਸ਼ਾਣ' ਕੋਈ ਹੈ ਨਹੀਂ ਸੀ ਤੇ ਨਾ ਹੋ ਸਕਦਾ ਸੀ। ਆਦਮੀ ਸਿਆਣਾ ਮਾਲੂਮ ਦੇਂਦਾ ਹੈ।

'ਸੋ ਪੁਰਖ' ਵਾਲੇ ਚਾਰ ਸ਼ਬਦ ਨਿਤਨੇਮ ਵਾਲੀ ਬਾਣੀ ਵਿਚ ਨਹੀਂ ਦਿਤੇ। ਕੀਰਤਨ ਸੋਹਿਲਾ ਦੇ ਪੰਜ ਸ਼ਬਦ ਹਨ।

'ਚਲਿਤ੍ਰ ਜੋਤੀ ਜੋਤ ਸਮਾਵਨ ਕੇ' ਖ਼ਾਲੀ ਨਾਵੀਂ ਪਾਤਸ਼ਾਹੀ ਤਕ ਦਿਤੇ ਹਨ, ਦਸਵੇਂ ਗੁਰੂ ਦੀ ਥਿੱਤ ਨਹੀਂ ਦਿੱਤੀ। ਲਿਖਾਰੀ ਨੂੰ ਮਾਲੂਮ ਨਹੀਂ ਸੀ। ਅਤੇ ਜਿਸ ਬੀੜ ਤੋਂ ਉਤਾਰਾ ਕੀਤਾ ਸੀ, ਉਹ ਸੰਮਤ ੧੭੬੫ ਤੋਂ ਪਹਿਲੇ ਦੀ ਬਣੀ ਹੋਈ ਸੀ। ਬਾਬਾ ਗੁਰਦਿਤਾ ਅਤੇ ਛੇਵੀਂ ਪਾਤਸ਼ਾਹੀ ਦੀਆਂ ਥਿਤਾਂ ਉਹਨਾਂ ਹੀ ਲਫ਼ਜ਼ਾਂ ਵਿਚ ਦਿਤੀਆਂ ਹਨ ਜਿਨ੍ਹਾਂ ਵਿਚ ਕਿ ਇਹ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਹਥੀਂ 'ਆਦਿ-ਬੀੜ' ਵਿਚ ਲਿਖੀਆਂ ਗਈਆਂ, ਖ਼ਾਲੀ ਏਤਨੇ ਫ਼ਰਕ ਨਾਲ ਕਿ 'ਸ੍ਰੀ ਗੁਰੂ ਬਾਬਾ ਜੀ ਸਮਾਣੇ' ਦੀ ਥਾਂ 'ਸ੍ਰੀ ਗੁਰਦਿੱਤਾ ਬਾਬਾ ਜੀ ਸਮਾਣੇ' ਲਿਖਿਆ ਹੋਇਆ ਹੈ, ਜੋ ਸਹੀ ਗਲ ਹੈ। ਪਰ ਇਹਨਾਂ ਦੋ ਥਿਤਾਂ ਦੇ ਨਾਲ ਉਹ Colophon ਜਾਂ ਟਿੱਪਣੀ ਨਹੀਂ ਦੁਹਰਾਈ, ਜਿਸ ਵਿਚ ਲਿਖਿਆ ਹੈ ਕਿ ਇਹ ਦੋ ਥਿਤਾਂ ਸ੍ਰੀ ਹਰਿ ਕ੍ਰਿਸ਼ਣ ਜੀ ਦੀਆਂ ਚੜ੍ਹਾਈਆਂ ਹੋਈਆਂ ਹਨ। ਸਾਹਮਣੇ ਪਈ ਬੀੜ ਵਿਚ, ਜਿਸ ਤੋਂ ਨਕਲ ਕਰ ਰਿਹਾ ਸੀ, ਨਹੀਂ ਹੋਣੀਆਂ। ਉਹ ਸਾਹਮਣੇ ਪਈ ਬੀੜ ਅਸਲ ਵਿਚ ਸੰਮਤ ੧੭੧੮ ਅਤੇ ਸੰਮਤ ੧੭੬੫ ਵਿਚਾਲੇ ਦੀ ਲਿਖੀ ਹੋਈ ਸੀ।

ਨੌਂ 'ਵਾਰਾਂ' ਦੇ ਸਿਰ ਉਪਰ ਸਭ ਥਾਂ 'ਧੁਨੀਆਂ' ਦਿੱਤੀ ਹਨ। ਨਾਵੇਂ ਮਹਲ ਦੇ ਸ਼ਬਦ ਵੰਡਕੇ 'ਰਾਗਾਂ' ਹੇਠਾਂ ਆਪਣੇ ਥਾਂ ਸਿਰ ਦਿਤੇ ਹਨ। ਰਾਗ ਜੈਜਾਵੰਤੀ ਦੇ ਚਾਰ ਸ਼ਬਦ ਰਾਗ ਜੈਤਸਰੀ ਦੇ ਪਿਛੇ ਆਏ ਹਨ, 'ਰਾਗਾਂ' ਦੇ ਅਖੀਰ ਜੈਜਾਵੰਤੀ ਨੂੰ ੩੧ਵਾਂ ਰਾਗ ਬਣਾਕੇ ਨਹੀਂ। ਪਰ ਨਾਵੀਂ ਪਾਤਸ਼ਾਹੀ ਦੇ ਸਲੋਕ (੫੬ ਦਸਵੇਂ ਪਾਤਸ਼ਾਹ ਦੇ ਦੁਹਰੇ



Sri Satguru Jagjit Singh Ji Elibrary NamdhariElibrary@gmail.com

ਸਮੇਤ, ਜਿਥੇ ਸਾਫ਼ 'ਪਾਤਸ਼ਾਹੀ ੧੦' ਲਿਖਿਆ ਹੈ) 'ਸਲੋਕ ਵਾਰਾਂ ਤੇ ਵਧੀਕ' ਨਾਲ ਨਹੀਂ ਦਿਤੇ, ਸਗੋਂ 'ਮੁੰਦ੍ਹਾਵਣੀ' ਦੇ ਪਿਛੋਂ ਸਲੋਕ 'ਜਿ ਤ ਦਰ ਲਖ ਮੁਹਮਦਾ' ਅਤੇ ਸਲੋਕ 'ਬਾਇ ਆਤਸ਼ ਆਬ' ਲਿਖਕੇ ਇਹਨਾਂ ਦੋਹਾਂ ਦੇ ਵੀ ਪਿਛੋਂ ਆਏ ਹਨ । ਇਹਨਾਂ ਦਾ ਛੇਕੜਲਾ ਸਲੋਕ ਇਸ ਤਰ੍ਹਾਂ ਪੁਰ ਹੈ:-

ਬੰਧ ਸਖਾ ਸਭੁ ਤਜ ਗਏ ਦੀਓ ਨ ਕਾਹੂ ਸਾਥ।
ਕਹੁ ਨਾਨਕ ਇਹ ਬਿਪਤ ਮਹਿ ਏਕ ਓਟ ਰਘੁਨਾਥ ॥ ੫੬ ॥

ਪਿਛਲੇ ਅਠ ਦਸ ਸਲੋਕ ਪੜ੍ਹਕੇ ਵੇਖੇ, ਉਹਨਾਂ ਵਿਚ 'ਰਹਿਓ ਗੁਰੂ ਗੋਬਿੰਦ' ਵਾਲਾ ਸਲੋਕ ਨਹੀਂ ਦਿੱਤਾ, ਸ਼ਾਇਦ ਇਹੋ ਹੀ ਰਹਿ ਗਿਆ ਹੈ ।

ਰਾਗ ਗੁਜਰੀ ਹੇਠਾਂ ਤ੍ਰਿਲੋਚਨ ਦੇ ਦੋ ਹੀ ਸ਼ਬਦ ਹਨ, ਤੀਸਰਾ ਨਹੀਂ, ਜੋ ਸੰਮਤ ੧੭੧੮ ਦੀ ਬੀੜ ਵਿਚ ਹੈ (ਗੋਬਿੰਦ ਗੋਬਿੰਦ ਗੋਬਿੰਦਹ ਵਾਲਾ)। ਕਬੀਰ ਜੀ ਦੇ ਇਕ ਸ਼ਬਦ ਦੀਆਂ (ਪਹਿਲੀ ਤੇ ਆਖ਼ੀਰਲੀ) ਦੋ ਤੁਕਾਂ, ਜੋ ਉਪਰ ਸਫ਼ੇ ੧੯੯ ਪੁਰ ਦਿਤੀਆਂ ਹਨ, ਏਸ ਬੀੜ ਵਿਚ ਨਹੀਂ। ਨਿਸਚਿਤ ਗਲ ਤਾਂ ਬਹੁਤੀਆਂ ਬੀੜਾਂ ਦਾ ਟਾਕਰਾ ਕਰਕੇ ਹੀ ਕਹੀ ਜਾ ਸਕਦੀ ਹੈ, ਪਰ ਕਿਆਸ ਹੁੰਦਾ ਹੈ ਕਿ ਇਹ ਦੋਵੇਂ ਸ਼ਬਦ ਆਦਿ-ਬੀੜ ਵਿਚ ਲਿਖੇ ਗਏ ਸਨ, ਭਾਈ ਬਨੋ ਵਾਲੀ ਬੀੜ ਵਿਚ ਕਿਸੇ ਸਬਬ ਕਰਕੇ ਨਕਲ ਨਹੀਂ ਹੋਏ, ਜਿਸ ਕਰਕੇ ਉਸ ਤੋਂ ਉਤਾਰਾ ਕੀਤੀਆਂ ਬੀੜਾਂ ਵਿਚ ਵੀ ਨਹੀਂ ਆਏ ।

ਰਾਮਕਲੀ ਛੰਤ ਮਹਲਾ ੫ ਵਿਚ ਪੰਜਵੇਂ ਮਹਲੇ ਦੇ ਇਕ ਛੰਦ ਦੀਆਂ ਦੋ ਪਹਿਲੀਆਂ ਹੀ ਤੁਕਾਂ ਦਿਤੀਆਂ ਹੁੰਦੀਆਂ ਹਨ। ਬੂੜੇ ਸੰਧੂ ਵਾਲੀ ਬੀੜ ਵਿਚ ਵੀ ਪਹਿਲੀਆਂ ਹੀ ਤੁਕਾਂ ਹਨ। ਪਰ ਏਸ ੧੭੯੬ ਵਾਲੀ ਬੀੜ ਵਿਚ ਅਤੇ ਇਕ ਹੋਰ ਗ੍ਰੰਥ ਵਿਚ ਜੋ ਸੰਮਤ ੧੭੫੮ ਦਾ ਲਿਖਿਆ ਹੈ, ਉਹ ਸਾਰਾ ਛੰਦ ੨੪ ਤੁਕਾਂ ਦਾ ਦਿਤਾ ਹੈ, ਅਸੀਂ ਹੇਠਾਂ ਨਕਲ ਕਰਦੇ ਹਾਂ :-



Sri Satguru Jagjit Singh Ji Elibrary NamdhariElibrary@gmail.com

ਰਾਮਕਲੀ ਮਹਲਾ ੫ ॥

ਰਨ ਝੁੰਝਨੜਾ ਗਾਉ ਸਖੀ, ਹਰਿ ਏਕੁ ਧਿਆਵਹੁ ।
ਸਤਿਗੁਰ ਤੁਮ ਸੇਵਿ ਸਖੀ, ਮਨ ਚਿੰਦਿਅੜਾ ਫਲ ਪਾਵਹੁ ॥
ਸਤਿਗੁਰ ਧਿਆਇਆ ਕਰਮ ਪਾਇਅ,ਅਨੂਪ ਬਾਲਕ ਜੰਮਿਆ।
ਸਤਿਗੁਰ ਸਾਚੇ ਭੇਜਿਦਿਆ, ਚਿਰ ਜੀਵਨ ਵਡ ਪੁੰਨਿਆ ॥
ਮਹਾ ਅਨੰਦ ਹੋਆ ਸਦਾ ਮੰਗਲ ਹਰਿ ਗੁਣ ਗਾਵਹੁ ।
ਜਨ ਕਹੇ ਨਾਨਕੁ ਸਫ਼ਲੁ ਜਾਤ੍ਰਾ ਸਤਿਗੁਰ ਪੁਰਖ ਧਿਆਵਹੋ।੧।
ਅਮ੍ਰਿਤ ਭੋਜਨ ਇਕਤ੍ਰ ਕਰੇ ਪਰਵਾਰ ਬੁਲਾਇਆ ।
ਵੰਡਿਅਹੁ ਅਮ੍ਰਿਤ ਨਾਮੁ ਹਰੇ, ਜਿਤੁ ਸਭੁ ਤ੍ਰਿਪਤਾਇਆ ॥
ਸਤਿਗੁਰ ਬਹਿਕੇ ਵੰਡਿ ਕੀਤੀ, ਸਗਲ ਭਾਉ ਦਿਵਾਇਆ ।
ਕਰਮਾ ਉਪਰਿ ਵੰਡ ਹੋਈ, ਖਾਲੀ ਕੋਇ ਨ ਜਾਇਆ ॥
ਸਭ ਸਿਖ ਸੰਗਤਿ ਭਈ ਇਕਤ੍ਰ ਮਹਾ ਅਨੰਦ ਸਮਾਇਆ ।
ਬਿਨਵੰਤ ਨਾਨਕ ਸਾਮ ਹਰਿ ਕੀ ਸਰਬ ਸੁਖ ਮੈ ਪਾਇਆ।੨॥
ਰੀਤੀ ਸਗਲ ਕਰਾਈਆ, ਹਰਿ ਸਿਉ ਲਿਵਲਾਈ ।
ਭਦਨ ਉਣੇਤੁ ਕਰਾਇਆ, ਗੁਰ ਗਿਆਣ ਜਪਾਈ ॥
ਗੁਰ ਗਿਆਣ ਜਪਿਆ ਸੁਖਹ ਦਾਤਾ,
ਚਟਸਾਲਿ ਬਾਲਕ ਪਾਇਆ ।
ਸਗਲ ਵਿਦਿਆ ਸੰਪੂਰਣ ਪੜ੍ਹਿਆ,
ਗੋਬਿੰਦ ਰਿਦੈ ਮਨਾਇਆ ।
ਜੇਵਣ ਵਾਰ ਨਾਮ ਕਰਣ ਬਿਰਥਾ ਕੋਈ ਨ ਜਾਈ ।
ਬਿਨਵੰਤ ਨਾਨਕ ਦਾਸ ਹਰਿਕਾ
ਮੇਰਾ ਪ੍ਰਭ ਅੰਤ ਸਖਾਈ ॥ ੩ ॥



Sri Satguru Jagjit Singh Ji Elibrary NamdhariElibrary@gmail.com

ਸਾਧ ਸੰਤ ਇਕਤ੍ਰ ਕਰੇ, ਬਾਲਕ ਕਰਹੁ ਮੰਗੇਵਾ।
ਬਾਪੇ ਸਜਨ ਜਨ ਕੁੜਮ ਭਲੇ ਵੰਡਿਆਹੁ ਅਮ੍ਰਿਤ ਮੇਵਾ।
ਅਮ੍ਰਿਤ ਪਾਇਆ ਗੁਰ ਗਿਆਣ ਦ੍ਰਿੜਾਇਆ
ਸਗਲ ਦੁਖ ਮਿਟਾਇਆ ॥
ਲਗਣੁ ਲਿਖਾਇਆ ਧੁਰਹੁ ਆਇਆ
ਵੀਆਹੁ ਕੁੜਮਿ ਦਿਵਾਇਆ ॥
ਅਚਰਜ ਜੰਞ ਬਨਾਈ ਠਾਕੁਰ,
ਮੁਨਿ ਜਨ ਢੁਕੇ ਸਭ ਦੇਵ ਸੁਰਾ।
ਜਨ ਕਹੈ ਨਾਨਕ ਕਾਜ ਹੋਆ
ਵਜੇ ਅਨਹਦ ਤੂਰਾ ॥ ੪ ॥

ਇਹ ਸਾਫ਼ ਦਿਸ ਰਿਹਾ ਹੈ ਕਿ ਗੁਰੂ ਹਰ ਗੋਬਿੰਦ ਸਾਹਿਬ ਦੇ ਜਨਮ ਤੋਂ ਲੈ ਕੇ ਵਿਆਹ ਤਕ ਦਾ ਸਾਰਾ ਹਾਲ ਹੈ। ਹਰ ਗੋਬਿੰਦ ਸਾਹਿਬ ਦੇ ਜਨਮ ਦੀ ਗੁਰੂ ਅਰਜਨ ਦੇਵ ਨੂੰ ਬੜੀ ਖ਼ੁਸ਼ੀ ਹੋਈ, ਜਿਸ ਤਰ੍ਹਾਂ ਕਿ ਕਿਤਨੇ ਹੀ ਸ਼ਬਦਾਂ ਤੋਂ ਦਿਸ ਰਿਹਾ ਹੈ। ਜਨਮ, ਵਧਾਈ, ਜ਼ਿਆਫ਼ਤ, ਮੁੰਡਨ, ਜਨੇਊ, ਪਾਂਧੇ ਬਠਾਨਾ, ਮੰਗਨੀ, ਲਗਣ, ਜੰਞ ਅਤੇ ਵਿਆਹ ਸਗਲ ਰੀਤੀ ਕਰਾਈ, ਵਾਜੇ ਵਜਾਏ ਅਤੇ ਗੁਰੂ ਸਾਹਿਬ ਸਭ ਗਲਾਂ ਕਰਕੇ ਖ਼ੁਸ਼ ਹੋਏ। ਹਾਂ ਇਹ ਲਫ਼ਜ਼ 'ਸਤਿਗੁਰ ਬਹਿਕੇ ਵੰਡਿਆ' ਕੁਝ ਅਨੋਖੇ ਹਨ, ਅਤੇ ਉਹਨਾਂ ਦੇ ਨਿਰਮਾਨ ਸੁਭਾਉ ਦੇ ਉਲਟ ਹਨ। ਫੇਰ ਵੇਖੋ ਚੰਦੂ ਵਾਲੀ ਮੰਗ ਛੜਣ ਦਾ ਕੋਈ ਜ਼ਿਕਰ ਨਹੀਂ ਭਾਵੇਂ ਏਸ ਜ਼ਿਕਰ ਦਾ ਨਾ ਹੋਣਾ ਇਹ ਸਿਧ ਨਹੀਂ ਕਰਦਾ ਕਿ ਏਸ ਦੀ ਮੂਲੋਂ ਹੀ ਬੁਨਿਆਦ ਨਹੀਂ ਸੀ। ਜੇ ਇਹ ਗਲ ਹੋਈ ਤਦ ਗੁਰੂ ਸਾਹਿਬ ਨੇ ਏਸਨੂੰ ਮਾਮੂਲੀ ਜਿਹੀ ਗਲ ਸਮਝ ਕੇ ਏਸ ਵਲ ਇਸ਼ਾਰਾਂ ਤਕ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ, ਇਤਿਹਾਸਕਾਰਾਂ ਨੇ ਐਵੇਂ ਪਿਆ ਵਧਾਇਆ ਹੈ, ਅਤੇ ਏਸ ਘਟਨਾ ਨੂੰ ਗੁਰੂ ਸਾਹਿਬ ਦੇ ਸਭ ਦੁਖਾਂ ਦਾ ਅਤੇ ਸ਼ਹਾਦਤ



Sri Satguru Jagjit Singh Ji Elibrary NamdhariElibrary@gmail.com

ਦਾ ਕਾਰਣ ਬਣਾ ਕੇ ਆਪਣੀ ਬੇਸਮਝੀ ਦਾ ਢੋਲ ਵਜਾਇਆ ਹੈ। ਜੇਕਰ ਤੁਜ਼ਕਿ ਜਹਾਂਗੀਰੀ ਨਾ ਹੁੰਦੀ,ਤਦ ਅਸੀਂ ਸਭ ਧੋਖਾ ਖਾ ਚੁਕੇ ਹੁੰਦੇ।

ਰਾਗ ਰਾਮਕਲੀ ਦੀ ਟਿਕੇ ਦੀ ਵਾਰ ਵਿਚ ਅੱਠ ਪਉੜੀਆਂ ਹੀ ਹਨ ਗੁਰੂ ਅਰਜਨ ਦੇਵ ਦੀ ਤਾਅਰੀਫ਼ ਵਿਚ।

ਗੁਰ ਨਾਨਕ ਸਾਹਿਬ ਦੇ ਚਉਪਦਿਆਂ ਵਿਚ ਹੋਰ ਗ੍ਰੰਥਾਂ ਵਾਂਗ ਇਹ ਸ਼ਬਦ ਪੂਰਾ ਦਿੱਤਾ ਹੈ:-

ਸੁਣਿ ਮਛਿੰਦ੍ਰਾ ਨਾਨਕ ਬੋਲੈ।.........
ਸੁਣਿ ਮਛਿੰਦ੍ਰਾ ਅਉਧ ਨੀਸ਼ਾਣੀ।.........
ਛਿਆ ਦਰਸ਼ਣ ਕੀ ਸੋਝੀ ਪਾਈ॥੪॥੫॥
ਸਿਧ ਗੋਸ਼ਟ ਵਿਚ ਹੇਠਲੀਆਂ ਸਤਰਾਂ ਆਉਂਦੀਆਂ ਹ ਨ:-
ਚਰਪਟੁ ਬੋਲੈ ਅਉਧ ਨਾਨਕ ਦੇਹੁ ਸਚਾ ਬੀਚਾਰੋ॥੪॥
ਗੋਰਖ ਸੁਤ ਲੋਹਾਰੀਪਾ ਬੋਲੈ, ਜੋਗ ਜੁਗਤਿ ਬਿਧਿ ਸਾਈ॥੭॥
ਇਹ ਮਨ ਮੈਂਹਗਲ ਕਹਾ ਬਸੀਅਲੇ ਕਹਾ ਬਸੈ ਇਹ ਪਵਨ॥੬੪॥

ਸੁਣ ਭਰਥਰੀ ਜੋਗੀ (ਰਾਗ ਆਸਾ ਮਹਲਾ ੧)

ਮਛਿੰਦ੍ਰ, ਚਰਪਟ, ਲੋਹਾਰੀਪਾ, ਭਰਥਰੀ ਸਿਧ ਨਾਥ ਗੁਰੂ ਨਾਨਕ ਤੋਂ ਬਹੁਤ ਪਹਿਲੇ ਹੋ ਚੁਕੇ ਸਨ।

'ਓਂਕਾਰ' ਵਾਲੀ ਬਾਣੀ ਨੂੰ 'ਦਖਣੀ ਓਂਕਾਰ' ਹੀ ਲਿਖਿਆ ਹੈ, ਜੋ ਬੇਮਤਲਬ ਹੈ।

ਰਾਗ 'ਬਿਭਾਸ' ਨੂੰ ਕਿਤੇ 'ਬਿਭਾਸ ਪ੍ਰਭਾਤੀ', ਕਿਤੇ 'ਪ੍ਰਭਾਤੀ ਬਿਭਾਸ' ਅਤੇ ਕਿਤੇ ਨਿਰਾ 'ਬਿਭਾਤੀ' ਹੀ ਲਿਖਿਆ ਹੈ।

ਰਾਗ ਬਸੰਤ ਵਿਚ 'ਵਾਰ' ਨੂੰ ਠੀਕ ਥਾਂ ਸਿਰ ਭਗਤ ਬਾਣੀ ਤੋਂ ਪਹਿਲੇ ਦਿਤਾ ਹੈ।

ਰਾਗ ਮਲ੍ਹਾਰ ਦੇ ਚਉਪਦਿਆਂ ਵਿਚ ਮਹਲਾ ੫ ਦਾ ਇਹ ਸ਼ਬਦ ਨਹੀਂ :-



Sri Satguru Jagjit Singh Ji Elibrary NamdhariElibrary@gmail.com

'ਪ੍ਰਾਣ ਮਨ ਏਕ ਨਾਮ ਪ੍ਰਿਆ ਪ੍ਰੀਤ ਚੀਤ।'

ਛਾਪੇ ਦੇ ਗ੍ਰੰਥ ਵਿਚ ਵੀ ਨਹੀਂ। ਹੋਰ ਕੁਲ ਲਿਖਤ ਮੀਆਂ ਬੀੜਾਂ ਵਿਚ ਹੈ। ਇਹ ਇਕ ਹੋਰ ਫ਼ਰਕ ਵਾਲੀ ਗਲ ਹੈ ਜਿਸ ਦੀ ਖੋਜ ਦੀ ਲੋੜ ਹੈ, ਕਿ ਇਹ ਸ਼ਬਦ 'ਆਦਿ-ਬੀੜ' ਵਿਚ ਸੀ ਕਿ ਨਹੀਂ, ਅਤੇ ਜੇ ਨਹੀਂ ਸੀ ਤਾਂ ਕਦ ਤੋਂ ਤੇ ਕਿਸ ਬੀੜ ਤੋਂ ਲਿਖਣਾ ਸ਼ੁਰੂ ਹੋਇਆ। ਮੇਰੇ ਲਈ ਇਹ ਸਵਾਲ ਬੜਾ ਚਿਰਕਾ ਖੜਾ ਹੋਇਆ ਹੈ, ਇਸ ਕਰਕੇ ਖੋਜ ਨਹੀਂ ਕਰ ਸਕਿਆ।

ਭੋਗ ਬਾਣੀ ਅਤੇ ਉਸ ਤੋਂ ਪਿਛੋਂ ਫ਼ਾਲਤੂ ਬਾਣੀ ਦੀ ਤਰਤੀਬ ਗ੍ਰੰਥ ਦੇ ਅੰਦਰ ਇਸ ਤਰ੍ਹਾਂ ਪੁਰ ਹੈ:—

ਸ਼ਲੋਕ ਸਹਸਕ੍ਰਿਤੀ; ਗਾਥਾ; ਫੁਨਹੇ; ਚਉਬੋਲੇ।
ਸਲੋਕ ਕਬੀਰ (੨੪੪); ਸਲੋਕ ਫ਼ਰੀਦ (੧੩੦)।
ਸਵਈਯੇ ਸ੍ਰੀ ਮੁਖ ਵਾਕ; ਸਵਈਏ ਕਲ ਕੇ ਤਥਾ ਹੋਰਨਾਂ ਕੇ॥
ਸ਼ਲੋਕ ਮੁੰਦਾਵਣੀ।
ਸਲੋਕ ਜਿਤ ਦਰ ਲਖ ਮੁਹਮਦਾ; ਗੋਸ਼ਟ ਮਲਾਰ ਨਾਲ ਮਹਲਾ ੧।
ਸਲੋਕ ਮਹਲਾ ੯; ਰਾਮਕਲੀ ਰਤਨਮਾਲਾ।
ਰਾਗ ਮਾਲਾ; ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ।
ਸਿਆਹੀ ਕੀ ਬਿਧੀ॥

ਇਹ ਤਰਤੀਬ ਹੋਰਨਾਂ ਪੁਰਾਣੀਆਂ ਬੀੜਾਂ ਨਾਲੋਂ ਬੜੀ ਵਖਰੀ ਹੈ, ਸਿਵਾਏ ਇਕ ਗਲ ਦੇ ਕਿ 'ਰਾਗਮਾਲਾ' ਨੂੰ ਫ਼ਾਲਤੂ ਬਾਣੀਆਂ ਵਿਚ ਵੀ ਸਭ ਤੋਂ ਪਿਛੇ ਰਖਿਆ ਹੈ। 'ਹਕੀਕਤ ਰਾਹ ਮੁਕਾਮ' ਅਤੇ 'ਸਿਆਹੀ ਕੀ ਬਿਧਿ' ਬਾਣੀਆਂ ਵਿਚੋਂ ਨਹੀਂ, ਯਾਦਾਸ਼ਤਾਂ ਹਨ।

## ੧੨-ਬੀੜ ਸੰਮਤ ੧੭੨੯

### (ਪਿੰਡ ਸਾਰਨਕੇ)

ਰੇਲਵੇ ਸਟੇਸ਼ਨ ਛਾਂਗਾਮਾਂਗਾ ਦੇ ਪਾਸ 'ਭਾਈ ਫੇਰੂ' ਤੋਂ ਦੋ



Sri Satguru Jagjit Singh Ji Elibrary NamdhariElibrary@gmail.com

ਮੀਲ ਦਖਣ ਵਲ ਇਕ ਪਿੰਡ ਸਾਰਨਕੇ ਹੈ। ਗੁਰਦੁਆਰੇ ਵਾਲੇ ਇਕ ਉਦਾਸੀ ਸਾਧੂ ਹਨ, ਸੰਤ ਕੁੰਦਨ ਸਿੰਘ ਜੀ। ਉਹ ਇਹ ਬੀੜ ਪ੍ਰੋਫੈਸਰ ਤੇਜਾ ਸਿੰਘ ਜੀ ਪਾਸ ਲਿਆਏ ਸਨ, ਅਤੇ ਮੈਂ ਇਹ ਬੀੜ ਪ੍ਰੋਫੈਸਰ ਹੋਰਾਂ ਦੇ ਮਕਾਨ ਪੁਰ ਹੀ ੧੦ ਅਕਤੂਬਰ ਸੰਨ ੧੯੪੩ ਨੂੰ ਵੇਖੀ ਸੀ।

ਇਹ ਸਾਰੀ ਇਕ ਹਥ ਦੀ ਸਾਫ ਲਿਖੀ ਹੈ। ਏਸ ਦੇ ਲਿਖੇ ਜਾਣੇ ਦਾ ਸੰਮਤ ਗ੍ਰੰਥ ਦੇ ਅੰਤ ਪੁਰ ਰਾਗਮਾਲਾ ਦੇ ਪਿਛੋਂ ਪਤਰੇ ੬੧੧ ਪੁਰ ਇਉਂ ਦਿਤਾ ਹੈ:-

"ਸੰਬਤ ੧੭੨੮ ਗਿਰੰਥ ਗੁਰੂ ਸੰਗਤਿ* ਕਾ ਸੰਪੂਰਣ ਹੋਆ।
ਸਿਖ ਲਿਖਣ ਵਾਲਾ ਭੁਲਾਂ ਚੁਕਾਂ ਵਾਧਾ ਘਾਟਾ ਬਖਸਣਾ।
ਪੂਰੇ ਗੁਰੂ ਦੇ ਅਮਰਿ, ਸੰਗਤ* ਦੇ ਅਮਰਿ ਬਖਸ਼ ਲੈਣਾ।
ਬਿਰਦ ਦਾ ਸਦਕਾ ਹਰਿ ਬਾਬਾ* ਖਸਮਾਨਾ ਕਰਣਾ ਅਗੈ,
ਇਸ ਜੀਅ ਕੀ ਰਖਿਆ ਕਰਣੀ ਬਾਬੇ ਨਾਨਕ ਦੇ ਨਾਇ
ਦਰਗਾਹ ਖਸਮਾਨਾ ਕਰਣਾ ਸਰਣਿ ਗੁਰੂ ਸੰਗਤਿ ਕੀ ਰਖਣਾ।
ਇਹ ਜੀਉ ਸਾਸਿ ਸਾਸਿ ਭੁਲਣ ਵਿਚਿ ਹੈ, ਪਰ ਆਪਣੇ ਬਿਰਦ
ਦਾ ਸਦਕਾ ਰਖਿਆ ਕਰਣੀ ਤੁਹਾਡਾ ਬਿਰਦੁ ਹੈ ਤਹਾਡਾ
ਬਿਰਦ ਹੈ ਜੀ।"

ਲਿਖਾਰੀ ਸਿਖ ਜੋ ਆਪਣਾ ਨਾਮ ਤਕ ਦੇਣਾ ਪਸੰਦ ਨਹੀ ਕਰਦਾ, ਉਸ ਦੇ ਮਨ ਦੀ ਹਾਲਤ, ਅਤੇ ਨੇਕ-ਨੀਯਤ, ਜਿਸ ਨਾਲ ਉਸ ਨੇ ਗ੍ਰੰਥ ਸਾਹਿਬ ਦਾ ਉਤਾਰਾ ਕੀਤਾ, ਉਪਰਲੀ ਲਿਖਤ ਤੋਂ ਦਿਸ ਰਿਹਾ ਹੈ। ਜਿਥੋਂ ਤਕ ਉਸ ਦੇ ਵਸ ਦੀ ਗਲ ਸੀ ਉਸ ਨੇ ਨਕਲ ਕਰਨ ਵਿਚ ਗ਼ਲਤੀ ਘਟ ਹੀ ਕੀਤੀ ਹੋਣੀ ਏਂ। ਪਰ ਫੇਰ ਭੀ ਕੁਝ ਨਾ ਕੁਝ ਰਹਿ ਹੀ ਜਾਂਦਾ ਹੈ ਅਤੇ ਲਗਾਂ ਆਦਿ ਦਾ ਫ਼ਰਕ ਪੈ ਹੀ ਜਾਂਦਾ ਹੈ।

* 'ਸੰਗਤ ਕੇ' ਇਕ ਛੋਟੇ ਸਿਖਾਂ ਦੇ ਫ਼ਿਰਕੇ ਦਾ ਨਾਮ ਸੀ। ਭਾਈ ਫੇਰੂ ਸੰਗਤੀਆ ਜੀ, ਸਤਵੇਂ ਗੁਰੂ ਤੋਂ ਦਸਵੇਂ ਗੁਰੂ ਦੇ ਵੇਲੇ ਤਕ ਜੀਵੇ ਹਨ। ਨੱਕੇ ਦੇ ਸਨ॥



Sri Satguru Jagjit Singh Ji Elibrary NamdhariElibrary@gmail.com

ਜਿਵੇਂ ਏਸ ਤੋਂ ਅਗਲੇ ਵਰਕੇ ੬੭੮ ਪੁਰ ਇਕ ਸ਼ਬਦ ਰਾਗ ਵਡਹੰਸ ਦਾ, ਜੋ ਨਕਲ ਹੋਣੋਂ ਰਹਿ ਗਿਆ ਸੀ, ਦਿਤਾ ਹੈ :—

"ਰਾਗ ਵਡਹੰਸ ਮਹਲਾ ੫ ਛੰਤ ਸਤਾਰਵਾਂ ੧੭ ॥
ਪ੍ਰਭ ਕਰਣ ਕਾਰਣ ਸਮਰਥਾ ਰਾਮ ।
ਰਖੁ ਜਗਤੁ ਸਗਲ ਦੇ ਹਥਾ ਰਾਮ ॥

..............................................................................

ਬਿਨਵੰਤ ਨਾਨਕੁ ਸੁਖ ਨਾਮਿ ਭਗਤੀ ਦਰ ਵਜਹ ਅਨਹਦ ਵਾਜੇ
॥੪॥੧॥੧੭॥

ਛੰਤ ਵਡਹੰਸ ਕਾ ਰਹਿਆ ਹੋਇਆ ਪਿਛੋਂ ਲਿਖਿਆ ਹੈ ਸਤਾਰਵਾਂ ਸਮਾਲਿ ਵਾਚਣਾ ਲਿਖਣਾ।"

ਸੋ ਲਿਖਾਰੀ ਸਿਖ ਆਪਣੀ ਲਿਖੀ ਬੀੜ ਤੋਂ ਉਤਾਰੇ ਕੀਤੇ ਜਾਣ ਦੀ ਉਮੀਦ ਰਖਦਾ ਸੀ।

ਤਤਕਰੇ ਤੋਂ ਪਿਛੇ 'ਚਲਿਤ੍ਰ ਜੋਤੀ ਜੋਤ ਸਮਾਵਣ ਕੇ' ਲਿਖੇ ਹਨ, ਪਹਿਲੇ ਅਠ ਗੁਰੂਆਂ ਅਤੇ ਬਾਬੇ ਗੁਰਦਿਤੇ ਦੇ ਚਲਾਣੇ ਦੀਆਂ ਥਿਤਾਂ ਦਿਤੀਆਂ ਹਨ। ਇਹ ਏਸ ਬੀੜ ਦੇ ੧੭੨੮ ਸੰਮਤ ਵਿਚ ਲਿਖੇ ਗਏ ਹੋਣ ਦੀ ਤਸਦੀਕ ਕਰਦੀਆਂ ਹਨ। ਬਾਬਾ ਗੁਰਦਿਤਾ ਵਾਲੀ ਥਿਤ ਦੇਣ ਵਿਚ ਜੋ ਗ਼ਲਤੀ ਨਾਮ ਨਾ ਦੇਣ ਦੀ ਸੀ, ਉਸ ਨੂੰ ਦਸ ਵਰ੍ਹੇ ਪਿਛੋਂ ਏਸ ਬੀੜ ਵਿਚ ਠੀਕ ਕਰ ਦਿਤਾ ਹੈ ਅਤੇ ਲਿਖਿਆ ਹੈ ਕਿ :—

"ਸੰਮਤ ੧੬੯੫ ਚੇਤ ਸੁਦੀ ੫ ਚਾਰ ਘੜੀਆਂ ਦਿਨ ਰਹਿੰਦੇ ਸ੍ਰੀ ਸਤਿ ਬਾਬਾ ਗੁਰਦਿਤਾ ਜੀਓ ਸਮਾਣੇ।"

ਬਾਬਾ ਜੀ ਨੂੰ 'ਸਤਿਗੁਰੂ' ਵੀ ਨਹੀਂ ਲਿਖਿਆ, ਜਿਸ ਤਰ੍ਹਾਂ ਕਿ ਪਹਿਲੇ ਪਹਿਲ ਸ੍ਰੀ ਹਰਿ ਕ੍ਰਿਸ਼ਨ ਜੀ ਨੇ ਲਿਖਿਆ ਸੀ।

ਗੁਰੂ ਨਾਨਕ ਸਾਹਿਬ ਦੇ ਚਲਾਣੇ ਦੀ ਥਿਤ ਅਸੂ ਵਦੀ ੧੦ ਦਿਤੀ ਹੈ।

ਨਾਵੇਂ ਗੁਰੂ ਦੀ ਬਾਣੀ ਪਿਛੋਂ ਵੀ ਕਿਸੇ ਨੇ ਏਸ



Sri Satguru Jagjit Singh Ji Elibrary NamdhariElibrary@gmail.com

ਵਿਚ ਨਹੀਂ ਚਾਹੜੀ। ਨੌਂ ਵਾਰਾਂ ਦੇ ਸਿਰਾਂ ਪੁਰ ਧੁਨੀਆਂ ਨਹੀਂ ਦਿਤੀਆਂ; ਰਾਗ ਮਾਰੂ ਹੇਠਾਂ ਮੀਰਾਂ ਦਾ ਸ਼ਬਦ, ਅਤੇ ਰਾਗ ਸਾਰੰਗ ਹੇਠਾਂ ਸੂਰਦਾਸ ਦਾ ਵਾਧੂ ਸ਼ਬਦ ਅਤੇ ਨਾ ਉਸ ਦੀ ਪਹਿਲੀ ਤੁਕ ਹੀ ਦਿਤੇ ਹਨ। ਹੋ ਸਕਦਾ ਹੈ ਕਿ ਇਹ ਬੀੜ ਬੂੜੇ ਸੰਧੂ ਵਾਲੀ ਬੀੜ ਜਾਂ ਉਸ ਦੇ ਕਿਸੇ ਉਤਾਰੇ ਤੋਂ ਨਕਲ ਕੀਤੀ ਗਈ ਹੋਵੇ।

ਇਹ ਬੀੜ ਅਜਿਹੀ ਹੀ ਪ੍ਰਮਾਣਿਕ ਹੈ, ਜਿਹੀ ਕੋਈ ਹੋਰ, ਜੋ ਹੁਣ ਮੌਜੂਦ ਹਨ।

# ੧੩-ਗ੍ਰੰਥ ਧਰਮਸਾਲਾ ਪੈਂਹਦਾ ਸਾਹਿਬ, ਰਾਵਲਪਿੰਡੀ।

ਮਹਲਾ ਸੈਦਪੁਰੀ ਦਰਵਾਜ਼ਾ ਵਿਚ ਡੇਰਾ ਬਾਵਿਆਂ ਦੇ ਨੇੜੇ ਦੀ ਇਹ ਪੈਂਹਦਾ ਸਾਹਿਬ ਦੀ ਧਰਮਸਾਲਾ ਹੈ, ਜਿਸ ਦੇ ਮਥੇ ਤੇ ਨਾਮ ਦਾ ਪਥਰ ਲਗਾ ਹੈ। ਉਸ ਪਥਰ ਪੁਰ ਲਿਖਿਆ ਹੈ:–

"੧ਓ ਸਤਿਗੁਰ ਪ੍ਰਸਾਦਿ। ਧਰਮਸਾਲਾ ਮਹਾਰਾਜ ਭਾਈ ਪੈਂਹਦਾ ਸਾਹਿਬ ਜੀ, ਮਾਈ ਵੀਰੋ ਜੀ ਭਾਈ ਨਾਨੂ ਸਿੰਘ ਜੀ ਕੀ ਦਾਸਨ ਦਾਸ।

ਭਾਈ ਬੂਟਾ ਸਿੰਘ ਹਕੀਮ। ਜੇਠ ੧੯੬੯॥"

ਮਹਾਰਾਜ ਭਾਈ ਪੈਂਦਾ ਜੀ ਦਸ਼ਮੇਸ਼ ਜੀ ਦੇ ਹਜ਼ੂਰੀ ਸਿਖ ਸਨ। ਕਿਤੇ ਨਾਮ ਪੈੜਾ ਜੀ ਕਰਕੇ ਦਿਤਾ ਹੈ! ਭਾਈ ਨਾਨੂ ਸਿੰਘ ਜੀ ਭਾਈ ਪੈਂਦਾ ਜੀ ਦੇ ਖ਼ਾਨਦਾਨ ਵਿਚੋਂ ਹੋਏ ਹਨ, ਜੋ ਉਸਮਾਨ ਖੱਟੜ ਜ਼ਿਲਾ ਹਜ਼ਾਰਾ ਦੇ ਵਸਨੀਕ ਸਨ, ਅਤੇ ਜਿਨ੍ਹਾਂ ਦੀ ਵਡਿਤਣ ਦੀਆਂ ਸਾਖੀਆਂ ਉਸ ਦੇਸ ਵਿਚ ਪਰਚੱਲਤ ਹਨ। ਦਾਅਵਾ ਇਹ ਕੀਤਾ ਜਾਂਦਾ ਹੈ ਕਿ ਇਹ ਗ੍ਰੰਥ ਸਾਹਿਬ ਦਸਮੇਸ਼ ਜੀ ਨੇ ਆਪਣੇ ਦਸਖ਼ਤ ਕਰਕੇ ਭਾਈ ਪੈਂਹਦਾ ਜੀ ਨੂੰ ਏਸੇ



Sri Satguru Jagjit Singh Ji Elibrary NamdhariElibrary@gmail.com

ਸ਼ਕਲ ਵਿਚ ਬਖ਼ਸ਼ਿਆ ਸੀ, ਜਿਸ ਤੇ ਹੋਰ ਸਿਖਾਂ ਨੂੰ ਈਰਖਾ ਹੋਈ। ਭਾਈ ਸਾਹਿਬ ਨੇ ਗ੍ਰੰਥ ਸਾਹਿਬ ਨੂੰ ਪਾਣੀ ਹੇਠਾਂ ਲੁਕਾ ਦਿਤਾ ਅਤੇ ਸਤਾਂ ਦਿਨਾਂ ਪਿਛੋਂ ਕਢਕੇ ਏਧਰ ਲੈ ਆਏ। ਪਾਣੀ ਨੇ ਕੋਈ ਅਸਰ ਅਖਰਾਂ ਵਾਲੇ ਹਿਸੇ ਪੁਰ ਨਹੀਂ ਕੀਤਾ, ਖ਼ਾਲੀ ਹਾਸ਼ੀਏ ਪੁਰ ਥੋੜਾ ਜਿਹਾ ਅਸਰ ਕੀਤਾ ਹੈ। ਪਾਣੀ ਦੇ ਦਾਗ਼ ਵਾਲੇ ਇਹ ਪਤਰੇ ਏਸ ਗ੍ਰੰਥ ਵਿਚ ਦਿਖਾਏ ਜਾਂਦੇ ਹਨ। ਮੈਂ ਭੀ ਵੇਖੇ ਹਨ ਅਤੇ ਹੇਠਾਂ ਏਸ ਦਾ ਕੁਝ ਹਾਲ ਦਸਿਆ ਹੈ।

ਸਰਦਾਰ ਸਰ ਅਤਰ ਸਿੰਘ ਜੀ ਭਦੌੜੀਏ ਨੇ ਡਾਕਟਰ ਲਾਇਟ-ਨਰ ਨੂੰ ਦਸਿਆ ਸੀ ਕਿ ਗੁਰਮੁਖੀ ਦਾ ਇਕ ਗ੍ਰੰਥ ੪੦੦੦ ਸਫ਼ੇ ਦੇ ਕ੍ਰੀਬ ਦਾ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਹਥਾਂ ਦੇ ਭੀ ਲੇਖ ਹਨ। ਮੈਂ ਇਸ ਗ੍ਰੰਥ ਦੀ ਭਾਲ ਵਿਚ ਅਨੰਦਪੁਰ ਗਿਆ ਤੇ ਨਿਰਾਸ ਮੁੜਿਆ। ਪਰ ਏਸ ਪੈਂਹਦਾ ਸਾਹਿਬ ਵਾਲੀ ਧਰਮਸਾਲਾ ਦਾ ਇਹ ਗ੍ਰੰਥ ਦੇਖਕੇ ਮੇਰੀ ਤਸਲੀ ਹੋ ਗਈ ਹੈ ਕਿ ਇਹੋ ਗ੍ਰੰਥ ਸੀ ਜਿਸ ਵਲ ਸਰਦਾਰ ਸਾਹਿਬ ਦਾ ਇਸ਼ਾਰਾ ਸੀ।

ਇਹ ਗ੍ਰੰਥ ਪੁਰਾਣਾ ਜ਼ਰੂਰ ਹੈ। ਆਪਣੀ ਅਸਲੀ ਪਹਿਲੀ ਸ਼ਕਲ ਵਿਚ ਇਹ ਸੰਮਤ ੧੬੬੩ ਅਤੇ ਸੰਮਤ ੧੭੦੧ ਦੇ ਵਿਚਾਲੇ ਲਿਖਿਆ ਗਿਆ ਜਾਪਦਾ ਹੈ। ਏਸ ਦੇ ਅੰਦਰ ਜੋ ਹੋਰ ਵਰਕੇ ਜਾਂ ਅੜ ਅੜ ਪੁਸਤਕਾਂ ਵਿਚ ਕਢੇ ਪਤਰੇ ਹਨ, ਉਹ ਸਭ ਛੇਵੇਂ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਦੇ ਵੇਲੇ ਤਕ ਵਿਚ ਅੜ ਅੜ ਸਮਿਆਂ ਪੁਰ ਲਿਖੇ ਗਏ ਸਨ। ਖ਼ਾਲੀ ਥੋੜੇ ਜਿਹੇ ਵਰਕੇ ਨਵੀਨ ਦਿਸਦੇ ਹਨ।

ਏਸ ਗ੍ਰੰਥ ਸਾਹਿਬ ਦੇ ੧੭੦੫ ਵਰਕੇ ਹਨ। ਕਾਗ਼ਜ਼ ਕਈ ਤਰ੍ਹਾਂ ਦਾ ਵਰਤਿਆ ਹੈ, ਕੋਈ ਪਤਰੇ ਮੋਟੇ ਕਾਗ਼ਜ਼ ਦੇ ਹਨ, ਕੋਈ ਪਤਲੇ ਦੇ, ਕੋਈ ਖਰਵੇ ਤੇ ਕੋਈ ਘੋਟੇ ਹੋਏ ਕਾਗ਼ਜ਼ ਦੇ। ਕੋਈ ਕਾਗ਼ਜ਼ ਮਾਮੂਲੀ ਭੂਰੇ ਜਾਂ ਗਾਚਨੀ ਰੰਗਾ ਹੈ ਅਤੇ ਕੋਈ ਡਾਢਾ ਚਿਟਾ। ਲਿਖਤ ਵੀ ਕਈ ਲਿਖਾਰੀਆਂ ਦੇ ਹਥਾਂ ਦੀ ਹੈ ਅਤੇ ਮੋਟੀ ਤੇ ਬ੍ਰੀਕ ਹੈ। ਕਈ ਕਈ ਵਰਕੇ ਵਿਚ ਕੋਰੇ ਭੀ ਪਏ ਹਨ। ਕਿਤੇ ਸਾਰੇ ਸਫ਼ੇ ਪਰ ਦਸ ਪਾਲਾਂ,



Sri Satguru Jagjit Singh Ji Elibrary NamdhariElibrary@gmail.com

ਤੇ ਕਿਸੇ ਪੁਰ ੨੪; ਪਾਲ ਵਿਚ ਕਿਤੇ ੨੨ ਜਾਂ ੨੩ ਅਖਰ ਅਤੇ ਕਿਤੇ ੩੭ ਤੋਂ ੪੦ ਅਖਰ। ਬਹੁਤਾ ਹਿਸਾ ਗ੍ਰੰਥ ਸਾਹਿਬ ਨੇ ਲਿਆ ਹੈ, ਪਰ ਹੋਰ ਪੋਥੀ-ਗ੍ਰੰਥਾਂ 'ਆਤਮ ਪ੍ਰਬੋਧਨ,' 'ਗੁਰ ਉਸਤਤੀ,' 'ਪ੍ਰਾਣ ਸੰਗਲੀ' ਆਦਿ ਦੇ ਪਤਰੇ ਵੀ ਵਿਚ ਧਰ ਕੇ, ਅਤੇ ਕੁਝ ਅਡ ਅਡ ਖੁਲ੍ਹੇ ਪਤਰੇ, ਜਿਨ੍ਹਾਂ ਪੁਰ ਕੁਝ ਗੁਰਬਾਣੀ ਜਾਂ ਹੋਰ ਸਤੋਤ੍ਰ ਆਦਿ ਲਿਖੇ ਸਨ, ਉਹ ਭੀ ਨਾਲ ਰਖ ਕੇ ਇਕ ਜਿਲਦ ਕਰਾ ਲਈ ਹੈ। ਛੋਟੇ ਵਡੇ ਵਰਕਿਆਂ ਨੂੰ ਬਾਹਰਲੇ ਕਾਗ਼ਜ਼ ਦਾ ਹਾਸ਼ੀਆ ਜੋੜ ਕੇ ਇਕੋ ਜੇਡਾ ਕਰ ਲਿਆ ਹੈ, ਅਤੇ ਸਾਰੇ ਵਰਕਿਆਂ ਪੁਰ ਗਿਨਤੀ ਦੇ ਅੰਕ ਨਵੇਂ ਸਿਰੇ ਦਿਤੇ ਗਏ ਹਨ। ਕਿਸੇ ਕਿਸੇ ਵਰਕੇ ਤੇ ਪੁਰਾਣਾ ਅੰਕ, ਜੋ ਪਹਿਲੀ ਪੋਥੀ ਵਿਚ ਸੀ, ਹਾਸ਼ੀਏ ਹੇਠਾਂ ਨਾ ਆ ਕੇ ਹੁਣ ਤਕ ਰਹਿ ਗਿਆ ਹੈ।

ਇਹ ਗ੍ਰੰਥ ਫ਼ਕੀਰਾਂ ਦੇ ਕਚਕੋਲ ਵਾਂਗ ਹੈ, ਜਿਸ ਵਿਚ ਸਤਨਾਜਾ ਰਲਿਆ ਮਿਲਿਆ ਹੁੰਦਾ ਹੈ। ਇਉਂ ਸਮਝੋ, ਜੋ ਬਾਣੀਆਂ ਵਾਲੇ ਪਤਰੇ, ਏਸ ਖ਼ਿਆਲ ਨਾਲ ਕਿ ਬੇਅਦਬੀ ਨਾ ਹੋਵੇ, ਇਕੱਠੇ ਕਰਕੇ ਜਿਲਦ ਬਨ੍ਹ ਲਈ ਗਈ ਹੈ। ਸੋ ਏਸ ਗ੍ਰੰਥ ਨੂੰ, 'ਗ੍ਰੰਥ ਸਾਹਿਬ' ਦੀਆਂ ਪ੍ਰਾਚੀਨ ਬੀੜਾਂ ਦੇ ਬਰਾਬਰ ਰਖਕੇ ਮੁਕਾਬਲਾ ਕਰਨਾ ਠੀਕ ਨਹੀਂ। ਜੇਹੜਾ ਭਾਗ ਖ਼ੁਦ ਗ੍ਰੰਥ ਸਾਹਿਬ ਵਾਲਾ ਹੈ, ਉਸ ਵਿਚ ਵੀ ਬਾਹਰੋਂ ਬਾਣੀ ਅਤੇ ਸਾਖੀਆਂ ਰਲਾ ਦਿਤੀਆਂ ਹਨ, ਜਿਵੇਂ ਪਤਰੇ ੩੮੨ ਪੁਰ 'ਸਦ' ਦੇ ਕੇ ਝਟ ਹੀ ਉਸ ਤੋਂ ਪਿਛੋਂ ਪਤਰੇ ੩੮੩ ਪੁਰ 'ਸਾਖੀ ਗੁਰੂ ਅਮਰਦਾਸ ਕੀ' ਦਿਤੀ ਹੈ ਜੋ ੧੩ ਸਫ਼ਿਆਂ ਪੁਰ ਮੁਕੀ ਹੈ। ਏਸੇ ਤਰ੍ਹਾਂ ਵਿਚ 'ਜੁਗਾਵਲੀ,' 'ਪ੍ਰਾਣ ਸੰਗਲੀ' ਦੇ ਹਿਸੇ ਅਤੇ ਹੋਰ ਸਾਖੀਆਂ ਆ ਜਾਂਦੀਆਂ ਹਨ। ਇਕ 'ਸਾਖੀ ਮਹਲੇ ਪੰਜਵੇਂ ਕੀ' ਉਹ ਹੈ ਜਿਸ ਵਿਚ 'ਪੰਜ ਕਮ ਕਰਨੇ' ਅਤੇ 'ਪੰਜ ਕੰਮ ਨਾ ਕਰਨੇ' ਵਾਲੇ ਦਸੇ ਹਨ (ਵੇਖੋ ਪਤਰਾ ੧੨੬੦)। ਇਹ ਸਾਖੀ ਮੈਂ ਪਹਿਲੀ ਵਾਰ ਚਿਟਾ ਗ੍ਰਾਮ ਤੋਂ ਵੀ ਪੰਜਾਹ ਮੀਲ ਹੇਠਾਂ ਦਖਨ ਵਲ ਇਕ ਕਸਬੇ 'ਬਨੀ ਗ੍ਰਾਮ' ਜਾਂ 'ਬਾਂਸਖਾਲੀ' ਦੀ ਪੁਰਾਣੀ ਸੰਗਤ ਦੇ ਗ੍ਰੰਥ ਸਾਹਿਬ ਦੇ ਪਿਛੇ



Sri Satguru Jagjit Singh Ji Elibrary NamdhariElibrary@gmail.com

ਲਿਖੀ ਵੇਖੀ ਸੀ, ਅਤੇ ਅਪਰੈਲ ੧੯੧੫ ਵਿਚ 'ਢਾਕਾ ਰੀਵੀਊ' ਤੇ 'ਦੀ ਸਿਖ ਰੀਵੀਊ' ਵਿਚ ਲੇਖ ਦੇਂਦਿਆਂ ਏਸ ਦਾ ਮੁਕਾਬਲਾ ਹਜ਼ਰਤ ਮੂਸਾ ਦੇ ਦਸ ਅਹਿਕਾਮ ਨਾਲ ਕੀਤਾ ਸੀ। ਇਹ ਸਾਖੀ ਵੀ ਕਿਸੇ ਖੁਲ੍ਹੇ ਪਤਰੇ ਪੁਰ ਲਿਖੀ ਸੀ, ਜੋ ਲੈ ਕੇ ਜਿਲਦ ਵਿਚ ਜੋੜ ਦਿਤਾ ਹੈ। ਵਿਧੀ ਨਿਖੇਧੀ ਦੇ ਹੁਕਮ ਬਰਾਬਰ ਬਰਾਬਰ ਕਾਲਮਾਂ ਵਿਚ ਰਖੇ ਹਨ। ਤਤਕਰੇ ਤੋਂ ਮਾਲੂਮ ਹੁੰਦਾ ਹੈ ਕਿ '੩੮੩ *ਸਾਖੀਆਂ ਗੁਰੂ ਜੀ ਕੀਆਂ' ਏਸ ਗ੍ਰੰਥ ਵਿਚ ਦਿਤੀਆਂ ਹਨ।

ਦੋ ਖੁਲ੍ਹੇ ਪਤ੍ਰੇ ਹੋਰ ਹਨ, ਜਿਨ੍ਹਾਂ ਪੁਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਆਪਣੀ ਹਥੀਂ ਲਿਖੀ ਹੋਈ ਹੈ। ਪਨੇ ੧੩੩੫ ਦੇ ਪਹਿਲੇ ਸਫੇ ਉਤੇ ਤਾਂ ਉਹ ਸਵੈਯਾ ਤੇ ਦੋਹਰਾ ਹੈ ਜਿਸ ਵਿਚ ਖ਼ਾਲਸਾ ਸਾਜਕੇ ਬ੍ਰਹਿਮਣਾਂ ਦੀ ਰੋਟੀ ਮਾਰ ਦੇਨ ਦੀ ਸ਼ਕਾਇਤ ਦੇ ਜਵਾਬ ਵਿਚ ਗੁਰੂ ਸਾਹਿਬ ਮਿਸ਼ਰ ਜੀ ਨੂੰ ਤਸੱਲੀ ਦੇਂਦੇ ਹਨ ਅਤੇ ਕਹਿੰਦੇ ਹਨ:—
'ਜੋ ਕੁਛ ਲੇਖ ਲਿਖਯੋ ਬਿਧਨਾ ਸੋਊ ਪਾਈਯਤ ਮਿਸਰਜੂ ਸ਼ੋਕ ਨਿਵਾਰੋ।...
ਦੋਹਰਾ। ਚਟਪਟਾਇ ਚਿੱਤ ਮੈ ਜਰਯੋ ਤ੍ਰਿਨ ਜਿਉ, ਕ੍ਰੁਧਿਤ ਹੋਇ।
ਖੋਜ ਰੋਜ ਕੇ ਹੇਤ ਲਗ ਦਯੋ ਮਿਸਰਜੂ ਰੋਇ।' ਅਗਲੇ ਖੁਲ੍ਹੇ ਪਤ੍ਰੇ ਪੁਰ, ਜਿਸ ਪੁਰ ਗਿਨਤੀ ਦਾ ਕੋਈ ਅੰਕ ਨਹੀਂ ਦਿੱਤਾ, ਗੁਰ ਸਾਹਿਬ ਦੇ ਆਪਣੇ ਹਥੀਂ ਅੱਠ ਰੁਬਾਈਆਂ ਲਿਖੀਆਂ ਹਨ। ਹਰ ਰੁਬਾਈ ਵਖਰੇ ਰੁਖ ਵਿਚ ਲਿਖੀ ਹੈ, ਜਿਸਤਰ੍ਹਾਂ ਪੁਰਾਣੇ ਫ਼ਾਰਸੀ ਸ਼ਾਇਰ ਆਪਣੇ

---

*ਜੇਕਰ ਇਹ ੩੮੩ ਸਾਖੀਆਂ ਉਸ ਗ੍ਰੰਥ ਵਿਚੋਂ ਨਕਲ ਕਰਕੇ ਵਖਰੀਆਂ ਇਕ ਕਿਤਾਬ ਦੀ ਸ਼ਕਲ ਵਿਚ ਛਾਪ ਦਿਤੀਆਂ ਜਾਨ, ਤਦ ਸਾਡੇ ਪਾਸ ਇਹ ਸਭ ਤੋਂ ਪੁਰਾਣਾ 'ਸਾਖੀ ਸੰਗ੍ਰਹ' ਕਹੋ ਜਾਂ 'ਜਨਮ ਸਾਖੀ' ਜਾਂ 'ਇਤਿਹਾਸ ਪੁਸਤਕ' ਕਹੋ, ਇਹ ਹੋਵੇਗਾ, ਮੈਂ ਇਕ ਮੁਕਾਮੀ ਸਰਦਾਰ ਸਾਹਿਬ ਨੂੰ ਏਸ ਕੰਮ ਦੇ ਕਰਨ ਲਈ ਬੇਨਤੀ ਕੀਤੀ ਹੈ। ਮੈਂ ਏਸ ਗ੍ਰੰਥ ਦੇ ਇਮਤਹਾਨ ਕਰਨ ਲਈ ਸੱਤ ਘੰਟੇ ਇਕੋ ਬੈਠਕ ਵਿਚ ਲਾਏ ਸਨ; ਸਾਖੀਆਂ ਨਕਲ ਕਰਨ ਲਈ ਕਈ ਸੱਤ ਘੰਟੇ ਚਾਹੀਦੇ ਹਨ। ਡਾਕਟਰ ਮੋਹਨ ਸਿੰਘ ਜੀ ਨੇ ਵੀ ਅਗਲੀਆਂ ਗਰਮੀ ਦੀਆਂ ਛੁਟੀਆਂ ਏਥੇ ਲਗਾਣ ਦਾ ਅਕਰਾਰ ਕੀਤਾ ਹੈ।



Sri Satguru Jagjit Singh Ji Elibrary NamdhariElibrary@gmail.com

No. 5



GURU HAR RAI'S AUTOGRAPH IN GRANTH-MANUSCRIPT OF S. 1716
traced by G. B. Singh

Sri Satguru Jagjit Singh Ji Elibrary NamdhariElibrary@gmail.com

ਸ਼ਿਅਰ ਬਣਾਕੇ ਖੁਲ੍ਹੇ ਕਾਗਜ਼ਾਂ ਪਰ ਲਿਖਿਆ ਕਰਦੇ ਸਨ, ਤੇ ਪਿਛੋਂ ਦਰੁਸਤ ਕਰਕੇ ਖਿਆਜ਼ ਵਿਚ ਦਰਜ ਕਰ ਲੈਂਦੇ ਸਨ। ਇਹ ਰੁਬਾਈਆਂ ਦਸਮ ਗ੍ਰੰਥ ਵਿਚ ਨਹੀਂ ਹਨ; ਹੋ ਸਕਿਆ ਤਾਂ ਅਸੀਂ ਏਹਨਾਂ ਨੂੰ ਆਪਣੀ ਕਿਤਾਬ 'ਦਸ਼ਮੇਸ਼ ਦੀ ਬਾਣੀ' ਵਿਚ ਦਿਆਂਗੇ। ਜਿਲਦ ਬਨ੍ਹਦੇ ਵੇਲੇ ਦੋਹਿਰੇ ਦੇ ਇਹ ਦੋ ਸ਼ਬਦ 'ਮਿਸਰਜੂ ਰੋਇ' ਕੱਟ ਗਏ ਹਨ। ਸਵੈਯੇ ਦੇ ਸਿਰ ਪੁਰ ਗੁਰੂ ਜੀ ਦਾ ਆਪਣੀ ਹਥੀਂ ਲਿਖਿਆ ਲੇਖ, 'ਸਤਿਗੁਰੂ ਜੀ' ਅਤੇ 'ਸ' ਦੇ ਉਪਰ ਓਹਨਾਂ ਦਾ ਆਪਣਾ ਖ਼ਾਸ ਨਿਸ਼ਾਣ C+ (ਬਿੰਦੀ ਤੇ ਚਰਖੜੀ,) * ਵੀ ਦਿੱਤਾ ਹੈ।

ਇਕ ਖੁਲ੍ਹੇ ਪਤ੍ਰੇ ਪੁਰ ਪੁਰਾਣੇ ਸ਼ਾਸਤ੍ਰੀ ਅਖਰਾਂ ਵਿਚ ਇਕ ਸਤੋਤ੍ਰ ਸ੍ਵਾਮੀ ਸ਼ੰਕ੍ਰਾਚਾਰਯ ਵਿਰਚਿਤ ਕਿਸੇ ਗੰਗਾਦਾਸ, ਬ੍ਰਾਹਮਣ ਦਾ ਲਿਖਿਆ ਹੋਇਆ ਹੈ, ਜੋ ਏਸ ਸਤੋਤ੍ਰ ਦੇ ਲਿਖਣ ਦਾ ਸੰਮਤ ੧੬੯੩ ਦੇਂਦਾ ਹੈ। ਇਹ ਸੰਮਤ ਗੁਰੂ ਹਰਗੋਬਿੰਦ ਸਾਹਿਬ ਦੇ ਵੇਲੇ, ਬਾਬਾ ਗੁਰਦਿੱਤਾ ਦੇ ਚਲਾਣੇ ਤੋਂ ਦੋ ਬਰਸ ਪਹਿਲੋਂ ਪੈਂਦਾ ਹੈ। ਪਰ ਗੰਗਾਦਾਸ ਕੀਰਤਿਪੁਰ ਨਹੀਂ ਗਿਆ। ਉਸਨੇ ਇਹ ਪਤ੍ਰਾ ਖ਼ਾਸ ਪੁਰ ਟਾਂਡਾ† ਨਗਰ ਵਿਚ, (ਅਜੁਧਿਆ‡ ਮੰਡਲ ਦੇ ਅੰਦਰ) ਆਪਣੇ ਇਕ ਪਰਮ ਮਿਤ੍ਰ, ਗੁਰੂ ਨਾਨਕ ਦੇ ਕਿਸੇ ਸਿਖ ਦੇ ਸਿਮ੍ਰਨ ਤੇ ਪਾਠ ਵਾਸਤੇ ਲਿਖਿਆ। ਕੁਝ ਸਤਰਾਂ ਜੋ ਮੈਂ ਏਸ ਪਤ੍ਰੇ ਤੋਂ ਨਕਲ ਕੀਤੀਆਂ ਸਨ ਹੇਠ ਦੇਂਦਾ ਹਾਂ।

---

*ਇਕ ਥਿਆਸੋਫਿਸਟ ਨੇ ਇਸ ਨਾਮ ਦੀ ਕਿਤਾਬ ਵੀ ਲਿਖੀ ਹੈ। ਮੈਂ ਪੜ੍ਹੀ ਨਹੀਂ, ਪਰ ਅਸਲ ਏਸ ਪਵਿਤ੍ਰ ਚਿੰਨ੍ਹ ਦੀ, ਲਿੰਗਮ ਅਤੇ ਯੋਨੀ ਹੀ ਹਨ, ਭਾਵੇਂ ਪਿਛੋਂ ਇਹ ਗੱਲ ਭੁਲ ਭੁਲਾ ਗਈ ਹਵੇ।

†'ਟਾਂਡਾ', ਵਣਜਾਰਿਆਂ ਦੀ ਰਾਤ ਠਹਿਰਨ ਦੀ ਥਾਂ ਜਾਂ Camping Ground ਨੂੰ ਕਹਿੰਦੇ ਹਨ, ਜਿਥੇ ਪਿਛੋਂ ਪਿੰਡ ਕਸਬੇ ਵਧਕੇ 'ਟਾਂਡਾ' ਅਖਵਾਂਦੇ ਹਨ, ਸੋ 'ਟਾਂਡਾ' ਨਾਮ ਦੇ ਪਿੰਡ ਬਹੁਤ ਹਨ। ਸਿੰਧ ਵਿਚ ਏਸ ਨਾਮ ਨੂੰ 'ਟਾਂਡੋ' ਉਚਾਰਦੇ ਹਨ। ਫੈਜ਼ਾਬਾਦ ਜਾਂ ਅਜੁਧਿਆ ਦੇ ਪਾਸ ਭੀ ਇਕ ਟਾਂਡਾ ਸ਼ਹਿਰ ਹੈ। ਹੁਸ਼ਿਆਰਪੁਰ ਤੇ ਅੰਮ੍ਰਿਤਸਰ ਜ਼ਿਲਿਆਂ ਵਿਚ ਵੀ ਟਾਂਡੇ ਹਨ।

‡ਅਜੁਧਿਆ-ਮੰਡਲ-ਅਜੁਧਿਆ ਦੀਆਂ ਵਸਤੀਆਂ (Suburbs)



Sri Satguru Jagjit Singh Ji Elibrary NamdhariElibrary@gmail.com

श्री रामो जयति ।

अविनयमपनय विकलोद्मयमनः समय त्रिभयन

सतृक्लं भूतदयं विसतरयंतार ।.................

नारायण करुणामय शरणी करवाणी ता ौ चरणौं।

इति शबदीये बदन सरोज सदा वसतु ::

इति श्री शंकराचार्य विरचितं शबदी सतोलं समासं ।

ਏਥੇ ਕੁਝ ਅਖਰਾਂ ਉਤੇ ਸਿਆਹੀ ਫੇਰਕੇ ਫੇਰ ਹੇਠਾਂ ਲਿਖਿਆ ਹੈ:-

गंगादास मिश्रेण अयोध्या मण्डले

षासपुर टांडाख्ये नगर वासिना

श्री नानक गुरो: शुम्भ नाम्नो

शिष्याय परम मित्राय समरणार्थं

पाठार्थंच । संवत् १६६३ मास

ज्येष्ठ शुकलाष्ठम्यां बुद्धवारे

ਪਤ੍ਰੇ ੧੩੩੨* ਦੇ ਸਾਮ੍ਹਣੇ ਪਾਸੇ ਅਤੇ ਪਤ੍ਰੇ ੧੩੩੫* ਦੇ ਪਿਛਲੇ ਪਾਸੇ ਤਿੰਨ 'ਨਿਸ਼ਾਨ' ਹਨ, ਜੋ ਗੁਰੂ ਹਰ ਗੋਬਿੰਦ ਸਾਹਿਬ, ਗੁਰੂ ਹਰ ਰਾਇ ਸਾਹਿਬ ਤੇ ਗੁਰੂ ਤੇਗ਼ ਬਹਾਦਰ ਦੇ ਕਹੇ ਜਾਂਦੇ ਹਨ। ਦੋ ਦਾ ਮੈਂ ਟਰੇਸਿੰਗ ਕਰ ਲੀਤਾ ਸੀ ਅਤੇ ਤੀਜਾ ਇਤਨਾ ਮਧਮ ਸੀ ਕਿ ਟਰੇਸਿੰਗ ਹੋ ਹੀ ਨਹੀਂ ਸੀ ਸਕਦਾ, ਸੋ ਮੈਂ ਉਸਦੀ ਨਕਲ ਕਰ ਲਈ, ਜਿਤਨੀ ਕੁ ਠੀਕ ਮੇਰੇ ਕੋਲੋਂ ਹੋ ਸਕੀ। ਉਹ ਤਿੰਨੇ ਨਿਸ਼ਾਨ ਸਾਮ੍ਹਣੇ ਦਿਤੇ ਜਾਂਦੇ ਹਨ।

ਗ੍ਰੰਥ ਸਾਹਿਬ ਵਾਲਾ ਭਾਗ ਵੀ ਅਡ ਅਡ ਗ੍ਰੰਥ ਸਾਹਿਬਾਂ ਦੇ ਪਤ੍ਰੇ ਇਕਠੇ ਕਰਕੇ ਬਣਿਆ ਹੈ। ਪਤ੍ਰੇ ੫੭੬ ਪੁਰ ਇੱਕ ਦਾ ਮਥੇ



Sri Satguru Jagjit Singh Ji Elibrary NamdhariElibrary@gmail.com

ਦਾ ਸਫ਼ਾ (Title Page) ਹੀ ਲਿਆ ਹੈ, ਜਿਸ ਉਤੇ ਲੀਕਾਂ ਖਿਚਕੇ ਕੁਝ ਖ਼ਾਨੇ ਬਣਾਏ ਹਨ, ਅਤੇ ਬੇਲ-ਬੂਟੇ ਪਾਣੇ ਸਨ ਪਰ ਨਹੀਂ ਪਾਏ ਗਏ। ਓਥੇ ਲਿਖਿਆ ਹੈ:—

"ਲਿਖਿਆ ਗਿਰੰਥ ਮਾਧੋ ਬਨ" ।

ਉਸ ਤੋਂ ਹੇਠਾਂ ਛੋਟੇ ਖ਼ਾਨਿਆਂ ਵਿਚ ਇਹ ਲਫ਼ਜ਼ ਲਿਖੇ ਹਨ : 'ਸਤਿਗੁਰੂ'; '੧ ਓ ਸਤਿਗੁਰੂ'। ਪਤ੍ਰੇ ੩੯੦ ਦੇ ਪਿਛਲੇ ਪਾਸੇ ਪਹਿਲੇ ਛੇ ਗੁਰੂਆਂ ਦੇ ਜੋਤੀ ਜੋਤ ਸਮਾਣ ਦੇ ਥਿਤ ਸੰਮਤ ਦਿਤੇ ਹਨ। ਪਹਿਲੇ ਪੰਜ ਸੰਮਤ ਇਕ ਲਿਖਾਰੀ ਦੇ ਹਥ ਦੇ ਹਨ, ਅਤੇ ਪਿਛੋਂ ਦੋ ਕਿਸੇ ਹੋਰ ਹਥ ਦੇ ਇਸ ਤਰ੍ਹਾਂ ਪੁਰ :—

ਸੰਮਤ ੧੬੯੬ ਚੇਤ੍ਰ ਸੁਦੀ ਦਸਮੀ ਸ੍ਰੀ ਬਾਬਾ ਗੁਰਦਿਤਾ ਜੀ ਸਮਾਣੇ।
ਸੰਮਤ ੧੭੧ ਚੇਤ੍ਰ ਸੁਦੀ ਪੰਚਮੀ ਸ੍ਰੀ ਗੁਰੂ ਹਰ ਗੋਬਿੰਦ ਜੀ ਸਮਾਣੇ ਕੀਰਤਿ।

ਸੰਮਤ ੧੬੯੫ ਦੀ ਥਾਂ ਸੰਮਤ ੧੬੯੬ ਗ਼ਲਤ ਲਿਖਿਆ ਹੈ। ਸੰਮਤ ੧੭੦੧ ਲਿਖਣਾ ਨਹੀਂ ਆਇਆ। ਕੀਰਤਿ ਤੋਂ ਮਤਲਬ ਕੀਰਤਿਪੁਰ ਤੋਂ ਹੈ, ਪੁਰ ਲਿਖਣੋਂ ਰਹਿ ਗਿਆ ਹੈ। ਇਹ ਸੰਮਤ ਕਿਸੇ ਵਖਰੇ ਪਤ੍ਰੇ ਪੁਰ ਨਹੀਂ ਹਨ, ਸਗੋਂ ਕਿਸੇ ਹੋਰ ਗ੍ਰੰਥ ਸਾਹਿਬ ਦੇ ਪਿਛੋਂ ਨੋਂ ਕੋਰੇ ਵਰਕੇ ਕਢਕੇ ਏਥੇ ਜੜੇ ਹਨ, ਕੋਰੇ ਵਰਕਿਆਂ ਪੁਰ ਹਾਸ਼ੀਏ ਦੀਆਂ ਖ਼ਾਸ ਤਰ੍ਹਾਂ ਦੀਆਂ ਲੀਕਾਂ ਖਿਚੀਆਂ ਇਹ ਗਲ ਦਸ ਰਹੀਆਂ ਹਨ। ਪਰ ਛੇ ਗੁਰੂਆਂ ਦੀ ਥਿਤਾਂ ਦਾ ਹੋਣਾ ਏਸ ਲਿਖਤ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਵਕਤ ਦੀ ਲਿਖੀ ਸਿਧ ਕਰ ਰਿਹਾ ਹੈ।

ਏਸੇ ਤਰ੍ਹਾਂ ਕਿਸੇ ਹੋਰ ਗ੍ਰੰਥ ਸਾਹਿਬ ਦੇ ਪਹਿਲੇ ਪੰਜ ਵਰਕੇ ਜੋ ਪਤਲੇ ਪਰ ਘੋਟੇ ਹੋਏ ਕਾਗ਼ਜ਼ ਦੇ ਹਨ, ਲੈਕੇ ਓਹਨਾਂ ਪੁਰ ਪਤ੍ਰੇ ਦੇ ਅੰਕ ੪੦ ਤੋਂ ੪੪ ਦੇਕੇ ਜਿਲਦ ਅੰਦਰ ਬਝੇ ਹਨ। ਅਤੇ ਪਤ੍ਰੇ ੪੦ ਦੇ ਪਹਿਲੇ ਸਫ਼ੇ ਪੁਰ ਇਕ ਹੋਰ 'ਨਿਸ਼ਾਣ' ਹੈ, ਜਿਸਦੀ ਲਿਖਤ ਦੂਜਿਆਂ ਨਾਲੋਂ ਕੁਝ ਵਖਰੀ ਹੈ।



Sri Satguru Jagjit Singh Ji Elibrary NamdhariElibrary@gmail.com

'ਵਾਰਾਂ' ਉਪਰ 'ਧੁਨੀਆਂ' ਦਿਤੀਆਂ ਹਨ ਜਿਕੁਰ ਪਤ੍ਰੇ ੧੩੧ ਪੁਰ ਆਸਾ ਦੀ ਵਾਰ ਉਪਰ ਦਿੱਤਾ ਹੈ: 'ਟੁੰਡੇ ਅਸਰਾਜੇ ਕੀ ਧੁਨੀ'। ਨਾਂਵੇਂ ਮਹਲੇ ਦੇ ਸੋਲਾਂ ਸ਼ਬਦ ਵੀ ਦਿਤੇ ਹਨ। ਇਸ ਬੀੜ ਬਾਬਤ ਕਿਹਾ ਗਿਆ ਹੈ ਕਿ ਇਸ ਵਿਚ ਬਾਣੀ ਵਧ ਘਟ ਤੇ ਅਗੇ ਪਿਛੇ ਕਿੱਤੀ ਹੈ। ਇਸ ਗੱਲ ਦਾ ਅੰਦਾਜ਼ਾ* ਲਗਾਣਾ, ਇਸ ਗ੍ਰੰਥ ਵਿਚ ਦਿਤੇ ਤਤਕਰੇ ਨੇ ਬੜਾ ਸੁਖਾਲਾ ਕਰ ਦਿੱਤਾ ਹੈ। ਇਸ ਤਤਕਰੇ ਵਿਚ ਹਰ ਸ਼ਬਦ ਦੀ ਪ੍ਰਤੀਕ ਦੇ ਖਬੇ ਪਾਸੇ, ਤੇ ਪਤ੍ਰੇ ਦਾ ਅੰਕ ਦਿੱਤਾ ਹੈ ਅਤੇ ਸਜੇ ਪਾਸੇ ਸ਼ਬਦ ਦਾ ਸਿਲਸਲੇਵਾਰ ਅੰਕ ਉਸ ਰਾਗ ਵਿਚ ਜਿਸ ਵਿਚ ਉਹ ਸ਼ਬਦ ਹੈ। ਹਰ ਰਾਗ ਦੇ ਪਿਛੇ ਸ਼ਬਦਾਂ ਦਾ ਜੋੜ ਦਿਤਾ ਹੈ। ਜਿਸਤਰ੍ਹਾਂ ਸਿਰੀ ਰਾਗ ਹੇਠਾਂ ਸ਼ਬਦਾਂ ਦੀ ਗਿਨਤੀ* ੧੩੬ ਦਿਤੀ ਹੈ। ਫੁਟ ਨੋਟ ਵਿਚ ਸਭ ਵੇਰਵਾ ਦਿੱਤਾ ਹੈ। ਅਸਲ ਵਿਚ ਇਹ ਤਤਕਰਾ ਭੀ ਮੁਕੱਮਲ ਨਹੀਂ, ਕਿਉਂਕਿ ਭਗਤ ਬਾਣੀ ਦੇ ਪਿਛੋਂ ਹੋਰ ਬਾਣੀਆਂ ਹਨ, ਜਿਨ੍ਹਾਂ ਦਾ ਵੇਰਵਾ ਤਤਕਰੇ ਵਿਚ ਨਹੀਂ ਕੀਤਾ। ਭਾਈ ਬੂਟਾ ਸਿੰਘ ਜੀ ਹਕੀਮ ਨੇ, ਜੋ ਭਾਈ ਨਾਨੂ ਸਿੰਘ

---

*ਤਰਤੀਬ ਅਤੇ ਗਿਨਤੀ ਇਉਂ ਦਿਤੀ ਹੈ:—
ਸ੍ਰੀ ਰਾਗ ੧੩੬; ਮਾਝ ੧੦੭; ਗਉੜੀ ੨੯੧; ਆਸਾ ੨੧੪; ਸਿਫ਼ ੨੯ ੪੫; ਗੌਂਡ ੨੮; ਰਾਮਕਲੀ ੧੧੧, ਸੂਹੀ ੧੦੦; ਬਿਲਾਵਲ ਫੇਰ ੧੧੦, ਆਸਾ ਫੇਰ ੯੬; ਗੁਜਰੀ ੬੧; ਦੇਵ ਗੰਧਾਰੀ ੪੭; ਸੂਹੀ ਫੇਰ ੩੦; ਮਾਰੂ ੧੪੨; ਕੇਦਾਰਾ ੧੯; ਤੁਖਾਰੀ ੧੧; ਧਨਾਸਰੀ ੯੬; ਟੋਡੀ ੩੩; ਬੈਰਾੜੀ ੭; ਭੀਮ ਪਲਾਸੀ (ਨਵਾਂ ਨਾਮ) ੬; ਜੈਤਸਰੀ ੨੦; ੩੯੩ ਸਾਖੀਆਂ ਗੁਰੂ ਜੀ ਕੀਆਂ। ਸ਼ਬਦ ਨਾਂਵੇਂ ਮਹਲੇ ਕੇ ੧੬; ਸੋਰਠ ੧; ਬਸੰਤ ੧; ਤਿਲੰਗ ੨੩; ਮਾਲੀ ਗਾਉੜਾ ੧੪; ਭੈਰਉ ੯੯; ਬਸੰਤ ਫੇਰ ੬੯; ਸੋਰਠ ਫੇਰ ੧੩੭; ਬਿਹਾਗੜਾ ੧੬; ਸਾਰੰਗ ੧੬੫; ਕਾਨੜਾ ੭੦; ਕਲਿਆਨ ੨੪; ਨਟ ਨਾਰੈਣ ੨੫, ਵਡਹੰਸ ੫੨; ਪ੍ਰਭਾਤੀ ੫੯; ਸ਼ਲੋਕ ਕਬੀਰ ੨੧੪, ਸ਼ਲੋਕ ਫਰੀਦ ੧੪੦; ਬਾਣੀ ਭਗਤਾਂ ਦੀ ੨੬੯; ਵਾਰਾਂ ਕਾ ਜੁਮਲਾ ੨੨; ਗ੍ਰੰਥ ਕਾ ਤਤਕਰਾ। ਪ੍ਰਾਣ ਸੰਗਲੀ ਕਾ ਤਤਕਰਾ ੨੭ ਧਿਆਇ; ਸਵੈਯੇ ੨੩, ਸਲੋਕ ਸਹਸਕ੍ਰਿਤੀ ੬੭, ਗਾਥਾ ੨੪, ਫੁਨਹੇ ੨੩, ਚਉਬੋਲੇ ੪ = ੩੩੨੦ ਸੰਪੂਰਣ ॥



Sri Satguru Jagjit Singh Ji Elibrary NamdhariElibrary@gmail.com

ਜੀ ਦੇ ਸਪੁਤ੍ਰ ਸਨ, ਮੈਨੂੰ ਸੰਨ ੧੯੧੭ ਵਿਚ, ਮੇਰੇ ਸਵਾਲਾਂ ਦੇ ਜਵਾਬ ਵਿਚ ਹੇਠਲੀ ਚਿਠੀ ਲਿਖੀ ਸੀ:–

"ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੋ ਪ੍ਰਾਚੀਨ ਬਖਸ਼ਸ਼, ਸ੍ਰੀ ਗੁਰੂ ਕਲਗੀਧਰ ਜੀ ਨੇ ਅਸਾਡੇ ਬਜ਼ੁਰਗ ਨੂੰ ਆਪਣੇ ਦਸਤਖ਼ਤ ਕਰਕੇ ਕੀਤੀ ਸੀ; ਇਹ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਸ਼ਮੇਸ਼ ਜੀ ਸੇ ਪਹਿਲੇ ਕਾ ਹੈ, ਕਿਉਂ ਜੋ ਮਹਾਰਾਜ ਛੇਵੀਂ ਪਾਤਸ਼ਾਹੀ ਜੀ ਦੇ ਦਸਤਖਤ ਭੀ ਹੈਨ ਤੇ ਥੋੜੀ ਜਿਹੀ ਸੰਸਕ੍ਰਿਤ ਭੀ ਲਿਖੀ ਹੈ ਜਿਸ ਵਿਚ ਸੰਮਤ ੧੬੯੩ ਲਿਖਿਆ ਹੈ।

(੨) ਨਾਵੀਂ ਪਾਤਸ਼ਾਹੀ ਦੇ ਸਿਰਫ ੧੪,੧੫ ਸ਼ਬਦ ਹੀ ਹਨ। ਮਹਿਲ ੯ ਦੀ ਹੋਰ ਬਾਣੀ ਨਹੀਂ।

(੩) ਭਗਤਾਂ ਦੇ ਪੰਜ ਸਤ ਸ਼ਬਦ ਪਹਿਲੇ ਲਿਖਕੇ ਫੇਰ ਸ਼ਲੋਕ ਕਬੀਰ ਜੀ, ਫ਼ਰੀਦ ਜੀ ਤੇ ਫੇਰ ਹੋਰ ਰਾਗਾਂ ਦੇ ਸ਼ਬਦ ਹੈਂ।

(੪) ਭਗਤਾਂ ਦੀ ਬਾਣੀ ਤੋਂ ਫਿਰ ਅਗੇ ਹੈ ਬਾਵਨ ਅਖਰੀ, ਸੁਖਮਨੀ ਸਾਹਿਬ, ਮਾਲਕੋਸ ਦੀ ਵਾਰ, ਰਾਗ ਮਾਲਾ, ਮੁੰਦਾਵਣੀ, ਸ਼ਲੋਕ, ਫਿਰ ਰਾਗਮਾਲਾ, ਫੇਰ ਦੋਆਂ ਸਤਿਗੁਰਾਂ ਦੇ ਦਸਤਖਤ, ਫਿਰ ਜੁਗਾਵਲੀ ਤੇ ਪ੍ਰਾਣ ਸੰਗਲੀ ਦੇ ੨੫ ਧਿਆਇ, ਫਿਰ ਸਵੈਯੇ, ਸਲੋਕ, ਰਤਨਮਾਲਾ, ਕੁਛ ਥੋੜੀ ਜਿਹੀ ਸੰਸਕ੍ਰਿਤ ਭੀ ਹੈ।"

ਹੋਰ ਸਵਾਲ ਜੋ ਮੈਂ ਕਰ ਭੇਜੇ ਸਨ, ਓਹਨਾਂ ਦਾ ਉਤ੍ਰ ਹਕੀਮ ਜੀ ਨੇ ਨਹੀਂ ਸੀ ਦਿੱਤਾ।

ਰਾਗ ਰਾਮਕਲੀ ਵਿਚ 'ਟਿਕੇ ਦੀ ਵਾਰ' ਜੋ ਰਾਇ ਬਲਵੰਡ ਤਥਾ ਸਤੇ ਡੂਮ ਦੀ ਕਹੀ ਹੈ; ਉਸਦੀਆਂ ਅਠ ਪਉੜੀਆਂ ਆਮ ਗਰੰਥ ਸਾਹਿਬਾਂ ਵਿਚ ਹੁੰਦੀਆਂ ਹਨ; ਓਹਨਾਂ ਦੇ ਨਾਲ ਦੋ ਹੋਰ ਛੇਵੇਂ ਗੁਰੂ ਦੀ ਗੱਦੀ ਨਸ਼ੀਨੀ ਪੁਰ ਕਹਿਕੇ ਅਠ ਦੀ ਥਾਂ ਦਸ ਪਉੜੀਆਂ ਕਰ ਦਿਤੀਆਂ ਹਨ। ਬਹੁਤ ਕਰ ਕੇ ਇਹ ਦੋਵੇਂ ਭੀ ਸਤੇ ਬਲਵੰਡ ਨੇ ਹੀ ਰਚੀਆਂ ਹੋਣਗੀਆਂ ਜਾਂ ਓਹਨਾਂ ਦੀ ਔਲਾਦ ਵਿਚੋਂ ਕਿਸੇ ਨੇ। ਵਾਧੂ ਦੋ



Sri Satguru Jagjit Singh Ji Elibrary NamdhariElibrary@gmail.com

ਪਉੜੀਆਂ ਇਸਤਰ੍ਹਾਂ ਪੁਰ ਹਨ:-

ਪੰਚਾਇਣਿ ਕਾਇਆਂ ਪਲਟਿ ਬਾਏਂ ਛੇਵੇਂ ਕੀਉਨ ਨਿਵਾਸ।
ਉਤਰਿਆ ਅਉਤਾਰ ਲੈ ਬਾਲ ਰੂਪੀ ਸਭ ਗੁਣ ਤਾਸ।
ਪਿਛੇ ਕੁਦਰਤਿ ਘਤਿਉਨਿ ਧਰਿ ਤੱਕ ਤੋਲਿਓਨੁ ਅਕਾਸ।
ਦਿਨਸ ਚੜ੍ਹਾਇਉਨੁ ਰਾਤਿ ਘਤਿ ਕੁਦਰਤ ਕੀਓਨੁ ਪਰਗਾਸ।
ਆਇ ਵਾਉ ਨਾ ਡੋਲਈ ਪਰਬਤ ਜਿਵੇਂ ਕਉਲਾਸੁ।
ਨਾਨਕ ਅੰਗਦ ਅਮਰਦਾਸ ਗੁਰੂ ਅਰਜਨ ਤੂੰ ਰਾਮਦਾਸ।
ਪੰਚਾਇਣ ਕਾਯਾਂ ਪਲਟਿ ਬਾਇ ਛੇਵੀ ਕੀਉ ਨਿਵਾਸ ॥੯॥
ਅੰਬਰ ਧਰਤਿ ਵਿਛੋੜਿਓਨੁ ਵਿਣ ਥਮਾਂ ਗਗਨ ਖਲੋਆ।
ਬਾਬੈ ਤੂੰ ਵਡਿਆਇਉਨ ਸੁਵੰਨੀ ਖਿਵੈ ਚੰਦੋਆ।
ਚਉਦਹਿ ਰਤਨ ਨਿਕਾਲਿਓਨੁ ਕਲਿ ਅੰਦਰ ਚਾਨਣ ਹੋਆ।
ਅਗੇ ਡੁਬੀ ਜਾਂਦੀ ਸੀ ਮੇਦਨੀ, ਦੇ ਹਥੀਂ ਆਪ ਖਲੋਆ।
ਨਾਨਕ ਅੰਗਦ ਅਮਰ ਗੁਰ ਅਰਜਨ ਭੀ ਆਪੇ ਹੋਆ।
ਪੰਚਾਇਣ ਆਪੇ ਵਰਤਿਆ, ਛਿਅ: ਪੁਰਖ ਭੀ ਆਪੇ ਹੋਆ॥੧੦॥

ਅਸੀਂ ਉਪਰ ਕਹਿ ਆਏ ਹਾਂ ਕਿ ਏਸ ਗ੍ਰੰਥ ਵਿਚ ਨਿਰੀ ਗ੍ਰੰਥ ਸਾਹਿਬ ਦੀ ਹੀ ਬਾਣੀ ਨਹੀਂ ਸਗੋਂ ਹੋਰ ਪੋਥੀਆਂ ਦੇ ਵਰਕੇ ਕਢਕੇ ਭੀ ਪਾਏ ਹਨ। ਇਕ ਪੋਥੀ ਦਾ ਨਾਮ ਹੈ, 'ਸਤਿਗੁਤ ਜੀ ਕੀ ਉਸਤਤੀ, ਨਿਰੰਜਨ ਕੀ ਭਗਤਿ' ਜਿਸਦੀ ਪਹਿਲੀ ਤੁਕ ਹੈ:-'ਗੁਰਮੁਖ ਨਾਮ ਨਿਰੰਜਨ ਲੀਜੈ।' ਇਹ ਪੋਥੀ ਹੈ ਜਿਸਦੇ ਵਰਕੇ (ਅੰਕ ੧੫੨੧ ਤੋਂ ੧੬੧੨ ਏਸ ਗਰੰਥ ਵਿਚ) ਹੇਠਾਂ ਵਲੋਂ ਥੋੜੇ ਜਿਹੇ ਭਿਜੇ ਹੋਏ ਹਨ, ਪਾਣੀ ਜਿਥੇ ਸਭ ਤੋਂ ਡੂੰਘਾ ਗਿਆ ਹੈ, ਓਥੇ ਕੋਈ ਸਵਾ ਇੰਚ ਉੱਚਾ ਹੋਊ। ਮਾਲੂਮ ਹੁੰਦਾ ਹੈ, ਏਸ ਪੋਥੀ ਉਤੇ ਪਾਣੀ ਡੁਲ੍ਹੀ ਗਿਆ ਸੀ, ਭਿਜੇ ਕਿਨਾਰਿਆਂ ਤੋਂ ਕਰਤਾਰ ਪੁਰੀਆਂ ਦੀ ਨਕਲ ਪੁਰ



Sri Satguru Jagjit Singh Ji Elibrary NamdhariElibrary@gmail.com

ਕਰਾਮਾਤ ਵਾਲੀ ਕਹਾਣੀ ਪਿਛੋਂ ਘੜ ਲਈ ਗਈ।

ਏਸ ਪੋਥੀ ਦੇ ਪਿਛੋਂ ਚਾਰ ਵਰਕੇ ਕੋਰੇ ਛਡਕੇ ਇਕ ਹੋਰ ਪੋਥੀ ਆਉਂਦੀ ਹੈ, ਜਿਸਦਾ ਨਾਮ 'ਆਤਮ ਪ੍ਰਬੋਧਨ ਨਿਰੰਤ੍ਰ ਕਥਾ' ਹੈ। ਏਸਨੂੰ 'ਰਾਗ ਰਾਮਕਲੀ ਬੀਹ (ਬੀਰ ?) ਵਾਚਲਿਆ' ਦੀ ਹਿਦਾਇਤ ਕੀਤੀ। ਇਹ ਪਤ੍ਰੇ ੧੬੭੬ ਤੋਂ ੧੬੮੨ ਤੱਕ ਹੈ।

ਏਸਤੋਂ ਪਿਛੋਂ 'ਸਵੈਯਾ ਮ: ੫' ਦੇਕੇ ਜੁਗਾਵਲੀ ਨਾਲ ਕਈ ਵਰਕੇ ਭਰੇ ਹਨ। ਵਿਚ ਪੰਦਰਾਂ ਵੀਹ ਵਰਕੇ ਡਾਢੇ ਸੁਫੈਦ ਤੇ ਸਫਾਈ ਵਾਲੇ ਹਨ, ਕਾਗਜ਼ ਹੈ ਤਾਂ ਦੇਸੀ ਬਣਿਆ ਹੋਇਆ ਈ, ਪਰ ਮਸ਼ੀਨ ਦੇ ਬਣੇ ਕਾਗਜ਼ ਦੀ ਕਾਤਰਾਂ ਦੀ ਲੇਵੀ (Pulp) ਤੋਂ, ਇਹ ਮੇਰਾ ਕਿਆਸ ਹੈ। ਜੇ ਇਹ ਕਿਆਸ ਠੀਕ ਹੈ, ਤਾਂ ਜਿਲਦ ਕੋਈ ਅੱਸੀ ਨੱਵੇ ਵਰ੍ਹੇ ਤੋਂ ਪੁਰਾਣੀ ਨਹੀਂ ਹੋ ਸਕਦੀ, ਜਦ ਕਿ ਪੰਜਾਬ ਵਿਚ ਛਾਪੇਖਾਨੇ ਚਲ ਪਏ ਸਨ ਅਤੇ ਕਾਤਰਾਂ ਰਦੀ ਵਿਚ ਮਿਲ ਸਕਦੀਆਂ ਸਨ।

# ੧੪-ਦਮਦਮੇ ਵਾਲੀ ਬੀੜ

## ਮਘਰ ਸੰਮਤ ੧੭੩੨ ਦੀ, ਢਾਕਾ ਸੰਗਤ ਵਿਚ

ਗੁਰੂ ਤੇਗ ਬਹਾਦਰ ਮਘਰ ਸੁਦੀ ੫ ਸੰਮਤ ੧੭੩੨ ਨੂੰ ਸ਼ਹੀਦ ਹੋਏ, ਅਤੇ ਇਸ ਬੀੜ ਦੀ ਲਿਖਾਈ ਏਸ ਸਾਕੇ ਤੋਂ ੧੭ ਦਿਨ ਪਿਛੋਂ ਖ਼ਤਮ ਹੋਈ। ਤਤਕਰੇ ਦੇ ਪਿਛੇ ਲਿਖਿਆ ਹੈ:-

"ਸੰਮਤ ੧੭੩੨ ਮਿਤੀ ਅਗਹਨ ਵਦੀ ॥੭॥ ਗ੍ਰੰਥ ਲਿਖਿਆ" 'ਪਾਤਸ਼ਾਹੀ ੧੦ ਦਾ ਦੋਹਰਾ, 'ਬਲ ਹੋਓ ਬੰਧਨ ਛੁਟੇ' ਵਿਚ ਦਿੱਤਾ ਹੈ, ਅਤੇ ਉਸ ਤੋਂ ਪਿਛੋਂ ਦਾ ਸੰਦੇਸਾ,



Sri Satguru Jagjit Singh Ji Elibrary NamdhariElibrary@gmail.com

'ਸੰਗ ਸਖਾ ਸਭ ਤਜ ਗਏ ਕੋਈ ਨ ਨਿਭਿਓ ਸਾਥ' ਭੀ ਦਿੱਲੀ ਤੋਂ ਪੁਜ ਚੁੱਕਾ ਸੀ। ਗੁਰੂ ਤੇਗ ਬਹਾਦਰ ਦੀ ਬਾਣੀ ਅਡ ਅਡ ਰਾਗਾਂ ਹੇਠਾਂ ਦਿਤੀ ਹੈ। ਏਸਤੋਂ ਪਹਿਲੋਂ ਲਿਖਿਆ ਗ੍ਰੰਥ ਸਾਹਿਬ, ਜਿਸ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਥਾਂ ਥਾਂ ਸਿਰ ਦਿੱਤੀ ਹੋਵੇ, ਹੋਰ ਕੋਈ ਹੈ ਨਹੀਂ ਅਤੇ ਨਾ ਹੀ ਹੋਣਾ ਸੰਭਵ ਹੈ। ਦਸ਼ਮੇਸ਼ ਏਸ ਵੇਲੇ ਨੌ ਕੂ ਵਰ੍ਹੇ ਦੇ ਬਚੇ ਸਨ, ਭਾਵੇਂ 'ਰਹਿਉ ਗੁਰ ਗੋਬਿੰਦ' ਦੇ ਬਚਨ ਅਨੁਸਾਰ ਗੁਰੂ ਤੇਗ ਬਹਾਦਰ ਦੇ ਪਿਛੋਂ ਗੁਰੂ ਥਾਪੇ ਜਾ ਚੁਕੇ ਸਨ, ਪਰ ਪੰਦਰਾਂ ਸੋਲਾਂ ਦਿਨਾਂ ਦੇ ਅੰਦਰ ਗ੍ਰੰਥ ਸਾਹਿਬ ਨਕਲ ਨਹੀਂ ਸੀ ਹੋ ਸਕਦਾ। ਗੁਰੂ ਗਦੀ ਦੇ ਨਾਲ ਦੀ ਬੀੜ ਦਰਯਾ-ਬੁਰਦ ਹੋ ਚੁਕੀ ਸੀ, ਅਤੇ ਉਸ ਗਲ ਤੋਂ ਛੇ ਕੂ ਮਹੀਨੇ ਪਿਛੋਂ ਗੁਰੂ ਸਾਹਿਬ ਮਾਖੋਵਾਲ ਨੂੰ ਛਡਕੇ ਤੀਰਥ ਯਾਤ੍ਰਾ ਕਰਦੇ ਪਟਨੇ ਚਲੇ ਗਏ ਸਨ, ਜਿਥੋਂ ਕਾਹਲੀ ਵਿਚ, ਕਬੀਲੇ ਨੂੰ ਪਟਨੇ ਹੀ ਛੱਡਕੇ, ਮਸਾਂ ਡੇਢ ਕੂ ਵਰ੍ਹਾ ਸ਼ਹਾਦਤ ਤੋਂ ਪਹਿਲੋਂ ਪੰਜਾਬ ਵਾਪਸ ਆਏ ਸਨ। ਇਹ ਬੀੜ ਦੋ ਤਿੰਨ ਆਦਮੀਆਂ ਨੇ ਮਿਲਕੇ ਲਿਖੀ ਹੋਈ ਹੈ। ਮਾਮੂਲੀ ਨਤੀਜਾ ਜੋ ਅਸੀਂ ਇਹਨਾਂ ਗਲਾਂ ਤੋਂ ਕਢ ਸਕਦੇ ਹਾਂ, ਇਹ ਹੈ ਕਿ ਗੁਰੂ ਤੇਗ਼ ਬਹਾਦਰ ਨੇ ਏਸ ਬੀੜ ਦੇ ਲਿਖੇ ਜਾਣ ਦੀ ਆਪ ਆਗਿਆ ਕੀਤੀ ਅਤੇ ਆਪਣੀ ਬਾਣੀ ਵੀ ਲਿਖਾਰੀਆਂ ਨੂੰ ਦੇਕੇ ਉਸਦੇ ਥਾਓਂ ਥਾਂਈ ਦਰਜ ਕਰਨ ਲਈ ਹਿਦਾਇਤ ਕੀਤੀ। ਆਪ ਇਹ ਆਗਿਆ ਦੇਕੇ ਫੇਰ ਮਾਲਵੇ ਦੀਆਂ ਧਰਮਸਾਲਾਂ ਸੰਗਤਾਂ ਦੇ ਦੌਰੇ ਵਾਸਤੇ ਲੇਕਿਨ



Sri Satguru Jagjit Singh Ji Elibrary NamdhariElibrary@gmail.com

ਅਤੇ ਏਸੇ ਦੌਰੇ ਵਿਚ ਗ੍ਰਿਫ਼ਤਾਰ ਕਰਕੇ ਦਿੱਲੀ ਭੇਜ ਦਿਤੇ ਗਏ, ਜਿਥੇ ਇਹ ਸ਼ਹਾਦਤ ਤੋਂ ਪਹਿਲੇ ਤਿੰਨ ਕੁ ਮਹੀਨੇ ਦੇ ਕ੍ਰੀਬ ਕੈਦ ਰਹੇ। ਬੀੜ ਦੀ ਲਿਖਾਈ ਹਾਲੀ ਖ਼ਤਮ ਨਹੀਂ ਸੀ ਹੋਈ, ਜਿਸ ਕਰਕੇ ਓਹਨਾਂ ਦੇ ਚਲਾਣੇ ਤੋਂ ਥੋੜੇ ਦਿਨ ਪਹਿਲੇ ਕਹੇ ਸ਼ਲੋਕ ਤੇ ਦੁਹਰੇ ਭੀ ਛੇਕੜ ਪੁਰ ਗ੍ਰੰਥ ਸਾਹਿਬ ਵਿਚ ਦਰਜ ਹੋ ਸਕੇ।

ਇਹ ਬੀੜ ਮਾਖੋਵਾਲ ਵਿਚ ਹੀ ਤਿਆਰ ਹੋ ਸਕਦੀ ਸੀ ਅਤੇ ਕੁਦਰਤੀ ਤੌਰ ਪੁਰ ਉਸ ਅਸਥਾਨ ਤੇ ਜਿਸਨੂੰ ਅਜ ਕਲ ਦਮਦਮਾ ਆਖਦੇ ਹਨ। ਇਸ ਕਰਕੇ ਮੈਂ ਕਹਾਂਗਾ ਕਿ ਇਹੋ ਦਮਦਮੇ ਵਾਲੀ ਬੀੜ ਹੈ, ਅਤੇ ਇਹੋ ਹੁਣ ਗੁਰੂ-ਗਦੀ ਦੇ ਨਾਲ ਦੀ ਬੀੜ ਸੀ ਅਤੇ ਸੰਮਤ ੧੭੬੧ ਤਕ ਰਹੀ । ਬਾਕੀ ਰਹਿ ਗਈ ਇਹ ਗਲ ਕਿ ਇਹ ਢਾਕੇ ਕਿਵੇਂ ਜਾ ਅਪੜੀ, ਏਸਦਾ ਜਵਾਬ ਸੁਖੱਲਾ ਹੈ। ਜਦ ਸੰਮਤ ੧੭੬੧ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛਡਣਾ ਪਿਆ; ਅਤੇ ਵੈਰੀਆਂ ਨੇ ਏਸ ਕਸਬੇ ਨੂੰ ਢਾ ਢੇਰੀ ਕਰ ਦਿਤਾ, ਉਸ ਵਕਤ ਕੋਈ ਸਿਖ ਢਾਕੇ ਦੀ ਸੰਗਤ ਦਾ, ਜੋ ਦਰਸ਼ਣਾ ਨੂੰ ਆਇਆ ਹੋਇਆ ਸੀ, ਏਸ ਗ੍ਰੰਥ ਸਾਹਿਬ ਨੂੰ ਢਾਕੇ ਲੈ ਗਿਆ, ਜਿਥੇ ਇਹ ਹੁਣ ਤਕ ਸਾਂਭਿਆ ਰਿਹਾ ਹੈ। ਅਨੰਦ ਪੁਰ ਏਸ ਤੋਂ ਪਿਛੋਂ ਤੀਹ ਵਰ੍ਹੇ ਤਕ ਨਹੀਂ ਵਸਿਆ।

ਮੈਂ ਏਸਨੂੰ ਸਭ ਤੋਂ ਪਹਿਲੀ ਬੀੜ ਜਾਣਦਾ ਹਾਂ ਜਿਸ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਦਿੱਤੀ ਹੋਈ ਹੈ, ਜਾਂ ਇਉਂ ਕਹੋ ਜੋ ਇਹ ਮੁਕੰਮਲ ਗ੍ਰੰਥ ਸਾਹਿਬ ਹੈ, ਅਤੇ ਇਸੇ ਨੂੰ ਮੈਂ 'ਦਮਦਮੇ ਵਾਲੀ ਬੀੜ' ਦਾ ਪ੍ਰਸਿਧ ਨਾਮ ਦੇਂਦਾ ਹਾਂ। ਏਸੇ ਕਰਕੇ ਮੈਂ ਏਸ ਦਾ ਇਮਤਹਾਨ ਕੁਝ ਵੇਰਵੇ ਨਾਲ



Sri Satguru Jagjit Singh Ji Elibrary NamdhariElibrary@gmail.com

ਕੀਤਾ ਹੈ ।

ਮਾਖੋਵਾਲ ਦੇ ਲਿਖਾਰੀਆਂ ਪਾਸ ਕੇਹੜੀ ਬੀੜ ਸੀ ਜਿਸ ਤੋਂ ਉਹਨਾਂ ਨੇ ਨਕਲ ਕੀਤੀ ? ਏਸ ਸਵਾਲ ਦਾ ਜਵਾਬ ਇਸ ਇਮਤਿਹਾਨ ਤੋਂ ਮਿਲ ਜਾਂਦਾ ਹੈ। ਉਹ ਬੀੜ ਭਾਈ ਬਨੋਂ ਵਾਲੀ ਬੀੜ ਤੋਂ ਕੀਤਾ ਹੋਇਆ ਕੋਈ ਉਤਾਰਾ ਸੀ—ਚੌਥੀ ਜਾਂ ਪੰਜਵੀਂ ਥਾਂ । ਸਾਰੀਆਂ 'ਧੁਨੀਆਂ' ਵਾਰਾਂ ਉਤੇ ਦਿਤੀਆਂ ਹਨ ਅਤੇ ਅਸਲ ਲਿਖਾਰੀ ਦੇ ਹਥ ਦੀਆਂ ਲਿਖੀਆਂ ਹਨ। ਰਾਗ ਮਾਰੂ ਹੇਠਾਂ ਮੀਰਾਂ ਬਾਈ ਦਾ ਸ਼ਬਦ ਪੂਰਾ ਦਿੱਤਾ ਹੈ ਅਤੇ ਉਹ ਭੀ ਅਸਲ ਲਿਖਾਰੀ ਦੇ ਹਥੀਂ । ਸਾਰੰਗ ਰਾਗ ਵਿਚ ਸੂਰਦਾਸ ਦਾ ਇਕੋ ਸ਼ਬਦ ਦਿੱਤਾ ਹੈ, ਅਤੇ ਜੋ ਵਾਧੂ ਸ਼ਬਦ ਭਾਈ ਬਨੋਂ ਨੇ ਪਾਇਆ ਸੀ, ਉਹ ਨਹੀਂ ਦਿੱਤਾ, ਅਤੇ ਨਾ ਉਸਦੀ ਪਹਿਲੀ ਤੁਕ ਹੀ ਦਿੱਤੀ ਹੈ । ਜੇਹੜਾ ਸ਼ਬਦ ਸੂਰਦਾਸ ਦਾ ਦਿੱਤਾ ਹੈ, ਉਸਦਾ ਫ਼ਰਕ ਛਾਪੇ ਵਾਲੀ ਬੀੜਾਂ ਨਾਲੋਂ ਇਤਨਾ ਹੈ ਕਿ ਸਾਰੀ ਥਾਈਂ 'ਲੋਕ' ਦੀ ਬਜਾਏ 'ਲੋਕਾ' ਪਾਠ ਦਿੱਤਾ ਹੈ। 'ਸੋ ਪੁਰਖ' ਵਾਲੇ ਚਾਰ ਸ਼ਬਦ ਨਿਤਨੇਮ ਦੀ ਬਾਣੀ ਰਹਿਰਾਸ ਵਿਚ ਨਹੀਂ ਦਿਤੇ।

## ਤਤਕਰੇ (Contents)

'ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ' ਇਹ ਸਿਰਨਾਵਾਂ ਦੇ ਕੇ ਇਸ ਗ੍ਰੰਥ ਦੇ ਲਿਖੇ ਜਾਣ ਦਾ ਸੰਮਤ ਇਉਂ ਦਿੱਤਾ ਹੈ:—'ਸੰਮਤ ॥ ੧੭੩੨ ॥ ਮਿਤੀ ਅਘਹਨ ਵਦੀ ॥੭॥ ਗਰੰਥ ਲਿਖਿਆ ।' ਫੇਰ ਹੈ—'ਜਪੁ ਸ੍ਰੀ ਗੁਰੂ ਰਾਮਦਾਸ ਜੀਉ ਕਿਆ ਦਸਖਤਾਂ ਕਾ ਨਕਲੁ ਥਾ, ਤਿਸ ਕਾ ਨਕਲੁ, ਨਕਲੁ ਕਾ ਨਕਲ, ਕਾ ਨਕਲ, ਕਾ ਨਕਲ, ਕਾ ਨਕਲ, ਕਾ ਨਕਲ, ਨਕਲ ਕਾ ਨਕਲ ਤਿਸ ਕਾ ਨਕਲੁ ।' ਮਤਲਬ ਹੈ ਕਿ ਜਪੁਜੀ ਗੁਰੂ ਰਾਮਦਾਸ ਦੇ ਹਥ ਦੀ ਲਿਖੀ ਪੋਥੀ ਤੋਂ ਯਾਹਰਵੀਂ ਥਾਂ ਨਕਲ ਸੀ। ਇਹ ਸੰਭਵ ਨਹੀਂ ਕਿ ਏਥੇ ਕਿਸੇ ਵਖ ਪੋਥੀ ਵਲ ਇਸ਼ਾਰਾ ਹੋਵੇ, ਜੋ ਲਿਖਾਰੀ ਦੇ ਹਥ ਵਿਚ ਵਰਤੀ ਸੀ। ਉਹ ਜ਼ਰੂਰ ਕਿਸੇ ਬੀੜ ਤੋਂ ਨਕਲ ਕਰ ਰਿਹਾ ਹੈ; ਜਿਸ ਤੋਂ ਇਹ ਬੀੜ ਅਸਲ 'ਆਦਿ-ਬੀੜ' ਨਾਲੋਂ ਯਾਹਰਵੇਂ ਥਾਂ ਨਕਲ ਸੀ। ਅਸੀਂ ਉਪਰ 'ਚੌਥੀ ਪੰਜਵੀਂ ਥਾਂ' ਲਿਖਿਆ ਹੈ, ਉਹ ਜੋ ਅਦਲ ਬਦਲ ਜਾਂ ਵਧਾ ਘਟਾ ਏ ਹੁਨ, ਉਸ ਖਿਆਲ ਨਾਲ ਕਿਹਾ ਸੀ।

ਤਤਕਰੇ ਕਈ ਵਰਕਿਆਂ ਪੁਰ ਮੁਕੇ ਹਨ। ਚਾਲੀਵੇਂ ਵਰਕੇ ਦੇ ਪਹਿਲ



Sri Satguru Jagjit Singh Ji Elibrary NamdhariElibrary@gmail.com

ਸਫ਼ੇ ਪੁਰ ਨਾਵੇਂ ਗੁਰੂ ਤਕ ਦੇ ਚਲਾਣੇ ਦੀਆਂ ਥਿਤਾਂ ਦਿੱਤੀਆਂ ਹਨ। ਗੁਰੂ ਨਾਨਕ ਸਾਹਿਬ ਦੀ ਥਿਤ ਅਸੂ ਵਦੀ ੧੦ ਦੀ ਦਿੱਤੀ ਹੈ, 'ਅਸੂ ਸੁਦੀ ੯ ਜਾਂ ੧੦' ਨਹੀਂ। ਬਾਬਾ ਗੁਰਦਿੱਤਾ ਦੀ ਥਿਤ ਨਹੀਂ ਦਿੱਤੀ, ਅਤੇ ਛੇਵੇਂ ਗੁਰੂ ਦੀ ਥਿਤ ਸਿਧੇ ਥੋੜੇ ਲਫ਼ਜ਼ਾਂ ਵਿਚ ਦਿਤੀ ਹੈ; ਅਸਲ 'ਆਦਿ-ਬੀੜ' ਦੇ ਪਿਛੇ ਜੋ ਲੰਮੀ ਅਤੇ ਲੋੜੋਂ ਵਧ ਵਡਿਆਈ ਵਾਲੀ ਲਿਖਤ ਹੈ, ਉਹ ਨਹੀਂ ਦੁਹਰਾਈ। ਲਿਖਿਆ ਹੈ:- 'ਸੰਮਤ ੧੭੦੧ ਚੇਤ ਸੁਦੀ ੫ ਆਦਿਤ ਵਾਰ ਸ੍ਰੀ ਸਤਿਗੁਰੂ ਹਰ ਗੋਬਿੰਦ ਜੀ ਸਮਾਣੇ।' ਇਸ ਦਾ ਮਤਲਬ ਹੈ ਕਿ ਬੀੜਾਂ ਦੀ ਜਿਸ ਸ਼ਾਖ ਵਿਚ ਇਹ ਵਾਕੇ ਵਾਲੀ ਬੀੜ ਹੈ, ਓਹ ਗੁਰੂ ਹਰਿ ਰਾਇ ਸਾਹਿਬ ਦੇ ਵੇਲੇ ਅਤੇ ਸ੍ਰੀ ਹਰਿ ਕ੍ਰਿਸ਼ਨ ਜੀ ਦੇ ਹਥੋਂ ਬਾਬੇ ਗੁਰਦਿਤੇ ਅਤੇ ਗੁਰੂ ਹਰ ਗੋਬਿੰਦ ਸਾਹਿਬ ਦੀਆਂ ਥਿਤਾਂ, 'ਆਦਿ-ਬੀੜ' ਵਿਚ ਦਰਜ ਹੋਣ ਤੋਂ ਪਹਿਲੇਂ ਅੱਡ ਹੋ ਚੁਕੀ ਹੋਈ ਸੀ। ਨਾਵੇਂ ਮਹਲ ਦੀ ਥਿਤ ਉਹਨਾਂ ਦੇ ਚਲਾਣੇ ਦੇ ਪਿਛੋਂ ਝਟ ਹੀ ਲਿਖੀ ਗਈ, ਕਿਉਂ ਜੋ ਇਸ ਦਰਦਨਾਕ ਸਾਕੇ ਦੀ ਉਡੀਕ ਲਗ ਰਹੀ ਸੀ, ਕਿਸੇ ਦਿਨ ਦਾ ਹੀ ਸਵਾਲ ਸੀ। ਲਿਖਿਆ ਹੈ:-

"ਸੰਮਤ ੧੭੦੩੨* ਮਘਰ ਸੁਦੀ ੫ ਵੀਰਵਾਰ ਦੁਇ ਪਹਿਰ ਇਕ ਘੜੀ ਦਿਨ ਚੜ੍ਹਿਆ ਸੀ ਸ੍ਰੀ ਸਤ ਗੁਰੂ ਜੀ ਤੇਗ ਬਹਾਦਰੁ ਜੀ ਦਿਲੀ ਵਿਚ ਸਾਕਾ ਹੋਆ ਗੁਰੂ ਕੀਤਾ।'

ਏਸ ਤੋਂ ਪਿਛੋਂ ੪੧ਵੇਂ ਵਰਕੇ ਤੋਂ ਲੈਕੇ ੯੩੯ ਵਰਕੇ ਤਕ ਗਰੰਥ ਸਾਹਿਬ ਦੀ ਬਾਣੀ ਹੈ, ਜੋ 'ਮੁੰਦਾਵਣੀ' ਪੁਰ ਜਾਕੇ ਮੁਕੀ ਹੈ।

'ਮੁੰਦਾਵਣੀ' ਦੇ ਪਿਛੋਂ ਹੇਠ ਲਿਖੀਆਂ ਬਾਣੀਆਂ ਏਸੇ ਤਰਤੀਬ ਸਿਰ ਦਿਤੀਆਂ ਹਨ, ਅਤੇ ਤਤਕਰੇ ਵਿਚ ਉਹਨਾਂ ਦੀਆਂ ਪ੍ਰਤੀਕਾਂ ਹਨ-

ਸਲੋਕ 'ਜਿਤ ਦਰ ਲਖ ਮੁਹਮਦਾ'।

'ਗੋਸ਼ਟ ਮਲਾਰ ਨਾਲ ਹੋਈ'

ਰਾਮਕਲੀ 'ਰਤਨਮਾਲਾ' ਜਿਸ ਦੇ ਅੰਤ ਪੁਰ ਦਸਤੂਰ ਮੁਤਾਬਕ ਤੋਰਕੀ ਤੇ ਗੁਰਮੁਖੀ ਵਿਚ ਲਿਖਨ ਬਾਬਤ ਟਿਪਨੀ ਹੈ।

'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ'।

'ਰਾਗ ਮਾਲਾ' ਤੇ 'ਸਿਆਹੀ ਕੀ ਬਿਧਿ'।

## ਨਿਤਨੇਮ ਦੀ ਬਾਣੀ (Prologue)

'ਸੋ ਪੁਰਖ' ਵਾਲੇ ਚਾਰ ਸ਼ਬਦ ਜੋ ਛਾਪੇ ਦੇ ਗ੍ਰੰਥਾਂ ਵਿਚ ਨਿਤਨੇਮ ਦੀ ਬਾਣੀ ਰਹਿਰਾਸ ਵਿਚ ਦਿਤੇ ਹੁੰਦੇ ਹਨ, ਉਹ ਇਸ ਬੀੜ ਵਿਚ ਵੀ ਨਹੀਂ, ਜਿਸ ਤਰ੍ਹਾਂ ਕਿ ਹੋਰ ਬਹੁਤ ਸਾਰੀਆਂ ਪ੍ਰਾਚੀਨ ਬੀੜਾਂ ਵਿਚ ਨਹੀਂ।

*ਲਿਖਾਰੀ ਨੂੰ ੧੭੩੨ ਲਿਖਣਾ ਨਹੀਂ ਆਇਆ।



Sri Satguru Jagjit Singh Ji Elibrary NamdhariElibrary@gmail.com

'ਜਪੁਜੀ' ਦੇ ਉਤਾਰਾ ਕਰਨ ਵਿਚ ਖ਼ਾਸ ਇਹਤਿਆਤ ਕੀਤੀ ਦਸੀ ਹੈ। ਸੋ ਮੈਂ ਏਸਦੀ ਪੜਤਾਲ ਲਗਾਂ ਮਾਤ੍ਰਾਂ ਸੁਧੀ ਕੀਤੀ ਹੈ, ਅਤੇ ਇਹ ਵੇਖਕੇ ਖ਼ੁਸ਼ ਹਾਂ ਕਿ ਬਹੁਤ ਥੋੜੇ ਫ਼ਰਕ ਮੈਨੂੰ ਮਿਲੇ ਹਨ, ਮਸਲਨ–ਨਿਰੰਜਨ (ਔਂਕੜ ਨਹੀਂ ਦਿੱਤਾ) ਸਾਲਾਹਨ ਮੰਦੁ, ਵਡੀ ਕਲਾਮ ('ਵ' ਦੇ ਹੇਠਾਂ ਔਂਕੜ ਪਾ ਕੇ ਫੇਰ ਹੜਤਾਲ ਲਾਈ ਹੋਈ ਹੈ); ਕਾਂਇਆ (ਅਨੁਸੁਰ ਪਾਇਆ ਹੈ।); ਜਗਤ ('ਜ' ਦੇ ਹੇਠਾਂ ਔਂਕੜ ਪਾ ਕੇ ਕਟ ਦਿਤਾ ਹੈ), ਕੇਤੇ ਇੰਦ ਚੰਦ ਸੂਰ (ਦੋਲੈਂਕੜੇ ਚਾਹੀਦੇ ਸੀ); ਰਤਨ ਸਮੁੰਦੁ ਪਾ ਕੇ ਫੇਰ (ਪਿਛਲਾ ਔਂਕੜ ਨਹੀਂ ਚਾਹੀਦਾ ਸੀ।); ਜਤ ਪਹੱਰਾ (ਅਧਿਕ* ਗ਼ਲਤ ਹੈ।); ਖਲਾਂ (ਅਨੁਸੁਰ ਨਹੀਂ ਸੀ ਚਾਹੀਦਾ ਹੈ); ਟਕਸਾਲਿ (ਸਿਆਰੀ ਗ਼ਲਤ ਹੈ।)

# ਗ੍ਰੰਥ ਸਾਹਿਬ ਖ਼ਾਸ ਜਾਂ ਉਸ ਦਾ ਗਰਭਲਾ ਭਾਗ

## THE MAIN BODY

## (੧) ਸਿਰੀ ਰਾਗ

### (ੳ) ਗੁਰਬਾਣੀ।

ਚਉਪਦੇ ਜਿਸ ਤਰ੍ਹਾਂ ਅੰਦਰ ਦਿਤੇ ਹਨ, ਤਤਕਰੇ ਵਿਚ ਉਹਨਾਂ ਦੀਆਂ ਪ੍ਰਤੀਕਾਂ ਹੋਰ ਤਰਤੀਬ ਸਿਰ ਹਨ। ਤਤਕਰੇ ਵਿਚ ਦੋ ਪ੍ਰਤੀਕਾਂ ਦੇਣੋਂ ਰਹਿ ਵੀ ਗਈਆਂ ਹਨ। 'ਘਰ ਇਕ' ਵਾਲੇ ਚਉਪਦੇ ਇਕ ਥਾਂ ਕਰ ਦਿਤੇ ਹਨ, 'ਘਰ ਦੋ' ਵਾਲੇ ਦੂਸਰੇ ਥਾਂ। ਏਸੇ ਤਰ੍ਹਾਂ 'ਘਰ ੬' ਅਤੇ 'ਘਰ ੭' ਵਾਲੇ ਪਿਛੇ ਰਖੇ ਹਨਨ੍ਹਿ। ਚਉਪਦਿਆਂ ਦੇ ਪਿਛੇ ਗਿਣਤੀ ਕਰਨ ਦਾ ਨਮੂਨਾ ਇਹ ਹੈ, ਜੋ ਛਾਪੇ ਦੇ ਗ੍ਰੰਥ ਸਾਹਿਬਾਂ ਨਾਲੋਂ ਵਖਰਾ ਹੈ :–

॥ ੪ ॥ ੩੦ ॥ ੩੩ ॥ ਮਹਲਾ ੧ ॥ ੩੧ ॥ ਮਃ ੩ ॥ ੬ ॥ ਮਹਲਾ ੪ ॥ ੩੦ ॥ ਮਃ ੫ ॥ ੩੩ ॥ ਤਿਨ ਕਾ ਜਮਲਾ ॥ ੧੦੦ ॥

[illegible] ਚਉਪਦਿਆਂ ਤੋਂ ਪਿਛੋਂ ਅਸ਼ਟਪਦੀਆਂ, ਪਹਿਰੇ, ਛੰਤ, ਵਣਜਾਰਾ ਵਾਰ ਸਲੋਕਾਂ ਨਾਲ, ਇਹ ਬਾਣੀਆਂ ਆਉਂਦੀਆਂ ਹਨ, ਅਤੇ ਫੇਰ ਭਗਤ ਬਾਣੀ ॥ ਭਗਤਬਾਣੀ ਦੇਣ ਤੋਂ ਪਹਿਲੋਂ ਗਿਣਤੀ ਇਉਂ ਕੀਤੀ ਹੈ:–

"ਨਾਨਕ ਪੈਨਾਇਆ ॥ ੨੧ ॥ ਸਲੋਕ ਵਾਰ ਨਾਲ ॥ ੪੩ ॥ ਚਉਪਦੇ ॥ ੧੦੦ ॥ ਅਸ਼ਟਪਦੀਆਂ ॥ ੨੧ ॥ ਸ਼ਬਦ ਤਥਾ ਛੰਦ ਤਥਾ ਪਹਿਰੇ ਤਥਾ ਵਣਜਾਰੇ ॥ ੧੦ ॥ ਤਿਨਕਾ ਜੋੜ ਸਿਰੀ ਰਾਗ ਕਾ ॥ ੨੩੯ ॥ ਜੁਮਲਾ ॥"

---

* ਆਮ ਖ਼ਿਆਲ ਹੈ ਕਿ ਅਧਿਕ ਗ੍ਰੰਥ ਸਾਹਿਬ ਵਿਚ ਨਹੀਂ ਵਰਤੀ ਗਈ ਅਤੇ ਨਾ ਅਨੁਸਵਰ। ਏਥੇ ਦੋਵੇਂ ਵਰਤੀਆਂ ਹਨ।



Sri Satguru Jagjit Singh Ji Elibrary NamdhariElibrary@gmail.com

ਇਹ ਸ਼ਬਦ, 'ਜੋਗੀ ਅੰਦਰ ਜੋਗੀਆ' ਅਤੇ 'ਪੈ ਪਾਇ ਆਖਿ' ਅਸ਼ਟਪਦੀਆਂ ਤੋਂ ਵਖਰੇ ਗਿਣੇ ਹਨ, ਅਤੇ ਛਾਪੇ ਦੇ ਗ੍ਰੰਥ ਸਾਹਿਬ ਵਿਚ ਉਹਨਾਂ ਦੇ ਨਾਲ।

(ਅ) ਬਾਣੀ ਭਗਤਾਂ ਕੀ।

ਤਤਕਰੇ ਵਿਚ ਭਗਤਾਂ ਦੇ ਸ਼ਬਦਾਂ ਦਾ ਵੇਰਵਾ ਨਹੀਂ ਦਿਤਾ॥ ਇਹੋ ਹਾਲ ਭਾਈ ਬੰਨੋ ਵਾਲੀ ਬੀੜ ਦਾ ਹੈ। ਅੰਦਰ, ਪਹਿਲੇ ਸ਼ਬਦ ਕਬੀਰ ਜੀ ਦੇ ਦੋ, ਫੇਰ ਤਿਰਲੋਚਨ, ਬੇਣੀ, ਅਤੇ ਰਵਿਦਾਸ ਦਾ ਇਕ ਇਕ ਸ਼ਬਦ, ਸਾਰੇ ਪੰਜ ਸ਼ਬਦ ਹਨ। ਛਾਪੇ ਦੇ ਗ੍ਰੰਥ ਸਾਹਿਬ ਵਿਚ ਤਿਰਲੋਚਨ ਦਾ ਸ਼ਬਦ ਕਬੀਰ ਦੇ ਦੋ ਸ਼ਬਦਾਂ ਦੇ ਵਿਚਾਲੇ ਦਿਤਾ ਹੈ।ਲਫ਼ਜ਼ਾਂ ਦੇ ਫ਼ਰਕ ਭੀ ਹਨ, ਜਿਸ ਤਰ੍ਹਾਂ ਕਿ ਏਸ ਗਰੰਥ ਵਿਚ ਹੈ— 'ਭੁਲਾਵਾ ਵਿਚਹੁ ਜਾਉ', ਅਤੇ ਛਾਪੇ ਦੇ ਗਰੰਥ ਵਿਚ ਹੈ 'ਵਿਚਹੁ ਜਾਇ'॥

| | |
|---|---|
| 'ਧਰਮ ਰਾਇ', | 'ਧਰਮ ਰਾਉ।' |
| ਚਲਣਾ, ਬਦਤ, ਜਾਇ ਕੋਈ, | ਚਾਲਣਾ, ਬਦਤਿ, ਜਾਇ॥ ਕੋਈ। |
| ਜਿਨਿ ਮੋਹਿ, ਚਿੜਿਆ, ਅਤ ਨਿਰਮਲ, | ਜਿਨ ਮੋਹੇ, ਚੁਮਆ, ਅਤਿ ਨਿਰਮਲ। |
| ਸ੍ਰਿਰੀ ਰਾਗ ਰਵਿਦਾਸ ਜੀਉਕਾ' | 'ਸਿਰੀ ਰਾਗ' |
| ਕਟਕ | ਕਟਿਕ |

ਅਨੁਸਵਾਰ ਅਤੇ ਔਂਕੜ ਫੋਕਲੇ ਹਰਫ਼ ਨਾਲੋਂ ਬਹੁਤ ਥਾਂ ਛਡੇ ਹੋਏ ਹਨ।

## (੨) ਰਾਗ ਮਾਝ

ਤਤਕਰੇ ਵਿਚੋਂ ਇਹ ਪ੍ਰਤੀਕ 'ਮੇਰਾ ਪ੍ਰਭ ਨਿਰਮਲ' ਰਹਿ ਗਈ ਹੈ, ਅਤੇ ਇਕ ਪ੍ਰਤੀਕ 'ਤੂੰ ਕਰਤਾ ਪੁਰਖ' ਆਪਣੇ ਠੀਕ ਥਾਂ ਸਿਰ ਨਹੀਂ। ਇਹੋ ਜਿਹੇ ਫ਼ਰਕਾਂ ਤੋਂ ਦਿਸਦਾ ਹੈ ਕਿ ਤਤਕਰਾ ਜਾਂ ਸੂਚੀ ਪਤਰ ਦੇ ਨਕਲ ਕਰਨ ਵਿਚ ਭਾਰੀ ਇਹਤਿਆਤ ਨਹੀਂ ਸੀ ਕੀਤੀ ਜਾਂਦੀ। ਏਸੇ ਤਰ੍ਹਾਂ ਸਿਰਨਾਵੇਂ ਦੇਣ, ਅਤੇ ਪਿਛੇ ਗਿਣਤੀ ਕਰਨ ਵਿਚ ਖੁਲ੍ਹ ਵਰਤ ਲਈ ਜਾਂਦੀ ਸੀ, ਜੋ ਸਮਝ ਦੀ ਗਲ ਸੀ। ਏਸ ਰਾਗ ਦੀ ਸਾਰੀ ਬਾਣੀ ਦੀ ਗਿਣਤੀ ਇਉਂ ਦਿੱਤੀ ਹੈ—

"॥੨੭॥ ਸਲੋਕ ਵਾਰ ਨਾਲ ॥੬੩॥ ਚਉਪਦੇ ਮ: ੪ ॥੭॥ ਮ;੫॥੪੩॥ ਤਿਨਕਾ ਜੁਮਲਾ ॥ ੫੦॥ ਅਸ਼ਟਪਦੀਆਂ ਮਹਲਾ ੧॥ ੧॥ ਮ: ੩॥ ੩੨॥ ਮਹਲਾ ੪॥ ੧॥ ਮਹਲਾ ੫॥੫॥ ਜੁਮਲਾ ੩੯॥ ਸ਼ਬਦ ॥੩॥ ਬਾਰਾ ਮਾਹ॥ ਦਿਨਰੈਣ॥ ਵਾਰ। ਤਿਨਕਾ ਜੋੜ॥ ਜੁਮਲਾ ੯੨॥"

ਛਾਪੇ ਦੇ ਗ੍ਰੰਥ ਸਾਹਿਬ ਵਿਚ ਖ਼ਾਲੀ ਦਿੱਤਾ ਹੈ "॥੨੭॥ ਸੁਧੁ॥"

## (੩) ਰਾਗ ਗਉੜੀ ਗੁਆਰੇਰੀ

(ੳ) ਤਤਕਰੇ ਵਿਚ ਗੁਰਬਾਣੀ ਦੀਆਂ ਪ੍ਰਤੀਕਾਂ ਦੇਂਦੇ ਸਮੇਂ ਕਿਤਨੀ ਥਾਂਈਂ ਹਿਜੇ ਦੀਆਂ ਭੁਲਾਂ ਕੀਤੀਆਂ ਹਨ, ਅਤੇ ਇਕ ਪ੍ਰਤੀਕ ਕੁਥਾਏ ਵੀ ਦਿੱਤੀ



Sri Satguru Jagjit Singh Ji Elibrary NamdhariElibrary@gmail.com

ਹੈ। ਅਡ ਅਡ ਭਾਗਾਂ ਦੀ ਗਿਨਤੀ— ਨਾਵੇਂ ਮਹਿਲ ਦੇ ਸ਼ਬਦਾਂ ਨੂੰ ਵਿਚ ਗਿਣਕ ਕੀਤੀ ਹੈ, ਜਿਸਦਾ ਮਤਲਬ ਹੈ ਕਿ 'ਗਿਣਤੀ' ਉਸ ਬੀੜ ਤੋਂ ਨਕਲ ਨਹੀਂ ਕੀਤੀ ਗਈ, ਜਿਸ ਤੋਂ ਉਤਾਰਾ ਕੀਤਾ ਜਾ ਰਿਹਾ ਸੀ। ਲਿਖਾਰੀ ਨੇ ਇਹ ਗਿਨਤੀ ਆਪ ਕੀਤੀ ਹੈ। ਗੁਰਬਾਣੀ ਦੀ ਗਿਨਤੀ ਇਸ ਤਰ੍ਹਾਂ ਪੁਰ ਦਿਤੀ ਹੈ —

"॥੨੧॥੧॥੨॥ ਸਲੋਕ ਵਾਰਾਂ ਨਾਲਿ ॥ ੪੨ ॥ ਗਉੜੀ ਰਾਗ ਕਾ ਜੁਮਲਾ ॥ ੨੫੧ ॥ ਚਉਪਦੇ ॥ ੪੪ ॥ ਅਸ਼ਟਪਦੀਆਂ ॥ ੧੧ ॥ ਛੰਤ ॥ ਗਰੰਥ ਬਾਵਨ ਅਖਰੀ ॥ ੧ ॥ ਸੁਖਮਨੀ ॥ ੧॥ ਥਿਤੀ ॥ ੧ ॥ ਵਾਰਾਂ ੨ ॥ ਤਿਨਕਾ ਜੁਮਲਾ ॥ ੩੧੧ ॥ ਸ਼ਬਦ ਗਉੜੀ ਕੇ।"

(ਅ) 'ਬਾਣੀ ਭਗਤ ਕੀ' ਹੇਠ ਤਤਕਰੇ ਵਿਚ ਕੋਈ ਵੇਰਵਾ ਨਹੀ, ਦਿੱਤਾ। ਅੰਦਰ ਜੋ ਬਾਣੀ ਦਿਤੀ ਹੈ, ਉਸਦੇ ਛੇਕੜ ਪੁਰ ਗਿਣਤੀ ਇਸ ਤਰ੍ਹਾਂ ਪੁਰ ਹੈ :—

ਜੁਮਲਾ ॥ ਕਬੀਰ ਜੀ ਕੇ ॥੭੭॥ ਨਾਮਦੇਇ ॥੧॥ ਰਵਿਦਾਸ ਜੀ ਕੇ॥੫॥ ਤਿਨਕਾ ਜੁਮਲਾ ॥ ੮੩ ॥

ਇਹ ਗਿਣਤੀ ਦੇ ਨਮੂਨੇ ਤਿੰਨ ਲੰਬੇ ਰਾਗਾਂ ਦੇ ਸਾਡੇ ਲਈ ਕਾਫ਼ੀ ਹੋਣਗੇ ਅਤੇ ਨਾ ਤਤਕਰੇ ਅਤੇ ਅੰਦਰ ਕਿਤਾਬ ਦੇ ਫ਼ਰਕ ਦਿਖਾਣ ਦੀ ਲੋੜ ਹੈ। ਏਸੇ ਤਰ੍ਹਾਂ ਸਾਰੇ ਗਰੰਥ ਵਿਚ ਚਲੇ ਜਾਂਦੇ ਹਨ।

ਬਾਣੀ ਦਾ ਕੋਈ ਫ਼ਰਕ ਹੁਣ ਤਕ ਨਜ਼ਰ ਨਹੀਂ ਆਇਆ।

## (੪) ਰਾਗ ਆਸਾ। (੫) ਰਾਗ ਗੂਜਰੀ।

ਇਕ ਲਫ਼ਜ਼ ਦਾ ਫ਼ਰਕ ਗੁਜਰੀ ਮਹਲਾ ~ ਵਿਚ ਹੈ—

"ਭਗਤਿ ਪਰੇਮ 'ਅਧਾਰਿਤੰ' ਸਚ ਪਿਆਸ ਪਰਮ ਹਿਤੰ।"

ਛਾਪੇ ਦੇ ਗਰੰਥ ਸਾਹਿਬ ਵਿਚ ਲਫ਼ਜ਼ 'ਅਰਾਧਤੰ' ਹੈ।

ਭਗਤ ਕਬੀਰ ਦੇ ਸ਼ਬਦ ਦੋ; ਨਾਮਦੇਵ ਦੋ; ਰਵਿਦਾਸ ਦਾ ੧; ਤ੍ਰਿਲੋਚਨ ਦੇ ਦੋ; ਜੈਦੇਵ ਦਾ ੧, ਸਾਰੇ ੮ ਸ਼ਬਦ ਭਗਤਾਂ ਦੇ ਰਾਗ ਗੁਜਰੀ ਵਿਚ ਹਨ।

## (੬) ਦੇਵ ਗੰਧਾਰੀ

ਨਾਵੇਂ ਗੁਰੂ ਦੇ ਸ਼ਬਦਾਂ ਵਿਚ ਕੋਈ ਲਫ਼ਜ਼ਾਂ ਦਾ ਫ਼ਰਕ ਨਹੀਂ ਅਤੇ ਨਾ ਹੋਰਥੇ ਕੋਈ ਫ਼ਰਕ ਨਜ਼ਰ ਆਇਆ ਹੈ।

## (੭) ਰਾਗ ਬਿਹਾਗੜ

ਬਹੁਤ ਕਰਕੇ ਨਾਵੀਂ ਪਾਤਸ਼ਾਹੀ ਦੇ ਸ਼ਬਦ ਗੁਰਬਾਣੀ ਦੇ ਛੇਕੜ ਦਿਤੇ ਹੁੰਦੇ ਹਨ, ਪਰ ਇਸ ਰਾਗ ਹੇਠਾਂ ਇਕ ਸ਼ਬਦ ਨਾਵੀਂ ਪਾਤਸ਼ਾਹੀ ਦਾ ਪੰਜਵੇਂ ਮਹਲੇ ਦੇ ਪਹਿਲੇ ਸ਼ਬਦ ਦੇ ਹੀ ਪਿਛੋਂ ਦਿੱਤਾ ਹੈ। ਏਸੇ ਤਰ੍ਹਾਂ ਰਾਗ ਆਸਾ ਵਿਚ ਵੀ



Sri Satguru Jagjit Singh Ji Elibrary NamdhariElibrary@gmail.com

ਵਿਚਕਾਰ ਆਇਆ ਹੈ, ਅਤੇ ਗਉੜੀ ਰਾਗ ਵਿਚ ਅਸ਼ਟਪਦੀਆਂ ਤੋਂ ਪਹਿਲੋ ਸੋ ਇਹ ਕੋਈ ਜ਼ਰੂਰੀ ਗਲ ਨਹੀਂ ਕਿ ਨਾਵੇਂ ਮਹਲੇ ਦੇ ਸ਼ਬਦ ਬਾਕੀ ਗੁਰਬਾਣੀ ਜਾਂ ਰਾਗ ਦੇ ਪਿਛੇ ਹੀ ਆਉਂਦੇ ਹਨ। ਜਿਸ ਤਰ੍ਹਾਂ ਦੀ ਰਚਨਾ ਹੋਵੇ, ਉਸੇ ਭਾਗ ਜਾਂ ਜੁਜ਼ ਦੇ ਪਿਛੇ ਇਹ ਸ਼ਬਦ ਦਿਤੇ ਹੁੰਦੇ ਹਨ।

## (੮) ਰਾਗ ਵਡਹੰਸ। (੯) ਰਾਗ ਸੋਰਠ।

ਨਾਵੀਂ ਪਾਤਸ਼ਾਹੀ ਦੇ ਬਾਰਾਂ ਸ਼ਬਦ ਰਾਗ ਸੋਰਠ ਹੇਠਾਂ ਹਨ। ਤਤਕਰੇ ਵਿਚ ਅੰਦਰ ਕਿਤਾਬ ਦੇ, ਅਤੇ ਛਾਪੇ ਦੇ ਗਰੰਥ ਸਾਹਿਬ ਤਿੰਨਾਂ ਵਿਚ ਤਰਤੀਬ ਏਹਨਾਂ ਸ਼ਬਦਾਂ ਦੇ ਦੇਣ ਦੀ ਅੱਡ ਅੱਡ ਹੈ। ਤਤਕਰੇ ਵਿਚ ਏਹਨਾਂ ਸ਼ਬਦਾਂ ਦੀ ਪ੍ਰਤੀਕਾਂ ਇਸ ਤਰਤੀਬ ਸਿਰ ਹਨ :—

੧. ਰੇ ਮਨ ਰਾਮ, ੨. ਮਨ ਕੀ ਮਨ ਹੀ, ੩. ਮਨ ਰੇ ਕਉਨ, ੪. ਮਨ ਰੇ ਪ੍ਰਭ ਕੀ, ੫. ਪ੍ਰਾਣੀ ਕਉਨ ਉਪਾਇ, ੬. ਰੇ ਨਰ ਏਹ, ੭. ਮਈ ਮਨ ਮੇਰੋ, ੮ ਮਾਈ ਮੈਂ ਕਿਹ ਬਿਧ, ੯. ਜੋ ਨਰ ਦੁਖ ਮੈਹ, ੧੦. ਇਹ ਜਗ ਮੀਤ, ੧੧. ਮਨ ਰੇ ਰ ਰਿਉ, ੧੨. ਪ੍ਰੀਤਮ ਜਾਨ ਲਿਉ।

ਅੰਦਰ ਬੀੜ ਦੇ ਉਹਨਾਂ ਦੀ ਤਰਤੀਬ ਇਉਂ ਹੋ ਜਾਂਦੀ ਹੈ:—੧, ੨, ੩, ੪, ੬, ੮, ੫, ੭, ੧੧, ੯, ੧੦ ਤੇ ੧੨॥ ਛਾਪੇ ਦੇ ਗਰੰਥ ਸਾਹਿਬ ਵਿਚ ਇਹਨਾਂ ਦੀ ਹੀ ਤਰਤੀਬ ਇਹ ਹੈ:- ੧, ੨, ੩, ੪, ੫, ੮, ੭, ੬, ੧੦, ੧੧, ੯, ਤੇ ੧੨। ਨਾਵੀਂ ਪਾਤਸ਼ਾਹੀ ਦੇ ਸ਼ਬਦਾਂ ਬਾਬਤ ਰਾਗਾਂ ਦਾ ਫ਼ਰਕ ਕੋਈ ਨਹੀਂ। ਜਿਸ ਰਾਗ ਦੇ ਹਨ, ਸਭਨੀ ਥਾਈਂ ਉਸੇ ਰਾਗ ਹੇਠਾਂ ਦਿਤੇ ਹਨ। ਅਨੁਮਾਨ ਇਹ ਹੁੰਦਾ ਹੈ ਕਿ ਰਾਗ ਦਾ ਨਾਂ ਸ਼ਬਦਾਂ ਦੇ ਸਿਰ ਉਪਰ ਗੁਰੂ ਸਾਹਿਬ ਨੇ ਆਪ ਹੀ ਦੇ ਦਿਤਾ ਹੋਇਆ ਸੀ। ਇਹਨਾਂ ਸ਼ਬਦ ਦੀਆਂ ਨਕਲਾਂ ਖੁਲ੍ਹੇ ਵਰਕਿਆਂ ਪੁਰ ਹੋਕੇ ਅੱਡ ਅੱਡ ਥਾਵਾਂ ਤੇ ਅਪੜੀਆਂ ਜਾਂ ਸਿਖ ਅਨੰਦ ਪੁਰ ਆਕੇ ਨਕਲ ਕਰਕੇ ਲੈ ਗਏ। ਨਕਲ ਕਰਦੇ ਸਮੇਂ ਪਤਰੇ ਹੇਠ ਉਪਰ ਹੋ ਗਏ ਅਤੇ ਸ਼ਬਦ ਉਸੇ ਤਰ੍ਹਾਂ ਲਿਖੇ ਗਏ।

ਲਫ਼ਜ਼ੀ ਫ਼ਰਕ ਏਸ ਤਰ੍ਹਾਂ ਦੇ ਦੇਖੇ ਗਏ ਹਨ—ਨ ਗੁਰ ਜਨ ਸੇਯੋ (ਸੇਵਿਉ), ਧ੍ਰ (ਧ੍ਰੂ ਛਾਪੇ ਦੇ ਗਰੰਥ ਸਾਹਿਬ ਵਿਚ), ਗਿਰਾਹ (ਗਰਾਹ), ਹੋਐ (ਹੋਏ); ਬਰਨਿਉ (ਬਰਨਉ); ਤਿਹਿ (ਤਿਹ), ਅੰਜਾ ਮੇਲ (ਅਜਾਮਲ); ਚਿੰਤਾ ਮਨ (ਚਿੰਤਾ ਮਨਿ), ਛਾਡੰਤ (ਛਾਡਿਤ)। ਸਲੋਕ ੭ 'ਮਨ ਮੇਰੇ' 'ਪਰ ਧਨ ਪਰ ਦਾਰਾ' ਤੋਂ ਪਿਛੋਂ ਆਉਂਦਾ ਹੈ, ਛਾਪੇ ਦੇ ਗਰੰਥ ਸਾਹਿਬ ਵਿਚ ਉਲਟੀ ਤਰਤੀਬ ਹੈ।

ਇਸ ਬੀੜ ਵਿਚ ਪ੍ਰਤੀਕਾਂ, ਸਲੋਕਾਂ ਤੋਂ ਵੀ ਲੈ ਲਈਆਂ ਹਨ, ਪਰ ਛਾਪੇ ਦੇ ਗਰੰਥ ਸਾਹਿਬ ਵਿਚ ਸਦਾ ਪਉੜੀ ਦੀ ਮੁਢਲੀ ਪਾਲ ਤੋਂ।

ਭਗਤਾਂ ਦੇ ॥੧੧॥ ੩ ॥ ੭ ॥ ੨ ॥ ਸਾਰੇ ੨੩ ਸ਼ਬਦ ਹਨ।



Sri Satguru Jagjit Singh Ji Elibrary NamdhariElibrary@gmail.com

## (੧੦) ਧਨਾਸਰੀ ਰਾਗ। (੧੧) ਜੈਤਸਰੀ ਰਾਗ।

ਨਾਵੇਂ ਮਹਲੇ ਦੇ ਤਿੰਨ ਸ਼ਬਦ ਹਨ, ਛਾਪੇ ਵਾਲੇ ਗ੍ਰੰਥ ਸਾਹਿਬਾਂ ਵਿਚ ਤਰਤੀਬ ਦਾ ਫ਼ਰਕ ਹੈ।

## (੧੧ ੳ) ਜੈ ਜੈ ਵੰਤੀ।

ਏਸ ਰਾਗ ਵਿਚ ਖਾਲੀ ਚਾਰ ਸ਼ਬਦ ਨਾਵੇਂ ਮਹਲੇ ਦੇ ਹੀ ਹਨ। ਛਾਪੇ ਦੇ ਗਰੰਥ ਸਾਹਿਬਾਂ ਵਿਚ ਇਹ ਫੇਕੜਲਾ ੩੧ਵਾਂ ਰਾਗ ਰਖਿਆ ਹੈ। ਕਿਤੇ ਕਿਤੇ ਏਸਦਾ ਨਾਮ ਜੈਜਾਵੰਤੀ ਕਰਕੇ ਦਿੱਤਾ ਹੈ। ਤਰਤੀਬ ਸ਼ਬਦਾਂ ਦੀ ਸਭ ਜਗਾ ਇਕੋ ਹੈ, ਪਰ ਕੁਝ ਲਫ਼ਜ਼ੀ ਫ਼ਰਕ ਹਨ :–

ਪ੍ਰਭ ਜੀ (ਪ੍ਰਭ ਜੂ); ਜੋ ਇਹੈ (ਜੋ ਹੈ), ਜਿਉ ਬਿਖ (ਬਿਖ ਜਿਉ)

ਤਾਕਉ ਨਹ ਸੁਨੈ ਕਾਨ (ਸੋ ਤਉ ਨਹੀਂ ਸੁਨਿਉ ਕਾਨ), ਭਇਓ ਅਧੀਨ (ਭਇਉ ਦੀਨ)

## (੧੨) ਰਾਗ ਟੋਡੀ। (੧੩) ਰਾਗ ਬੈਰਾੜੀ।

## (੧੪) ਤਿਲੰਗ ਰਾਗ।

ਨਾਵੇਂ ਮਹਲੇ ਦੇ ਤਿੰਨ ਸ਼ਬਦ ਹਨ। ਏਸ ਪੁਰਾਣੀ ਬੀੜ ਤੇ ਛਾਪੇ ਦੇ ਗਰੰਥ ਸਾਹਿਬ ਵਿਚ ਤਰਤੀਬ ਦਾ ਫ਼ਰਕ ਹੈ, ਪਹਿਲੇ ਦੇ ੧, ੨, ੩, ਦੂਸਰੇ ਦੇ ੧, ੩, ੨ ਹੋ ਜਾਂਦੇ ਹਨ।

ਕਬੀਰ ਦੇ ਸ਼ਬਦਾਂ ਵਿਚ ਲਫ਼ਜ਼ੀ ਫ਼ਰਕ ਹੈ–'ਅਸਮਾਨ ਮਿਆਨੇ ਲਹੰ ਦਰਿਆਉ' ਦੀ ਥਾਂ ਛਾਪੇ ਵਿਚ ਆਉਂਦਾ ਹੈ, 'ਅਸਮਾਨ ਮਹਾਛੇ ਲੋਹਗ ਦਰੀਆ'।

## (੧੫) ਰਾਗ ਸੂਹੀ।

ਲਫ਼ਜ਼ੀ ਫਰਕ ਹੈ :–ਬਿਸਰਹਿ ਨਾਹਿ (ਵਿਸਰਹਿ ਨਾਹੀ)।

## (੧੬) ਰਾਗ ਬਿਲਾਵਲ। (੧੭) ਰਾਗ ਗੋਂਡ।

ਤਤਕਰੇ ਵਿਚ ਗੋਂਡ ਦਾ ਨਾਮ 'ਸੋਰਠਿ' ਕਰ ਦਿੱਤਾ ਹੈ।

## (੧੭) ਰਾਗ ਰਾਮਕਲੀ।

ਹੇਠ ਦਿਤੇ ਟਾਕਰੇ ਤੋਂ ਸਿਧ ਹੁੰਦਾ ਹੈ ਕਿ ਤਤਕਰੇ ਦੀ ਪੋਥੀ ਔਛ ਤਿਆਰ ਹੋਈ ਸੀ ਪਿਛਿਤਰੇ ਬਣੇ ਗਰੰਥ ਸਾਹਿਬਾਂ ਤੋਂ, ਅਤੇ ਉਹ ਮੁਢੋਂ ਹੀ ਇਕ ਜਿਹੀ ਨਹੀਂ ਚਲੀ ਆਉਂਦੀ।



Sri Satguru Jagjit Singh Ji Elibrary NamdhariElibrary@gmail.com

| ਮੰ: ੧੭੩੨ ਵਾਲੀ ਬੀੜ। | ਛਾਪੇ ਦਾ ਗਰੰਥ ਸਾਹਿਬ। |
| --- | --- |
| ੧ ਰੁਤੀ ਬੰਦਨ ਪ੍ਰਭ | ਕਰ ਬੰਦਨ ਪ੍ਰਭ ਪਾਰ<br>(ਪੰਜਵੇਂ ਗੁਰੂ ਦੀ ਅਸ਼ਟਪਦੀ) |
| ੴ | ਮਹਲਾ ੧ |
| ਮਹਲਾ ੧ ੴ ਓੰਕਾਰ | (ਦਖਣੀ ਓੰਕਾਰ) |
| ੧ ਓੰਕਾਰ ਬ੍ਰਹਮ ਉਤਪਤ | ਓੰਕਾਰ ਬ੍ਰਹਮ ਉਤਪਤ |
| ੧ ਸਿਧਿ ਗੋਸ਼ਟਿ | (ਸਿਧ ਗੋਸ਼ਟ) |
| ੧ ਸਿਧ ਸਭ ਕਰ ਆਸਨ | ਸਿਧ ਸਭਾ ਕਰ ਆਸਨ |
| ੴ<br>ਮਹਲਾ ੩<br>ਵਾਰ ਸਲੋਕਾਂ ਨਾਲ<br>ਸਤਗੁਰ ਸਹਜੈ ਦਾ (ਸਲੋਕ ਤੋਂ ਪ੍ਰਤੀਕ) | (ਰਾਮਕਲੀ ਕੀ ਵਾਰ ਮਹਲਾ ੩)<br>ਸਚੈ ਤਖਤ ਰਚਾਇਆ<br>(ਪੌੜੀ ਤੋਂ ਪ੍ਰਤੀਕ) |
| ਵਾਰ ਸਲੋਕਾ ਨਾਲ<br>ਜੈਸਾ ਸਤਿਗੁਰੂ ਸੁਨੀਦਾ | (ਰਾਮਕਲੀ ਕੀ ਵਾਰ ਮਹਲਾ ੫)<br>ਬਾਟਣਹਾਰੈ ਬਾਟ ਆਪੈ |
| ੴ<br>ਰਾਮਕਲੀ ਕੀ ਵਾਰ<br>ਰਾਇ ਬਲਵੰਡ ਤਥਾ ਸਤੈ ਡੂਮ ਆਖੀ<br>ਨਾਇ ਕਰਤਾ ਕਦਰਤ | (ਰਾਮਕਲੀ ਕੀ ਵਾਰ<br>ਰਾਇ ਬਲਵੰਡ ਤਥਾ ਸਤੈ ਡੂਮ ਆਖੀ)<br>ਨਾਉ ਕਰਤਾ ਕਾਦਰ |
| ੴ<br>ਭਗਤ ਬਾਣੀ<br>(ਕੋਈ ਵੇਰਵਾ ਨਹੀਂ ਦਿੱਤਾ ਸ਼ਬਦਾਂ ਦਾ) | (ਸ੍ਰੀ ਕਬੀਰ ਜੀ)<br>ਕਾਇਆ ਕਲਾਲਨਿ<br>ਗੁੜ ਕਰਿ ਗਿਆਨ<br>ਆਦਿ ਆਦਿ |

ਨਾਵੇਂ ਗੁਰੂ ਦੇ ਸ਼ਬਦਾਂ ਵਿਚ ਕੁਝ ਲਫ਼ਜ਼ੀ ਫ਼ਰਕ ਵੀ ਹਨ:–ਅਜਾਮੇਲ (ਅਜਾਮਲੁ), ਜਾ ਗਤਿ (ਜਾਂ ਗਤਿ)।



Sri Satguru Jagjit Singh Ji Elibrary NamdhariElibrary@gmail.com

## (੧੯) ਨਟ ਨਾਰਾਇਣ। (੨੦) ਮਾਲੀ ਗਉੜਾ।

## (੨੧) ਰਾਗ ਮਾਰੂ।

ਰਾਗ ਮਾਰੂ ਦੇ ਤਤਕਰੇ ਵਿਚ ਪ੍ਰਤੀਕਾਂ ਸਲੋਕਾਂ ਤੋਂ ਲਈਆਂ ਹਨ, ਅਤੇ ਛਾਪੇ ਦੇ ਗਰੰਥ ਵਿਚ ਪਉੜੀਆਂ ਤੋਂ। ਕਬੀਰ ਦੇ ਦੋ ਸ਼ਬਦ ਥਾਂ ਸਿਰ ਨਹੀਂ ਪਏ, ਦੋਹਾਂ ਬੀੜਾਂ ਵਿਚ; ਅਰਥਾਤ ਕਬੀਰ ਦੇ ੧੦ ਸ਼ਬਦ ਦੇ ਕੇ, ਇਕ ਨਾਮ ਦੇਵ ਦਾ ਦਿੱਤਾ ਹੈ, ਉਸ ਤੋਂ ਪਿਛੋਂ ਫੇਰ ਇਕ ਕਬੀਰ ਦਾ, ਫੇਰ ਇਕ ਜੈਦੇਵ ਦਾ, ਉਸਦੇ ਪਿਛੋਂ ਫੇਰ ਇਕ ਕਬੀਰ ਦਾ। ਇਹ ਤਰਤੀਬ ਜਾਂ ਬੇ ਤਰਤੀਬੀ ਸਭ ਬੀੜਾਂ ਵਿਚ ਵੇਖੀ ਗਈ ਹੈ, ਸੋ 'ਆਦਿ-ਬੀੜ' ਤੋਂ ਚਲੀ ਆਉਂਦੀ ਦਿਸਦੀ ਹੈ। ਏਸੇ ਤਰ੍ਹਾਂ ਭੈਰਉ ਰਾਗ ਵਿਚ ਨਾਮਦੇਵ ਦਾ ਇਕ ਸ਼ਬਦ ਦੂਜਿਆਂ ਨਾਲੋਂ ਅੱਡ ਹੋਕੇ ਰਵਿਦਾਸ ਦੇ ਦੋ ਸ਼ਬਦਾਂ ਦੇ ਪਿਛੋਂ ਆਇਆ ਹੈ, ਅਤੇ ਇਹ ਭੀ ਮੁਢ ਤੋਂ ਹੀ ਹੈ। ਇਸਦਾ ਸਬਬ ਉਪਰ ਬੂੜੇ ਸੰਧੂ ਵਾਲੀ ਬੀੜ ਹੇਠਾਂ ਦਸਿਆ ਹੈ।

ਮਹਲਾ ੧ ਦੀਆਂ ਤਿੰਨ ਕਾਫ਼ੀਆਂ ਵੀ ਏਸ ਰਾਗ ਹੇਠਾਂ ਦਿੱਤੀਆਂ ਹਨ। ਸੋ ਸ਼ਾਹ ਹੁਸੈਨ ਨੇ ਇਹ ਬਹਿਰ ਨਵੀਂ ਕਢਿਆ, ਇਹ ਪਰਾਣਾ ਹੀ ਛੰਦ ਹੈ।

ਮੀਰਾ ਬਾਈ ਦਾ ਇਕ ਸ਼ਬਦ ਇਸ ਰਾਗ ਹੇਠਾਂ ਦਿੱਤਾ ਹੈ, ਜੋ ਮਸ਼ਹੂਰ ਹੈ ਕਿ 'ਆਦਿ-ਬੀੜ' ਵਿਚ ਨਹੀਂ ਸੀ, ਅਤੇ ਭਾਈ ਬਨੋ ਦੀ ਬੀੜ ਵਿਚ ਵਧਾਇਆ ਗਿਆ ਸੀ। ਪਰ ਏਸ ਰਾਗ ਹੇਠ ਕਿਉਂ? ਏਸਦਾ ਸਬਬ ਸ਼ਾਇਦ ਇਹ ਹੋਵੇ ਕਿ ਸ਼ਬਦ ਦੇ ਉਪਰ ਜਿਸਤਰ੍ਹਾਂ ਬਾਬੇ ਮੋਹਨ ਦੀ ਪੋਥੀ ਵਿਚ ਦਰਜ ਸੀ, ਜਾਂ ਜਿਸਤਰ੍ਹਾਂ ਭਾਈ ਬਨੋ ਨੂੰ ਪ੍ਰਾਪਤ ਹੋਇਆ, ਰਾਗ ਦਾ ਨਾਮ ਦਰਜ ਸੀ। ਪਰ ਮੈਂ 'ਮੀਰਾ ਬਾਈ' ਦੇ ਸ਼ਬਦਾਂ ਦੀਆਂ ਜੇਹੜੀਆਂ ਨਵੀਆਂ ਛਪੀਆਂ ਕਿਤਾਬਾਂ ਵੇਖੀਆਂ ਹਨ, ਓਹਨਾਂ ਵਿਚ ਰਾਗ ਨਹੀਂ ਦਿੱਤਾ ਹੁੰਦਾ। ਹਾਂ ਦਾਦੂ, ਸੂਰਦਾਸ ਆਦਿ ਦੇ ਸ਼ਬਦਾਂ ਨਾਲ ਜ਼ਰੂਰ ਦਿੱਤਾ ਹੁੰਦਾ ਹੈ।

ਮੀਰਾਂ ਬਾਈ ਕੰਵਰ ਭੋਜ ਦੀ ਰਾਣੀ ਅਤੇ ਰਾਣਾ ਸਾਂਗਾ ਦੀ ਵੱਡੀ ਨੂੰਹ ਸੀ। ਕੰਵਰ ਭੋਜ ਪਿਤਾ ਦੇ ਹੁੰਦਿਆਂ ਹੀ ਚੜ੍ਹ ਗਿਆ, ਅਤੇ ਛੋਟਾ ਭਿਰਾ ਕੰਵਰ ਬਿਕ੍ਰਮ ਜੀਤ ਰਾਣਾ ਸਾਂਗਾ ਦੇ ਪਿਛੋਂ ਰਾਣਾ ਬਣਿਆ। ਮੀਰਾਂ ਨੂੰ ਤਕਲੀਫ਼ਾਂ ਰਾਣੇ ਬਿਕ੍ਰਮਾ ਜੀਤ, 'ਦੇਵਰ' ਨੇ ਦਿਤੀਆਂ ਸਨ, ਜਿਸਨੂੰ ਮੀਰਾਂ ਦੇ ਤੋਰ ਤ੍ਰੀਕੇ, ਮੰਦਰੀ ਵਿਚ ਖੁਲ੍ਹੇ ਮੂੰਹ ਜਾਣਾ, ਫ਼ਕੀਰਾਂ ਨਾਲ ਮਿਲਣਾ, ਇਕ ਵਿਧਵਾ ਵਾਸਤੇ, ਪਸੰਦਾ ਨਹੀਂ ਸਨ; ਓਹ ਇਸਨੂੰ ਖ਼ਾਨਦਾਨ ਦੀ ਨਮੋਸ਼ੀ ਸਮਝਦਾ ਸੀ, ਸੋ ਰੋਕਾਂ ਪਾਂਦਾ ਸੀ। ਮੀਰਾਂ ਬਾਈ ਅਕਬਰ ਦੇ ਅਹਿਦ ਦੇ ਸ਼ੁਰੂ ਵਿਚ ਗੁਰੂ ਅਰਜਨ ਦੇਵ ਤੋਂ ਕੁਝ ਪਹਿਲੋਂ ਹੋਈ ਹੈ।

ਭਗਤ ਬਾਣੀ ਦੀ ਗਿਣਤੀ ਸਭ ਜਗਹ ਵਾਂਗ ਅਡ ਕੀਤੀ ਹੈ, ਗੁਰੂ ਬਾਣੀ ਨਾਲ ਨਹੀਂ ਰਲਾਈ। ਫੈਨਤਰੀ ਕਰਦਿਆਂ ਜੋੜ ਗ਼ਲਤ ਦਿੱਤਾ ਹੈ।



Sri Satguru Jagjit Singh Ji Elibrary NamdhariElibrary@gmail.com

## (੨੨) ਰਾਗ ਤੁਖਾਰੀ । (੨੩) ਰਾਗ ਕੇਦਾਰਾ ।

## (੨੪) ਰਾਗ ਭੈਰਵ । (੨੫) ਰਾਗ ਬਸੰਤ ।

ਅਠਵਾਂ ਤੇ ਚਉਥਾ ਸ਼ਬਦ ਰਾਗ ਬਸੰਤ ਹੇਠਾਂ ਗੁਰ ਨਾਨਕ ਦੇਵ ਦੇ ਨਾਮ ਪੁਰ ਹਨ, ਭਾਵੇਂ ਦੋਹੀਂ ਥਾਈਂ ਮਹਲਾ ਤੀਜਾ ਲਿਖਕੇ ਠੀਕ ਕੀਤਾ ਹੋਇਆ ਹੈ। ਤਤਕਰਾ ਇਸਦੇ ਮੁਤਾਬਕ ਹੈ। ਛਾਪੇ ਦੇ ਗ੍ਰੰਥ ਦਾ ਤਤਕਰਾ ਗ਼ਲਤ ਤੱਯਾਰ ਕੀਤਾ ਹੈ। ਇਹ ਇਕ ਹੋਰ ਸਬੂਤ ਹੈ ਇਸ ਗਲ ਦਾ ਕਿ ਤਤਕਰਾ 'ਆਦਿ-ਬੀੜ' ਤੋਂ ਅੱਡ ਤਯਾਰ ਹੋਇਆ, ਜਾਂ ਪਹਿਲੇ ਨਕਲ ਕਰਨ ਵਾਲਿਆਂ ਨੇ ਭੁਲਾਂ ਕਰ ਦਿੱਤੀਆਂ, ਅਤੇ ਓਹਨਾਂ ਦੀਆਂ ਭੁਲਾਂ ਨਕਲ ਦਰ ਨਕਲ ਹੁੰਦੀਆਂ ਚਲੀਆਂ ਗਈਆਂ।

'ਵਾਰ' ਦੀ ਪ੍ਰਤੀਕ ਦਸਤੂਰ ਮੁਤਾਬਕ ਸ਼ਲੋਕ ਤੋਂ ਲਈ ਹੈ, ਪਉੜੀ ਤੋਂ ਨਹੀਂ, ਜਿਕੁਰ ਛਾਪੇ ਦੇ ਗ੍ਰੰਥ ਸਾਹਿਬ ਵਿਚ ਹੈ।

ਕਬੀਰ ਜੀ ਦਾ ਇਕ ਸ਼ਬਦ ਰਾਗ ਬਸੰਤ ਹੇਠਾਂ, ਅਤੇ ਨਾਮਦੇਵ ਦਾ ਰਾਗ ਭੈਰਉ ਹੇਠਾਂ ਕੁਥਾਇੰ ਪਏ ਹੋਏ ਹਨ, 'ਆਦਿ-ਬੀੜ' ਵਿਚ ਇਸੇ ਤਰ੍ਹਾਂ ਹੋਣੇ ਹਨ।

## (੨੬) ਰਾਗ ਸਾਰੰਗ।

ਕਬੀਰ ਦਾ ਇਕ ਸ਼ਬਦ ਥਾਂ ਸਿਰ ਨਹੀਂ। ਉਸਦੇ ਦਰਜ ਕਰਨ ਦਾ ਫ਼ੈਸਲਾ ਪਿਛੋਂ ਕੀਤਾ ਹੋਣਾ ਹੈ, ਕਿਉਂ ਜੋ ਮਜ਼ਮੂਨ ਵਿਚ ਕੋਈ ਅਜਿਹੀ ਗਲ ਨਹੀਂ, ਜਿਸਤੇ ਸ਼ਬਦ ਲਈ ਇਹ ਥਾਂ ਚੁਣੀ ਜਾਂਦੀ।

ਵਾਰ ਦੀ ਪ੍ਰਤੀਕ ਸ਼ਲੋਕ ਤੋਂ ਲਈ ਹੈ, ਪਉੜੀ ਤੇ ਨਹੀਂ।

ਨਾਵੇਂ ਗੁਰੂ ਦੇ ਸ਼ਬਦ ਦੇ ਕੇ ਛੇਕੜ ਤੇ ਗਿਨਤੀ ਕੀਤੀ ਹੈ, ਇਹਨਾਂ ਨੂੰ ਨਾਲ ਰਲਾਕੇ:—

॥ ੪ ॥ ੩ ॥ ੧੩ ॥ ੧੩੯ ॥ ੪ ॥ ੧੫੯ ॥

ਛਾਪੇ ਦੇ ਗ੍ਰੰਥ ਦੇ ਤਤਕਰੇ ਵਿਚ ਏਥੇ ਗ਼ਲਤੀ ਹੈ।



Sri Satguru Jagjit Singh Ji Elibrary NamdhariElibrary@gmail.com

## (੨੭) ਰਾਗ ਮਲਾਰ ।

ਚਉਪਦਿਆਂ ਦੇ ਪਿਛੋਂ ਇਹ ਵਾਧੂ ਸ਼ਬਦ ਗੁਰੂ ਅਰਜਨ ਦੇਵ ਦੇ ਨਾਮ ਤੇ ਦਿਤਾ ਹੈ:-

ਪ੍ਰਾਨ ਮਨ ਏਕ ਨਾਮ, ਪ੍ਰਿਆ ਪ੍ਰੀਤਿ ਚੀਤਿ ॥੧॥ਰਹਾਉ ॥
ਜਾਪ ਤਾਪ ਧਿਆਨ, ਮੇਰੇ ਮਨ ਬਨੀ ਰੀ ਪ੍ਰੀਤਿ ॥
ਲੋਭ ਮੋਹ ਧੋਹ ਨਾਠੇ, ਭਰਮ ਮਿਟੇ ਭੀਤਿ ।

ਸਹਜ ਸੁਖ ਆਨੰਦ ਘਨੋ, ਨਾਨਕ ਗੁਨ ਗਾਉ ਗੀਤ॥੨॥੯॥੩੧।
ਚਉਪਦਿਆਂ ਦਾ ਜੁਮਲਾ ॥੯॥ ਮ: ੧॥੧੩॥ ਮਹਲਾ ੩ ॥ ੯ ।
ਮਹਲਾ ੪ ॥ ੩੧ ॥ ਮਹਲਾ ੫ ॥ ੬੨ ॥ ਜੋੜ ॥

ਇਹ ਚਉਪਦਾ ਬਹੁਤ ਭੇੜੀ ਥਾਂ ਵਿਚ ਹੋਰ ਸਿਆਹੀ ਨਾਲ ਘਿਚਰ ਮਿਚਰ ਕਰਕੇ ਲਿਖਿਆ ਹੈ, ਅਤੇ ਪਹਿਲੀ ਕੀਤੀ ਗਿਨਤੀ ਉਤੇ ਹੜਤਾਲ ਫੇਰਕੇ ਨਵੀਂ ਗਿਨਤੀ ਕੀਤੀ ਹੈ । ਪਹਿਲੀ ਗਿਨਤੀ ਵੀ ਹੜਤਾਲ ਦੇ ਹੇਠੋਂ ਕੁਝ ਮੁਸ਼ਕਲ ਨਾਲ ਪੜ੍ਹੀ ਜਾਂਦੀ ਹੈ । ਜੋੜ ਗ਼ਲਤ ਹੈ। ਵਾਰ ਦੀ ਬਾਈਸਵੀਂ ਪਉੜੀ ਵਿਚ ਜੋ ਸਲੋਕ :

'ਨਾਉ ਫਕੀਰੈ ਪਾਤਸਾਹੁ'

ਆਉਂਦਾ ਹੈ, ਉਸਨੂੰ ਤੀਸਰੇ ਮਹਲੇ ਦੇ ਨਾਮ ਪੁਰ ਦਿੱਤਾ ਹੈ, ਛਾਪੇ ਦੇ ਗਰੰਥ ਵਿਚ ਇਸਨੂੰ ਮਹਲੇ ਦੂਜੇ ਦਾ ਲਿਖਿਆ ਹੈ ।

ਵਾਰ ਦੀ ਪ੍ਰਤੀਕ ਆਪਣੇ ਦਸਤੂਰ ਮੂਜਬ ਸਲੋਕ ਤੋਂ ਲਈ ਹੈ ।

ਭਗਤ ਰਵਿਦਾਸ ਦੇ ਸ਼ਬਦ ਵਿਚ ਇਕ ਲਫ਼ਜ਼ੀ ਫ਼ਰਕ ਵੀ ਹੈ : ਪੇਖਿਓ (ਦੇਖੋਉ) ।

## (੨੮) ਰਾਗ ਕਾਨੜਾ (੨੯) ਰਾਗ ਕਲਿਆਨ ।
## (੩੦) ਬਿਭਾਸ ਪ੍ਰਭਾਤੀ ।

ਰਾਗ ਕਾਨੜਾ ਦੀ ਵਾਰ ਦੀ ਪ੍ਰਤੀਕ ਸਲੋਕ ਤੋਂ ਲਈ ਹੈ ।

ਤੀਹਵੇਂ ਰਾਗ ਦਾ ਨਾਮ ਕਿਤੇ ਬਿਭਾਸ, ਕਿਤੇ ਪ੍ਰਭਾਤੀ, ਕਿਤੇ ਬਿਭਾਸ ਪ੍ਰਭਾਤੀ, ਕਿਤੇ ਪ੍ਰਭਾਤੀ ਬਿਭਾਸ ਦਿੱਤਾ ਹੁੰਦਾ ਹੈ । ਸਵਾਲ ਉਠਦਾ ਹੈ ਕਿ 'ਆਦਿ-ਬੀੜ' ਵਿਚ ਕੀਹ ਨਾਮ ਵਰਤਿਆ ਗਿਆ ਸੀ ।



Sri Satguru Jagjit Singh Ji Elibrary NamdhariElibrary@gmail.com

# ਭੋਗ ਦੀ ਬਾਣੀ

(Supplementary)

ਭੋਗ ਦੀ ਬਾਣੀ ਵਿਚ ਇਹ ਕੁਝ ਹੈ:-

(ੳ) ਸ਼ਲੋਕ ਸਹਸਕ੍ਰਿਤਿ ਮਹਲਾ ੧ (੪)।

(ਅ) ਸਲੋਕ ਸਹਸਕ੍ਰਿਤਿ ਮਹਲਾ ੫ (੬੭)।

(ੲ) ਗਾਥਾ ਮਹਲਾ ੫ (੨੪)।

(ਸ) ਫੁਨਹੇ ਮਹਲਾ (੨੩)।

(ਹ) ਚਉਬੋਲੇ ਮਹਲਾ ੫ (੧੧ ਤੇ ਕਿਤੇ ੯)

(ਕ) ਸਲੋਕ ਕਬੀਰ ਜੀ (੨੪੫)।

ਛਾਪੇ ਦੇ ਗ੍ਰੰਥ ਸਾਹਿਬ ਵਿਚ ੨੪੩ ਹਨ। ਵਾਧੂ ਸਨ੍ਹਵਾਂ ਸਲੋਕ ਗੁਰੂ ਨਾਨਕ ਦਾ ਜੋ ਛਾਪੇ ਦੇ ਗ੍ਰੰਥ ਵਿਚ ਨਹੀਂ, ਇਉਂ ਹੈ:-

ਨਾਨਕ ਮੁਕਤ ਦੁਆਰਾ ਅਤਿ ਨੀਕਾ ਨਾਨਾ ਹੋਇ ਸੁ ਜਾਇ।
ਹਉਮੈ ਮਨੂਆ ਅਸਥੂਲ ਹੈ ਕਿਉ ਕਰਿ ਵਿਚੁਦੇ ਜਾਇ।
ਸਤਿਗੁਰ ਮਿਲਿਐ ਹਉਮੈ ਗਈ ਜੋ ਤਿਰਹੀ ਸਭ ਆਇ।
ਇਹ ਜੀਉ ਸਦਾ ਮੁਕਤੁ ਹੈ ਸਹਜੈ ਰਹਿਆ ਸਮਾਇ ॥ ੬੦ ॥

ਸਤਾਹਟਵਾ ਸ਼ਲੋਕ ਵਾਧੂ ਦਾ ਮਹਲੇ ਤੀਜੇ ਦਾ ਇਸ ਤਰ੍ਹਾਂ ਪੁਰ ਹੈ:-

ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ ॥
ਇਹ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥੬੭॥

ਛੇ ਹੋਰ ਸਲੋਕ ਪੰਜ ਮਹਲੇ ਪੰਜਵੇਂ ਦੇ ਅਤੇ ਇਕ ਮਹਲੇ ਤੀਜੇ ਦਾ ਹੋਰ ਵਧਾਏ ਹਨ, ਨੰਬਰ ੨੧੧, ੨੧੨



Sri Satguru Jagjit Singh Ji Elibrary NamdhariElibrary@gmail.com

੨੧੩, ੨੧੬, ੨੨੨ ਅਤੇ ੨੨੩। ਹੋਰ ਦੋ ਨੰਬਰ ੨੧੪, ੨੧੫ ਨਾਮਦੇਵ ਅਤੇ ਤ੍ਰਿਲੋਚਨ ਬਾਬਤ ਹਨ, ਪਰ ਇਹ ਨਹੀਂ ਦਸਿਆ ਕਿ ਕਿਸਦੇ ਰਚੇ ਹਨ।

ਏਸਦੇ ਉਲਟ 'ਸ਼ਲੋਕ ਵਾਰਾਂ ਤੇ ਵਧੀਕ' ਹੇਠਾਂ ੪ ਸਲੋਕ ਮਹਲਿ ਤੀਜੇ ਦੇ, ਅਤੇ ੩ ਮਹਲੇ ਚਉਥੇ ਦੇ ਛਾਪੇ ਦੇ ਗ੍ਰੰਥ ਵਿਚ ਹਨ, ਪਰ ਇਸ ਸੰਮਤ ੧੭੩੨ ਦੀ ਬੀੜ ਵਿਚ ਨਹੀਂ। ਉਹ ਸਲੋਕ ਇਹ ਹਨ।

੧ ਓ ਸਤਿਗੁਰ ਪ੍ਰਸਾਦਿ ॥

ਅਭਿਅਗਤ ਇਹ ਨ ਆਖੀਅਹਿ ਜਿਨਕੈ ਮਨ ਮਹਿ ਭਰਮੁ।
ਤਿਨਾਕੇ ਦਿਤੇ ਨਾਨਕਾ ਤੇਹੋ ਜਿਹਾ ਧਰਮ ॥ ੧ ॥
ਅਭੈ ਨਿਰੰਜਨ ਪਰਮ ਪਦ ਤਾਕਾ ਭੀਖਕੁ ਹੋਇ।
ਤਿਸਕਾ ਭੋਜਨ ਨਾਨਕਾ ਵਿਰਲਾ ਪਾਇ ਕੋਇ ॥ ੨ ॥
ਹੋਵਾਂ ਪੰਡਿਤ ਜੋਤਕੀ ਵੇਦਿ ਪੜਾ ਮੁਖ ਚਾਰਿ।
ਨਵਾਂ ਖੰਡਾਂ ਵਿਚ ਜਾਣੀਆਂ ਅਪਨੇ ਚਜ ਵਿਚਾਰ ॥ ੩ ॥
ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀਕਾ ਧਾਨੁ।
ਫਿਟਕ ਫਿਟਕਾ ਕੋੜੁ ਬਦੀਆਂ ਸਦਾ ਸਦਾ ਅਭਿਮਾਨ।
ਪਾਹਿਏ ਤੇ ਜਾਹਿ ਵੀਸਰਿ ਨਾਨਕ ਇਕ ਨਾਮੁ।
ਸਭ ਬੁਧੀ ਜਾਲੀਅਹਿ ਇਕ ਰਹੈ ਤਤੁ ਗਿਆਨੁ ॥ ੪ ॥

ਚਉਥੇ ਮਹਲੇ ਦੇ ਸਲੋਕ:-

ਗੁਰ ਪੂਰੈ ਹਰਿ ਨਾਮੁ ਦਿੜਾਇਆ,



Sri Satguru Jagjit Singh Ji Elibrary NamdhariElibrary@gmail.com

ਜਿਨਿ ਵਿਚਹੁ ਭਰਮੁ ਚੁਕਾਇਆ।
ਰਾਮ ਨਾਮ ਹਰਿ ਕੀਰਤ ਗਾਇ,
ਕਰ ਚਾਨਣੁ ਮਗੁ ਦੇਖਾਇਆ।
ਹਉਮੈ ਮਾਰਿ ਏਕ ਲਿਵ ਲਾਗੀ,
ਅੰਤਰਿ ਨਾਮੁ ਵਸਾਇਆ।
ਗੁਰਮਤੀ ਜਮੁ ਜੋਹਿ ਨ ਸਕੈ,
ਸਚੈ ਨਾਇ ਸਮਾਇਆ।
ਸਭ ਆਪੇ ਆਪਿ ਵਰਤੈ ਕਰਤਾ,
ਜੋਭਾਵੈ ਸੋ ਨਾਇ ਲਾਇਆ।
ਜਨ ਨਾਨਕ ਨਾਉ ਲਏ ਤਾਂ ਜੀਵੈ,
ਬਿਨੁ ਨਾਵੈ ਖਿਨੁ ਮਰਿ ਜਾਇਆ ॥ ੨੮ ॥

ਮਨ ਅੰਤਰਿ ਹਉਮੈ ਰੋਗ ਭ੍ਰਮ ਭੂਲੇ,
ਹਉਮੈ ਸਾਕਤ ਦੁਰਜਨਾ।
ਨਾਨਕ ਰੋਗ ਗਵਾਇ ਮਿਲਿ
ਸਤਿਗੁਰ ਸਾਧੂ ਸਜਣਾ ॥ ੨੯ ॥
ਗੁਰਮਤ ਹੁਰਿ ਹਰਿ ਬੋਲੇ।
ਹਰਿ ਪ੍ਰੇਮ ਕਸਾਈ ਦਿਨ ਸੁਰਾਤੀ
ਹਰਿ ਰਤੀ ਹਰਿ ਰੰਗਿ ਚੋਲੇ।
ਹਰਿ ਜੈਸਾ ਪੁਰਖ ਨ ਲਭਈ,
ਸਭੁ ਦੇਖਿਆ ਜਗਤ ਮੈਂ ਟੋਲੇ।
ਗੁਰ ਸਤਿਗੁਰ ਨਾਮ ਦ੍ਰਿੜਾਇਆ
ਮਨ ਅਨਤਨ ਕਾਹੂ ਡੋਲੇ।



Sri Satguru Jagjit Singh Ji Elibrary NamdhariElibrary@gmail.com

ਜਨ ਨਾਨਕ ਹਰਿ ਕਾ ਦਾਸੁ ਹੈ,
ਗੁਰ ਸਤਿਗੁਰ ਕੇ ਗੁਲ ਗੋਲਿ ॥੩੦॥

ਸ਼ਲੋਕ ਕਬੀਰ ਜੀ ਵਿਚ ਲਫ਼ਜ਼ੀ ਫ਼ਰਕ ਵੀ ਕਿਤੇ ਕਿਤੇ ਹਨ, ਜਿਵੇਂ ਪਹਿਲੇ ਸ਼ਲੋਕ ਵਿਚ 'ਊਪਰ ਨਾਮ' ਹੈ ਚਾਹੀਏ 'ਓਪਰਿ ਰਾਮ'; ਸਲੋਕ ਚਾਲ੍ਹੀਵੇਂ ਵਿਚ 'ਭੁਅੰਗ' ਹੈ, ਚਾਹੀਏ 'ਭੁਯੰਗ' ਆਦਿ ।

(ਖ) ਸਲੋਕ ਸ਼ੇਖ ਫ਼ਰੀਦ ਦੇ (੧੩੦) ।
(ਗ) ਸਵੇਯੇ ਸ੍ਰੀ ਮੁਖ ਵਾਕ ਮਹਲਾ ੫ (੯) ।
ਸਵਯੇ ਸ੍ਰੀ ਮੁਖ ਬਾਕ ਮਹਲਾ ੫ (੧੧) ।
(ਘ) ਸਵਯੇ ਭੱਟਾਂ ਕੇ ॥ ਮਹਲੇ ਪਹਿਲੇ ਕੇ (੧੦) ।
" ਮਹਲੇ ਦੂਜੇ ਕੇ (੧੦) ।
" ਮਹਲੇ ਤੀਜੇ ਕੇ (੨੨) ।
ਸਵਯੇ ਭਟਾਂ ਕੇ । ਮਹਲੇ ਚਉਥੇ ਕੇ (੬੦) ।
" ਮਹਲੇ ਪੰਜਵੇਂ ਕੇ (੨੧) ।

(ਙ) ਸਲੋਕ ਵਾਰਾਂ ਤੇ ਵਧੀਕ; ਮਹਲੇ ਪਹਿਲੇ ਕੇ ੩੩, ਮਹਲੇ ਤੀਜੇ ਕੇ ੬੩ (ਛਾਪੇ ਦੇ ਗ੍ਰੰਥ ਵਿਚ ੬੭); ਮਹਲੇ ਚਉਥੇ ਕੇ ੨੭ (ਛਾਪੇ ਦੇ ਵਿਚ ੩੦); ਮਹਲੇ ਪੰਜਵੇਂ ਕੇ ੨੨, ਅਤੇ ਨਾਵੇਂ ਗੁਰੂ ਦੇ ੫੭ ॥ ਜੋੜ ਇਸ ਬੀੜ ਵਿਚ ਗ਼ਲਤ ਕੀਤਾ ਹੈ ।

ਲਫ਼ਜ਼ੀ ਵਰਕ ਭੀ ਬਹੁਤ ਹਨ ਜਿਸ ਤਰ੍ਹਾਂ:-

| | |
|---|---|
| ਭੁਖਿਆਂ ਆਪ ਸਮਝਾਏਂ, | ਚਾਹੀਏ ਭਲਿਆਂ । |
| ਹਉ ਘੜੀ ਨਿਹਾਲੀ | " ਖੜੀ । |
| ਪ੍ਰੀਤਮ ਸਚਾ ਲਾਦੀਐ | " ਪਾਈਐ । |

ਨਾਵੇਂ ਗੁਰੂ ਦੇ ਸਲੋਕਾਂ ਵਿਚ ਤਾਂ ਫ਼ਰਕ ਬਹੁਤ ਹਨ, ਜਿਸ ਤਰ੍ਹਾਂ :-

| | |
|---|---|
| ਕਹ ਨਾਨਕ ਇਹ ਜਾਨ ਲੈ | ਚਾਹੀਦਾ ਸੀ ਤਿਹ ਜਾਨੀਐ। |
| ਲੀਨ ਤਾਹਿ ਮੈਂ ਨਾਮ | " ਮਾਨ । |
| ਉਸਤਿਤ ਨਿੰਦਦਿਆ ਨਾਹਿ | " ਉਸਤਤਿ ਨਿੰਦਿਆਂ । |
| ਮੁਕਤ ਤਾਹਿ ਮੈ ਜਾਨ | " ਤਾਹਿ ਤੇ ਜਾਨ । |
| ਪ੍ਰਾਣੀ ਕੌ ਨਾਂਹਿ ਮਾਨ | " ਨਾਹਿ ਮਨਿ । |
| ਦਾਨ ਕਰ ਮਨ ਮਹਿ | " ਦਾਨ ਕਰਿ ਮਨ ਮਹਿ |



Sri Satguru Jagjit Singh Ji Elibrary NamdhariElibrary@gmail.com

| | |
|---|---|
| ਮਨ ਮਾਇਆ ਵਿਕੈ ਫਧਿ | ਚਾਹੀਏ ਮਾਇਆ ਮੰ ਫਧਿ । |
| ਜਤਨ ਬਹੁਤ ਮੈ ਕਰ ਰਹਿਉ | ,, ਕਰਿ ਰਹਿਉ । |
| ਰਾਖ ਲਿਹਵ ਭਗਵਾਨ | ,, ਲਿਹੁ ਭਗਵਾਨ । |
| ਲੋਵ ਕੇ ਫੰਦ | ,, ਲੋਭ ਕੇ ਫੰਦ । |
| ਛਾਡਿਤ ਤਾਹਿ ਨ ਭੇਤ | ,, ਨਾਹਿਨ ਭੇਤ । |
| ਜਤਿਨ ਬਹੁਤ ਸੁਖ ਕੈ | ,, ਜਤਨ । |
| ਇਕ ਮਨ ਹੁਇ ਇਯੈ ਚਿਤ | ,, ਇਕ ਚਿਤ । |
| ਝੂਠੇ ਮਾਨ ਕਾਹ ਕਰੈ | ,, ਝੂਠੇ ਮਾਨ । |
| ਇਹ ਗਤਿ ਭਈ ਤਉ ਨ | ,, ਬਿਧਿ ਭਈ । |

੫੭ ਸਲੋਕਾਂ ਦੇ ਲਿਖਣ ਵਿਚ ਇਤਨੀਆਂ ਗ਼ਲਤੀਆਂ ਦਸਦੀਆਂ ਹਨ ਕਿ ਇਹ ਬੜੀ ਕਾਹਲੀ ਵਿਚ ਤੇ ਬੇ ਪਰਵਾਹੀ ਨਾਲ ਨਕਲ ਕੀਤੇ ਗਏ ਸਨ। ਪਰ ਹੇਠ ਲਿਖੇ ਫ਼ਰਕ ਕੁਝ ਵਡੇਰੇ ਹਨ :—

| ਸੰਮਤ ੧੭੩੨ ਦੀ ਬੀੜ | ਛਾਪੇ ਦਾ ਗ੍ਰੰਥ |
|---|---|
| ਬਲੁ ਟੂਟਿਓ ਬੰਧਨ ਪਰਿਓ, ਰਹਿਓ ਨ ਕਛੂ ਓਪਾਇ | ਬਲੁ ਛੁਟਕਿਓ ਬੰਧਨ ਪਰੇ, ਕਛੂ ਨ ਹੋਤ ਉਪਾਇ । |
| ਕਹ ਨਾਨਕ ਅਬ ਓਟ ਹਰਿ, ਗਜ ਜਿਉਂ ਹੋਇ ਸਹਾਇ ॥ ੫੪ ॥ | ਕਹ ਨਾਨਕ ਅਬ ਓਟਿ ਹਰਿ, ਗਜ ਜਿਓ ਹੋਹੁ ਸਹਾਇ । |
| ਮਹਲਾ ੧੦ । | । |
| ਬਲੁ ਹੂਓ ਬੰਧਨ ਛੁਟੇ ਸਭ ਕਛੁ ਹੋਤਿ ਉਪਾਇ। | ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ । |
| ਸਭ ਕਛੁ ਤੁਮਰੇ ਹਾਥ ਮੈਂ ਤੁਮ ਹੀ ਹੋਇ ਸਹਾਇ ॥ ੫੫ ॥ | ਨਾਨਕ ਸਭ ਕਿਛੁ ਤੁਮਰੇ ਹਾਥ ਮੈਂ ਤੁਮ ਹੀ ਹੋਇ ਸਹਾਇ । |
| ਰਾਮ ਨਾਮ ਉਰ ਮੈਂ ਗਹੋ ਜਾਕੀ ਸਮ ਨਹੀਂ ਕੋਇ । | ਰਾਮ ਨਾਮ ਉਰਿ ਮੈਂ ਗਹਿਓ ਜਾਕੈ ਸਮ ਨਹੀਂ ਕੋਇ । |
| ਜਿਹ ਸਿਮਰਤ ਸੰਕਟ ਮਿਟੈ ਦਰਸ ਤਿਹਾਰੋ ਹੋਇ ॥ ੫੬ ॥ | ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ । |
| ਬੰਧ ਸਖਾ ਸਭਿ ਤਜਿ ਗਏ, ਦੀਊ ਨ ਕਾਹੁ ਸਾਥ । | ਸੰਗ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥ । |
| ਕਹੁ ਨਾਨਕ ਯਹਿ ਬਿਪਤ ਮੈਂ ਏਕ ਉਟ ਰਘੁਨਾਥ ॥ ੫੭ ॥ | ਕਹੁ ਨਾਨਕ ਇਹ ਬਿਪਤ ਮੈਂ ਟੇਕ ਏਕ ਰਘੁਨਾਥ । |

ਨਾਵੇਂ ਮਹਲ ਦੇ ਸਲੋਕਾਂ ਦੀ ਤਰਤੀਬ ਵਿਚ ਵੀ ਫ਼ਰਕ ਹੈ, ਜਿਸ ਤਰ੍ਹਾਂ ਕਿ ਸਾਨੂੰ ਉਮੀਦ ਕਰਨੀ ਚਾਹੀਏ। ਲਿਖਿਤ ਦੀ ਬੀੜ ਦੇ ਨੰ: ੩੦, ੩੧, ੩੨,



Sri Satguru Jagjit Singh Ji Elibrary NamdhariElibrary@gmail.com

੪੨, ੫੧ ਅਤੇ ੫੬, ਛਾਪ ਦੀ ਬੀੜ ਵਿਚ ਨੰ: ੪੪, ੩੮, ੪੯, ੪੫, ੫੬ ਅਤੇ ੫੭ ਹੋ ਗਏ ਹਨ। ਭੋਗ ਦੀ ਬਾਣੀ ਵਿਚ ਸਭ ਤੋਂ ਛੇਕੜਲਾ ਭਾਗ ਏਹ 'ਮੁੰਦਾਵਣੀ' ਹੈ। ਏਥੇ ਗ੍ਰੰਥ ਸਾਹਿਬ ਮੁਕ ਗਿਆ।

## IV. ਫਾਲਤੂ ਬੇ-ਸਨਦ ਬਾਣੀਆਂ

### Apocrypha

'ਮੁੰਦਾਵਣੀ' ਦੇ ਪਿਛੋਂ ਫ਼ਾਲਤੂ ਤੇ ਗ਼ੈਰ ਪ੍ਰਮਾਣਕ ਬਾਣੀਆਂ ਇਸ ਬੀੜ ਵਿਚ ਇਹ ਦਿਤੀਆਂ ਹਨ :—

(ੳ) ਸ਼ਲੋਕ ਮਹਲਾ ੧—'ਜਿਤ ਦਰ ਲਖ ਮੁਹਮਦਾ'।

(ਅ) ਸਲੋਕ ਮਹਲਾ ੧—'ਬਾਦਿ ਆਤਸ਼ ਆਬ'। ਇਹ 'ਗੋਸ਼ਟ' ਮਲਾਰ ਨਾਲ ਹੈ।

(ੲ) ਰਤਨ ਮਾਲਾ ਰਾਗ ਰਾਮ ਕਲ (ਮਾਮੂਲੀ ਟਿਪਨੀ ਸਮੇਤ)।

(ਸ) ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ।

(ਹ) ਰਾਗ ਮਾਲਾ। ਅਤੇ (ਕ) ਸਿਆਹੀ ਕੀ ਬਿਧਿ।

ਭਾਵੇਂ ਕਈ ਸਫ਼ੇ ਏਥੇ ਏਸ ਟਾਕਰੇ ਨੂੰ ਦਿਤੇ ਹਨ, ਅਤੇ ਮੇਰੇ ਆਪਣੇ ਨੋਟ ਏਸ ਨਾਲੋਂ ਚਾਰ ਗੁਣਾ ਹਨ, ਅਤੇ ਭਾਵੇਂ ਦੋ ਗ੍ਰੰਥ ਸਾਹਿਬਾਂ ਦਾ ਨਾਲੋ ਨਾਲ ਪ੍ਰਕਾਸ਼ ਕਰਕੇ ਉਹਨਾਂ ਦਾ ਆਪੋ ਵਿਚ ਟਾਕਰਾ ਕਰਨ ਵਿਚ ਮੇਰੇ ਕੋਈ ਸਤ ਹਫ਼ਤੇ ਲਗੇ ਸਨ, ਪਰ ਤਾਂ ਭੀ ਇਹ ਟਾਕਰਾ ਬਹੁਤ ਓਪਰਾ ਓਪਰਾ ਹੈ। ਠੀਕ ਮੁਕਾਬਲਾ ਕਰਨ ਲਈ ਬਹੁਤ ਵਕਤ ਤੇ ਮਿਹਨਤ ਚਾਹੀਦੇ ਹਨ। ਪਰ ਸਾਡਾ ਮਤਲਬ ਏਤਨੇ ਨਾਲ ਹੀ ਪੂਰਾ ਹੋ ਜਾਂਦਾ ਹੈ, ਜਿਥੋਂ ਤਕ ਇਸ ਕਿਤਾਬ ਦਾ ਵਾਸਤਾ ਹੈ।

# ੧੫-'ਆਦਿ ਬੀੜ' ਵਿਚ ਕੀ ਸੀ ਤੇ ਕੀ ਨਹੀਂ ਸੀ।

ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਲਿਖਿਆ ਹੈ ਕਿ ਜਦ ਗੁਰੂ ਅਰਜਨ ਦੇਵ ਨੇ ਭਾਈ ਬਨੋਂ ਵਾਲੀ ਬੀੜ ਪਰਵਾਨ ਕਰ ਲਈ, ਤਦ ਹੁਕਮ ਦਿਤਾ ਕਿ :—

ਦੋਹਿਰਾ। ਮਮ ਆਗਿਆ ਸਭ ਹੀ ਸੁਨੋ ਸੱਤ ਬਾਤ ਨਿਰਧਾਰ।
ਗ੍ਰੰਥ ਗੁਰੂ ਸਮ ਮਾਨੀਓ ਭੇਦ ਨ ਕੋਊ ਬਿਚਾਰ॥



Sri Satguru Jagjit Singh Ji Elibrary NamdhariElibrary@gmail.com

ਜੇਊ ਗ੍ਰੰਥ ਇਸ ਥੋਂ ਲਿਖੇ ਸੋਧਉ ਇਸੈ ਬਨਾਇ।
ਗੁਰਦਾਸ ਬੀੜ ਤੇ ਜੋ ਲਿਖੇ ਤਾਂ ਤੇ ਸੋਊ ਸੁਧਾਇ॥

ਸੋ ਇਹਨਾਂ ਦੋਵਾਂ ਬੀੜਾਂ ਤੋਂ ਗ੍ਰੰਥ ਨਕਲ ਕਰਨ ਵਾਲੇ ਗੁਰਬਾਣੀ ਨੂੰ ਬੜਾ ਹੀ ਸੋਧ ਕੇ ਲਿਖਣ ਦਾ ਜਤਨ ਕਰਦੇ ਸਨ, ਅਤੇ ਅਖਰ ਮਾਤ੍ਰ ਦਾ ਛੁਟ ਜਾਣਾ ਜਾਂ ਵਧੀਕ ਹੋ ਜਾਣਾ, ਲਗਾਂ ਤਕ ਵਿਚ ਫ਼ਰਕ ਪੈ ਜਾਣਾ, ਉਹ ਪਾਪ ਸਮਝਦੇ ਸਨ। ਪਾਠ ਕਰਨ ਵਿਚ ਇਹਨਾਂ ਗ਼ਲਤੀਆਂ ਨੂੰ ਮਾੜਾ ਗਿਣਦੇ ਸਨ, 'ਅਖਰ ਵਧ ਘਟ ਭੁਲ ਚੁਕ' ਲਈ ਅਰਦਾਸ ਵਿਚ ਮੁਆਫ਼ੀ ਮੰਗਦੇ ਸਨ। ਇਹ ਰੀਤ ਪੁਰਾਣੇ ਸਮਿਆਂ ਤੋਂ ਹੀ ਚਲੀ ਆਉਂਦੀ ਸੀ। ਸਗੋਂ ਅਰਦਾਸ ਵਿਚ ਕਹੇ ਜਾਨ ਵਾਲੇ ਲਫ਼ਜ਼ ਪੁਰਾਣੇ ਵਾਕਾਂ ਦਾ ਹੀ ਤਰਜੁਮਾ ਸਨ। ਸ਼ੰਕ੍ਰਾਚਾਰਯ ਦੇ 'ਸ੍ਰੀ ਰਾਮ ਜਯ' ਸਤੋਤ੍ਰ ਵਿਚ ਇਹੋ ਗਲ ਏਸ ਤਰ੍ਹਾਂ ਕਹੀ ਹੈ :-

यदक्षरपदभ्रष्टं मात्राहीनतु यद्भवेत।
तत्सर्वं क्षम्यतां देव नारायन नमोऽस्तु ते।
विसर्ग बिन्दुमात्राणि पदपादाक्षराणि च।
न्यूनानि चातिरिक्तानि क्षमस्व पुरुषोत्तम।

ਜੇਹੜੇ ਪੇਸ਼ਾ-ਵਰ 'ਲਿਖਾਰੀ' ਹੁੰਦੇ ਸਨ, ਉਹਨਾਂ ਨੂੰ ਨਿਰਾ ਆਪਣੀ ਭੁਲਾਂ ਦਾ ਹੀ ਪਾਪ ਨਹੀਂ ਲਗਦਾ ਸੀ, ਸਗੋਂ ਉਹਨਾਂ ਦੀ ਕੀਤੀ ਨਕਲਾਂ ਤੋਂ ਪਾਠ ਕਰਨ ਵਾਲਿਆਂ ਦੇ ਪਾਪ ਦਾ ਫਲ ਵੀ ਇਹਨਾਂ ਲਿਖਾਰੀਆਂ ਨੂੰ ਹੀ ਮਿਲਦਾ ਸੀ। ਏਹਨਾਂ ਦੇ ਇਹਤਿਆਤ ਕਰਨ ਦਾ ਸਬਬ ਇਕ ਹੋਰ ਵੀ ਹੁੰਦਾ ਸੀ। ਇਹਨਾਂ ਨੂੰ ਨਿਰਾ ਅਖਰ ਬੋਧ ਹੁੰਦਾ ਸੀ, ਹੋਰ ਕੁਝ ਆਪਣੀ ਸਮਝ ਬੂਝ ਘਟ ਹੀ ਹੁੰਦੀ ਸੀ। ਸੋ ਇਹ ਲੋਕ ਜਾਨ ਬੁਝ ਕੇ ਨਾ ਕੁਝ ਵਧਾ ਸਕਦੇ ਸਨ ਨਾ ਘਟਾ। ਸਹਿ-



Sri Satguru Jagjit Singh Ji Elibrary NamdhariElibrary@gmail.com

ਸੁਭਾ ਭਾਵੇਂ ਕੋਈ ਅਖਰ ਰਹਿ ਜਾਵੇ, ਜਾਂ ਲਗ ਮਾਤ੍ਰਾ ਬਦਲ ਜਾਏ ਜਾਂ ਕਿਤੇ ਭੁਲ ਭੁਲੇਖੇ ਇਕ ਲਫ਼ਜ਼ ਦੀ ਥਾਂ ਉਸਦਾ ਪਰਜਾਯ (ਮੁਤਰਾਦਿਫ਼ ਲਫ਼ਜ਼) ਆ ਜਾਏ, ਇਹ ਗਲਾਂ ਉਹਨਾ ਦੇ ਵਸ ਤੋਂ ਬਾਹਰ ਸਨ। ਪਿਛੋਂ ਸੋਧਕੇ ਵੀ ਇਹੋ ਜਿਹੀਆਂ ਉਕਾਈਆਂ ਰਹਿ ਜਾਂਦੀਆਂ ਸਨ। ਹੜਤਾਲ ਠੂਠੀ ਵਿਚ ਘੋਲਕੇ ਉਹਨਾਂ ਨੇ ਪਾਸ ਰਖੀ ਹੁੰਦੀ ਸੀ, ਕਾਲੀ ਸਿਆਹੀ ਛੇਤੀ ਧੋਤੀ ਨਹੀਂ ਸੀ ਜਾਂਦੀ, ਸੋ ਮਖੀ ਤੇ ਮਖੀ ਮਾਰਕੇ ਰਖ ਦੇਂਦੇ ਸਨ । **मक्षिका स्थाने माक्षिका ।** ਜੇਕਰ 'ਆਦਿ-ਬੀੜ' ਵਿਚ ਗੁਰੂ ਸਾਹਿਬ ਨੇ ਪਤਰੇ ਸੋਧ ਕੇ ਲਿਖ ਦਿਤਾ 'ਸ਼ੁਧ' ਜਾਂ 'ਸ਼ੁਧ ਕੀਚੈ', ਤਦ ਇਹਨੇਂ ਭੀ ਉਹੋ ਲਫ਼ਜ਼ ਉਤੇ ਹੀ ਲਿਖ ਦਿਤੇ; ਜੇ ਗੁਰੂ ਸਾਹਿਬ ਨੇ ਭਾਈ ਗੁਰਦਾਸ ਵਾਸਤੇ ਹਿਦਾਯਿਤ ਲਿਖੀ ਸੀ ਕਿ 'ਇਹ ਸ਼ਲੋਕ ਪਹਿਲੇ ਅਰ ਪਾਛੇ ਪੜ੍ਹਨਾ' ਤਦ ਇਹਨਾਂ ਭੀ ਉਹੋ ਲਫ਼ਜ਼ ਦੁਹਰਾ ਦਿਤੇ। ਜੇ ਕਿਧਰੇ ਕੋਈ ਅਖਰ ਕਿ ਅੰਕ ਕਿ ਲਗ ਵਧ ਘਟ ਪੈ ਗਈ, ਤਦ ਉਹ ਭੀ ਉਸੇ ਤਰ੍ਹਾਂ ਬਨਾ ਛਡੀ। ਤਾਂ ਤੇ ਅਸੀਂ ਇਕ ਅਨਟੁਟ ਨਿਯਮ ਬਨਾ ਸਕਦੇ ਹਾਂ ਕਿ ਜੇ ਕਿਸੇ ਹੋਰ ਤਰ੍ਹਾਂ ਸੁਥਰੇ ਸੰਵਾਰ ਕੇ ਲਿਖੇ ਉਤਾਰੇ ਵਿਚ ਕੋਈ 'ਤੁਕ' ਕਿ 'ਵਾਕ' ਨਹੀਂ ਹੈ, ਤਦ ਉਹ 'ਤੁਕ' ਕਿ 'ਵਾਕ' ਉਸ ਦੀ ਅਸਲ ਵਿਚ ਵੀ ਨਹੀਂ ਸੀ। ਏਸ ਨਿਯਮ ਨੂੰ ਹੁਣ ਵਰਤਕੇ ਦੇਖੋ ॥

(ੳ) ਅਨੇਕਾਂ ਪ੍ਰਾਚੀਨ ਬੀੜਾਂ ਹਨ ਜਿਨ੍ਹਾਂ ਵਿਚ ਨੌਂ 'ਵਾਰਾਂ' ਦੇ ਸਿਰ ਪੁਰ ਨੌਂ ਧੁਨੀਆਂ ਨਹੀਂ ਦਿਤੀਆਂ । ਇਹ ਨਹੀਂ ਕਿ ਕਿਸੇ ਇਕ ਥਾਂ ਇਕ ਅਧੀ ਛੁਟ ਗਈ ਹੈ। ਨਹੀਂ ! ਨਵਾਂ ਹੀ ਵਾਰਾਂ ਦੇ ਸਿਰਾਂ ਪੁਰ ਨੌਵੇਂ ਧੁਨੀਆਂ ਹੈ ਨਹੀਂ । ਨਤੀਜਾ ਸਾਫ਼ ਹੈ ਕਿ ਇਹ ਧੁਨੀਆਂ ਭਾਈ ਗੁਰਦਾਸ ਦੇ ਹਥ ਦੀ ਲਿਖੀ 'ਆਦਿ-ਬੀੜ' ਵਿਚ ਨਹੀਂ ਸਨ, ਜਿਸ ਤਰ੍ਹਾਂ ਕਿ ਬੂੜੇ ਸੰਧੂ ਵਾਲੀ ਬੀੜ, ਜਾਂ ਸੰਮਤ ੧੭੨੮ ਵਾਲੀ ਬੀੜ ਵਿਚ ਨਹੀਂ ਹਨ । ਸਿਖਾਂ ਅੰਦਰ ਇਹ 'ਪਕੀ'



Sri Satguru Jagjit Singh Ji Elibrary NamdhariElibrary@gmail.com

ਰਵਾਇਤ ਹੈ ਕਿ ਇਹ ਧੁਨੀਆਂ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਪਸੰਦ ਦੀਆਂ ਪਿਛੋਂ ਦਰਜ ਕਰਾਈਆਂ ਸਨ, ਉਹਨਾਂ ਦੇ ਚੜ੍ਹਾਨ ਤੋਂ ਪਹਿਲੇ ਨਹੀਂ ਸਨ। ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਲਿਖਿਆ ਹੈ ਕਿ:–

ਚੌਪਈ॥ ਸ੍ਰੀ ਸਤਿਗੁਰੂ ਦਿਖ ਲੋਗ ਦਿਵਾਨਾ।
ਬੁਢੇ ਆਦਿਕ ਸਭ ਇਕ ਠਾਨਾ।
ਹਰ ਗੋਬਿੰਦ ਕੋ ਕਹਾ ਸੁਨਾਈ।
ਆਗਿਆ ਮੋਰ ਸੁਨੋ ਚਿਤ ਲਾਈ।
ਸਾਹਿਬ ਬੁਢੇ ਬਚਨ ਬਖਾਨਾ।
ਤੁਮ ਕਰਨੋ ਜੁਧ ਮਹਾ ਭੇਆਨਾ।
ਗ੍ਰੰਥ ਬੀਚ ਹਮ ਜੋਇ ਲਿਖਾਈ।
ਬਾਈ ਵਾਰ ਸੁਨਹੁ ਮਨ ਲਾਈ।
ਮਨ ਪਸੰਦ ਸੁਨ ਵਾਰ ਜੋ ਪਾਵੇ।
ਤਬੇ ਧੁਨਾਂ ਤੁਮ ਤਾਹਿ ਚੜ੍ਹਾਵੇ।
ਬਾਣੀ ਔਰ ਨਹੀਂ ਤੁਮ ਕਰਨੀ।
ਸਤ ਬਚਨ ਸੁਨਹੋ ਮਮ ਸ੍ਰਵਣੀ।
ਦੀਨ ਹੇਤ ਜੋ ਸੀਸ ਉਤਾਰੇ।
ਚਾੜ੍ਹੋ ਬਾਣੀ ਮੁਖੋਂ ਉਚਾਰੇ।
ਔਰ ਕਿਸੀ ਕੀ ਚੜ੍ਹੇ ਨ ਬਾਣੀ।
ਸਤਿ ਬਚਨ ਹਮਰੇ ਤੁਮ ਜਾਣੀ।

ਗੁਰ ਬਿਲਾਸ ਲਿਖਣ ਵਾਲਾ, ਮਹਾਰਾਜਾ ਰਣਜੀਤ ਸਿੰਘ ਦੇ ਵਕਤ ਸਿਖਾਂ ਵਿਚ ਫੈਲੇ ਖਿਆਲ ਏਥੇ ਦੇ ਰਿਹਾ ਹੈ। ਸੋ ਭਾਵੇਂ ਹਦਾਇਤ ਗੁਰੂ ਅਰਜਨ ਦੇਵ ਨੇ ਆਪਣੇ ਪੁਤ੍ਰ ਹਰ ਗੋਬਿੰਦ ਨੂੰ ਕੀਤੀ ਕਿ ਨਾ, ਪਰ ਇਹ ਪ੍ਰਤਖ ਹੈ ਕਿ ਧੁਨੀਆਂ ਬਾਬਤ ਇਹ ਰਵਾਇਤ ਗੁਰ ਬਿਲਾਸ ਰਚੇ ਜਾਨ ਵੇਲੇ ਮੌਜੂਦ ਸੀ। ਬਾਕੀ ਗਲ ਰਹੀ ਸੀਸ ਦੇਕੇ ਬਾਣੀ ਚੜ੍ਹਾਨ ਵਾਲੀ, ਸੋ ਕਰਤਾ ਨੇ ਵਾਕਿਆਤ ਦੇ ਹੋ ਚੁਕਨ



Sri Satguru Jagjit Singh Ji Elibrary NamdhariElibrary@gmail.com

ਪਿਛੋਂ ਸੂਰਤ ਹਾਲ ਦੀ ਸਫਾਈ ਲਈ ਆਪਣੇ ਕੋਲੋਂ ਪਾਈ ਹੈ।

ਉਂਜ ਤਾਂ ਕੁਝ ਧੁਨੀਆਂ ਗੁਰੂ ਅਰਜਨ ਦੇਵ ਨੇ ਖ਼ੁਦ ਵੀ ਗ੍ਰੰਥ ਸਾਹਿਬ ਵਿਚ ਦਿਤੀਆਂ ਹਨ, ਜਿਸ ਤਰ੍ਹਾਂ ਕਿਹਾ ਹੈ 'ਪਹਿਰਿਆਂ ਕੈ ਘਰ ਗਾਵਨਾਂ' ਜਾਂ 'ਏਕ ਸਵਾਨ ਕੇ ਘਰ ਗਾਵਨਾ' ਅਰਥਾਤ ਜਿਸ ਤਰ੍ਹਾਂ ਪਹਿਰੇ ਗਾਂਵੇ ਜਾਂਦੇ ਹਨ ਯਾ ਜਿਸ ਤਰ੍ਹਾਂ ਏਕ ਸਵਾਨ ਦੋਇ ਸੁਆਨੀ ਵਾਲਾ ਸ਼ਬਦ ਗਾਵਿਆਂ ਜਾਂਦਾ। ਹਾਂ ਇਥੇ ਧੁਨੀ ਆਪਣੇ ਹੀ ਸ਼ਬਦਾਂ ਦੀ ਦਸੀ ਹੈ। 'ਵਾਰਾਂ' ਦੇ ਸਿਰ ਪੁਰ ਦਿੱਤੀਆਂ ਧੁਨੀਆਂ ਆਮ ਪ੍ਰਚਲਿਤ ਜੋਧਿਆਂ ਦੀਆਂ ਵਾਰਾਂ ਤੋਂ ਲਈਆਂ ਗਈਆਂ ਸਨ।

(ਅ) ਏਸੇ ਤਰ੍ਹਾਂ 'ਬਸੰਤ ਕੀ ਵਾਰ ਮ: ੫' ਵੀ ਪੁਰਾਤਨ ਬੀੜਾਂ ਵਿਚ ਨਹੀਂ ਆਈ। ਪੁਰਾਣੀ ਹਥ ਦੀਆਂ ਲਿਖੀਆਂ ਬੀੜਾਂ ਵਿਚ ਗ੍ਰੰਥ ਸਾਹਿਬ ਦੇ ਪਿਛੇ ਵਾਧੂ ਕੋਰੇ ਵਰਕਿਆਂ ਪੁਰ, ਹੋਰ ਫ਼ਾਲਤੂ Apocryphal ਬਾਣੀਆਂ 'ਰਤਨ ਮਾਲਾ' 'ਗੋਸ਼ਟ ਮਲਾਰ ਨਾਲ ਹੋਈ' ਵਗੈਰਾ ਨਾਲ ਰਲਾਕੇ ਲਿਖੀ ਹੁੰਦੀ ਹੈ, ਅਤੇ ਕਿਤੇ ਗਲਤੀ ਨਾਲ ਹੋਰ ਬਾਣੀਆਂ ਵਾਂਗ ਇਸਨੂੰ ਭੀ 'ਮਹਲਾ ੧' ਦੀ ਦਸਿਆ ਹੁੰਦਾ ਹੈ। ਸੋ ਇਹ ਬਸੰਤ ਕੀ ਵਾਰ ਭੀ 'ਆਦਿ-ਬੀੜ' ਦੇ ਅੰਦਰ ਰਾਗ ਬਸੰਤ ਹੇਠਾਂ ਨਹੀਂ ਸੀ। ਬੂੜੇ ਸੰਧੂ ਨੇ 'ਆਦਿ-ਬੀੜ ਤੋਂ ਜੋ ਉਤਾਰਾ ਸੰਮਤ ੧੬੬੨ ਵਿਚ ਗੁਰੂ ਅਰਜਨ ਦੇਵ ਦੀ ਮੌਜੂਦਗੀ ਵਿਚ ਕੀਤਾ, ਉਸ ਵਿਚ ਇਹ ਵਾਰ ਗਰੰਥ ਸਾਹਿਬ ਦੇ ਅੰਤ ਪੁਰ 'ਚਲਿਤ੍ਰ ਜੋਤੀ ਜੋਤ ਸਮਾਵਣ ਕੇ' ਦੇ ਨਾਲ ਲਿਖੀ ਹੈ, ਅਤੇ ਇਹ ਇਕੱਲੀ ਬੀੜ ਨਹੀਂ ਜਿਸਨੇ ਇਹ ਕੀਤਾ ਹੈ। ਦੋਹਾਂ ਦੀਆਂ ਪ੍ਰਤੀਕਾਂ ਤਤਕਰੇ ਵਿਚ ਪਤ੍ਰੇ ਦੇ ਅੰਕ ਸਮੇਤ ਦਿਤੀਆਂ ਹਨ। ਉਪਰ ਅਸੀਂ ਕਈ ਥਾਂ ਏਸ ਸਵਾਲ ਪਰ ਵਿਚਾਰ ਕਰ ਆਏ ਹਾਂ। ਨਤੀਜਾ ਸਾਫ਼ ਹੈ ਕਿ 'ਬਸੰਤ ਕੀ ਵਾਰ' ਗ੍ਰੰਥ ਸਾਹਿਬ ਦੀ 'ਆਦਿ-ਬੀੜ' ਵਿਚ

---

ਘਰ is Octave, Classical Indfan music ranges over 17 Cctaves.



Sri Satguru Jagjit Singh Ji Elibrary NamdhariElibrary@gmail.com

ਅੰਦਰ ਨਹੀਂ ਸੀ, ਅਤੇ ਬੂੜੇ ਸੰਧੂ ਦੀ ਬੀੜ ਵਾਂਗ ਪਿਛੇ ਲਿਖੀ ਸੀ ਜਿਥੋਂ ਉਸਨੇ ਨਕਲ ਕੀਤੀ ।

(ੲ) ਹੁਣ ਲੌ 'ਮੁੰਦਾਵਣੀ' ਨੂੰ । ਪੰਡਿਤ ਤਾਰਾ ਸਿੰਘ ਜੀ ਲਿਖਦੇ ਹਨ ਕਿ 'ਗੁਰੂ ਅਰਜਨ ਸਾਹਿਬ ਦੇ ਵਿਵਾਹ ਸਮੇਂ ਇਸਤ੍ਰੀਉਂ ਨੇ ਜਨੇਤ ਕੀ ਥਾਲੀਆਂ ਬੰਧੀ, ਉਸ ਬਨ੍ਹਣੇ ਕੇ ਨਾਮ ਮੁੰਦਾਵਣੀ ਹੈ। ਮੁੰਦਣ ਸੇ ਮੁੰਦਾਵਣੀ ਨਾਮ ਬਣਾ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਸ ਬੰਦਕੇ ਖੋਲਨੇ ਕੇ ਹੇਤ ਇਹ ਸ਼ਲੋਕ ਕਹਿਆ।' ਮੁੰਦਾਵਣੀ ਦੇ ਅਰਥ ਢਕਨ ਅਤੇ ਸਰਪੋਸ਼ ਦੇ ਵੀ ਕੀਤੇ ਗਏ ਹਨ। ਦੋਵੇਂ ਅਰਥ ਲਫ਼ਜ਼ ਮੁੰਦਾਵਨੀ ਦੇ ਠੀਕ ਹਨ ਤੇ ਅਸਲ ਵਿੱਚੋਂ ਇਕੋ ਹਨ। ਦੇਸ ਦੀ ਰਸਮ ਹੈ ਕਿ ਇਸਤ੍ਰੀਆਂ ਜਨੇਤ ਦੀ ਥਾਲੀ ਐਵੇਂ ਹਾਸੇ ਬਖੇੜੇ ਲਈ ਬਨ੍ਹ ਦੇਂਦੀਆਂ ਹਨ, ਅਤੇ ਜਦ ਤਕ ਜੰਜ ਵਿਚੋਂ ਕੋਈ (ਜ਼ਰੂਰੀ ਨਹੀਂ ਕਿ ਲਾੜਾ ਹੀ ਜਵਾਬ ਦੇ) ਮੁੰਡਾ ਚੁਸਤ ਫ਼ਿਕਰਾ ਜਵਾਬ ਵਿਚ ਨ ਕਹੇ, ਜੰਜ ਖਾਣਾ ਸ਼ੁਰੂ ਨਹੀਂ ਕਰਦੀ । ਪਰ ਏਸਨੂੰ ਗੁਰੂ ਅਰਜਨ ਦੇਵ ਦੇ ਵਿਆਹ ਨਾਲ ਕੋਈ ਵਾਸਤਾ ਨਹੀਂ। ਗੁਰੂ ਸਾਹਿਬ ਨੇ ਹਰ ਤਰ੍ਹਾਂ ਦੇ ਆਮ ਪਚਲਿਤ ਗੀਤਾਂ Folk-Songs ਦੀ ਨਕਲ ਕਰਕੇ ਬਾਣੀ ਰਚੀ ਹੈ, ਅਤੇ ਉਹਨਾਂ ਦੀ ਧਾਰਨਾਂ ਜਾਂ ਮੁਹਾਵਰਿਆਂ ਨੂੰ ਪਰਮਾਰਥ ਵਲ ਖਿਚਿਆ ਹੈ; ਜਿਵੇਂ ਘੋੜੀਆਂ, ਲਾਵਾਂ, ਅਲਾਹਨੀਆਂ ਵਗੈਰਾ। ਮੁੰਦਾਵਣੀ ਵੀ ਉਸੇ ਤਰ੍ਹਾਂ ਦੀ ਖਾਸ ਰਚਨਾ ਹੈ। ਗ੍ਰੰਥ ਸਾਹਿਬ ਵਿਚ ਇਹਨਾਂ ਖਾਸ ਤਰ੍ਹਾਂ ਦੀਆਂ ਰਚਨਾਂ ਨੂੰ ਇਕ ਵਿਸ਼ੇਸ਼ ਜਗਾ ਦਿੱਤੀ ਗਈ ਹੈ, ਗੁਰਬਾਣੀ ਦੇ ਅੰਤ ਪੁਰ ਭਗਤ ਬਾਣੀ ਤੋਂ ਪਹਿਲੇ । ਓਹੋ ਤਰਤੀਬ, ਵਾਧੂ ਬਚ ਰਹੀ ਬਾਣੀ ਨੂੰ ਭੋਗ ਵਾਲੇ ਹਿਸੇ ਵਿਚੇ ਦਿੰਦੇ ਸਮੇਂ ਵਰਤੀ ਹੈ । ਅਤੇ 'ਮੁੰਦਾਵਨੀ' ਵਾਲੇ ਸ਼ਲੋਕ 'ਥਾਲ ਵਿਚ ਤਿਨ ਵਸਤੂ ਪਈਉ' ਨੂੰ ਸ਼ਲੋਕ ਵਾਰਾਂ ਤੇ ਵਧੀਕ ਦੇ ਪਿਛੇ ਰਖਿਆ ਹੈ, ਅਤੇ ਦੂਸਰਾ ਸਲੋਕ 'ਤੇਰਾ ਕੀਤਾ ਜਾਤੋ ਨਾਹੀ' ਵਧੀਕ ਸ਼ਲੋਕਾਂ ਵਿਚੋਂ ਹੀ ਇਕ ਹੈ, ਅਤੇ ਪੰਜਵੇਂ ਮਹਲੇ ਦੇ ਵਾਧੂ ਸਲੋਕਾਂ ਵਿਚ ੨੨ਵਾਂ ਸ਼ਲੋਕ ਹੈ। ਬਹੁਤੀਆਂ



Sri Satguru Jagjit Singh Ji Elibrary NamdhariElibrary@gmail.com

ਪ੍ਰਾਚੀਨ ਬੀੜਾਂ ਵਿਚ ਮੁੰਦਾਵਨੀ ਅਖੀਰ ਪੁਰ ਨਹੀਂ, ਸਗੋਂ ਕਬੀਰ ਅਤੇ ਫਰੀਦ ਦੇ ਸਲੋਕਾਂ ਤੋਂ ਪਹਿਲੇ ਦਿਤੀ ਹੈ। ਪ੍ਰਤਖ ਵਿਚ 'ਆਦਿ-ਬੀੜ ਵਿਚ 'ਮੁੰਦਾਵਨੀ' ਵਾਲੇ ਸਲੋਕ ਨੂੰ ਇਹੋ ਥਾਂ ਮਿਲੀ ਸੀ ਅਤੇ ਗ੍ਰੰਥ ਸਾਹਿਬ ਦੀ 'ਇਤੀ' ਭਟਾਂ ਦੇ ਸਵੈਯਾ ਦੀ ਏਸ ਤੁਕ ਪੁਰ ਹੋ ਜਾਂਦੀ ਸੀ:—'ਛਤ੍ਰ ਸਿੰਘਾਸਨ ਪਿਰਥਮੀ ਗੁਰੂ ਅਰਜੁਨ ਕੋ ਦੈ ਆਇਓ ॥' ਬੂੜੇ ਸੰਧੂ ਵਾਲੀ ਬੀੜ ਵਿਚ ਨਾ ਤਾਂ ਤਤਕਰੇ ਵਿਚ ਮੁੰਦਾਵਨੀ ਦੀ ਕੋਈ ਪ੍ਰਤੀਕ ਹੈ ਅਤੇ ਨਾ ਅੰਦਰ ਭਟਾਂ ਦੇ ਸਵਯਾਂ ਦੇ ਪਿਛੇ, ਬਾਵਜੂਦ ਚੋਖੀ ਕੋਰੀ ਥਾਂ ਹੋਨ ਦੇ, ਓਥੇ ਲਿਖੀ ਹੈ, ਹਾਂ ਅੰਦਰ ਆਪਨੀ ਠੀਕ ਥਾਂ ਤੇ ਜ਼ਰੂਰ ਹੈ।

ਪਰ 'ਮੁੰਦਾਵਨੀ' ਦੇ ਲਫ਼ਜ਼ ਤੇ ਖ਼ੁਦ ਮੁੰਦਾਵਨੀ ਨਾਮ, ਗ੍ਰੰਥ ਸਾਹਿਬ ਦੇ ਅੰਤ ਪੁਰ ਦੇਨ ਲਈ ਡਾਢੇ ਢੁਕਵੇਂ ਸਨ। ਸੋ ਕਿਸੇ ਨੇ ਆਪਨੀ ਥਾਉਂ ਹਟਾ ਕੇ ਇਹਨਾਂ ਸਲੋਕਾਂ ਨੂੰ ਭੋਗ ਦੀ ਬਾਣੀ ਦੇ ਪਿਛੇ ਦੇ ਦਿਤਾ। ਅਤੇ ਇਸ ਭਾਗ ਦੀ ਤਰਤੀਬ ਵਿਚ ਸਦਾ ਗੜ ਬੜ ਪੈਂਦੀ ਚਲੀ ਆਈ ਹੈ। ਮੁੰਦਾਵਨੀ ਨੂੰ ਏਸ ਤਰ੍ਹਾਂ ਕਿਸ ਨੇ ਅੰਤ ਪੁਰ ਰਖਿਆ ਅਤੇ ਕਦ, ਇਹਨਾਂ ਸਵਾਲਾਂ ਦਾ ਜਵਾਬ ਬਹੁਤ ਖੋਜ ਦਾ ਮੁਹਤਾਜ ਹੈ, ਪਰ ਇਹ ਤਬਦੀਲੀ ਗੁਰੂ ਤੇਗ ਬਹਾਦਰ ਦੇ ਵਕਤ ਤੋਂ ਪਹਿਲੇ ਹੋ ਚੁਕੀ ਸੀ। ਆਖ਼ਿਰ ਪੌਣੀ ਸਦੀ ਤੋਂ ਵਧੀਕ ਗ੍ਰੰਥ ਸਾਹਿਬ ਦੇ ਬਣਨ ਪਿਛੋਂ ਲੰਘ ਚੁਕੀ ਸੀ।

(ਸ) ਭਾਈ ਬਨੋਂ ਵਾਲੀ ਬੀੜ ਵਿਚ ਦੋ ਸ਼ਬਦ ਭਗਤ ਸੂਰਦਾਸ ਦੇ ਦਿਤੇ ਹਨ। ਇਕ ਸ਼ਬਦ, ਜਿਸ ਦੀ ਪਹਿਲੀ ਤੁਕ ਹੈ: 'ਹਰਿ ਕੇ ਸੰਗ ਬਸੇ ਹਰਿ ਲੋਕਾਂ', ਉਹ ਤਾਂ ਸਭ ਗ੍ਰੰਥਾਂ ਵਿਚ ਹੈ, ਪਰ ਦੂਸਰਾ ਸ਼ਬਦ (ਪਹਿਲੀ ਤੁਕ :—'ਛਾਡ ਮਨ ਹਰ ਬੇਮੁਖਨ ਕੋ ਸੰਗ) ਉਹ ਬਨੋਂ ਵਾਲੀ ਬੀੜ ਵਿਚ ਮਿਲਦਾ ਹੈ ਜਾਂ ਉਹਨਾਂ ਬੀੜਾਂ ਵਿਚ ਜੋ ਏਸ ਬੀੜ ਤੋਂ ਨਕਲ ਕੀਤੀਆਂ ਗਈਆਂ ਸਨ। ਕਰਤਾਰ ਪੁਰ ਵਾਲੀ ਬੀੜ ਵਿਚ ਇਹ ਸਾਰਾ ਸ਼ਬਦ ਲਿਖਿਆ ਹੈ, ਪਰ ਪਿਛੋਂ ਇਕ ਖ਼ਾਸ ਮਤਲਬ



Sri Satguru Jagjit Singh Ji Elibrary NamdhariElibrary@gmail.com

ਵਾਸਤੇ ਏਸ ਉਤੇ ਹੜਤਾਲ ਫੇਰ ਦਿਤੀ ਗਈ। ਪਰ ਬਦਕਿਸਮਤੀ ਨਾਲ ਪਹਿਲੀ ਤੁਕ ਜੋ ਉਪਰਲੇ ਪਰਮਾਨੰਦ ਦੇ ਸ਼ਬਦ ਨਾਲ ਮਿਲ ਕੇ ਹੀ ਲਿਖੀ ਸੀ ਬਾਕੀ ਰਹਿ ਗਈ। ਜੋ ਬੀੜਾਂ ਏਸ ਕਰਤਾਰ ਪੁਰ ਵਾਲੀ ਬੀੜ ਨੂੰ ਟਕਸਾਲੀ ਸਮਝਕੇ, ਏਸ ਨਾਲ ਟਾਕਰਾ ਕਰਕੇ ਬਨਾਈਆਂ ਗਈਆਂ, ਉਹਨਾਂ ਵਿਚ ਖ਼ਾਲੀ ਇਹ ਪਹਿਲੀ ਤੁਕ ਹਾ ਦਿਤੀ ਹੁੰਦੀ ਹੈ, ਜਿਸ ਤਰ੍ਹਾਂ ਕਿ ਛਾਪੇ ਦੇ ਸਾਰੇ ਗ੍ਰੰਥ ਸਾਹਿਬਾਂ ਵਿਚ। ਨਾ ਇਹ ਸ਼ਬਦ, ਨਾ ਏਸ ਦੀ ਪਹਿਲੀ ਤੁਕ ਹੀ ਪ੍ਰਾਚੀਨ ਬੀੜਾਂ ਵਿਚ, ਜੋ 'ਆਦਿ-ਬੀੜ' ਤੋਂ ਸਿਧੀਆਂ ਨਕਲ ਹੋਈਆਂ, ਦਿਤੇ ਹਨ, ਜਿਕੁਰ ਬੂੜੇ ਸੰਧੂ ਵਾਲੀ ਬੀੜ ਆਦਿ; ਨਾ ਤਤਕਰੇ ਵਿਚ ਪ੍ਰਤੀਕ ਹੀ ਹੈ। ਇਸ ਵਿਚ ਕੁਝ ਸ਼ਕ ਨਹੀਂ ਕਿ ਇਹ ਸ਼ਬਦ ਭਾਈ ਬੰਨੋ ਦੀ ਬੀੜ ਵਿਚ ਪਹਿਲੀ ਵਾਰ ਦਰਜ ਕੀਤਾ ਗਿਆ। ਅਤੇ ਇਹੋ ਸਿਖਾਂ ਦੀ 'ਪੱਕੀ' ਰਵਾਇਤ ਹੈ। ਤਾਂ ਤੇ ਸਿਧ ਹੈ ਕਿ ਨਾ ਇਹ ਸ਼ਬਦ ਤੇ ਨਾ ਏਸ ਦੀ ਪਹਿਲੀ ਤੁਕ ਹੀ ਆਦਿ ਬੀੜ ਵਿਚ ਸਨ।

ਇਹੋ ਹਾਲ ਕਬੀਰ ਦੇ ਸ਼ਲੋਕ : 'ਧੁਰ ਅੰਬਰ ਵਿਚ ਬੋਲੜੀ' ਦਾ ਹੈ, ਜੋ ਬਾਬਾ ਮੋਹਨ ਵਾਲੀਆਂ ਪੋਥੀਆਂ ਵਿਚੋਂ ਭਾਈ ਬੰਨੋ ਵਾਲੀ ਬੀੜ ਵਿਚ ਨਕਲ ਕੀਤਾ ਗਿਆ।

(ਹ) ਰਹਿਰਾਸ ਵਿਚ ਪਹਿਲੇ ਖ਼ਾਲੀ ਪੰਜ ਸ਼ਬਦ ਹੀ ਦਿਤੇ ਹੁੰਦੇ ਸਨ, ਜਿਸ ਤਰ੍ਹਾਂ ਕਿ ਬਹੁਤ ਸਾਰੀਆਂ ਪ੍ਰਾਚੀਨ ਬੀੜਾਂ ਤੋਂ ਪ੍ਰਗਟ ਹੁੰਦਾ ਹੈ। ਭਾਈ ਬੰਨੋ ਵਾਲੀ ਬੀੜ ਅਤੇ ਉਸ ਤੋਂ ਉਤਾਰਾ ਹੋਈ ਕਰਤਾਰ ਪੁਰ ਵਾਲੀ ਬੀੜ, ਏਸੇ ਤਰ੍ਹਾਂ ਬੂੜੇ ਸੰਧੂ ਵਾਲੀ ਬੀੜ ਆਦਿ ਕਿਸੇ ਵਿਚ ਵੀ ਦੂਜੇ ਚਾਰ ਸ਼ਬਦ, 'ਸੋ ਪੁਰਖ' ਨਾਲ ਸ਼ੁਰੂ ਹੋਣ ਵਾਲੇ, ਨਹੀਂ ਦਿਤੇ। ਤਾਂ ਤੇ ਇਹ 'ਆਦਿ-ਬੀੜ' ਵਿਚ ਨਿਤ ਨੇਮ ਵਾਲੀ ਬਾਣੀ ਵਿਚ ਦਰਜ ਨਹੀਂ ਸਨ।

(ਕ) 'ਆਦਿ-ਬੀੜ' ਵਿਚ, ਇਕ ਖ਼ਾਸ ਸਬਬ ਕਰਕੇ, ਤਤਕਰਾ ਹੋਣ ਬਾਬਤ ਭੀ ਕਈਆਂ ਨੂੰ ਸ਼ਕ ਹੈ। ਮੈਂ ਨਹੀਂ ਕਹਿ ਸਕਦ



Sri Satguru Jagjit Singh Ji Elibrary NamdhariElibrary@gmail.com

ਉਹਨੀ ਦਿਨੀਂ ਕਿਤਾਬਾਂ ਦੇ ਮੁਢ ਵਿਚ, ਖ਼ਾਸ ਕਰ ਕੇ ਗੁਰਮੁਖੀ ਹਿੰਦ। ਕਿਤਾਬਾਂ ਦੇ, ਪਨਿਆਂ ਦੇ ਅੰਕ ਦੇ ਕੇ ਸੂਚੀ ਪਤਰ ਦੇਣ ਦਾ ਰਵਾਜ ਸੀ ਕਿ ਨਹੀਂ। ਪਰ ਗ੍ਰੰਥ ਸਾਹਿਬ ਵਰਗੇ ਵੱਡੇ ਪੁਸਤਕ ਲਈ, ਜਿਸਦੇ ਅੱਡ ਅੱਡ ਭਾਗਾਂ ਵਿਚ, ਵਿਸ਼ੇ ਮੂਜਬ ਕੋਈ ਵੰਡ ਜਾਂ ਤਰਤੀਬ ਨਹੀਂ ਸੀ ਹੋਈ ਹੋਈ, ਅਤੇ ਨਾ ਇਹ ਭਾਗ ਕਿਸੇ ਐਸੀ ਤਰਤੀਬ ਨਾਲ ਦਿਤੇ ਸਨ, ਜਿਸਦੀ ਮਦਦ ਨਾਲ ਕੋਈ ਸ਼ਬਦ ਲਭਿਆ ਜਾ ਸਕੇ, ਤਤਕਰੇ ਦਾ ਹੋਣਾ ਬੜਾ ਜ਼ਰੂਰੀ ਸੀ। ਪੁਰਾਣੀਆਂ ਤੋਂ ਪੁਰਾਣੀਆਂ ਬੀੜਾਂ ਵਿਚ ਤਤੱਕਰਾ ਹੈ। ਬੂੜੇ ਸੰਧੂ ਵਾਲੀ ਬੀੜ ਵਿਚ ਤਤਕਰਾ ਉਸਦੇ ਆਪਣੇ ਹਥ ਦਾ ਲਿਖਿਆ ਸਾਫ਼ ਸੁਥਰਾ, ਬਿਨਾਂ ਕਟੇ ਵਢੇ ਦੇ, ਮੌਜੂਦ ਹੈ। ਜਿਸਤੇ ਸਾਨੂੰ ਮੰਨਣਾ ਪਏਗਾ ਕਿ ਤਤਕਰਾ ਆਦਿ-ਬੀੜ ਵਿਚ ਮੁਢ ਤੋਂ ਹੀ ਸੀ। ਏਥੇ ਹੀ ਬਸ ਨਹੀਂ, ਉਸਦਾ ਪੂਰਾ ਉਤਾਰਾ ਸੰਮਤ ੧੭੧੮ ਵਾਲੀ ਬੀੜ ਵਿਚ ਮੌਜੂਦ ਹੈ। ਸਗੋਂ ਇਕ ਤਤਕਰਾ ਸ਼ਬਦਾਂ ਦਾ ਹੀ ਕਾਫ਼ੀ ਨਹੀਂ ਸੀ, ਇਸ ਸੂਚੀ ਪਤ੍ਰ ਦੇ ਅਗੋਂ ਇਕ ਤਤਕਰਾ ਰਾਗਾਂ ਦਾ ਬਨਾਣ ਦੀ ਵੀ ਜ਼ਰੂਰਤ ਸੀ, ਜਿਸ ਨਾਲ ਕੋਈ ਸ਼ਬਦ ਗ੍ਰੰਥ ਸਾਹਿਬ ਵਿਚ ਛੇਤੀ ਲਭਿਆ ਜਾ ਸਕੇ। 'ਤਤਕਰਾ' ਲਫ਼ਜ਼ ਫ਼ਾਰਸੀ ਦੇ ਲਫ਼ਜ਼ ਤਜ਼ਕਰਹ ਦੀ ਵੱਟੀ ਹੋਈ ਸ਼ਕਲ ਹੈ।

ਤਤਕਰੇ ਬਾਬਤ ਏਸ ਸ਼ਕ ਦੇ ਪੈਦਾ ਹੋਣ ਦੀ ਇਕ ਖ਼ਾਸ ਵਜਾ ਸੀ ਅਤੇ ਉਹ ਵਜਾ ਇਹ ਸੀ ਕਿ ਪੁਰਾਣੇ ਹਥ ਦੇ ਲਿਖੇ ਗ੍ਰੰਥ ਸਾਹਿਬਾਂ ਵਿਚ ਲਿਖਣ ਦਾ ਸੰਮਤ ਦੇਂਦੇ ਹੋਏ ਇਕ ਫ਼ਿਕਰਾ ਜਾਂ ਵਾਕ ਲਿਖਿਆ ਮਿਲਦਾ ਹੈ: 'ਪੋਥੀ ਲਿਖਿ ਪਹੋਚੇ' ਜਾਂ 'ਪੋਥੀ ਲਿਖੀ ਪਹੁਚੇ।' ਮੈਂ ਪਹਿਲੀ ਵਾਰ ਇਹ ਫ਼ਿਕਰਾ ਨਾਨਕ ਮਤਾ ਜ਼ਿਲਾ ਪੀਲੀਭੀਤ ਦੇ ਪੁਰਾਣੇ ਉਦਾਸੀਆਂ ਦੇ ਸਥਾਨ ਦੀ ਪ੍ਰਾਚੀਨ ਬੀੜ ਵਿਚ ਪੜ੍ਹਿਆ, ਜੋ ਬੀੜ ਸੰਮਤ ੧੭੪੨ ਦੀ ਲਿਖੀ ਹੋਈ ਹੈ। ਫੇਰ ਮੈਂ ਗੁਰਦਵਾਰਾ ਬ੍ਰਹਮਕੁੰਡ ਅਜੁਧਿਆ ਦੀ ਲਿਖਤੀ ਬੀੜ ਵਿਚ ਇਹੋ ਕੁਝ ਲਿਖਿਆ ਵੇਖਿਆ। ਮੈਨੂੰ ਇਸ Colophon ਜਾਂ ਟਿਪੱਣੀ ਦੀ ਸਮਝ ਨਾ ਆਈ। ਹੁਣ



Sri Satguru Jagjit Singh Ji Elibrary NamdhariElibrary@gmail.com

'ਪਹੁਚੇ' ਜਾਂ 'ਪਹੋਆ' ਦੋਵੇਂ ਸ਼ਬਦ ਇਕ ਹਨ ਅਤੇ ਇਕ ਤੀਰਥ ਦੇ ਨਾਮ ਹਨ। ਹੋਰ ਬੀੜਾਂ ਵਿਚ 'ਪਹੋਚੇ' ਦੇ ਅਗੇ ਲਫ਼ਜ਼ 'ਕੁਰਖੇਤ੍ਰ' ਵੀ ਲਿਖਿਆ ਦੇਖਿਆ ਗਿਆ ਹੈ। ਮੈਨੂੰ ਅਜੁਧਿਆ ਵਿਚ ਪੁਜਾਰੀ ਭਾਈ ਸ਼ਤਰੂਜੀਤ ਸਿੰਘ ਜੀ ਨੇ ਇਹ ਦਸਿਆ ਕਿ 'ਸੂਚੀ ਪਤ੍ਰ ਪੋਥੀ', (ਮਤਲਬ ਸ਼ਬਦਾਂ ਦਾ ਤਤਕਰਾ) ਪਹਿਲੇ ਪਹੋਚੇ ਵਿਚ ਲਿਖੀ ਗਈ ਸੀ, ਉਸੇ ਦੀ ਨਕਲ ਸਾਰੇ ਲਿਖਾਰੀ ਕਰਦੇ ਆਏ ਹਨ। ਸਰਦਾਰ ਕਾਹਨ ਸਿੰਘ ਜੀ ਨੇ ਵੀ ਏਸ ਫ਼ਿਕਰੇ ਦਾ ਇਹੋ ਮਤਲਬ ਸਮਝਿਆ ਸੀ। ਇਹਨਾਂ ਸਜਨਾਂ ਦੇ ਦਸਨ ਪੁਰ ਮੇਰਾ ਭੀ ਇਹੋ ਨਿਸਚਾ ਬੱਝ ਗਿਆ ਸੀ। ਪਰ ਜਦ ਹੋਰ ਹਸਤ-ਲਿਖਤ ਗ੍ਰੰਥ ਸਾਹਿਬ ਦੇਖੇ, ਜਿਨ੍ਹਾਂ ਵਿਚ ਇਹ ਲਫ਼ਜ਼ ਨਹੀਂ ਸਨ, ਅਤੇ ਤਤਕਰੇ ਮੌਜੂਦ ਸਨ,ਦਿਲ ਵਿਚ ਸ਼ਕ ਪੈਦਾਹੋ ਗਿਆ ਅਤੇ ਜਾਨਣਾ ਚਾਹਿਆ ਕਿ ਅਸਲ ਗਲ ਕੀਹ ਹੈ। ਇਹ ਸ਼ਕ ਮੇਰਾ ਮਾਂਗਟ ਜਾਣ ਤਕ ਦੂਰ ਨਹੀਂ ਸੀ ਹੋਇਆ। ਉਥੇ ਜਦ ਮੈਂ ਭਾਈ ਬਿਸ਼ਨ ਸਿੰਘ ਜੀ ਬਨੋਆਨੀਆਂ ਨਾਲ ਗਲ ਕੀਤੀ, ਤਦ ਉਹਨਾਂ ਕਿਹਾ ਕਿ ਇਹ ਲਫ਼ਜ਼ ਉਹਨਾਂ ਦੀ ਬੀੜ ਵਿਹ ਵੀ ਹਨ। ਜਦ ਮੈਂ ਉਸ ਬੀੜ ਦੇ ਦਰਸ਼ਨ ਕੀਤੇ ਅਤੇ ਇਹ ਤਸੱਲੀ ਹੋ ਗਈ ਕਿ ਇਹ ਅਸਲੀ ਭਾਈ ਬੰਨੋ ਵਾਲੀ ਬੀੜ ਹੈ, ਅਤੇ ਉਸ ਵਿਚ ਇਹ ਲਫ਼ਜ਼ ਵੀ ਲਿਖੇ ਦੇਖ ਲਏ, ਤਦ ਮਨ ਵਿਚ ਆਪਣੇ ਆਪ ਚਾਨਣ ਹੋ ਆਇਆ ਅਤੇ ਸਾਰੀ ਗੁੰਝਲ ਦਾ ਹਲ ਲਭ ਪਿਆ। ਸਾਫ਼ ਦਿਸ ਪਿਆ ਕਿ ਇਹ ਲਫ਼ਜ਼ ਭਾਈ ਬੰਨੋ ਜੀ ਆਪਣੀ ਬਾਬਤ ਲਿਖ ਰਹੇ ਹਨ ਕਿ 'ਪੋਥੀ' ਜਾਂ 'ਗ੍ਰੰਥ' ਲਿਖਕੇ ਅਸੀਂ ਲਾਹੌਰ ਪਹੁੰਚੇ। ਲਾਹੌਰ ਏਸ ਵਾਸਤੇ ਕਿ ਲਾਹੌਰੋਂ ਜਿਲਦ ਬਨਵਾਕੇ ਉਹਨਾਂ ਫੇਰ ਗੁਰੂ ਸਾਹਿਬ ਦੇ ਹਾਜ਼ਰ ਹੋਕੇ ਇਹ ਬੀੜ ਪੇਸ਼ ਕੀਤੀ ਸੀ। ਲਾਹੌਰ ਪਹੁੰਚਣ ਦੀ ਤਾਰੀਖ਼ ਹੈ ਜੋ ਭਾਈ ਸਾਹਿਬ ਨੇ ਆਪਣੀ ਬੀੜ ਵਿਚ ਦਿੱਤੀ ਹੈ। ਗ੍ਰੰਥ ਸਾਹਿਬ ਨੂੰ ਗੁਰੂ ਸਾਹਿਬਾਨ ਦੇ ਵਕਤ ਤਕ ਅਕਸਰ 'ਪੋਥੀ' ਹੀ ਆਖਦੇ ਸਨ ਅਤੇ ਕਦੇ ਕਦੇ 'ਗ੍ਰੰਥ'। ਪਿਛੋਂ ਆਉਣ ਵਾਲੇ ਲਿਖਾਰੀਆਂ ਨੇ ਏਸ ਗਲ ਨੂੰ ਨਾ ਸਮਝਕੇ ਤੇ ਇਸ ਫ਼ਿਕਰੇ ਨੂੰ ਇਕ



Sri Satguru Jagjit Singh Ji Elibrary NamdhariElibrary@gmail.com

ਗੁਰੂ ਅਰਥਾਂ ਵਾਲਾ ਫ਼ਾਰਮੂਲਾ ਸਮਝਕੇ ਇਸ ਦੀ ਨਕਲ ਦਰ ਨਕਲ ਕਰ ਦਿੱਤੀ। ਅਤੇ ਜਿਨ੍ਹਾਂ ਨੇ ਸਮਝਨ ਦੀ ਕੋਸ਼ਸ਼ ਕੀਤੀ 'ਪਹੁਚੇ' ਦਾ 'ਪਹੋਚੇ' ਤੇ 'ਪਹੋਏ ਕੁਰ ਖੇਤਰ' ਬਣਾ ਦਿਤਾ।

ਤਾਂਤੇ ਜਿਨ੍ਹਾਂ ਬੀੜਾਂ ਵਿਚ ਉਹਨਾਂ ਦੇ ਲਿਖੇ ਜਾਨ ਦੀ ਤਾਰੀਖ਼ ਸੰਮਤ ਦੇਂਦਿਆਂ ਇਹ ਲਫ਼ਜ਼ ਲਿਖੇ ਹਨ, ਉਹ ਸਭ ਭਾਈ ਬੰਨੋ ਜੀ ਦੀ ਬਦੌਲਤ ਹਨ, ਅਤੇ ਮਾਂਗਟ ਵਾਲੀ ਬੀੜ ਤੋਂ ਸਿਧੀ ਜਾਂ ਨਕਲ ਦਰ ਨਕਲ ਹਨ।

(ਖ) ਜਿਕੁਰ ਮੁਢ ਵਿਚ ਇਕ ਤਤਕਰਾ ਰਾਗਾਂ ਦਾ ਹੈ, ਅੰਤ ਵਿਚ ਹੋਰ ਇਕ 'ਰਾਗ ਮਾਲਾ' ਹੁੰਦੀ ਹੈ। ਲਿਖਤ ਦੇ ਗ੍ਰੰਥ ਸਾਹਿਬਾਂ ਵਿਚ ਅੰਤ ਪੁਰ ਚਾਰ ਪੰਜ ਫ਼ਾਲਤੂ ਬਾਣੀਆਂ ਹੁੰਦੀਆਂ ਹਨ, ਉਹਨਾਂ ਵਿਚੋਂ ਇਹ ਰਾਗਮਾਲਾ ਭੀ ਇਕ ਹੁੰਦੀ ਹੈ, ਅਤੇ ਇਹਨਾਂ ਫ਼ਾਲਤੂ ਬਾਣੀਆਂ ਵਿਚ ਵੀ ਏਸ ਨੂੰ ਛੇਕੜਲੀ ਥਾਂ ਦਿੱਤੀ ਜਾਂਦੀ ਹੈ, ਸਿਵਾਇ ਸਿਆਹੀ ਦੀ ਬਿਧੀ ਦੇ, ਜੋ ਇਕ ਯਾਦਦਾਸ਼ਤ ਹੈ, ਕੋਈ ਬਾਣੀ ਨਹੀਂ। ਇਹ 'ਰਾਗ ਮਾਲਾ' ਛੰਦਾ ਬੰਦ ਹੈ ਜਿਸ ਵਿਚ ਛੇ ਮੁਖ ਰਾਗਾਂ ਦੇ ਨਾਲ ਹਰ ਰਾਗ ਦੀਆਂ ਪੰਜ ਪੰਜ ਰਾਗਣੀਆਂ ਇਸਤ੍ਰੀਆਂ ਅਤੇ ਅੱਠ ਅੱਠ ਛੋਟੇ ਰਾਗਾਂ ਪੁਤ੍ਰਾਂ ਦੇ ਨਾਮ ਇਕ ਰਚਨਾ ਵਿਚ ਗੁੰਦੇ ਹਨ। ਇਹ 'ਨਾਮਾਵਲੀ' ਇਕ ਕਿਸੇ 'ਕਾਮਕੰਦਲਾ' ਦਾ ਭਾਗ ਹੈ। ਕਾਮਕੰਦਲਾ ਦਾ ਲਿਖਣ ਵਾਲਾ ਇਕ ਨੌ-ਮੁਸਲਮ ਆਲਮ ਨਾਮ ਦਾ ਕਵੀ ਅਕਬਰ ਦੇ ਰਾਜ ਵਿਚ ਹੋਇਆ ਹੈ, ਜਿਸ ਨੇ ਇਹ ਕਿਤਾਬ ਸੰਨ ਹਿਜਰੀ ੯੯੧ ਮੁਤਾਬਿਕ ਈਸਵੀ ਸੰਨ ੧੫੮੩ ਵਿਚ ਲਿਖੀ ਅਤੇ ਇਹ ਸਨ ਉਸ ਕਿਤਾਬ ਵਿਚ ਦੇ ਕੇ ਅਕਬਰ ਪਾਤਸ਼ਾਹ ਦੇ ਲੰਮੇ ਰਾਜ ਹੋਣ ਲਈ ਦੁਆ ਕੀਤੀ ਹੈ। ਗੋਇਆ ਇਹ ਕਿਤਾਬ ਗ੍ਰੰਥ ਸਾਹਿਬ ਨਾਲੋਂ ਅਠ ਵਰ੍ਹੇ ਪਹਿਲੇ ਲਿਖੀ ਗਈ। ਗ੍ਰੰਥ ਸਾਹਿਬ ਵਿਚ ਕਦ ਅਤੇ ਕਿਸਨੇ ਪਾਈ, ਇਹ ਦੋ ਸਵਾਲ ਹਨ, ਜਿਨ੍ਹਾਂ ਦਾ ਜਵਾਬ ਔਖਾ ਹੈ। 'ਕਦ' ਪਾਈ ਦਾ ਜਵਾਬ ਅੰਦਾਜ਼ਨ ਦਿੱਤਾ ਜਾ ਸਕਦਾ ਹੈ। ਕਿਸੇ ਪ੍ਰਾਚੀਨ ਬੀੜ ਵਿਚ ਭੀ



Sri Satguru Jagjit Singh Ji Elibrary NamdhariElibrary@gmail.com

ਇਹ ਅਸਲ ਲਿਖਾਰੀ ਦੇ ਹਥ ਦੀ ਲਿਖੀਨਹੀਂ ਪਾਈ ਗਈ, ਸਭ ਵਿਚ ਇਹ ਫ਼ਾਲਤੂ ਬਾਣੀਆਂ ਇਕੱਠੀਆਂ ਕਿਸੇ ਹੋਰ ਦੀਆਂ ਲਿਖੀਆਂ ਪਿਛੋਂ ਘਤੇ ਵਰਕਿਆਂ ਪੁਰ ਹੁੰਦੀਆਂ ਹਨ। ਕਦੇ ਕਦੇ ਨਾਵੇਂ ਮਹਿਲ ਦੀ ਬਾਣੀ ਵੀ ਏਸ ਪਿਛੋਂ ਆਏ ਲਿਖਾਰੀ ਦੀ ਹੁੰਦੀ ਹੈ। ਜਿਥੇ ਇਹ ਨਾ ਭੀ ਹੋਵੇ, ਓਥੇ ਭੀ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਭ ਕੀ' ਵਿਚ ਤੰਜੋਰ ਵਿਚ 'ਨਾਜਿਕ' ਰਾਜ ਦੇ ਹੋਣ ਅਤੇ ਤੰਜੋਰ ਦੇ ਇਕ ਨਾਜਿਕ ਰਾਜਾ ਦਾ ਨਾਮ ਦਿੱਤਾ ਹੈ, ਜਿਸ ਦੀ ਤਾਰੀਖ਼ ਅਸੀਂ ਮੁਕਰੱਰ ਕਰ ਸਕਦੇ ਹਾਂ। ਓਹ ਤਾਰੀਖ਼ ਸਨ ਈਸਵੀਂ ੧੬੭੩ ਜਾਂ ਸੰਮਤ ੧੭੩੦ ਬਣਦੀ ਹੈ। ਸੋ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਇਹ 'ਰਾਗਮਾਲਾ' ਉਸ ਤੋਂ ਪਹਿਲੇ ਦਰਜ ਹੋਈ ਨਹੀਂ ਹੋ ਸਕਦੀ, ਅਰਥਾਤ ਗ੍ਰੰਥ ਸਾਹਿਬ ਦੀ 'ਆਦਿ-ਬੀੜ' ਤਿਆਰ ਹੋਣ ਨਾਲੋਂ ੮੨ ਵਰ੍ਹੇ ਦੇ ਪਿਛੋਂ, ਜਦ ਭੀ ਹੋਵੇ।

ਉਂਜ ਤਾਂ ਇਹ ਰਾਗ ਮਾਲਾ ਭਾਈ ਬੰਨੋ ਦੀ ਬੀੜ ਵਿਚ ਵੀ ਦਿਤੀ ਹੈ, ਨਾਵੇਂ ਮਹਲੇ ਦੀ ਬਾਣੀ ਤੋਂ ਫੌਰਨ ਪਹਿਲੇ ਅਤੇ ਨਾਵੇਂ ਮਹਲ ਦੀ ਬਾਣੀ ਉਸ ਬੀੜ ਵਿਚ ਆਖ਼ਰ ਪੁਰ ਹੈ। ਰਾਗਮਾਲਾ ਤੋਂ ਪਹਿਲੇ 'ਹਕੀਕਤ ਰਾਹ ਮੁਕਾਮ' ਵਗੈਰਾ ਹੋਰ ਬਾਣੀਆਂ ਹਨ ਅਤੇ ਉਸੇ ਇਕ ਹੱਥ ਦੀਆਂ ਲਿਖੀਆਂ ਹਨ। ਭਾਈ ਬੰਨੋ ਦੀ ਬੀੜ ਵਿਚ ਬਾਰਾਂ ਚੌਦਾਂ ਹਥਾਂ ਦੀ ਲਿਖਾਈ ਹੈ, ਅਤੇ ਇਹ ਅਸੀਂ ਉਪਰ ਦਸ ਆਏ ਹਾਂ ਕਿ 'ਹਕੀਕਤ', 'ਰਾਗ ਮਾਲਾ' ਆਦਿ ਬਹੁਤ ਪਿਛੋਂ ਪਾਏ ਵਰਕਿਆਂ ਪੁਰ ਹਨ।

ਸਾਡੀ ਦਲੀਲ ਮੂਜਬ ਤਾਂ ਇਕ ਵੀ ਪ੍ਰਾਚੀਨ ਬੀੜ ਵਿਚ ਰਾਗ ਮਾਲਾ ਦਾ ਨਾ ਹੋਣਾ ਇਸ ਗਲ ਦਾ ਕਾਫ਼ੀ ਸਬੂਤ ਹੈ ਕਿ ਇਹ ਆਦਿ ਬੀੜ ਵਿਚ ਨਹੀਂ ਸੀ। ਪਰ ਹੁਣ ਤਾਂ ਬਹੁਤ ਸਾਰੀਆਂ ਬੀੜਾਂ ਅਜਿਹੀਆਂ ਮੌਜੂਦ ਹਨ, ਜਿਨ੍ਹਾਂ ਵਿਚ ਇਹ ਨਹੀਂ। ਜੇਹੜੀਆਂ ਮੈਂ ਆਪ ਵੇਖੀਆਂ ਹਨ, ਉਹਨਾਂ ਦਾ ਜ਼ਿਕਰ ਉਪਰ ਆ ਚੁਕਾ ਹੈ, ਅਤੇ ਕਿਸੇ ਕਿਸੇ ਦਾ ਹੇਠਾਂ ਆਵੇਗਾ। ਪਰ ਸੰਨ ੧੯੧੮ ਵਿਚ ਜੋ ਲੰਮੀ ਬਹਿਸ 'ਰਾਗਮਾਲਾ'



Sri Satguru Jagjit Singh Ji Elibrary NamdhariElibrary@gmail.com

ਸੰਬੰਧੀ ਹੋਈ ਸੀ. ਉਸ ਵਿਚ ਰਾਗਮਾਲਾ ਦੇ ਵਿਪਖੀਆਂ ਨੇ ਬਾਰਾਂ ਬੀੜਾਂ ਦੀ ਇਕ ਫ਼ਹਰਿਸਤ ਪੇਸ਼ ਕੀਤੀ ਸੀ। ਇਸਦਾ ਕੋਈ ਜਵਾਬ ਦੂਜੇ ਪਾਸੋਂ ਨਹੀਂ ਸੀ ਮਿਲਿਆ। ਸਿਵਾਇ ਇਹ ਕਹਿਣ ਦੇ ਕਿ ਇਹ ਰਾਮਰਾਈਆਂ ਦੀਆਂ ਬਣਾਈਆਂ ਹਨ, ਜਿਨ੍ਹਾਂ ਨੇ 'ਰਾਗਮਾਲਾ' ਜਾਣ ਬੁਝਕੇ ਛਡ ਦਿੱਤੀ ਸੀ*। ਇਹ ਗਲ ਮੂਲੋਂ ਗ਼ਲਤ ਹੈ, ਕਿਉਂਕਿ ਰਾਮ ਰਾਈਆਂ ਦੀ ਲਿਖਤ ਦੀਆਂ ਬੀੜਾਂ, ਜੋ ਡੇਹਰਾਦੂਨ ਵਿਚ ਹਨ, ਅਤੇ ਬਾਬਾ ਰਾਮਰਾਇ ਨੇ ਆਪ ਲਿਖਾਈਆਂ ਸਨ, ਉਹਨਾਂ ਵਿਚ ਰਾਗਮਾਲਾ ਹੈ। ਤਾਂਤੇ ਇਹ ਸਿਧ ਹੋਇਆ ਕਿ 'ਰਾਗ-ਮਾਲਾ' ਆਦਿ ਬੀੜ ਵਿਚ ਨਹੀਂ ਸੀ।

---

*ਉਸ ਫ਼ਹਿਰਸ ਵਿਚ ਇਹਨਾਂ ਬੀੜਾਂ ਦੇ ਨਾਮ ਲਏ ਗਏ ਸਨ (ਵੇਖੋ ਰਾਗ ਮਾਲਾ ਦਰਪਨ ਆਦਿ) :—

(੧) ਤਰਨ ਤਾਰਨ ਝੰਡਾ ਬੁੰਗਾ—ਸੰਮਤ ੧੭੪੫ ਦੀ ਲਿਖੀ ਬੀੜ ਨਾਵੇਂ ਗੁਰੂ ਦੀ ਬਾਣੀ ਭੀ ਨਹੀਂ।

(੨) ਗੋਂਦਲਾਂਵਾਲਾ (ਗੁਜਰਾਂਵਾਲਾ ਦੇ ਪਾਸ), ਉਪਰਲੀ ਧਰਮਸਾਲ, ਦੀ ਬਹੁਤ ਬ੍ਰਿਧ ਬੀੜ।

(੩) ਕਾਨਗੜ੍ਹ (ਰਿਆਸਤ ਪਟਿਆਲਾ) ਸੰਮਤ ੧੭੧੮ ਦੀ ਆਲੀ ਬੀੜ।

(੪) (੫) (੬) ਬੁਰਜ ਬਾਬਾ ਆਲਾ ਸਿੰਘ ਪਟਿਆਲਾ। ਨਾਵੇਂ ਗੁਰੂ ਦੀ ਬਾਣੀ ਵੀ ਨਹੀਂ।

(੭) ਇਕ ਹੋਰ ਪੁਰਾਣੀ ਬੀੜ ਓਥੇ ਹੀ।

(੭) ਓ. ਪਿੰਡ ਵਡੇ ਨਥਾਮਤ ਰਿਆਸਤ ਪਟਿਆਲਾ। ਸ: ਹਜ਼ਾਰਾ ਸਿੰਘ ਠੇਕੇਦਾਰ ਪਾਸ ਸੰਮਤ ੧੭੭੫ ਦੇ ਲਾਗੇ ਦੀ।

(੮) ਮਲਕਪੁਰ, ਮੁਤਸਿਲ ਸਟੇਸ਼ਨ ਮਾਨਆਲਾ, ਜ਼ਿਲਾ ਰਾਵਲਪਿੰਡੀ।

(੯) ਤਖਤ ਸ੍ਰੀ ਹਜ਼ੂਰ ਸਾਹਿਬ, ਸੰਮਤ ੧੮੩੦ ਮਘਰ ਸੁਦੀ ੧੦ ਦੀ।

(੧੦) ਇਕ ਹੋਰ ਪੁਰਾਤਨ ਗ੍ਰੰਥ ਸਾਹਿਬ ਹਜ਼ੂਰ ਸਾਹਿਬ।

(੧੧) ਕਮਰਸ਼ਲ ਪਰੈਸ ਅੰਮਰਤਸਰ ਦਾ ਛਪਿਆ ਗਰੰਥ ਸਾਹਿਬ।

(੧੨) ਬੰਬਈ ਦਾ ਸੰਨ ੧੯੦੦ ਦਾ ਛਪਿਆ ਗਰੰਥ ਸਾਹਿਬ, ਮੌਜਿਆ ਚਿਸ਼ਤੀਆਂ ਤੋਂ ਚਾਰ ਕੋਹ 'ਮਹਾਰਾਨ ਸਰੀਫ਼' ਪਿੰਡ ਵਿਚ।



Sri Satguru Jagjit Singh Ji Elibrary NamdhariElibrary@gmail.com

# ੧੯ ਕਰਤਾਰਪੁਰ ਵਾਲੀ ਬੀੜ

ਆਦਿ ਬੀੜ ਦਾ ਜ਼ਿਕਰ ਕਰਦੇ ਅਸੀਂ ਉਪਰ ਦਸ ਆਏ ਹਾਂ, ਕਿ ਕਿਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਉਸਨੂੰ ਜਲ ਪ੍ਰਵਾਹ ਕਰ ਦਿੱਤਾ, ਪਰ ਧੀਰਮਲੀਆਂ ਤੋਂ ਕਦ ਹੋ ਸਕਦਾ ਸੀ ਕਿ ਚੁਪ ਕੀਤੇ ਬੈਠੇ ਰਹਿੰਦੇ :-

"ਦੁਰਲਭ ਉਤਮ ਗ੍ਰੰਥ ਪਦਾਰਥ।
ਜੇਕਰ ਲਹੈਂ ਭਏ ਸਭ ਸਵਾਰਥ।
ਮੋਹਿ ਬੰਸ ਮਹਿ ਰਹੈ ਬਡਾਈ।
ਚਢਹਿ ਅਕੋਰਨ ਕੇ ਸਮੁਦਾਈ।
ਤਿਸੀ ਸੰਗ ਸੋ ਗੁਰਤਾ ਗਾਦੀ।
ਬਨਹਿ ਆਬਾਦੀ ਝੂਰਹਿ ਬਾਦੀ॥" ੨੩॥

ਜਦ ਸਮਾ ਪਾਕੇ ਅਸਲੀ ਵਾਕਿਆਤ ਭੁਲ ਭੁਲਾ ਗਏ, ਉਹਨਾਂ ਨੇ ਇਕ ਕਹਾਣੀ ਘੜੀ, ਜਿਸ ਵਿਚ ਦਸਿਆ ਕਿ ਕਿਸ ਤਰ੍ਹਾਂ ਗ੍ਰੰਥ ਸਾਹਿਬ ਦਰਿਆ ਬਿਆਸਾ ਵਿਚ ਭਿਜਨ ਗਲਨ ਤੋਂ ਬਚਿਆ ਰਿਹਾ, ਅਤੇ ਚੌਧਵੇ ਦਿਨ ਧੀਰਮਲ ਜਾਕੇ ਕਢ ਲਿਆਇਆ। ਸੂਰਜ ਪ੍ਰਕਾਸ਼ ਵਿਚ ਉਪਰਲੇ ਲਫਜ਼ ਧੀਰਮਲ ਦੇ ਮੂੰਹ ਵਿਚ ਰਖੇ ਹਨ। ਉਸੇ ਇਤਿਹਾਸ ਦੀ ਪੁਸਤਕ ਵਿਚੋਂ ਇਹ ਕਹਾਣੀ ਸੰਖੇਪ ਕਰਕੇ ਹੇਠਾਂ ਦਿਤੀ ਜਾਂਦੀ ਹੈ। ਲਿਖਿਆ ਹੈ, ਇਕ ਆਦਮੀ ਕਰਤਾਰ ਪੁਰ ਜਾ ਰਿਹਾ ਸੀ, ਉਸਦੇ ਹਥ ਧੀਰਮਲ ਨੂੰ ਗੁਰੂ ਸਾਹਿਬ ਨੇ ਸੁਨੇਹਾ ਭੇਜਿਆ ਕਿ ਦਰਿਆ ਵਿਚ ਅਸੀਂ ਗ੍ਰੰਥ ਸਾਹਿਬ ਰਖ ਚਲੇ ਹਾਂ, ਤੁਸੀਂ ਆਕੇ ਕਢ ਲਿਜਾਉ।

ਇਮ ਸਮਝਾਇ ਗੁਰੂ ਗਤਿ ਦਾਨੀ।
ਹੁਤੋ ਗੰਭੀਰ ਬੇਗ ਜਿਹ ਪਾਨੀ॥ ੩੪॥
ਮੰਜੀ ਕੇ ਸਮੇਤ ਜਲ ਮਾਹਿ।
ਕਹਿ ਕਰ ਭਲੇ ਰਖਾਯਹੁ ਤਾਹਿ॥
ਭਲੇ ਸੰਭਾਲੋ ਭੋ! ਦਰਆਇ।



Sri Satguru Jagjit Singh Ji Elibrary NamdhariElibrary@gmail.com

ਤੁਝਤੇ ਲੇਹਿ ਧੀਰਮਲ ਆਇ' ॥ ੩੫ ॥

ਉਧਰ ਰਾਹੀ ਨੇ ਕਰਤਾਰ ਪੁਰ ਅਪੜ ਧੀਰਮਲ ਨੂੰ ਸੁਨੇਹਾ ਜਾ ਦਿਤਾ ।

ਸੁੰਨਿ ਮਸੰਦ ਬੋਲਜੋ ਮਤਿ ਖੋਟਾ ।
ਇਹੁ ਕਿਯਾ ਕਰਹੁ, ਨ ਕਿਸਹੂੰ ਹੋਟਾ ।
ਹਮਤੇ ਅਰੁ ਆਪਨਿ ਤੇ ਖੋਯੋ ।
ਇਸਤੇ ਕੌਨ ਭਲੋ ਨਿਜ ਜੋਯੋ ।
ਪੁਨ ਤੁਮ ਸੰਗ ਹਾਸ ਕਰ ਭੇਜਾ ।
ਸਲਤਾ ਤੇ ਨਿਕਾਸ ਕਰ ਲੇਜਾ ।
ਨਦੀ ਸਬੇਗ ਬਿਖੇ ਕਿਮ ਹੋਹਿ ।
ਬਹਜੋ ਹੋਇਗੋ ਜਲਕੇ ਜੋਰ ।
ਕੇਤਕ ਥਾਨ ਕਰਹਿਗੋ ਟੋਰ ?
ਕਿਮ ਪ੍ਰਾਪਤ ਹੋਇ ਵਿਚੇ ਬਿਚਾਰੋ ।
ਦਬਜੋ ਹੋਇ ਸਿਕਤਾ ਪੁਰ ਭਾਰੋ ।
ਜੋ ਕਦਾਚ ਕਰ ਆਵੈ ਹਾਥ ।
ਕਾਗਦ ਗਰੇ ਹੋਹਿ ਜਲ ਸਾਥ ॥ ੨੮ ॥
ਰਾਖਜੋ ਰੋਕ ਚਲਿਨ ਨਹਿ ਦਿਯੋ ।
ਸੋ ਦਿਨ ਇਮ ਬਤੀਤ ਕਰ ਗਯੋ ॥ ੩੨ ॥
ਕਿਤਕ ਦਿਵਸ ਬੀਤੇ ਇਸ ਭਾਂਤੀ ।
ਮਿਲ ਮਿਲ ਕਰਹਿ ਅਨਕ ਬਿਧ ਬਾਤੀ ॥ ੩੫ ॥
ਪੰਚਾਮ੍ਰਿਤ ਬਹ ਆਨ ਕਰਾਵੈਂ ।
ਜੇਕਰ ਗ੍ਰੰਥ ਜਾਇ ਮੈਂ ਪਾਵੌਂ ।
ਇਮ ਕੇਤਕ ਦਿਨ ਜਬਹਿ ਬਿਤਾਏ ।
ਧੀਰਮਲ ਬਹੁਰ ਚਿਤ ਉਪਾਇ ॥ ੪੦ ॥
ਹਠਕੇ ਧਾਰ ਚੜ੍ਹਨ ਪੁਨ ਚਾਹਾ ।



Sri Satguru Jagjit Singh Ji Elibrary NamdhariElibrary@gmail.com

ਖੋਜੋ ਏਕ ਬਾਰ ਜਲ ਮਾਹਾ।

ਮਸੰਦ ਨੇ (ਜਿਸ ਤੋਂ ਇਸ਼ਾਰਾ ਧੀਰਮੱਲ ਵਲ ਹੈ) ਤਾਂ ਅਕਲ ਦੀ ਗੱਲ ਆਖੀ ਸੀ ਕਿ ਗ੍ਰੰਥ ਹੁਣ ਕਿਥੋਂ ਲਭਣਾ ਹੈ। ਤਿਖੇ ਰੋਹੜਵੇਂ ਤੇ ਡੂੰਘੇ ਪਾਣੀ ਵਿਚ ਪਾਲਕੀ ਸਮੇਤ ਧਰਿਆਂ ਪਹਿਲੀ ਗਲ ਤਾਂ ਇਹ ਹੋਣੀ ਸੀ ਕਿ ਸੌਲੀ ਹੀਜ਼ ਪਾਲਕੀ ਉਲਟਕੇ ਗ੍ਰੰਥ ਹੇਠਾਂ ਡਿਗ ਪੈਂਦਾ ਅਤੇ ਪਾਲਕੀ ਅਗੇ ਰੁੜ੍ਹ ਜਾਂਦੀ, ਅਤੇ ਗ੍ਰੰਥ ਪਤਲੇ ਰੁਮਾਲਾਂ ਵਿਚ ਬੱਧਾ ਗੜੁਚ ਹੋਕੇ ਕਾਗਜ਼ ਗਲ ਜਾਂਦਾ। ਪਰ ਲਾਲਚੀ ਨੂੰ ਅਕਲ ਨਾਲ ਵੈਰ ਹੁੰਦਾ ਹੈ। ਅਖੇ ਦਸਵੇਂ ਯਾਰਵੇਂ ਦਿਨ ਦਰਯਾ ਵਿਚੋਂ ਪੋਥੀ ਕਢਨ ਟੁਰ ਪਿਆ।

ਦੋਹਰਾ ॥ ਉਠ ਪ੍ਰਭਾਤ ਕੋ ਤਯਾਰ ਭਾ।
ਕਰਕੇ ਸੌਚ ਸਨਾਨ।
ਕੇਵਟ ਬ੍ਰਿੰਦ* ਬੁਲਾਇਕਰ ਦੇਣ ਦਰਬ ਬਹੁ ਮਾਨ ॥
ਚੌਪਈ ॥ ਅਪਰ ਨੀਰ ਮਹਿ ਤਰਨੇ ਹਾਰੇ।
ਸੁਨ ਸੁਨ ਗੁਨ ਤਿਨ ਲੀਨ ਹਕਾਰੇ।
ਜਾਰ ਬ੍ਰਿੰਦ ਕੋ ਲਯੋ ਮੰਗਾਈ। ਸਭ ਬਿਧ ਤੇ ਤਯਾਰੀ ਕਰਵਾਈ ॥
ਗਮਨਯੋ ਮਾਰਗ ਲੈ ਨਰ ਬ੍ਰਿੰਦ। ਸੰਗ ਬਿਬਸ ਹੋਇ ਚਲਯੋ ਮਸੰਦ ॥

ਦੋ ਦਿਨ ਤਲਾਸ਼ ਕਰਕੇ ਕੁਝ ਨਾ ਮਿਲਿਆ, ਤੀਜੇ ਦਿਨ ਬਹੁਤ ਪ੍ਰਾਰਥਨਾਆਂ ਕੀਤੀਆਂ, ਕੀਰਨੇ ਪਾਏ, ਨਵਾਂ† ਗੁਰਾਂ ਦੇ ਨਾਮ ਵਾਰ ਵਾਰ ਲੈਕੇ ਗੁਰੂ ਤੇਗ ਬਹਾਦਰ ਅਗੇ ਆਪਨੇ ਬਚਨ ਪਾਲਨ ਲਈ ਅਰਦਾਸ ਕੀਤੀ। ਚੌਹਦਵੇਂ ਦਿਨ ਪਾਲਕੀ ਦੀ ਮੁਨੀ ਨੂੰ ਉਸੇ ਥਾਂ ਜਿਥੇ ਕਈ ਵਾਰੀ

---

*ਹੁਸ਼ਿਆਰ ਮਲਾਹ ਡੂੰਘੇ ਪਾਣੀ ਵਿਚ ਤਰਨ ਵਾਲੇ ਮਜ਼ਬੂਤ ਜਾਲ ਇਕਠੇ ਕਰਕੇ ਅਤੇ ਮਜ਼ਬੂਤ ਆਦਮੀ ਨਾਲ ਲੈਕੇ ਟੁਰ ਪਿਆ।

†ਧੀਰਮੱਲ ਗੁਰੂ ਹਰ ਗੋਬਿੰਦ ਦੇ ਪਿਛੋਂ ਆਪਣੇ ਆਪ ਨੂੰ ਗੁਰੂ ਸਮਝਦਾ ਸੀ ਸਤਵੇਂ ਅਠਵੇਂ ਅਤੇ ਨਾਵੇਂ ਗੁਰੂਆਂ ਨੂੰ ਗ਼ਾਸਿਬ ਜਾਂ ਲੁਟੇਰੇ ਜਾਣਦਾ ਸੀ। ਓਹ ਓਹਨਾਂ ਨੂੰ ਗਾਲਾਂ ਕਢ ਸਕਦਾ ਸੀ, ਓਹਨਾਂ ਅਗੇ ਅਰਦਾਸ ਨਹੀਂ ਕਰ ਸਕਦਾ ਸੀ।



Sri Satguru Jagjit Singh Ji Elibrary NamdhariElibrary@gmail.com

ਤਲਾਸ਼ ਹੋ ਚੁਕੀ ਸੀ, ਧੀਰਮਲ ਦਾ ਅਪਨਾ ਹਥ ਲਗਾ। ਪਾਲਕੀ ਉਪਰ ਤੀਕ ਰੇਤ* ਹੇਠਾਂ ਦਬ ਗਈ ਸੀ। ਆਦਮੀ ਪੁਟਨ ਲਾਏ ਅਤੇ ਪਾਲਕੀ ਸਮੇਤ ਗ੍ਰੰਥ ਜੀ ਕੱਢਕੇ ਬਾਹਰ ਆਂਦੇ। ਗ੍ਰੰਥ ਜੀ ਦੋ ਰੇਸ਼ਮੀ ਅਤੇ ਤਿਨ ਤੂਲਾਂ† ਦੇ ਰੁਮਾਲਾਂ ਵਿਚ ਲਪੇਟੇ ਸਨ। ਜਦ ਖੋਲ੍ਹਿਆ ਤਾਂ ਵੇਖਿਆ ਕਿ ਉਪਰੋਂ ਉਪਰੋਂ ਭਿੱਜਾ ਹੈ, ਅਖਰ ਸਾਰੇ ਸਲਾਮਤ ਹਨ। ਪਤ੍ਰੇ ਧੁਪੇ ਸੁਕਨ ਨੂੰ ਰਖ ਦਿਤੇ, ਅਤੇ ਫੇਰ ਬਾਜੇ ਵਾਜੇ ਨਾਲ ਕਰਤਾਰ ਪੁਰ ਲਿਆਏ, ਦੀਪਮਾਲਾ ਕੀਤੀ। ਸਭ ਲੋਕੀ ਇਹ ਕਰਾਮਾਤ ਵੇਖਕੇ ਹੈਰਾਨ ਰਹਿ ਗਏ। ਸਫ਼ੇਦ ਕਾਗ਼ਜ਼ ਜੋ ਗਲ ਗਿਆ ਸੀ, ਉਸਦੀ ਥਾਂ ਹਾਸ਼ੀਏ ਹੋਰ ਕਾਗ਼ਜ਼ ਦੇ ਲਗਾਏ।

ਗਰਯੋ ਸੁਪੇਦਾ ਕਾਗਦ ਜੋਇ। ਅਪਰ ਲਗਾਯ ਸੁਧਾਰਯੋ ਸੋਈ।
ਅਬ ਲੌ ਚਿਨ੍ਹਤ ਪਤ੍ਰੇ ਸਾਰੇ। ਕਹਿਤ ਕਵੀ ਹਮ ਆਪ ਨਿਹਾਰੇ।

ਕਵੀ ਜੀ 'ਆਦਿ-ਬੀੜ' ਨੂੰ ਜਲ ਪ੍ਰਵਾਹ ਮਿਲਨ ਤੋਂ ਪੌਣੇ ਦੋ ਸੌ ਵਰ੍ਹਾ ਪਿਛੋਂ ਕਰਤਾਰਪੁਰ ਵਾਲੀ ਬੀੜ ਨੂੰ ਦੇਖ ਰਹੇ ਹਨ, ਜੋ 'ਆਦਿ ਬੀੜ' ਦੀ ਥਾਂ ਲੈਣ ਲਈ ਤਿਆਰ ਕੀਤੀ ਗਈ ਸੀ। ਕਵੀ ਜੀ ਫੇਰ ਅਗ੍ਹੇ ਲਿਖਦੇ ਹਨ :-

ਤਬ ਤੇ ਧੀਰਮਲ ਕੇ ਧਾਮ। ਰਹਜੋ ਗ੍ਰੰਥ ਸਾਹਿਬ ਅਭਿਰਾਮ।
ਤਿਸ ਕੀ ਕੁਲਕੇ ਲੇਤ ਅਕੋਰ‡। ਅਬਹਿ ਖਾਲਸੇ ਕਰਕੇ ਜੋਰ ॥੫੧॥
ਆਦਿ ਸੁਧਾਸਰ ਲਵਪੁਰ ਮਾਹੀ। ਰਾਖਹਿ ਗ੍ਰੰਥ ਸੁ ਅਪਨੇ ਪਾਹੀ।
ਧਨ ਆਦਿਕ ਭੇਟਾ ਜੋ ਦੇਯ।
ਧੀਰਮਲ ਕੇ-ਸਗਰੀ ਲੇਯ।

---

*ਨਾ ਬਿਆਸਾ ਅਤੇ ਨਾ ਸਤਲੁਜ ਵਿਚ ਵਿਸਾਖ ਦੇ ਅਖੀਰ ਤਕ ਕੋਈ ਹੜ੍ਹ ਆਉਂਦੇ ਹਨ ਤੇ ਨਾ ਪਾਣੀ ਵਿਚ ਏਤਨੀ ਰੇਤ ਹੀ ਆਉਂਦੀ ਹੈ ਕਿ ਤਿਖੇ ਵਗਦੇ ਪਾਨੀ ਦੀ ਥਾਂ ਦਸਾਂ ਦਿਨਾਂ ਵਿਚ ਗਜ਼ ਸਵਾ ਗਜ਼ ਰੇਤ ਚੜ੍ਹ ਜਾਏ।

†ਤੂਲ ਲਾਲ ਰਗਵਾਨ ਨੂੰ ਕਹਿੰਦੇ ਹਨ, ਜਿਸਦਾ ਵਿਆਹ ਦਾ ਕੱਚਾ ਜੋੜਾ ਕੁੜੀ ਲਈ ਬਨਦਾ ਸੀ। ਇਹ ਪਤਲਾ ਜਿਹਾ ਕਪੜਾ ਹੁੰਦਾ ਸੀ।

‡ਚੜ੍ਹਤ



Sri Satguru Jagjit Singh Ji Elibrary NamdhariElibrary@gmail.com

ਕਰੀ ਕ੍ਰਿਪਾ ਨਹਿ ਲੀਨ ਸੁ ਛੀਨ।
ਸਤਿਗੁਰ ਮਤਿ ਕੋ ਜਾਨ ਪ੍ਰਬੀਨ।
ਪੁਨਹਿ ਭਵਿਖ੍ਯਤ ਕੀ ਸੁਧ ਨਾਹੀਂ।
ਲੈਹਿ ਪੰਥ ਕੈ ਰਹਿ ਤਿਨ ਪਾਹੀ।

ਕਹਾਣੀ ਬੜੀ ਸੁਆਦਲੀ ਹੈ ਅਤੇ ਕਰਾਮਾਤ ਬੜੀ ਵਡੀ। ਪਰ ਅਫਸੋਸ ਹੈ ਕਿ ਕਰਤਾਰ ਪੁਰ ਵਾਲੀ ਬੀੜ ਦੀ ਅੰਦਰਲੀ ਗਵਾਹੀ ਏਸ ਨੂੰ ਝੁਠਲਾ ਰਹੀ ਹੈ। ਕਵੀ ਦਸਦਾ ਹੈ ਕਿ ਇਹ ਬੀੜ ਖ਼ਾਲਸਾ ਮਤਲਬ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਜ਼ੋਰ ਦੇ ਕੇ ਮੰਗਵਾਈ ਸੀ, ਅਤੇ ਏਸ ਨੂੰ 'ਆਦਿ-ਬੀੜ' ਸਮਝ ਕੇ ਲੈਣ ਲਗੇ ਸਨ, ਪਰ ਫੇਰ ਕਿਰਪਾ ਕਰ ਕੇ ਨਹੀਂ ਖੋਹਿਆ। ਕਵੀ ਫੇਰ ਕਹਿੰਦਾ ਹੈ ਕਿ ਅਗੇ ਦੀ ਖ਼ਬਰ ਨਹੀਂ ਕਿ ਪੰਥ ਲੈਂਦਾ ਹੈ ਕਿ ਧੀਰਮਲ ਕਿਆਂ ਕੋਲ ਹੀ ਰਹਿੰਦੀ ਹੈ। ਪੰਥ ਦਾ (ਅਕਾਲੀਆਂ ਦਾ) ਖ਼ਿਆਲ ਏਸ ਬਾਰੇ ਕੀਹ ਹੈ, ਏਸ ਦਾ ਤਾਂ ਮੈਨੂੰ ਵੀ ਪਤਾ ਨਹੀਂ, ਪਰ ਜੇ ਲੈਣਗੇ, ਤਾਂ ਪਿਛੋਂ ਤਫ਼ਤਾਣਗੇ, ਸੋਨੇ ਦੀ ਥਾਂ ਮੁਲੱਮਾ ਲਭੇਗਾ।

'ਆਦਿ-ਬੀੜ' ਨੂੰ ਪ੍ਰਾਪਤ ਕਰਨ ਲਈ ਲਾਲਚ ਬੜਾ ਭਾਰਾ ਸੀ, ਏਸ ਨੂੰ ਲੈਣ ਲਈ ਗੁਰੂ ਤੇਗ਼ ਬਹਾਦੁਰ ਪੁਰ ਕਾਤਿਲਾਨਾ ਹਮਲਾ ਕੀਤਾ ਗਿਆ। ਸੋ ਜਦ 'ਜਲ-ਪ੍ਰਵਾਹ' ਹੋ ਜਾਣ ਦੇ ਪਿਛੋਂ ਅਸਲੀ ਗਰੰਥ ਸਾਹਿਬ ਧੀਰਮਲੀਆਂ ਦੇ ਕਬਜ਼ੇ ਵਿਚ ਨਾ ਆਇਆ, ਤਦ ਉਸ ਦੀ ਥਾਂ ਕਿਸੇ ਹੋਰ ਪੁਰਾਣੀ ਬੀੜ ਨੂੰ ਲੇਵੀ ਨਾਲ ਕਾਗ਼ਜ਼ ਦੀਆਂ ਕਾਤਰਾਂ ਲਾ ਕੇ ਹੜਤਾਲ ਦੀ ਮਦਦ ਨਾਲ 'ਆਦਿ-ਬੀੜ' ਦਾ ਸਵਾਂਗ ਬਣਾ ਕੇ ਰਖ ਦਿਤਾ। ਕਦੋਂ ਤੇ ਕਿਸ ਤਰ੍ਹਾਂ? ਏਸ ਪੁਰ ਅਸੀ ਹੇਠਾਂ ਵਿਚਾਰ ਕਰਾਂਗੇ। ਮੈਂ ਹੀ ਕੁਝ ਅਜ ਇਹ ਗਲ ਨਹੀਂ ਕਹਿ ਰਿਹਾ। ਇਕ ਸਦੀ ਦੇ ਕਰੀਬ ਪਹਿਲੋਂ ਵੀ ਇਹੋ ਕੁਝ ਕਿਹਾ ਗਿਆ ਸੀ, ਅਤੇ ਏਸ ਦਾਅਵੇ ਨੂੰ ਝੂਠਾ ਸਮਝਿਆ ਗਿਆ ਸੀ। ਪਹਿਲੀਆਂ ਸਰਕਾਰ ਅੰਗਰੇਜ਼ੀ ਦੀਆਂ ਬੰਦੋਬਸਤ ਦੀਆਂ ਰੀਪੋਰਟਾਂ ਤੋਂ ਲੈ ਕੇ ਜ਼ਿਲੇ ਦੇ ਗੈਜ਼ਟੀਅਰਾਂ ਵਿਚ ਇਹ ਲਿਖੀਂਦਾ



Sri Satguru Jagjit Singh Ji Elibrary NamdhariElibrary@gmail.com

ਚਲਾ ਆਇਆ ਹੈ ਕਿ–

Some sceptics assert that the book shown is mere substitute for the original, which was never fished out of the river.

---

ਸੰਨ ੧੯੧੭-੧੮ ਵਿਚ ਇਕ ਲੰਮੀ ਤੇ ਦੁਖਦਾਈ ਚਰਚਾ 'ਰਾਗ ਮਾਲਾ' ਦੇ ਗਰੰਥ ਸਾਹਿਬ ਵਿਚ ਰਖਣ ਅਤੇ ਪਾਠ ਸਮੇਂ ਪੜ੍ਹਨ ਜਾਂ ਨਾ ਪੜ੍ਹਨ ਬਾਬਤ ਵਰ੍ਹਾ ਭਰ ਹੁੰਦੀ ਰਹੀ ਸੀ। ਉਸ ਚਰਚਾ ਦੇ ਦੌਰਾਨ ਵਿਚ ਕਈ ਪੁਰਾਣੀਆਂ ਬੀੜਾਂ ਦਾ ਜ਼ਿਕਰ ਦੋਹਾਂ ਪਖਾਂ ਵਲੋਂ ਕੀਤਾ ਗਿਆ ਸੀ। ਸਰਦਾਰ ਕਾਹਨ ਸਿੰਘ ਜੀ ਨਾਭਾ ਬਾਬਤ ਇਹ ਗ਼ਲਤ-ਬਿਆਨੀ, 'ਖ਼ਾਲਸਾ ਸਮਾਚਾਰ' ਅਖ਼ਬਾਰ ਵਿਚ ਕੀਤੀ ਗਈ ਸੀ, ਉਸ ਦੀ ਤਰਦੀਦ ਵਿਚ ਸਰਦਾਰ ਕਾਹਨ ਸਿੰਘ ਜੀ ਨੇ ਹੇਠ ਲਿਖੀ ਚਿਠੀ 'ਅਖ਼ਬਾਰ ਪੰਥ ਸੇਵਕ (੨੩ ਜਨਵਰੀ ਸੰਨ ੧੯੧੮) ਵਿਚ ਛਪਵਾਈ ਸੀ–

"ਆਪ ਦੇ ੧੨ ਦਸੰਬਰ ਦੇ ਪਰਚੇ ਵਿਚ, 'ਭਾਈ ਕਾਹਨ ਸਿੰਘ ਜੀ ਦੀ ਗੁਪਤ ਚਿੱਠੀ' ਨਾਮਕ ਸਿਰਨਾਵੇਂ ਹੇਠ ਲਿਖੀ ਇਬਾਰਤ ਪੜ੍ਹ ਕੇ ਮੇਰੇ ਪਾਸ ਬਹੁਤ ਚਿਠੀਆਂ ਆਈਆਂ ਹੈਨ, ਜਿਨ੍ਹਾਂ ਵਿਚ ਲੋਕ ਮੈਥੋਂ ਪੁਛਦੇ ਹਨ ਕਿ ਮੈਂ 'ਰਾਗਮਾਲਾ' ਸਬੰਧੀ ਆਪਣੀ ਰਾਇ 'ਗੁਰਮਤ ਸੁਧਾਕਰ' ਦੇ ਵਿਰੁਧ ਕਿਉਂ ਬਦਲੀ ਹੈ। ਮੈਨੂੰ ਕੋਸ਼ ਦੇ ਕੰਮ ਤੋਂ ਵਿਹਲ ਨਹੀਂ, ਜੋ ਮੈਂ ਲੋਕਾਂ ਨੂੰ ਉਤਰ ਦੇ ਸਕਾਂ, ਪਰ ਪਬਲਿਕ ਨੂੰ ਨਿਰਸੰਦੇਹ ਕਰਨ ਵਾਸਤੇ ਇਹ ਚਿਠੀ ਲਿਖਦਾ ਹਾਂ।

ਜਿਸ ਚਿਠੀ ਦਾ ਜ਼ਿਕਰ 'ਖ਼ਾਲਸਾ ਸਮਾਚਾਰ'



Sri Satguru Jagjit Singh Ji Elibrary NamdhariElibrary@gmail.com

ਵਿਚ ਹੈ, ਉਹ ਮੈਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਸ਼ਨਾਂ ਦੇ ਉਤਰ ਵਿਚ ਲਿਖੀ ਸੀ, ਜਿਸ ਦਾ ਭਾਵ ਇਹ ਸੀ ਕਿ ਮੈਂ ਇਹ ਸੁਣ ਕੇ ਹੈਰਾਨ* ਹੋਇਆ ਹਾਂ ਕਿ ਬਾਬੂ ਤੇਜਾ ਸਿੰਘ ਜੀ ਨੇ 'ਰਾਗ ਮਾਲਾ' ਕਢ ਦਿਤੀ ਹੈ, ਕਿਉਂਕਿ ਰਾਗਮਾਲਾ ਤਾਂ ਚਿਰ ਤੋਂ ਗੁਰੂ ਗਰੰਥ ਸਾਹਿਬ ਵਿਚੋਂ ਕਢੀ ਜਾ ਚੁਕੀ ਹੈ, ਅਨੇਕ ਪੁਰਾਣੇ ਲਿਖੇ ਹੋਏ ਗਰੰਥ ਸਾਹਿਬਾਨ ਬਿਨਾ ਰਾਗ ਮਾਲਾ ਮੌਜੂਦ ਹੈਨ ।......ਰਾਗ ਮਾਲਾ ਇਤਨੀ ਦੁਖਦਾਈ ਵਸਤੂ ਨਹੀਂ, ਉਸ ਤੋਂ ਵੀ ਵਧੀਕ ਬੁਰੇ ਲੇਖ ਕਈ ਗਰੰਥਾਂ ਸਾਹਿਬਾਂ ਵਿਚ ਪਾਏ ਜਾਂਦੇ ਹਨ, ਇਤਿ ਆਦਿ ।

ਇਸ ਪ੍ਰਸੰਗ ਵਿਚ ਮੈਂ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਸਿਖਾਂ ਨੂੰ ਆਪਣੇ ਧਰਮ ਪੁਸਤਕਾਂ ਦੀ ਬਹੁਤ ਘਟ ਵਾਕਫ਼ੀਅਤ ਹੈ, ਕੋਈ ਖੋਜ ਭਾਲ ਦਾ ਯਤਨ ਨਹੀਂ ਕਰਦਾ, ਸੁਣੀਆਂ ਗਲਾਂ ਪੁਰ ਯਕੀਨ ਕਰ ਬੈਠਦੇ ਹਨ । ਮੈਂ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਦਾ ਨਿਰਣਯ 'ਗੁਰੂ ਗਿਰਾ ਕਸੌਟੀ' ਵਿਚ ਵਿਸਥਾਰ ਨਾਲ ਕੀਤਾ ਹੈ । ਪਰ ਇਹ ਪੋਥੀ ਮਸੰਦਾਂ ਤੇ ਬੁਰਛਿਆਂ ਦੇ ਉਪਦ੍ਰਵ ਤੇ ਭਯ ਤੋਂ ਹੁਣ ਤੋੜੀ ਪ੍ਰਕਾਸ਼ਤ ਨਹੀਂ ਕੀਤੀ । ਪਾਠਕਾਂ ਨੂੰ ਨਿਸਚੇ ਰਹੇ ਕਿ ਮੈਂ ਆਪਣੀ ਹਾਨੀ ਦੇ ਭਯ ਤੋਂ ਕਦੇ ਨਹੀਂ ਡਰਿਆ । ਮੈਨੂੰ ਸਚ ਦੇ ਪ੍ਰਗਟ ਕਰਨ ਵਿਚ ਕਦੇ ਭੀ ਸੰਕੋਚ

*ਸਦਾ ਦੇਸੀ ਰਿਆਸਤਾਂ ਵਿਚ ਰਹਿ ਕੇ ਮੁਹਮਲ ਤੇ ਵਲਵਿੰਗ ਪਾ ਕੇ ਲਿਖਣ ਦਾ ਸੁਭਾ ਪੈ ਜਾਂਦਾ ਹੈ, ਅਤੇ ਏਸ ਨੂੰ diplomacy ਜਾਂ ਧਿਕਮਤੇ ਅਮਲੀ ਕਿਹਾ ਜਾਂਦਾ ਹੈ ।



Sri Satguru Jagjit Singh Ji Elibrary NamdhariElibrary@gmail.com

ਨਹੀਂ, ਪਰ ਡਰ ਕੇਵਲ ਇਹ ਹੈ ਕਿ 'ਗੁਰੂ ਗਿਰਾ ਕਸੌਟੀ' ਦਾ ਦਰਸ਼ਨ ਹੁੰਦਿਆਂ ਹੀ ਅਨੇਕ ਵਿਸ਼ਿਆਂ ਪੁਰ ਰੌਸ਼ਨੀ ਪੈ ਜਾਣੀ ਹੈ, ਅਤੇ ਰਾਗ ਮਾਲਾ ਤੋਂ ਵਧੀਕ ਜੰਗ ਛਿੜ ਪੈਣਾ ਹੈ, ਜਿਸ ਤੋਂ ਅਨੇਕ ਸੁਧਾਰ* ਦੇ ਮੁਆਮਲੇ ਪਿਛੇ ਪੈ ਜਾਣਗੇ, ਅਰ ਵਿਤੰਡਾ ਵਾਦ ਆਰੰਭ ਹੋ ਜਾਊ, ਕਿਉਂਕਿ ਗੁਣ ਅਤੇ ਸਤਜ ਦੇ ਗ੍ਰਾਹਕ ਵਿਰਲੇ ਹੈਨ।

ਅਜ ਕਲ ਅਖ਼ਬਾਰਾਂ ਵਿਚ ਕਰਤਾਰ ਪੁਰ ਵਾਲੇ ਗੁਰੂ ਗਰੰਥ ਸਾਹਿਬ ਦਾ ਬਾਰ ਬਾਰ ਜ਼ਿਕਰ ਆਉਂਦਾ ਹੈ, ਅਤੇ 'ਰਾਗ ਮਾਲਾ' ਨੂੰ ਗੁਰਬਾਣੀ ਸਿਧ ਕਰਨ ਵਾਲੇ ਉਸ ਦਾ ਪ੍ਰਮਾਨ ਪੇਸ਼ ਕਰਦੇ ਹਨ, ਪਰ ਮੈਂ ਬਹੈਸੀਅਤ 'ਖੋਜੀ' ਦੇ ਉਹਨਾਂ ਭਾਈਆਂ ਨੂੰ ਸਲਾਹ ਦੇਂਦਾ ਹਾਂ ਕਿ ਉਹ ਐਸਾ ਕਰਨ ਤੋਂ ਸੰਕੋਚ ਕਰਨ, ਕਿਉਂਕਿ ਕਰਤਾਰਪੁਰ ਵਾਲੇ ਗਰੰਥ ਸਾਹਿਬ ਵਿਚ ਰਾਗ ਮਾਲਾ ਦੇ ਖੰਡਣ ਦਾ ਇਕ ਵੱਜਰ ਰੂਪ ਪ੍ਰਮਾਨ ਹੈ।

ਪ੍ਰੇਮੀ ਸਜਣੋ ! ਜ਼ਰਾ ਧਿਆਨ ਨਾਲ ਸੁਣੋ–ਸਤਿਗੁਰਾਂ ਦੇ ਜ਼ਮਾਨੇ ਵਿਚ ਜੋ ਹੁਕਮਨਾਮੇ ਸੰਗਤਾਂ ਦੇ ਨਾਉਂ ਜਾਰੀ ਕੀਤੇ ਜਾਂਦੇ ਸਨ, ਉਸ ਦੇ ਹੇਠ ਸਤਿਗੁਰਾਂ ਦੇ ਦਸਤਖ਼ਤਾਂ ਤੋਂ ਉਪਰ, ਹੁਕਮਨਾਮੇ ਦੀਆਂ ਸਤਰਾਂ ਦੀ ਗਿਣਤੀ ਅਖਰੀਂ ਲਿਖੀ ਜਾਂਦੀ ਸੀ, ਤਾਕਿ ਦਸਤਖਤ ਹੋਣ ਪਿਛੋਂ ਕੋਈ

*ਜਿਕੁਰ ਇਹ ਸੁਧਾਰ ਦਾ ਮਾਮਲਾ ਨਹੀਂ ਸੀ।



Sri Satguru Jagjit Singh Ji Elibrary NamdhariElibrary@gmail.com

ਲਿਖਾਰੀ ਸਤਰਾਂ ਨਾ ਵਧਾ ਸਕੇ ।* ਐਸੇ ਹੀ ਨੌਵੇਂ ਸਤਿਗੁਰਾਂ ਦੇ ਅਹਿਦ ਤਕ ਇਹ ਰੀਤੀ ਰਹੀ ਕਿ ਜੋ ਕਾਪੀ ਗੁਰੂ ਗਰੰਥ ਸਾਹਿਬ ਦੀ ਹੁੰਦੀ, ਉਸ ਦੇ ਪਤਰਿਆਂ ਦੀ ਗਿਣਤੀ ਤਤਕਰੇ ਦੇ ਅੰਤ ਵਿਚ ਦਰਜ ਕੀਤੀ ਜਾਂਦੀ।† ਇਸ ਨਿਯਮ ਅਨੁਸਾਰ ਕਰਤਾਰ ਪੁਰ ਵਾਲੇ ਗੁਰੂ ਗਰੰਥ ਸਾਹਿਬ ਦੇ ਤਤਕਰੇ ਦੇ ਅੰਤ ਇਹ ਲਿਖਿਆ ਗਿਆ ਹੈ—

"ਸੰਮਤ ੧੬੬੧ ਮਿਤੀ ਭਾਦੋਂ ਵਦੀ ੧ ਪੋਥੀ ਲਿਖਿ ਪਹੁੰਚੇ। ਸਾਰੇ ਪਤ੍ਰੇ ਗੁਰੂ† ਬਾਬੇ ਦੇ ੯੭੪।"

'ਪੋਥੀ ਲਿਖਿ ਪਹੁਚੇ', ਏਸ ਦਾ ਨਿਰਨਾ ਤਾਂ 'ਗੁਰੂ ਗਿਰਾ ਕਸੌਟੀ' ਵਿਚ ਕੀਤਾ ਹੈ, ਪਰ ਏਸ ਥਾਂ ਪ੍ਰਕਰਣ ਅਨੁਸਾਰ ਦਸਦਾ ਹਾਂ ਕਿ ਕਰਤਾਰ ਪੁਰ ਵਾਲੇ ਗੁਰੂ ਗ੍ਰੰਥ

---

*ਕਈ ਹੁਕਮਨਾਮਿਆਂ ਵਿਚ ਚਿਠੀ ਦੀਆਂ ਸਤਰਾ ਦੀ ਗਿਣਤੀ ਅਖਰਾਂ ਅਤੇ ਹਿੰਦਸਿਆਂ ਦੋਹਾਂ ਵਿਚ ਦਿਤੀ ਹੈ, ਪਰ ਇਹ ਕੋਈ ਨਿਯਮ ਨਹੀਂ ਸੀ, ਹਰ ਇਕ ਚਿਠੀ ਵਿਚ ਸਤਰਾਂ ਨਹੀਂ ਸਨ ਦਿਤੀਆਂ ਹੁੰਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਝ ਚਿਠੀਆਂ ਵਿਚ ਜ਼ਰੂਰ ਹੈ। 'ਦਸਤਖਤ' ਤੋਂ ਮਤਲਬ ਜੇ ਅਜ ਕਲ ਵਾਂਗ ਆਪਣਾ ਨਾਮ ਲਿਖਣ ਦਾ ਹੈ ਤਾਂ ਇਹ ਗਲ ਗ਼ਲਤ ਹੈ, ਏਸ ਗਲ ਦਾ ਉਸ ਵੇਲੇ ਰਵਾਜ ਹੀ ਨਹੀਂ ਸੀ। 'ਸਤਰਾਂ ਦੀ ਗਿਣਤੀ' ਜਿਸ ਪਾਲ ਵਿਚ ਦਿਤੀ ਹੁੰਦੀ ਸੀ, ਉਹ ਚਿਠੀ ਦੇ ਝਟ ਹੀ ਹਿਠਾਂ ਹੁੰਦੀ ਸੀ, ਉਸ ਦੇ ਪਿਛੇ ਕੁਝ ਨਹੀਂ ਸੀਂ ਹੁੰਦਾ। ਮੈਂ ਅਜ ਤਕ ਕੋਈ ਹੁਕਮਨਾਮਾ ਨਹੀਂ ਵੇਖਿਆ, ਜਿਸ ਵਿਚ ਦਸਤਖਤ ਹੋਏ ਹੋਣ। ਸਾਡੇ 'ਲਿਖਾਰੀ' 'ਦਸਖਤ' ਲਿਖਦੇ ਹੁੰਦੇ ਸਨ, ਅਤੇ ਏਸ ਤੋਂ ਮੁਰਾਦ hand writing ਦਾ ਹੁੰਦਾ ਸੀ ਨਾਕਿ Signature ਦਾ।

†ਇਹ ਭੀ ਕੋਈ ਨੀਯਮ ਨਹੀਂ ਸੀ। ਬਹੁਤ ਥੋੜੇ ਗਰੰਥ ਸਾਹਿਬਾਂ ਵਿਚ ਪਤ੍ਰਿਆਂ ਦੀ ਗਿਨਤੀ ਏਸ ਸ਼ਕਲ ਵਿਚ ਦਿੱਤੀ ਹੈ। ਹਾਂ ਤਤਕਰੇ ਵਿਚ ਸਫ਼ਿਆਂ ਦੇ ਅੰਕ ਤਾਂ ਪ੍ਰਤੀਕਾਂ ਦੇ ਸਾਹਮਣੇ ਦਿਤੇ ਹਨ। ਅਤੇ ਇਹ ਗਿਨਤੀ ਭੀ ਬਹੁਤ ਪਿਛੋਂ ਸ਼ੁਰੂ ਹੋਈ ਹੋਣੀਏ ਜੇ ਇਹ ਕਦੇ ਰੀਤੀ ਬਨੀ ਭੀ ਸੀ। 'ਗੁਰੂ ਬਾਬਾ' ਨਾਮ ਹੀ ਇਹ ਗਲ ਦਸ ਰਿਹਾ ਹੈ। ਇਹ ਨਾਮ ਗਰੰਥ ਸਾਹਿਬ ਵਾਸਤੇ ਬਹੁਤ ਪਿਛੋਂ ਵਰਤੀਨ ਲਗਾ ਹੈ। G.B.S.



Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੇ ੯੭੩ਵੇਂ ਪਤ੍ਰੇ ਪੁਰ 'ਮੁੰਦਾਵਣੀ' ਹੈ, ਅਰ ੯੭੪ਵਾਂ ਪਤ੍ਰਾ (ਜਿਸ ਪੁਰ ਅੰਗ ੯੭੪ ਮੌਜੂਦ ਹੈ) ਕੋਰਾ ਪਿਆ ਹੈ। ਇਸ ਤੋਂ ਸਾਫ਼ ਪਾਯਾ ਜਾਂਦਾ ਹੈ ਕਿ 'ਗੁਰੂ ਬਾਬੇ ਦੇ ਸਾਰੇ ਪਤ੍ਰੇ ੯੭੪' ਦੀ ਗਿਨਤੀ ਤੋਂ ਬਾਹਰ ਜੋ ਕੁਛ ਹੈ ਓਹ ਗੁਰੂ ਬਾਬੇ ਦਾ ਅੰਗ ਨਹੀਂ।

ਆਦਿ ਅੰਤ ਦੇ ਵਾਧੂ ਪਤ੍ਰਿਆਂ ਪੁਰ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਖੇ ਕੇਵਲ ਰਾਗਮਾਲਾ ਹੀ ਨਹੀਂ ਕਿੰਤੂ ਰਤਨਮਾਲਾ ਹੈ, ਰਾਹ ਮੁਕਾਮ ਕੀ ਸਾਖੀ ਹੈ, ਅਰ ਐਸੇ ਲੇਖ ਭੀ ਹਨ :-

'ਸੰਮਤ ੧੬੫੫ ਜਹਾਂਗੀਰ ਪਾਤਸ਼ਾਹ ਨੇ ਗੁਰੂ ਅਰਜਨ ਜੀ ਨੂੰ ਰਕਬਾ ਕਰਤਾਰ ਪੁਰ ਦਿੱਤਾ ਧਰਮਸਾਲ ਨੂੰ ੮੯੬੪ ਘੁਮਾਂ ਕਨਾਲ ੭ ਮਰਲੇ ੧੫।'

ਅਤੇ ਚਲਿਤ੍ਰ ਜੋਤੀ ਜੋਤ ਸਮਾਉਣ ਇਉਂ ਹੈ :-

ੴ ਸਤਿਗੁਰ ਪ੍ਰਸਾਦਿ॥

ਸੰਮਤ ੧੫੯੬ ਅਸੂ ਵਦੀ ੧੦ ਸ੍ਰੀ ਬਾਬਾ ਨਾਨਕ ਦੇਵ ਜੀ ਸਮਾਣੇ।

ਸੰਮਤ ੧੬੦੯ ਚੇਤ ਸੁਦੀ ੪, ਸ੍ਰੀ ਸਤਿਗੁਰ ਅੰਗਦ ਜੀ ਸਮਾਣੇ।

ਸੰਮਤ ੧੬੩੧ ਭਾਦਉ ਸੁਦੀ ੩, ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣੇ।

ਸੰਮਤ ੧੬੩੮ ਭਾਦਉ ਸੁਦੀ ੩, ਸ੍ਰੀ ਸਤਿਗੁਰੂ



Sri Satguru Jagjit Singh Ji Elibrary NamdhariElibrary@gmail.com

ਰਾਮਦਾਸ ਜੀ ਸਮਾਣੇ।

ਸੰਮਤ ੧੬੬੩ ਜੇਠ ਸੁਦੀ ੪, ਸ਼ੁਕਰਵਾਰ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਸਮਾਣੇ।

———— ————*

ਸੰਮਤ ੧੬੯੫ ਚੇਤ ਸੁਦੀ ੧੦ ਸਤਿਗੁਰੂ ਬਾਬਾ ਜੀ ਸਮਾਣੇ ਕੀਰਤਿਪੁਰ।

ਭਾਵ ਬਾਬਾ ਗੁਰਦਿੱਤਾ ਜੀ। G. B. S.

ਸਮਤ ੧੭੦੧ ਚੇਤ ਸੁਦੀ ੫, ਐਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸਤਿਗੁਰੂ ਕਰਣ ਕਾਰਣ ਸਮਰਥ ਕਰਤਾ ਪੁਰਖ ਨਿਰਵੈਰ ਅਕਾਲ ਮੂਰਤਿ ਸ੍ਰੀ ਹਰ ਗੋਬਿੰਦ ਜੀ ਸਮਾਣੇ ਕੀਰਤਿ ਪੁਰ।"

ਜਿਨ੍ਹਾਂ ਵਾਧੂ ਪਤਰਿਆਂ ਵਿਚ ਨਿਰੰਜਨ ਰਾਇ ਜੀ ਦੀ, ਜੋ ਧੀਰਮਲ ਜੀ ਦੇ ਪੜੋਤੇ ਸੀ, ਬਹੁਤ ਮਹਿਮਾ ਗਾਈ ਹੈ, ਜਿਸ ਵਿਚ ਲਿਖਿਆ ਹੈ ਕਿ-

"ਕਰਤਾਰ ਪੁਰ, ਹਰਗੋਬਿੰਦਪੁਰ, ਸੰਗਤ ਸਾਹਿਬ, ਨਿਰੰਜਨ ਰਾਇ ਨੂੰ ਸਭ ਕੁਝ ਦਿਤਾ, ਇਸ ਕਾ ਸ਼ਰੀਕ ਕੋਈ ਨਾਹੀਂ। ਮੇਰਾ ਵਰ।"

ਏਸ ਤੋਂ ਛੁਟ ਅਨੇਕਾਂ ਤਾਰੀਖੀ ਬਾਤਾਂ ਵੀ ਹਨ, ਜਿਨ੍ਹਾਂ ਵਿਚ ਇਹ ਵੀ ਹੈ ਕਿ:-

*ਇਹ ਲੀਕ ਵਿਥ ਲਈ ਮੈਂ ਪਾਈ ਹੈ, ਏਦਾ ਮਤਲਬ ਅਗੋਂ ਚਲਕੇ ਖੁਲੇਗਾ। (G. B. S.)



Sri Satguru Jagjit Singh Ji Elibrary NamdhariElibrary@gmail.com

"੧੮੧੪–ਕਰਤਾਰ ਪੁਰ ਮੇਂ ਅਗ ਲਗੀ।"

"੧੮੮੯–ਫਾਗਨ ਮੇਂ ਰਣਜੀਤ ਸਿੰਘ ਕਰਤਾਰ ਪੁਰ ਆਇਆ।" ਇਤਿਆਦਿ ਅਨੇਕ ਪ੍ਰਕਰਣ ਹਨ, ਜਿਨ੍ਹਾਂ ਦੀ ਏਥੇ ਲਿਖਣ ਦੀ ਲੋੜ ਨਹੀਂ।

ਅੰਤ ਵਿਚ ਕੌਮ ਦੇ ਦਰਦੀਆਂ ਅਗੇ ਬੇਨਤੀ ਹੈ, ਕਿ ਇਹ ਜ਼ਮਾਨਾ ਪ੍ਰਸਪਰ ਪ੍ਰੇਮ ਨਾਲ ਉਨਤੀ ਕਰਨ ਦਾ ਹੈ, ਵੇਖੋ ਪੜੋਸੀ ਭਾਈ ਆਪਣੇ ਹਕਾਂ* ਦੀ ਰਾਖੀ ਲਈ ਕੀਹ ਕੀਹ ਯਤਨ ਕਰ ਰਹੇ ਹਨ, ਸੁਧਾਰ ਦੇ ਉਪਰਾਲੇ ਵਿਚ ਲਗੇ ਹੋਏ ਹਨ, ਪਰ ਸਾਡੀ 'ਰਾਗ ਮਾਲਾ' ਦੀ ਆਰੋਹੀ ਤਾਨ ਕੰਨ ਪਈ ਸੁਣਨ ਨਹੀਂ ਦੇਂਦੀ। ਕ੍ਰਿਪਾ ਕਰੋ, ਤਰਸ ਕਰੋ, ਸ਼ਾਂਤਿ ਕਰੋ, ਧੀਰਯ ਕਰੋ, ਖੋਜੀ ਬਣ ਕੇ ਵਿਚਾਰੋ, ਵਾਦੀ ਦੀ ਪਦਵੀ ਨਾ ਲਉ।

ਕਬਿਤ–ਕਰਤ ਸਮਾਜ ਕਾ ਉਧਾਰ ਹੈਂ......
ਐਸੇ ਸਮੇਂ ਉਨਤੀ ਕੇ ਬੀਚ, ਗੁਰਸਿਖਨ ਕੇ,
ਯਮ ਫਾਸਿ ਹ੍ਵੈਕੇ ਗਲ ਪਰੀ ਰਾਗਮਾਲ ਹੈ।

ਪਾਠਕੋ! ਮੇਰੀ ਏਸ ਚਿਠੀ ਨੂੰ ਪੜ੍ਹ ਕੇ ਮੇਰੇ ਨਾਲ ਕੋਈ ਸਜਣ ਪਤਰ ਵਿਵਹਾਰ ਕਰਨ ਦੀ ਖੇਚਲ ਨਾ ਕਰੇ, ਕਿਉਂਕਿ ਮੈਂ ਆਪਣੇ ਨੀਯਤ ਸਮੇਂ ਵਿਚੋਂ ਇਕ ਮਿੰਟ ਵੀ

---

*So Religion, or rather Truth, is to be a hand-maiden to. Political Rights !! It ought not to be a scholar's business. G.B.S.



Sri Satguru Jagjit Singh Ji Elibrary NamdhariElibrary@gmail.com

ਨਹੀਂ ਕਢ ਸਕਦਾ।

ਪੰਥ ਦਾ ਸੇਵਕ

ਕਾਨ ਸਿੰਘ*

ਕਰਤਾ—ਗੁਰਮਤ ਪ੍ਰਭਾਕਰ,ਗੁਰਮਤ ਸੁਧਾਕਰ ਆਦਿ"

ਪੋਥੀ 'ਗੁਰੂ ਗਿਰਾ ਕਸੌਟੀ' (ਮਤਲਬ ਗੁਰਬਾਣੀ ਦੀ ਪਛਾਣ) ਜਿਸਦਾ ਜ਼ਿਕਰ ਸਰਦਾਰ ਕਾਹਨ ਸਿੰਘ ਜੀ ਨੇ ਉਪਰ ਆਪਨੀ ਚਿੱਠੀ ਵਿਚ ਕੀਤਾ ਹੈ, ਉਸਦੇ ਛਪਵਾਉਣ ਦੀ ਦਲੇਰੀ ਸਰਦਾਰ ਕਾਹਨ ਸਿੰਘ ਜੀ ਨੂੰ ਸੰਨ ੧੯੧੮ ਦੇ ਪਿਛੋਂ ਵੀ ਜੀਵਨ ਪ੍ਰਜੰਤ ਨਹੀਂ ਹੋ ਸਕੀ। ਉਹਨਾਂ ਦੇ ਪਿਛੋਂ 'ਗੁਰੂ ਗਿਰਾ ਕਸੌਟੀ' ਦਾ ਖਰੜਾ, ਮੈਂ ਸੁਣਦਾ ਹਾਂ, ਉਹਨਾਂ ਹੀ 'ਮਸੰਦਾਂ ਤੇ ਬੁਰਛਿਆਂ' ਦੇ ਹੱਥ ਆਇਆ ਜਿਨ੍ਹਾਂ ਦੇ 'ਉਪਦ੍ਰਵ ਭੁਜ ਤੋਂ' ਓਹ ਡਰਦੇ ਰਹੇ, ਬਾਵਜੂਦ ਡੋਲੇ ਵਜਾਣ ਦੇ, ਅਤੇ ਉਹਨਾਂ 'ਮਸੰਦਾਂ' ਨੇ ਉਸ ਨੂੰ ਕੀਹ ਕੀਤਾ ਅਸੀਂ ਨਹੀਂ ਕਹ ਸਕਦੇ। ਅਸਾਂ ਓਹ ਖਰੜਾ ਨਹੀਂ ਵੇਖਿਆ, ਪਰ ਇਕ ਵਾਰੀ ਐਵੇਂ ਸਰਸਰੀ ਜਿਹਾ ਜ਼ਿਕਰ ਇਸ ਬਾਬਤ ਸਰਦਾਰ ਸਾਹਿਬ ਨਾਲ ਆਇਆ ਸੀ, ਅਤੇ ਓਹ ਗੱਲ ਨੂੰ ਟਾਲ ਗਏ ਸਨ। ਅਸੀਂ ਆਸ ਰਖਦੇ ਹਾਂ ਕਿ ਉਸ ਖਰੜੇ ਦਾ ਘਾਟਾ ਇਕ ਅੰਸ਼ ਵਿਚ ਸਾਡੀ ਇਸ ਕਿਤਾਬ ਤੋਂ ਪੂਰਾ ਹੋ ਜਾਏਗਾ, ਅਤੇ ਬਾਕੀ ਰਿਹਾ ਸਾਡੀ ਦੂਜੀ ਕਿਤਾਬ 'ਸਾਖੀਆਂ ਦੀ ਹਕੀਕਤ' ਤੋਂ।

ਹੁਣ ਜ਼ਰਾ ਵਿਚਾਰ ਕਰੋ। ਅਸੀਂ ਪਿਛਲੇ ਧਿਆਇ ਵਿਚ ਬੀੜਾ

---

*ਸਰਦਾਰ ਕਾਹਨ ਸਿੰਘ ਜੀ ਵਰਗੇ 'ਪੰਜੀ' ਅਤੇ 'ਸਚ ਕਹਿ ਕੇ ਆਪਣੀ ਹਾਣੀ ਤੋਂ ਨਾ ਡਰਨ ਵਾਲੇ' ਨੂੰ ਕਰਤਾਰਪੁਰ ਦੇ ਗੁਰੂ ਦੀ ਨਾਬਾਲਗੀ ਦੇ ਸਮੇਂ, ਕਰਤਾਰਪੁਰ ਵਾਲੀ ਬੀੜ ਨੂੰ ਚਗੀ ਤਰ੍ਹਾਂ ਵੇਖਣ ਅਤੇ ਨੋਟ ਲੈਣ ਲਈ ਚਾਰ ਦਿਨ ਮਿਲ ਗਏ ਸਨ। ਦਾਸ ਨੂੰ ਹੁਣ ਜੇ ਚਾਰ ਕੁ ਘੰਟੇ ਵੀ ਮਿਲ ਜਾਣ, ਤਾਂ ਸਾਰੇ ਸੰਦੇਹ ਦੂਰ ਕਰਨ ਅਤੇ ਸ਼ਕੀ ਗਲਾਂ ਉਤੇ ਚਾਨਣ ਪਾਣ ਦਾ ਮੌਕਿਆ ਮਿਲ ਜਾਏ। ਪਰ ਇਹ ਗਲ ਹੋਣੀ ਨਾ ਹੋਈ। ਹਾਂ ਜੇ ਇਹ ਚਿਠੀ ਛਪਣ ਤੋਂ ਪਿਛੋਂ ਕੁਝ ਹੋਰ ਫ਼ਰਕ ਪੈ ਗਏ ਹਨ, ਤਾਂ ਵਖਰੀ ਗਲ ਹੈ। G.B.S.



Sri Satguru Jagjit Singh Ji Elibrary NamdhariElibrary@gmail.com

ਦੇ ਪਰਖਣ ਲਈ ਘਸਵੱਟੀ ਦੇ ਆਏ ਹਾਂ, ਓਥੇ ਲਿਖੀ ਇੱਕ ਇੱਕ ਗਲ ਕਰਤਾਰ ਪੁਰ ਵਾਲੀ ਬੀੜ ਪੁਰ ਘਟਾਉ ।

(੧) ਨਾਵੇਂ ਗੁਰੂ ਦੀ ਬਾਣੀ ਕਰਤਾਰਪੁਰ ਵਾਲੀ ਬੀੜ ਵਿਚ ਥਾਂ ਥਾਂ ਸਿਰ ਰਾਗਾਂ ਦੇ ਹੇਠਾਂ ਅਤੇ ਹਰ ਥਾਂ 'ਗੁਰਬਾਣੀ ਅਤੇ 'ਭਗਤਬਾਣੀ' ਦੇ ਵਿਚਾਲੇ ਲਿਖੀ ਹੈ, ਠੀਕ ਜਿਸ ਤਰ੍ਹਾਂ ਕਿ ਛਪੇ ਹੋਏ ਮਾਮੂਲੀ ਗ੍ਰੰਥ ਸਾਹਿਬਾਂ ਵਿਚ ਹੈ। ਜੋ ਬੀੜਾਂ ਸੰਮਤ ੧੭੩੨ ਤੋਂ ਪਹਿਲੇ ਲਿਖੀਆਂ ਜਾ ਚੁਕੀਆਂ ਸਨ, ਓਹਨਾਂ ਵਿਚ ਅਵਸ਼ੋਂ ਇਹ ਬਾਣੀ ਸਲੋਕਾਂ ਸਮੇਤ ਬੀੜ ਦੇ ਛੇਕੜ ਪੁਰ ਸਾਰੀ ਇਕ ਥਾਂ ਇਕਠੀ ਲਿਖੀ ਮਿਲਦੀ ਹੈ, ਲੋੜ ਅਨੁਸਾਰ ਵਾਧੂ ਵਰਕੇ ਲਗਾ ਲਏ ਗਏ ਹਨ, ਅਤੇ ਕੁਦਰਤੀ ਤੌਰ ਤੇ ਇਹ ਬਾਣੀ ਅਸਲੀ ਲਿਖਾਰੀ ਤੋਂ ਭਿੰਨ ਹਥ ਦੀ ਲਿਖੀ ਹੁੰਦੀ ਹੈ । ਨਾਵੇਂ ਮਹਿਲ ਦੀ ਬਣੀ ਦਾ ਏਸ ਤਰ੍ਹਾਂ ਇਕਠੇ ਲਿਖੇ ਹੋਣਾ, ਉਹਨਾਂ ਬੀੜਾਂ ਦੇ ਪ੍ਰਾਚੀਨ ਹੋਣ ਦੀ ਤਸਦੀਕ ਹੈ । ਪਰ ਕਰਤਾਰ ਪੁਰ ਵਾਲੀ ਬੀੜ ਸੰਮਤ ੧੭੩੨ ਤੋਂ ਪਹਿਲੇ ਦੀਆਂ ਪ੍ਰਾਚੀਨ ਬੀੜਾਂ ਵਿਚੋਂ ਨਹੀਂ ਹੋ ਸਕਦੀ ।

ਪ੍ਰਾਚੀਨ ਬੀੜਾਂ ਦੇ ਮੁਹਾਫ਼ਿਜ਼ਾ ਜਾਂ ਰਾਖਿਆ ਨੇ ਨਾਵੇਂ ਮਹਲ ਦੀ ਬਾਣੀ ਕਿਥੋਂ ਲਈ ? ਕੀਹ ਗੁਰੂ ਗੋਬਿੰਦ ਸਿੰਘ ਦੇ ਵੇਲੇ ਜਾਂ ਓਹਨਾਂ ਤੋਂ ਪਿਛੋਂ ਏਸ ਬਾਣੀ ਦੀਆਂ ਨਕਲਾਂ ਲਿਖੀਆਂ ਲਿਖਾਈਆਂ, ਉਹਨਾਂ ਨੂੰ ਘਰ ਬੈਠੇ ਪਹੁੰਚੀਆਂ, ਜਾਂ ਇਹ ਲੋਕ ਆਪ ਆਨੰਦ ਪੁਰ ਜਾਂ ਕਿਸੇ ਹੋਰ ਤਖ਼ਤ ਪੁਰ ਜਾਕੇ ਨਕਲ ਕਰ ਲਿਆਏ, ਜਾਂ ਇਕ ਦੂਜੇ ਤੋਂ ਨਕਲ ਕੀਤੀ ? ਕਈ ਥਾਂ ਮੈਨੂੰ ਦਸਿਆ ਗਿਆ ਕਿ ਬਾਣੀ ਦੀਆਂ ਨਕਲਾਂ ਉਹਨਾਂ ਨੂੰ ਪਹੁੰਚੀਆਂ ਅਤੇ ਦੂਸਰੇ ਥਾਵਾਂ ਤੇ ਮੈਂ ਸੁਣਿਆ ਕਿ ਉਹਨਾਂ ਦੇ ਵਡੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਗਏ, ਉਥੋਂ ਨਕਲ ਕਰ ਲਿਆਏ । ਮੈਨੂੰ ਇਹ ਦੂਜੀ ਗਲ ਠੀਕ ਜਾਪਦੀ ਹੈ, ਕਿਉਂ ਜੋ ਇਕ ਬੀੜ ਵਿਚ ਚਾਰਕੁ ਸਫ਼ੇ ਨਾਵੀਂ ਪਾਤਸ਼ਾਹੀ ਦੀ ਬਾਣੀ ਦੇ ਦੇਖੇ ਗਏ, ਜੋ ਬਾਣੀ ਮੈਨੂੰ ਨਵੀਂ ਮਾਲੂਮ ਦਿੱਤੀ ਸੀ।



Sri Satguru Jagjit Singh Ji Elibrary NamdhariElibrary@gmail.com

ਬਾਣੀ ਜੋ ਨਕਲ ਕਰਕੇ ਲਿਆਏ, ਉਸ ਵਿਚ ਹਰ 'ਸ਼ਬਦ' ਦੇ ਉਪਰ ਰਾਗ ਦਾ ਨਾਮ ਦਿੱਤਾ ਸੀ, ਸੋ ਪਿਛੋਂ ਲਿਖੀਆਂ ਗਈਆਂ ਬੀੜਾਂ ਵਿਚ ਜਿਸ ਜਿਸ ਰਾਗ ਦੇ ਸ਼ਬਦ ਸਨ, ਉਸ ਉਸ ਰਾਗ ਹੇਠਾਂ ਲਿਖ ਦਿਤੇ ਗਏ, ਆਪਣੀ ਠੀਕ ਥਾਂ ਸਿਰ ਪੰਜਵੇਂ ਗੁਰੂ ਦੀ ਬਾਣੀ ਦੇ ਪਿਛੇ ਅਤੇ ਭਗਤ ਬਾਣੀ ਤੋਂ ਪਹਿਲੇ ਨਿਯਮਿਤ ਤਰਤੀਬ ਮੂਜਬ। ਏਸ ਤਰਤੀਬ ਸਿਰ ਦੇਣ ਦਾ ਰਵਾਜ ਦੇਸ ਵਿਚ ਸੰਮਤ ੧੭੩੨ ਤੋਂ ਚਿਰ ਪਿਛੋ ਪਿਆ ਨਜ਼ਰ ਆਉਂਦਾ ਹੈ। ਜਿਨ੍ਹਾਂ ਬੀੜਾਂ ਵਿਚ ਇਹ ਤਰਤੀਬ ਵਰਤੀਂ ਹੈ, ਓਹ ਸਭ ਡੇਢ ਪੌਣੇ ਦੋ ਸੌ ਵਰ੍ਹੇ ਤੋਂ ਏਧਰ ਦੀਆਂ ਲਿਖੀਆਂ ਹਨ। ਹੁਣ ਕਰਤਾਰ ਪੁਰ ਵਾਲੀ ਬੀੜ ਵਿਚ ਨਾਵੇਂ ਮਹਲ ਦੀ ਬਾਣੀ ਏਸੇ ਤਰਤੀਬ ਸਿਰ ਦਰਜ ਹੈ, ਅਤੇ ਅਸਲੀ ਲਿਖਾਰੀ ਦੇ ਹਥ ਦੀ ਲਿਖੀ ਦੱਸੀ ਜਾਂਦੀ ਹੈ। ਤਾਂਤੇ ਕਰਤਾਰਪੁਰ ਵਾਲੀ ਬੀੜ ਦੇ ਲਿਖੇ ਜਾਣ ਦੀ ਉਪਰਲੀ ਹਦ ਮੁਕਰਰ ਹੋ ਗਈ।

ਕਰਤਾਰਪੁਰ ਵਿਚ ਜਿਸ ਅੱਗ ਲਗੀ ਦੀ ਯਾਦਦਾਸ਼ਤ ਲਿਖੀ ਹੋਈ ਹੈ, ਉਹ ਅੱਗ ਅਹਮਦਸ਼ਾਹ ਅਬਦਾਲੀ ਨੇ ਲਾਈ ਸੀ। ਅਹਮਦ ਸ਼ਾਹ ਨੇ ਸੰਨ ੧੭੫੬ ਵਿਚ ਸਿਖਾਂ ਪੁਰ ਚੜ੍ਹਾਈ ਕੀਤੀ ਸੀ, ਅਤੇ ਦੁਆਬਾ, ਮੰਨਦੁਆਬ ਆਦਿ ਵਿਚੋਂ ਓਹਨਾਂ ਨੂੰ ਕਢਕੇ ਅਪਨੇ ਹਾਕਿਮ ਸਰਹਿੰਦ ਅਤੇ ਜਲੰਧਰ ਵਿਚ ਮੁਕਰਰ ਕੀਤੇ ਸਨ। ਸੋਢੀ ਵਡਭਾਗ ਸਿੰਘ ਜੋ ਉਸ ਵੇਲੇ ਕਰਤਾਰ ਪੁਰ ਵਿਚ ਗੁਰੂ ਸਨ ਪਹਾੜਾਂ ਵਿਚ ਭਜ ਗਏ ਸਨ, ਅਤੇ ਇਕ ਜਗ੍ਹਾਂ 'ਮੈੜੀ' ਡੇਰਾ ਜਾ ਕੀਤਾ ਸੀ। ਇਹ ਜਗ੍ਹਾ ਹੁਣ ਭੀ 'ਡੇਰਾ ਵਡਭਾਗ ਸਿੰਘ' ਦੇ ਨਾਮ ਤੇ ਮਸ਼ਹੂਰ ਹੈ। ਅਹਮਦ ਸ਼ਾਹ ਦੇ ਚਲੇ ਜਾਨ ਪਿਛੋਂ ਸੋਢੀ ਵਡਭਾਗ ਸਿੰਘ ਨੇ ਬਾਘ ਸਿੰਘ ਆਦਿ ਜਥੇਦਾਰਾਂ ਦੀ ਮਦਦ ਨਾਲ ਤੇ ਆਦੀਨਾਬੇਗ ਦੇ ਇਸ਼ਾਰੇ ਜਾਂ ਚਸ਼ਮਪੋਸ਼ੀ ਨਾਲ ਦੁਆਬੇ ਉਤੇ ਹਮਲਾ ਕਰਕੇ ਜਲੰਧਰ ਨੂੰ ਸਾੜ ਦਿਤਾ, ਅਤੇ ਆਹਮਦਸ਼ਾਹ ਦੇ ਮੁਕਰਰ ਕੀਤੇ ਹਾਕਮ ਸਰਬੁਲੰਦ ਖਾਂ ਨੂੰ ਮਾਰ ਦਿਤਾ। ਇਹ ਸੰਨ ੧੭੫੭ (ਸੰਮਤ ੧੮੧੪) ਦਾ ਵਾਕਿਆ ਹੈ, ਜੋ ਤਾਰੀਖ



Sri Satguru Jagjit Singh Ji Elibrary NamdhariElibrary@gmail.com

ਕਿ ਯਾਦਦਾਸ਼ਤ ਵਿਚ ਦਿੱਤੀ ਹੈ। ਯਾਦਦਾਸ਼ਤ ਕਰਤਾਰ ਪੁਰ ਮੁੜ ਜਿਤਕੇ ਸੋਢੀ ਵਡਭਾਗ ਸਿੰਘ ਨੇ ਹੀ ਕਰਾਈ ਹੋਵੇਗੀ।

ਇਹ ਬੀੜ ਸੰਨ ੧੮੩੦ (ਸੰਮਤ ੧੮੮੭) ਵਿਚ ਲਾਹੌਰ ਮਹਾਰਾਜਾ ਰਣਜੀਤ ਸਿੰਘ ਪਾਸ ਲਿਜਾਈ ਗਈ ਅਤੇ ਤੀਹ ਵਰ੍ਹੇ ਪਿਛੋਂ ਸੰਨ ੧੮੬੦ ਵਿਚ ਮਹਾਰਾਜਾ ਨਰਿੰਦਰ ਸਿੰਘ ਪਾਸ ਪਟਿਆਲੇ ਗਈ। ਜਾਲੰਧਰ ਜ਼ਿਲੇ ਦੇ ਪੁਰਾਣੇ ਡਿਸਟ੍ਰਿਕਟ ਗਜ਼ੇਟੀਅਰ ਵਿਚ ਇਸ ਤਰ੍ਹਾਂ ਪੁਰ ਲਿਖਿਆ ਹੈ ਕਿ:-

Sodhi Sadhu Singh took the volume to Lahore at Ranjit Singh's request in 1830, and receivad the highest honours as its guardian. A daily offering of Rs. 86/- was made, and a special dole of Rs. 600/- at each Amawas and Sankrant, while once a year a valuable Shawl and a horse were presented in the Maharaja's name.

This sacred volume was similarly taken to Patiala in 1860 to be shown to Maharaja Narindra Singh, who in vain tried to acquire it.* He fixed for its guardians a daily allowance of Rs. 51/- and made them stay with their precious charge for three whole years.

ਸੋ ਸੰਨ ੧੮੩੦ (ਸੰਮਤ ੧੮੮੭) ਵਿਚ ਇਹ ਬੀੜ ਮੌਜੂਦ ਸੀ। ਅਤੇ ਏਸਦੇ ਅਸਲੀ ਭਾਈ ਗੁਰਦਾਸ ਦੀ ਲਿਖੀ ਬੀੜ ਹੋਣ ਦਾ ਦਾਅਵਾ ਕੀਤਾ ਜਾ ਚੁਕਾ ਸੀ, ਜਿਸਤੇ ਮਹਾਰਾਜਾ ਨੇ ਲਾਹੌਰ ਉਚੇਚੀ ਮੰਗਵਾਈ। ਉਸ ਵਕਤ ਦੇ ਗੁਰੂ ਸੋਢੀ ਸਾਧੂ ਸਿੰਘ ਜੀ ਦਾ ਮਹਾਰਾਜਾ ਦੇ ਦਰਬਾਰ ਵਿਚ ਅਤੇ ਸਾਰੀ ਫੂਲਕੀਆਂ ਰਿਆਸਤਾਂ ਵਿਚ ਬੜਾ ਭਾਰੀ ਰਸੂਖ ਸੀ, ਸਭ ਪਾਸੋਂ ਲਖਾਂ ਦੀਆਂ ਜਾਇਦਾਦਾਂ ਤੇ ਜਾਗੀਰਾਂ ਮਿਲੀਆਂ ਹੋਈਆਂ ਸਨ। ਏਸ ਰਸੂਖ ਦਾ ਹੀ ਨਤੀਜਾ ਸੀ ਕਿ ਕਰਤਾਰ ਪੁਰੀਆ

---

*ਭਾਈ ਸੰਤੋਖ ਸਿੰਘ ਦਾ ਇਸ਼ਾਰਾ 'ਖ਼ਾਲਸਾ' ਦੇ ਇਸ ਬੀੜ ਨੂੰ ਲੈਣ ਦੀ ਕੋਸ਼ਿਸ਼ ਵਲ, ਮਹਾਰਾਜਾ ਨਰਿੰਦਰ ਸਿੰਘ ਵਲ ਨਹੀਂ ਹੋ ਸਕਦਾ, ਕਿਉਂਕਿ ਸੂਰਜ ਪ੍ਰਕਾਸ਼ ਸੰਨ ੧੮੪੩ ਵਿਚ ਬਣ ਚੁਕਾ ਸੀ।



Sri Satguru Jagjit Singh Ji Elibrary NamdhariElibrary@gmail.com

ਸੋਢੀਆਂ ਦਾ ਦਾਅਵਾ ਆਮ ਲੋਗਾਂ ਨੇ ਜੋ ਪਹਿਲੇ ਭੀ ਇਕ ਸਦੀ ਤੋਂ ਕਰਤਾਰ ਪੁਰ ਵਾਲੀ ਗੱਦੀ ਦੇ ਅਸਰ ਹੇਠਾਂ ਸਨ ਮੰਨ ਲਿਆ ਸੀ, ਭਾਵੇਂ ਇਸ ਦਾਅਵਾ ਕੀਤੇ ਗਏ ਨੂੰ ਬੀੜ ਲਾਹੌਰ ਲਿਜਾਨ ਤੋਂ ਪਹਿਲੇ ਕੁਝ ਬਹੁਤ ਮੁਦੱਤ ਨਹੀਂ ਸੀ ਹੋਈ।

ਇਸ ਦਾਅਵੇ ਦੇ ਆਮ ਲੋਕਾਂ ਵਿਚ ਮੰਨੇ ਜਾਣ ਨੇ 'ਰਾਗ ਮਾਲਾ' ਦਾ ਸਵਾਲ ਛੇੜ ਦਿੱਤਾ। ਕਿਉਂ ਜੋ ਜਦ ਕਰਤਾਰ ਪੁਰ ਵਾਲੀ ਬੀੜ ਨੂੰ ਅਸਲੀ ਭਾਈ ਗੁਰਦਾਸ ਦੀ ਲਿਖੀ ਬੀੜ ਮੰਨ ਲਿਆ ਗਿਆ, ਤਦ 'ਰਾਗ ਮਾਲਾ' ਨੂੰ ਗੁਰਬਾਣੀ ਜਾਂ ਘਟ ਤੋਂ ਘਟ ਗੁਰੂ ਕੀ ਮਰਜ਼ੀ ਨਾਲ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਂਦੇ ਸਮੇਂ ਉਮਦਾ ਪਾਠ ਜ਼ਰੂਰੀ ਗੱਲ ਜਾਂ ਫ਼ਰਜ਼ ਬਨ ਗਿਆ। ਇਹ ਬਹਿਸ ਕਿ ਭੋਗ ਪਾਣ ਸਮੇਂ ਰਾਗ ਮਾਲਾ ਪੜ੍ਹੀ ਜਾਏ ਕਿ ਨਾ ਮਹਾਰਾਜਾ ਰਣਜੀਤ ਸਿੰਘ ਦੇ ਅਹਿਦ ਦੇ ਅਖੀਰ ਵਿਚ ਜਦ 'ਗੁਰਬਿਲਾਸ ਛੇਵੀਂ ਪਾਤਸ਼ਾਹੀ' ਲਿਖਿਆ ਗਿਆ, ਹਾਲੀ ਤਾਜ਼ਾ ਹੀ ਸੀ, ਅਤੇ ਇਸ ਮੁਆਮਲੇ ਵਿਚ ਬਹੁਤ ਮਤਭੇਦ ਸੀ, ਜਿਸ ਤਰ੍ਹਾਂ ਕਿ ਅਸੀਂ ਏਸ ਕਿਤਾਬ ਦੇ ਤੀਸਰੇ ਭਾਗ ਵਿਚ ਹੇਠਾਂ ਜਾਕੇ ਦੱਸਾਂਗੇ।

(੨) ਭਾਈ ਸੰਤੋਖ ਸਿੰਘ 'ਰਾਗਮਾਲਾ' ਨੂੰ ਮਾਧਵਾਨਲ ਸੰਗੀਤ ਵਿਚੋਂ ਲੈਕੇ ਕਿਸੇ ਸਿਖ ਦੀ ਪਿਛੋਂ ਪਾਈ ਮੰਨਦਾ ਹੈ, ਅਤੇ ਉਹ ਭੀ ਬਹੁਤ ਸਾਰੀ ਗਲਤ, ਪਰ ਨਾਲ ਹੀ ਉਹ ਜਦ ਕਰਤਾਰਪੁਰ ਵਾਲੀ ਬੀੜ ਨੂੰ ਅਸਲ ਮੰਨ ਰਿਹਾ ਹੈ, ਤਦ ਪ੍ਰਤੱਖ ਹੈ ਕਿ ਰਾਗਮਾਲਾ ਏਸ ਬੀੜ ਵਿਚ ਹੋਰ ਹਥ ਦੀ ਲਿਖੀ ਹੋਣੀ ਚਾਹੀਦੇ ਜੋ, ਰਾਗਮਾਲਾ ਦੇ ਪੱਖੀ ਸਾਨੂੰ ਦਸਦੇ ਹਨ, ਇਹ ਨਹੀਂ। ਭਾਈ ਸੰਤੋਖ ਸਿੰਘ ਦਸਦੇ ਹਨ ਕਿ ਏਸ ਬੀੜ ਵਿਚ ਹਾਸ਼ੀਏ ਦੇ ਕਾਗਜ਼ ਲਗੇ ਉਹਨਾਂ ਆਪਣੀ ਅਖੀਂ ਵੇਖੇ, ਪਰ ਮਾਲੂਮ ਦੇਂਦਾ ਹੈ ਕਿ ਭਾਈ ਹੋਰੀ ਬੀੜ ਨੂੰ ਨਿਰਾ ਮਥਾ ਟੇਕਨ ਹੀ ਗਏ ਸਨ, ਬੀੜ ਦੇ ਅੰਦਰ ਪੜ੍ਹਕੇ ਉਹਨਾਂ ਕੁਝ ਹੋਰ ਨਹੀਂ ਡਿੱਠਾ ਅਤੇ ਨਾ ਕੋਈ ਲਿਖਿਤ ਦਾ ਮੁਕਾਬਲਾ ਕੀਤਾ ਹੈ। ਇਹਨਾਂ ਕਵੀਆਂ ਤੋਂ ਕਿਸੇ ਲੰਮੀ 'ਖੋਜੀ ਬੁਧੀ' ਦੀ ਉਮੀਦ ਕਰਨੀ ਵਿਅਰਥ ਹੈ। ਪਰ ਜੋ ਬੀੜ



Sri Satguru Jagjit Singh Ji Elibrary NamdhariElibrary@gmail.com

ਭਾਈ ਸੰਤੋਖ ਸਿੰਘ ਨੇ ਦੇਖੀ ਉਹ ਪੁਰਾਣੀ ਜ਼ਰੂਰ ਸੀ।

(੩) ਕਰਤਾਰਪੁਰ ਵਾਲੀ ਬੀੜ' ਬਾਬਤ ਇਹ ਦਾਅਵਾ ਕਰਨ ਲਈ ਇਹ ਜ਼ਰੂਰ ਸੀ ਕਿ ਜੋ ਬੀੜ ਲੋਕਾਂ ਦੇ ਸਾਹਮਣੇ ਪੇਸ਼ ਕੀਤੀ ਜਾਏ, ਇਕ ਤਾਂ ਉਹ ਪੁਰਾਣੀ ਹੋਵੇ, ਅਤੇ ਦੂਜੇ ਲੋਕਾਂ ਦੇ ਆਮ ਨਿਸ਼ਚਿਆਂ ਦੇ ਮੁਤਾਬਕ ਹੋਵੇ। ਇਹ ਮਸ਼ਹੂਰ ਕੀਤਾ ਗਿਆ ਸੀ ਕਿ ਧੀਰਮਲ ਅਸਲ 'ਆਦਿ-ਬੀੜ' ਨੂੰ ਚੌਦਾਂ ਦਿਨ ਪਿਛੋਂ ਦਰਯਾ ਵਿਚੋਂ ਕੱਢ ਲਿਆਇਆ ਸੀ, ਹਰਫ਼ਾਂ ਤਕ ਪਾਣੀ ਨਹੀਂ ਪਹੁੰਚਾ ਸੀ, ਪਰ ਹਾਸ਼ੀਏ ਗਲ ਗਏ ਸਨ। ਸੋ ਜੋ ਬੀੜ ਪੇਸ਼ ਕੀਤੀ ਜਾਂਦੀ ਉਸ ਲਈ ਜ਼ਰੂਰੀ ਸੀ ਕਿ ਇਕ ਤਾਂ ਉਸਦਾ ਕਾਗਜ਼ ਪੁਰਾਣਾ ਹੋਵੇ, ਅਤੇ ਦੂਜਾ ਗਲੇ ਹੋਏ ਹਾਸ਼ੀਆਂ ਨੂੰ ਕਟਕੇ ਉਸ ਪਰ ਨਵੇਂ ਕਾਗਜ਼ ਦੀਆਂ ਕਾਤਰਾਂ ਲੇਵੀ ਨਾਲ ਜੋੜੀਆਂ ਹੋਣ। ਕਾਗਜ ਲਗੀ ਬੀੜ ਨੂੰ ਜੇ ਤੁਸੀਂ K ੩ ਕਹੋ ਤਦ ਕਾਗਜ਼ ਲਗਨ ਤੋਂ ਪਹਿਲੇ K ੨ ਕਹਿ ਸਕਦੇ ਹੋ।

ਹੁਣ K ੨ ਵਿਚ ਨਿਰੇ ਕਾਗਜ ਲਗਾਇਆਂ ਕੰਮ ਨਹੀਂ ਸੀ ਚਲਦਾ। ਇਹ ਆਮ ਪ੍ਰਸਿਧ ਗਲ ਸੀ ਕਿ 'ਆਦਿ-ਬੀੜ' ਤੋਂ ਉਤਾਰੋ ਕਰਦੇ ਸਮੇਂ ਭਾਈ ਬੰਨੋ ਨੇ ਸੂਰਦਾਸ ਦਾ ਇਕ ਵਾਧੂ ਸ਼ਬਦ (ਛਾਡ ਮਨ ਹਰ ਬੇਮੁਖਨ ਕੋ ਸੰਗ' ਇਤਯਾਦਿ।) ਅਤੇ ਇਕ ਮੀਰਾਂਬਾਈ ਦਾ ਸ਼ਬਦ ਬਾਹਰੋਂ ਆਪਣੀ ਬੀੜ ਵਿਚ ਦਰਜ ਕੀਤੇ ਸਨ, ਅਤੇ ਇਹ 'ਆਦਿ ਬੀੜ' ਵਿਚ ਨਹੀਂ ਸਨ। K ੨ ਬੀੜ ਭਾਈ ਬੰਨੋ ਵਾਲੀ ਬੀੜ ਦੇ ਕਿਸੇ ਉਤਾਰੇ ਤੋਂ ਨਕਲ ਦਰ ਨਕਲ ਕੀਤੀ ਹੋਈ ਸੀ, ਉਸ ਵਿਚ ਇਹ ਸ਼ਬਦ ਮੌਜੂਦ ਸਨ। ਸੋ ਇਹਨਾਂ ਨੂੰ ਮਿਟਾਨ ਲਈ ਏਹਨਾਂ ਪੁਰ ਹੜਤਾਲ ਫੇਰੀ। ਪਰ ਜਿਸ ਤਰ੍ਹਾਂ ਕਹਿੰਦੇ ਹਨ ਕਿ ਖ਼ੂਨ ਕੀਤਾ ਛੁਪਿਆ ਨਹੀਂ ਰਹਿੰਦਾ ਖ਼ੂਨੀ ਕੋਲੋਂ ਕੁਝ ਨਾ ਕੁਝ ਨਿਸ਼ਾਨ ਰਹਿ ਜਾਂਦੇ ਹਨ। ਸੋਈ ਏਥੇ ਹੋਇਆ ਹੈ। ਸੂਰਦਾਸ ਦੇ ਵਾਧੂ ਸ਼ਬਦ ਦੀ ਪਹਿਲੀ ਤੁਕ ਜੋ ਉਪਰ ਦਿੱਤੀ ਹੈ, ਏਸ ਤੋਂ ਪਹਿਲੋਂ ਆਏ ਭਗਤ ਪਰਮਾਨੰਦ ਦੇ ਸ਼ਬਦ ਦੀ ਅਖੀਰਲੀ ਤੁਕ ਨਾਲ ਮਿਲਾਕੇ ਇਕ ਪਾਲ ਵਿਚ ਲਿਖੀ,



Sri Satguru Jagjit Singh Ji Elibrary NamdhariElibrary@gmail.com

ਸੀ, ਅਤੇ ਦੋਹਾਂ ਦੇ ਵਿਚਾਲੇ 'ਸੂਰਦਾਸ' ਦਾ ਨਾਮ ਫਰਕ ਕਰਨ ਵਾਸਤੇ ਨਹੀਂ ਸੀ ਦਿੱਤਾ, ਠੀਕ ਜਿਵੇਂ ਕਿ ਮਾਂਗਟ ਵਾਲੀ ਬੀੜ ਵਿਚ ਵੀ ਨਹੀਂ ਕੀਤਾ। ਸੋ ਹੜਤਾਲ ਲਗਾਂਦੇ ਸਮੇਂ ਬਾਕੀ ਪਾਲਾਂ ਪੁਰ ਤਾਂ ਹੜਤਾਲ ਫਿਰ ਗਈ, ਪਰ ਪਹਿਲੀ ਤੁਕ ਬਚ ਗਈ। ਫੇਰ ਏਸ ਪਾਲ ਦੀ 'ਪ੍ਰਤੀਕ' ਤਤਕਰੇ ਵਿਚ ਦਿੱਤੀ ਸੀ, ਅਤੇ ਸੂਰਦਾਸ ਦੀ ਬਾਣੀ ਲਿਖਕੇ ਗਿਨਤੀ ਕੀਤੀ ਹੋਈ ਸੀ, ਜਿਸ ਗੇਨਤਰੀ ਵਿਚ ਇਹ ਪਹਿਲਾ ਸ਼ਬਦ ਵੀ ਗਿਨਿਆ ਹੋਇਆ ਸੀ। 'ਖ਼ੂਨੀ' ਨੂੰ ਇਹਨਾ ਦੇ ਮਿਟਾਨ ਦਾ ਖਿਆਲ ਨਹੀਂ ਸੁਝਾ ਸੋ ਇਹ ਦੋਵੇਂ ਬਚ ਗਏ, ਪ੍ਰਤੀਕ ਵੀ ਤੇ ਗੇਨਤਰੀ ਵੀ। 'ਖ਼ੂਨੀ' ਆਪਣੇ ਫ਼ਨ ਵਿਚ ਕਾਮਲ ਨਹੀਂ ਸੀ*।

(੪) ਜੋ ਲਿਖੇ ਜਾਨ ਦਾ ਸੰਮਤ ਬੀੜ ਵਿਚ ਦਿੱਤਾ ਹੈ, ਉਸ ਵਿਚ ਇਹ ਲਫ਼ਜ਼ ਵੀ ਹਨ: 'ਪੋਥੀ ਲਿਖਿ ਪਹੁਚੇ'। ਇਹ ਵੀ ਭਾਈ ਬੱਨੋ ਦੀ ਬੀੜ ਦੀ ਨਕਲ ਸਨ ਜਿਸਨੂੰ 'ਖ਼ੂਨੀ' ਸਮਝ ਨਹੀਂ ਸਕਿਆ, ਸੋ ਇਹ ਲਫ਼ਜ਼ ਜਿਉਂ ਕੇ ਤਿਉਂ ਪਏ ਰਹਿ ਗਏ।

'ਗੁਰੂ ਬਾਬਾ' ਨਾਮ ਵੀ ਗ੍ਰੰਥ ਸਾਹਿਬ ਵਾਸਤੇ ਬਹੁਤ ਪਿਛੋਂ ਵਰਤੀਨ ਲਗਾ ਹੈ, ਕਿਤੇ ਸਿਖ ਮਿਸਲਾਂ ਦੇ ਸਮੇਂ ਆਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਬਹੁਤ ਪਿਛੋਂ।

(੫) ਭਾਈ ਬੱਨੋ ਦੀ ਬੀੜ ਦੀ ਓਹ ਨਕਲ ਜਿਸਤੋਂ ਇਹ ਕਰਤਾਰ ਪੁਰ ਵਾਲੀ ਬੀੜ ਉਤਾਰਾ ਕੀਤੀ ਗਈ, ਉਸ ਵਿਚ ਨੌ ਧੁਨਾ ਦਰਜ ਨਹੀਂ ਸਨ, ਉਹ ਧੁਨਾਂ ਦਰਜ ਹੋਣ ਤੋਂ ਪਹਿਲੇ ਨਕਲ ਹੋ ਚੁਕੀ ਸੀ। ਏਸੇ ਕਰਕੇ ਏਸ ਕਰਤਾਰ ਪੁਰ ਵਾਲੀ ਬੀੜ ਵਿਚ ਵੀ ਪਹਿਲੇ ਨਹੀਂ ਸਨ। ਜਿਵੇਂ ਮਾਂਗਟ-ਵਾਲੀ ਬੀੜ ਵਿਚ ਪਿਛੋਂ ਕੱਟ ਵਢਕੇ ਧੁਨਾਂ ਚੜ੍ਹਾਈਆਂ

---

*ਰਵਿਦਾਸ ਦੇ ਦੂਜੇ ਸ਼ਬਦ (ਹਰਿ ਕੇ ਸੰਗ ਬਸੇ ਹਰਿ ਲੋਕਾ) ਦੇ ਪਹਿਲੇ ਇਹ ਸਿਰਨਾਵਾਂ ਭਾਈ ਵਾਲੀ ਬੀੜਾਂ ਵਿਚ ਹੈ :—'ਮਹਲਾ ੫ ਸੂਰਦਾਸ' ਏਸੇ ਦੀ ਨਕਲ ਕਰਤਾਰਪੁਰ ਵਾਲੀ ਬੀੜ ਵਿਚ ਹੈ। ਗੋਇਆ ਭਾਈ ਬੱਨੋ ਦੀਆਂ ਗਲਤੀਆਂ ਨੂੰ ਵੀ ਨਕਲ ਕੀਤਾ ਹੋਇਆ ਹੈ।



Sri Satguru Jagjit Singh Ji Elibrary NamdhariElibrary@gmail.com

ਗਈਆਂ, ਉਸੇ ਤਰ੍ਹਾਂ ਏਸ ਕਰਤਾਰਪੁਰ ਵਾਲੀ ਬੀੜ ਵਿਚ ਕੀਤਾ ਗਿਆ ਹੈ। ਇਹਨਾਂ ਧੁਨਾਂ ਦਾ ਪਿਛੋਂ ਲਿਖੇ ਜਾਣਾ ਸਾਫ਼ ਨਜ਼ਰ ਆ ਰਿਹਾ ਹੈ*।

(੬) K੨ ਦੇ ਲਿਖ ਜਾਨ ਦਾ ਸੰਮਤ ਵੀ ਉਸ ਵਿਚ ਦਿੱਤਾ ਸੀ। ਏਸਨੂੰ ਭੀ ਬਦਲਕੇ ਵਾਕਿਆਤ ਦੇ ਨੇੜੇ ਲਿਆਉਣਾ ਜ਼ਰੂਰੀ ਸੀ। ਇਹ ਨਿਰਸੰਦੇਹ ਮਾਲੂਮ ਸੀ ਕਿ ਗੁਰੂ ਅਰਜਨ ਦੇਵ ਸੰਮਤ ੧੬੬੩ ਵਿਚ ਸਮਾਏ ਸਨ, ਸੋ ਏਸ ਬੀੜ ਦੇ, 'ਆਦਿ-ਬੀੜ' ਬਨਣ ਲਈ ਇਹ ਜ਼ਰੂਰੀ ਸੀ ਕਿ K੨ ਵਿਚ ਲਿਖਿਆ ਸੰਮਤ ੧੬੬੩ ਤੋਂ ਪਹਿਲੇ ਦਾ ਹੋਣਾ ਚਾਹੀਏ। ਸੋ ਪਹਿਲੇ ਲਿਖੇ ਸੰਮਤ ਨੂੰ ਥੋੜੀ ਤਬਦੀਲੀ ਕਰਕੇ ਜੇ ਇਹ ਕੰਮ ਬਣ ਜਾਏ ਤਾਂ ਕਿਉਂ ਨਾ ਕੀਤਾ ਜਾਏ, ਮਹੀਨਾ ਤੇ ਥਿਤ ਬਦਲਨ ਦੀ ਕੋਈ ਲੋੜ ਹੀ ਨਹੀਂ ਸੀ। ਆਉ ਹੁਣ ਵੇਖੀਏ ਕਿ ਓਹ ਸੰਮਤ ਕੇਹੜਾ ਸੀ ਜਿਸਨੂੰ ਬਦਲਕੇ ਸੰਮਤ ੧੬੬੧† ਬਨਾਇਆ ਗਿਆ।

ਗੁਰੂ ਹਰ ਗੋਬਿੰਦ ਸਾਹਿਬ ਸੰਮਤ ੧੬੮੮-੮੯ ਵਿਚ ਕੀਰਤਪੁਰ ਗਏ ਹਨ, ਜਿਥੇ ਸੰਮਤ ੧੬੯੫ ਵਿਚ ਬਾਬਾ ਗੁਰਦਿੱਤਾ ਜੀ ਛੋਟੀ ਉਮਰ ਵਿਚ ਹੀ ਚਲ ਬਸੇ। ਉਹਨਾਂ ਦੀ ਵਿਧਵਾ ਨਿਹਾਲ ਕੌਰ ਕੀਰਤਪੁਰ ਵਿਚ ਗੁਰੂ ਸਾਹਿਬ ਪਾਸ ਰਹਿਣਾ ਨਹੀਂ ਸੀ ਚਾਹੁੰਦੀ, ਕਰਤਾਰਪੁਰ ਆਪਣੇ ਪੇਕੇ ਆਕੇ ਰਹਿਣਾ ਪਸੰਦ ਕਰਦੀ ਸੀ। ਕੁਛੜ ਵਰ੍ਹੇ ਡੇਢ ਦਾ ਪੁਤ੍ਰ ਧੀਰਮਲ ਸੀ। ਬਾਬਾ ਗੁਰਦਿੱਤਾ ਦੇ ਪਿਛੋਂ ਗੁਰੂ ਗੱਦੀ ਦਾ ਹੱਕ ਉਸਨੂੰ ਪਹੁੰਚਦਾ ਸੀ। ਸੋ ਇਸ ਬਿਨਾ ਪੁਰ ਉਸਨੇ ਲੋਕਾਂ ਦੇ ਸਿਖਾਏ ਪੜ੍ਹਾਏ ਕਰਤਾਰਪੁਰ ਵਿਚ ਵਖਰੀ ਗੁਰਗੱਦੀ ਧੀਰਮਲ ਦੇ ਨਾਮ ਪੁਰ ਕਾਇਮ

---

*ਏਸ ਤੋਂ ਜਾਪਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ 'ਧੁਨਾਂ' ਆਦਿ ਬੀੜ ਵਿਚ, ਜੋ ਉਹਨਾਂ ਪਾਸ ਸੀ, ਪਿਛੋਂ ਕੀਰਤਪੁਰ ਜਾਕੇ ਵਧਾਈਆਂ।

†ਚੰਗੀ ਮੈਗਨੀਫਾਈਇੰਗ ਗਲਾਸ ਨਾਲ ਇਹ ਤਬਦੀਲੀ ਨਜ਼ਰ ਆ ਜਾਨੀ ਚਾਹੀਏ, ਅਤੇ ਸੰਮਤ ਪੁਰ ਜੇ ਅਸੀਂ ਸੋਲਯੂਸ਼ਨ ਲਗਾ ਸਕੀਏ, ਤਦ ਨਵੀਂ ਅਤੇ ਪੁਰਾਣੀ ਸਿਆਹੀ ਦਾ ਫ਼ਰਕ ਵੀ ਨਜ਼ਰ ਆ ਜਾਏ।



Sri Satguru Jagjit Singh Ji Elibrary NamdhariElibrary@gmail.com

ਕਰਨ। ਚਾਹੀ । ਗੁਰੂ ਸਾਹਿਬ (ਸੋਹਰੇ) ਪਾਸੋਂ ਗ੍ਰੰਥ ਸਾਹਿਬ ਦੀ 'ਆਦਿ-ਬੀੜ' ਮੰਗੀ ਜੋ ਉਹਨਾਂ ਨਾ ਦਿੱਤੀ। ਇਹ ਮੌਕਿਆ ਸੀ ਜਦ ਗੱਦੀ ਲਈ ਗ੍ਰੰਥ ਸਾਹਿਬ ਦੀ ਲੋੜ ਸੀ। ਸੋ ਇਕ ਉਤਾਰਾ ਹੋਇਆ ਅਤੇ ਉਹ ਸੰਮਤ ੧੭੯੭ ਵਿਚ ਮੁੱਕਾ। ਇਹ ਏਥੋਂ ਦੀ ਪਹਿਲੀ ਬੀੜ K੧ ਸੀ। ਜਦ ਏਸ K੧ ਨੂੰ K੨ ਵਿਚ ਬਦਲਿਆ ਗਿਆ, ਤਦ ਇਹੋ ਸੰਮਤ ੧੭੯੭ ਉਸ ਵਿਚ ਨਕਲ ਕਰ ਲਿਆ ਗਿਆ। ਉਸ ਵਕਤ ਤੁਕ ਕੋਈ ਖਿਆਲ ਏਸਨੂੰ 'ਆਦਿ-ਬੀੜ' ਮਸ਼ਹੂਰ ਕਰਨ ਦਾ ਨਹੀਂ ਸੀ। K੧ ਨੂੰ K੨ ਵਿਚ ਕਿਉਂ ਬਦਲਿਆ ? ਏਸਦਾ ਸਬਬ ਅਸੀਂ ਹੇਠਾਂ ਦਸਦੇ ਹਾਂ।

(੭) ਬਾਬਾ ਬੰਦਾ ਦੇ ਹੇਠਾਂ 'ਖ਼ਾਲਸਾ' ਆਪਣਾ ਬਲ ਦਿਖਾ ਚੁਕਾ ਸੀ ਅਤੇ 'ਖ਼ਾਲਸਾ' ਦਾ ਫ਼ਿਰਕਾ ਗੁਰੂ ਨਾਨਕੇ ਦੇ ਨਾਮ-ਲੇਵਾਂ ਵਿਚ ਆਮ ਪਸੰਦ ਹੋ ਰਿਹਾ ਸੀ। ਅਤੇ ਏਸ 'ਖਾਲਸਾ' ਨੂੰ ਅੰਮ੍ਰਿਤ ਛਕਨ ਵੇਲੇ ਹੁਕਮ ਹੁੰਦਾ ਸੀ ਕਿ ਮੀਣੇ, ਧੀਰਮਲੀਏ, ਰਾਮਰਾਈਏ ਤੇ ਮਸੰਦੀਏ ਇਹਨਾਂ ਨਾਲ ਨਾਹੀਂ ਮਿਲਨਾ, ਨਾਹੀਂ ਵਰਤਨਾ। ਪਰ ਹੁਣ ਦਿਨੋ ਦਿਨ ਖਾਲਸਾ ਵਧ ਫੁਲ ਰਿਹਾ ਸੀ, ਰਾਜ ਸੰਭਾਲਦਾ ਜਾ ਰਿਹਾ ਸੀ, ਅਤੇ ਡੇਰੇਦਾਰਾਂ ਦੀਆਂ ਰੋਟੀਆਂ ਉਸ ਖ਼ਾਲਸੇ ਦੇ ਕਦਮਾਂ ਦੀ ਖ਼ਾਤਰ ਸਨ। ਸੋ ਸਮੇਂ ਦੀ ਨੀਤੀ ਇਹ ਮੰਗਦੀ ਸੀ ਕਿ ਡੇਰੇਦਾਰ ਆਪਣੇ ਆਪ ਨੂੰ ਖਾਲਸਾ ਦੇ ਮੁਤਾਬਿਕ ਢਾਲ ਲੈਣ। ਪਹਿਲੋਂ ਇਹ ਲੋਕ ਸਤਵੇਂ, ਅਠਵੇਂ ਅਤੇ ਖ਼ਾਸ ਕਰਕੇ ਨਾਵੇਂ ਤੇ ਦਸਵੇਂ ਗੁਰੂਆਂ ਨੂੰ ਗ਼ਾਸਿਬ ਜਾਣਦੇ ਅਤੇ ਓਹਨਾਂ ਨੂੰ ਗੁਰੂ ਨਹੀਂ ਸਨ ਮੰਨਦੇ, ਸਗੋਂ ਮਾੜੇ ਸ਼ਬਦਾਂ ਨਾਲ ਯਾਦ ਕਰਦੇ ਸਨ। ਇਹਨਾਂ ਗਲਾਂ ਵਿਚ ਧੀਰਮਲੀਏ ਮੋਹਰੀ ਸਨ। ਖਾਲਸਾ ਨਾਲ ਵਜਾਵੰਦਗੀ ਜਾਂ ਸੁਲਹ ਸਫ਼ਾਈ ਲਈ ਪਹਿਲੀ ਲੋੜ ਇਹ ਸੀ ਕਿ ਧੀਰਮਲੀਏ ਨਾਵੀਂ ਅਤੇ ਦਸਵੀਂ ਪਾਤਸ਼ਾਹੀ ਨੂੰ ਗੁਰੂ ਮੰਨਣ, ਅਤੇ ਨਾਵੇਂ ਮਹਲ ਦੀ ਬਾਣੀ ਦਰਜ ਕਰਕੇ ਆਪਣਾ ਗ੍ਰੰਥ ਸਾਹਿਬ, ਖਾਲਸਾ ਦੇ ਗ੍ਰੰਥ ਸਾਹਿਬ ਦੇ ਮੁਤਾਬਿਕ ਕਰ ਲੈਣ, ਅਤੇ ਹੋਰ ਜ਼ਾਹਿਰੀ ਸੂਰਤ ਆਦਿ ਬਾਤਾਂ ਵਿਚ



Sri Satguru Jagjit Singh Ji Elibrary NamdhariElibrary@gmail.com

ਓਹਨਾਂ ਵਰਗੇ ਹੋ ਜਾਣ, ਹੋ ਸਕੇ ਤਾਂ ਅਮ੍ਰਿਤ ਛਕਕੇ ਖਾਲਸਾ* ਹੀ ਬਣ ਜਾਣ। ਇਸ ਲਈ ਆਪਣੀ ਗਦੀ ਦੀ ਪੁਰਾਣੀ ਬੀੜ K੧ ਨੂੰ ਲੈਕੇ ਉਸ ਵਿਚ ਨਾਵੇਂ ਗੁਰੂ ਦੀ ਬਾਣੀ ਨੂੰ ਦਸਮ ਪਾਤਸ਼ਾਹ ਦੇ ਦੋਹਰੇ ਸਮੇਤ, ਦਰਜ ਕਰ ਲਿਆ। ਇਹ ਪਹਿਲਾ ਕਦਮ ਸੀ ਜੋ ਧੀਰਮਲੀਆਂ ਨੇ ਖਾਲਸੇ ਨਾਲ ਰਜਾਵੰਦਗੀ ਲਈ ਚੁਕਿਆ।

'ਪ੍ਰਾਚੀਨ ਬੀੜਾਂ' ਵਿਚ ਇਹ ਬਾਣੀ ਇਕੱਠੀ ਇਕ ਥਾਂ ਪਾਈ ਗਈ ਸੀ, ਅਤੇ ਕਰਤਾਰਪੁਰ ਵਾਲੀ ਬੀੜ ਵਿਚ ਇਹ ਗਲ ਨਹੀਂ ਹੋਈ। ਇਹ ਗੱਲ ਕਿ 'ਗੁਰੂ ਅਰਜਨ ਦੇਵ ਨੇ ਪਹਿਲੋਂ ਹੀ ਸ਼ਬਦਾਂ ਦੇ ਵਿਚਾਲੇ ਕੋਰੀਆਂ ਥਾਵਾਂ ਛੱਡੀਆਂ ਹੋਈਆਂ ਸਨ, ਜਿਥੇ ਇਹ ਬਾਣੀ ਮਿਣਵੀਂ ਭਰਵੀਂ ਸਮਾ ਗਈ, ਇਹ ਕਥਨ ਇਕ ਬਚਿਆਂ ਵਾਲੀ ਕਹਾਣੀ ਹੈ। ਅਸਲ ਗਲ ਇਉਂ ਦਿਸਦੀ ਹੈ ਕਿ ਪੁਰਾਣੇ ਵਰਕੇ ਕਢਕੇ ਉਹਨਾਂ ਦੀ ਥਾਂ ਨਵੇਂ ਲਿਖਕੇ ਪਾ ਦਿਤੇ, ਜਿਸ ਕਰਕੇ ਕੋਰੀਆਂ ਥਾਵਾਂ ਜੋ ਹੁਣ ਭੀ ਮੌਜੂਦ ਹਨ, ਵਿਚ ਵਿਚ ਰਹਿ ਗਈਆਂ।

(ੲ) ਇਹ ਤਬਦੀਲੀ ਕਦ ਹੋਈ, ਅਰਥਾਤ K੧ ਤੋਂ K੨ ਕਦ ਬਨਿਆਂ ਏਸ ਗਲ ਦੇ ਨਿਰਣਯ ਲਈ ਕਈ ਚਿਨ੍ਹ ਮੌਜੂਦ ਹਨ।

(ੳ) ਏਸ ਬੀੜ ਵਿਚ ਪਹਿਲੇ ਛੇ ਗੁਰੂਆਂ ਅਤੇ ਬਾਬਾ ਗੁਰਦਿਤੇ ਦੇ ਚਲਾਣੇ ਦੀਆਂ ਥਿਤਾਂ ਦਰਜ ਹਨ। ਜੇ ਤਾਂ ਇਹ ਇਕ ਹਥ ਦੀਆਂ

---

*ਕਰਤਾਰਪੁਰ ਦੇ ਗਦੀਦਾਰਾਂ ਵਿਚੋਂ ਪਹਿਲੇ ਕੇਸਾਧਾਰੀ ਸੋਢੀ ਵਡਭਾਗ ਸਿੰਘ ਜੀ ਸਨ, ਜੋ ਅਹਮਦਸ਼ਾਹ ਦੇ ਵਕਤ ਹੋਏ ਹਨ। ਪਰ ਅੰਮ੍ਰਿਤ ਓਹਨਾਂ ਛਕਿਆਂ ਸੀ ਕਿ ਨਹੀਂ ਏਸ ਵਿਚ ਬੜਾ ਸ਼ਕ ਹੈ। ਕਿਉਂ ਜੋ ਜਦ ਸੰਨ ੧੯੧੧ ਦੇ ਕ੍ਰੀਬ ਓਥੋਂ ਦੇ ਨਾਬਾਲਗ ਗੁਰੂ ਨੂੰ ਅੰਮ੍ਰਿਤ ਛਕਾਉਣ ਦਾ ਸਵਾਲ ਉਠਿਆ, ਤਦ ਦੀਵਾਨ ਅਤੇ ਹੋਰਨਾਂ ਘਰਦਿਆਂ ਲੋਕਾਂ ਨੇ ਇਹਤ੍ਰਾਜ਼ ਚੁਕ ਖੜਾ ਕੀਤਾ ਕਿ 'ਇਹ ਤਾਂ ਆਪ ਗੁਰੂ ਹੋਏ, ਇਹ ਅੰਮ੍ਰਿਤ ਕਿਸ ਤੋਂ ਛੱਕਨ ਤੇ ਕਿਸ ਨੂੰ ਗੁਰੂ ਬਨਾਣ। ਕੋਰਟ ਆਫ ਵਾਰਡਜ਼ ਵਲੋਂ ਇਕ ਸਿਖ ਤਹਸੀਲਦਾਰ ਸਾਹਿਬ ਗਾਰਡੀਅਨ ਸਨ, ਉਹਨਾਂ ਜਵਾਬ ਦਿੱਤਾ ਕਿ 'ਇਹ ਉਸ ਪਾਸੋਂ ਅੰਮ੍ਰਿਤ ਛਕਨ, ਜਿਸ ਕੋਲੋਂ ਗੁਰੂ ਗੋਬਿੰਦ ਸਿੰਘ ਨੇ ਛਕਿਆ ਸੀ।' ਇਸ ਜਵਾਬ ਦਾ ਕੋਈ ਉਤ੍ਰ ਨਹੀਂ ਸੀ। ਸੋ ਗੁਰ ਜੀ ਨੂੰ ਪਹਿਲੀ ਦਫਾ ਅੰਮ੍ਰਿਤ ਛਕਾਇਆ ਗਿਆ।



Sri Satguru Jagjit Singh Ji Elibrary NamdhariElibrary@gmail.com

ਲਿਖੀਆਂ ਹਨ ਤਦ ਮੁਆਮਲਾ ਹੀ ਸਾਫ਼ ਹੈ, ਅਤੇ ਹੈ ਭੀ ਇਸੇ ਤਰ੍ਹਾਂ ਜਿਥੋਂ ਤਕ ਸਾਨੂੰ ਮਾਲੂਮ ਹੋ ਸਕਿਆ ਹੈ। 'ਆਦਿ-ਬੀੜ' ਵਿਚ ਸਿਰਫ ਪਹਿਲੇ ਚਾਰ ਗੁਰੂਆਂ ਦੀਆਂ ਥਿਤਾਂ ਹੋ ਸਕਦੀਆਂ ਸਨ ਤੇ ਹੈਸਨ ਜਿਸ ਤਰ੍ਹਾਂ ਕਿ ਬੂੜੇ ਸੰਧੂ ਵਾਲੀ ਬੀੜ ਅਤੇ ਹੋਰ ਬੀੜਾਂ ਤੋਂ ਸਿਧ ਹੈ। ਪੰਜਵੇਂ ਗੁਰੂ ਦੀ ਥਿਤ ਛੇਵੇਂ ਗੁਰੂ ਦੇ ਵੇਲੇ ਲਿਖੀ ਗਈ। ਏਸ ਦਫ਼ਜੇ ਤੇ ਆਕੇ ਹੋਏ ਉਤਾਰੇ, ਜਿਨ੍ਹਾਂ ਵਿਚ ਖ਼ਾਲੀ ਪੰਜ ਗੁਰੂਆਂ ਦੀਆਂ ਚਲਾਣੇ ਦੀਆਂ ਥਿਤਾਂ ਹਨ, ਓਹ ਭੀ ਮੌਜੂਦ ਹਨ। ਪਰ ਪਿਛਲੀਆਂ ਦੋ ਥਿਤਾਂ ਦਾ ਇੰਦਰਾਜ ਤਾਰੀਖੀ ਨੁਕਤੇ ਤੋਂ ਬੜਾ ਜ਼ਰੂਰੀ ਹੈ। ਪ੍ਰਾਚੀਨ ਬੀੜਾਂ ਇਸ ਗਲ ਵਿਚ ਕੋਈ ਸੰਦੇਹ ਦੀ ਗੁੰਜਾਇਸ਼ ਨਹੀਂ ਰਹਿਣ ਦੇਂਦੀਆਂ। ਇਹ ਦੋ ਥਿਤਾਂ 'ਆਦਿ-ਬੀੜ' ਵਿਚ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਹਥੀਂ ਸੰਮਤ ੧੭੧੭-੧੮ (ਸ਼ੁਟੂ) ਵਿਚ ਲਿਖੀਆਂ ਗਈਆਂ। ਉਤਾਰੇ ਕਰਨ ਵਾਲਿਆਂ ਨੇ ਸਾਫ਼ ਸਾਫ਼ ਇਹਨਾਂ ਦੋ ਥਿਤਾਂ ਨੂੰ, 'ਮਹਲੇ ਅਠ ੮ ਲਿਖਿਆ ਖਾਸ ਕਲਮ ਆਪਣੀ ਹਥੀਂ' ਦਸਿਆ ਹੈ। ਅਤੇ ਇਹਨਾਂ ਸੱਤਾਂ ਥਿਤਾਂ ਵਾਲੇ ਉਤਾਰੇ ਭੀ ਬਹੁਤ ਮੌਜੂਦ ਹਨ। ਕਰਤਾਰਪੁਰ ਵਾਲੀ ਬੀੜ ^੨ ਵਿਚ ਇਹ ਸਾਰੀਆਂ ਥਿਤਾਂ ਇਕ ਹਥ ਦੀਆਂ ਲਿਖੀਆਂ ਹਨ, ਸੋ ਉਹ ਬੀੜ ਸੰਮਤ ੧੭੧੮ ਤੋਂ ਪਿਛੋਂ ਦੀ ਲਿਖੀ ਹੋਈ ਸਿਧ ਹੋਈ।

(ਅ) ਅਸੀਂ ਉਪਰ ਇਹ ਭੀ ਕਹਿ ਆਏ ਹਾਂ ਕਿ ਨਾਵੇਂ ਮਹਲੇ ਦੇ ਸ਼ਬਦਾਂ ਨੂੰ ਵੰਡਕੇ ਰਾਗਾਂ ਹੇਠਾਂ ਲਿਖਣ ਦਾ ਰਵਾਜ ਲਿਖਾਰੀਆਂ ਵਿਚ ਗੁਰੂ ਗੋਬਿੰਦ ਸਿੰਘ ਤੋਂ ਵੀ ਚਿਰ ਪਿਛੋਂ ਪਿਆ। ਜੇ ਅਸੀਂ ੧੫ ਸੋਲਾਂ ਵਰ੍ਹੇ ਭੀ ਗਿਨ ਲਈਏ, ਤਦ ਸੰਮਤ ੧੭੮੦-੮੧ ਤੇ ਅਪੜਦੇ ਹਾਂ।

(ੲ) 'ਗੁਰੂ ਬਾਬੇ' ਦੇ ਲਫ਼ਜ਼ ਸਾਨੂੰ ਹੋਰ ਭੀ ਹੇਠਾਂ ਲੇ ਆਉਂਦੇ ਹਨ। ਪੁਰਾਣਾ ਨਾਮ ਖਾਲੀ 'ਪੋਥੀ' ਜਾਂ 'ਗ੍ਰੰਥ' ਸੀ। 'ਗੁਰੂ ਬਾਬਾ' ਨਾਮ ਗ੍ਰੰਥ ਸਾਹਿਬ ਲਈ ਬਹੁਤੇ ਨੇੜੇ ਦੀਆਂ ਲਿਖੀਆਂ ਕਿਤਾਬਾਂ ਵਿਚ ਵਰਤਿਆ ਗਿਆ ਹੈ, ਅਤੇ ਕਿਸੇ ਸੂਰਤ ਵਿਚ ਵੀ ਮਿਸਲਾਂ ਦੇ ਵੇਲੇ ਤੋਂ ਪਿਛੇ ਨਹੀਂ ਜਾ ਸਕਦਾ, ਜੇਕਰ ਮਹਾਰਾਜਾ ਰਣਜੀਤ ਸਿੰਘ



Sri Satguru Jagjit Singh Ji Elibrary NamdhariElibrary@gmail.com

ਦੇ ਜ਼ਮਾਨੇ ਨੂੰ ਨਹੀਂ ਆ ਛੂੰਹਦਾ।

ਰਾਗ ਮਾਲਾ ਦੇ ਪਖੀਆਂ ਨੇ ਇਹ ਭੀ ਦਾਅਵਾ ਕੀਤਾ ਸੀ ਕਿ ਸਾਰੀ ਬੀੜ ਜਪੁਜੀ ਤੋਂ ਲੈ ਕੇ ਰਾਗਮਾਲਾ ਤਕ ਇਕੋ ਹਥ ਦੀ ਲਿਖੀ ਹੈ। ਜੇ ਦਲੀਲ ਦੀ ਖਾਤਰ ਇਹ ਮਨ ਲਈਏ, ਤਦ ਵੀ ਸਾਰੀ ਬੀੜ ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਦੀ ਲਿਖੀ ਹੋਈ ਸਿਧ ਹੋਈ।

(ਸ) ਏਸ ਬੀੜ ਵਿਚ ਜੋ ਯਾਦਦਾਸ਼ਤ ਦੇ ਤੌਰ ਪੁਰ ਲਿਖੀ ਇਬਾਰਤ ਨਿਰੰਜਨ ਰਾਇ ਬਾਬਤ ਹੈ, ਉਹ ਇਕ ਵਸੀਅਤ ਹੈ ਜੋ ਨਿਰੰਜਨ ਰਾਇ ਦੇ ਪਿਤਾ ਗੁਰੂ ਨੇ ਉਸਦੇ ਹੱਕ ਵਿਚ ਕੀਤੀ ਅਤੇ ਉਸਨੂੰ ਸੁਰੀਦ ਵਾਂਗ ਪੱਕੀ ਬਨਾਣ ਲਈ ਗ੍ਰੰਥ ਸਾਹਿਬ ਦੀ ਬੀੜ ਵਿਚ ਲਿਖਿਆ। ਜਿਸ ਵਕਤ ਇਹ ਵਸੀਅਤ ਲਿਖੀ ਗਈ, ਇਹ ਬੀੜ ਮੌਜੂਦ ਸੀ, ਅਤੇ ਨਿਰੰਜਨ ਰਾਇ ਆਪਨੇ ਗੁਣ ਪਿਤਾ ਨੂੰ ਵਿਖਾ ਚੁਕਾ ਸੀ ਅਤੇ ਹੋਰ ਭਰਾਵਾਂ ਜਾਂ ਵਾਰਿਸਾਂ ਨਾਲੋਂ ਚੰਗਾ ਸਾਬਤ ਹੋਇਆ ਸੀ, ਜਿਸ ਕਰਕੇ ਗੁਰੂ ਗਦੀ ਲਈ ਚੁਣਿਆ ਗਿਆ। ਉਸਦੀ ਉਮਰ ਉਸ ਵੇਲੇ ੨੫ ਜਾਂ ੨੬ ਵਰ੍ਹਿਆਂ ਦੀ ਸੀ। ਨਿਰੰਜਨ ਰਾਇ ਧੀਰਮਲ ਦਾ ਪੜਪੋਤਾ ਸੀ। ਸੋ ਉਸਤੋਂ ਪਹਿਲੀਆਂ ਤਿੰਨ ਪੀਹੜੀਆਂ ਦੇ ਔਸਤਨ ੬੦ ਵਰ੍ਹੇ* ਲੈਕੇ ਅਤੇ ੨੬ ਵਰ੍ਹੇ ਨਿਰੰਜਨ ਰਾਇ ਦੀ ਉਮਰ ਦੇ ਜੋੜਕੇ ੮੬ ਵਰ੍ਹੇ ਬਣਦੇ ਹਨ। ਕਰਤਾਰਪੁਰ ਦੀ ਗਦੀ ਸੰਮਤ ੧੬੯੫-੯੬ ਵਿਚ ਟੁਰੀ ਸੀ, ਉਸ ਵਿਚ ੮੬ ਵਰ੍ਹੇ ਜੋੜਕੇ ਅਸੀਂ ਸੰਮਤ ੧੭੮੦-੮੧ ਦੇ ਲਾਗੇ ਅਪ ਪੜਦੇ ਹਾਂ। ਸੋਢੀ ਸਾਧੂ ਸਿੰਘ ਜੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ, ਧੀਰਮਲ ਤੋਂ ਛੇਵੀਂ ਪੀਹੜੀ ਵਿਚ ਸਨ, ਅਤੇ ਨਿਰੰਜਨ

---

*ਧੀਰਮਲ ਆਪ ਸੰਮਤ ੧੭੩੪ ਵਿਚ ਗੁਰੂ ਤੇਗ ਬਹਾਦਰ ਤੋਂ ਦੋ ਹੀ ਵਰ੍ਹੇ ਪਿਛੋਂ ਕੋਈ ੪੦ ਵਰ੍ਹੇ ਦੀ ਉਮਰ ਵਿਚ ਚਲਾਣਾ ਕਰ ਗਿਆ, ਅਤੇ ਸੋਢੀਆਂ ਦੇ ਏਸ ਖਾਨਦਾਨ ਦੀ ਛੋਟੀ ਉਮਰ ਵਿਚ ਗੁਜ਼ਰ ਜਾਣ ਦੀ ਰਸਮ ਦਾ ਪਾਲਨ ਕੀਤਾ। ਧੀਰਮਲ ਦੀ ਅਪਨੀ ਸੰਤਾਨ ਤਾਂ ਚਿਰ ਹੋਇਆ ਹੈ ਖਤਮ ਹੋ ਗਈ, ਪਰ ਮੁੰਡੇ ਮੁਤਬੰਨੇ ਬਨਾਕੇ ਗਦੀ ਨੂੰ ਕਾਇਮ ਰਖਿਆ ਜਾ ਰਿਹਾ ਹੈ। ਔਲਾਦ ਦੀ ਇਤਨੀ ਥੋੜ ਹੈ ਕਿ ਮਹਿਲਾਂ ਉਤੇ ਨਹੂਸਤ ਵਰ੍ਹ ਰਹੀ ਹੈ। 'ਧਰਮਸਾਲ ਕੀ ਝਾਕ,



Sri Satguru Jagjit Singh Ji Elibrary NamdhariElibrary@gmail.com

ਰਾਇ ਚੌਥੀ ਵਿਚ। ਏਸ ਤੋਂ ਭੀ ਕਰਤਾਰਪੁਰ ਵਾਲੀ ਬੀੜ, K੨ ਵਾਲੀ ਨਵੀਂ ਸ਼ਕਲ ਵਿਚ ਸੰਮਤ ੧੭੮੧ ਦੇ ਲਾਗੇ ਆ ਠਹਿਰਦੀ ਹੈ। ਘਟੋ ਘਟ ਏਸਤੋਂ ਪਹਿਲੇ ਨਹੀਂ, ਪਿਛੋਂ ਭਾਵੇਂ ਬਣੀ ਹੋਵੇ, ਨਿਰੰਜਨ ਰਾਏ ਦੇ ਵਕਤ।

ਅਸੀਂ ਉਪਰ ਕਹਿ ਆਏ ਹਾਂ ਕਿ K੨ ਆਪਣੇ ਤੋਂ ਪਹਿਲੀ ਧੀਰਮਲੀਆਂ ਦੀ ਬੀੜ K੧ ਨੂੰ ਅਦਲ ਬਦਲਕੇ ਤਿਆਰ ਹੋਈ। ਜਦ ਇਹ K੧ ਬਣੀ ਉਸ ਵੇਲੇ ਤਕ 'ਮੁੰਦਾਵਣੀ', 'ਰਾਗਮਾਲਾ' 'ਰਤਨ ਮਾਲਾ' ਆਦਿ ਪੁਰਾਣੀਆਂ ਬੀੜਾਂ ਵਿਚ ਦਰਜ ਹੋ ਚੁਕੀਆਂ ਸਨ ਅਤੇ 'ਬਸੰਤ ਕੀ ਵਾਰ' ਰਾਗ ਬਸੰਤ ਹੇਠਾਂ ਲਿਖਣ ਲਗ ਪਏ ਸਨ।

ਤਾਂਤੇ ਉਪਰਲੀ ਸਾਰੀ ਵਿਚਾਰ ਦਾ

## ਸਿੱਟਾ

ਇਹ ਨਿਕਲਿਆ ਕਿ ਸੰਮਤ ੧੬੯੭ ਵਿਚ ਇਕ ਉਤਾਰਾ ਭਾਈ ਬੰਨੋ ਵਾਲੀ ਬੀੜ ਦੀ ਕਿਸੇ ਨਕਲ ਤੋਂ ਧੀਰਮਲ ਦੇ ਮਸੰਦਾਂ ਨੇ ਕੀਤਾ। ਇਹ ਬੀੜ K੧ ਕਰਤਾਰ ਪੁਰ ਦੀ ਪਹਿਲੀ ਬੀੜ ਸੀ, ਧੀਰਮਲ ਅਤੇ ਉਸਦੇ ਪੋਤ੍ਰੇ ਤਕ। ਫੇਰ ਏਸ ਵਿਚ ਨਵੇਂ ਵਰਕੇ ਪਾਕੇ, ਨਾਵੇਂ ਮਹਲ ਦੀ ਬਾਣੀ ਵਧਾਈ ਗਈ ਸੰਮਤ ੧੭੮੧ ਦੇ ਲਾਗੇ। ਇਹ ਬੀੜ ਦੀ ਦੂਜੀ ਸ਼ਕਲ K੨ ਸੀ। ਏਸ K੨ ਵਿਚ ਨਿਰੰਜਨ ਰਾਇ ਦੇ ਵੇਲੇ ਧੀਰਮਲੀਆਂ ਨੇ ਆਪਨੀ ਸਮਝ ਮੂਜਬ ਅਦਲ ਬਦਲ ਕਰਕੇ ਇਸਨੂੰ ਭਾਈ ਗੁਰਦਾਸ ਵਾਲੀ ਆਦਿ ਬੀੜ ਮਸ਼ਹੂਰ ਕਰ ਦਿਤਾ, ਸੰਮਤ ੧੮੧੦* ਦੇ ਕ਼ਰੀਬ, ਅਤੇ ਪਤ੍ਰਿਆਂ ਉਪਰ ਨਵੇਂ ਕਾਗਜ਼ ਦੇ ਹਾਸ਼ੀਏ ਲਗਾਕੇ ਨਵੇਂ

---

*ਸੰਮਤ ੧੮੧੭ ਦੇ ਨੇੜੇ ਭਾਈ ਦੀਪ ਸਿੰਘ ਨੇ ਆਪਣਾ ਨਕਲ ਕੀਤਾ ਇਕ ਗ੍ਰੰਥ ਕਰਤਾਰਪੁਰ ਵਾਲੀ ਬੀੜ ਨਾਲ ਸੋਧਿਆ ਸੀ। ਕਹਿੰਦੇ ਹਨ ਇਹ ਸੋਧਿਆ ਹੋਇਆ ਗ੍ਰੰਥ ਦਮਦਮੇ ਸਾਹਿਬ (ਰਿਆਸਤ ਪਟਿਆਲਾ) ਵਿਚ ਮੌਜੂਦ ਹੈ।



Sri Satguru Jagjit Singh Ji Elibrary NamdhariElibrary@gmail.com

ਅੰਗ ਦੇ ਦਿਤੇ। ਕਰਾਮਾਤ ਵਾਲੀ ਕਹਾਣੀ ਉਸਨੂੰ ਦਰਯਾ ਵਿਚੋਂ ਕਢ ਲਿਆਉਣ ਵਾਲੀ ਘੜ ਲਈ। ਕਰਾਮਾਤ ਵਾਲੀ ਇਕ ਦੂਜੀ ਕਹਾਣੀ ਵੀ ਬਨਾਣੀ ਪਈ, ਓਹ ਇਹ ਕਿ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਠੀਕ ਜਿਨੀ ਥਾਂ ਬਾਣੀਆਂ ਦੇ ਵਿਚਾਲੇ ਗੁਰੂ ਤੇਗ਼ ਬਹਾਦਰ ਦੇ ਸ਼ਬਦਾਂ ਵਾਸਤੇ ਚਾਹੀਦੀ ਸੀ, ਉਤਨੀ ਕੋਰੀ ਥਾਂ ਰਖਾ ਛਡੀ। ਨਾਂਵੇਂ ਮਹਲ ਦੀ ਬਾਣੀ ਹਰ ਰਾਗ ਦੇ ਅੰਤ ਵਿਚ ਜੋ ਪੌਣਾ ਅਧਾ ਸਫ਼ਾ ਕੋਰਾ ਛਡਿਆ ਜਾਂਦਾ ਸੀ, ਉਸ ਪੁਰ ਨਹੀਂ ਲਿਖੀ ਹੋਈ, ਸਗੋਂ ਹੋਰ ਗੁਰਬਾਣੀ ਵਿਚਾਲੇ ਆਈ ਹੈ, ਅਤੇ ਕਈ ਵਾਰੀ ਤਿੰਨ ਚਾਰ ਸਫ਼ੇ ਲੈ ਗਈ ਹੈ।

ਉਪਰ ਇਹ ਗਲ ਕਹਿਣੀ ਰਹਿ ਗਈ ਹੈ, ਕਿ ਤਤਕਰੇ ਵਿਚ ਪਹਿਲੀ ਹੀ ਪ੍ਰਤੀਕ 'ਜਪੁ ਨੀਸ਼ਾਣ' ਹੈ। 'ਨੀਸ਼ਾਣ' ਗੁਰੂ ਸਾਹਿਬ ਦੇ ਆਸ਼ੀਰਵਾਦ ਜਾਂ ਪਰਵਾਨਗੀ ਦੇ ਹਸਤਲੇਖ ਨੂੰ ਕਹਿੰਦੇ ਸਨ। ਕਰਤਾਰ ਪੁਰ ਵਾਲੀ ਬੀੜ ਵਿਚ ਗੁਰੂ ਅਰਜਨ ਜੀ ਦੇ ਹਥ ਦਾ ਲਿਖਿਆ 'ਮੂਲ ਮੰਤ੍ਰ' ਪਹਿਲੇ ਸਫ਼ੇ ਪੁਰ ਹੋਣਾ ਚਾਹੀਏ, ਪਰ ਹੈ ਨਹੀਂ। 'ਪ੍ਰਤੀਕ' ਨਕਲ ਦਰ ਨਕਲ ਹੁੰਦੀ ਚਲੀ ਆਈ ਹੈ। ਏਸੇ ਤਰ੍ਹਾਂ ਦੇ ਨੀਸ਼ਾਣ ਪ੍ਰਾਚੀਨ ਬੀੜਾਂ ਵਿਚ ਛੇਵੇਂ ਤੋਂ ਲੈਕੇ ਦਸਵੇਂ ਗੁਰੂ ਤਕਦੇ ਮੌਜੂਦ ਹਨ। ਏਸ ਬੀੜ ਵਿਚ ਤਤਕਰੇ ਤੋਂ ਪਿਛੋਂ ਪੰਨਾ ੪੫ ਦੋ ਤਰਫ਼ੀ ਕੋਰਾ* ਹੈ, ਉਸਦੇ ਸਾਹਮਣੇ ਜਪੁ ਸਾਹਿਬ ਪ੍ਰਾਰੰਭ ਹੁੰਦਾ ਹੈ।

---

*ਹੋਰ ਕੋਰਾ ਪੰਨਾ ੧੫੨ ਹੈ। ਰਾਗ ਮਾਝ ਦੀਆਂ ਅਸਟਪਦੀਆਂ ਮੁਕਕੇ ਇਕ ਸਫ਼ਾ ਕੋਰਾ ਰਹਿ ਗਿਆ ਹੈ, ਤੇ ਅਗੋਂ ਨਵੇਂ ਸਫ਼ੇ ਪੁਰ ਬਾਰਾਂ ਮਾਹ ਮਾਝ ਸ਼ੁਰੂ ਹੁੰਦਾ ਹੈ। ਪੰਨਾ ੨੪੪ ਵੀ ਦੋਤਰਫ਼ੀ ਕੋਰਾ ਹੈ।

ਕਿਉਂਕਿ 'ਸੋ ਪੁਰਖ' ਵਾਲੇ ਚਾਰ ਸ਼ਬਦ ਨਿਤਨੇਮ ਦੀ ਬਾਣੀ ਵਿਚ ਚਿਰ ਪਿਛੋਂ ਲਿਖੀਣੇ ਸ਼ੁਰੂ ਹੋਏ ਸਨ, K੨ ਦੇ ਨਵੇਂ ਲਿਖਾਰੀ ਨੇ ਏਥੇ ਕੋਰਾ ਵਰਕਾ ਉਹਨਾਂ ਦੇ ਲਿਖਣ ਲਈ ਲਗਾਇਆ ਸੀ, ਪਰ ਉਹ ਸਾਰੇ ਸ਼ਬਦ ਪਹਿਲੇ ਵਰਕੇ ਪੁਰ ਹੀ ਮੁਕ ਗਏ ਤੇ ਇਹ ਵਰਕਾ ਕੋਰਾ ਰਹਿ ਗਿਆ। ਅਗਲੇ ਪਤਰੇ ਪਰ 'ਸੁਣ ਵਡਾ ਆਖ ਸਭ ਕੋ' ਲਿਖਿਆ ਹੀ ਸੀ। ਇਸ ਤੋਂ ਸਿਧ ਹੁੰਦਾ ਹੈ ਕਿ ਅਦਲ ਬਦਲ ਕੋਰੇ ਵਰਕੇ ਵਧਾਕੇ ਕੀਤਾ ਗਿਆ ਸੀ।



Sri Satguru Jagjit Singh Ji Elibrary NamdhariElibrary@gmail.com

ਉਪਰ ਅਸੀਂ ਇਹ ਭੀ ਕਿਹਾ ਹੈ ਕਿ ਗੁਰੂ ਅਰਜਨ ਦੇਵ ਭਾਈ ਜੀ ਦੀ ਲਿਖੀ ਕਾਪੀ ਪੁਰ 'ਸੁਧ' ਜਾਂ 'ਸੁਧ ਕੀਚੈ' ਆਪਣੀ ਹਥੀਂ ਲਿਖ ਦੇਂਦੇ ਸਨ, ਜਿਵੇਂ ਰਾਗ ਗਉੜੀ ਦੀ ਵਾਰ ਵਿਚ। ਜੇਕਰ ਕਰਤਾਰ ਪੁਰ ਵਾਲੀ ਬੀੜ ਅਸਲੀ ਭਾਈ ਗੁਰਦਾਸ ਵਾਲੀ ਬੀੜ ਹੋਵੇ, ਤਦ ਇਹ ਹਦਾਇਤਾਂ ਗੁਰੂ ਸਾਹਿਬ ਦੀਆਂ ਦਸਤਖਤੀ, ਅਤੇ ਗਲਤੀਆਂ ਦੀ ਦਰੁਸਤੀ ਭਾਈ ਗੁਰਦਾਸ ਦੇ ਹਥਾਂ ਦੀ ਹੋਈ ਹੋਈ ਉਸ ਬੀੜ ਵਿਚ ਮੌਜੂਦ ਹੋਣੀਆਂ ਚਾਹੀਏ। ਨਿਰਾ ਇਹਨਾਂ ਹਦਾਇਤਾਂ ਦਾ ਵਿਚ ਲਿਖੇ ਹੋਣਾ ਕਿਸੇ ਕੰਮ ਨਹੀਂ। ਸਭ ਪ੍ਰਾਚੀਨ ਬੀੜਾਂ ਵਿਚ ਅਤੇ ਏਸੇ ਤਰ੍ਹਾਂ ਛਾਪੇ ਦੇ ਗ੍ਰੰਥਾਂ ਵਿਚ ਵੀ ਇਹ ਲਫਜ਼ ਮੌਜੂਦ ਹਨ।

ਹੋਰ ਅਨੇਕਾਂ ਅਜਿਹੇ ਸਵਾਲ ਖੜੇ ਹੁੰਦੇ ਹਨ, ਜਿਨ੍ਹਾਂ ਦਾ ਕੋਈ ਤਸੱਲੀ ਬਖਸ਼ ਜਵਾਬ ਨਹੀਂ। ਮੈਨੇਜਰ ਸਾਹਿਬ ਪਾਸੋਂ ਮੈਂ ਤਿੰਨ ਚਾਰ ਘੰਟੇ ਲਈ ਗ੍ਰੰਥ ਸਾਹਿਬ ਦੀ ਪੜਤਾਲ ਕਰ ਲੈਣ ਲਈ ਇਜਾਜ਼ਤ ਮੰਗੀ ਸੀ ਜੋ ਮੈਨੂੰ ਨਹੀਂ ਮਿਲੀ।

*



Sri Satguru Jagjit Singh Ji Elibrary NamdhariElibrary@gmail.com

# ੧੭-ਢਾਕੇ ਬੰਗਾਲੇ ਦੀਆਂ ਸਿਖ-ਸੰਗਤਾਂ

ਦਸ਼ਮੇਸ਼ ਜੀ ਦੇ ਹੁਕਮਨਾਮਿਆਂ ਵਿਚ, ਜੋ ਢਾਕੇ ਦੀ ਸੰਗਤ ਵਲ ਲਿਖੇ ਗਏ ਸਨ, ਕਿਤਨੀਆਂ ਕੁ ਇਸ ਦੇਸ ਦੀਆਂ ਸੰਗਤਾਂ ਦੇ ਨਾਮ ਭੀ ਲਏ ਹਨ। ਇਹ ਸੰਗਤਾਂ ਸਿਖ ਗ੍ਰਿਹਸਥੀ ਲੋਕਾਂ ਦੀਆਂ ਕਾਇਮ ਕੀਤੀਆਂ ਸਨ। ਢਾਕੇ ਵਿਚ ਇਕ ਤਾਂ ਸੰਗਤ ਸ਼ਹਿਰ ਦੇ ਅੰਦਰ ਸੀ, ਜਿਸਦੇ ਨਾਮ ਉਤੇ ਉਸ ਮਹਲੇ ਦਾ ਨਾਮ ਹੁਣ ਤਕ 'ਸੰਗਤ ਟੋਲਾ' ਹੀ ਪੈਂਦਾ ਹੈ। ਦੂਜੀ, ਫੌਜਾਂ ਦੇ ਕਮਪੂ ਵਿਚ ਸੀ ਜੋ ਸ਼ਹਿਰ ਤੋਂ ਚੜ੍ਹਦੇ ਕੁਝ ਦੁਰਾਡੀ ਸੀ। ਹੁਕਮਨਾਮਿਆਂ ਵਿਚ ਇਸ ਇਸਦਾ ਨਾਮ 'ਲਸ਼ਕਰ ਕੀ ਸੰਗਤ' ਕਰਕੇ ਦਿੱਤਾ ਹੈ ਅਤੇ ਸ਼ਹਿਰ ਵਾਲੀ ਸੰਗਤ ਦਾ ਨਾਮ 'ਹਜ਼ੂਰ ਸੰਗਤ'। 'ਲਸ਼ਕਰ ਕੀ ਸੰਗਤ' ਦੇ ਖੋਲੇ ਹੀ ਰਹਿ ਗਏ ਹਨ, ਨਾ ਲਸ਼ਕਰ ਰਿਹਾ ਹੈ ਅਤੇ ਨਾ 'ਲਸ਼ਕਰ ਕੀ ਸੰਗਤ'। ਇਕ ਪੱਕਾ ਤਲਾਬ ਹੁੰਦਾ ਸੀ ਅਤੇ ਉਸਦੇ ਕੰਢੇ ਪੁਰ ਇਕ ਸੰਖੇਪ ਜਿਹੀ ਇਮਾਰਤ। ਰਵਾਇਤ ਏਸ ਸੰਗਤ ਨੂੰ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਜੋੜਦੀ ਹੈ, ਪਰ ਇਹ ਹੋ ਨਹੀਂ ਸਕਦਾ। ਨਾ ਏਥੇ ਕੋਈ ਮੁਖ ਤੀਰਥ ਅਤੇ ਨਾ ਕੋਈ ਵੱਡਾ ਮੰਦਰ ਹੀ ਸੀ, ਜੋ ਗੁਰੂ ਨਾਨਕ ਸਾਹਿਬ ਨੂੰ ਖਿਚਦਾ। ਛੋਟੇ ਛੋਟੇ ਪਿੰਡ ਹੁੰਦੇ ਸਨ, ਜੋ ਹੁਣ ਢਾਕਾ ਸ਼ਹਿਰ ਦੇ ਮਹਲੇ ਹਨ। ਬੰਗਾਲੇ ਦੀ ਰਾਜਧਾਨੀ ਪਹਿਲੇ 'ਰਾਜ ਮਹਲ' (ਆਜ਼ਿਮਾਬਾਦ) ਹੁੰਦੀ ਸੀ। ਸ਼ਾਹ ਜਹਾਨ ਦੇ ਅਹਿਦ ਦੇ ਅਖੀਰ ਵਿਚ ਇਸਲਾਮ ਖਾਂ ਸੂਬਾਦਾਰ ਬੰਗਾਲ, ਰਾਜਧਾਨੀ ਰਾਜਮਹਲ ਤੋਂ ਚੁਕਕੇ ਢਾਕੇ ਲੈ ਆਇਆ। ਸੋਨਦੀਪ ਅਤੇ ਚਿੱਟਾ ਗ੍ਰਾਮ ਦੇ ਪੁਰਤਗੇਜ਼ਾਂ



Sri Satguru Jagjit Singh Ji Elibrary NamdhariElibrary@gmail.com

ਅਤੇ ਰਖੰਗ ਦੇਸ (ਅਰਾਕਾਨ) ਦੇ ਮੱਗ ਲੋਕਾਂ ਦਾ ਖ਼ਾਤਰਖ਼ਾਹ ਬੰਦੋਬਸਤ ਕਰਨ ਲਈ ਢਾਕਾ ਨੇੜੇ ਸੀ। ਇਹਨਾਂ ਬਹੁਤ ਫ਼ਸਾਦ ਚੁਕਿਆ ਹੋਇਆ ਸੀ ਅਤੇ ਪੂਰਬੀ ਬੰਗਾਲ ਵਿਚ ਸਦਾ ਲੁਟਮਾਰ ਕਰਦੇ ਰਹਿੰਦੇ ਸਨ, ਸ਼ਾਇਦ ਛੇਵੇਂ ਗੁਰੂ ਦੇ ਵੇਲੇ। ਜਦ ਗੁਰੂ ਤੇਗ ਬਹਾਦਰ ਏਧਰ ਆਏ ਹਨ, ਤਦ ਏਸੇ ਸੰਗਤ ਵਿਚ ਠਹਿਰੇ ਸਨ। ਹੁਣ ਉਸ ਜਗ੍ਹਾ ਤੇ ਇਕ ਰਿਹਾਇਸ਼ੀ ਮਕਾਨ ਹੈ, ਅਤੇ ਇਕ ਕਮਰੇ ਵਿਚ ਗ੍ਰੰਥ ਸਾਹਿਬ ਆਦਿ ਰਖੇ ਹਨ। ਸੰਨ ੧੯੧੫ ਵਿਚ ਇਕ ਭਾਈ ਰਾਮ ਸਿੰਘ ਪਟਨੇ ਵੱਲ ਦੇ ਖਤ੍ਰੀ ਪੁਜਾਰੀ ਹੁੰਦੇ ਸਨ। ਆਮਦਨ ਕੋਈ ਨਾ ਹੋਣ ਕਰਕੇ ਰੇਲਵੇ ਸਟੇਸ਼ਨ ਪੁਰ ਪਾਨ ਬੀੜੀ ਦੀ ਦੁਕਾਨ ਦਾ ਠੇਕਾ ਲੈ ਰਖਿਆ ਸੀ, ਜੋ ਇਕ ਨੌਕਰ ਦੀ ਰਾਹੀਂ ਕਰਦੇ ਸਨ। ਏਸ ਸੰਗਤ ਨੂੰ 'ਹਜ਼ੂਰ ਸੰਗਤ ਇਸ ਕਰਕੇ ਆਖਦੇ ਸਨ ਕਿ ਇਹ ਇਸ ਦੇਸ ਦੀਆਂ ਸਾਰੀਆਂ ਸੰਗਤਾਂ ਨਾਲ ਖਤ-ਪਤ੍ਰ ਏਸੇ ਸੰਗਤ ਦੀ ਰਾਹੀਂ ਹੁੰਦਾ ਸੀ, ਅਤੇ ਇਹੋ ਸੰਗਤ ਸਾਰੇ ਦੇਸ ਦੀ ਕਾਰਭੇਟ ਉਗ੍ਰਾਹ ਕੇ ਗੁਰੂ ਸਾਹਿਬ ਤਕ ਪੁਚਾਂਦੀ ਸੀ। ਏਸੇ ਸੰਗਤ ਦੇ ਮੁਖੀਏ ਏਧਰ ਦੀਆਂ ਸੰਗਤਾਂ ਦੀ ਅਗਵਾਈ ਵਿਸਾਖੀ ਦੀਵਾਲੀ ਦੇ ਮੌਕਿਆ ਪੁਰ ਕਰਦੇ ਸਨ, ਜਦ ਸੰਗਤਾਂ ਗੁਰੂ ਕੇ ਦਰਸ਼ਨਾ ਲਈ ਜਾਂਦੀਆਂ ਸਨ। ਦਸ਼ਮੇਸ਼ ਤੋਂ ਪਿਛੋ ਇਥੇ ਭੀ ਇਕ ਮਸੰਦ-ਗਦੀ ਕਾਇਮ ਹੋਈ ਅਤੇ ਚਿਰ ਤਕ ਰਹੀ। ਇਕ ਮਸੰਦ ਗੁਰੂ ਅੰਗਦ ਸਿੰਘ ਦੀ ਤਸਵੀਰ ਭੀ ਏਥੇ ਹੈ।

ਢਾਕੇ ਤੋਂ ਬਾਹਰ ਜਿਨ੍ਹਾਂ ਸੰਗਤਾਂ ਦੇ ਨਾਮ ਹੁਕਮਨਾਮਿਆਂ ਵਿਚ ਲਏ ਹਨ ਇਹ ਸਨ—ਸਿਲਹਟ ਕੀ ਸੰਗਤ, ਚਾਟਗਾਮ ਕੀ ਸੰਗਤ ਤੇ ਸੋਨਦੀਪ ਕੀ ਸੰਗਤ। ਚਾਟਗਾਮ ਦੇ ਬਰਾਬਰ ਤੇ ਇਕ ਵੱਡਾ ਸਾਰਾ ਟਾਪੂ ਹੈ ਜਿਸ ਦਾ ਨਾਮ ਸੋਨਦੀਪ ਹੈ। ਸੋਨਦੀਪ ਪੁਰਤਗੇਜ਼ਾਂ ਦੇ ਕਬਜ਼ੇ ਵਿਚ ਸੀ, ਅਤੇ ਇਕ ਪਾਦਰੀ ਓਥੇ ਰਾਜ ਕਰਦਾ ਸੀ। ਚਾਟਗਾਮ ਉਤੇ ਭੀ ਪੁਰਤਗੇਜ਼ਾਂ ਦਾ ਹੀ ਰਾਜ ਸੀ ਅਤੇ ਉਹਨਾਂ ਤੋਂ ਹੀ ਇਸ ਜਗ੍ਹਾ ਦਾ ਨਾਮ ਚਿੱਟਾਗ੍ਰਾਮ ਪਿਆ ਜਿਸ ਤੋਂ ਵਿਗੜਕੇ ਚਾਟਗਾਮ, ਚਿੱਟਾਗੌਂਗ ਬਣ ਗਏ ਹਨ। ਅਰਾਕਾਨੀਆਂ ਪਾਸ ਆਪਨੇ ਵਡੇ ਜੰਗੀ ਜਹਾਜ਼ ਨਹੀਂ ਸਨ



Sri Satguru Jagjit Singh Ji Elibrary NamdhariElibrary@gmail.com

ਹੁੰਦੇ, ਸੋ ਉਹਨਾਂ ਨੇ ਪੁਰਤਗੇਜ਼ਾਂ ਨੂੰ ਆਪਨੀ ਮਦਦ ਲਈ ਬੁਲਾਇਆ ਜਿਸ ਤੇ ਹਰ ਤਰ੍ਹਾਂ ਦੇ ਪੁਰਤਗੇਜ਼ ਖ਼ਾਲਸ ਤੇ ਦੋਗਲੇ, ਅਤੇ ਬਹੁਤ ਹੀ ਨੀਵੇਂ ਆਚਾਰ ਦੇ, ਲੁਟਮਾਰ ਜਿਨ੍ਹਾਂ ਦਾ ਕਸਬ ਸੀ, ਬੋਰਨੀਓ ਟਾਪੂ ਅਤੇ ਹਿੰਦ ਦੇ ਪਛਮੀ ਕੰਢੇ ਤੋਂ ਇਥੇ ਆ ਇਕਠੇ ਹੋਏ । ਸੋਨਦੀਪ ਵਿਚ ਪੁਰਤਗੇਜ਼ਾਂ ਦੀ ਫੈਕਟਰੀ ਜਾਂ ਕੋਠੀ ਭੀ ਸੀ, ਅਤੇ ਵਪਾਰ ਦੀ ਖ਼ਾਤਰ ਹੀ ਸਿਖ ਵਪਾਰੀ ਢਾਕੇ ਤੋਂ ਉਠਕੇ ਅਗੇ ਸੋਨਦੀਪ, ਚਿਟਾਗਾਮ, ਤੇ ਸਿਲਹਟ ਕਮੀਲਾ ਆਦਿ ਥਾਵਾਂ ਵਿਚ ਫੈਲੇ ਸਨ, ਜਿਕਰ ਰਾਜਮਹਲ ਤੋਂ ਉਠਕੇ ਗਵਰਨਮੈਂਟ ਦੇ ਨਾਲ ਢਾਕੇ ਆਏ ਸਨ । ਇਹ ਵਪਾਰੀ ਆਪਣਾ ਸਿਖੀ ਧਰਮ ਪਿਛੋਂ ਈ ਨਾਲ ਲਿਆਏ ਸਨ, ਅਤੇ ਜਿਥੇ ਗਏ ਆਪਣੇ ਲਈ 'ਸੰਗਤਾਂ' ਬਣਾ ਲਈਆਂ, ਹੋਰ ਕੋਈ ਏਧਰ ਦੇ ਲੋਕ ਖਰੇ ਬੰਗਾਲੀ ਸਿਖ ਨਹੀਂ ਸਨ ਬਣੇ ।

ਢਾਕੇ ਵਿਚ ਇਕ ਹੋਰ ਸੰਗਤ ਭੀ ਹੈ, ਜੋ ਸ਼ਹਿਰ ਤੋਂ ਬਾਹਰ ਵਸੇ ਮਹਲੇ Suburb. ਸ਼ੁਜਾਅਤ ਪੁਰ ਵਿਚ ਸੀ, ਇਹ ਮਹਲਾ ਸ਼ਹਿਰੋਂ ਚੜ੍ਹਦੇ ਅਤੇ 'ਲਸ਼ਕਰ' ਤੋਂ ਦਖਣ ਵਲ ਸੀ । ਹੁਣ ਏਸੇ ਥਾਂ ਦਾ ਨਾਮ 'ਰਮਣਾ' ਹੈ । ਜਦ ਲਾਰਡ ਕਰਜ਼ਨ ਨੇ ਬੰਗਾਲ ਨੂੰ ਦੋ ਹਿਸਿਆਂ ਵਿਚ ਵੰਡਕੇ 'ਪੂਰਬੀ ਬੰਗਾਲ' ਦਾ ਇਕ ਨਵਾਂ ਸੂਬਾ ਬਨਾਇਆ ਸੀ, ਤਦ ਢਾਕਾ ਉਸਦੀ ਰਾਜਧਾਨੀ ਬਣੀ ਸੀ, ਸੋ ਸ਼ੁਜਾਅਤਪੁਰ ਵਾਲੇ ਮਹਲਿਆਂ ਨੂੰ ਸਾਫ਼ ਕਰਕੇ ਦਫਤਰ ਅਤੇ ਅਫ਼ਸਰਾਂ ਦੀਆਂ ਰਿਹਾਇਸ਼ੀ ਕੋਠੀਆਂ ਏਥੇ ਬਨਾਈਆਂ ਗਈਆਂ ਸਨ । ਪਿਛੋਂ ਸੂਬਾ ਤਾਂ ਤੋੜ ਦਿੱਤਾ ਗਿਆ ਪਰ ਢਾਕੇ ਦਾ ਸਿਵਲ-ਸਟੇਸ਼ਨ ਹੁਣ ਇਹੋ ਹੈ । ਪੁਰਾਣੇ ਵੇਲੇ ਸਭ ਦਫਤਰ, ਫਰੰਗੀ ਵਪਾਰੀਆਂ ਦੀਆਂ ਕੋਠੀਆਂ, ਗੁਦਾਮ ਵਗੈਰਾ ਸਭ ਦਰਯਾ ਦੇ ਕੰਢੇ ਸਨ, ਅਤੇ ਢਾਕਾ ਸ਼ਹਿਰ ਦਰਯਾ ਦੇ ਕੰਢੇ ਕੰਢੇ ਕਈ ਮੀਲਾਂ ਵਿਚ ਚਲਾ ਗਿਆ ਸੀ । ਮੁਢ ਵਿਚ ਦਰਯਾ ਰਸਤੇ ਹੀ ਸਿਧਾ ਰਾਜ ਮਹਲ ਨੂੰ ਆਂਉਂਦੇ ਜਾਂਦੇ ਸਨ, ਅਤੇ ਗੰਗਾ ਤੇ ਬ੍ਰਹਮ ਪੁਤ੍ਰ ਦਾ ਸੰਗਮ ਗੋਲੰਡੋ ਨਾਲੋਂ ਬਹੁਤ



Sri Satguru Jagjit Singh Ji Elibrary NamdhariElibrary@gmail.com

ਉਚੇਰਾ ਸੀ। ਖ਼ੈਰ, ਸ਼ੁਜਾਅਤਪੁਰ ਵਾਲੀ ਸੰਗਤ ਦਾ ਹੁਕਮਨਾਮਿਆਂ ਵਿਚ ਜ਼ਿਕਰ ਨਹੀਂ, ਹਾਲਾਂ ਕਿ ਇਹ ਬਹੁਤ ਪੁਰਾਣੀ ਸੀ ਅਤੇ ਪਿਛੇ ਛੇਵੇਂ ਗੁਰੂ ਦੇ ਵਕਤ ਤਕ ਅਪੜਦੀ ਸੀ। ਏਸਦਾ ਸਬਬ ਇਹ ਸੀ ਕਿ ਇਹ ਸੰਗਤ ਸਿਖਾਂ ਦੀ ਨਹੀਂ ਸੀ, ਸਗੋਂ ਉਦਾਸੀ ਸੰਤਾਂ ਦੀ ਕਾਇਮ ਕੀਤੀ ਹੋਈ ਅਤੇ ਉਹਨਾਂ ਦੇ ਹੀ ਕਬਜ਼ੇ ਵਿਚ ਸੀ। ਇਹ monastery ਜਾਂ ਅਖਾੜਾ ਸੀ, ਭਾਵੇਂ ਸਦਦੇ ਏਸਨੂੰ ਭੀ 'ਸੰਗਤ' ਹੀ ਹਨ। ਏਸ ਸੰਗਤ ਵਿਚ ਜੋ ਖੂਹ ਹੈ ਉਸਦੀ ਮੁਰੰਮਤ ਸੰਮਤ ੧੮੯੦ ਵਿਚ ਹੋਈ ਸੀ; ਅਤੇ ਇਕ ਪਥਰ* ਯਾਦਗਾਰੀ ਏਸ ਖੂਹ ਵਿਚ ਲਗਾਇਆ ਗਿਆ ਸੀ, ਜਿਸ ਉਤੇ ਇਹ ਲਿਖਿਆ ਹੈ:—

ਸਚਿ ਵਾਹਿਗੁਰੂ ਕਰਤਾਰ ਗੁਰੂ ਨਾਨਕ<br>
ਅਲਮਸਤ ਰਾਜ ਗੁਰੂ ਤਖਤ ਨਾਨਕ ਮਤਾ।<br>
ਬਾਬਾ ਨਥਾ ਸਾਹਿਬ ਜੀ ਕੀ ਸੰਗਤਿ ਸੁਜਾਤ ਪੁਰ।<br>
ਮਹੰ ਪ੍ਰੇਮ ਦਾਸ ਜੀ। ਇੰਦਾਹਾ ਮੁਰਮਤ ਸੰ ੧੮੯੦<br>
ਸਨ ਤਾਰੀਖ ੧੨੪੦

ਅਖ਼ੀਰਲੀ ਪਾਲ ਬੰਗਾਲੀ ਅਖਰਾਂ ਵਿਚ ਹੈ ਅਤੇ ੧੨੪੦ ਬੰਗਾਲੀ ਸੰਨ ਹੈ ਜੋ ਅਕਬਰ ਨੇ ਚਲਾਇਆ ਸੀ ਹਿਜਰੀ ਸਨ ਤੋਂ, ਪਰ ਚੰਦ ਦੀ ਥਾਂ ਸੂਰਜ ਦਾ ਵਰ੍ਹਾ ਗਿਨਕੇ। ਏਸ ਪੱਥਰ ਲਗੇ ਨੂੰ ਹੁਨ ਸੰਮਤ ੧੯੯੯ ਤਕ ੧੦੯ ਵਰ੍ਹੇ ਹੋਏ ਹਨ। ਨਥਾ ਸਾਹਿਬ ਦਾ ਚੇਲਾ ਬਣਖੰਡੀ ਉਦਾਸੀ ਸੀ, ਜਿਨ੍ਹਾਂ ਦੀ ਧੂਨੀ ਮੋਰੰਗ (ਨੇਪਾਲ) ਵਿਚ ਭੀ ਹੈ। ਰਾਜ ਮਹਲ ਅਤੇ ਉਸਦੇ ਨੇੜੇ ਮਨੁਸ਼ਾਚੰਡੀ ਵਗੈਰਾ ਵਿਚ ਭੀ ਸੰਗਤਾਂ ਸਨ। ਪਿਛੋਂ ਨਵਾਬ ਅਲੀਵਰਦੀ ਖ਼ਾਂ ਦੇ ਵੇਲੇ ਸਰਦਾਰ ਮਹਾਂ ਸਿੰਘ ਨੇ, ਜੋ ਚਿਟਾ ਗਾਮ ਦਾ ਹਾਕਿਮ ਸੀ ਹੋਰ ਕਈ ਸੰਗਤਾਂ ਚਿਟਾ ਗਾਮ ਦੇ ਜ਼ਿਲੇ

---

*ਇਕ ਹੋਰ ਆਲਾ ਜਿਹਾ ਪਥਰ ਲਗਾਨ ਲਈ ਖਾਲੀ ਪਿਆ ਹੈ। ਇਸ ਵਿਚੋਂ ਪੁਰਾਣਾ ਪੱਥਰ ਜਿਸ ਉਤੇ ਖੂਹ ਦੇ ਪੁਟੇ ਜਾਨ ਦੀ ਤਾਰੀਖ਼ ਸੰਮਤ ਸੀ, ਪਾਣੀ ਵਿਚ ਡਿਗਕੇ ਗੁਆਚ ਗਿਆ ਹੈ।



Sri Satguru Jagjit Singh Ji Elibrary NamdhariElibrary@gmail.com

ਅਤੇ ਇਕ ਆਪਨੇ ਪਿਛੇ ਮਾਲਦਾ ਸ਼ਹਿਰ ਵਿਚ ਕਾਇਮ ਕੀਤੀਆਂ ਸਨ, ਅਤੇ ਸਭ ਥਾਂ ਏਸ ਮੋਰੰਗ ਵਾਲੇ ਅਖਾੜੇ ਦੇ ਉਦਾਸੀ ਸਾਧੂ ਬੁਲਾਕੇ ਬਿਠਾਏ ਸਨ। ਮਹਾਂ ਸਿੰਘ ਪਟਨੇ ਦਾ ਇਕ ਗ਼ਰੀਬ ਖਤ੍ਰੀ ਸੀ, ਪਰ ਫ਼ਾਰਸੀ ਖ਼੍ਵਾਂ ਮੁਨਸ਼ੀ ਚੰਗਾ ਸੀ, ਅਤੇ ਸਮਝਦਾਰ ਤੇ ਮਿਹਨਤੀ ਆਦਮੀ ਸੀ। ਇਕ ਪਰਵਾਨਾ ਫ਼ਾਰਸੀ ਦਾ ਸ਼ਿਕਸਤਾ ਖ਼ਤ ਵਿਚ ਲਿਖਿਆ ਹੋਇਆ ਸੀ, ਜਿਸਨੂੰ ਹੋਰ ਕੋਈ ਨਾ ਪੜ੍ਹ ਸਕਿਆ, ਅਤੇ ਇਸਨੇ ਪੜ੍ਹਕੇ ਨਵਾਬ ਅਲੀਵਰਦੀ ਖ਼ਾਂ ਨੂੰ ਸੁਣਾ ਦਿੱਤਾ। ਉਸ ਦਿਨ ਤੋਂ ਇਹ ਨਵਾਬ ਦਾ ਚਾਹਤਾ ਬਣ ਗਿਆ ਅਤੇ ਹੌਲੀ ਹੌਲੀ ਤ੍ਰੱਕੀ ਪਾਂਦਾ ਗਿਆ। ਚਿਟਾ ਗਾਮ ਤੋ ਦਖਨ ਇਕ ਜਗਹ *'ਦੋ ਹਜ਼ਾਰੀ' ਹੈ, ਉਥੋਂ ਦੇ ਜ਼ਿਮੀਂਦਾਰ ਸਯਦ ਫ਼ਜਰ ਅਲੀ ਅਤੇ ਤਾਰਣ ਸਿੰਘ ਬਾਗੀ ਹੋ ਬੈਠੇ। ਮਹਾਂ ਸਿੰਘ ਨੂੰ ਇਨਤਜ਼ਾਮ ਕਰਨ ਵਾਸਤੇ ਭੇਜਿਆ ਗਿਆ। ਫ਼ਜਰ ਅਲੀ ਹੋਰੀਂ ਬਾਰਾਂ ਭਿਰਾ ਸਨ, ਲੜਾਈ ਜੋ ਹੋਈ, ਉਸ ਵਿਚ ਦਸ ਮਾਰੇ ਗਏ। ਦੋਵੇਂ ਸਰਕਸ਼ ਜ਼ਿਮੀਂਦਾਰ ਦਬਾ ਲਏ ਗਏ ਅਤੇ ਮਹਾਂ ਸਿੰਘ ਨੇ ਫ਼ਜਰ ਅਲੀ ਦੀ ਜਾਗੀਰ ਬਾਰਾਂ ਹਜ਼ਾਰ ਤੋਂ ਘਟਾਕੇ ਦੋ ਹਜ਼ਾਰ ਕਰ ਦਿੱਤੀ। ਨਵਾਬ ਸਾਹਿਬ ਨੇ ਇਸ ਪਰ ਖ਼ੁਸ਼ ਹੋਕੇ ਮਹਾਂ ਸਿੰਘ ਨੂੰ ਏਸ ਇਲਾਕੇ ਦਾ ਫੌਜਦਾਰ (ਛੋਟਾ ਸੂਬੇਦਾਰ) ਮੁਕਰਰ ਕੀਤਾ ਅਤੇ 'ਦਾਨ ਖੈਰਾਤ' ਕਰਨ ਦੀ ਆਗਿਆ ਦਿਤੀ। ਮਹਾਂ ਸਿੰਘ ਨੇ ਆਪਨਾ ਅਖਤਿਆਰ ਵਰਤਕੇ ਜਿਥੇ ਮਸਜਿਦਾਂ ਅਤੇ ਬੈਰਾਗੀਆਂ ਦੀ ਸੰਗਤਾਂ ਨਾਲ ਜਾਗੀਰਾਂ ਲਗਾਈਆਂ, ਓਥੇ ਹੀ ਸਿਖ ਸੰਗਤਾਂ ਨਾਲ ਭੀ ਆਪਣੇਂ ਇਲਾਕੇ ਵਿਚ ਜਾਗੀਰਾਂ ਲਾਈਆਂ, ਅਤੇ ਸ਼ਾਹਰਾਹਾਂ ਪੁਰ ਨਵੀਆਂ ਸੰਗਤਾਂ ਵੀ ਕਾਇਮ ਕੀਤੀਆਂ। ਚੇਤੇ ਰਹੇ ਕਿ ਸੰਗਤ ਤੋਂ ਮਤਲਬ ਏਸ ਦੇਸ ਵਿਚ

---

*ਫ਼ਜਰ ਅਲੀ ਹੋਰਾਂ ਦਾ ਪੁਰਾਣਾ ਖ਼ਾਨਦਾਨ ਸੀ। ਜਦ ਗੁਰੂ ਤੇਗ ਬਹਾਦਰ ਜੀ 'ਦੋ ਹਜ਼ਾਰੀ' ਗਏ ਸਨ, ਤਦ ਇਹਨਾਂ ਦੇ ਵਡੇ ਨੂੰ ਇਕ ਹੁਕਮਨਾਮਾ ਭੀ ਦਿੱਤਾ ਸੀ, ਜੋ ਬਹੁਤ ਚਿਰ ਪਿਛੋਂ ਤਕ ਏਸ ਖ਼ਾਨਦਾਨ ਵਿਚ ਰਿਹਾ। ਪਿਛੋਂ ਜਾਇਦਾਦ ਕੋਰਟ ਆਫ਼ ਵਾਰਡਜ਼ ਪਾਸ ਚਲੀ ਗਈ ਤੇ ਹੁਕਮਨਾਮਾ ਗੁਮ ਹੋਗਿਆ।



Sri Satguru Jagjit Singh Ji Elibrary NamdhariElibrary@gmail.com

ਧਰਮਸਾਲਾ ਦਾ ਹੁੰਦਾ ਹੈ, ਜਿਥੇ ਸਾਧੂ ਤੇ ਹੋਰ ਮੁਸਾਫ਼ਰ ਲੋਕ ਆਕੇ ਉਤ੍ਰਦੇ ਹਨ। ਮਹਾਂ ਸਿੰਘ ਦੇ ਵੇਲੇ ਚਿਟਾ ਗਾਮ ਦੇ ਜ਼ਿਲੇ ਵਿਚ ਇਹ ਸਿਖ ਸੰਗਤਾਂ ਸਨ :—

ਕੁਮੀਲਾ; ਜੋਰਾਰਗੰਜ; ਫ਼ੇਨੀ, ਮੀਰੇਰ ਸਰਾਇ (ਮਿਟਗ ਸਿਰੀ); ਸੀਤਾ ਕੁੰਡ; ਕੁਮੀਰਾ (ਦੋ ਸੰਗਤਾਂ ਵੱਡੀ ਤੇ ਛੋਟੀ); ਭਟਿਆਰੀ ਅਤੇ ਚਿਟਾ ਗਾਮ। ਚਿਟਾ ਗਾਮ ਤੋਂ ਦਖਣ ਵਲ :—ਕੁਲਗਾਉ; 'ਦੋ ਹਜਾਰੀ'; ਬਾਂਸਖਾਲੀ (ਬਣੀਗ੍ਰਾਮ)। ਚਿਟਾ ਗਾਮ ਤੋਂ ਉਤ੍ਰ ਚੜ੍ਹਦੇ ਦੀ ਸੜਕ ਪਰ:— ਧੂਲਘਾਟ; ਹਾਠਾਜ਼ਾਰੀ (ਆਠ-ਹਜ਼ਾਰੀ); ਰਾਂਗੁਣੀਆਂ; ਅਤੇ ਕੰਚਨਨਗਰ (ਤਿੰਨ ਸੰਗਤਾਂ ਸਨ)। ਜਿਥੇ ਸਰਦਾਰ ਮਹਾਂ ਸਿੰਘ ਦਾ ਸਦਰ ਮੁਕਾਮ ਸੀ, ਉਸਦੀ ਹਵੇਲੀ ਅਤੇ ਕਿਲ੍ਹੇ ਦੇ ਖੰਡਰਾਤ ਹੁਣ ਤਕ ਮੌਜੂਦ ਹਨ।

ਇਕ ਫ਼ੋਟੋ ਗ੍ਰਾਫ ਇਕ ਗ੍ਰੰਥ ਸਾਹਿਬ ਦੇ ਦੋ ਸਫ਼ਿਆਂ ਦਾ ਏਸ ਕਿਤਾਬ ਵਿਚ ਅਗੇ ਦਿੱਤਾ ਹੈ, ਓਹ ਬੀੜ ਸਰਦਾਰ ਮਹਾਂ ਸਿੰਘ ਦੇ ਭਰਾ ਲਾਲਾ ਨੰਦ ਲਾਲ ਨੇ ਆਪਨੇ ਵਾਸਤੇ ਤਿਆਰ ਕਰਵਾਈ ਸੀ।

ਇਹਨਾਂ ਸਾਰੀਆਂ ਸੰਗਤਾਂ ਵਿਚੋਂ ਹੁਣ ਸਿਰਫ਼ ਦੋ ਹੀ ਭੈੜੀਆਂ ਚੰਗੀਆਂ ਚਲ ਰਹੀਆਂ ਹਨ, ਇਕ ਚਿਟਾ ਗਾਮ ਦੀ ਤੇ ਦੂਜੀ ਬਣੀਗ੍ਰਾਮ ਦੀ। ਭਟਿਆਰੀ ਤੇ ਸੀਤਾ ਕੁੰਡ ਵਿਚ ਕੋਠੇ ਖੜੇ ਹਨ(ਸੰਨ ੧੯੧੫ ਵਿਚ); ਫ਼ੇਨੀ ਦੀ ਸੰਗਤ ਹੜ ਨਾਲ ਰੁੜ੍ਹ ਗਈ ਸੀ। ਬਾਕੀ ਦੀਆਂ ਭੀ ਸਹਿਜੇ ਸਹਿਜੇ ਪਿਛਲੇ ਸੱਠ ਪੈਂਠ ਵਰ੍ਹੇ ਵਿਚ ਉੱਜੜ ਗਈਆਂ ਹਨ। ਗੁਜ਼ਾਰਾ ਨਾ ਰਿਹਾ, ਸਾਧੂ ਉਠਕੇ ਚਲੇ ਗਏ ਅਤੇ ਜੇ ਕੋਈ ਗ੍ਰਿਹਸਥੀ ਪੁਜਾਰੀ ਹੋਇਆ, ਉਸਨੇ ਦੁਕਾਨ ਆਦਿ ਪਾ ਲਈ।

ਚਿਟਾਗਾਮ ਦੀ ਸੰਗਤ ਨਾਲ ੧੦੦੦) ਸਾਲ ਦੀ ਅਤੇ ਬਣੀਗ੍ਰਾਮ ਦੀ ਸੰਗਤ ਨਾਲ ੫੦੦) ਸਾਲ ਦੀ ਜਾਗੀਰ ਹਾਲੀ ਭੀ ਹੈ। ਬਣੀਗ੍ਰਾਮ ਦੀ ਸੰਗਤ ਦਾ ਪਹਿਲਾ ਮਹੰਤ ਸੂਰਤ ਰਾਮ ਸੀ। ਉਸਦੇ ਪਿਛੋਂ ਝੰਡਾ ਰਾਮ, ਲਛਮਨ ਦਾਸ, ਕਰਮ ਪ੍ਰਕਾਸ਼, ਆਤਮ ਪ੍ਰਕਾਸ਼, ਅਮਰਦਾਸ ਗੁਰੂ ਦਾਸ, ਤੇ ਰਾਮਦਾਸ ਹੋਏ ਹਨ। ਇਹਨਾਂ ਸਭ ਦੀਆਂ ਸਮਾਧਾਂ ਸੰਗਤ



Sri Satguru Jagjit Singh Ji Elibrary NamdhariElibrary@gmail.com

ਦੇ ਇਕ ਲੰਮੇ ਦਾਲਾਨ ਵਿਚ ਹਨ। ਹੁਣ (ਸੰਨ ੧੯੧੫) ਮਹੰਤ ਚੰਚਲਦਾਸ ਹੈ, ਜਿਸਦਾ ਚੇਲਾ ਗੰਗਾ ਰਾਮ ਹੈ। ਬਣੀਗ੍ਰਾਮ ਦੇ ਲੋਕ ਉਸਦੀ ਕੋਈ ਮਦਦ ਨਹੀਂ ਕਰਦੇ, ਪਰ ਨੇੜੇ ਤੇੜੇ ਦੇ ਪਿੰਡਾਂ ਵਿਚ ਚਾਲ੍ਹੀ ਕੂ ਘਰ ਸੇਵਕਾਂ ਦੇ ਹਨ, ਜਿਨ੍ਹਾਂ ਤੋਂ ਕੁਝ ਪ੍ਰਾਪਤ ਹੋ ਜਾਂਦਾ ਹੈ। ਜਗੀਰ ਦੀ ਆਮਦਨ, ਖ਼ਰਚ ਕਢਕੇ ਕੋਈ ੩੫੦) ਸਾਲ ਦੀ ਹੈ।

ਉਪਰਲੇ ਹਾਲਾਤ ਮੈਨੂੰ ਬਹੁਤ ਕੁਝ ਮਹੰਤ ਚੰਚਲ ਦਾਸ ਤੋਂ ਹੀ ਮਾਲੂਮ ਹੋਏ ਹਨ। ਮਹੰਤ ਨੇ ਮੈਨੂੰ ਇਹ ਭੀ ਦਸਿਆ ਕਿ ਤੀਹ ਵਰ੍ਹੇ ਹੋਏ ਹਨ (ਸੰਨ ੧੯੯੫ ਦੇ ਲਾਗੇ) ਜੋ ਕੁਮੀਲੇ ਵਿਚ ਇਕ ਖਤ੍ਰੀ ਦੇ ਪਾਸ ਉਸਨੇ ੧੨ ਗ੍ਰੰਥ ਸਾਹਿਬ ਵੇਖੇ ਸਨ, ਜਿਨ੍ਹਾਂ ਵਿਚੋਂ ਇਕ ਸੁਨੈਹਰੀ ਅਖਰਾਂ ਵਿਚ ਸੀ,ਅਤੇ ਹਾਸ਼ੀਏ ਤੇ ਬੇਲਬੂਟੇ (illuminated) ਸਨ। ਇਹ ਗ੍ਰੰਥ ਬੜੇ ਆਕਾਰ ਦਾ ਸੀ, ਖ਼ੂਬ ਮੋਟੀ ਲਿਖਤ ਸੀ। ਹੁਣ ਇਹ ਗ੍ਰੰਥ ਸਾਹਿਬ ਗੁਮ ਹੋ ਗਏ ਹਨ।

## ੧੯-ਬੀੜ ਸੰਮਤ ੧੭੪੨
## ਨਾਨਕ ਮਤਾ (ਪੀਲੀ ਭੀਤ)

ਇਹ ਗੁਰਦਵਾਰਾ ਹੈ ਤਾਂ ਸੂਬੇ ਆਗਰਾ ਤੇ ਅਵਧ ਵਿਚ, ਪਰ ਅਸੀਂ ਏਸਦਾ ਜ਼ਿਕਰ ਢਾਕੇ ਬੰਗਾਲੇ ਦੀਆਂ ਸੰਗਤਾਂ ਵਿਚ ਕਰ ਰਹੇ ਹਾਂ, ਕਿਉਂ ਜੋ ਏਸ ਦੀ ਸਾਂਝ ਉਧਰ ਦੀਆਂ ਸੰਗਤਾਂ ਨਾਲ ਹੈ।

ਇਹ ਗੁਰਦਵਾਰਾ ਪਿਛੇ ਛੇਵੇਂ ਗੁਰੂ ਤਕ ਅਪੜਦਾ ਹੈ। ਬਿਹਾਰ ਅਤੇ ਢਾਕੇ ਬੰਗਾਲੇ ਵਲ ਦੀਆਂ ਉਦਾਸੀ ਸੰਗਤਾਂ ਸਭ ਮੋਰੰਗ ਮੁਲਕ ਨੀਪਾਲ ਦੇ ਅਖਾੜੇ ਜਾਂ ਧੂਏਂ ਨਾਲ ਸਬੰਧਤ ਹੁੰਦੀਆਂ ਸਨ, ਅਤੇ ਪੁਰਾਣੀਆਂ ਸਭ ਅਲਮਸਤ ਰਾਜ ਅਤੇ ਨਥਾ ਸਾਹਿਬ ਉਦਾਸੀ ਬਜ਼ੁਰਗਾਂ ਦੀਆਂ ਕਾਇਮ ਕੀਤੀਆਂ ਸਨ। ਨਾਨਕ ਮਤਾ ਨੂੰ 'ਗੁਰੂ ਤਖਤ' ਕਰਕੇ ਲਿਖਿਆ ਹੈ, ਜਿਸ ਤਰ੍ਹਾਂ ਕਿ ਉਸ ਪਥਰ ਪੁਰ ਜੋ ਨਥਾ ਸਾਹਿਬ ਦੀ ਸੰਗਤ



Sri Satguru Jagjit Singh Ji Elibrary NamdhariElibrary@gmail.com

ਸ਼ੁਜਾਅਤਪੁਰ (ਢਾਕਾ) ਦੇ ਖੂਹ ਵਿਚ ਲੱਗਾ ਹੈ, ਲਿਖਿਆ ਹੈ। ਜਿਸ ਦੀਆਂ ਪਹਿਲੀਆਂ ਦੋ ਸਤਰਾਂ ਇਉਂ ਹਨ :—

"ਸਚਿ ਵਾਹਗੁਰੂ ਕਰਤਾਰ ਗੁਰੂ ਨਾਨਕ
ਅਲਮਸਤਰਾਜ ਗੁਰੂ ਤਖਤ ਨਾਨਕ ਮਤਾ"

ਜਿਸ ਤਰ੍ਹਾਂ ਜੋਗੀਆਂ ਨਾਲ ਲੜ ਭਿੜਕੇ ਤੇ ਮਾਰਾਂ ਕੁੱਟਾਂ ਖਾਕੇ, ਅਲਮਸਤ ਨੇ ਇਹ ਥਾਂ ਜੋਗੀਆਂ ਤੋਂ ਖੋਹਕੇ ਉਦਾਸੀਆਂ ਦਾ ਸਥਾਨ ਬਨਾਕੇ ਨਾਮ 'ਨਾਨਕ ਮਤਾ' ਰਖ ਦਿੱਤਾ, ਉਸ ਦਾ ਵੇਰਵਾ ਮੈਂ ਕਿਤੇ ਹੋਰਥੇ ਦਿੱਤਾ ਹੈ। ਇਸ ਗੁਰਦਵਾਰੇ ਨਾਲ ਕੁਝ ਪਿੰਡਾਂ ਦੀ ਜ਼ਮੀਨ ਜਾਗੀਰ ਵਿਚ ਹੈ। ਇਹ ਜਾਗੀਰ ਅਵਧ ਦੇ ਨਵਾਬਾਂ ਨੇ ਦਿੱਤੀ ਸੀ।

ਏਸ ਗੁਰਦਵਾਰੇ ਵਿਚ ਮੈਨੂੰ ਹਥ-ਲਿਖਤ ਦੋ ਆਦਿ ਗ੍ਰੰਥ, ਅਤੇ ਇਕ ਦਸਮ ਗ੍ਰੰਥ ਮਿਲੇ। ਇਕ ਆਦਿ ਗ੍ਰੰਥ ਵਿਚ ਕੋਈ ਸੰਮਤ ਉਸਦੇ ਲਿਖੇ ਜਾਨ ਦਾ ਨਹੀਂ ਦਿੱਤਾ। ਅਤੇ ਆਮ ਹਾਲਤ ਤੋਂ ਕੋਈ ਬਹੁਤ ਪੁਰਾਣਾ ਵੀ ਨਹੀਂ ਦਿਸਦਾ। ਦਸਮ ਗ੍ਰੰਥ ਵੀ ਕੋਈ ਸਾਧੂ ਲਿਆਇਆ ਸੀ ਤੇ ਫੇਰ ਏਥੇ ਹੀ ਛਡ ਗਿਆ।

ਪਰ ਦੂਜਾ ਆਦਿ ਗ੍ਰੰਥ ਜੋ ਪੁਰਾਣਾ ਹੈ, ਅਤੇ ਏਸ ਸੰਗਤ ਦਾ ਅਸਲੀ ਗ੍ਰੰਥ ਹੈ, ਸੰਮਤ ੧੭੪੨ ਦਾ ਲਿਖਿਆ ਹੈ। 'ਚਲਿਤ੍ਰ ਜੋਤੀ ਜੋਤ ਸਮਾਵਣ ਕੇ' ਦੇਕੇ ਲਿਖਿਆ ਹੈ:—

"ਸੰਮਤ ੧੭੪੨ ਮਘਰ ੨੭ ਪੋਥੀ ਲਿਖਿ ਪਹੁਚੇ।"

'ਪੋਥੀ ਲਿਖਿ ਪਹੁਚੇ' ਦਾ ਮਤਲਬ ਅਸੀਂ ਉਪਰ ਦਸ ਆਏ ਹਾਂ। ਸੋ ਇਹ ਬੀੜ ਭੀ, ਭਾਈ ਬਨੋ ਦੀ ਬੀੜ ਦੇ ਪਰਵਾਰ ਵਿਚੋਂ ਹੈ। ਦਸਵੀਂ ਪਾਤਸ਼ਾਹੀ ਦਾ ਨੀਸ਼ਾਣ ਇਸ ਬੀੜ ਅੰਦਰ ਹੈ, ਜੋ ਅਸੀਂ ਸਾਹਮਣੇ ਦੇਂਦੇ ਹਾਂ। ਸੰਮਤ ੧੭੪੨ ਅਤੇ ੧੭੪੬ ਦੇ ਵਿਚਾਲੇ ਜੋ ਬਹੁਤ ਸਾਰੇ ਉਤਾਰੇ ਕਰਵਾਕੇ ਦਸ਼ਮੇਸ਼ ਨੇ ਦੂਰ ਦੂਰ ਦੀਆਂ ਸੰਗਤਾਂ ਵਿਚ ਭੇਜੇ, ਉਹਨਾਂ ਵਿਚੋਂ ਇਕ ਇਹ ਭੀ ਹੈ। ਇਹ ਸਾਰੀ ਬੀੜ ਇਕ ਹਥ ਦੀ ਸਾਫ਼ ਸੁਥਰੀ ਲਿਖੀ ਹੈ। ਜਿਸ ਵੇਲੇ ਮੈਂ ਇਸ ਬੀੜ ਦਾ ਜਾਂ ਢਾਕੇ ਬੰਗਾਲੇ ਤੇ ਯੂ.ਪੀ. ਦੀਆਂ ਹੋਰ ਬੀੜਾਂ ਦਾ ਇਮਤਿਹਾਨ ਕੀਤਾ ਸੀ, ਉਸ ਵੇਲੇ ਮੇਰੇ ਸਾਮਣੇ ਬਹੁਤ ਥੋੜੇ ਸਵਾਲ ਹੁੰਦੇ ਸਨ। ਜੇ ਮੈਂ ਹੁਣ ਓਹਨਾਂ ਹੀ ਬੀੜਾਂ ਨੂੰ ਵੇਖਾਂ, ਤਦ ਅਜਬ ਨਹੀਂ ਕਿ ਬਹੁਤ ਸਾਰੀਆਂ ਨਵੀਆਂ ਗੱਲਾਂ



Sri Satguru Jagjit Singh Ji Elibrary NamdhariElibrary@gmail.com

ਮਾਲੂਮ ਹੋਨ ।

ਕਈ ਅਖਰ ਪੁਰਾਣੀ ਸ਼ਕਲ ਦੇ ਹਨ, ਓਹ ਸਾਰੇ ਸਾਡੇ ਨਕਸ਼ੇ ਵਿਚ, ਜੋ ਬੂੜੇ ਸੰਧੂ ਵਾਲੀ ਬੀੜ ਦੇ ਨਾਲ ਦਿਤਾ ਹੈ, ਦਾਖ਼ਲ ਕਰ ਲਏ ਗਏ ਹਨ ।

ਮੀਰਾਂ ਬਾਈ ਦਾ ਸ਼ਬਦ ਰਾਗ ਮਾਰੂ ਹੇਠਾਂ ਦਿਤਾ ਹੈ । ਨਾਵੇਂ ਮਹਲ ਦੇ ਸ਼ਲੋਕ (੫੬) 'ਸ਼ਲੋਕ ਵਾਰਾਂ ਤੇ ਵਧੀਕ' ਦੇ ਨਾਲ, ਮੁੰਦਾਵਣੀ ਤੋਂ ਝਟ ਹੀ ਪਹਿਲੇ ਦਿਤੇ ਹਨ।ਰਾਗ ਸੋਰਠ ਹੇਠਾਂ ਨਾਵੇਂ ਗੁਰੂ ਦੇ ਇਕ ਤੇਰਹਵੇਂ ਸ਼ਬਦਦੀ ਪ੍ਰਤੀਕ

ਸਾਧੋ ਇਹ ਜਗ ਖੇਲ ਤਮਾਸ਼ਾ ।

ਤਤਕਰੇ ਵਿਚ ਦਿਤੀ ਹੈ, ਭਾਵੇਂ ਅੰਦਰ ਗ੍ਰੰਥ ਸਾਹਿਬ ਦੇ ਇਹ ਸ਼ਬਦ ਨਹੀਂ ਹੈ ਇਹੋ ਪ੍ਰਤੀਕ ਹੋਰ ਬੀੜ ਵਿਚ ਵੀ ਵੇਖੀ ਗਈ ਹੈ । ਜੈਜਾਵੰਤੀ ਦੇ ਸ਼ਬਦਾਂ ਨੂੰ ਰਾਗ ਜੈਤਸਰੀ ਦੇ ਪਿਛੇ ਰਖਿਆ ਹੈ । ਸਲੋਕ ੫੪ ਤੇ ੫੫ ਦੇ ਪਾਠ ਵਿਚ ਕੁਝ ਲਫ਼ਜ਼ੀ ਫ਼ਰਕ ਹਨ । 'ਬਲ ਹੁਆ, ਬੰਧਨ ਛੁਟੇ' ਵਾਲੇ ਸਲੋਕ ਨੂੰ ਸਾਫ਼ 'ਮਹਲਾ ੧੦' ਦਾ ਦਸਿਆ ਹੈ । ਸ਼ਲੋਕਾਂ ਦੀ ਤਰਤੀਬ ਵਿਚ ਕੁਝ ਫ਼ਰਕ ਹੈ । ਸਲੋਕ ੫੪, ੫੫ ਤੋਂ ਅਗੇ ਸਲੋਕ ੫੬ ਏਸ ਤਰ੍ਹਾਂ ਪੁਰ ਹੈ—

ਸੰਗ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥ ।
ਕਹੁ ਨਾਨਕ ਇਹ ਬਿਪਤ ਮਹਿ ਟੇਕ ਏਕ ਰਘੁਨਾਥ ।

ਮਾਨੋ ਸੀਸ ਦੇਣ ਤੋਂ ਪਹਿਲੇ ਇਹ ਛੇਕੜਲਾ ਸੁਨਿਹਾ ਪੁਤ੍ਰ ਵੱਲ ਭੇਜਿਆ ਸੀ । ਭੋਗ ਦੀ ਬਾਣੀ ਦੀ ਤਰਤੀਬ ਦਸਤੂਰ ਮੂਜਬ ਹੈ, ਅਤੇ ਮੁੰਦਾਵਣੀ ਦੇ ਪਿਛੋਂ ਵਾਲਤੂ ਬਾਣੀਆਂ ਇਸ ਤਰ੍ਹਾਂ ਦਿਤੀਆਂ ਹਨ:—

ਸਲੋਕ—'ਜਿਤ ਦਰ ਲਖ ਮੁਹਮਦਾ' (੩) । ਸਲੋਕ ਮ: ੧—'ਬਾਦਿ ਆਤਿਸ ਆਬ' (੧੬) । ਰਾਮਕਲੀ ਰਤਨਮਾਲਾ (ਸਮੇਤ ਮਾਮੂਲੀ ਟਿਪੱਣੀ ਦੇ) । ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ । ਰਾਗਮਾਲਾ ਤੇ ਸਿਆਹੀ ਕਿ ਬਿਧੀ (ਛੋਟੀ) ।

ਤਤਕਰੇ ਵਿਚ ਉਂਜ ਤਾਂ ਪਤ੍ਰਿਆਂ ਦੇ ਅੰਕ ਨਹੀਂ ਦਿਤੇ, ਪਰ ਇਕ ਪ੍ਰਤੀਕ ਜ਼ਰਾ ਅਨੋਖੀ ਜਿਹੀ ਹੈ:—"ਬਰ ਅਫਲ ਫਲਾਇ ਨ ਫਲੇ ਮਹਲਾ ੩ ਤੀਜਾ ਪਤਿ ੫੦" । 'ਪਤਿ ੫੦' ਦੇ ਲਫ਼ਜ਼ ਉਸ ਤਤਕਰੇ ਵਿਚ ਸਨ, ਜਿਥੋਂ ਇਹ ਤਤਕਰਾ ਨਕਲ ਕੀਤਾ ਗਿਆ, ਨਹੀਂ ਤਾਂ ਇਹ ਸ਼ਬਦ, 'ਅਫਲ ਫਲਾਇ ਨ ਫਲੇ' ਏਸ ਬੀੜ ਦੇ ਪਤ੍ਰੇ ੫੦ ਪੁਰ ਨਹੀਂ । ਤਤਕਰਾ ਕਿਤੋਂ ਵਖਰੇ ਥਾਂਓਂ ਨਕਲ ਕੀਤਾ ਸੀ ।

'ਜਪੁ' ਬਾਬਤ ਭੀ ਲਿਖਿਆ ਹੈ ਕਿ:—'ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲ' ਤਤਕਰੇ ਦੇ ਪਿਛੇ 'ਚਲਿਤ੍ਰ ਜੋਤੀ ਜੋਤ ਸਮਾਵਣ ਕੇ' ਨਾਵੀਂ ਪਾਤਸ਼ਾਹੀ ਤਕ ਦਿਤੇ ਹਨ । ਬਾਬੇ ਗੁਰਦਿਤੇ ਦੀ ਥਿਤ ਗੁਰੂ ਹਰਗੋਬਿੰਦ ਸਾਹਿਬ ਦੀ ਥਿਤ ਨਾਲੋਂ ਪਿਛੋਂ ਦਿਤੀ ਹੈ, ਪਰ ਕਿਸੇ ਗ਼ਲਤੀ ਕਰਕੇ 'ਚੇਤ ਸੁਦੀ ੧੦' ਦੀ ਥਾਂ 'ਕਤਕ ਵਦੀ ੯' ਲਿਖ ਦਿਤਾ ਹੈ ।



Sri Satguru Jagjit Singh Ji Elibrary NamdhariElibrary@gmail.com

# ੧੯-ਪੁਰਾਤਨ ਬੀੜ ਸੰਗਤ ਬਨਿਗ੍ਰਾਮ

ਇਸ ਬੀੜ ਦੇ ਉਤਾਰਾ ਕੀਤੇ ਜਾਣ ਦਾ ਸੰਮਤ ਤੇ ਮਾਲੂਮ ਨਹੀਂ ਹੋ ਸਕਦਾ, ਪਰ ਹੈ ਇਹ ਬਹੁਤ ਪੁਰਾਣੀ । ਕਾਗ਼ਜ਼ ਖਸਤਾ ਹੋ ਗਿਆ ਹੈ, ਹਰਫ ਕਿਤੇ ਕਿਤੇ ਉਡ ਗਏ ਹਨ ਤੇ ਪੜ੍ਹੇ ਨਹੀਂ ਜਾ ਸਕਦੇ । ਇਕ ਦੋ ਪਤ੍ਰੇ ਭੀ ਨਿਕਲੇ ਹੋਏ ਜਾਂ ਪਾਟੇ ਹੋਏ ਹਨ। ਅਖਰਾਂ ਦੀਆਂ ਸ਼ਕਲਾਂ ਵੀ ਹੁਣ ਨਾਲੋਂ ਫ਼ਰਕ ਸਿਰ ਹਨ। ਸੰਮਤ ਅਕਸਰ ਤਤਕਰੇ ਦੇ ਅਗੇ ਜਾਂ ਪਿਛੇ ਦਿੱਤਾ ਹੁੰਦਾ ਹੈ, ਉਥੇ ਇਹ ਨਹੀਂ ਹੈ। ਦੂਜੀ ਥਾਂ ਸੰਮਤ ਦੇ ਦੇਣ ਦੀ ਗ੍ਰੰਥ ਸਾਹਿਬ ਦੇ ਛੇਕੜ 'ਚਰਿਤ੍ਰ ਜੋਤੀ ਜੋਤ ਸਮਾਵਣ ਕੇ' ਦੇ ਨਾਲ ਹੁੰਦੀ ਹੈ। ਏਸ ਬੀੜ ਵਿਚ ਨਾਵੇਂ ਮਹਲ ਦੀ ਬਾਣੀ ਦਿੱਤੀ ਹੈ, ਸੋ ਨਾਵੇਂ ਮਹਲ ਦੇ ਚਲਾਣੇ ਦੀ ਥਿਤ ਵੀ ਦਿੱਤੀ ਹੋਣੀ ਹੈ। ਨਵਾਂ ਪਾਤਸ਼ਾਹੀਆ ਦੇ ਸੰਮਤ ਦੇਕੇ ਸਫ਼ੇ ਉਤੇ ਚੋਖੀ ਥਾਂ ਬਚੀ ਹੋਣੀ ਏ। ਮਾਲੂਮ ਦੇਂਦਾ ਹੈ ਕਿ ਉਤਾਰੇ ਦਾ ਸੰਮਤ ਇਥੇ ਲਿਖਿਆ ਹੋਣਾ ਏ, ਪਰ ਇਹ ਅਧਾ ਵਰਕਾ ਹੇਠੋਂ ਪਾਟ ਗਿਆ ਹੈ। ਬੀੜ ਦੀ ਆਮ ਹਾਲਤ, ਅਖਰਾਂ ਦੀਆਂ ਸ਼ਕਲਾਂ, ਅਤੇ ਅੰਦਰ ਬਾਣੀ ਦੀ ਤਰਤੀਬ ਆਦਿ ਦਾ ਖ਼ਿਆਲ ਕਰਕੇ, ਮੈਂ ਏਸ ਨੂੰ ਸੰਮਤ ੧੭੫੨ ਤੋਂ ਪਹਿਲੇ ਰਖਾਂਗਾ। ਇਹ ਸੰਗਤ ਸਰਦਾਰ ਮਹਾਂ ਸਿੰਘ ਦੇ ਵੇਲੇ ਤੋਂ ਪੁਰਾਣੀ ਹੈ।

ਬੀੜ ਕਾਹਲੀ ਵਿਚ ਉਤਾਰਾ ਕੀਤੀ ਦਿਸਦੀ ਹੈ, ਲਿਖਾਈ ਕੁਝ ਅਜਿਹੀ ਸੁੰਦਰ ਨਹੀਂ, ਬਹੁਤ ਸਾਰੀਆਂ ਭੁਲਾਂ ਕੀਤੀਆਂ ਹਨ, ਅਤੇ ਫੇਰ ਓਹਨਾਂ ਨੂੰ ਸੋਧਿਆ ਹੈ, ਕਿਤੇ ਤਾਂ ਪਾਲਾਂ ਦੇ ਵਿਚਾਲੇ, ਅਤੇ ਬਹੁਤਾ ਕਰਕੇ ਕਿਨਾਰੇ ਜਾਂ ਹਾਸ਼ੀਏ ਪੁਰ। ਸੁਧਾਈ ਕਰਨ ਪਿਛੋਂ ਭੀ ਗ਼ਲਤੀਆਂ ਰਹਿ ਗਈਆਂ ਹਨ। ਜਿਤਨੇ ਕੁ ਸ਼ਬਦ ਮੈਂ ਪੜ੍ਹੇ ਹਨ, ਉਸਤੋਂ ਪਤਾ ਲਗਦਾ ਹੈ ਕਿ ਹੁਣ ਨਾਲੋਂ ਪਾਠ ਦਾ ਥੋੜਾ ਬਹੁਤਾ ਅੰਤਰਾ ਸੀ, ਖ਼ਾਸ ਕਰਕੇ ਨਾਵੇਂ ਮਹਲ ਦੇ ਸ਼ਲੋਕਾਂ ਅਤੇ ਭਗਤ ਬਾਣੀ ਵਿਚ।

ਪਹਿਲੇ ੩੩ ਪਤ੍ਰਿਆਂ ਪੁਰ ਤਤਕਰੇ ਹਨ ਅਤੇ ਅਗੇ ੭੧੨ ਪਤ੍ਰਿਆਂ ਪੁਰ



Sri Satguru Jagjit Singh Ji Elibrary NamdhariElibrary@gmail.com

ਗਰੰਥ ਸਾਹਿਬ ਅਤੇ ਉਸਦੇ ਪਿਛੇ 'ਫਾਲਤੂ' ਬਾਣੀ ਹੈ। ਪਤ੍ਰਿਆਂ ਪੁਰ ਅੰਕ ਛੇਕੜ ਤਕ ਦਿਤੇ ਹਨ, ਮਤਲਬ ਕੀਹ ਓਹਨਾਂ ਪਤ੍ਰਿਆਂ ਪੁਰ ਭੀ ਅੰਕ ਹਨ, ਜਿਨ੍ਹਾਂ ਪੁਰ ਫਾਲਤੂ ਬਾਣੀਆਂ ਲਿਖੀਆਂ ਹਨ।

ਸ਼ਬਦਾਂ ਦੇ ਤਤਕਰੇ ਵਿਚ ਸ਼ਬਦਾਂ ਦੀਆਂ ਪ੍ਰਤੀਕਾਂ ਦੇਂਦੇ ਸਮੇਂ, ਓਹਨਾਂ ਦੀ ਸਿਲਸਿਲੇ ਵਾਰ ਗਿਨਤੀ ਭੀ ਲਿਖੀ ਹੈ, ਅਤੇ ਸ਼ਬਦ ਵਿਚ ਜਿਤਨੇ ਪਦੇ ਹਨ, ਓਹਨਾਂ ਦੀ ਗਿਨਤੀ ਵੀ ਸਜੇ ਹਥ ਪਰ ਦੇ ਦਿੱਤੀ ਹੈ। ਮਤਲਬ ਹੈ ਕਿ ਇਹ ਲਿਖਾਰੀ ਤਤਕਰੇ ਨੂੰ ਐਡਾ ਪਵਿਤ੍ਰ ਨਹੀਂ ਸਨ ਸਮਝਦੇ ਕਿ ਉਸ ਵਿਚ ਆਪਣੀ ਸਮਝ ਮੂਜਬ ਕੁਝ ਅਦਲ ਬਦਲ ਨਾ ਕਰਨ, ਅਤੇ ਉਸਨੂੰ ਵਧੀਕ ਲਾਭਦਾਇਕ ਨਾ ਬਨਾਣ। ਹਰ ਪ੍ਰਤੀਕ ਦੇ ਸਾਮ੍ਹਣੇ ਲਫ਼ਜ਼ 'ਪਨੇ' ਤਾਂ ਲਿਖਿਆ ਹੈ, ਪਰ ਪਨੇ ਦਾ ਅੰਕ ਕਿਤੇ ਨਹੀਂ ਦਿੱਤਾ, ਵਿਹਲ ਨਹੀਂ ਮਿਲੀ ਜਾਂ ਵੇਹਲ ਨਹੀਂ ਕੀਤੀ। ਤਤਕਰੇ ਵਖਰੇ ਪਹਿਲੋਂ ਨਕਲ ਕਰ ਲਏ ਜਾਂਦੇ ਸਨ, ਅਤੇ ਗ੍ਰੰਥ ਸਾਹਿਬ ਦਾ ਉਤਾਰਾ ਮੁਕਨ ਪੁਰ ਪਤ੍ਰਿਆਂ ਦੇ ਅੰਕ ਸਾਮਣੇ ਭਰ ਦਿਤੇ ਜਾਂਦੇ ਸਨ। ਨਮੂਨਾ ਹੇਠਾਂ ਦੇਂਦੇ ਹਾਂ ਜਿਸ ਤੋਂ ਸਭ ਸਮਝ ਆ ਜਾਇਗੀ:—

ਬਤ ਅਫਲ ਫਲਾਇ ਨ ਫਲੇ ਨ ਘਾਉ– ਪਨੇ    ਪਦੇ ੧੨

ਸਿਰੀ ਰਾਗ ਮਹਲਾ ੩ ॥ ਸ਼ਬਦ ਚਲੇ ॥

੧ ਹਉ ਸਤਿਗੁਰ ਸੇਵੀ ਆਪਨਾ ਪਨੇ    ਪਦੇ ੧੨

'ਜੈਜੈਵੰਤੀ', ਰਾਗ ਜੈਤਸਰੀ ਦੇ ਪਿਛੇ ਦਿੱਤਾ ਹੈ, ਅਤੇ ਛੇਕੜਲਾ ਰਾਗ ਬਿਭਾਸ ਹੀ ਰਖਿਆ ਹੈ।

ਰਾਗ ਬਿਭਾਸ ਵਿਚ ਪੰਜਵੀਂ ਪਾਤਸ਼ਾਹੀ ਦੇ ੧੫ ਦੀ ਥਾਂ ੧੭ ਚਉਪਦੇ ਅਤੇ ੩ ਦੀ ਥਾਂ ੪ ਅਸ਼ਟਪਦੀਆਂ ਦਿਤੀਆਂ ਹਨ। ਭਗਤ ਬਾਣੀ ਲਿਖਦੇ ਸਮੇਂ ਭਗਤ ਦਾ ਨਾਮ ਸਿਰੇ ਤੇ ਨਹੀਂ ਦਿੱਤਾ, ਸਭ ਦੇ ਸ਼ਬਦ ਇਕੱਠੇ ਲਿਖਕੇ ਪਿਛੋਂ ਖੁਲਾਸਾ ਕਰ ਦਿੱਤਾ ਹੈ ਜਿਕਰ ਰਾਗ ਬਿਭਾਸ ਦੇ ਅੰਤ ਪਰ ਲਿਖਿਆ ਹੈ:—॥੫॥੧॥੯॥ ਕਬੀਰ॥੫॥ਨਾਮਦੇਵ ॥੩॥ ਬੇਣੀ ॥ ੧॥ ਜੋੜ ੯ ॥

ਬਿਭਾਸ ਦੇ ਸ਼ਬਦ ਦੇਕੇ, ਝਟ ਹੀ ਪਿਛੋਂ ਸ਼ਲੋਕ ਨਾਵੀਂ ਪਾਤਸ਼ਾਹੀ ਦੇ ਲਿਖੇ ਹਨ, ਮੁੰਦਾਵਣੀ ਤੋਂ ਝਟ ਪਹਿਲੇ



Sri Satguru Jagjit Singh Ji Elibrary    NamdhariElibrary@gmail.com

ਨਹੀਂ, ਜਿਸ ਤਰ੍ਹਾਂ ਕਿ ਹੋਰ ਬੀੜਾਂ ਵਿਚ ਕੀਤਾ ਹੈ। ਛੇਕੜ ਦੇ ਕੁਝ ਸ਼ਲੋਕਾਂ ਦਾ ਪਾਠ ਤੇ ਤਰਤੀਬ ਇਉਂ ਹੈ:—

ਗੁਣ ਗੋਬਿਦ ਗਾਇਓ ਨਹੀ ਜਨਮ ਅਕਾਰਥ ਕੀਨ।

............ ............ ............

ਦੁਹਰਾ ॥ ਬਲ ਛੁਟਕੋ ਬੰਧਨ ਪਰੇ ਕਛੂ ਨ ਹੋਤ ਉਪਾਇ।
ਨਾਨਕ ਹਰਿ ਗਜ ਜਿਉ ਹੋਹਿ ਸਹਾਇ ॥ ੫੩ ॥
ਮਹਲਾ ੯ ॥ ਰਾਮ ਨਾਮ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ।
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥ ੫੫ ॥
ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ।
ਕਹੁ ਨਾਨਕ ਇਹ ਬਿਪਤ ਮੈ ਟੇਕ ਏਕ ਰਘੁਨਾਥ ॥ ੫੪ ॥
ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰੁ ਗੋਬਿੰਦੁ।
ਨਾਨਕ ਸਭ ਜਗ ਰਮ ਰਹਿਆ ਕਿਨੈ ਨ ਜਾਨਿਓ ਮੰਤੁ ॥੫੫॥

ਛੇਕੜਲੀ ਪਾਲ ਪਹਿਲੇ ਇਉਂ ਲਿਖੀ ਸੀ: 'ਕਹ ਨਾਨਕ ਇਹ ਜਗਤ ਮਹਿ ਕਿਨਹਿ ਜਪਿਓ ਗੁਰਮੰਤੁ ॥੫੭॥' ਇਸਨੂੰ ਕਟਕੇ ਉਸ ਤਰ੍ਹਾਂ ਕਰ ਦਿੱਤਾ ਹੈ ਜਿਕੁਰ ਉਪਰ ਦਿੱਤੀ ਹੈ। ਦਸਮ ਪਾਤਸ਼ਾਹ ਦਾ ਦੋਹਰਾ ਨਕਲ ਕਰਨੋ ਰਹਿ ਗਿਆ ਹੈ। ਜਿਸਦਾ ਪਤਾ ਕਿ ਅਗੇ 'ਮਹਲਾ ੯' ਲਿਖਣ ਤੋਂ ਲਗ ਜਾਂਦਾ ਹੈ। ਤਰਤੀਬ ਵਿਚ ਇਹ ਫ਼ਰਕ ਦਸਦੇ ਹਨ ਕਿ ਸ਼ਲੋਕ ਜਿਸ ਤਰ੍ਹਾਂ ਲਿਖਾਰੀ ਦੇ ਸਾਹਮਣੇ ਆਏ, ਵਖਰੇ ਪਤ੍ਰੇ ਪੁਰ ਸਨ, ਜੋ ਇਸ ਗਲ ਦਾ ਸਬੂਤ ਹੈ ਕਿ ਇਹ ਬੀੜ ਸੰਮਤ ੧੭੪੨ ਤੋਂ ਪਹਿਲੇ ਦੀ ਉਤਾਰਾ ਹੋਈ ਹੈ, ਜਿਸ ਸੰਮਤ ਤਕ ਠੀਕ ਤਰਤੀਬ ਵਾਲੀਆਂ ਬੀੜਾਂ ਏਧਰ ਪਹੁੰਚ ਚੁਕੀਆਂ ਸਨ। ਛੇਕੜਲੀ ਪਾਲ ਦੀ ਦਰੁਸਤੀ ਅਗੇ ਜੋ ਗਿਨਤੀ ਦਿੱਤੀ ਹੈ, ਉਸ ਵਿਚ ਗੜਬੜ ਦਸਦੀ ਹੈ ਕਿ ਦੋ ਅਡ ਅਡ ਥਾਂ ਲਿਖੇ ਖੁਲ੍ਹੇ ਪਤ੍ਰੇ ਉਤਾਰਾ ਕਰਦੇ ਸਮੇਂ ਇਸ ਲਿਖਾਰੀ ਦੇ ਸਾਹਮਣੇ ਪਏ ਸਨ।

ਨਾਵੇਂ ਮਹਲ ਦੇ ਪਿਛੋਂ 'ਭੋਗ ਦੀ ਬਾਣੀ' ਇਸ ਤਰਤੀਬ ਸਿਰ ਆਉਂਦੀ ਹੈ:—ਸਲੋਕ ਸਹਸਕ੍ਰਿਤਿ ਮਹਲ ੧ (੪) ਸ਼ਲੋਕ ਸਹਕ੍ਰਿਤਿ ਮਹਲਾ ੫ (੬੭), ਗਾਥਾ ਮ: ੫ (੨੪), ਫੁਨਹੇ ਮ: ੫ (੨੨), ਚਉਬੋਲੇ ਮਹਲਾ ੫ (੯), ਸ਼ਲੋਕ ਕਬੀਰ (੨੪੩), ਫ਼ਰੀਦ (੧੩੦), ਸਵਯੇ ਸ੍ਰੀ ਮੁਖ ਵਾਕ ਮਹਲ ੫ (੨੦), ਸਵੇਯੇ



Sri Satguru Jagjit Singh Ji Elibrary NamdhariElibrary@gmail.com

ਭਟਾਂ ਕੇ, ਮਹਲੇ ਪਹਿਲੇ ਕੇ (੧੦), ਮਹਿਲੇ ਤੀਜੇ ਕੇ (੩੨), ਮਹਲੇ ਚਉਥੇ ਕੇ (ਦਸ ਸੰਖਿਆ ਪਰ, ੬੦) ਮਹਲੇ ਪੰਜਵੇਂ ਕੇ (੨੧) ਸਾਰੇ ਭਟਾਂ ਕੇ ੧੪੩, ਸਲੋਕ ਵਾਰਾਂ ਵਧੀਕ ਮਹਲਾ ੧ :—'ਉਤੰਗੀ ਪੈਓ ਹਰਿ..................ਸਭਨਾ ਦਾ ਵੇਸਾਹ ॥੯॥'

(ਹੋਰ ਸ਼ਲੋਕ ਨਹੀਂ ਦਿਤੇ ।)

ਮੁੰਦਾਵਣੀ ਮਹਲਾ ੫ ।

ਫੇਰ ਆਉਂਦੇ ਹਨ :—ਸਲੋਕ ਮਹਲਾ ੧ । ਬਾਇ 'ਆਤਿਸ ਆਬ', ਰਾਗ ਰਾਮਕਲੀ 'ਰਤਨਮਾਲਾ' (ਹਸਬ ਮਾਮੂਲ ਟਿਪਣੀ ਸਮੇਤ ਪਰ ਕੁਝ ਲਫ਼ਜ਼ ਬਦਲਕੇ :—'ਰਤਨਮਾਲਾ ਸੁਧ ਗ੍ਰੰਥ ਕਾ ਉਤਾਰਾ ਅਖਰੀ ਤੋਰਕੀ ਸੀ ਭੀ ਗੁਰਮੁਖੀ ਤਿਸਕਾ ਉਤਾਰ ਨਕਲ ਇਹ ਲਿਖੀ ।); ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਬਿਨਾ ਨਾਮ ਦਿਤੇ ਦੇ ⌒ ਰਾਗ ਏਕ ਸੰਗ ਪੰਚ ਬਰੰਗਨ ਆਦਿ ।'

੧ ਓ ਸਤਿਗੁਰ ਪ੍ਰਸਾਦਿ ॥

ਰਾਗਮਾਲਾ ਦੇ ਫੇਰ ਪਿਛੇ ਵਿਧਿ ਨਿਖੇਧੀ ਦੇ ਦਸ ਹੁਕਮ ਹਨ ਜਿਨ੍ਹਾਂ ਨੂੰ ਹੋਰ ਥਾਂ 'ਸਾਖੀ ਮਹਲਾ ੫' ਦਾ ਨਾਮ ਦਿੱਤਾ ਹੈ ।

ਇਸ ਤੋਂ ਪਿਛੋਂ ਇਕਹਿਲਾ ਵਰਕਾ ਹੈ ਜੋ ਅਧਾ ਪਾਟਾ ਹੋਇਆ ਹੈ। ਇਸ ਪਰ ਅੰਦਰਲੇ ਪਾਸੇ ਤਾਂ ਚਲਿਤ੍ਰ ਜੋਤੀ ਜੋਤ ਸਮਾਵਣ ਕਾ ਹੈ, ਅਤੇ ਬਾਹਰਲੇ ਪਾਸੇ ਹੋਰ ਹਥ ਦਾ ਲਿਖਿਆ ਹੈ :—

"ਮੰਤ੍ਰ ਉਪਦੇਸ਼ । ਬਤ ਭੋਜਨ ਦੁਹੀ ਰਾਹੀ ॥ ੧ ॥
ਘਰ ਜੈਨ ਮਾਰਗ ਗੁਰੂ ਰਹਤ ਵ ਉਪਦੇਸ਼ ਜੀਆ ਦਇਆ
ਭੋਜਨ ਨੂਠਾ ਸੂਚਾ ਬਿਹਾ ਠੰਢਾ ।"

ਫੇਰ ਇਕ ਹੋਰ ਦਾ ਲਿਖਿਆ ਹੈ ਚਮਕੀਲੀ ਸਿਆਹੀ ਵਿਚ 'ਸਿਆਹੀ ਕੀ ਬਿਧੀ'। ਇਉਂ ਜਾਪਦਾ ਹੈ ਜੋ ਅੰਦਰਲੇ ਪਾਸੇ ਪਤ੍ਰੇ ਦੇ ਹੇਠਲੇ ਸਿਰੇ ਪੁਰ ਕੁਝ ਉਪਦੇਸ਼ ਜੈਨੀਆਂ ਦਾ ਦਿੱਤਾ ਸੀ, 'ਸਾਖੀ ਮਹਲਾ ੫' ਤੋਂ ਇਸ਼ਾਰਾ ਪਾਕੇ, ਇਹੋ ਮਜ਼ਮੂਨ ਚਲਦਾ ਦੂਜੇ ਬਾਹਰਲੇ ਸਫ਼ੇ ਪੁਰ ਆਗਿਆ ਹੈ। 'ਜਤੀ' ਦਾ ਭੋਜਨ ਦਸਿਆ ਹੈ। ਸਿਆਹੀ ਕੀ ਬਿਧੀ ਹੋਰ ਭੀ ਪਿਛੋਂ ਕਿਸੇ ਨੇ ਲਿਖੀ ।

ਭੋਗ ਦੀ ਬਾਨੀ ਅਤੇ ਫ਼ਾਲਤੂ ਬਾਨੀਆਂ ਵਿਚ ਬੇਤਰਤੀਬੀ, ਅਤੇ ਉਸਦਾ ਵਧ ਘਟ ਹੋਣਾ ਦਸਦਾ ਹੈ ਕਿ ਲਿਖਾਰੀਆਂ ਨੇ ਇਹਨਾਂ ਬਾਣੀਆਂ ਨੂੰ ਕੋਈ ਖ਼ਾਸ ਮਹਤਵ ਨਹੀਂ ਸੀ ਦੇ ਰਖਿਆ, ਅਤੇ ਮਾਮੂਲੀ 'ਖਿਲ' ਜਾਂ Supplement ਹੀ ਜਾਤਾ ਸੀ । ਰਾਗਾਂ ਹੇਠ ਆਈ ਬਾਣੀ ਨੂੰ ਹੀ ਉਹ 'ਗ੍ਰੰਥ ਸਾਹਿਬ' ਜਾਣਦੇ ਸਨ ।



Sri Satguru Jagjit Singh Ji Elibrary NamdhariElibrary@gmail.com

# ੨੦-ਪੁਰਾਤਨ ਬੀੜ ਚਾਟਗਾਮ ਸੰਗਤ

ਇਹ ਬੀੜ ਬਹੁਤ ਪੁਰਾਣੀ ਹੈ, ਜਿਸ ਤਰ੍ਹਾਂ ਕਿ ਲਿਖਤ ਕਾਗ਼ਜ਼ ਤੇ ਸਿਆਹੀ ਦੀ ਹਾਲਤ ਤੋਂ ਦਿਸ ਰਿਹਾ ਹੈ। ਸਿਆਹੀ ਕਈ ਥਾਂ ਕਾਗ਼ਜ਼ ਨੂੰ ਖਾ ਗਈ* ਹੈ। ਪਿਛਲੇ ਕੁਝ ਵਰਕੇ ਬਾਕੀ ਗ੍ਰੰਥ ਨਾਲੋਂ ਪਿਛੋਂ ਲਿਖਕੇ ਪਾਏ ਹੋਏ ਹਨ, ਭਾਵੇਂ ਹੁਣ ਉਹ ਭੀ ਪੁਰਾਣੇ ਹੀ ਦਿਸਦੇ ਹਨ। ਪੁਰਾਤਨ ਬੀੜਾਂ ਨੂੰ ਅਸੀਂ ਕੁਝ 'ਪਰਵਾਰਾਂ' ਵਿਚ ਵੰਡ ਸਕਦੇ ਹਾਂ। ਏਧਰ ਦੀਆਂ ਉਦਾਸੀ-ਸੰਗਤਾਂ ਵਿਚ ਮੌਜੂਦ ਬੀੜਾਂ ਇਕ ਮੁਢ ਤੋਂ ਟੁਰੀਆਂ ਜਾਪਦੀਆਂ ਹਨ ਅਤੇ ਇਕ ਦੂਜੀ ਨਾਲ ਮਿਲਦੀਆਂ ਹਨ। ਚਾਟਗਾਮ ਵਾਲੀ ਬੀੜ, ਬਨੀਗ੍ਰਾਮ ਅਤੇ ਨਾਨਕ ਮਤੇ ਵਾਲੀ ਬੀੜਾਂ ਦੇ ਨਾਲ ਇਕ 'ਪਰਵਾਰ' ਵਿਚ ਹੈ। ਸੋ ਨਾਨਕ ਮਤੇ ਵਾਲੀ ਬੀੜ ਨਾਲ ਟਾਕਰਾ ਕਰਕੇ ਜੋ ਫ਼ਰਕ ਵਾਲੀਆਂ ਗਲਾਂ ਹਨ, ਉਹ ਲਿਖਦੇ ਹਾਂ।

'ਚਲਿਤ੍ਰ ਜੋਤੀ ਜੋਤ ਸਮਾਵਣ ਕਾ' ਵਿਚ ਬਾਬਾ ਗੁਰਦਿੱਤਾ ਦੀ ਥਿਤ ਨਾਮ ਸਮੇਤ ਇਉਂ ਦਿਤੀ ਹੈ:-

'ਸੰਮਤ ੧੬੯੫ ਵਿਚ ਚੇਤ ਸੁਦੀ ੧੦ ਨੂੰ ਸ੍ਰੀ ਬਾਬਾ ਗੁਰਦਿੱਤਾ ਜੀ ਸਮਾਣੇ ਕੀਰਤਿਪੁਰ।"

ਏਥੇ ਬਾਬਾ ਗੁਰਦਿੱਤਾ ਨੂੰ 'ਸ੍ਰੀ ਸਤਿਗੁਰੂ' ਨਹੀਂ ਲਿਖਿਆ, ਜਿਸ ਤਰ੍ਹਾਂ ਕਿ ਆਦਿ-ਬੀੜ ਵਿਚ ਸ੍ਰੀ ਹਰਿ ਕ੍ਰਿਸ਼ਨ ਜੀ ਨੇ ਲਿਖਿਆ ਸੀ। ਓਹਨਾਂ ਨਾਮ ਛਡ ਦਿਤਾ ਸੀ, ਏਸ ਲਿਖਾਰੀ ਨੇ ਪਾ ਦਿੱਤਾ ਹੈ। ਏਸ

*ਸਿਆਹੀ ਵਿਚ ਲੋਹੇ ਤੇ ਤਾਂਬੇ ਦਾ ਅੰਸ਼ ਹੁੰਦਾ ਹੈ। ਨੀਲਾ ਥੋਥਾ ਵੀ ਪਾਂਦੇ ਸਨ, ਅਤੇ ਲੋਹੇ ਦੀ ਬਾਟੀ ਵਿਚ ਚਾਲ੍ਹੀ ਦਿਨ ਰਗੜਦੇ ਸਨ। ਲੋਹੇ ਦਾ ਜ਼ੰਗ ਤੇ ਤਾਂਬੇ ਦੀ ਹਰਿਆਵਲ ਦੋਵੇਂ ਕਾਗਜ਼ ਨੂੰ ਖਾ ਜਾਂਦੇ ਸਨ, ਅਤੇ ਕਾਗਜ਼ ਵਿਚ ਕਈ ਥਾਂ ਛੇਕ ਪੈ ਜਾਂਦੇ ਸਨ। ਸਿਆਹੀ ਬਨਾਣ ਦੀ ਠੀਕ ਵਿਧੀ ਜਾਨਣੀ ਏਹਨਾਂ ਲੋਕਾਂ ਲਈ ਬੜੀ ਜ਼ਰੂਰੀ ਸੀ, ਜਿਨ੍ਹਾਂ ਨੇ ਸਦੀਆਂ ਰਹਿਣ ਲਈ ਕਿਤਾਬਾਂ ਲਿਖਣੀਆਂ ਹੁੰਦੀਆਂ ਸਨ। ਤਾਂਹੀ ਤੇ ਹਰ ਪ੍ਰਾਚੀਨ ਬੀੜ ਵਿਚ ਸਿਆਹੀ ਦੀ ਵਿਧੀ ਦਿੱਤੀ ਹੁੰਦੀ ਹੈ।



Sri Satguru Jagjit Singh Ji Elibrary NamdhariElibrary@gmail.com

ਬੀੜ ਵਿਚ ਉਹ ਟਿਪੱਨੀ ਵੀ ਨਹੀਂ ਦਿਤੀ ਜਿਸ ਵਿਚ ਕਿਹਾ ਹੈ ਕਿ ਦੋ ਥਿੱਤਾਂ ਸ੍ਰੀ ਹਰਿਕ੍ਰਿਸ਼ਨ ਜੀ ਆਪ ਲਿਖੀਆਂ।

ਨਾਵੇਂ ਗੁਰੂ ਦੀ ਬਾਣੀ ਦੇ ਚਾਰ ਸ਼ਬਦ ਰਾਗ ਜੈਜਾਵੰਤੀ ਦੇ ਪਿਛੋਂ ਜਾਕੇ ਰਖੇ ਹਨ। ਬਾਕੀ ਦੇ ਜੋ ਪੁਰਾਣੇ ਰਾਗਾਂ ਹੇਠ ਆਏਹਨ, ਉਨ੍ਹਾਂ ਦੀ ਤਰਤੀਬ ਰਾਗ ਸੋਰਠ, ਰਾਗ ਜੈਤਸਰੀ ਅਤੇ ਰਾਗ ਤਿਲੰਗ ਹੇਠਾਂ, ਛਾਪੇ ਦੀਆਂ ਬੀੜਾਂ ਨਾਲੋਂ ਅੱਡ ਹੈ। ਰਾਗ ਸੋਰਠ ਹੇਠਾਂ ਬਾਰਾਂ ਦੀ ਥਾਂ ਤੇਰਾਂ ਸ਼ਬਦ ਦਿਤੇ ਹਨ, ਅਤੇ ਤੇਹਰਵਾਂ ਸ਼ਬਦ ਨਵਾਂ ਹੈ:—'ਸਾਧੋ ਇਹ ਜਗ ਖੇਲ ਤਮਾਸ਼ਾ'। ਮੈਨੂੰ ਅਫਸੋਸ ਆਉਂਦਾ ਹੈ ਕਿ ਮੈਂ ਨਕਲ ਕਿਉਂ ਨਾ ਕਰ ਲਿਆ*। ਬਸੰਤ ਰਾਗ ਹੇਠਾਂ ਦਿਤੇ ਪੰਜ ਸ਼ਬਦਾਂ ਦੀ ਤਰਤੀਬ ਤੇ ਸੰਮਤ ੧੮੪੯ ਦੀ ਬੀੜ ਵਿਚ ਛਾਪੇ ਦੇ ਗ੍ਰੰਥਾਂ ਨਾਲੋਂ ਵਖ ਹੈ। ਕਿਤੇ ਕਿਤੇ ਪਾਠਾਂਤ੍ਰ ਜਾਂ ਲਫਜ਼ੀ ਫ਼ਰਕ ਵੀ ਹੈ, ਜਿਸ ਤਰ੍ਹਾਂ 'ਸਾਧੋ ਇਹ ਤਨ ਗਹਿਆ' ਲਿਖਿਆ ਹੈ।

'ਭੋਗ ਦੀ ਬਾਣੀ' ਦੀ ਤਰਤੀਬ ਵਿਚ ਫ਼ਰਕ ਹੈ। 'ਮੁੰਦਾਵਣੀ' ਨੂੰ ਵਿਚਾਲੇ ਦੀ ਕਿੱਲੀ ਮਨਕੇ, ਉਸਦੇ ਪਹਿਲੇ ਤੇ ਪਿਛੇ ਆਉਂਦੇ ਹਨ :

ਸਲੋਕ ਸਹਸਕ੍ਰਿਤਿ ਮ: ੧ ॥ ਸਲੋਕ ਸਹਸਕ੍ਰਿਤੀ ਮਹਲਾ। ਗਾਥਾ ਮ: ੫। ਫੁਨਹੇ ਮਹਲਾ ੫। ਚਉਬੋਲੇ ਮ: ੫। ਸਲੋਕ ਵਾਰਾਂ ਤੇ ਵਧੀਕ ਮਹਲਾ ੧, ੩, ੪, ੫ ਅਤੇ ਫੇਰ ਇਕ ਸ਼ਲੋਕ। ਮੁੰਦਾਵਣੀ

ਸਲੋਕ ਕਬੀਰ ਜੀ ਕੇ। ਸਲੋਕ ਫ਼ਰੀਦ ਜੀ ਕੇ।

---

*ਵੇਖੋ ਉਪਰ ਬੋਹਤ (ਗੁਜਰਾਤ) ਵਾਲੀ ਬੀੜ ਦਾ ਹਾਲ, ਜਿਸ ਵਿਚ ਰਾਗ ਗਉੜੀ ਹੇਠਾਂ ਚੋਖੇ ਵਾਧੂ ਸ਼ਬਦ ਦਿਤੇ ਹਨ।



Sri Satguru Jagjit Singh Ji Elibrary NamdhariElibrary@gmail.com

ਸਵੈਯੇ ਸ੍ਰੀ ਮੁਖਵਾਕ ਮ: ੫ (ਦੋਵੇਂ ਸੈਟ)। ਸਵੈਯੇ ਭੱਟਾਂ ਸਭਨਾਂ ਕੇ ਬਾਬਤ ਮਹਲਾ ੧, ੨; ੩, ੪ ਅਤੇ ੫ ॥

ਇਹ ਸਾਰੇ ਵਰਕੇ ਪਿਛੋਂ ਪਏ ਹੋਏ ਹਨ, ਉਹਨਾਂ ਦੀ ਥਾਂ ਜੋ ਸਲਾਬੇ ਨਾਲ ਖ਼ਰਾਬ ਹੋਕੇ ਨਿਕਲ ਗਏ ਸਨ। ਅਸਲ ਗਰੰਥ ਏਥੇ ਮੁਕ ਜਾਂਦਾ ਹੈ।

ਅਗੇ ਅਧਾ ਸਫ਼ਾ ਕੋਰਾ ਛੱਡਕੇ ਅਗਲੇ ਸਫ਼ੇ ਪਰ ਰਾਗਮਾਲਾ ਹੈ, ਪਰ ਤਤਕਰੇ ਵਿਚ, ਜੋ ਪੁਰਾਣਾ ਹੈ, ਉਸਦੀ ਪ੍ਰਤੀਕ ਨਹੀਂ ਦਿੱਤੀ। ਸਾਫ਼ ਦਿਸ ਰਿਹਾ ਹੈ ਕਿ ਰਾਗਮਾਲਾ ਏਸ ਵਿਚ ਪਹਿਲੋਂ ਨਹੀਂ ਸੀ ਹੁੰਦੀ।

ਏਸ ਬੀੜ ਦੇ ਲਿਖੇ ਜਾਣ ਦਾ ਸੰਮਤ ਜ਼ਰੂਰ ਛੇਕੜ ਤੇ ਲਿਖਿਆ ਹੋਣਾ ਹੈ ਪਰ ਜਿਸ ਤਰ੍ਹਾਂ ਕਿਹਾ ਹੈ ਵਰਕੇ ਨਿਕਲ ਗਏ ਹਨ। ਹੁਣ ਉਸ ਬਾਬਤ ਕੋਈ ਲਿਖਤ ਨਹੀਂ ਪਰ ਅਖਰਾਂ ਦੀਆਂ ਸ਼ਕਲਾਂ ਪੁਰਾਣੀਆਂ ਹਨ, ਅਤੇ ਹੋਰ ਗਲਾਂ ਨਾਲ ਮਿਲਾਕੇ ਅਸੀਂ ਕਹਿ ਸਕਦੇ ਹਾਂ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਲਿਖਿਆ ਗਿਆ ਹੋਣਾ ਏ।

## ੨੧-ਬੇਲਬੂਟੇ ਵਾਲੀ (Illuminated) ਬੀੜ ਢਾਕਾ

ਇਹ ਮੋਟੇ ਰੋਗਨੀ ਕਾਗਜ਼ ਉਪਰ ਲਾਲਾ ਨੰਦ ਲਾਲ ਵਾਸਤੇ ਲਿਖੀ ਗਈ ਸੀ, ਜਿਸ ਤਰ੍ਹਾਂ ਕਿ ਅਸੀਂ ਉਪਰ ਦਸ ਆਏ ਹਾਂ। ੨੨ ਇੰਚ ਲੰਬੀ ਤੇ ੧੭ ਇੰਚ ਚੌੜੀ ( Folio ) ਅਤੇ ਜਿਲਦ ਸਮੇਤ ਸੱਤ ਇੰਚ ਮੋਟੀ ਹੈ; ੯੦੬ ਵਰਕੇ ਹਨ, ਤੇ ਸੋਲਾਂ ਸੋਲਾਂ ਸਫ਼ਿਆਂ ਦੀਆਂ ਜੁਜ਼ਾਂ ਹਨ। ਹਰ ਜੁਜ਼ ਦੇ ੧੬ ਸਫ਼ਿਆਂ ਦੇ ਹਾਸ਼ੀਏ ਪੁਰ ਦੂਜੀਆਂ ਜੁਜ਼ਾਂ



Sri Satguru Jagjit Singh Ji Elibrary NamdhariElibrary@gmail.com

ਨਾਲੋਂ ਵਖਰੀ ਤਰ੍ਹਾਂ ਦੇ ਬੇਲ ਬੂਟੇ ਹਨ। ਮਥੇ ਦੇ ਸਫੇ ਉਤੇ ਸੁਨਹਿਰੀ ਅਤੇ ਹੋਰ ਚਮਕੀਲੇ ਮਹਿੰਗੇ ਰੰਗਾਂ ਨਾਲ ਗੁਲਕਾਰੀ ਕੀਤੀ ਹੈ। ਲਿਖਤ ਸੁੰਦਰ ਮੋਟੇ ਅਖਰਾਂ ਦੀ ਹੈ। ਕਿਸੇ 'ਖੁਸ਼ਨਵੀਸ' ਲਿਖਾਰੀ ਦੀ ਲਿਖੀ ਹੈ। ਚੰਗੀ ਤੋਂ ਚੰਗੀ ਚੀਜ਼ ਮੁਹੱਯਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੋਵੇਗੀ, ਅਤੇ ਚੋਖਾ ਖ਼ਰਚ ਆਇਆ ਹੋਵੇਗਾ।ਪਰ ਫੇਰ ਭੀ ਇਹ ਹਾਲ ਹੈ ਕਿ ਸਿਆਹੀ ਤੇ ਰੰਗ ਕਾਗਜ਼ ਨੂੰ ਖਾ ਗਏ ਹਨ, ਤੇ ਥਾਂ ਥਾਂ ਛੇਕ ਪਏ ਹਨ। ਹਾਸ਼ੀਏ ਵਿਚ ਸਾਵਾ ਰੰਗ ਜਿਥੇ ਭੀ ਵਰਤਿਆ ਹੈ, ਉਸਨੇ ਕਾਗਜ਼ ਖਾ ਲਿਆ ਹੈ। ਬੀੜ ਵੀ ਕੋਈ ਬਹੁਤ ਪੁਰਾਣੀ ਨਹੀਂ, ਗੁਰੂ ਗੋਬਿੰਦ ਸਿੰਘ ਜੀ ਤੋਂ ਚੋਖੇ ਵਰ੍ਹੇ ਪਿਛੋਂ ਮੁਹਮਦ ਸ਼ਾਹ ਦੇ ਅਹਿਦ ਵਿਚ ਬਣੀ। ਹਾਂ ਚਿਟਾਗਾਂਗ ਵਲ ਸਿਲ੍ਹ ਬਹੁਤ ਸੀ।

ਬਾਣੀ ਦੀ ਤਰਤੀਬ ਆਦਿ ਵਿਚ ਇਹ ਬੀੜ ਉਸੇ ਪਰਿਵਾਰ ਦੀ ਹੈ ਜਿਸ ਵਿਚੋਂ ਚਾਟਗਾਮ ਦੀ ਸੰਗਤ ਵਾਲੀ ਬੀੜ ਹੈ। 'ਚਲਿਤ੍ਰ ਜੋਤੀ ਜੋਤ ਸਮਾਵਣ ਕਾ' ਵਿਚ ਬਾਬਾ ਗੁਰਦਿੱਤਾ ਦੀ ਥਿਤ ਨਹੀਂ ਦਿੱਤੀ। ਗੁਰੂ ਹਰਿ ਕ੍ਰਿਸ਼ਨ ਜੀ ਦੇ ਚਲਾਣੇ ਦਾ ਸੰਮਤ ਭੁਲ ਨਾਲ ਲਿਖਾਰੀ ਨੇ ੧੭੨੭ ਲਿਖਿਆ ਹੈ ਬਜਾਇ ੧੭੨੧ ਦੇ, ਕਿਉਂ ਜੋ ੭ ਤੇ ੧ ਲਿਖਤ ਵਿਚ ਮਿਲਦੇ ਜੁਲਦੇ ਹੁੰਦੇ ਸਨ। ਇਹੋ ਗਲਤੀ ਸੰਮਤ ੧੮੨੬ ਵਾਲੀ ਨਥੋ ਸਾਹਿਬ ਦੀ ਸੰਗਤ ਦੀ ਬੀੜ ਵਿਚ ਹੋਈ ਹੈ, ਜੋ ਭਾਵੇਂ ਇਸ ਰੰਗੀਨ ਬੀੜ ਤੋਂ ਨਕਲ ਕੀਤੀ ਗਈ ਹੋਵੇ, ਜਾਂ ਦੋਵੇਂ ਕਿਸੇ ਹੋਰ ਬੀੜ ਤੋਂ ਜੋ ਹੁਣ ਮੌਜੂਦ ਨਹੀਂ।

'ਸਾਖੀ ਮਹਲਾ ੫' Decalogue ਜੋ ਇਸ ਵਿਚ ਦਿਤੀ ਹੈ,ਉਸ ਦਾ ਬਣੀਗਾਮ ਵਾਲੀ ਬੀੜ ਨਾਲੋਂ ਕੁਝ ਫ਼ਰਕ ਹੈ। ਉਸ ਬੀੜ ਵਿਚ ਜੇਹੜੇ ਲਫਜ਼ ਪੜ੍ਹੇ ਨਹੀਂ ਜਾ ਸਕਦੇ ਸਨ, ਟਾਕਰਾ ਕਰਨ ਪੁਰ, ਉਹਨਾਂ ਦਾ ਵੀ ਥੋਹ ਲਗ ਜਾਂਦਾ ਹੈ। "ਮਧ ਮਾਂਸ ਨ ਖਾਏ, ਆਗਿਆ ਭੰਗ ਨ ਕਰੇ ੫॥" "ਸਭਨਾ ਜੀਆਂ ਕਾ ਭਲਾ ਮਨਾਵੈ, ਕੋਈ ਦੁਖੇ ਨਾਹੀਂ, ਆਤਮ ਬ੍ਰਹਮ ਪਛਾਨਣ ਵੱਡੀ ਪੂਜਾ ਇਹ ਹੈ ॥ ੫ ॥"



Sri Satguru Jagjit Singh Ji Elibrary NamdhariElibrary@gmail.com

ਅਖਰ ਕੋਈ ਕੋਈ ਪੁਰਾਣੀ ਸ਼ਕਲ ਦਾ ਹੈ ਧ, ਛ ਆਦਿ, ਏਸੇਤਰ੍ਹਾਂ ਔਂਕੜ ਅਤੇ ਦੁਲੈਂਕੜੇ ਖੁੰਡੀ ਦੀ ਸ਼ਕਲ ਦੇ ਹਿੰਦੀ ਨਾਲ ਮਿਲਦੇ ਹਨ, ਸਿਧੀਆਂ ਲੀਕਾਂ ਨਾਲ ਨਹੀਂ ਬਣਾਏ॥

ਏਸ ਬੀੜ ਦੇ ਦੋ ਸਫ਼ਿਆਂ ਦਾ ਫ਼ੋਟੋ, ਜੋ ਮੈਂ ਆਪ ਸੰਨ ੧੯੧੫ ਵਿਚ ਲਿਆ ਸੀ, ਦੇਂਦਾ ਹਾਂ।

## ੨੨. ਪੁਰਾਤਨ ਬੀੜ, ਢਾਕਾ ਸੰਗਤ

ਇਕ ਪੁਰਾਣੀ ਬੀੜ ਢਾਕੇ ਸੰਗਤ ਵਿਚ ਹੋਰ ਹੈ, ਜਿਸਦੇ ਲਿਖੇ ਜਾਨ ਦਾ ਕੋਈ ਸੰਮਤ ਨਹੀਂ ਦਿੱਤਾ ਹੋਇਆ। ਇਹ ਚਾਟਗਾਮ ਵਾਲੀ ਬੀੜ ਨਾਲ ਮਿਲਦੀ ਜੁਲਦੀ ਹੈ, ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵੇਲੇ ਸੰਮਤ ੧੭੩੨ ਤੋਂ ਕੁਝ ਵਰ੍ਹੇ ਪਿਛੋਂ ਬਨੀ ਦਿਸਦੀ ਹੈ।

'ਸ਼ਲੋਕ ਵਾਰਾਂ ਤੇ ਵਧੀਕ' ਦੇ ਪਿਛੋਂ 'ਮੁੰਦਾਵਨੀ' ਆਉਂਦੀ ਹੈ, ਖ਼ਾਲੀ ਪਹਿਲਾ ਸਲੋਕ, 'ਥਾਲ ਵਿਚ ਤਿੰਨ ਵਸਤੂ ਪਈਓ............ਬ੍ਰਹਮ ਪਸਾਰੋ'। ਦੂਜਾ ਸ਼ਲੋਕ, 'ਤੇਰਾ ਕੀਤਾ ਜਾਤੋ ਨਾਹੀਂ............ਥੀਵੈ ਹਰਿਆ' ਇਸ ਪਹਿਲੇ ਦੇ ਪਿਛੋਂ ਨਹੀਂ ਦਿਤਾ। ਉਹ ਉਪਰਲੇ ਸ਼ਲੋਕਾਂ ਵਿਚ ਹੀ ਸ਼ਾਮਲ ਹੈ। ਗੋਇਆ 'ਮੁੰਦਾਵਣੀ' ਦਾ ਇਕੋ ਸ਼ਲੋਕ ਹੈ, ਜੋ ਮੁਤਫ਼ਰਕ ਖ਼ਾਸ ਕਿਸਮ ਦੀਆਂ ਰਚਨਾਂ ਵਾਂਗ ਆਪਣੇ ਥਾਂ ਸਿਰ ਗੁਰਬਾਣੀ ਦੇ ਪਿਛੇ ਦਰਜ ਹੈ, ਨਾ ਕਿ ਗਰੰਥ ਸਾਹਿਬ ਦੇ ਅਖ਼ੀਰ ਤੇ ਅਖ਼ੀਰਲੀ ਬੇਨਤੀ ਜਾਂ ਮੋਹਰ ਵਜੋਂ।

ਮੁੰਦਾਵਣੀ ਦੇ ਪਿਛੋਂ ਸ਼ਲੋਕ ਕਬੀਰ ਜੀ ਕੇ, ਸ਼ਲੋਕ ਸ਼ੇਖ ਫ਼ਰੀਦ ਜੀ ਕੇ ਸਵੈਯੇ ਸ੍ਰੀ ਮੁਖ ਵਾਕ, ਸਵੈਯੇ ਭਟਾਂ ਕੇ, ਇਹ ਚੀਜ਼ਾਂ ਆਉਂਦੀਆਂ ਹਨ। ਇਹਨਾਂ ਦੇ ਪਿਛੋਂ 'ਰਤਨਮਾਲਾ' ਆਉਂਦੀ ਹੈ ਜਿਸ ਦੇ ਅੰਤ ਤੇ ਦਸਤੂਰ ਮੁਜਬ ਤੋਕਰੀ ਤੋਂ ਗੁਰਮੁਖੀ ਅਖਰਾਂ ਵਿਚ ਲਿਖਣ ਵਾਲੀ ਟਿਪਨੀ ਦਿਤੀ ਹੈ।

ਰਤਨ ਮਾਲਾ ਦੇ ਪਿਛੋਂ ਹੋਰ ਫ਼ਾਲਤੂ ਬਾਣੀਆਂ ਆਉਂਦੀਆਂ ਹਨ, ਏਸ ਤਰਤੀਬ ਸਿਰ—ਸ਼ਲੋਕ, 'ਜਿਤ ਦਰ ਲਖ ਮੁਹਮਦਾ'; ਵਾਰ ਮਲ੍ਹਾਰ ਨਾਲ



Sri Satguru Jagjit Singh Ji Elibrary NamdhariElibrary@gmail.com

ਹੋਈ; ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ. ਅਤੇ ਸਭ ਤੋਂ ਪਿਛੇ ਰਾਗ ਮਾਲਾ। ਸਿਆਹੀ ਕੀ ਸ਼ਿਧੀ ਇਸ ਥੋੜ ਵਿਚ ਨਹੀਂ ਦਿਤੀ।

ਨਾਵੇਂ ਗੁਰੂ ਦੇ ਸ਼ਬਦਾਂ ਦੀ ਤਰਤੀਬ ਉਹੋ ਹੈ, ਜੋ ਚਾਟਗਾਮ ਸੰਗਤ ਦੀ ਬੀੜ ਵਿਚ ਹੈ; ਅਤੇ ਕੁਝ ਛੇਕੜਲੇ ਸ਼ਲੋਕਾਂ ਦੀ ਤਰਤੀਬ ਛਾਪੇ ਦੇ ਗ੍ਰੰਥਾਂ ਨਾਲੋਂ ਵਖ ਹੈ।

## ੨੩-ਪੁਰਾਤਨ ਬੀੜ ਸੰਮਤ ੧੮੨੬ ਨਥਾ ਸਾਹਿਬ ਕੀ ਸੰਗਤ ਢਾਕਾ ॥

ਤਤਕਰੇ ਦੇ ਪਿਛੋਂ ਈ 'ਚਲਿਤਰ ਜੋਤੀਜੋਤ ਸਮਾਵਣ ਕਾ' ਦਿਤਾ ਹੈ। ਏਸ ਨੂੰ ਗਹੁ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਇਹ ਬੀੜ ਕਿਸੇ ਅਜਿਹੀ ਬੀੜ ਤੋਂ ਉਤਾਰਾ ਕੀਤੀ ਗਈ ਹੈ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵਕਤ ਤਿਆਰ ਹੋਈ ਸੀ, ਕਿਉਂ ਜੋ ਇਸ ਵਿਚ ਨਾਵੇਂ ਮਹਲ ਤਕ ਦੀਆਂ ਚਲਾਣੇ ਦੀਆਂ ਥਿੱਤਾਂ ਦਿਤੀਆਂ ਹਨ, ਦਸਮ ਗੁਰੂ ਦੀ ਥਿਤ ਨਹੀਂ, ਅਤੇ ਨਾਵੇਂ ਗੁਰੂ ਦੀ ਬਾਣੀ ਕੁਝ ਤਰਤੀਬ ਦੇ ਫ਼ਰਕ ਨਾਲ ਦਿਤੀ ਗਈ ਹੈ।

ਕੋਈ ਉਤਾਰਾ 'ਆਦਿ-ਬੀੜ' ਤੋਂ ਹੋਇਆ ਜਿਸ ਵਿਚ ਸ੍ਰੀ ਹਰਿ-ਕ੍ਰਿਸ਼ਨ ਜੀ ਦੇ ਹਥੀਂ ਦੋ ਥਿਤਾਂ ਲਿਖੇ ਜਾਣੇ ਬਾਬਤ ਇਕ ਟਿੱਪਨੀ ਵਧਾਈ ਗਈ, ਉਸ ਤੋਂ ਇਕ ਨਕਲ ਗੁਰੂ ਗੋਬਿੰਦ ਸਿੰਘ ਦੇ ਵੇਲੇ ਹੋਈ। ਉਸ ਨਕਲ ਤੋਂ ਨਕਲ ਇਹ ਬੀੜ ਹੈ। 'ਆਦਿ-ਬੀੜ' ਤੋਂ ਉਤਾਰਾ ਕੀਤੀ ਗਈ ਅਸਾਂ ਲਭ ਲਈ ਹੈ, ਉਹ ਹੈ ਸੰਮਤ ੧੭੧੮ ਵਾਲੀ ਬੀੜ ਜਿਸ ਦਾ ਪੂਰਾ ਹਾਲ ਅਸੀਂ ਉਪਰ ਦੇ ਆਏ ਹਾਂ। ਸਾਡੇ ਇਸ ਨਤੀਜੇ ਪੁਰ ਅਪੜਨ ਦੀ ਵਜਾਹ ਸੁਣੋ। ਇਸ ਬੀੜ ਦੇ 'ਚਲਿਤ੍ਰ ਜੋਤੀਜੋਤ ਸਮਾਨ ਕੇ' ਵਿਚ, ਪਹਿਲੇ ਪੰਜ ਗੁਰੂਆਂ ਦੀਆਂ ਥਿਤਾਂ ਦੇ ਕੇ ਅਗੇ ਇਹ ਟਿੱਪਨੀ ਜਾਂ Colophon ਦਿਤੀ ਹੈ, ਅਗਲੀਆਂ ਦੋ ਥਿਤਾਂ ਬਾਬਤ, ਅਰਥਾਤ ਬਾਬਾ ਗੁਰਦਿਤਾ ਅਤੇ ਗੁਰੂ ਹਰਗੋਬਿੰਦ ਸਾਹਿਬ ਦੀਆਂ ਥਿਤਾਂ ਬਾਬਤ :—



Sri Satguru Jagjit Singh Ji Elibrary NamdhariElibrary@gmail.com

"ਮਹਲਾਂ ੮ ਮਹਲੇ ਅਠਵੇਂ ਜੀ ਕਾ ਨਕਲ ਹੈ
ਖ਼ਾਸ ਕਲਮ ਆਪਣੀ ਹਥੀ ਲਿਖਿਆ ਕਰਤੇ ਪੁਰਖ ॥";

ਮਹਲੇ ਅਠਵੇਂ ਦੀ ਲਿਖਤ ਇਹ ਸੀ :—

"ਸੰਮਤ ੧੬੯੫ ਚੇਤ ਸੁਦੀ ੧੦ ਸ੍ਰੀ ਗੁਰੂ ਬਾਬਾ ਜੀ ਸਮਾਣੇ ਕੀਰਤਪੁਰ ॥ ਸੰਮਤ ੧੭੦੧ ਚੇਤ ਸੁਦੀ ੫ ਆਦਿਤਵਾਰਿ ਨਉ ਘੜੀਆਂ ਰਾਤ ਜਾਂਦੀ ਨੂੰ ਸ੍ਰੀ ਸਤਿਗੁਰੂ ਕਰਣ ਕਾਰਨ ਸਮ੍ਰਥ ਕਰਤਾ ਪੁਰਖੁ ਸ੍ਰੀ ਸਤਿਗੁਰੂ ਹਰ ਗੋਬਿੰਦ ਜੀ ਸਮਾਣੇ ਕੀਰਤਪੁਰ ਕੇ ਹੇਠ ਬਾਪਲ ਪਾਲ* ਗੜ੍ਹ ਨਾਓ ਥਾ ਕੋਠੇ ਵਿਚਿ ਪੰਜ ਦਿਹੁ ਸੰਗਾ† ਹੋਆ। ਰਾਤ ਆਂਵਦੀ ਸਮਾਣੇ। ਨਦੀ ਉਤੇ ਦਾਗੁ ਕਿਤਕ ਰਾਜ ਕਹਿਲੂਰ ਕੈ ਵਿਚਿ। ਆਗੈ ਜੋ ਗੁਰੂ ਭਾਵੈਗਾ ਸੋ ਹੋਵੈਗਾ, ਤਾ ਕੋ ਜੀਵੈ ਸੋ ਲਿਖੈਗਾ, ਗੁਰੂ ਕੀ ਗਰੂ ਜਾਣੈ।"

ਠੀਕ ਉਹੋ ਲਫ਼ਜ਼ ਜੋ ਸੰਮਤ ੧੭੧੮ ਵਾਲੀ ਬੀੜ ਵਿਚ 'ਆਦਿ-ਬੀੜ' ਤੋਂ ਨਕਲ ਕਰਕੇ ਉਪ੍ਰਲੀ ਟਿਪਨੀ ਵਧਾਈ ਗਈ ਸੀ,ਕਿਉਂਕਿ ਇਹ ਉਸ ਬੀੜ ਦੇ ਲਿਖਾਰੀ ਦੀ ਅਖੀਂ ਵੇਖੀ ਗਲ ਸੀ, ਅਤੇ ਸ੍ਰੀ ਹਰ ਕ੍ਰਿਸ਼ਨ ਜੀ ਦੇ ਹਥ ਦੀ ਲਿਖਤ ਉਸ ਦੇ ਸਾਹਮਣੇ ਪਈ ਸੀ। ਇਹ ਤਹਰੀਰ ਗੁਰੂ ਹਰਿ ਰਾਇ ਦੇ ਵੇਲੇ ਉਹਨਾਂ ਦੀ ਆਗਿਆ ਨਾਲ ਕੀਤੀ ਗਈ ਹੋਵੇਗੀ, ਅਤੇ ਸ਼ਾਇਦ ਬੋਲ ਕੇ ਲਿਖਾਨ ਪੁਰ ਕਿਉਂ ਜੋ ਸ੍ਰੀ ਹਰਿ ਕ੍ਰਿਸ਼ਨ ਜੀ ਹਾਲੀ ਬਚੇ ਸਨ, ਤੇ ਲਿਖਣਾ ਸਿਖੇ ਹੀ ਹੋਣਗੇ। ਇਹ ਤਹਰੀਰ ਹੋਈ ਭੀ ਪੰਜਵੀਂ ਪਾਤਸ਼ਾਹੀ ਵਾਲੀ ਆਦਿ ਬੀੜ ਵਿਚ, ਜਿਸ ਵਿਚ ਪਹਿਲੇ ਇਹ ਲਿਖਤ ਸੀ :—

"੧ ਓ ਸਤਿਗੁਰ ਪ੍ਰਸਾਦਿ ॥
ਚਲਿਤੁ ਜੋਤੀ ਜੋਤ ਸਮਾਵਣ ਕਾ ॥
ਸੰਮਤ ੧੫੯੬ ਅਸੁ ਵਦੀ ੧੦ ਸ੍ਰੀ ਬਾਬਾ ਨਾਨਕ ਜੀ ਸਮਾਣੇ ॥
ਸੰਮਤ ੧੬੦੯ ਚੇਤ ਸੁਦੀ ੪ ਸ੍ਰੀ ਸਤਿਗੁਰੂ ਅੰਗਦ ਜੀ ਸਮਾਣੇ ॥

---

* ਭੁਲ ਕੇ 'ਪਾਲ ਗੜ' ਲਿਖਿਆ ਹੈ, ਚਾਹੀਏ 'ਪਾਤਾਲ ਗੜ੍ਹ'।

† ਇਹ ਭੀ ਗ਼ਲਤੀ ਲਿਖਾਰੀ ਨੇ ਕੀਤੀ ਹੈ, ਚਾਹੀਏ 'ਸਾਂਗ ਹੋਆ'।



Sri Satguru Jagjit Singh Ji Elibrary NamdhariElibrary@gmail.com

ਸੰਮਤ ੧੬੩੧ ਭਾਦਉ ਸੁਦੀ ੧੫ ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣ ।
ਸੰਮਤ ੧੬੩੮ ਭਾਦਉ ਸੁਦੀ ੩ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ ।
(ਅਤੇ ਬਹੁਤ ਕਰਕੇ ਇਕ ਹੋਰ ਹਥ ਵਿਚ)
ਸੰਮਤ ੧੬੬੩ ਜੇਠ ਸੁਦੀ ੪ ਸ਼ੁਕਰਵਾਰ ਸ੍ਰੀ ਸਤਿਗੁਰੂ ਅਰਜਨ ਜੀ ਸਮਾਣੇ ॥"

ਬੂੜੇ ਸੰਧੂ ਵਾਲੀ ਬੀੜ ਤੋਂ ਸਿਧ ਹੈ ਕਿ ਆਦਿ ਬੀੜ ਵਿਚ ਖ਼ਾਲੀ ਚਾਰ ਗੁਰੂ ਸਾਹਿਬਾਨ ਦੀਆਂ ਚਲਾਨੇ ਦੀਆਂ ਥਿਤਾਂ ਦਿਤੀਆਂ ਸਨ। ਪੰਜਵੇਂ ਗੁਰੂ ਦੀ ਥਿਤ ਗੁਰ ਹਰ ਗੋਬਿੰਦ ਸਾਹਿਬ ਨੇ ਆਪ ਦਰਜ ਕੀਤੀ ਜਾਂ ਭਾਈ ਗੁਰਦਾਸ ਜੀ ਜਾਂ ਭਾਈ ਬੁਡਾ ਜੀ ਜਾਂ ਕਿਸੇ ਹੋਰ ਨੇ, ਇਹ ਨਹੀਂ ਕਿਹਾ ਜਾ ਸਕਦਾ, ਕਿ ਕਿਸਨੇ ਕਿਉਂਕਿ ਬੀੜ ਮੌਜੂਦ ਨਹੀਂ। ਇਹ ਸਭ ਕੁਝ ਅਸੀਂ ਉਪਰ ਲਿਖ ਆਏ ਹਾਂ। ਏਸ ਤੋਂ ਪਿਛੋਂ ਦੋ ਥਿਤਾਂ ਸ੍ਰੀ ਹਰ ਕ੍ਰਿਸ਼ਨ ਜੀ ਦੀ ਹਥੀਂ ਲਿਖੀਆਂ ਗਈਆਂ। ਸਤਵੀਂ ਪਾਤਸ਼ਾਹੀ ਦੇ ਚਲਾਨੇ ਦੀ ਥਿਤ ਉਸ 'ਆਦਿ-ਬੀੜ' ਵਿਚ ਦਰਜ ਹੋਈ ਕਿ ਨਾ, ਇਸ ਬਾਬਤ ਕੁਝ ਨਹੀਂ ਕਿਹਾ ਜਾ ਸਕਦਾ। ਸ਼ਾਇਦ ਅਠਵੇਂ ਗੁਰੂ ਜੀ ਨੇ ਇਹ ਭੀ ਦਰਜ ਕਰ ਦਿਤੀ ਹੋਵੇ, ਪਰ ਉਮੀਦ ਨਹੀਂ॥ ਰਹੀ ਅਠਵੇਂ ਗੁਰੂ ਦੇ ਆਪਣੇ ਚਲਾਣੇ ਦੀ ਥਿਤ, ਸੋ ਆਸ ਨਹੀਂ ਕਿ ਗੁਰੂ ਤੇਗ ਬਹਾਦਰ ਜੀ ਨੇ ਲਿਖੀ ਜਾਂ ਲਿਖਵਾਈ ਹੋਵੇ, ਕਿਉਂਕਿ ਉਹਨਾਂ ਦੀ ਗੁਰਿਆਈ ਦਾ ਪਹਿਲਾ ਵਰ੍ਹਾ ਸਾਰਾ ਉਸ ਬੀੜ ਨੂੰ ਦਰਯਾ-ਬੁਰਦ ਕਰਨ ਤਕ ਦੁਬਿਧਾ ਵਿਚ ਲੰਘਿਆ। ਹਾਂ ਨਵਾਂ ਗੁਰੂਆਂ ਦੀ ਥਿਤਾਂ ਉਸ ਬੀੜ ਵਿਚ ਪਹਿਲੀ ਵਾਰ ਦਰਜ ਹੋਈਆਂ, ਜੋ ਸੰਮਤ ੧੭੩੨ ਦੇ ਮਘਰ ਵਿਚ ਮੁੱਕੀ, ਗੁਰ ਤੇਗ ਬਹਾਦਰ ਜੀ ਦੇ ਚਲਾਨੇ ਤੋਂ ਸਤਾਰਾਂ ਦਿਨ ਪਿਛੋਂ॥

ਸੋ ਨੌਆਂ ਗੁਰਾਂ ਦੀਆਂ ਥਿਤਾਂ ਨਕਲ ਕਰਕੇ ਨਭਾ ਸਾਹਿਬ ਵਾਲੀ ਬੀੜ ਵਿਚ ਲਿਖਿਆ ਹੈ :–

"ਸੰਮਤ ੧੮੨੬ ਮਿਤਿ ਵੈਸਾਖ ਦੀ ਪੰਚਿਮੀ ਪ੍ਰ ਗਰੰਥ ਲਿਖਾ"

ਵੱਡਾ ਫ਼ਰਕ ਏਸ ਬੀੜ ਦਾ ਦੂਜੀਆਂ ਬੀੜਾਂ ਨਾਲੋਂ ਇਹ ਹੈ ਕਿ ਰਾਗ ਪ੍ਰਭਾਸ ਦੇ ਪਿਛੇ, ਪਹਿਲੇ ਚਾਰ ਗੁਰੂ ਸਾਹਿਬਾਨ ਦੀਆਂ ਬਾਣੀਆਂ ਦੇ ਨਾਲ ਨਾਵੇਂ ਮਹਲ ਦੇ ਸ਼ਲੋਕ ਦੇ ਕੇ, ਅਤੇ ਮੁੰਦਾਵਣੀ ਲਿਖ ਕੇ ਉਸ



Sri Satguru Jagjit Singh Ji Elibrary NamdhariElibrary@gmail.com

ਤੋਂ ਪਿਛੋਂ ਸ਼ਲੋਕ ਕਬੀਰ, ਸ਼ਲੋਕ ਫ਼ਰੀਦ, ਸਵੈਯੇ ਸ੍ਰੀ ਮੁਖਵਾਕ ਮ: ੫, ਅਤੇ ਭਟਾਂ ਦੇ ਸਵੈਯੇ ਦਿਤੇ ਹਨ। ਇਉਂ ਸਮਝੋ ਜੋ ਜਿਸ ਨੂੰ 'ਭੋਗ ਦੀ ਬਾਣੀ' ਕਿਹਾ ਜਾਂਦਾ ਹੈ, ਅਰਥਾਤ ਗ੍ਰੰਥ ਸਾਹਿਬ ਦਾ ਜੋ ਪਿਛਲ ਭਾਗ ਜਾਂ ਜ਼ਮੀਮਾ ਹੈ, ਉਸ ਦੇ ਵਿਚਕਾਰ ਨਾਵੀਂ ਪਾਤਸ਼ਾਹੀ ਦੇ ਸ਼ਲੋਕ ਅਤੇ 'ਮੁੰਦਾਵਣੀ' ਵਾਲਾ ਸ਼ਲੋਕ ਪਾ ਕੇ ਦੋ ਹਿਸਿਆਂ ਵਿਚ ਵੰਡ ਦਿਤਾ ਹੈ। ਵੇਰਵਾ ਇਸ ਤਰ੍ਹਾਂ ਪੁਰ ਹੈ ਕਿ ਰਾਗ ਪ੍ਰਭਾਸ ਦੇ ਅੰਤ ਵਿਚ ਨੌ ਸ਼ਬਦ ਭਗਤਾਂ* ਦੇ ਹਨ। ਫੇਰ ਸ਼ਲੋਕ ਸਹਸਕ੍ਰਿਤਿ, ਗਾਥਾ, ਫੁਨਹੇ, ਚਉਬੋਲੇ ਅਤੇ 'ਸ਼ਲੋਕ ਵਾਰਾਂ ਤੇ ਵਧੀਕ' ਆਉਂਦੇ ਹਨ ਸ਼ਲੋਕ ਮ: ੫ ਤਕ। ਉਸ ਤੋਂ ਝਟ ਹੀ ਪਿਛੋਂ ਸ਼ਲੋਕ ਮਹਲਾ ੯ ਦੇ ਕੇ ਮੁੰਦਾਵਣੀ ਲਿਖ ਦਿਤੀ ਹੈ। ਚਉਬੋਲੇ ੧੧ ਦਿਤੇ ਹਨ, ਪਰ ਢਾਟ ਗਾਮ ਵਾਲੀ ਬੀੜ ਵਿਚ ੯ ਹਨ, ਛੇਕੜਲੇ ਦੋ ਛੁਟ ਗਏ ਹਨ। 'ਸ਼ਲੋਕ ਵਾਰਾਂ ਤੇ ਵਧੀਕ' ਵਿਚ ਆਉਂਦਾ ਹੈ:—

ਲਾਹੌਰ ਸ਼ਹਿਰ ਜ਼ਹਿਰ ਕਹਿਰ ॥ ੨੬ ॥

ਮਹਲਾ ੩॥ ਲਾਹੌਰ ਸ਼ਹਿਰ ਅੰਮ੍ਰਿਤਸਰ ਸਿਫਤੀ ਦਾ ਘਰ॥੨੭॥

'ਅੰਮ੍ਰਿਤਸਰ ਸਿਫਤੀ ਦਾ ਘਰ' ਤੀਜੇ ਗੁਰੂ ਦਾ ਬਚਨ ਨਹੀਂ ਹੋ ਸਕਦਾ, ਕਿਉਂ ਜੋ ਅੰਮ੍ਰਿਤਸਰ ਨਾਮ ਏਸ ਕਸਬੇ ਦਾ ਪੰਜਵੇਂ ਗੁਰੂ ਦੇ ਵੇਲੇ ਪਿਆ ਸੀ, ਪਹਿਲੇ ਨਾਂ 'ਚੱਕ ਰਾਮਦਾਸ', ਤੇ ਫੇਰ 'ਰਾਮਦਾਸਪੁਰ' ਹੋਇਆ ਸੀ ਅਤੇ ਇਹਨਾਂ ਤੋਂ ਵੀ ਪਹਿਲੇ ਪਿੰਡ ਦਾ ਨਾਮ ਸੀ 'ਭਸੀਂਹ'। 'ਰਾਮਦਾਸ ਪੁਰ' ਨਾਂ ਪਹਿਲੇ ਗੁਰੂ ਅਰਜਨ ਦੇਵ ਜੀ ਨੇ ਹੀ ਰਖਿਆ ਸੀ।

ਨਾਵੀਂ ਪਾਤਸ਼ਾਹੀ ਦੇ ਪਿਛਲੇ ਕੁਝ ਸ਼ਲੋਕਾਂ ਦਾ ਪਾਠ ਇਉਂ

---

*ਨਾਮ ਦੇਵ ਦੇ ਸ਼ਬਦ 'ਅਭੁਲ ਪੁਰਖ ਇਕ ਚਲਤ ਉਪਾਇਆ' ਵਿਚ 'ਅਭੁਲ' ਦੀ ਥਾਂ 'ਅਕਾਲ ਪੁਰਖ' ਹੋ ਗਿਆ ਹੈ, ਲਿਖਾਰੀ ਦੀ ਗਲਤੀ ਨਾਲ। ਏਸੇ ਤਰ੍ਹਾਂ ਇਕ ਹੋਰ ਥਾਂ ਕਬੀਰ ਦੇ ਸ਼ਲੋਕ—'ਕਹਿ ਕਬੀਰ ਜਨ ਭਏ ਖੁਲਾਸੇ' ਵਿਚ 'ਭਏ ਖੁਲਾਸੇ' ਦੀ ਥਾਂ 'ਭਏ ਖਾਸਲੇ' ਬਣ ਗਿਆ ਹੈ। ਬਹੁਤ ਕਰ ਕੇ 'ਖਾਲਸੇ' ਲਿਖਣਾ ਚਾਹਿਆ ਸੀ।



Sri Satguru Jagjit Singh Ji Elibrary NamdhariElibrary@gmail.com

ਦਿਤਾ ਹੈ :–

ਜੋ ਉਪਜਿਉ ਸੋ ਬਿਨਸ ਹੈ ਪਰੋ ਆਜ ਕਿ ਕਾਲ।
ਨਾਨਕ ਹਰਿ ਗੁਣ ਗਾਇਲੇ ਛਾਡ ਸਗਲ ਜੰਜਾਲ।੫੨।
ਦੋਹਰਾ॥ ਬਲ ਛੁਟਿਓ ਬੰਧਨ ਪਰਿਉ ਰਹਿਉ ਨ ਕਛੁ ਉਪਾਇ।
ਕਹ ਨਾਨਕ ਅਬ ਓਟ ਹਰਿ ਗਜ ਜਿਉ ਹੋਇ ਸਹਾਇ।੫੩।
ਮਹਲਾ ਦਸਵਾਂ॥ ਬਲ ਹੂਓ ਬੰਧਨ ਛੁਟੇ ਸਭ ਕਛੁ ਹੋਇ ਉਪਾਇ।
ਸਭ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਇ ਸਹਾਇ।੫੪।
ਮਹਲਾ ੯॥ ਰਾਮ ਨਾਮ ਉਰ ਮੈ ਗਹੋ, ਜਾਕੀ ਸਮ ਨਹੀਂ ਕੋਇ। ਆਦਿ।
ਕਹ ਨਾਨਕ ਇਹ ਜਗਤ ਮਹਿ ਕਿਨੈ ਜਾਪਿਉ ਗੁਰਮੰਤ ।੫੭।੨੦੧।

'ਜੈਜਾਵੰਤੀ' ਰਾਗ ਦੇ ਚਾਰ ਸ਼ਬਦ 'ਜੈਤਸਰੀ' ਦੇ ਪਿਛੇ ਲਿਖੇ ਹਨ। ਰਾਗਾਂ ਦੇ ਹੇਠਾਂ ਜੋ ਨਾਵੇਂ ਮਹਲ ਦੇ ਸ਼ਬਦ ਹਨ, ਉਹਨਾਂ ਦੀ ਗਿਣਤੀ, ਪਾਠ ਅਤੇ ਤਰਤੀਬ ਦਾ ਮੁਕਾਬਲਾ ਮੈਂ ਏਸ ਬੀੜ ਦਾ ਨਹੀਂ ਕੀਤਾ।

'ਮੁੰਦਾਵਣੀ' ਦੇ ਪਿਛੋਂ ਆਉਂਦੇ ਹਨ ਵਾਰੋ ਵਾਰੀ:–ਸ਼ਲੋਕ ਕਬੀਰ (੨੪੩), ਸ਼ਲੋਕ ਫਰੀਦ (੧੩੦),ਸਵੈਯੇ ਮੁਖ ਵਾਕ(੯+੧੧) ਸਵੈਯੇ ਭੱਟਾਂ ਦੇ, ਬਾਬਤ ਮਹਲਾ ੧ (੧੦), ਮਹਲਾ ੨ (੧੦), ਮਹਲਾ ੩ (੨੨), ਮਹਲੇ ਚੌਥੇ ਕੇ (੬੦), ਅਤੇ ਮਹਲੇ ੫ ਕੇ (੨੧)

ਏਸ ਤੋਂ ਪਿਛੋਂ ਆਉਂਦੀਆਂ ਹਨ ਫਾਲਤੂ ਬਾਣੀਆਂ :–ਸਲੋਕ ਮ: ੧ 'ਜਿਤ ਦਰ ਲਖ ਮੁਹਮਦਾ' (੩), ਸਲੋਕ ਮਹਲਾ ੧–'ਬਾਇ ਆਤਿਸ਼ ਆਬ' (੧੬); ਰਤਨ ਮਾਲਾ(੨੫); ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ; ਅਤੇ ਸਭ ਤੋਂ ਛੇਕੜ ਰਾਗ ਮਾਲਾ॥ ਸਿਆਹੀ ਕੀ ਬਿਧਿ ਵਡੇ ਤਤਕਰੇ ਦੇ ਪਿਛੋਂ ਆ ਚੁਕੀ ਹੈ।

ਰਤਨ ਮਾਲਾ ਦੇ ਪਿਛੇ ਦਸਤੂਰ ਮੁਜਬ ਟਿੱਪਣੀ ਤੋਰਕੀ ਤੋਂ ਗੁਰਮੁਖੀ ਅਖਰਾਂ ਵਿਚ ਲਿਖਣ ਬਾਬਤ ਦਿਤੀ ਹੈ। ਇਹ ਟਿਪਣੀ ਆਪਣੇ ਤੋਂ ਪਹਿਲੀ ਬੀੜ ਤੋਂ ਨਕਲ ਕੀਤੀ ਇਬਾਰਤ ਹੈ, ਮਖੀ ਤੇ ਮਖੀ ਮਾਰੀ



Sri Satguru Jagjit Singh Ji Elibrary NamdhariElibrary@gmail.com

ਹੈ; ਨਹੀਂ ਤਾਂ ਹਰ ਕਿਸੇ ਲਿਖਾਰੀ ਪਾਸ ਤੋਰਕੀ ਵਿਚ ਲਿਖੀ ਰਤਨਮਾਲਾ ਨਹੀਂ ਸੀ ਹੁੰਦੀ, ਜਿਸ ਤਰ੍ਹਾਂ ਕਿ ਹਰ ਇਕ ਪਾਸ ਗੁਰੂ ਰਾਮਦਾਸ ਦੇ ਹਥ ਦਾ ਲਿਖਿਆ 'ਜਪੁ' ਨਹੀਂ ਸੀ ਹੋ ਸਕਦਾ ॥

ਤਤਕਰਿਆਂ ਵਿਚ ਛੋਟੇ ਮੋਟੇ ਲਫ਼ਜ਼ੀ ਫ਼ਰਕ ਹਨ, ਜਿਸ ਤਰ੍ਹਾਂ, 'ਨਟ ਨਾਰਾਇਨ' ਨੂੰ ਖ਼ਾਲੀ 'ਨਟ' ਲਿਖਿਆ ਹੈ, ਅਤੇ ਬਿਭਾਸ ਨੂੰ 'ਬਿਭਾਸ ਪ੍ਰਭਾਤੀ'। ਸ਼ਬਦਾਂ ਦੇ ਤਤਕਰੇ ਦੇ ਪਿਛੇ (ਜਿਸ ਦਾ ਨਾਮ 'ਸੂਚੀ ਪਤ੍ਰ ਪੋਥੀ' ਹੈ), ਇਕ ਨਵੀਂ ਗਲ ਵਧਾਈ ਹੈ :—

"੧ ਓ ਸਤਿਗੁਰ ਪ੍ਰਸਾਦਿ
ਵਾਰਾਂ ਕਾ ਬੰਧੇਜ ਇਓ ਲਿਖਣੀਆਂ"

ਅਗੇ ਤਿੰਨ ਵਾਰਾਂ ਪਹਿਲੇ ਗੁਰੂ ਦੀਆਂ, ਚਾਰ ਤੀਜੇ ਦੀਆਂ, ਅਠ ਚਉਥੇ ਦੀਆਂ ਅਤੇ ਸਤ ਪੰਜਵੇਂ ਦੀਆਂ ਦਿਤੀਆਂ ਹਨ, ਪ੍ਰਤੀਕਾਂ ਦੇ ਕੇ ॥

## ੨੪—ਬੀੜ ਸੰਮਤ ੧੯੧੧
## ਢਾਕਾ ਸੰਗਤ ਵਿਚ

ਇਹ ਬੀੜ ਸਾਰੀ ਦੀ ਸਾਰੀ ਇਕ ਹਥ ਦੀ ਲਿਖੀ ਹੋਈ ਹੈ, ਲਿਖਾਈ ਸੁਥਰੀ ਹੈ। ਅਖਰਾਂ ਦੀਆਂ ਸ਼ਕਲਾਂ ਦਾ ਕੋਈ ਫ਼ਰਕ ਅਜਕਲ ਦੀਆਂ ਸ਼ਕਲਾਂ ਤੋਂ ਮੇਰੀ ਨਜ਼ਰੇ ਨਹੀਂ ਚੜ੍ਹਿਆ। ਇਹ ਉਤਾਰਾ ਢਾਕੇ ਸੰਗਤ ਦੇ ਸੰਮਤ ੧੭੩੨ ਵਾਲੇ ਗ੍ਰੰਥ ਤੋਂ ਕੀਤਾ ਗਿਆ ਹੈ। ਪਰ ਉਤਾਰਾ ਕਰਦੇ ਸਮੇਂ ਕੁਝ ਭੁਲਾਂ ਜ਼ਰੂਰ ਹੋ ਗਈਆਂ ਹਨ। ਇਤਫ਼ਾਕੀਆ ਮੇਰੀ ਨਜ਼ਰ ਸਫ਼ੇ ੨੬੪ ਅਤੇ ੨੬੫ ਉਤੇ ਪਈ; ਸਫ਼ੇ ੨੬੪ ਦੀ ਛੇਕੜਲੀ ਪਾਲ ਹੈ :—

ਸਲੋਕ ਮਹਲਾ ੧। 'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤ। ਸੋ ਰਤ ਪੀ' (ਵੇਂ) ਅਤੇ ਸਫ਼ੇ ੨੬੫ ਦਾ ਮੁਢ ਹੁੰਦਾ ਹੈ, ਇਹਨਾਂ ਲਫ਼ਜ਼ਾਂ ਤੋਂ :—



Sri Satguru Jagjit Singh Ji Elibrary NamdhariElibrary@gmail.com

(ਸੁ) 'ਰਗੀ ਦੀਆਂ ਹੋਵਨਿ ਨਾਨਕ ਸਭੇ ਜਾਉ' ॥
ਪ੍ਰਤਖ ਹੈ ਕਿ ਵਿਚਵਾਰੋਂ ਕੁਝ ਮਜ਼ਮੂਨ ਛੁਟ ਗਿਆ ਹੈ। ਏਸ ਤਰ੍ਹਾਂ ਜੋਤੀ ਜੋਤ ਸਮਾਵਨ ਦੀਆਂ ਥਿਤਾਂ ਤਤਕਰੇ ਦੇ ਅਖ਼ੀਰ ਨਕਲ ਨਹੀਂ ਕੀਤੀਆਂ, ਭਾਵੇਂ ਸਿਰਨਾਵਾਂ ਏਸ ਮਤਲਬ ਦਾ ਦਿਤਾ ਹੈ :-
ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ ਜੋਤਿਜੋਤ ਸਮਾਵਣੇ ਕਾ ਚਲਿਤ੍ਰ।

ਸੰਮਤ ੧੮੦੧੧ (ਮਤਲਬ ਹੈ ੧੮੧੧) ਮਿਤੀ ਫਾਗਨ ਸੁਦੀ ॥ ਗਿਰੰਥ ਲਿਖਾ ॥ ਮੁੰਦਾਵਣੀ (ਤਤਕਰੇ ਵਿਚ 'ਮੁੰਧਾਵਣੀ' ਕਰਕੇ ਲਿਖਿਆ ਹੈ) ਦੇ ਪਿਛੋਂ, ਸਲੋਕ ਮਃ ੧-'ਜਿਤ ਦਰ ਲਖ,' 'ਗੋਸ਼ਟ ਮਲਾਰ ਨਾਲ ਹੋਈ,' 'ਰਤਨ ਮਾਲਾ' ਅਤੇ 'ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ' ਦੇ ਕੇ ਛੇਕੜ ਪੁਰ 'ਰਾਗ ਮਾਲਾ' ਦਿਤੀ ਹੈ। ਸਿਆਹੀ ਕੀ ਬਿਧੀ (ਛੋਟੀ) ਤਤਕਰੇ ਦੇ ਪਿਛੇ ਦਿਤੀ ਹੈ। ਰਤਨ ਮਾਲਾ ਦੇ ਪਿਛੇ ਮਾਮੂਲੀ ਟਿਪੱਣੀ ਦਿਤੀ ਹੈ ॥

## ੨੫-ਬੀੜ ਸੰਮਤ ੧੮੪੯, ਢਾਕਾ ਸੰਗਤ ॥

ਇਹ ਬੀੜ ਨਥਾ ਸਾਹਿਬ ਦੀ ਸੰਗਤ ਵਾਲੀ ਸੰਮਤ ੧੮੨੬ ਦੀ ਬੀੜ ਤੋਂ ਉਤਾਰਾ ਕੀਤੀ ਗਈ। ਨਾਵੇਂ ਮਹਲੇ ਦੇ ਸ਼ਬਦ ਅਤੇ ਸਲੋਕ, ਉਹਨਾਂ ਥਾਵਾਂ ਤੇ ਹੀ ਆਏ ਹਨ, ਜਿਥੇ ਕਿ ਸੰਮਤ ੧੮੨੬ ਵਾਲੀ ਬੀੜ ਵਿਚ ॥ ਹੋਰ ਮਜ਼ਮੂਨ ਤੇ ਫ਼ਾਲਤੂ ਬਾਣੀਆਂ ਦੀ ਤਰਤੀਬ ਵੀ ਉਹੋ ਹੈ। 'ਚਲਿਤ੍ਰ ਜੋਤੀ ਜੋਤੀ ਸਮਾਵਣ ਕਾ' ਵਿਚ ਪਹਿਲੀਆਂ ਪੰਜ ਥਿਤਾਂ ਦੇ ਕੇ, ਉਹੋ Colophon ਟਿਪਨੀ ਅਠਵੇਂ ਮਹਲੇ ਦੇ ਹਥੀਂ ਲਿਖੀਆਂ ਅਗਲੀਆਂ ਦੋ ਥਿਤਾਂ ਬਾਬਤ ਦਿਤੀ ਹੈ। ਨਾਵੇਂ ਮਹਲ ਦੇ ਚਲਾਣੇ ਦੀ ਥਿਤ ਦੇ ਕੇ ਲਿਖਿਆ ਹੈ :-

ਸੰਮਤ ੧੮੪੯ ਭਾਦਉ ਦੀ ਪੰਚਮੀ,
ਗ੍ਰੰਥ ਸਾਹਿਬ ਸੁਪੂਰਣ ਦਿਨ ਬੁਧ ਕੇ ਹੂਆ ॥



Sri Satguru Jagjit Singh Ji Elibrary NamdhariElibrary@gmail.com

ਦਸਮ ਗੁਰੂ ਨੂੰ ਸਮਾਏ ੮੪ ਵਰ੍ਹੇ ਹੋ ਚੁਕੇ ਸਨ, ਪਰ ਏਸ ਲਿਖਾਰੀ ਨੇ ਉਹ ਥਿਤ ਕਿਤੋਂ ਹੋਰਥੋਂ ਲੈ ਕੇ ਵੀ ਨਹੀਂ ਲਿਖੀ, ਜੋ ਕੁਝ ਸਾਮਣੇ ਪਿਆ ਸੀ, ਉਸ ਦੀ ਨਕਲ ਕਰ ਛਡੀ ਹੈ। ਕਸਬੀ ਲਿਖਾਰੀ ਹੋਣਾ ਏ। ਰਤਨ ਮਾਲਾ ਦੇ ਪਿਛੇ ਭੀ ਮਾਮੂਲੀ ਟਿੱਪਣੀ ਦਿਤੀ ਹੈ।

ਏਸ ਬੀੜ ਵਿਚ ਦਰਜ ਨਾਵੇਂ ਮਹਲ ਦੇ ਸ਼ਬਦਾਂ ਦਾ, ਮੈਂ ਛਾਪੇ ਦੀ ਬੀੜ ਨਾਲ ਟਾਕਰਾ ਕੀਤਾ ਹੈ ਅਤੇ ਇਹ ਮਾਲੂਮ ਕੀਤਾ ਹੈ ਕਿ ਸ਼ਬਦਾਂ ਦੀ ਤਰਤੀਬ ਵਿਚ ਕਈ ਰਾਗਾਂ ਹੇਠ ਫ਼ਰਕ ਹੈ, ਜਿਸ ਤਰ੍ਹਾਂ ਰਾਗ ਜੈਤਸਰੀ, ਰਾਗ ਤਿਲੰਗ ਤੇ ਰਾਗ ਬਸੰਤ ਹੇਠਾਂ॥ ਤਤਕਰੇ ਵਿਚ ਦਿਤੀਆਂ ਪ੍ਰਤੀਕਾਂ ਦੀ ਤਰਤੀਬ, ਗ੍ਰੰਥ ਸਾਹਿਬ ਦੇ ਅੰਦਰ ਦਿਤੀ ਸ਼ਬਦਾਂ ਦੀ ਤਰਤੀਬ ਨਾਲੋਂ ਫ਼ਰਕ ਸਿਰ ਹੈ, ਭਾਵੇਂ ਇਕ ਦੋ ਥਾਵਾਂ ਪੁਰ ਹੀ ਸਹੀ। 'ਜੈਜਾਵੰਤੀ' ਨੂੰ 'ਜੈਤਸਰੀ' ਦੇ ਪਿਛੇ ਰਖਿਆ ਹੈ, ਗ੍ਰੰਥ ਸਾਹਿਬ ਦੇ ਅਖ਼ੀਰ ਤੇ ਨਹੀਂ।

ਇਹ ਬੀੜ ਅਤੇ ਸੰਮਤ ੧੮੧੧ ਦੀ ਬੀੜ, ਪਹਿਲੇ ਸਿਲਹਟ ਸ਼ਹਿਰ ਦੀ ਸੰਗਤ ਵਿਚ ਹੁੰਦੀਆਂ ਸਨ, ਜਦ ਉਹ ਸੰਗਤ ਟੁਟ ਗਈ, ਤਦ ਬੀੜਾਂ ਨੂੰ 'ਹਜ਼ੂਰ ਸੰਗਤ' ਢਾਕਾ ਵਿਚ ਭੇਜ ਦਿਤਾ ਗਿਆ।

## ੨੬—ਸੂਬਾ ਆਗਰਾ ਤੇ ਅਵਧ ਦੀਆਂ ਬੀੜਾਂ॥

ਯੂ. ਪੀ. ਸੂਬੇ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਕਈ ਥਾਂ ਪ੍ਰਾਚੀਨ ਬੀੜਾਂ ਹਨ। ਸਭ ਤੋਂ ਪੁਰਾਣੀ ਬੀੜ ਸੰਮਤ ੧੭੧੬ ਦੀ ਲਿਖੀ ਬਾਬਾ ਰਾਮ ਰਾਇ ਜੀ ਦੇ ਦਿਹੁਰੇ ਡੇਹਰਾਦੂਨ ਵਿਚ ਹੈ। ਇਹ ਬੜੀ ਹੀ ਜ਼ਰੂਰੀ ਚੀਜ਼ ਹੈ। ਏਸੇ ਤੋਂ ਇਕ ਉਤਾਰਾ ਹੋਰ ਕੀਤਾ ਗਿਆ ਸੀ, ਜੋ ਸੰਮਤ ੧੭੪੨ ਵਿਚ ਜਾ ਕੇ ਮੁੱਕਾ। ਇਹ ਦੋ ਤੇ ਇਹਨਾਂ ਦੇ ਨਾਲ ਦੀਆਂ ਬੀੜਾਂ ਆਪਣੀ ਵਖਰੀ ਸ਼੍ਰੇਣੀ ਵਿਚ ਹਨ।

ਖ਼ਾਸ ਯੂ.ਪੀ. ਵਿਚ ਸਭ ਤੋਂ ਪੁਰਾਣੀ ਬੀੜ ਜੋ ਮੈਂ ਦੇਖੀ ਹੈ, ਉਹ ਛੋਟਾ ਮਿਰਜ਼ਾ ਪੁਰ ਵਿਚ ਹੈ, ਅਤੇ ਸੰਮਤ ੧੭੩੯ ਦੀ ਲਿਖੀ ਹੈ। (ਦਸਮੇਸ਼ ਜੀ



Sri Satguru Jagjit Singh Ji Elibrary NamdhariElibrary@gmail.com

ਦੀ ਉਮਰ ਉਸ ਵੇਲੇ ਸੋਲਾਂ ਕੁ ਵਰ੍ਹੇ ਦੀ ਸੀ)। ਦੂਜੀ ਪੁਰਾਣੀ ਬੀੜ ਨਾਨਕ ਮਤੇ ਦੀ ਸੰਮਤ ੧੭੪੨ ਦੀ ਅਤੇ ਤੀਜੀ ਲਖਨਊ ਵਿਚ ਸੰਮਤ ੧੭੪੩ ਦੀ ਹੈ। ਲਖਨਊ ਵਾਲੀ ਬੀੜ ਵਿਚ ਰਖੀ ਇਕ ਤਸਵੀਰ ਗੁਰੂ ਗੋਬਿੰਦ ਸਿੰਘ ਜੀ ਦੀ ਛੋਟੇ ਹੁੰਦੇ ਦੀ ਵੀ ਮਿਲੀ ਹੈ, ਬਸ ਇਹੋ ਕੋਈ ਯਾਰਾਂ ਬਾਰਾਂ ਵਰ੍ਹਿਆਂ ਦੀ ਉਮਰ ਦੀ। ਇਹ ਅਸੀਂ ਆਪਣੀ ਕਿਤਾਬ 'ਸਿਖਾਂ ਦੀ ਤਵਾਰੀਖ' ਵਿਚ ਦੇ ਰਹੇ ਹਾਂ॥ ਏਹਨਾਂ ਸਭ ਬੀੜਾਂ ਵਿਚ ਦਸਮੇਸ਼ ਦਾ 'ਨੀਸ਼ਾਣ' ਹੈ, ਅਤੇ ਨੀਸ਼ਾਣ ਦੇ '੧ ਓ' ਦੇ ਉਪਰ ਆਪ ਦਾ ਖ਼ਾਸ ਚਿਨ੍ਹ ਬਿੰਦੀ ਅਤੇ ਚਰਖੜੀ ਦਾ ( the Circle & the Cross ) ਬਰੀਕ ਜਿਹਾ ਬਣਿਆਂ ਹੈ। ਏਸੇ ਸਮੇਂ ਦੀ ਬਣੀ ਇਕ ਬੀੜ ਸੰਮਤ ੧੭੫੨ ਦੀ ਬਨਾਰਸ ਵਿਚ ਹੈ। ਆਗਰੇ ਵਿਚ ਦੋ ਬੀੜਾਂ ਹਨ, ਜਿਨ੍ਹਾਂ ਪੁਰ ਸੰਮਤ ਤਾਂ ਨਹੀਂ ਦਿਤਾ, ਪਰ ਹੋਣਗੀਆਂ ਉਹ ਏਸੇ ਸਮੇਂ ਦੇ ਲਾਗੇ ਦੀਆਂ, ਅਰਥਾਤ ਗੁਰੂ ਗੋਵਿੰਦ ਸਿੰਘ ਜੀ ਦੇ ਵੇਲੇ ਦੀਆਂ॥

ਫੇਰ ਕੋਈ ਸੌ ਵਰ੍ਹੇ ਦੀ ਵਿਥ ਤੇ ਜਾ ਕੇ ਲਿਖੀਆਂ ਬੀੜਾਂ ਮਿਲਦੀਆਂ ਹਨ। ਬਨਾਰਸ ਵਿਚ ਇਕ ਸੰਮਤ ੧੮੦੯ ਦੀ; ਅਜੁਧਿਆ ਵਿਚ ਇਕ ਸੰਮਤ ੧੮੩੮ ਦੀ, ਅਤੇ ਦੂਜੀ ੧੮੪੩ ਦੀ, (ਇਕ ਹੋਰ ਤੀਜੀ ਬੀੜ ਭੀ ਏਥੇ ਹੈ, ਜਿਸ ਪਰ ਕੋਈ ਸੰਮਤ ਨਹੀਂ ਲਿਖਿਆ); ਲਖਨਊ ਵਿਚ ਇਕ ਸੰਮਤ ੧੮੪੦ ਦੀ ਅਤੇ ਬਨਾਰਸ ਵਿਚ ਇਕ ਸੰਮਤ ੧੮੭੦ ਦੀ ਹੈ।

ਅਲਾਹਬਾਦ ਅਤੇ ਪਟਨਾ (ਬਿਹਾਰ) ਵਿਚ ਵੀ ਕਈ ਲਿਖਤ ਦੀਆਂ ਬੀੜਾਂ ਮੈਂ ਵੇਖੀਆਂ ਹਨ, ਪਰ ਇਹਨਾਂ ਵਿਚੋਂ ਕੋਈ ਭੀ ਤਾਵੀ ਮਹਤਵ ਵਾਲੀ ਨਹੀਂ ਸੀ।

ਬਹੁਤੀਆਂ ਬੀੜਾਂ ਦਾ ਹਾਲ ਮੈਂ ਅਗੇ ਅਖ਼ਬਾਰਾਂ ਵਿਚ ਦੇ ਚੁਕਾ ਹਾਂ। ਸੰਮਤ ੧੭੧੬ ਵਾਲੀ ਬੀੜ ਦਾ ਵੇਰਵੇ ਨਾਲ ਹਾਲ ਉਪਰ ਦਿਤਾ ਹੈ। ਹੁਣ ਬਾਕੀਆਂ ਦਾ ਜ਼ਿਕਰ ਸੰਖੇਪ ਨਾਲ ਵਾਰੋ ਵਾਰੀ ਕਰਦੇ ਹਾਂ।

ਯੂ. ਪੀ. ਅਤੇ ਬਿਹਾਰ ਵਿਚ ਮੁਢ ਤੋਂ ਹੀ ਸਿਖੀ ਦਾ ਬਹੁਤ ਪ੍ਰਚਾਰ



Sri Satguru Jagjit Singh Ji Elibrary NamdhariElibrary@gmail.com

ਸੀ। ਏਥੇ ਵਪਾਰ ਬੜਾ ਸੀ, ਅਤੇ ਪੰਜਾਬ ਦੇ ਖਤ੍ਰੀ ਵਪਾਰੀ ਹਰ ਨਿਕੇ ਮੋਟੇ ਸ਼ਹਿਰ ਕਸਬੇ ਵਿਚ ਜਾ ਵਸੇ ਹੋਏ ਸਨ। ਇਹਨਾਂ ਲੋਕਾਂ ਦਾ ਵਿਸ਼ਵਾਸ਼ ਅਕਸਰ ਸਿਖੀ ਪੁਰ ਸੀ। ਭਾਈ ਗੁਰਦਾਸ ਆਪਣੇ ਵੇਲੇ ਇਹਨਾਂ ਸ਼ਹਿਰਾਂ ਵਿਚ ਮੌਜੂਦ ਸੰਗਤਾਂ ਦੇ ਨਾਮ ਲੈਂਦੇ ਹਨ, ਅਤੇ ਮੁਖੀਆਂ ਦੇ ਨਾਮ ਵੀ ਜ਼ਾਤ ਦੇ ਨਾਮ ਸਮੇਤ ਦਿਤੇ ਹਨ। ਮੈਨੂੰ ਏਸ ਵਿਚ ਕੋਈ ਸੰਦੇਹ ਨਹੀਂ ਕਿ ਜੇ ਬਿਹਾਰ ਬੰਗਾਲ ਦੇ ਸ਼ਹਿਰਾਂ ਸਹਸਰਾਮ, ਡੁਮਰਾਓ ਰਾਜ,* ਬਰਦਵਾਨ, ਰਾਜ ਮਹਲ, ਮੁੰਗੇਰ, ਮੁਰਸ਼ਿਦਾਬਾਦ ਆਦਿ ਵਿਚ ਹਾਲੀ ਭੀ ਅਨੇਕਾਂ ਪ੍ਰਾਚੀਨ ਬੀੜਾਂ ਲੋਕਾਂ ਦੇ ਘਰੀਂ ਮਿਲ ਸਕਦੀਆਂ ਹੋਣਗੀਆਂ, ਭਾਵੇਂ ਦਿਨੋ ਦਿਨ ਏਹਨਾਂ ਦੀ ਗਿਣਤੀ ਘਟਦੀ ਜਾਂਦੀ ਹੈ। ਪਰ ਏਹਨਾਂ ਨੂੰ ਢੂੰਡ ਕੇ ਕਢਣਾ ਅਤੇ ਉਹਨਾਂ ਦਾ ਚੰਗੀ ਤਰ੍ਹਾਂ ਇਮਤਿਹਾਨ ਲੈਣਾ, ਹੁਣ ਹੋਰਨਾਂ ਦਾ ਕੰਮ ਹੋਵੇਗਾ, ਮੈਂ ਆਪਣੀ ਵਾਰੀ ਦੇ ਚੁਕਾ ਹਾਂ।

## ੨੭–ਬੀੜ ਸੰਮਤ ੧੭੩੯। ਪੁਰਾਣੀ ਸੰਗਤ–ਛੋਟਾ ਮਿਰਜ਼ਾਪੁਰ।

ਗੰਗਾ ਦੇ ਕੰਢੇ ਕਾਂਸ਼ੀ ਤੋਂ ਪੰਜ ਛੇ ਮੀਲ ਉਪਰ ਛੋਟਾ ਮਿਰਜ਼ਾਪੁਰ ਨਾਮ ਦਾ ਇਕ ਗ੍ਰਾਮ ਹੈ। ਏਥੇ ਗੁਰੂ ਪੰਜਮੀ ਪਾਤਸ਼ਾਹੀ ਦੇ ਵੇਲੇ ਦੀ ਇਕ ਸੰਗਤ ਸੀ, ਜੋ ਹੁਣ ਗਿਰ ਗਈ ਹੈ। ਕਾਂਸ਼ੀ ਦਾ ਮਸੰਦ, ਭਾਈ ਗੁਰਦਾਸ ਜੀ ਦੀ ਕਾਂਸ਼ੀ ਰਿਹਾਇਸ਼ ਦੇ ਵੇਲੇ, ਏਥੇ ਹੀ ਛੋਟਾ ਮਿਰਜ਼ਾਪੁਰ ਵਿਚ ਰਹਿੰਦਾ ਸੀ। ਏਸ ਪਿੰਡ ਦੇ ਆਲੇ ਦੁਆਲੇ ਵਿਚ ਹਲਵਾਈ ਬਾਣੀਏ ਆਦਿ ਪੁਰਾਣੇ ਹੋਏ ਸਿਖ ਹੁਣ ਵੀ ਬਹੁਤੇਰੇ ਹਨ। ਅਹਰੌਰਾ-ਰੋਡ ਸਟੇਸ਼ਨ ਤੇ ਉਤ੍ਰੀਏ, ਤਦ ਛੋਟਾ ਮਿਰਜਾਪੁਰ ਓਥੋਂ ਕੁਲ ਦੋ ਕੁ ਮੀਲ ਹੈ।

ਸੰਗਤ ਦੇ ਗਿਰ ਜਾਨ ਪਿਛੋਂ, ਇਸ ਸੰਗਤ ਦਾ ਗ੍ਰੰਥ ਸਾਹਿਬ ਸਿਖਾਂ

*ਇਥੋਂ ਦਾ Ruling Prince ਖਤ੍ਰੀ ਹੈ।



Sri Satguru Jagjit Singh Ji Elibrary NamdhariElibrary@gmail.com

ਦੇ ਘਰਾਂ ਵਿਚ ਚਲਾ ਗਿਆ, ਅਤੇ ਹੁਣ ਇਕ ਹਲਵਾਈ ਸਿੰਘ ਦੇ ਘਰ ਹੈ। ਸੰਮਤ ੧੭੩੯ ਦਾ ਲਿਖਿਆ ਹੈ ਅਤੇ ਇਸ ਵਿਚ ਦਸਮ ਗੁਰੂ ਦਾ 'ਨਿਸ਼ਾਣ' ਹੈ।

ਤਤਕਰੇ ਦਾ ਮੁਢ ਇਸ ਤਰ੍ਹਾਂ ਹੁੰਦਾ ਹੈ :–

"ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ।
ਜੋਤੀਜੋਤ ਸਮਾਣੇ ਕਾ ਚਲਿਤ੍ਰ।
ਸੰਬਤ ੧੭੩੯ ਮਿਤੀ ਸਾਵਣ ਵਦੀ ਤ੍ਰਿਓਦਸ਼ੀ ਗ੍ਰਿੰਥ ਲਿਖਿਆ।
ਨੀਸ਼ਾਣ ਗੁਰੂ ਜੀ ਕੇ ਦਸਤਖਤੀ ਮਹਲਾ ੧੦।
ਜਪੁ ਗੁਰੂ ਰਾਮਦਾਸ ਜੀਓ ਕਿਆਂ ਦਸਤਖ਼ਤਾਂ ਕਾ ਨਕਲ ਕਾ ਨਕਲ ਥਾ ਤਿਸ ਕਾ ਨਕਲੁ, ਨਕਲੁ ਕਾ ਨਕਲੁ, ਨਕਲ ਕਾ ਨਕਲੁ।"

ਅਰਥਾਤ ਮੁਢ ਤੋਂ ਸਤਵੇਂ ਥਾਂ ਜਪੁਜੀ ਏਸ ਬੀੜ ਵਿਚ ਨਕਲ ਹੋਇਆ ਦਸਿਆ ਹੈ। ਦਸਮੇਸ਼ ਦਾ 'ਨੀਸ਼ਾਣ' ਇਸ ਤਰ੍ਹਾਂ ਲਿਖਿਆ ਹੈ :–

ੴ

" ੧ ਓ ਸਤਿਗੁਰ ਪ੍ਰਸਾਦਿ
ਸਤਿਨਾਮ ਕਰਤਾ ਪੁਰਖ ਨਿਰਭਓ ਨਿਰਵੈਰ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥"

ਦਸਤਖ਼ਤ ਦਸ਼ਮੇਸ਼ ਜੀ ਦੇ ਹੀ ਹਨ। ਇਹ ਪਹਿਲਾ 'ਨੀਸ਼ਾਣ' ਹੈ ਜੋ ਗ੍ਰੰਥ ਸਾਹਿਬ ਵਿਚ ਓਹਨਾਂ ਦੇ ਹਥ ਦਾ ਦਿਤਾ ਹੈ। ਆਪ ਦੀ ਉਮਰ ਏਸ ਵੇਲੇ ਸੋਲਾਂ ਸਾਲ ਦੀ ਸੀ, ਪਰ ਗੁਰਮੁਖੀ ਦਾ ਖ਼ਤ ਪਕ ਚੁਕਾ ਸੀ, ਅਤੇ ਉਹ ਆਪਣਾ ਗੁਝਾ ਚਿਨ੍ਹ ਵੀ ਆਪਣੇ ਹਥ ਦੀਆਂ ਲਿਖਤਾਂ ਤੇ ਪਾਨ ਲਗ ਪਏ ਸਨ। ਇਹ ਸਵਾਲ ਹਲ ਤਲਬ ਹੈ ਕਿ ਇਹ ਖ਼ਾਸ ਨਿਸ਼ਾਨ ਪਾਣਾ ਉਹਨਾਂ ਨੂੰ ਕਿਸ ਤਰ੍ਹਾਂ ਸੁੱਝਾ। ਹਾਲੀ ਤਕ ਉਹ ਮਾਖੋ ਵਾਲੋਂ ਕਿਤੇ ਬਾਹਰ ਨਹੀਂ ਗਏ॥ ਇਹ ਭੀ ਧਿਆਨ ਕਰੋ ਕਿ ਏਸ ਬੀੜ ਵਿਚ ਗੁਰੂ ਸਾਹਿਬ ਦੀ ਲਿਖਤ ਨੂੰ ਨਾਮ 'ਨੀਸ਼ਾਣ' ਦਿਤਾ ਹੈ। ਸੋ ਇਸ ਵਿਚ ਕੋਈ ਸ਼ਕ ਨਹੀਂ ਰਹਿੰਦਾ ਕਿ 'ਆਦਿ-ਬੀੜ' ਦੇ ਤਤਕਰੇ ਵਿਚ 'ਜਪੁ ਨੀਸ਼ਾਣ' ਦੇ



Sri Satguru Jagjit Singh Ji Elibrary NamdhariElibrary@gmail.com

ਕੀ ਅਰਥ ਸਨ। ਹਾਂ ਓਥੇ 'ਨੀਸ਼ਾਣ' ਗੁਰੂ ਅਰਜਨ ਦੇਵ ਦੇ ਹਥਾਂ ਦਾ ਸੀ।

(੨) 'ਮੈ ਪੁਰਖ' ਵਾਲੇ ਚਾਰ ਸ਼ਬਦ 'ਰਹਿਰਾਸ' ਵਿਚ ਨਹੀਂ ਆਏ। ਜੈਜਾਵੰਤ ਰਾਗ ਵਿਚ ਗੁਰੂ ਤੇਗ ਬਹਾਦਰ ਦੇ ਚਾਰ ਸ਼ਬਦ, ਰਾਗ ਗਉੜੀ ਤੋਂ ਪਿਛੇ ਦਿਤੇ ਹਨ, ਨਾ ਕਿ ਜੈਤਸਰੀ ਦੇ ਪਿਛੇ, ਅਤੇ ਨਾ ਬਿਭਾਸ ਪ੍ਰਭਾਤੀ ਦੇ ਪਿਛੇ। ਗੁਰੂ ਤੇਗ ਬਹਾਦਰ ਦੇ ਹੋਰ ਸ਼ਬਦਾਂ ਤੇ ਸ਼ਲੋਕਾਂ ਦੇ ਦੇਣ ਵਿਚ ਤਰਤੀਬ ਦਾ ਅਜਕਲ ਦੇ ਗਰੰਥ ਸਾਹਿਬਾਂ ਨਾਲੋਂ ਬੜਾ ਫ਼ਰਕ ਹੈ। ਚੇਤੇ ਰਹੇ ਕਿ ਸੰਮਤ ੧੭੩੨ ਤੋਂ ਪਿਛੋਂ ਇਹ ਪਹਿਲਾ ਗ੍ਰੰਥ ਸਾਹਿਬ ਹੈ, ਜਿਸ ਵਿਚ ਨਾਵੇਂ ਗੁਰੂ ਦੀ ਬਾਣੀ ਦਰਜ ਹੋਈ ਹੈ। ਲਫ਼ਜ਼ੀ ਫ਼ਰਕ ਵੀ ਦੇਖੇ ਗਏ ਹਨ। ਕੁਝ ਸਮਾ ਦੇ ਕੇ ਚੰਗੀ ਤਰ੍ਹਾਂ ਪੜਤਾਲ ਦੀ ਲੋੜ ਹੈ, ਪਰ ਮੈਨੂੰ ਇਤਨੀ ਫ਼ੁਰਸਤ ਨਹੀਂ ਸੀ ਕਿ ਇਹ ਕੰਮ ਕਰ ਸਕਦਾ, ਗੱਡੀ ਪਕੜਨੀ ਸੀ।

'ਮੁੰਦਾਵਣੀ' ਪਿਛੋਂ ਤਰਤੀਬ ਵਾਰ ਇਹ ਕੁਝ ਲਿਖਿਆ ਹੈ :-

ਮੁੰਦਾਵਣੀ; ਸਲੋਕ—'ਜਿਤ ਦਰ ਲਖ ਮੁਹਮਦਾ';
ਸ਼ਲੋਕ -'ਬਾਇ ਆਤਿਸ਼ ਆਬ';
ਸ਼ਲੋਕ ਮਹਲਾ ੯ (੫੬); ਰਤਨਮਾਲਾ; ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ, ਅਤੇ ਰਾਗਮਾਲਾ ॥

ਏਥੇ ਤਿੰਨ ਕੋਰੇ ਪਤਰੇ ਛਡਕੇ ਫੇਰ, ਸਿਆਹੀ ਕੀ ਬਿਧੀ (ਛੋਟੀ) ਲਿਖੀ ਹੈ, ਅਤੇ 'ਚਲਿਤ੍ਰ ਜੋਤੀਜੋਤ ਸਮਾਵਣ ਕੇ' ਗੁਰੂ ਤੇਗ ਬ਼ਹਾਦਰ ਤਕ ਦਿਤੇ ਹਨ। ਬਾਬੇ ਗੁਰਦਿਤੇ ਦੇ ਚਲਾਣੇ ਦੀ ਥਿਤ ਨਹੀਂ ਦਿਤੀ।

ਇਹ ਬੜੀ ਪ੍ਰਮਾਣੀਕ ਬੀੜਾਂ ਵਿਚੋਂ ਇਕ ਹੈ।

## ੨੯—ਬੀੜ ਸੰਮਤ ੧੭੪੪ 'ਪਟੇਟਾ' ਗ੍ਰਾਮ ਦੀ

ਚੁਨਾਰ ਤੋਂ ਛੇ ਸਤ ਮੀਲ ਤੇ ਇਕ ਛੋਟਾ ਗ੍ਰਾਮ 'ਪਟੇਟਾ' ਹੈ।



Sri Satguru Jagjit Singh Ji Elibrary NamdhariElibrary@gmail.com

ਏਥੇ ਪੁਰਾਣੀ ਸੰਗਤ ਹੁੰਦੀ ਸੀ, ਜੋ ਢਹਿ ਗਈ ਹੈ। ਪੁਰਾਣੇ ਗ੍ਰੰਥ ਸਾਹਿਬ ਹੁਣ ਇਕ ਦੁਕਾਨਦਾਰ ਪਾਸ ਹਨ, ਜਿਸ ਵਿਚ ਦਸ਼ਮੇਸ਼ ਦਾ 'ਨੀਸ਼ਾਣ' ਉਸੇ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਦਾ ਛੋਟੇ ਮਿਰਜ਼ਾਪੁਰ ਵਾਲੀ ਬੀੜ ਵਿਚ, ਉਹੋ ਦਸਤਖ਼ਤ ਅਤੇ ਉਹੋ ਗੁਥਾ ਚਿਨ੍ਹ। ਬਾਕੀ ਤਰਤੀਬ ਵੀ ਸਾਰੀ ਉਹੋ ਹੈ। ਇਹ ਗ੍ਰੰਥ ਇਕ ਹਥ ਦਾ ਲਿਖਿਆ ਹੈ, ਨਿਰਸੰਦੇਹ ਪੁਰਾਣਾ ਹੈ, ਸਿਆਹੀ ਕਈ ਥਾਂ ਕਾਗ਼ਜ਼ ਨੂੰ ਖਾ ਗਈ ਹੈ। ਮੁਕੰਮਲ ਹੋਣ ਦੀ ਤਾਰੀਖ਼ ਇਉਂ ਦਿਤੀ ਹੈ :-

> "ਸੰਬਤ ੧੭੪੪ ਅਸਾਢ ਬਦੀ ਏਕਾਦਸ਼ੀ ਗਿਰੰਥ ਲਿਖਾ ਨੀਸ਼ਾਣ ਗੁਰੂ ਜੀ ਕੇ ਦਸਤਖਤ ਮਹਲਾ ੧੦।"

ਵੇਖੋ ਇਥੇ ਭੀ ਲਫਜ਼ 'ਨੀਸ਼ਾਣ' ਵਰਤਿਆ ਹੈ।

(੨) ਏਸ ਗ੍ਰੰਥ ਦੀ ਇਕ ਹੋਰ ਅਖਰੋ ਅਖਰ ਨਕਲ ਵੀ ਏਥੇ ਘਟੇਟੇ ਹੀ ਮੌਜੂਦ ਹੈ, ਸੰਗਤ ਵਿਚ ਹੁੰਦੀ ਸੀ। ਹੁਣ ਦੋਵੇਂ ਗਰੰਥ ਇਕ ਸਿਖ ਦੇ ਕਬਜ਼ੇ ਵਿਚ ਹਨ।

'ਸੋ ਪੁਰਖ' ਵਾਲੇ ਚਾਰ ਸ਼ਬਦ ਰਹਿਰਾਸ ਅੰਦਰ ਇਹਨਾਂ ਦੁਹਾਂ ਬੀੜਾਂ ਵਿਚ ਨਹੀਂ।

## ੨੯–ਬੀੜ ਸੰਮਤ ੧੭੪੩ ਲਖਨਊ

ਲਖਨਊ ਮਹਲਾ ਯਹਯਾਗੰਜ ਵਿਚ ਪੁਰਾਣੇ ਬਨੀਏ ਸਿੰਘ ਰਹਿੰਦੇ ਹਨ। ਜਿਸ ਗਲੀ ਵਿਚ ਇਹ ਵਸਦੇ ਹਨ, ਇਹਨਾਂ ਕਰਕੇ ਉਹ 'ਸਿੰਘਾਂ ਵਾਲੀ ਗਲੀ' ਮਸ਼ਹੂਰ ਹੈ। ਇਹ ਲੋਕ ਅਸਲ ਵਿਚ ਕੀਰਤਿ ਪੁਰ ਦੇ ਰਹਿਣ ਵਾਲੇ ਸਨ। ਦਸਮ ਪਾਤਸ਼ਾਹ ਦੇ ਵੇਲੇ ਪ੍ਰਯਾਗ ਆ ਵਸੇ। ਸੰਗਤ ਦੀ ਕਾਰਭੇਟ ਇਹੋ ਉਗ੍ਰਾਹਿਆ ਕਰਦੇ ਸਨ। ਮਤਲਬ ਇਹ ਕਿ ਇਹ ਲੋਕ ਏਧਰ ਦੇ ਮਸੰਦ ਸਨ। ਇਹਨਾਂ ਪਾਸ ਇਕ ਗਰੰਥ ਸਾਹਿਬ ਗੁਰੂ ਕੇ 'ਨੀਸ਼ਾਣ' ਵਾਲਾ ਅਤੇ ਦੋ ਹੁਕਮਨਾਮੇ ਹਨ। ਇਕ ਹੁਕਮਨਾਮਾ ਸੰਮਤ



Sri Satguru Jagjit Singh Ji Elibrary NamdhariElibrary@gmail.com

੧੭੫੦ ਦਾ ਹੈ ਅਤੇ ਦੂਜਾ ਸੰਮਤ ੧੭੫੮ ਦਾ। ਇਕ ਤਸਵੀਰ ਗੁਰੂ ਗੋਬਿੰਦ ਸਿੰਘ ਦੀ ਛੋਟੇ ਹੁੰਦਿਆਂ ਦੀ ਹੈ। ਇਹ ਤਿੰਨੇ ਚੀਜ਼ਾਂ ਮੈਂ ਆਪਣੀ 'ਸਿਖਾਂ ਦੀ ਤਵਾਰੀਖ਼' ਵਿਚ ਦੇ ਰਿਹਾ ਹਾਂ।

ਗਰੰਥ ਸਾਹਿਬ ਸੰਮਤ ੧੭੪੩ ਮਿਤੀ ਅਸਾੜ ਵਦੀ ੯ ਦਾ ਲਿਖਿਆ ਹੈ। ਗੁਰੂ ਦਸਵੇਂ ਪਾਤਸ਼ਾਹ ਦਾ 'ਨੀਸ਼ਾਣ' ਏਸ ਤਰ੍ਹਾਂ ਪੁਰ ਹੈ:–

ੴ

"੧ਓ

ਗੁਰੂ ਸਤਿ

ਸਤਿਨਾਮ ਕਰਤਾ ਪੁਰਖ"

ਏਸ ਗਰੰਥ ਦਾ ਉਤਾਰਾ ਕਰਨ ਵਿਚ ਬਹੁਤ ਭੁਲਾਂ ਕੀਤੀਆਂ ਹਨ ਤੇ ਟਫੇ ਸੋਧੀਆਂ ਹਨ। ਲਿਖਤ ਭੀ ਚੰਗੀ ਨਹੀਂ, ਕਾਹਲੀ ਵਿਚ ਲਿਖਿਆ ਜਾਪਦਾ ਹੈ। 'ਸੋ ਪੁਰਖ' ਵਾਲੇ ਚਾਰ ਸ਼ਬਦ ਨਹੀਂ ਹਨ, ਨਿਤਨੇਮ ਦੀ ਬਾਣੀ ਵਿਚ। ਜੈਜਾਵੰਤੀ ਰਾਗ ਜੈਤਸਰੀ ਦੇ ਪਿਛੇ ਦਿਤਾ ਹੈ। ਛੇਕੜ ਪੁਰ ਬਾਣੀ ਦੀ ਤਰਤੀਬ ਇਉਂ ਹੈ :–

ਰਾਗ ਪ੍ਰਭਾਤੀ; ਸ਼ਲੋਕ ਸਹਸਕ੍ਰਿਤਿ; ਗਾਥਾ, ਫੁਨਹੇ, ਚਉਬੋਲੇ। (ਏਥੇ ਇਕ Colophon ਦਿਤੀ ਹੈ :–) "ਕਬੀਰ ਅਤੇ ਫ਼ਰੀਦ ਦੇ ਸ਼ਲੋਕ ਏਥ ਆਉਨੇ ਚਾਹੀਦੇਂ ਅਤੇ ਫੇਰ ਗੁਰੂ ਕੀ ਬਾਣੀ।"

ਏਸ ਨੋਟ ਤੋਂ ਪਿਛੋਂ ਦਿਤਾ ਹੈ :–ਸ਼ਲੋਕ ਵਾਰਾਂ ਤੇ ਵਧੀਕ, ਸ਼ਲੋਕ ਮਹਲਾ ੯; ਸਵੇਯੇ ਸ੍ਰੀ ਮੁਖਵਾਕ; ਸ਼ਲੋਕ ਕਬੀਰ (੨੪੪); ਸਲੋਕ ਫ਼ਰੀਦ (੧੩੦); ਸਲੋਕ, ਜਿਤ ਦਰ ਲਖ ਮੁਹਮਦਾ; ਸਲੋਕ, 'ਬਾਇ ਆਤਿਸ ਆਬ'; ਰਤਨਮਾਲਾ ਹਕੀਕਤ ਰਾਹ ਹਕੀਕਤ ਰਾਹ ਮੁਕਾਮ, ਰਾਗ ਮਾਲਾ, ਸਿਆਹੀ ਕੀ ਬਿਧੀ।

ਏਸੇ ਗ੍ਰੰਥ ਤੋਂ ਇਕ ਸੁਥਰਾ ਉਤਾਰਾ ਭੀ ਏਥੇ ਹੈ, ਪਰ ਉਸ ਵਿਚ ਲਿਖੇ ਜਾਨ ਦਾ ਸੰਮਤ ਨਹੀਂ ਦਿੱਤਾ ਹੋਇਆ।



Sri Satguru Jagjit Singh Ji Elibrary NamdhariElibrary@gmail.com

## ੩੦-ਬੀੜ ਸੰਮਤ ੧੯੪੦
## ਸੰਗਤ ਗੁਰੂ ਤੇਗ ਬਹਾਦਰ, ਲਖਨਊ

ਇਹ ਬੀੜ ਭਾਵੇਂ ਉਪਰਲੀ ਨਾਲੋਂ ਸੌ ਵਰ੍ਹਾ ਪਿਛੋਂ ਦੀ ਲਿਖੀ ਹੈ, ਪਰ ਲਖਨਊ ਵਿਚ ਹੋਣ ਕਰਕੇ ਏਸਦਾ ਜ਼ਿਕਰ ਭੀ ਏਥੇ ਹੀ ਕਰ ਦੇਂਦੇ ਹਾਂ। ਆਪਣੇ ਲਿਖੇ ਜਾਨ ਬਾਬਤ ਏਸ ਬੀੜ ਵਿਚ ਇਉਂ ਲਿਖਿਆ ਹੈ:—

> ਸੰਮਤ ੧੯੪੦ ਮਿਤੀ ਫਾਗਨ ਵਦੀ ॥੫॥ ਵਾਰ ਦਿਤਵਾਰ ॥
>
> ਸੂਚੀ ਪਤ੍ਰ ਪੋਥੀ ਕਾ ਤਤਕਰਾ। ਸ੍ਰੀ ਗੁਰਦਾਸ ਜੀ ਕੇ ਦਸਤਖਤ ਕਾ ਨਕਲ, ਨਕਲ ਕਾ ਨਕਲ, ਨਕਲ ਕਾ ਨਕਲ, ਨਕਲ।'

ਲਫ਼ਜ਼ 'ਜਪੁ' ਉਪਰਲੀ colophon ਵਿਚ ਨਹੀਂ ਹੈ, ਅਤੇ ਨਾਮ ਵੀ ਗੁਰੂ ਰਾਮਦਾਸ ਨਹੀਂ ਸਗੋਂ 'ਸ੍ਰੀ ਗੁਰਦਾਸ' ਲਿਖਿਆ ਹੈ। ਹੋਰ ਬੀੜਾਂ ਵਿਚ 'ਜਪੁ' ਬਾਬਤ ਏਸੇ ਤਰ੍ਹਾਂ ਦੀ ਇਬਾਰਤ ਵਰਤੀ ਹੁੰਦੀ ਹੈ। ਜਾਂ ਤਾਂ ਇਹ ਲਿਖਾਰੀ ਬੜਾ ਭਲਾ ਮਾਨਸ ਹੈ ਜੋ ਇਹ ਦਸਨ ਦੀ ਖੇਚਲ ਕਰਦਾ ਹੈ, ਕਿ ਉਸਦੀ ਨਕਲ ਕੀਤੀ ਬੀੜ, 'ਆਦਿ-ਬੀੜ' ਤੋਂ ਕਿਤਵੇਂ ਥਾਂ ਨਕਲ ਹੋਈ ਹੈ ਅਤੇ ਜਾਂ 'ਸ੍ਰੀ ਗੁਰ' ਅਤੇ 'ਦਾਸ' ਦੇ ਲਫ਼ਜ਼ਾਂ ਦੇ ਵਿਚਾਲੇ ਲਫ਼ਜ਼ 'ਰਾਮ' ਲਿਖਣਾ ਭੁਲ ਗਿਆ ਹੈ,ਜਿਸਤੇ ਇਹ colophon ਮਾਮੂਲੀ ਹੋਰ ਬੀੜਾਂ ਵਿਚ ਦਿਤੀ colophon ਬਣ ਜਾਂਦੀ।ਜੇ ਪਹਿਲੀ ਗਲ ਠੀਕ ਹੈ ਤਾਂ ਇਹ colophon ਆਪਣੀ ਕਿਸਮ ਦੀ ਪਹਿਲੀ ਅਤੇ ਇਕੱਲੀ ਹੈ। ਅਸਲ ਗਲ ਇਉਂ ਜਾਪਦੀ ਹੈ ਕਿ ਉਸ ਨੂੰ ਪੁਰਾਣੀ colophon ਦੀ ਸਮਝ ਨਹੀਂ ਆਈ ਅਤੇ ਉਸਨੇ ਆਪਣੇ ਵਲੋਂ ਉਸਦੀ ਗ਼ਲਤੀ ਦਰੁਸਤ ਕੀਤੀ ਹੈ, ਅਤੇ ਲਫ਼ਜ਼ 'ਜਪੁ' ਛਡਕੇ ਨਾਮ ਸ੍ਰੀ ਗੁਰੂ ਰਾਮਦਾਸ ਤੋਂ ਸ੍ਰੀ ਗੁਰਦਾਸ ਕਰ ਦਿਤਾ ਹੈ। 'ਸ੍ਰੀ' ਦਾ ਲਫ਼ਜ਼ ਏਸ ਤਰ੍ਹਾਂ ਭਾਈ ਗੁਰਦਾਸ ਦੇ ਨਾਮ ਦੇ ਨਾਲ ਹੋਰ ਕਿਤੇ ਨਹੀਂ ਵਰਤਿਆ ਗਿਆ।

ਸਾਰੀ ਬੀੜ ਇਕੋ ਲਿਖਾਰੀ ਦੇ ਹਥ ਦੀ ਤੇ ਸੁਥਰੀ ਲਿਖੀ ਹੈ, ਕੁਝ



Sri Satguru Jagjit Singh Ji Elibrary NamdhariElibrary@gmail.com

ਹਰਫ਼ ਜਿਵੇਂ ਘ ਤੇ ਛ, ਪੁਰਾਣੀ ਸ਼ਕਲਾਂ ਦੇ ਹਨ। ਸਾਰੇ ਪਤ੍ਰੇ ੭੩੬ ਹਨ, ਸਫੇ ਤੇ ੧੭ ਪਾਲਾਂ ਅਤੇ ਹਰ ਪਾਲ ਵਿਚ ਔਸਤਨ ੩੮ ਅਖਰ।

ਸੋ ਪੁਰਖ ਵਾਲੇ ਚਾਰ ਸ਼ਬਦ ਰਹਿਰਾਸ ਵਿਚ ਦਿਤੇ ਹਨ। ਜੈਜਾਵੰਤੀ ਰਾਗ 'ਜੈਤਸਰੀ' ਦੇ ਪਿਛੇ ਰਖਿਆ ਹੈ। ਨਾਵੇਂ ਮਹਲ ਦੇ ਸਲੋਕ (੫੭) ਮੁੰਦਾਵਣੀ ਤੋਂ ਪਿਛੇ ਦਿਤੇ ਹਨ। ਅਤੇ ਉਹਨਾਂ ਤੋਂ ਪਿਛੋਂ ਤਰਤੀਬਵਾਰ ਇਹ ਫ਼ਾਲਤੂ ਬਾਣੀਆਂ ਆਉਂਦੀਆਂ ਹਨ :-

ਰਤਨ ਮਾਲਾ, ਹਕੀਕਤ ਰਾਹ ਮੁਕਾਮ, ਰਾਗ ਮਾਲਾ।

ਤਤਕਰਾ, 'ਪ੍ਰਭਾਤੀ ਬਾਣੀ ਭਗਤਾਂ ਕੀ' ਉਪਰ ਖ਼ਤਮ ਹੋ ਜਾਂਦਾ ਹੈ। ਅਤੇ ਇਹਨਾਂ 'ਭੋਗ ਦੀਆਂ ਬਾਣੀਆਂ' ਅਤੇ 'ਫ਼ਾਲਤੂ ਬਾਣੀਆਂ' ਬ ਬਤ ਕੋਈ ਪ੍ਰਤੀਕਾਂ ਜਾਂ ਸਿਰਨਾਵੇਂ ਨਹੀਂ ਦਿਤੇ।

ਨਾਵੇਂ ਮਹਲ ਦੇ ਸ਼ਲੋਕਾਂ ਦੀ ਤਰਤੀਬ ਅਤੇ ਪਾਠ ਦਾ ਪਿਛੇ ਆ ਕੇ ਫ਼ਰਕ ਹੈ। ਇਉਂ ਲਿਖਿਆ ਹੈ :-ਜਾਕੈ ਬਹੁ ਪਰਵਾਰ ॥ ੫੦ ॥ ਕਿਨੇ ਜਪਿਓ ਗੁਰ ਮੰਤ ॥ ੫੧ ॥ ਛਡ ਸਗਲ ਜੰਜਾਲ ॥ ੫੩ ॥ ਬਲ ਤੁਟਿਓ ਬੰਧਨ ਪਰਿਓ ਰਹਿਓ ਨ ਕਛੁ ਉਪਾਇ। ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਇ ਸਹਾਇ ॥ ੫੪ ॥ ਬਲਹੂਓ ਬੰਧਨ ਛੁਟੇ ॥ ੫੫ ॥ ਰਾਮ ਨਾਮ ਉਰ ਮੈ ਗਹੇ ਜਾ ਕੀ ਸਮ ਨਹੀਂ ਕੋਇ ॥ ੫੬ ॥ ਬੰਧ ਸਖਾ ਸਭ ਤਜਿ ਗਏ ਦੀਉ ਨ ਕਾਹੂ ਸਾਧ। ਕਹ ਨਾਨਕ ਅਬ ਬਿਪਤਿ ਮਹਿ ਏਕ ਓਟ ਰਘੁਨਾਥ ॥ ੫੭ ॥

ਇਹ ਗਲ ਸਾਫ਼ ਹੈ ਕਿ ਗੁਰੂ ਤੇਗ ਬਹਾਦਰ ਜੀ ਆਪਣੀ ਪੈਰੀਂ ਪਈਆਂ, ਬੇੜੀਆਂ ਆਪਣੀ ਨਿਰਬਲਤਾ, ਆਪਣੇ ਦੁਖ ਦਾ ਜ਼ਿਕਰ ਏਥੇ ਕਰ ਰਹੇ ਹਨ।

## ੩੧-ਪੁਰਾਤਨ ਬੀੜ ਸੰਗਤ ਆਗਰਾ।

ਆਗਰੇ ਵਿਚ ਸਿਖਾਂ ਦੇ ਤਿੰਨ ਪੁਰਾਣੇ ਅਸਥਾਨ ਹਨ, ਦੋ, ਮਾਈ-ਥਾਨ ਮਹਲੇ ਵਿਚ ਹਨ ਜਿਥੇ ਖਤ੍ਰੀ ਵਸਦੇ ਹਨ। ਇਕ 'ਪੁਰਾਣੀ ਸੰਗਤ'



Sri Satguru Jagjit Singh Ji Elibrary NamdhariElibrary@gmail.com

ਕਹਲਾਉਂਦੀ ਹੈ, ਜਿਥੇ ਗੁਰੂ ਨਾਨਕ ਸਾਹਿਬ ਤੇ ਗੁਰੂ ਤੇਗ਼ ਬਹਾਦਰ ਆਏ ਦਸੇ ਜਾਂਦੇ ਹਨ। ਦੂਜਾ ਸਥਾਨ ਇਕ ਨਵੀਂ ਧਰਮਸਾਲਾ ਹੈ ਜੋ ਖੜ੍ਹੀਆਂ ਨੇ ਚਾਰਕੁ ਪੀਹੜ੍ਹੀਆਂ ਤੋਂ ਕਾਇਮ ਕੀਤੀ ਹੈ, ਕੋਈ ਸਠ ਸਤ੍ਰ ਬਰਸ ਏਸ ਨੂੰ ਕਾਇਮ ਹੋਇਆਂ ਹੋਏ ਹਨ (ਸੰਨ ੧੯੧੬ ਵਿਚ ਜਦ ਮੈਂ ਦਰਸ਼ਨ ਕੀਤੇ।) ਹੁਣ ਵਾਲੇ ਉਦਾਸੀ ਸਾਧੂ ਕਬੀਲਦਾਰ ਹਨ, ਅਤੇ ਕੋਈ ਤ੍ਰੀਹ ਵਰ੍ਹੇ ਤੋਂ ਉਥੇ ਹਨ। ਇਹਨ ਤੋਂ ਪਹਿਲੇ ਤਿੰਨ ਪੀਹੜੀਆਂ ਕੋਈ ਸਾਹਿਬਜ਼ਾਦੇ ਰਹੇ ਹਨ।ਇਹ ਸਾਰਾ ਮਹਲਾ ਖਤ੍ਰੀਆਂ ਦਾ ਹੈ,ਜੋ ਅਕਸਰ ਉਚੀਆਂ ਜ਼ਾਤਾਂ, ਚਾਰਜ਼ਾਤੀ, ਪੰਜ ਜ਼ਾਤੀ ਬਿਰਾਦਰੀਆਂ ਦੇ ਹਨ, ਪੜ੍ਹੇ ਲਿਖੇ ਤੇ ਨੌਕਰੀ ਪੇਸ਼ਾ ਹਨ। ਆਗਰੇ ਤੋਂ ਅਠ ਕੋਹ ਤੇ ਇਕ ਬਾਗ਼ ਹੁੰਦਾ ਸੀ, ਜਿਥੇ ਆ ਕੇ ਗੁਰੂ ਤੇਗ਼ਬਹਾਦਰ ਪਹਿਲੇ ਠਹਿਰੇ ਹਨ; ਇਕ ਮਾਈ ਉਹਨਾਂ ਨੂੰ ਉਥੋਂ ਪੁਰਾਣੀ ਸੰਗਤ ਵਿਚ ਲੈ ਆਈ ਸੀ। ਤੀਜਾ ਇਕ ਹੋਰ ਸਥਾਨ ਲੋਹਾ ਮੰਡੀ ਵਿਚ ਹੈ, ਜਿਥੇ ਗੁਰੂ ਗੋਬਿੰਦ ਸਿੰਘ ਆ ਕੇ ਠਹਿਰੇ ਸਨ। ਏਥੇ ਖ਼ਾਲੀ ਨਿਸ਼ਾਨ ਸਾਹਿਬ ਅਤੇ ਮਕਾਨ ਹੈ, ਗ੍ਰੰਥ ਸਾਹਿਬ ਕੋਈ ਨਹੀਂ।

ਨਵੀਂ ਧਰਮਸਾਲਾ ਵਿਚ ਇਕ ਪੁਰਾਣਾ ਗ੍ਰੰਥ ਸਾਹਿਬ ਹੁੰਦਾ ਸੀ, ਜੋ ਇਕ ਉਦਾਸੀ ਸਾਧੂ ਲੈ ਗਏ। ਹੁਣ ਛਾਪੇ ਦੇ ਦੋ ਗ੍ਰੰਥ ਸਾਹਿਬ ਹਨ॥

ਪੁਰਾਣੀ ਸੰਗਤ ਦੀ ਇਮਾਰਤ ਬਹੁਤ ਨਵੀਂ ਅਤੇ ਸੁਥਰੀ ਹੈ, ਛਤਾਂ ਲਈ ਲੋਹੇ ਦੇ ਗਰਡਰ ਵਰਤੇ ਹਨ। ਪੁਰਾਣਾ ਨਿਸ਼ਾਨ ਇਕ ਸੁਕੇ ਹੋਏ ਬੋਹੜ ਦਾ ਤਨਾ ਹੈ, ਜਿਸ ਦੇ ਹੇਠਾਂ ਇਕ ਥੜੀ ਬਣਾ ਕੇ ਉਸ ਪੁਰ ਸੰਗ ਮਰਮਰ ਦੀ ਇਕ ਸਿਲਾ ਨੌਂ ਇੰਚ × ਨੌਂ ਇੰਚ ਗੱਡੀ ਹੈ। ਇਸ ਸਿਲਾ ਉਤੇ ਦੋ ਛੋਟੇ ਪੈਰ ਉਕਰੇ ਹਨ, ਜੋ ਇਸ ਗਲ ਦਾ ਨਿਸ਼ਾਨ ਹਨ ਕਿ ਗੁਰੂ ਨਾਨਕ ਸਾਹਿਬ ਨੇ ਉਥੇ ਚਰਣ ਪਾਏ। ਉਹਨਾਂ ਦੇ ਸਮੇਂ ਰਾਜਧਾਨੀ ਇਹੋ ਆਗਰਾ ਸੀ। ਸਿਲਾ ਉਤੇ ਗੁਰਮੁਖੀ ਅਖਰਾਂ ਵਿਚ ਲਿਖਿਆ ਹੈ :—

> "ਸਨ ਬਾਰ੍ਹਾ ਸੈ ਤ੍ਰੇਪਨ ਮਾਘ ਸੁਦੀ ਬਸੰਤ ਪੰਚਮੀ ਸੰਗਤ ਬੜੀ। ਸ੍ਰੀ ਗੁਰੂ ਨਾਨਕ ਜੀ ਕੀ ਚਰਣ ਪਾਦਕਾ। ਥਾਨ ਗੁਰੂ ਤੇਗ ਬਹਾਦਰ ਕਾ। ੧ ਓ ਸਤਿਨਾਮ ਗੁਰੂ ਸੂਰਜ ਪ੍ਰਕਾਸ਼ ਗ੍ਰੰਥ।"



Sri Satguru Jagjit Singh Ji Elibrary NamdhariElibrary@gmail.com

ਇਹ ਸੰਨ 'ਮੁਲਕੀ' ਜਾਂ 'ਫ਼ਸਲੀ' ਹੈ। ਅਕਬਰ ਨੇ ਸੂਰਜੀ ਸਾਲ ੩੬੫ ਦਿਨ ਕਾ ਮੁਕਰਰ ਕਰਕੇ, ਵਰਤਮਾਨ ਹਿਜਰੀ ਸੰਨ ਤੋਂ ਸ਼ੁਰੂ ਕੀਤਾ ਸੀ। ਸੰਨ ੧੨੫੩ ਫ਼ਸਲੀ, ਈਸਵੀ ਸੰਨ ੧੮੪੬ ਦੇ ਬਰਾਬਰ ਪੈਂਦਾ ਹੈ। ਸੂਰਜ ਪ੍ਰਕਾਸ਼ ਜਿਸ ਦੇ ਆਧਾਰ ਪੁਰ ਉਪਰਲੀ ਇਬਾਰਤ ਬੜੀ ਉਤੇ ਲਿਖੀ ਹੈ, ਸੰਨ ੧੮੪੩ ਵਿਚ ਖ਼ਤਮ ਹੋ ਕੇ ਪ੍ਰਕਾਸ਼ਤ ਹੋਇਆ ਸੀ। ਹੁਣ ਵਾਲੀ ਇਮਾਰਤ ਤੀਜੀ ਹੈ ਜੋ ਚੌਥੀ ਪੰਜਵੀਂ ਨਹੀਂ।

ਇਸ ਪੁਰਾਣੀ ਸੰਗਤ ਵਿਚ ਲਿਖਤ ਦਾ ਇਕ ਗ੍ਰੰਥ ਸਾਹਿਬ ਹੈ, ਜਿਸ ਵਿਚ ਲਿਖੇ ਜਾਨ ਦਾ ਕੋਈ ਸੰਮਤ ਨਹੀਂ ਦਿੱਤਾ। ਪਰ ਅਖਰਾਂ ਦੀਆਂ ਸ਼ਕਲਾਂ, ਆਮ ਹਾਲਤ, ਅਤੇ ਅੰਦਰਲੀ ਗਵਾਹੀ ਤੋਂ ਦੋ ਸੌ ਵਰ੍ਹੇ ਤੋਂ ਕੁਝ ਉਪਰ ਪੁਰਾਣਾ ਹੈ, ਸੰਮਤ ੧੭੭੫ ਦੇ ਲਾਗੇ ਦਾ। ਸਿੱਲ੍ਹ ਅਤੇ ਉੱਲੀ ਨਾਲ ਛੇਕੜਲੇ ਬਹੁਤ ਸਾਰੇ ਪਤ੍ਰੇ ਜੁੜ ਗਏ ਹਨ, ਅਤੇ ਉਹਨਾਂ ਨੂੰ ਖੋਲ੍ਹਨਾ ਔਖਾ ਹੈ। ਇਹ ਹਾਲ ਮੈਂ ਸਤੰਬਰ ੧੯੧੬ ਵਿਚ ਵੇਖਿਆ।

ਇਹ ਗ੍ਰੰਥ ਕਿਸੇ ਹੋਰ ਪੁਰਾਣੀ ਬੀੜ ਤੋਂ ਨਕਲ ਕੀਤਾ ਗਿਆ ਹੈ, ਜਿਸ ਵਿਚ ਨਾਵੇਂ ਮਹਲ ਦੀ ਬਾਣੀ ਨਹੀਂ ਸੀ। ਨਕਲ ਕਰਦੇ ਸਮੇਂ ਇਹ ਬਾਣੀ ਕਿਤੋਂ ਹੋਰਥੋਂ ਲੈ ਕੇ ਚਾੜ੍ਹੀ ਹੈ, ਅਤੇ ਬਾਣੀ ਦੀ ਤਰਤੀਬ ਮੁੰਦਾਵਣੀ ਤੋਂ ਅਗੇ ਤੇ ਪਿਛੇ ਉਹੋ ਰਖੀ ਹੈ। ਤਤਕਰੇ ਤੋਂ ਦਿਸਦਾ ਹੈ ਕਿ ਮੁੰਦਾਵਣੀ 'ਭੋਗ ਦੀ ਬਾਣੀ' ਦੇ ਵਿਚਾਲੇ ਆਈ ਸੀ। ਉਸ ਤੋਂ ਪਹਿਲੇ ਸ਼ਲੋਕ ਸਹਸਕ੍ਰਿਤਿ, ਗਾਥਾ, ਦੁਨਹੇ, ਚਉਬੋਲੇ, ਸਲੋਕ ਵਾਰਾਂ ਤੇ ਵਧੀਕ ਸਨ। ਫੇਰ ਮੁੰਦਾਵਨੀ ਵਾਲਾ ਸ਼ਲੋਕ ਆ ਕੇ ਪਿਛੋਂ ਤਰਤੀਬਵਾਰ ਇਹ ਬਾਣੀਆਂ ਸਨ :-ਸ਼ਲੋਕ ਮਹਲਾ ੯; ਸਲੋਕ ਕਬੀਰ ਜੀ ਕੇ, ਸਲੋਕ ਸ਼ੇਖ ਫ਼ਰੀਦ ਦੇ; ਸਵੈਯੇ ਸ੍ਰੀ ਮੁਖਵਾਕ ਮ: ੫; ਸਵੈਯੇ ਭੱਟਾਂ ਕੇ; ਸ਼ਲੋਕ; ਜਿਤ ਦਰ ਲਖ ਮੁਹਮਦਾ'; ਗੋਸ਼ਟ ਮਲਾਰ ਨਾਲ ਹੋਈ; ਰਤਨ ਮਾਲਾ; ਹਕੀਕਤ ਰਾਹ ਮੁਕਾਮ; ਅਤੇ ਸਭ ਤੋਂ ਪਿਛੇ ਰਾਗ ਮਾਲਾ, ਜਿਸ ਤੋਂ ਪਿਛੇ ਖ਼ਾਲੀ ਸਿਆਹੀ ਕੀ ਬਿਧੀ ਲਿਖੀ ਹੈ।



Sri Satguru Jagjit Singh Ji Elibrary NamdhariElibrary@gmail.com

# ੩੨-ਪੁਰਾਤਨ ਬੀੜਾਂ, ਬਨਾਰਸ ਸੰਗਤ ਬੀੜ ਸੰਮਤ ੧੭੫੨॥

ਲਿਖਤ ਦੇ ਕਿਤਨੇ ਹੀ ਗ੍ਰੰਥ ਸਾਹਿਬ ਬਨਾਰਸ ਸੰਗਤ ਵਿਚ ਹਨ। ਸੰਗ੍ਰਾਂਦ ਵਾਲੇ ਦਿਨ ਸਭ ਦਾ ਪ੍ਰਕਾਸ਼ ਹੁੰਦਾ ਹੈ। ਮੈਂ ਜੋ ਤਿੰਨ ਵੇਖੇ ਹਨ, ਉਹਨਾਂ ਦੀ ਪੜਤਾਲ ਦਾ ਸਿਟਾ ਦੇਂਦਾ ਹਾਂ। ਸਭ ਤੋਂ ਪੁਰਾਣੀ ਬੀੜ ਏਥੇ ਸੰਮਤ ੧੭੫੨ ਦੀ ਹੈ। ਤਤਕਰੇ ਤੋਂ ਪਹਿਲੇ ਇਕ ਕੋਰੇ ਪਤਰੇ ਪੁਰ ਬਾਈ ਵਾਰਾਂ ਦਾ 'ਜੰਦੇਜ' ਮਤਲਬ ਫ਼ਹਿਰਿਸਤ ਹੈ, ਅਤੇ ਨਾਲ ਹੀ ਉਸੇ ਸਫ਼ੇ ਤੇ ਲਿਖਿਆ ਹੈ :-

"ਸੰਬਤ ੧੭੫੨ ਮਿਤੀ ਵਸਾਖ ਵਦੀ ੧
ਗਿਰੰਥ ਲਿਖਿਤ ਪੂਰਾ ਹੋਇਆ।"

ਅਖਰ ਲ, ਹ, ਛ, ਧ ਵਗੈਰਾ ਪੁਰਾਣੀ ਸ਼ਕਲਾਂ ਦੇ ਹਨ। ਰਾਗ ਜੈਜਾਵੰਤੀ, ਰਾਗ ਜੈਤਸਰੀ ਦੇ ਪਿਛੋਂ ਦਿਤਾ ਹੈ, ਜਿਸ ਤੇ ਰਾਗ ਬਿਭਾਸ ਪ੍ਰਭਾਤੀ ਛੇਕੜਲਾ ਰਾਗ ਹੀ ਰਹਿੰਦਾ ਹੈ। ਜਿਸ ਦੇ ਪਿਛੋਂ ਦਸਤੂਰ ਮੂਜਬ ਸ਼ਲੋਕ ਸਹਸਕ੍ਰਿਤਿ, ਗਾਥਾ, ਫੁਨਹੇ, ਚਉਬੋਲੇ, ਸ਼ਲੋਕ ਵਾਰਾਂ ਤੇ ਵਧੀਕ ਦੇ ਕੇ-ਮੁੰਦਾਵਣੀ-ਵਾਲਾ ਸ਼ਲੋਕ ਹੈ। ਉਸ ਦੇ ਪਿਛੋਂ ਦਸਤੂਰ ਮੂਜਬ ਆਉਂਦੇ ਹਨ ਸ਼ਲੋਕ ਮਹਲਾ ੯; ਸਲੋਕ ਕਬੀਰ ਜੀ; ਸ਼ਲੋਕ ਫ਼ਰੀਦ ਦੇ। ਸਵੈਯੇ ਸ੍ਰੀ ਮੁਖਵਾਕ, ਸਵੈਯੇ ਸਭਨਾਂ ਭੱਟਾਂ ਦੇ, ਅਤੇ ਛੇਕੜ ਰਾਗ ਮਾਲਾ॥ ਹੋਰ ਫ਼ਾਲਤੂ ਬਾਣੀ ਕੋਈ ਨਹੀਂ ਦਿਤੀ।

'ਸੂਚੀ ਪਤ੍ਰ ਪੋਥੀ' ਵਿਚ ਜੈਜਾਵੰਤੀ ਰਾਗ ਹੇਠਾਂ ਚਾਰ ਸਤਰਾਂ ਖ਼ਾਲੀ ਛਡੀਆਂ ਹਨ, ਚਾਰ ਸ਼ਬਦਾਂ ਦੀਆਂ ਪ੍ਰਤੀਕਾਂ ਦਰਜ ਕਰਨ ਲਈ, ਪਰ ਫੇਰ ਭੁਲ ਗਿਆ ਹੈ। ਏਸੇ ਤਰ੍ਹਾਂ ਰਾਗਮਾਲਾ ਦੇ ਪਿਛੋਂ, 'ਬਸੰਤ ਕੀ ਵਾਰ ਮ: ੫......ਪਤਿ......' ਲਿਖਿਆ ਹੈ, ਪਰ ਗਰੰਥ ਸਾਹਿਬ ਦੇ ਅੰਦਰ ਰਾਗਮਾਲਾ ਤੋਂ ਪਿਛੋਂ ਬਸੰਤ ਕੀ ਵਾਰ ਨਹੀਂ ਦਿਤੀ। ਮਤਲਬ ਹੈ ਕਿ 'ਸੂਚੀ ਪਤ੍ਰ ਪੋਥੀ' ਕਿਤੋਂ



Sri Satguru Jagjit Singh Ji Elibrary NamdhariElibrary@gmail.com

ਉਤਾਰਾ ਕੀਤੀ ਹੈ, ਤੇ ਗਰੰਥ ਸਾਹਿਬ ਕਿਤੋਂ ਹੋਰਥੋਂ, ਨਹੀਂ ਤਾਂ ਗਰੰਥ ਸਾਹਿਬ ਵਿਚ ਆਪਨੀ ਮਰਜ਼ੀ ਨਾਲ ਕਈ ਬਾਣੀ, ਜਿਵੇਂ 'ਬਸੰਤ ਕੀ ਵਾਰ', ਏਧਰ ਓਧਰ ਪਾ ਦਿਤੀਆਂ ਹਨ। ਨਾਵੇਂ ਮਹਲੇ ਦੇ ਸ਼ਬਦਾਂ ਸਲੋਕਾਂ ਵਿਚ ਓਹੋ ਲਫ਼ਜ਼ੀ ਫ਼ਰਕ ਏਥੇ ਭੀ ਹਨ, ਜਿਨ੍ਹਾਂ ਦਾ ਜ਼ਿਕਰ ਉਪਰ ਕਈ ਵਾਰੀ ਕੀਤਾ ਹੈ ।

## ਬੀੜ ਸੰਮਤ ੧੯੦੯

ਉਪਰਲੇ ਗ੍ਰੰਥ ਸਾਹਿਬ ਨਾਲੋਂ ੬੦ ਵਰ੍ਹੇ ਪਿਛੋਂ ਦੂਜਾ ਗ੍ਰੰਥ ਸਾਹਿਬ ਸੰਮਤ ੧੯੦੯ ਦਾ ਆਉਂਦਾ ਹੈ। ਲਿਖਿਆ ਹੈ ਕਿ :

ਸੰਮਤ ੧੯੦੯ ਮਿਤੀ ਭਾਦੋਂ ਵਦੀ।
ਸੂਚੀ ਪਤ੍ਰ ਪੋਥੀ ਕਾ ਤਤਕਰਾ।
ਜਪੁ ਸ੍ਰੀ ਗੁਰੂ ਰਾਮਦਾਸ ਜੀਉ ਕੇ ਦਸਤਖਤ ਕਾ ਨਕਲ, ਨਕਲ ਕਾ ਨਕਲ, ਨਕਲ ਕਾ ਨਕਲ ਕਾ ਨਕਲ।

ਗੋਇਆ ਇਹ ਗ੍ਰੰਥ ਛੇਵੇਂ ਥਾਂ ਉਤਾਰਾ ਹੈ। 'ਸੋ ਪੁਰਖ' ਵਾਲੇ ਚਾਰ ਸ਼ਬਦ ਇਸ ਵਿਚ ਨਿਤਨੇਮ ਦੀ ਬਾਣੀ ਅੰਦਰ ਦਿਤੇ ਹਨ । ਜੈਜਾਵੰਤੀ ਰਾਗ ਜੈਤਸਰੀ ਦੇ ਪਿਛੇ ਦਿੱਤਾ ਹੈ। 'ਮੁੰਦਾਵਣੀ' ਦਾ ਸ਼ਲੋਕ ਬਾਣੀ ਦੇ ਵਿਚਾਲੇ ਹੈ, ਗ੍ਰੰਥ ਦੇ ਅਖੀਰ ਤੇ ਨਹੀਂ। ਏਹਦੇ ਪਿਛੋਂ ਕਰਮਵਾਰ ਇਹ ਬਾਣੀਆਂ ਹਨ:-ਸਲੋਕ ਨਾਵੇਂ ਮਹਲ ਕੇ, ਸਲੋਕ ਜਿਤ ਦਰ ਲਖ ਮੁਹਮਦਾ, ਸਲੋਕ, ਬਾਇ ਆਤਿਸ਼ ਆਬ, ਰਤਨਮਾਲਾ; ਹਕੀਕਤ ਰਾਹ ਮੁਕਾਮ; ਅਤੇ ਰਾਗ ਮਾਲਾ। ਛੋਕਜ਼ ਤੇ ਸਿਆਹੀ ਕੀ ਬਿਧੀ ਹੈ।

'ਸੂਚੀ ਪਤ੍ਰ ਪੋਥੀ' ਦੇ ਪਿਛੇ ਤੇਰਵ ਸਫ਼ਾ ਕੋਰਾ ਛਡਕੇ 'ਚਲਿਤ੍ਰ ਜੋਤੀ ਜੋਤ ਸਮਾਵਣ ਕਾ' ਦਿੱਤਾ ਹੈ, ਅਤੇ ਆਪਣੇ ਵਲੋਂ ਕੁਝ ਦਰੁਸਤੀਆਂ ਕਰਕੇ ਗ਼ਲਤੀਆਂ ਪਾ ਦਿਤੀਆਂ ਹਨ। ਦਸ਼ਮੇਸ਼ ਜੀ ਦੇ ਚਲਾਣੇ ਦੀ ਥਿਤ ਏਸ ਤਰ੍ਹਾਂ ਦਿਤੀ ਹੈ:-

'ਸੰਮਤ ੧੭੬੪ ਕਾਤਿਕ ਸੁਦੀ.........ਗੁਰੂ ਗੋਬਿੰਦ ਸਿੰਘ ਜੀ



Sri Satguru Jagjit Singh Ji Elibrary NamdhariElibrary@gmail.com

ਸਮਾਣੇ।' ਥਿੱਤ ਜੋ ਸਿਖਾਂ ਵਿਚ ਮਨੀ ਹੋਈ ਹੈ, ਓਹ ਕੱਤਿਕ ਸੁਦੀ ੫ ਸੰਮਤ ੧੭੬੫ ਹੈ, ਨਾਕਿ ੧੭੬੪। ਅਖਨੂਰ ਦੀ ਇਕ ਬੀੜ ਵਿਚ ਸੰਮਤ ੧੭੬੬ ਦਿੱਤਾ ਹੈ, ਜੋ ਵਧੀਕ ਠੀਕ ਮਾਲੂਮ ਦੇਂਦਾ ਹੈ, ਕਿਉਂਕਿ ਕਈ ਘਟਨਾਆਂ ੧੭੬੫ ਠੀਕ ਮੰਨਕੇ ਦਰੁਸਤ ਨਹੀਂ ਬੈਠਦੀਆਂ, ਉਹ ੧੭੬੬ ਦਰੁਸਤ ਮਨਿਆਂ ਢੁਕ ਜਾਂਦੀਆਂ ਹਨ।

## ਬੀੜ ਸੰਮਤ ੧੮੭੦

ਹੋਰ ਸਠ ਵਰ੍ਹੇ ਪਿਛੋਂ ਦੀ ਇਕ ਬੀੜ ਭੀ ਏਥੇ ਹੈ। ਗ੍ਰੰਥੀ ਜੀ ਨੇ ਦਸਿਆ ਕਿ 'ਇਹ ਗ੍ਰੰਥ ਸਾਹਿਬ ਉਹ ਸਭ ਤੋਂ ਪੁਰਾਣਾ ਮਨਦੇ ਆਏ ਹਨ ਅਤੇ ਤਤਕਰਾ ਹੋਰ ਬੀੜਾਂ ਵਿਚੋਂ ਕਢਕੇ ਲਗਾਇਆ ਹੋਇਆ ਹੈ।' ਕਾਗ਼ਜ਼ ਦਾ ਕੁਝ ਫ਼ਰਕ ਜ਼ਰੂਰ ਹੈ, ਤਤਕਰੇ ਅਤੇ ਅੰਦਰ ਗ੍ਰੰਥ ਦਾ ਕਈਂ ਗਲਾਂ ਵਿਚ ਨਾ ਮਿਲਨਾ ਉਹਨਾਂ ਨੂੰ ਭੀ ਅਡ ਅਡ ਸੋਮਿਆਂ ਤੋਂ ਨਿਕਲਿਆ ਦਿਸਦਾ ਹੈ। ਤਤਕਰੇ ਵਿਚ ਸੋ ਪੁਰਖ ਵਾਲੇ ਚਾਰ ਸ਼ਬਦਾਂ ਦੀ ਪ੍ਰਤੀਕ ਨਹੀਂ ਦਿਤੀ, ਪਰ ਉਹ ਸ਼ਬਦ ਗ੍ਰੰਥ ਸਾਹਿਬ ਵਿਚ ਹਨ। ਤਤਕਰੇ ਵਿਚ ਗੁਰੂ ਸਾਹਿਬ ਦੇ 'ਨੀਸ਼ਾਣ' ਦਾ ਭੀ ਜ਼ਿਕਰ ਹੈ, ਜੋ ਅੰਦਰ ਗ੍ਰੰਥ ਸਾਹਿਬ ਵਿਚ ਨਹੀਂ ਅਤੇ ਨਾ ੧੮੭੦ ਵਿਚ ਕਿਸੇ ਗੁਰੂ ਦੇ 'ਨੀਸ਼ਾਣ' ਮਿਲਨ ਦੀ ਸੰਭਾਵਣਾ ਹੈ। ਜਿਸ ਗਰੰਥ ਤੋਂ ਤਤਕਰਾ ਨਕਲ ਕੀਤਾ ਹੈ, ਉਸ ਵਿਚ 'ਨੀਸ਼ਾਣ' ਹੁੰਦਾ ਹੋਵੇਗਾ। ਕਾਗ਼ਜ਼ ਵਿਚਲੀ ਬੀੜ ਦਾ ਵੀ ਕੋਈ ਡਾਢਾ ਪੁਰਾਣਾ ਨਹੀਂ, ਬਹੁਤ ਚੰਗੀ ਹਾਲਤ ਵਿਚ ਹੈ; ਤਤਕਰੇ ਦੇ ਕਾਗ਼ਜ਼ ਨਾਲੋਂ ਜ਼ਰਾ ਘਸਮੈਲੜਾ ਹੈ। ਤਤਕਰੇ ਅਤੇ ਅੰਦਰ ਬੀੜ ਵਿਚ ਲਿਖਾਈ ਦਾ ਕੋਈ ਫ਼ਰਕ ਨਹੀਂ ਦਿਸਦਾ, ਇਕੋ ਲਿਖਾਰੀ ਮਾਲੂਮ ਹੁੰਦਾ ਹੈ। ਲਿਖਾਈ ਸੁੰਦਰ ਮੋਟੇ ਅਖਰਾਂ ਵਿਚ ਹੈ। ਗ੍ਰੰਥੀ ਜੀ ਦਾ ਖਿਆਲ ਗ਼ਲਤ ਜਾਪਦਾ ਹੈ। ਮਾਲੂਮ ਦੇਂਦਾ ਹੈ ਕਿ ਗ੍ਰੰਥ ਇਕ ਬੀੜ ਤੋਂ ਨਕਲ ਕੀਤਾ ਹੈ ਅਤੇ ਤਤਕਰਾ ਦੂਜੀ ਤੋਂ। ਤਤਕਰੇ ਦਾ ਮੁਢ ਇਸ ਤਰ੍ਹਾਂ ਪੁਰ ਹੁੰਦਾ ਹੈ:—



Sri Satguru Jagjit Singh Ji Elibrary NamdhariElibrary@gmail.com

ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ।
ਜੋਤਿਜੋਤ ਸਮਾਵਣੇ ਕਾ ਚਲਿਤ੍ਰ।
ਸੰਮਤ ੧੮੭੦ ਮਿਤਿ ਅਸਾੜ ਸੁਦੀ ੨।
ਨੀਸ਼ਾਣ ਗੁਰੂ ਜੀ ਕੇ ਦਸਤਖ਼ਤਾਂ ਕਾ ਮਹਲਾ ॥

ਸੂਚੀ ਪਤ੍ਰ ਦੇ ਪਿਛੇ 'ਚਲਿਤ੍ਰ ਜੋਤੀਜੋਤ ਸਮਾਵਣ ਕਾ' ਵਿਚ ਨਾਵੇਂ ਮਹਲ ਤਕ ਦੀਆਂ ਥਿਤਾਂ ਦਿਤੀਆਂ ਹਨ, ਅਤੇ ਅਗੇ ਇਹ ਥਿਤ ਵਧਾਈ ਹੈ:—

"ਸੰਮਤ ੧੭੨੧ ਕੱਤਕ ਵਦੀ ੫ ਵੀਰਵਾਰ ਪਹਿਰ ਡੇਢ ਰਾਤ ਗੁਦਰੀ ਸ੍ਰੀ ਮਾਤਾ ਬਸੀ ਜੀ ਸਮਾਣੇ।"

ਇਹ ਮਾਤਾ ਬਸੀ ਜੀ ਕੌਣ ਸਨ? ਮੈਨੂੰ ਖ਼ਬਰ ਨਹੀਂ। ਸ਼ਾਇਦ ਗੁਰੂ ਹਰਿਰਾਇ ਜੀ ਦੇ ਘਰੋਂ ਬਾਬਾ ਰਾਮਰਾਇ ਦੀ ਮਾਤਾ ਹੋਵੇ। ਬਾਬਾ ਗੁਰਦਿਤਾ ਜੀ ਦੇ ਚਲਾਣੇ ਦੀ ਥਿਤ ਨਾਮ ਦੇ ਕੇ ਦਿਤੀ ਹੈ ਸੰਮਤ ੧੬੯੫॥

ਬੀੜ ਵਿਚ ਰਹਿਰਾਸ ਵਿਚ 'ਸੋ ਪੁਰਖ' ਵਾਲੇ ਚਾਰ ਸ਼ਬਦ ਤੇ ਰਾਗ ਮਾਰੂ ਹੇਠਾਂ ਮੀਰਾਂਬਾਈ ਦਾ ਸ਼ਬਦ, ਅਤੇ ਸਾਰੰਗ ਹੇਠਾਂ ਸੂਰਦਾਸ ਦੇ ਦੋ ਸ਼ਬਦ ਦਿਤੇ ਹਨ। ਕਬੀਰ ਦੇ ੨੪੪ ਸ਼ਲੋਕ ਅਤੇ ਫ਼ਰੀਦ ਦੇ ੧੩੦॥ ਰਾਗ ਬਿਭਾਸ ਪ੍ਰਭਾਤੀ ਦੇ ਪਿਛੇ ਤਰਤੀਬ ਵਾਰ ਬਾਣੀਆਂ ਇਉਂ ਦਿਤੀਆਂ ਹਨ:—

ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ ਜੀ, ਸਲੋਕ ਫ਼ਰੀਦ, ਸਵਈਏ ਸ੍ਰੀ ਮੁਖ ਵਾਕ; ਸਵੈਯੇ ਭੱਟਾਂ ਕੇ, ਸ਼ਲੋਕ ਵਾਰਾਂ ਤੇ ਵਧੀਕ॥ ਮੁੰਦਾਵਣੀ ਮਹਲਾ ੫॥

ਬਾਣੀ ਦੀ ਇਹ ਤਰਤੀਬ ਗ੍ਰੰਥ ਨੂੰ ਨਵਾਂ ਸਿਧ ਕਰਦੀ ਹੈ॥ ਮੁੰਦਾਵਣੀ ਦੇ ਪਿਛੋਂ ਆਉਂਦੇ ਹਨ:—ਸਲੋਕ ਜਿਤ ਦਰ ਲਖ ਮੁਹਮਦਾ; ਸਲੋਕ ਬਾਇ ਆਤਿਸ਼ ਆਬ; ਰਤਨ ਮਾਲਾ (ਮਾਮੂਲੀ ਟਿੱਪਣੀ ਸਮੇਤ); ਹਕੀਕਤ ਰਾਹ ਮੁਕਾਮ, ਅਤੇ ਛੇਕੜ ਰਾਗ ਮਾਲਾ ਤੇ ਸਿਆਹੀ ਕੀ ਬਿਧੀ॥



Sri Satguru Jagjit Singh Ji Elibrary NamdhariElibrary@gmail.com

## ੩੩—ਗੁਰਦਵਾਰਾ ਨਾਨਕਸ਼ਾਹੀ ਬ੍ਰਹਮਕੁੰਡ ਅਜੁਧਿਆ

ਇਸ ਗੁਰਦਵਾਰੇ ਵਿਚ ਤਿੰਨ ਲਿਖਤ ਦੀਆਂ ਬੀੜਾਂ ਹਨ, ਇਕ ੧੯੩੯ ਦੀ; ਦੂਜੀ ੧੯੪੩ ਦੀ, ਅਤੇ ਇਕ ਤੀਜੀ ਜਿਸ ਪੁਰ ਕੋਈ ਸੰਮਤ ਨਹੀਂ ਦਿਤਾ। ਤਿਨੋਂ ਗ੍ਰੰਥ ਸਾਹਿਬ ਇਕੋ ਹੀ ਨਮੂਨੇ ਦੇ ਹਨ। ਲਿਖਾਰੀਆਂ ਦੀਆਂ ਗ਼ਲਤੀਆਂ ਹਾਸੋਹੀਨੀਆਂ ਹਨ। ਨਾਵੇਂ ਮਹਲ ਦੀ ਬਾਣੀ ਪਿਛੋਂ ਚੜ੍ਹਾਨ ਲਈ, ਅਤੇ ਉਤਾਰਾ ਕਰਨ ਦਾ ਸੰਮਤ ਦੇਣ ਲਈ ਕੁਝ ਥੋੜੀ ਨਵੀਂ ਗਲ ਕਰਨੀ ਪੈਂਦੀ ਸੀ, ਉਹ ਭੀ ਏਹਨਾਂ ਤੋਂ ਹੋ ਨਹੀਂ ਆਈ।

ਇਸ ਗੁਰਦਵਾਰੇ ਦੀ ਮੁਖ ਬੀੜ ਵਡੇ ਅਕਾਰ ਦੀ, ਸੁਨਹਿਰੇ ਹਾਸ਼ੀਏ ਵਾਲੀ, ਬੜੇ ਵਧੀਆ ਕਾਗਜ਼ ਪੁਰ ਲਿਖੀ ਹੈ। ਏਸ ਦੇ ਤਤਕਰੇ ਦਾ ਮੁਢ ਇਉਂ ਕੀਤਾ ਹੈ :—

"ਸੂਚੀ ਪਤ੍ਰ ਪੋਥੀ ਤਤਕਰਾ ਰਾਗਾਂ ਕਾ।
ਚਲਿਤ ਜੋਤੀਜੋਤ ਸਮਾਵਣ ਕਾ।
ਸੰਮਤ ੧੯੩੯ ਪੁਸ ਵਦੀ ੩
ਗੁਦਰੀ ਪੋਥੀ ਲਿਖਿ ਪਹੁਚੇ॥"

'ਪੋਥੀ ਲਿਖਿ ਪਹੁਚੇ' ਨੂੰ ਇਹਨਾਂ ਲਿਖਾਰੀਆਂ ਨੇ ਇਕ ਜਾਦੂ ਦਾ ਮੰਤਰ ਸਮਝ ਰਖਿਆ ਸੀ, ਜਿਸ ਕਰਕੇ ਏਸ ਨੂੰ ਦੁਹਰਾਉਣਾ ਜ਼ਰੂਰੀ ਸੀ, ਭਾਵੇਂ ਇਹਨਾਂ ਲਫ਼ਜ਼ਾਂ ਦੇ ਅਸਲੀ ਮਤਲਬ ਤੋਂ ਉਹ ਅਤੇ ਹੋਰ ਆਮ ਸਿਖ ਭੀ ਅਨਜਾਣ ਸਨ ਤੇ ਹਨ। 'ਪੁਸ ਵਦੀ ੩ ਗੁਦਰੀ' ਦੀ ਵੀ ਚੰਗੀ ਕਹੀ ਹੈ। ਵਿਚਾਰੇ ਲਿਖਾਰੀ ਨੇ ਪੜ੍ਹਿਆ ਹੋਇਆ ਸੀ, 'ਇਕ ਪਹਰ ਤਿੰਨ ਘੜੀਆਂ ਰਾਤ ਗੁਦਰੀ' ਫਲਾਣੇ ਗੁਰੂ ਜੀ ਸਮਾਏ॥

ਤਤਕਰੇ ਵਿਚ ਇਹ ਭੀ 'ਪ੍ਰਤੀਕ' ਦਿਤੀ ਹੈ :—'ਨੀਸ਼ਾਣ ਗੁਰੂ ਕੇ ਦਸ੍ਤਖਤ,' ਪਰ ਅੰਦਰ ਬੀੜ ਵਿਚ ਕੋਈ 'ਨੀਸ਼ਾਣ' ਨਹੀਂ ਅਤੇ ਨਾ ਸੰਮਤ



Sri Satguru Jagjit Singh Ji Elibrary NamdhariElibrary@gmail.com

੧੯੩੯ ਵਿਚ ਹੋ ਸਕਦਾ ਸੀ। ਦਸਮੇਸ਼ ਜੀ ਨੂੰ ਚਲਾਣਾ ਕੀਤੇ ਵੀ ਪੌਣੀ ਸਦੀ ਲੰਘ ਚੁਕੀ ਸੀ ॥

'ਸੋ ਦਰ' ਰਹਿਰਾਸ ਵਿਚ ਚਾਰ ਸ਼ਬਦ 'ਸੋ ਪੁਰਖ' ਵਾਲੇ ਦਿਤੇ ਹਨ। ਰਾਗ ਸਾਰੰਗ ਹੇਠਾਂ ਦੋਵੇਂ ਸ਼ਬਦ ਸੂਰਦਾਸ ਦੇ ਦਿਤੇ ਹਨ। ਜੇਹੜਾ ਸ਼ਬਦ, 'ਹਰਿਕੇ ਸੰਗ ਬਸੇ' ਵਾਲਾ ਸਭ ਵਿਚ ਆਉਂਦਾ ਹੈ, ਉਸ ਦੇ ਸਿਰ ਤੇ ਇਹ ਸਿਰਨਾਵਾਂ ਦਿਤਾ ਹੈ :-

"ਰਾਗੁ ਸਾਰੰਗ ਮਹਲਾ ੫ ।ਸੂਰਦਾਸ॥
੧ ੳ ਸਤਿਗੁਰ ਪ੍ਰਸਾਦਿ ।"

ਇਹ ਦਰੁਸਤੀ (ਮਹਲਾ ੫) ਲਿਖਾਰੀਆਂ ਦੀ ਕੀਤੀ ਹੈ ਅਤੇ ਗੁਰੂ ਹਰਗੋਬਿੰਦ ਸਾਹਿਬ ਦੇ ਵਕਤ ਤੋਂ ਚਲੀ ਆਉਂਦੀ ਹੈ, ਆਦਿ-ਬੀੜ ਵਿਚ ਇਹ ਨਹੀਂ ਹੋ ਸਕਦੀ। ਕਰਤਾਰਪੁਰ ਵਾਲੀ ਬੀੜ ਵਿਚ ਹੈ। ਲਿਖਾਰੀਆਂ ਨੇ 'ਸੂਰਦਾਸ' ਤੋਂ ਮਤਲਬ ਉਸ ਅਨ੍ਹੇ ਸੂਰਦਾਸ ਤੋਂ ਲਿਆ ਜੋ ਸ਼ਾਹਜਾਨ ਦੇ ਵਕਤ ਹੋਇਆ ਹੈ। ਅਤੇ ਜਿਸ ਦੀ ਰਚਨਾ 'ਸੂਰ ਸਾਗਰ' ਦੀ ਭਾਖਾ 'ਟਕਸਾਲੀ' ਹਿੰਦੀ ਮੰਨੀ ਜਾਂਦੀ ਹੈ। ਇਹ ਗ੍ਰੰਥ ਸਾਹਿਬ ਦੀ ਬੀੜ ਬਝਨ ਤੋਂ ਪਿਛੋਂ ਹੋਇਆ ਸੀ। ਸੋ ਕਿਸੇ ਸਿਆਣੇ ਲਿਖਾਰੀ ਨੇ ਸੋਚਿਆ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਉਸ ਨੇ ਫ਼ੈਸਲਾ ਕੀਤਾ ਕਿ ਸੂਰਦਾਸ ਦੇ ਨਾਮ ਪੁਰ ਇਹ ਸ਼ਬਦ ਪੰਜਵੀਂ ਪਾਤਸ਼ਾਹੀ ਨੇ ਰਚ ਲਿਆ। ਉਸ ਨੇ ਜਾਂ ਉਸ ਤੋਂ ਪਿਛਲਿਆਂ ਨੇ ਇਹ ਕਹਾਣੀ ਚੁਕ ਬਨਾਈ, ਕਿ ਹੋਣ ਵਾਲੇ ਸੂਰਦਾਸ (Future Surdas) ਨੂੰ ਗੁਰੂ ਸਾਹਿਬ ਨੇ ਆਪਣੀ ਆਤਮਕ ਸ਼ਕਤੀ ਨਾਲ ਮਿਲਕੇ ਪਹਿਲੋਂ ਹੀ ਇਹ ਸ਼ਬਦ ਉਸ ਦੇ ਨਾਮ ਪੁਰ ਬਨਾਇਆ ਸੀ :



Sri Satguru Jagjit Singh Ji Elibrary NamdhariElibrary@gmail.com

'ਹਰਿ ਕੇ ਸੰਗ ਬਸੇ ਹਰਿ ਲੋਕਾ।' ਭਾਵੇਂ ਇਹ ਸ਼ਬਦ ਉਸ ਦੇ 'ਸੂਰ ਸਾਗਰ' ਵਿਚ ਹੈ ਭੀ ਨਹੀਂ। ਇਹਨਾਂ ਕਹਾਨੀ ਘੜਨ ਵਾਲਿਆਂ ਨੂੰ ਇਹ ਖ਼ਬਰ ਨਹੀਂ ਸੀ ਕਿ ਇਕ ਹੋਰ ਸੂਰਦਾਸ ਸੀ ਜੋ ਅਕਬਰ ਦੇ ਵੇਲੇ ਹੋਇਆ ਹੈ, ਅਤੇ ਜਿਸ ਦਾ ਜ਼ਿਕਰ 'ਭਕਤ ਮਾਲ' ਗ੍ਰੰਥ ਵਿਚ ਆਇਆ ਹੈ। ਇਹ ਸ਼ਖ਼ਸ਼ ਜ਼ਾਤ ਦਾ ਬ੍ਰਹਮਣ ਅਤੇ ਸਰਕਾਰੀ ਅਮੀਨ ਸੀ, ਅਤੇ ਸਰਕਾਰੀ ਰੁਪਿਆ ਸਾਧਾਂ ਸੰਤਾਂ ਨੂੰ ਖੁਆ ਕੇ ਸਾਧ ਹੋ ਬੈਠਾ ਸੀ। ਏਸ ਦੇ ਨਾਮ ਪੁਰ ਇਹ ਸ਼ਬਦ ਸਾਧੂਆਂ ਵਿਚ ਮਸ਼ਹੂਰ ਸੀ, ਜਿਥੋਂ ਗੁਰੂ ਸਾਹਿਬ ਨੂੰ ਪ੍ਰਾਪਤ ਹੋਇਆ॥

ਮੀਰਾਂਬਾਈ ਦਾ ਸ਼ਬਦ: 'ਮਨ ਹਮਾਰੋ ਬਾਧਿਓ ਮਾਈ' ਰਾਗ ਮਾਰੂ ਹੇਠਾਂ ਦਿਤਾ ਹੈ। ਕਬੀਰ ਦੇ ੨੪੫ ਸਲੋਕ ਦਿਤੇ ਹਨ ੨੪੩ ਦੀ ਥਾਂ। ਕਬੀਰ ਦੇ ਨਾਮ ਪੁਰ ਇਕ ਸ਼ਬਦ ਗੁਰੂ ਅਰਜਨ ਦੇਵ ਨੇ ਬਨਾਕੇ ਪਾਇਆ ਦਸਿਆ ਜਾਂਦਾ ਹੈ–

"ਜੋ ਪਾਥਰ ਕੋ ਕਹਿਤੇ ਦੇਵ, ਤਾਕੀ ਬਿਰਥਾ ਹੋਵੈ ਸੇਵ।

......................................ਰਾਮ ਭਗਤ ਹੈ ਸਦਾ ਸੁਖਾਲੇ॥

ਅਸੀਂ ਉਪਰ ਕਹਿ ਆਏ ਹਾਂ ਕਿ ਅਜਿਹਾ ਕਹਿਨ ਵਾਲੇ ਮੂਰਖ ਨਹੀਂ ਸਮਝਦੇ, ਕਿ ਉਹ ਗੁਰੂ ਅਰਜਨ ਦੇਵ ਪੁਰ ਠਗੀ ਕਰਨ ਦਾ ਦੋਸ਼ ਲਾ ਰਹੇ ਹਨ, ਅਜਿਹਾ ਕਰਨ ਦੀ ਗੁਰੂ ਸਾਹਿਬ ਨੂੰ ਲੋੜ ਹੀ ਕੀ ਸੀ। ਏਸ ਕਹਾਣੀ ਘੜਨ ਦੀ ਵਜਹ ਇਹ ਹੈ ਕਿ ਕਿਸੇ ਬੀੜ ਵਿਚ ਕਿਸੇ ਲਿਖਾਰੀ ਦੀ ਭੁਲ ਨਾਲ ਏਸ ਸ਼ਬਦ ਦੇ ਪਹਿਲੇ 'ਮਹਲਾ* ੫' ਲਿਖਿਆ

---

*ਇੰਜੀਲ ਦੀ ਸੋਧੀ ਹੋਈ ਐਡੀਸ਼ਨ ਤਿਆਰ ਕਰਨ ਵਿਚ ਸੋਧਕ ਮੰਡਲ ਨੇ ਸ਼ਾਇਦ ३६००० ਗ਼ਲਤੀਆਂ ਨਿਕੀਆਂ ਮੋਟੀਆਂ ਪਕੜੀਆਂ ਸਨ। ਗ੍ਰੰਥ ਸਾਹਿਬ ਦਾ Authorised Version ਤਿਆਰ ਕਰਨ ਲਈ ਜਿਸ ਸਿਖ ਵਿਦਵਾਨ ਮੰਡਲ ਦੀ ਅਸੀ ਉਪਰ ਸਿਫ਼ਾਰਸ਼ ਕਰ ਆਏ ਹਾਂ, ਮਾਲੂਮ ਨਹੀਂ ਉਹ ਕਿਤਨੀਆਂ ਗ਼ਲਤੀਆਂ ਫੜਨ।



Sri Satguru Jagjit Singh Ji Elibrary NamdhariElibrary@gmail.com

ਗਿਆ, ਦੂਜੇ ਉਸ ਨੂੰ ਸਨਦੀ ਬੀੜ ਜਾਣ ਕੇ ਨਕਲ ਕਰਦੇ ਚਲੇ ਗਏ ਅਤੇ ਗ਼ਲਤੀ ਫੈਲਦੀ ਗਈ। ਪਿਛੋਂ ਆ ਕੇ ਇਕ ਕਹਾਣੀ ਘੜਨੀ ਪਈ। ਜਿਸ ਵੀ ਬੀੜ ਵਿਚ ਇਹ ਲਫ਼ਜ਼ 'ਮਹਲਾ ਪ' ਏਸ ਸ਼ਬਦ ਦੇ ਪਹਿਲੇ ਲਿਖਿਆ ਹੈ, ਉਥੇ ਹੀ ਇਹ ਪ੍ਰਤੱਖ ਗ਼ਲਤੀ ਹੈ, ਭਾਵੇਂ ਕਰਤਾਰਪੁਰ ਵਾਲੀ ਬੀੜ ਹੋਵੇ, ਤੇ ਭਾਵੇਂ ਬਨੋਂ ਵਾਲੀ॥

ਜੈਜਾਵੰਤੀ ਰਾਗ ਦੇ ਚਾਰ ਸ਼ਬਦ ਗ੍ਰੰਥ ਸਾਹਿਬ ਦੇ ਅਖੀਰ ਪੁਰ ਰਾਗ ਬਿਭਾਸ ਪ੍ਰਭਾਤੀ ਦੇ ਪਿਛੇ ਰਖੇ ਹਨ॥ ਰਾਗਾਂ ਦੇ ਪਿਛੋਂ 'ਭੋਗ ਦੀ ਬਾਣੀ' ਦੀ ਤਰਤੀਬ ਇਹ ਹੈ :—

'ਸ-ਗ-ਫੁ-ਚੌ' Slab, ਸਵਯਾ (ਦੋਨੋ ਕਿਸਮ ਦੇ); ਸਲੋਕ ਵਾਰਾਂ ਤੇ ਵਧੀਕ; ਸਲੋਕ ਮਹਲਾ ੯, ਸਲੋਕ ਕਬੀਰ ਤੇ ਫ਼ਰੀਦ; ਮੁੰਦਾਵਣੀ॥ ਅਤੇ ਏਸ ਤੋਂ ਪਿਛੋਂ:—ਸ਼ਲੋਕ, 'ਜਿਤ ਦਰ ਲਖ ਮੁਹਮਦਾ'; ਸਲੋਕ, 'ਬਾਇ ਆਤਿਸ਼ ਆਬ;' ਰਾਗ ਰਾਮਕਲੀ ਦੀ ਰਤਨਮਾਲਾ (ਹਸਬ ਦਸਤੂਰ ਟਿੱਪਨੀ ਸਮੇਤ); ਹਕੀਕਤ ਰਾਹ ਮੁਕਾਮ; ਅਤੇ ਰਾਗ ਮਾਲਾ॥ 'ਮੁੰਦਾਵਣੀ' ਅਤੇ 'ਰਾਗਮਾਲਾ'। ਮੁੰਦਾਵਣੀਤੇ ਰਾਗ ਮਾਲਾ ਦੇ ਵਿਚਾਲੇ ਫ਼ਾਲਤੂ ਬਾਣੀਆਂ ਏਸੇ ਤਰ੍ਹਾਂ ਹੋਰ ਬੀੜਾਂ ਵਿਚ ਵੀ ਦਰਜ ਹਨ॥

ਰਾਗਮਾਲਾ ਤੋਂ ਪਿਛੇ ਦਿਤਾ ਹੈ 'ਚਲਿਤ੍ਰ ਜੋਤੀਜੋਤ ਸਮਾਵਣ ਕਾ' ਜਿਸ ਵਿਚ ਦਸਾਂ ਗੁਰੂਆਂ ਦੇ ਚਲਾਣੇ ਦੀਆਂ ਥਿਤਾਂ ਦਿਤੀਆਂ ਹਨ। ਅਖ਼ੀਰ ਪੁਰ 'ਸਿਆਹੀ ਕੀ ਬਿਧੀ' ਲਿਖੀ ਹੈ।

ਇਸ ਬੀੜ ਵਿਚ, "ਬਲ ਹੂਓ ਬੰਧਨ ਛੁਟੇ ਸਭੁ ਕਿਛ ਹੋਤ ਉਪਾਇ" ਵਾਲੇ ਦੁਹਰੇ ਦੇ ਪਹਿਲੇ 'ਪਾਤਸ਼ਾਹੀ ੧੦' ਦੇ ਲਫ਼ਜ਼ ਨਹੀਂ ਲਿਖੇ॥

'ਨਾਵੇਂ ਮਹਿਲ ਦੇ ਸਲੋਕਾਂ' ਦੇ ਪਿਛੇ ਕਿਹਾ ਹੈ :—'ਜੁਮਲਾ ਸਲੋਕਾਂ ਦਾ ੨੧੦'। ਇਸ ਵਿਚ ਸਾਰੇ ਗੁਰੂਆਂ ਦੇ ਸਲੋਕ ਸ਼ਾਮਲ ਹਨ। ਆਪ



Sri Satguru Jagjit Singh Ji Elibrary NamdhariElibrary@gmail.com

ਵੇਖ ਸਕਦੇ ਹੋ ਕਿ ਸ਼ਬਦਾਂ ਦੇ ਪਿਛੇ ਗਿਨਤੀ ਦੇ ਅੰਕ 'ਲਿਖਾਰੀ' ਬਦਲ ਲੈਂਦੇ ਸਨ, ਸੋ ਇਹਨਾਂ ਪੁਰ ਜ਼ੋਰ ਦੇਣਾ, ਜਿਸ ਤਰ੍ਹਾਂ ਕਿ ਮੈਂ ਇਕ ਸਿਖ ਵਿਦਵਾਨ ਨੂੰ ਕਰਦੇ ਵੇਖਿਆ ਹੈ, ਵਿਅਰਥ ਹੈ ॥

ਇਕ ਹੋਰ ਬੀੜ ਸੰਮਤ ੧੮੪੩ ਦੀ ਹੈ :-

"ਸੰਬਤ ੧੮੪੩ ਮਿਤੀ ਅਸਾੜ ਵਦੀ ਤ੍ਰਿਓਦਸ਼ੀ ਗ੍ਰਿੰਥ ਲਿਖਿਆ ਹੈ। ਨੀਸ਼ਾਣ ਗੁਰੂ ਜੀ ਕੇ ਦਸਤਖਤਾ ਕਾ ਮਹਲਾ ੧੦"

ਨੀਸ਼ਾਣ ਗੁਰੂ ਜੀ ਦਾ ਅੰਦਰ ਕੋਈ ਨਹੀਂ। ਜਿਸ ਬੀੜ ਤੋਂ ਇਹ ਗ੍ਰੰਥ ਉਤਾਰਾ ਕੀਤਾ ਗਿਆ, ਉਹ ਦਸਵੇਂ ਗੁਰੂ ਦੇ ਵੇਲੇ ਦੀ ਬਨੀ ਸੀ, ਉਸ ਵਿਚ 'ਨੀਸ਼ਾਣ ਮਹਲਾ ੧੦' ਹੋਵੇਗਾ, ਲਿਖਾਰੀ ਨੇ ਨਕਲ ਕਰਦੇ ਸਮੇਂ ਮਖੀ ਤੇ ਮਖੀ ਮਾਰ ਕੇ ਰਖ ਦਿਤੀ। ਬਾਣੀ ਦੀ ਤਰਤੀਬ ਵਿਚ ਕੁਝ ਫ਼ਰਕ ਹੈ।

ਜੈਜਾਵੰਤੀ ਰਾਗ ਜੈਤਸਰੀ ਦੇ ਪਿਛੇ ਰਖਿਆ ਹੈ। 'ਭੋਗ ਦੀ ਬਾਣੀ' ਦੀ ਤਰਤੀਬ 'ਸਿਵਾਇ ਸ਼ਲੋਕ ਮਹਲਾ ੯' ਦੇ ਮਾਮੂਲੀ ਛਾਪੇ ਦੇ ਗ੍ਰੰਥ ਸਾਹਿਬਾਂ ਦੇ ਮੁਤਾਬਕ ਦਿਤੀ ਹੈ, ਅਤੇ 'ਮੁੰਦਾਵਣੀ' ਪੁਰ ਖ਼ਾਤਮਾ ਕੀਤਾ ਹੈ। 'ਮੁੰਦਾਵਣੀ' ਤੋਂ ਪਿਛੋਂ ਤਰਤੀਬ ਵਾਰ ਇਹ ਬਾਣੀਆਂ ਹਨ :-

ਗੋਸ਼ਟ ਮਲਾਰ ਨਾਲ ਹੋਈ; ਸ਼ਲੋਕ ਮਹਲਾ ੯; ਰਤਨ ਮਾਲਾ ਮਹਲਾ ੧; ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕਾ; ਰਾਗਮਾਲਾ, ਸਿਆਹੀ ਕੀ ਬਿਧੀ॥ 'ਚਲਿਤ੍ਰ ਜੋਤੀਜੋਤ ਸਮਾਵਣ ਕਾ' ਵਿਚ ਖਾਲੀ ਨੌਂ ਗੁਰੂ ਸਾਹਿਬਾਨ ਦੀਆਂ ਥਿਤਾਂ ਦਿਤੀਆਂ ਹਨ।

ਇਕ ਤੀਜੀ ਬੀੜ ਭੀ ਏਥੇ ਹੈ, ਜਿਸ ਵਿਚ ਕੋਈ ਸੰਮਤ ਉਸ ਦੇ ਲਿਖੇ ਜਾਣ ਦਾ ਨਹੀਂ ਦਿਤਾ। ਜੈਜਾਵੰਤੀ ਛੇਕੜਲਾ ਰਾਗ ਬਨਾਇਆ ਹੈ, ਅਤੇ ਨਾਵੇਂ ਮਹਿਲ ਦੇ ਸ਼ਲੋਕ ਮੁੰਦਾਵਣੀ ਤੋਂ ਅੰਦਰ ਹਨ, 'ਸਲੋਕ ਵਾਰਾਂ ਤੇ ਵਧੀਕ' ਤੋਂ ਝੱਟ ਹੀ ਪਿਛੋਂ ॥

'ਮੁੰਦਾਵਣੀ' ਤੋਂ ਪਿਛੇ ਆਉਂਦੇ ਹਨ :-



Sri Satguru Jagjit Singh Ji Elibrary NamdhariElibrary@gmail.com

ਸਲੋਕ ਭਗਤ ਕਬੀਰ(੨੪੩); ਸਲੋਕ 'ਭਗਤ' ਫਰੀਦ (੧੩੦)
ਸਵਈਏ ਸ੍ਰੀ ਮੁਖ ਵਾਕ, ਸਵੈਯੇ ਭਟਾਂ ਕੇ ਪੰਜਵੇਂ ਮਹਲ ਤਕਦੇ,
ਰਾਗਮਾਲਾ 'ਮਹਲ਼ਪ' ॥
ਸਿਆਹੀ ਕੀ ਬਿਧੀ ॥

ਸੋ 'ਮੁੰਦਾਵਣੀ' ਤਾਂ 'ਭੋਗ ਦੀ ਬਾਣੀ' ਦੇ ਵਿਚਾਲੇ ਆਪਣੇ ਥਾਂ ਸਿਰ ਆਈ ਹੈ ਜਿਥੇ 'ਆਦਿ-ਬੀੜ' ਵਿਚ ਸੀ, ਪਰ ਹੋਰ ਫ਼ਰਕ ਹਨ। ਫ਼ਰੀਦ ਦੇ ਨਾਮ ਨਾਲ 'ਭਗਤ' ਲਫ਼ਜ਼ ਲਗਾ, ਅਤੇ ਰਾਗਮਾਲਾ ਦੇ ਨਾਲ 'ਮਹਲਾ ਪ' ਲਿਖਿਆ ਮੈਂ ਏਥੇ ਹੀ ਦੇਖਿਆ ਹੈ ॥

ਏਸੇ ਗੁਰਦਵਾਰੇ ਵਿਚ ਇਕ ਲਿਖਤ ਦਾ 'ਦਸਮ ਗ੍ਰੰਥ' ਵੀ ਹੈ, ਜਿਸ ਵਿਚ—

'ਸੁਖਮਨਾ ਸਾਹਿਬ ਵਾਰ ਮਾਲਕੌਸ ਕੀ'

ਅਤੇ ਹੋਰ ਕਈ ਨਵੀਆਂ ਬਾਣੀਆਂ ਦਸਮ ਗੁਰੂ ਦੇ ਨਾਮ ਪੁਰ ਦਿਤੀਆਂ ਹਨ॥

## ਬਾਵਾ ਮਾਧੋਦਾਸ ਦੀ ਸੰਗਤ

## ਰਾਣੂ ਪਾਲੀ, ਅਜੁਧਿਆ।

ਏਸ ਗੁਰਦਵਾਰੇ ਵਿਚ ਕਿਤਨੇ ਹੀ ਪੁਰਾਣੇ ਲਿਖਤ ਦੇ ਗ੍ਰੰਥ ਸਾਹਿਬ ਹਨ ਅਤੇ ਹੋਰ ਪੋਥੀਆਂ ਭੀ ਹਨ।

## ੩੪—ਪਕੀ ਸੰਗਤ ਅਲਹਾਬਾਦ

### ਦੀਆਂ ਪੁਰਾਤਨ ਬੀੜਾਂ

ਅਲਾਹਬਾਦ ਵਿਚ ਏਸ ਪੱਕੀ ਸੰਗਤ ਤੋਂ ਬਿਨਾਂ ਹੋਰ ਕਈ ਸਥਾਨ ਸਿਖਾਂ ਦੇ ਹਨ, ਜਿਨ੍ਹਾਂ ਸਭ ਵਿਚ ਪੁਰਾਤਨ ਲਿਖਤ ਦੀਆਂ ਬੀੜਾਂ ਤੇ ਹੋਰ ਪੋਥੀਆਂ ਮੌਜੂਦ ਹਨ, ਜਿਸ ਤਰ੍ਹਾਂ ਪੰਚਾਇਤੀ ਅਖਾੜਾ ਨਿਰਮਲਿਆਂ, ਕੀਟਗੰਜ ਵਿਚ; ਬੜਾ ਪੰਚਾਇਤੀ ਅਖਾੜਾ ਉਦਾਸੀਆਂ; ਨਵਾਂ ਅਖਾੜਾ ਸੂਰਦਾਸ ਘਹਯਾਪੁਰ ਵਿਚ; ਸੰਗਤ ਮੌਜ ਦਰਯਾਓ (ਨਵੀਂ ਸੰਗਤ



Sri Satguru Jagjit Singh Ji Elibrary NamdhariElibrary@gmail.com

ਉਦਾਸੀਆਂ ਦੀ) ॥ ਪਕੀ ਸੰਗਤ ਅਲ੍ਹਾਬਾਦ ਦੇ ਨਾਲ ਕੁਝ ਜਾਗੀਰ ਹੈ, ਜਿਸ ਦੀ ਆਮਦਨ ਖਾਲਸ ੩੦੦) ਸਾਲ ਆਉਂਦੀ ਹੈ, ਅਤੇ ਇਕ ਨਿਰਮਲੇ ਸੰਤ ਏਥੇ ਰਹਿੰਦੇ ਹਨ। ਉਹਨਾਂ ਤੋਂ ਪਤਾ ਲਗਾ ਕਿ ਅਹਰੌਰਾ ਗ੍ਰਾਮ (ਮੁਤਸਿਲ ਮਿਰਜ਼ਾਪੁਰ) ਵਿਚ ਬਿਨੇਸ਼ਰੀ ਸਿੰਘ, ਜਗਨਨਾਥ ਸਿੰਘ ਖਤ੍ਰੀਆਂ ਦੇ ਪਾਸ ਇਕ ਬਹੁਤ ਪੁਰਾਣਾ ਗਰੰਥ ਸਾਹਿਬ ਹੈ, ਅਤੇ ਏਸੋ ਤਰ੍ਹਾਂ ਬੜੀ ਸੰਗਤ ਕਾਸੀ ਵਿਚ ਗ੍ਰੰਥ ਹਨ ॥

'ਪਕੀ ਸੰਗਤ' ਚਉਕ ਅਲ੍ਹਾਬਾਦ ਦੀ ਸੰਘਨੀ ਵਸੋਂ ਵਿਚ ਬਨੀ ਹੈ। ਉਹ ਕੋਠੜੀ ਜਿਸ ਵਿਚ ਗੁਰੂ ਤੇਗ ਬਹਾਦਰ ਰਹੇ ਸਨ, ਉਸ ਵਿਚ ਇਕ ਪਥਰ ਦੀ ਚਉਕੀ ਰਖੀ ਹੈ, ਜਿਥੇ ਗੁਰੂ ਸਾਹਿਬ ਦਾ ਪਲੰਗ ਹੁੰਦਾ ਸੀ। 'ਤਹੀ ਪ੍ਰਕਾਸ਼ ਹਮਾਰਾ ਭਯੋ।'

ਲਿਖਤ ਦੇ ਤਿੰਨ ਗਰੰਥ ਸਾਹਿਬ ਅਤੇ ਇਕ ਛਾਪੇ ਦਾ ਏਥੇ ਹੈਨ। ਲਿਖਤ ਦੇ ਦੋ ਕੁਝ ਅਜਿਹੇ ਪੁਰਾਣੇ ਨਹੀਂ ਅਤੇ ਕਿਸੇ ਪੜਤਾਲ ਦੇ ਮੁਹਤਾਜ ਨਹੀਂ। ਪਰ ਤੀਜਾ ਲਿਖਤ ਦਾ ਗਰੰਥ ਖਾਸਾ ਪੁਰਾਣਾ ਦਿਸਦਾ ਹੈ, ਭਾਵੇਂ ਉਸ ਦੇ ਲਿਖੇ ਜਾਨ ਦਾ ਸੰਮਤ ਉਸ ਵਿਚ ਕੋਈ ਨਹੀਂ ਦਿਤਾ। ਅੰਦਰੂਨੀ ਗਵਾਹੀ ਤੋਂ ਜਾਂ ਹੋਰ ਚਿਨ੍ਹਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਵਕਤ ਦਾ ਦਿਸਦਾ ਹੈ, ਜਾਂ ਕਿਸੇ ਅਜਿਹੀ ਬੀੜ ਤੋਂ ਕੀਤੀ ਪੁਰਾਣੀ ਨਕਲ ਹੈ। ਲਿਖਤ ਕੋਈ ਡਾਢੀ ਚੰਗੀ ਨਹੀਂ, ਕਾਟਕੂਟ, ਦਾਗ, ਧਬੇ ਬਹੁਤੇ ਤੇ ਹਰ ਸਫੇ ਤੇ ਹਨ। ਸਿਰਨਾਵੇਂ ਤੇ ਸ਼ਬਦਾਂ ਦੀ ਗੇਨਤਰੀ ਸੁਰਖ ਰੰਗ ਵਿਚ ਕੀਤੀ ਹੈ। ਦੋ ਲਿਖਾਰੀਆਂ ਨੇ ਮਿਲ ਕੇ ਲਿਖਿਆ ਹੈ, ਅਤੇ ੧੦੪੨ ਵਰਕੇ ਪੁਰ ਮੁਕਾ ਹੈ। ਇਹ ਹੁਸ਼ਿਆਰ ਲਿਖਾਰੀ ਪਤ੍ਰੇ ੧੦੧੧ ਤੋਂ ੧੦੨੧ ਤਕ ਨੂੰ ੧੦੦੧੧-੧੦੦੨੧ ਲਿਖਦੇ ਹਨ।

ਤਰਤੀਬ ਵਜੋਂ ਜੇਜਾਵੰਤ ਰਾਗ ਨੂੰ ਜੈਤਸਰੀ ਦੇ ਪਿਛੇ ਰਖਿਆ ਹੈ। ਸ਼ਲੋਕ ਮਹਲਾ ੯, ਮੁੰਦਾਵਣੀ ਦੇ ਪਿਛੋਂ ਆਉਂਦੇ ਹਨ ਅਤੇ ਉਹਨਾਂ ਵਿਚ ਪਾਠਾਂਤ੍ਰ ਵੀ ਬਹੁਤ ਹਨ। ਮੁੰਦਾਵਣੀ, ਬਾਣੀ ਦੇ ਵਿਚਾਲੇ ਆਉਂਦੀ ਹੈ, ਸਲੋਕ ਕਬੀਰ ਤੇ ਫਰੀਦ ਪਹਿਲੇ ਆਏ ਹਨ, ਅਤੇ ਪਿਛੇ ਲਿਖੀਆਂ



Sri Satguru Jagjit Singh Ji Elibrary NamdhariElibrary@gmail.com

ਬਾਣੀਆਂ ਦੀ ਤਰਤੀਬ ਇਹ ਹੈ :–

ਸਲੋਕ ਮਹਲਾ ੯; ਸਲੋਕ 'ਜਿਤ ਦਰ ਲਖ ਮੁਹਮਦਾ'; ਸਲੋਕ, 'ਬਾਇ ਆਤਿਸ਼ ਆਬ,' ਰਤਨਮਾਲਾ (ਮਾਮੂਲੀ ਟਿੱਪਣੀ ਸਮੇਤ); ਹਕੀਕਤ ਰਾਹ ਮੁਕਾਮ; ਰਾਗ ਮਾਲਾ, ਅਤੇ ਸਿਆਹੀ ਕੀ ਬਿਧੀ (ਛੋਟੀ) ॥

੨੩ਵਾਂ ਫੁਨਹਾ ਰਹਿ ਗਿਆ ਸੀ, ਪਿਛੋਂ ਹੋਰ ਸਿਆਹੀ ਵਿਚ ਨਕਲ ਕੀਤਾ ਹੈ ॥

## ੩੫–ਤਖਤ ਪਟਨਾ ਸਾਹਿਬ।

'ਤਖ਼ਤ' ਹੋਣ ਕਰਕੇ ਇਥੇ 'ਰਹਿਤ' ਬਾਬਤ ਪੁਛ ਗਿਛ ਬਹੁਤ ਹੁੰਦੀ ਹੈ, ਅਤੇ ਸਭ ਤੇ ਪੁਰਾਣਾ *ਗ੍ਰੰਥ ਸਾਹਿਬ ਇਕਾਦਸ਼ੀ ਵਾਲੇ ਦਿਨ ਤੋਂ ਬਿਨਾ ਖੋਲ੍ਹਿਆ ਨਹੀਂ ਜਾਂਦਾ, ਸਿਵਾਇ ਖ਼ਾਸ ਤੌਰ ਪੁਰ ਲੰਗਰ ਆਦਿ ਕਰਾਨ ਦੇ॥ ਸੋ ਮੈਂ †ਆਪਣੇ ਉਥੇ ਜਾਣ ਦਾ ਪੂਰਾ ਫ਼ਾਇਦਾ ਨਹੀਂ ਉਠਾ ਸਕਿਆ। ਮਾਮੂਲੀ ਲਿਖਤ ਦੇ ਗ੍ਰੰਥ ਸਾਹਿਬ ਜੋ ਬਾਹਰ ਸਨ, ਉਹ ਮੈਂ ੨੪ ਮਾਰਚ ਸੰਨ ੧੯੧੯ ਨੂੰ ਵੇਖੇ। ਕੋਈ ੩੦ ਸਵਾਰਾ ਸਾਹਿਬ ਇਥੇ ਹਨ, ਅਤੇ ਇਹਨਾਂ ਤੋਂ ਵਖ ੧੯ ਹੁਕਮਨਾਮੇ ਹਨ (੧੦ ਗੁਰੂ ਤੇਗਬਹਾਦਰ ਜੀ ਦੇ, ੪ ਗੁਰੂ ਗੋਬਿੰਦ ਸਿੰਘ ਜੀ ਦੇ ਜਿਨ੍ਹਾਂ ਵਿਚੋਂ ਇਕ ਉਹਨਾਂ

---

*'ਰਾਗਮਾਲਾ ਪਬੋਧ' ਵਿਚ ਕਿਸੇ ਗਿਆਨੀ ਸਾਹਿਬ ਸਿੰਘ ਨੇ ਲਿਖਿਆ ਹੈ (ਸੰਨ ੧੯੧੯) :–' ਦਸ਼ਮੇਸ਼ ਪਿਤਾ ਜੀ ਨੇ ਆਨੰਦਪੁਰ ਸਾਹਿਬ ਵਿਖੇ 'ਭਾਈ ਬੰਨੋ ਜੀ ਕੀ ਬੀੜ' ਦਾ ਉਤਾਰਾ ਛਪਵਾਇਆ, ਅਤੇ ਨਵੇਂ ਸਤਿਗੁਰਾਂ ਦੀ ਬਾਣੀ ਕ੍ਰਮ ਤੇ ਉਸ ਬੀੜ ਪੁਰ ਲਿਖੀ, ਅਤੇ ਅੰਤ ਕੋ ਰਾਗਮਾਲਾ ਲਿਖੀ ਅਤੇ ਆਦਿ ਮੇਂ ਆਪਣੇ ਕਰਕਮਲਾਂ ਸੇ ਦਸਖਤ ਭੀ ਕੀਤੇ। ਇਹ ਬਾਬਾ ਜੀ ਤਖਤ ਪਟਣਾ ਸਾਹਿਬ ਮੇਂ ਬਿਰਾਜਮਾਨ ਹਨ, ਤੇ ਹਰ ਏਕ ਇਕਾਦਸ਼ੀ ਨੂੰ ਸੰਗਤ ਕੋ ਦਰਸ਼ਣ ਦੇਂਦੇ ਹਨ ॥" ਲੇਖਕ ਦੀ ਲੇਖਕ ਜਾਣੇ ॥

†ਪਹਿਲੀ ਵਾਰੀ ਮੈਂ ਖ਼ੁਦ ਮਹੰਤ ਸੁਮੇਰ ਸਿੰਘ ਹੋਰਾਂ ਤੋਂ ਅੰਮ੍ਰਿਤ ਛਕਿਆ ਸੀ। ਉਸ ਤੋਂ ਪਿਛੋਂ ਦੋ ਵਾਰੀ ਤਖ਼ਤ ਹਜ਼ੂਰ ਸਾਹਿਬ ਤੇ; ਹੁਣ ਚੌਥੀ ਵਾਰੀ ਮੈਂ ਛਕਣਾ ਨਹੀਂ ਸਾਂ ਚਾਹੁੰਦਾ, ਜੋ ਮੇਰੇ ਪੁਰ ਸ਼ਰਤ ਲਗਾਈ ਗਈ ਸੀ।



Sri Satguru Jagjit Singh Ji Elibrary NamdhariElibrary@gmail.com

ਦਾ ਦਸਤਖ਼ਤੀ ਹੈ, ਅਤੇ ੫ ਹੁਕਮਨਾਮੇ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਜੀ ਦੇ) ॥ ਬਹੁਤ ਸਾਰੀਆਂ ਪੁਰਾਣੀਆਂ ਤਸਵੀਰਾਂ ਵੀ ਹਨ। ਤਸਵੀਰਾਂ ਤੇ ਹੁਕਮਨਾਮੇ ਸਭ ਇਕ ਜਿਲਦ ਵਿਚ ਬਧੇ ਹਨ, ਅਤੇ ਹੁਕਮ ਨਾਮਿਆਂ ਪੁਰ ਮਹੰਤ ਸੁਮੇਰ ਸਿੰਘ ਜੀ ਨੇ ਲਿਖ ਦਿਤਾ ਹੋਇਆ ਕਿ ਕਿਹੜਾ ਹੁਕਮ ਨਾਮਾ ਕਿਸ ਮੌਕਿਆ ਪੁਰ ਆਇਆ ਆਦਿ ॥

ਮੈਂ ਤਿੰਨ ਆਦਿ ਗ੍ਰੰਥ ਅਤੇ ਇਕ ਦਸਮ ਗ੍ਰੰਥ ਵੇਖ ਸਕਿਆ।

ਪਹਿਲਾ ਗ੍ਰੰਥ ਸਾਹਿਬ ਬਹੁਤ ਨੇੜੇ ਦੇ ਸਮੇਂ ਦਾ ਲਿਖਿਆ ਸੀ ਏਸ ਵਿਚ ਕੋਈ ਤਾਰੀਖ਼ ਸੰਮਤ ਏਸ ਦੇ ਲਿਖੇ ਜਾਣ ਦਾ ਨਹੀਂ ਦਿਤਾ ਸੀ। ਛਾਪੇ ਦੇ ਗ੍ਰੰਥਾਂ ਵਾਂਗ ਫ਼ਾਲਤੂ ਬਾਣੀ ਖ਼ਾਲੀ ਰਾਗਮਾਲਾ ਹੀ ਹੈ, ਹੋਰ ਕੁਝ ਨਹੀਂ ॥

ਦੂਜੇ ਗ੍ਰੰਥ ਵਿਚ ਵੀ ਲਿਖੇ ਜਾਨ ਦਾ ਕੋਈ ਸੰਮਤ ਨਹੀਂ ਸੀ, ਅਤੇ ਹੈ ਇਹ ਭੀ ਨਵਾਂ ਈ ਸੀ। ਏਸ ਵਿਚ ਤਤਕਰਾ ਭੀ ਮੌਜੂਦ ਨਹੀਂ। ਤਤਕਰਾ ਕਈ ਵਾਰੀ ਪਿਛੋਂ ਨਕਲ ਕੀਤਾ ਜਾਂਦਾ ਸੀ, ਸੋ ਨਕਲ ਕਰਨੋਂ ਰਹਿ ਗਿਆ ਹੋਵੇਗਾ; ਬਗੈਰ ਤਤਕਰੇ ਦੇ ਹੀ ਜਿਲਦ ਬਨ੍ਹਾ ਲਈ। ਉਤਾਰਾ ਕਰਦੇ ਸਮੇਂ ਦੋ ਵਰਕੇ ਖ਼ਰਾਬ ਹੋ ਗਏ ਸਨ; ਇਸ ਖ਼ਿਆਲ ਨਾਲ ਕਿ ਬੇਅਦਬੀ ਨਾ ਹੋਵੇ, ਉਹ ਭੀ ਜਿਲਦ ਵਿਚ ਬਨ੍ਹਾ ਦਿਤੇ ਹਨ।

ਕੋਈ ਖ਼ਾਸ ਗਲ ਇਸ ਬਾਰੇ ਲਿਖਣ ਵਾਲੀ ਨਹੀਂ।

ਤੀਜਾ ਆਦਿ-ਗ੍ਰੰਥ ਪਥਰ ਦੇ ਛਾਪੇ ਦਾ ਕਿਸੇ ਮੁਸਲਮਾਨਾਂ ਦੇ ਛਾਪੇਖ਼ਾਨੇ ਦਾ ਛਪਿਆ ਹੈ। ਬਾਹਰਲੇ ਟਾਈਟਲ ਪੇਜ ਪੁਰ ਲਿਖਿਆ ਹੈ ਕਿ ਕਰਤਾਰਪੁਰ ਵਾਲੇ ਗ੍ਰੰਥ ਨਾਲ ਸੋਧਿਆ ਗਿਆ ਹੈ।

ਚੌਥਾ ਗਰੰਥ ਜੋ ਮੈਂ ਦੇਖਿਆ, ਉਹ ਦਸਮ-ਗ੍ਰੰਥ ਸੀ। ਮਜ਼ਮੂਨ ਦੀ ਤਰਤੀਬ ਛਾਪੇ ਦੇ ਦਸਮ-ਗ੍ਰੰਥਾਂ ਨਾਲੋਂ ਕੁਝ ਵਖ ਹੈ। ਸਭ ਤੋਂ ਛੇਕੜ 'ਜ਼ਫਰਨਾਮਾ' ਹੈ। 'ਅਸਫੋਟਕ ਕਬਿਤ ਸਵੈਯੇ' ਦਿਤੇ ਹੀ ਨਹੀਂ। ਮਿਸਰ ਦੇ ਰੋ ਦੇਨ ਵਾਲਾ ਸਵੈਯਾ 'ਬਚਿਤ੍ਰ ਨਾਟਕ' ਤੋਂ ਪਿਛੇ ਆਉਂਦਾ ਹੈ। 'ਤ੍ਰਿਆ ਚਰਿਤ੍ਰ' ਦਿਤਾ ਹੈ ॥

ਗੁਰਦਵਾਰੇ ਤੋਂ ਬਾਹਰ ਪਟਨੇ ਦੇ ਲੋਕਾਂ ਦੇ ਘਰੀਂ, ਅਤੇ ਨੇੜੇ



Sri Satguru Jagjit Singh Ji Elibrary NamdhariElibrary@gmail.com

ਤੋੜੇ ਦੇ ਪਿੰਡਾਂ ਕਸਬਿਆਂ ਵਿਚ ਅਨੇਕਾਂ ਹੀ ਲਿਖਤ ਦੇ ਗ੍ਰੰਥ ਸਾਹਿਬ ਮੌਜੂਦ ਹਨ॥

## ੩੬--ਦਖਣ ਦੇਸ ਦੀਆਂ ਸਿਖ ਸੰਗਤਾਂ ॥

ਮੁਗਲਾਂ ਦੇ ਵੇਲੇ ਪੰਜਾਬ ਦੇ ਵਪਾਰੀ ਖਤ੍ਰੀ ਹਿੰਦੁਸਤਾਨ ਦੇ ਜਿਸ ਪ੍ਰਾਂਤ ਵਿਚ ਵੀ ਗਏ, ਸਿਖੀ ਧਰਮ ਆਪਣੇ ਨਾਲ ਲੈ ਗਏ ਅਤੇ ਉਥੇ ਜਾ ਕੇ ਸਿਖ ਸੰਗਤਾਂ ਕਾਇਮ ਕੀਤੀਆਂ। ਭਾਈ ਗੁਰਦਾਸ ਦੀ ਵਾਰ ਤੋਂ, ਜਿਥੇ ਸੰਗਤਾਂ ਦੇ ਅਤੇ ਓਥੋਂ ਦੇ ਉਸ ਵੇਲੇ ਦੇ ਮੁਖੀ ਸਿਖਾਂ ਦੇ ਨਾਮ ਗਿਣੇ ਹਨ, ਪਤਾ ਲਗ ਜਾਂਦਾ ਹੈ, ਕਿ ਨਾ ਨਿਰਾ ਆਗਰੇ ਆਦਿ ਨੇੜੇ ਦੀਆਂ ਥਾਵਾਂ ਵਿਚ ਸਗੋਂ ਰਾਜਪੂਤਾਨੇ, ਕੇਂਦਰੀ ਹਿੰਦ, ਮਧ ਪ੍ਰਾਂਤ ਬੇਰਾਰ ਆਦਿ ਵਿਚ ਸਭ ਵਡੇ ਸ਼ਹਿਰਾਂ ਵਿਖੇ ਸਿਖ ਸੰਗਤਾਂ ਉਸ ਵੇਲੇ ਤਕ ਕਾਇਮ ਹੋ ਚੁਕੀਆਂ ਸਨ। ਪਿਛੋਂ ਇਹ ਸਿਲਸਿਲਾ ਹੋਰ ਫੈਲਿਆ ਅਤੇ ਮਦਰਾਸ ਅਹਾਤੇ ਵਿਚ ਵੀ ਭਾਟੜਿਆਂ, ਬਨਜਾਰਿਆਂ ਆਦਿ ਨੇ ਕਿਤੇ ਕਿਤੇ ਸੰਗਤਾਂ ਬਨਾਈਆਂ, ਜੈਸਾ ਕਿ 'ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ' ਤੋਂ ਮਾਲੂਮ ਦੇਂਦਾ ਹੈ। ਹੋਰ ਭੀ ਪਿਛੋਂ ਜਦ ਗੁਰੂ ਗੋਬਿੰਦ ਸਿੰਘ ਜੀ ਦਖਣ ਗਏ, ਅਤੇ ਉਥੇ ਹੀ ਸਮਾਏ, ਤਦ ਹਜ਼ੂਰ ਸਾਹਿਬ ਨੂੰ ਬੁਰਹਾਨਪੁਰੋਂ ਜੋ ਦੋ ਰਸਤੇ ਜਾਂਦੇ ਸਨ, ਉਹਨਾਂ ਪੁਰ ਥਾਂ ਥਾਂ ਸਾਧੂ ਬੈਠ ਗਏ ਅਤੇ ਸੰਗਤਾਂ ਕਾਇਮ ਕਰ ਲਈਆਂ। ਸਿੰਧ ਵਿਚ ਬਣਖੰਡੀ ਜੀ ਨੇ ਸਾਧ ਬੇਲਾ (ਸਖਰ ਭੱਕਰ) ਵਿਚ ਆਪਣਾ ਵਡਾ ਅਖਾੜਾ ਕਾਇਮ ਕੀਤਾ, ਅਤੇ ਸਿੰਧ ਦੀ ਸਾਰੀ ਹਿੰਦੂ ਆਬਾਦੀ ਨੂੰ ਸਿਖੀ ਦੇ ਦਾਇਰੇ ਅੰਦਰ ਲੈ ਆਂਦਾ॥ ਗਵਾਲੀਅਰ, ਗਵਾਲੀਅਰ ਲਸ਼ਕਰ ਉਜੈਨ, ਇੰਦੌਰ, ਅਜਮੇਰ, ਬੁਰਹਾਨਪੁਰ, ਏਲਚਪੁਰ, ਅਮਰਾਉਤੀ, ਅਕੋਲਾ, ਬਾਲਾਪੁਰ, ਖਾਮਗਾਉ, ਬਾਸਿਮ ਹਿੰਗੋਲੀ, ਮੁਰਤਿਜ਼ਾਪੁਰ,



Sri Satguru Jagjit Singh Ji Elibrary NamdhariElibrary@gmail.com

ਮਲਕਾਪੁਰ, ਬੁਲਦਾਨਾ ਸਭ ਜਗਾ ਸਿਖ ਸੰਗਤਾਂ ਹੁੰਦੀਆਂ ਸਨ, ਅਤੇ ਇਹਨਾਂ ਸੰਗਤਾਂ ਵਿਚ ਗ੍ਰੰਥ ਸਾਹਿਬ ਦੀਆਂ ਲਿਖਤ ਦੀਆਂ ਬੀੜਾਂ; ਅਤੇ ਜਿਥੇ ਕਿਤੇ ਕੋਈ ਵਿਦਵਾਨ ਸਾਧੂ ਟਿਕਿਆ ਰਿਹਾ, ਉਥੇ ਹੋਰ ਗ੍ਰੰਥ ਭੀ, ਜਨਮਸਾਖੀ ਆਦਿ, ਮੌਜੂਦ ਸਨ। ਕਿਤੇ ਕਿਤੇ ਰਜੇ ਘਰਾਂ ਵਿਚ ਆਪਣੇ ਗ੍ਰੰਥ ਸਾਹਿਬ ਭੀ ਹੁੰਦੇ ਸਨ, ਜੋ ਹੁਣ ਤਕ ਮੌਜੂਦ ਹਨ। ਬੁਰਹਾਨਪੁਰ ਦੀ ਸੰਗਤ ਗੁਰੂ ਅਰਜਨਦੇਵ ਜੀਦੇ ਵੇਲੇ ਵੀ ਵੱਡੀ ਸੀ,ਕਿਉਂ ਜੋ ਇਹ ਥਾਂ ਦਖਣ ਵਿਚ ਦਾਰੁਲਖਿਲਾਫ਼ਤ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਪਿਛੋਂ ਮਾਤਾ ਜੀ ਦੇ ਮੂੰਹ-ਬੋਲੇ ਪੁਤਰ ਬਾਬਾ ਅਜੀਤ ਸਿੰਘ ਜੀ ਨੇ ਆਪਣੇ ਆਪ ਨੂੰ ਗੁਰੂ ਪ੍ਰਗਟ ਕੀਤਾ ਅਤੇ ਆਪਣੀ ਗੱਦੀ ਬੁਰਹਾਨਪੁਰ ਵਿਚ ਕਾਇਮ ਕੀਤੀ। ਇਹਨਾਂ ਦੇ ਪਿਛੋਂ ਇਹਨਾਂ ਦਾ ਬੇਟਾ ਗੁਰੂ ਹਠੀ ਸਿੰਘ ਜੀ ੫੯ ਵਰ੍ਹੇ ਗੁਰੂ ਰਹੇ। ਸੋ ਏਥੇ ਦੀ ਸਿਖ ਸੰਗਤ, ਤਖ਼ਤ ਅਬਚਲ ਨਗਰ ਤੋਂ ਬਾਹਰ, ਸਾਰੇ ਦਖਣ ਤੇ ਰਾਜਪੂਤਾਨੇ ਦੇ ਸਿਖਾਂ ਵਿਚ ਸਿਖੀ ਦਾ ਪ੍ਰਸਿਧ ਕੇਂਦਰ ਸੀ। ਕੁਦਰਤੀ ਤੌਰ ਤੇ ਏਥੇ ਗ੍ਰੰਥ-ਪੋਥੀਆਂ ਬਹੁਤ ਸਨ, ਜਿਨ੍ਹਾਂ ਬਾਬਤ ਇਕ ਲੇਖ ਮੈਂ ਰਸਾਲੇ ਫੁਲਵਾੜੀ ਵਿਚ ਦਿਤਾ ਸੀ, ਜੋ ਹੇਠਾਂ ਨਕਲ ਕੀਤਾ ਜਾਂਦਾ ਹੈ। ਬੇਰਾਰ ਅਤੇ ਸੀ. ਪੀ. ਦੀਆਂ ਹੋਰ ਸੰਗਤਾਂ ਮੈਂ ਸੰਨ ੧੯੦੪-੦੫ ਦੇ ਲਾਗੇ ਵੇਖੀਆਂ ਸਨ, ਕਈ ਸੰਗਤਾਂ ਵਿਚ ਕਿਨੇ ਕਿਨੇ ਪੁਰਾਣੇ ਗਰੰਥ ਸਾਹਿਬ ਸਨ, ਅਤੇ ਉਧਰ ਵਸ ਗਏ ਖਤ੍ਰੀ ਘਰਾਂ ਵਿਚ ਵੀ ਕਈ ਗ੍ਰੰਥ ਸਾਹਿਬ ਦੇਖੇ, ਪਰ ਉਦੋਂ ਇਹ ਸ਼ੌਕ ਨਹੀਂ ਸੀ, ਕਿ ਇਹਨਾਂ ਬਾਬਤ ਨੋਟ ਲੈਂਦਾ। ਪਰ ਮੈਨੂੰ ਯਾਦ ਹੈ ਕਿ ਖਾਮਗਾਉ ਵਿਚ ਖਾਸੀ ਲਾਇਬਰੇਰੀ ਜਾਂ ਪੁਸਤਕ-ਭੰਡਾਰ ਇਕ ਸੰਤ ਨੇ ਇਕੱਠਾ ਕੀਤਾ ਹੋਇਆ ਸੀ। ਹੋ ਸਕਦਾ ਹੈ ਕਿ ਪਿਛਲੇ ਚਾਲੀ ਵਰ੍ਹਿਆਂ ਵਿਚ ਕੁਝ ਭੀ ਨਾ ਰਹਿ ਗਿਆ ਹੋਵੇ।



Sri Satguru Jagjit Singh Ji Elibrary NamdhariElibrary@gmail.com

# ੩੭—"ਮੇਲ ਵਡਾ ਬੁਰਹਾਨਪੁਰ"

ਸਨਮੁਖ ਸਿਖ ਸਹਜ ਪ੍ਰਗਾਸੁ।

ਭਗਤ ਭਈਆ ਭਗਵਾਨ ਦਾਸ, ਨਾਲ ਬੋਦਲਾ ਘਰੇ ਉਦਾਸ॥
ਮਲਕ ਕਟਾਰੂ ਜਾਣੀਐ, ਪਿਰਥੀਮਲ ਜਗਾਹੀ ਖਾਸ।"

[ਭਾਈ ਗੁਰਦਾਸ।

'ਵਡਾ ਮੇਲ' ਬਨਣ ਲਈ, ਪ੍ਰਤਖ ਹੈ, ਜੋ ਸਿਖੀ ਭਾਈ ਗੁਰਦਾਸ ਦੇ ਲਿਖਣ ਕੋਲੋਂ, ਢੇਰ ਚਿਰ ਪਹਿਲੋਂ ਬੁਰਹਾਨਪੁਰ ਅਪੜੀ ਹੋਵੇਗੀ। ਦਸਮੇਸ਼ ਜੀ ਜਦ ਬਹਾਦਰਸ਼ਾਹ ਨਾਲ ਦਖਣ ਵਲ ਗਏ ਹਨ, ਤਦ ਇਥੇ ਕੁਝ ਦਿਨ ਠਹਿਹੇ ਸਨ। ਅਤੇ ਏਸੇ ਤਰ੍ਹਾਂ ਭਾਈ ਦਯਾ ਸਿੰਘ ਜਦ ਔਰੰਗਜ਼ੇਬ ਪਾਤਸ਼ਾਹ ਕੋਲ ਮਹਾਰਾਜ ਦੀ 'ਪਰਚੀ' ਪੁਚਾਨ ਗਏ ਹਨ, ਤਦ ਉਹ ਭੀ ਬੁਰਹਾਨਪੁਰ ਸੰਗਤ ਵਿਚ ਠਹਿਰੇ ਸਨ। ਸਬਬ ਇਹ ਕਿ ਦਿਲੀ ਤੋਂ ਜੋ ਸੜਕ ਦਖਣ ਨੂੰ ਜਾਂਦੀ ਸੀ, ਉਹ ਬੁਰਹਾਨ ਪੁਰੋਂ ਹੋ ਕੇ ਲੰਘਦੀ ਸੀ। ਢੇਰ ਚਿਰ ਇਹ ਥਾਂ ਦਖਣ ਦੇ ਸੂਬੇ ਦੀ ਰਾਜਧਾਨੀ ਰਹੀ। ਦਸ਼ਮੇਸ਼ ਜੀ ਜਦ ਬਾਤਸ਼ਾਹ ਦੇ ਨਾਲ ਅਗਾਹਾਂ ਨੰਦੇੜ ਗਏ, ਤਦ ਸਾਹਿਬ ਅਜੀਤ ਸਿੰਘ ਪਿਛੇ ਏਥੇ ਬੁਰਹਾਨਪੁਰ ਹੀ ਰਹਿ ਗਏ ਸਨ, ਅਤੇ ਏਥੇ ਹੀ ਆਪਣੀ ਗੁਰੂ-ਗਦੀ ਬਨਾ ਲਈ ਸੀ। ਇਹਨਾਂ ਦੀ ਨਿਸਬਤ ਮਸ਼ਹੂਰ ਹੈ ਕਿ ਦਿੱਲੀ ਆ ਕੇ ਪਿਛੋਂ ਕੇਸਾਂ ਦੀ ਬੇ-ਅਦਬੀ ਕਰ ਦਿਤੀ ਸੀ। ਖ਼ੈਰ, ਜਿਤਨਾ ਚਿਰ ਬੁਰਹਾਨਪੁਰ ਰਹੇ, ਸੰਗਤ ਨੂੰ ਰੌਣਕ ਦਿਤੀ। ਇਹਨਾਂ ਦੇ ਪਿਛੋਂ ਇਹਨਾਂ ਦੇ ਬੇਟੇ ਹਠੀ ਸਿੰਘ ਜੀ ਗਦੀ ਪੁਰ ਬੈਠੇ, ਜਿਨ੍ਹਾਂ ਦੇ ਵੇਲੇ ਸੰਗਤ ਨੂੰ ਖ਼ੂਬ ਹੀ ਰੌਣਕ ਮਿਲੀ॥

ਸੰਨ ੧੯੨੮ ਵਿਚ ਮੈਂ ਏਸ ਸੰਗਤ ਦੇ ਦਰਸ਼ਨ ਕਰਨ ਗਿਆ ਸਾਂ ਅਤੇ ਪੰਜ ਕੁ ਘੰਟੇ ਟਿਕਿਆ ਸਾਂ, ਜੋ ਕੁਝ ਹਾਲਾਤ ਮਾਲੂਮ ਹੋ ਸਕੇ, ਉਹ ਹੇਠਾਂ ਦਰਜ ਕਰਦਾ ਹਾਂ॥



Sri Satguru Jagjit Singh Ji Elibrary NamdhariElibrary@gmail.com

(ੳ) ਨਾਨਕ ਬਾੜੀ। ਇਹ ਸਭ ਤੋਂ ਪੁਰਾਣਾ ਸਥਾਨ ਮੰਨਿਆ ਜਾਂਦਾ ਹੈ। ਸ਼ਾਇਦ ਇਹੋ ਪੁਰਾਣੀ ਸੰਗਤ ਭਾਈ ਗੁਰਦਾਸ ਦੇ ਵੇਲੇ ਸੀ, 'ਵੱਡਾ ਮੇਲ' ਹੁੰਦਾ ਸੀ। ਇਹ ਸਥਾਨ ਹੁਣ ਜੰਗਲ ਵਿਚ ਹੈ। ਫੁਹਾਰੇ, ਬਾਉਲੀ ਅਦਿ ਦੇ ਪੁਰਾਣੇ ਖੋਲੇ ਮੌਜੂਦ ਹਨ ਅਤੇ ਅੰਬਾਂ ਦਾ ਇਕ ਬਗੀਚਾ ਹੈ। ਉਦਾਸੀਆਂ ਦਾ ਸਥਾਨ ਹੁੰਦਾ ਸੀ, ਹੁਣ ਉਥੇ ਕੋਈ ਨਹੀਂ ਰਹਿੰਦਾ॥

(ਅ) ਪੁਰਾਣੀ ਸੰਗਤ: ਜੋ ਅਜੀਤ ਸਿੰਘ ਜੀ ਨੇ ਕਾਇਮ ਕੀਤੀ ਅਤੇ ਪਿਛੋਂ ਹਠੀ ਸਿੰਘ ਜੀ ਦੇ ਵੇਲੇ ਇਸ ਨੂੰ ਪੂਰੀ ਰੌਣਕ ਮਿਲੀ। ਹਠੀ ਸਿੰਘ ਜੀ ਦੀ ਸਮਾਧ ਭੀ ਏਥੇ ਈ ਹੈ। ਇਕ ਹੋਰ ਸਮਾਧ ਕਿਸੇ ਮਾਈ ਦੀ ਹੈ। ਪਾਸ ਆਬਾਦੀ ਹੁੰਦੀ ਸੀ, ਪਰ ਹੁਣ ਉਥੇ ਖੇਤ ਹਨ। ਸ਼ਹਿਰ ਕੋਈ ਪਾਉ ਮੀਲ ਦੀ ਵਿਥ ਤੇ ਦਖਣ ਵਲ ਹੈ। ਸਿਵਾਏ ਦੋ ਸਮਾਧਾਂ ਤੇ ਇਕ ਦਾਲਾਨ ਦੇ ਜਿਥੇ ਪ੍ਰਕਾਸ਼ ਕਰ ਸਕੀਦਾ ਹੈ, ਹੋਰ ਮਕਾਨ ਖ਼ਸਤਾ ਹਾਲਤ ਵਿਚ ਹਨ, ਜਿਥੇ ਮਾਲ ਡੰਗਰ ਬਝਦਾ ਹੈ। ਦੁਆਲੇ ਦੀ ਪੱਕੀ ਚਾਰ ਦੀਵਾਰੀ ਜੋ ਕਦੇ ਪੂਰੀ ਨਹੀਂ ਹੋਈ ਸੀ, ਅਤੇ ਡਯੋਢੀ ਭੀ ਢੈ ਗਈ ਹੈ। ਕੋਈ ਦੇਖਣ ਵਾਲਾ ਅਤੇ ਬਾਕਾਇਦਾ ਪੁਜਾਰੀ ਨਹੀਂ। ਮੈਂ ਜਿਸ ਦਿਨ ਗਿਆ ਸਾਂ ਸੰਗਤ ਇਕੱਲੀ ਪਈ ਸੀ। ਛੇਕੜਲੀ ਮਾਲਕਨ, ਇਕ ਪੁਜਾਰਨ, ਸਭ ਜ਼ਮੀਨ ਆਦਿ ਆਪਣੇ ਨਾਮ ਕਰਾਕੇ, ਸੁਣੀਦਾ ਹੈ, ਕਿਸੇ ਨਾਲ ਉਠ ਗਈ ਤੇ ਹੁਣ ਭੁਪਾਲ ਚਲੀ ਗਈ ਹੈ। ਸਾਲ ਦੇ ਸਾਲ ਆਉਂਦੀ ਹੈ ਤੇ ਮਾਲੀਆ ਉਗ੍ਰਾਹ ਕੇ ਲੈ ਜਾਂਦੀ ਹੈ। ਇਕ ਸਿੰਘ ਹੁਣ ਥੋੜੀ ਬਹੁਤੀ ਖ਼ਬਰਦਾਰੀ ਰਖਦਾ ਹੈ। ਸੰਗਤ ਦਾ ਮਾੜਾ ਮੋਟਾ ਇੰਤਜ਼ਾਮ ਅਤੇ ਦੇਖ ਭਾਲ ਬੁਰਹਾਨਪੁਰ ਦੇ ਖਤ੍ਰੀ ਕਰਦੇ ਹਨ। ਇਹ ਲੋਕ ਚਿਰਾਂ ਤੋਂ ਇਥੇ ਆ ਕੇ ਵਸੇ ਦੱਸੇ ਹਨ, ਅਤੇ ਸ਼ਾਇਦ ਇਹੋ ਸਿਖੀ ਨੂੰ ਏਥੇ ਲਿਆਏ ਸਨ॥ ਅਜ ਕਲ ੭੫ ਕੁ ਘਰ ਇਹਨਾਂ ਦੇ ਏਥੇ ਵਸਦੇ ਹਨ, ਤੇ ਹੁਣ ਏਧਰ ਦੇ ਹੀ ਹੋ ਗਏ ਹਨ। ਮਰਦਾਂ ਦੀ ਪੋਸ਼ਾਕ ਤੇ ਤੀਵੀਆਂ ਦੇ ਗਹਣੇ ਨਥ ਆਦਿ ਮਹਾਰਾਸ਼ਟਰੀ ਨਮੂਨੇ ਦੇ ਹਨ, ਪਰ, ਤੀਵੀਆਂ ਨੇ



Sri Satguru Jagjit Singh Ji Elibrary NamdhariElibrary@gmail.com

ਘਗਰੀ ਤੇ ਓਹੜਨੀ ਹਾਲੀ ਨਹੀਂ ਛੱਡੀ ਅਤੇ ਨਾ ਚਿਹਰੇ ਮੁਹਰੇ ਵਿਚ ਫ਼ਰਕ ਆਇਆ ਹੈ। ਵਿਆਹ ਸ਼ਾਦੀਆਂ ਏਧਰ ਦੇ ਸ਼ਹਿਰਾਂ ਵਿਚ ਵਸੇ ਥੋੜੇ ਬਹੁਤੇ ਖਤ੍ਰੀਆਂ ਵਿਚ ਹੋ ਜਾਂਦੀਆਂ ਹਨ। ਪਹਿਲੇ ਇਹ ਸਭ ਸਿਖੀ ਵਿਚ ਸਨ, ਪਰ ਹੁਣ ਕੁਝ ਅਜਿਹੀ ਪਰਵਾਹ ਨਹੀਂ ਕਰਦੇ। ਕੁਝ ਆਰੀਆ ਸਮਾਜੀ ਤੇ ਕੁਝ ਸ੍ਵਾਮੀ ਨਾਰਾਇਣ ਦੇ ਚੇਲੇ ਹੋ ਗਏ ਹਨ॥ ਸੰਗਤ ਦੇ ਨਾਲ ਜੋ ਜ਼ਮੀਨ ਹੈ, ਉਸ ਤੋਂ ਵਖ 'ਲਾਲਬਾਗ' ਵਿਚ ੩੦੦) ਸਾਲ ਦਾ ਹਿੱਸਾ ਸੰਗਤ ਦਾ ਸੀ॥ ਸੰਗਤ ਵਿਚ ਕੁਝ ਪੁਰਾਣੇ ਗ਼ਲੀਚੇ (ਇਕ ਬਹੁਤ ਵੱਡਾ), ਹਠੀ ਸਿੰਘ ਜੀ ਦੀਆਂ ਤਲਵਾਰਾਂ ਆਦਿ ਸ਼ਸਤਰ ਤੇ ਕੁਝ ਬਹੁਮੁਲੇ ਗ੍ਰੰਥ ਹਨ, ਜਿਨ੍ਹਾਂ ਦਾ ਜ਼ਿਕਰ ਅਸੀਂ ਅਗੇ ਚਲਕੇ ਕਰਾਂਗੇ। ਇਸ ਸੰਗਤ ਵਿਚ ਇਹ ਤਿਉਹਾਰ ਮਨਾਏ ਜਾਂਦੇ ਹਨ:—ਫਗਨ ਦੀ ਦਸਮੀ, ਦੀਵਾਲੀ, ਸਰਾਧਾਂ ਦੀ ਪੰਚਮੀ, ਕਤਕ ਪੂਰਣਮਾਸ਼ੀ ਤੇ ਬਸੰਤ ਪੰਚਮੀ॥ ਹਠੀ ਸਿੰਘ ਜੀ ਦੀ 'ਫੁਲ-ਮੰਡਲੀ' ਪੋਹ ਚੌਦਸ ਨੂੰ ਅਤੇ ਉਹਨਾਂ ਦਾ ਜਨਮ ਦਿਨ ਭੀ ਮਨਾਏ ਜਾਂਦੇ ਹਨ॥

(ੲ) ਰਾਜਘਾਟ ਦੀ ਸੰਗਤ। ਇਹ ਉਦਾਸੀਆਂ ਦੀ ਸੰਗਤ ਚੰਗੀ ਰੌਣਕ ਵਿਚ ਹੈ, ਜਿਥੇ ਕੁਝ ਏਧਰ ਦੇ ਲੋਕੀ ਜੁਲਾਹੇ ਆਦਿ ਭੀ ਆ ਕੇ ਪਾਠ ਕਰਦੇ ਸੁਣਦੇ ਹਨ।

(ਸ) ਸੁਥਰੇ ਦਾ ਸਥਾਨ। ਚੌਕ ਵਿਚ ਹੈ।

(ਹ, ਕ, ਖ) ਇਹ ਭੀ ਉਦਾਸੀਆਂ ਦੀਆਂ ਕਾਇਮ ਕੀਤੀਆਂ ਸੰਗਤਾਂ ਹਨ ਅਤੇ ਵਧ ਘਟ ਰੌਣਕ ਵਿਚ ਚਲ ਰਹੀਆਂ ਹਨ।

'ਪੁਰਾਣੀ ਸੰਗਤ' ਵਿਚ ਜੋ ਗ੍ਰੰਥ ਹਨ, ਉਹਨਾਂ ਦਾ ਵੇਰਵਾ ਹੇਠਾਂ ਕੀਤਾ ਜਾਂਦਾ ਹੈ। ਸਭ ਤੋਂ ਪਹਿਲੇ ਇਕ ਆਦਿ-ਗ੍ਰੰਥ ਸਾਹਿਬ ਹਨ। ਇਹ ਉਤਾਰਾ ਸ੍ਰੀ ਦਸ਼ਮੇਸ਼ ਜੀ ਦੇ ਵੇਲੇ ਹੋਇਆ ਪ੍ਰਤੀਤ ਹੁੰਦਾ ਹੈ। ਅਤੇ 'ਸੰਗਤ' ਵਿਚ ਸਭ ਤੋਂ ਪੁਰਾਣਾ ਗ੍ਰੰਥ ਇਹੋ ਹੈ। ਇਕ ਹਥ ਦਾ ਕਸ਼ਮੀਰੀ ਰੋਗ਼ਨੀ ਕਾਗ਼ਜ਼ ਦੇ ੮੧੧ ਪਤ੍ਰਿਆਂ ਪੁਰ ਲਿਖਿਆ ਹੈ, ਅਤੇ ਐਸੇ



Sri Satguru Jagjit Singh Ji Elibrary NamdhariElibrary@gmail.com

ਲਿਖਾਰੀ ਦਾ, ਜਿਸ ਨੇ ਕੁਝ ਆਪਣੀ ਸਮਝ ਵੀ ਵਰਤੀ ਹੈ, ਤੇ ਨਿਰਾ ਮਖੀ ਤੇ ਮਖੀ ਮਾਰਨੀ ਪਸੰਦ ਨਹੀਂ ਕੀਤੀ। ਛੇਕੜ ਤੇ ਜਾ ਕੇ ਤਰਤੀਬ ਮਜ਼ਮੂਨ ਦੀ ਕੁਝ ਵਖਰੀ ਹੈ (ਅਤੇ ਆਦਿ-ਬੀੜ ਦੇ ਮੁਤਾਬਕ ਹੈ)। 'ਸੋ ਪੁਰਖ' ਦੇ ਚਾਰ ਸ਼ਬਦ ਰਹਿਰਾਸ ਵਿਚ ਦਿਤੇ ਹਨ। ਜੈਜਾਵੰਤੀ ਰਾਗ ਨੂੰ ੩੧ਵਾਂ ਰਾਗ ਬਣਾਇਆ ਹੈ। ਉਸ ਤੋਂ ਪਿਛੋਂ ਤਰਤੀਬ ਵਾਰ ਆਉਂਦੇ ਹਨ :–

ਸਲੋਕ ਸੰਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਵਾਰਾਂ ਤੇ ਵਧੀਕ (੨੩); 'ਮੁੰਦਾਵਣੀ' (ਖਾਲੀ ਪਹਿਲਾ ਸਲੋਕ)

ਸਲੋਕ ਮਹਲਾ ੯, 'ਗੁਣ ਗੋਬਿੰਦ' ਤੋਂ 'ਜਪਿਓ ਗੁਰਮੰਤ' ॥੫੭॥੨੦੧॥ ਤਕ; ਸਵੈਯੇ ਸ੍ਰੀ ਮੁਖਵਾਕ ਮਹਲਾ ੫; ਸਵੈਯੇ ਭਟਾਂ ਕੇ, ਮਹਲੇ ਪਹਿਲੇ, ਦੂਜੇ, ਤੀਜੇ, ਚਉਥੇ ਅਤੇ ਪੰਜਵੇਂ ਕੇ; ਸਲੋਕ ਭਗਤ ਕਬੀਰ ਜੀਉ ਕੇ (੨੪੩); ਸ਼ਲੋਕ ਸ਼ੇਖ ਫ਼ਰੀਦ ਕੇ (੧੩੦)।

ਏਥੇ ਗ੍ਰੰਥ ਸਾਹਿਬ ਖ਼ਤਮ ਹੋ ਜਾਂਦਾ ਹੈ। ਹੋਰ ਕੋਈ ਫ਼ਾਲਤੂ ਬਾਣੀ, ਰਤਨ ਮਾਲਾ, ਹਕੀਕਤ ਰਾਹ ਮੁਕਾਮ, ਸਲੋਕ 'ਜਿਤ ਦਰ ਲਖ ਮੁਹਮਦਾ,' ਸਲੋਕ 'ਬਾਇ ਆਤਿਸ਼ ਆਬ' ਨਹੀਂ ਦਿਤੀ, ਅਤੇ ਨਾ ਹੀ ਰਾਗਮਾਲਾ ਦਿਤੀ ਹੈ ॥'ਸਿਆਹੀ ਕੀ ਬਿਧ' ਭੀ ਨਹੀਂ ॥

'ਮੁੰਦਾਵਣੀ' ਜਿਸਤਰ੍ਹਾਂ ਕਿ ਛਾਪੇ ਦੇ ਗ੍ਰੰਥਾਂ ਵਿਚ ਹੁੰਦੀ ਹੈ ਉਸ ਦਾ ਦੂਸਰਾ ਸਲੋਕ 'ਤੇਰਾ ਕੀਤਾ' ਤੋਂ ਲੇ ਕੇ 'ਥੀਵੇ ਹਰਿਆ' ਤਕ, ਇਹ ਪੰਜਵੇਂ ਮਹਲੇ ਦੇ 'ਵਧੀਕ ਸਲੋਕਾਂ' ਵਿਚ ੨੩ਵਾਂ ਹੈ, ਜਿਥੇ 'ਮੁੰਦਾਵਣੀ' ਤੋਂ ਪਹਿਲੇ ਗਿਣਤੀ ਇਉਂ ਕੀਤੀ ਹੈ :–॥੨੩॥੩੩॥੬੧॥੨੭॥੧੪੪॥ 'ਮੁੰਦਾਵਣੀ' ਨੂੰ ਵਖਰਾ ਦਿਖਾਇਆ ਹੈ ਅਤੇ '੧ ਓ ਸਤਿਗੁਰ ਪ੍ਰਸਾਦ' ਲਿਖ ਕੇ ਤੇ 'ਮੁੰਦਾਵਣ' ਦਾ ਸਿਰਨਾਵਾਂ ਦੇ ਕੇ ਸ਼ਲੋਕ ਲਿਖਿਆ ਹੈ, ਠੀਕ ਜਿਸਤਰ੍ਹਾਂ ਕਿ ਇਹ ਆਦਿ ਬੀੜ ਵਿਚ ਹੁੰਦੀ ਸੀ ਅਤੇ ਹੁਣ ਭੀ ਕਈ ਬੀੜਾਂ ਵਿਚ ਹੈ।



Sri Satguru Jagjit Singh Ji Elibrary NamdhariElibrary@gmail.com

ਤਤਕਰੇ ਦੇ ਅੰਤ ਪੁਰ 'ਚਲਿਤ੍ਰ ਜੋਤੀਜੋਤ ਸਮਾਵਣ ਦਾ' ਉਸੇ ਹਥ ਦਾ ਲਿਖਿਆ ਹੈ, ਜਿਸ ਦੀ ਕਿ ਬੀੜ। ਏਸ ਲਿਖਾਰੀ ਨੇ ਨਾਵੀਂ ਪਾਤਸ਼ਾਹੀ ਤਕ ਦੇ ਸਮਾਣੇ ਦੀਆਂ ਥਿਤਾਂ ਦਿਤੀਆਂ ਹਨ। ਪਿਛੋਂ ਕਿਸੇ ਹੋਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਤੇ ਸਾਹਿਬ ਅਜੀਤ ਸਿੰਘ ਜੀ ਦੇ ਸਮਾਣ ਦੇ ਸੰਮਤ ਵਧਾਏ ਹਨ; ਅਤੇ ਇਕ ਤੀਜੇ ਨੇ ਹਠੀ ਸਿੰਘ ਜੀ ਦੀ ਥਿਤ ਦਿਤੀ ਹੈ। ਕੁਝ ਜ਼ਰੂਰੀ ਹਿਸੇ ਏਸ ਚਲਿਤ੍ਰ ਦੇ ਅਸੀਂ ਹੇਠਾਂ ਨਕਲ ਕਰਦੇ ਹਾਂ॥

"ਚਲਿਤ੍ਰ ਜੋਤੀਜੋਤ ਸਮਾਵਣ ਦਾ।

ਸੰਮਤ ੧੫੯੬ ਅਸੂ ਵਦੀ ਦਸਵੀਂ ਸ੍ਰੀ ਗੁਰੂ ਬਾਬਾ ਨਾਨਕ ਦੇਵ ਜੀ ਸਮਾਣੇ। (ਏਸੇ ਤਰ੍ਹਾਂ ਸੰਮਤ ੧੬੦੯, ੧੬੩੧, ੧੬੩੮, ਤੇ ੧੬੬੩ ਜੇਠ ਸੁਦੀ ਚਾਰ ਸ਼ੁਕਰਵਾਰ ਦੇ ਕੇ ਲਿਖਿਆ ਹੈ।)

ਮਹਲਾ ੮ ਆਠਵੇਂ ਜੀ ਕਾ ਨਕਲ ਹੈ ਖਾਸ ਕਲਮ ਆਪਣੀ ਹਥੀਂ ਲਿਖਿਆ ਕਰਤੇ ਪੁਰਖੁ।

ਸੰਮਤ ੧੬੯੫ ਚੇਤ ਸੁਦੀ ੧੦ ਸ੍ਰੀ ਗੁਰੂ ਬਾਬਾ ਜੀ ਸਮਾਣੇ ਕੀਰਤਪੁਰ। ਸੰਮਤ ੧੭੦੧ ਚੇਤ ਸੁਦੀ ੫ ਆਇਤਵਾਰ ਨੌਂ ਘੜੀਆਂ ਰਾਤ ਜਾਂਦੀ ਨੂੰ..................ਰਾਜ ਕਹਿਲੂਰ ਕੇ ਵਿਚ ਅਗੇ ਜੋ ਗੁਰੂ ਭਾਵੈਗਾ ਸੋ ਹੋਵੈਗਾ। ਤਾਂ ਕੋਈ ਜੀਵੈ ਸੋ ਲਖੈਗਾ ਗੁਰੂ ਕੀ ਗੁਰੂ ਜਾਣੈ॥

ਸੰਮਤ ੧੭੧੮ ਕਤਕ ਵਦੀ ੯ ਆਇਤਵਾਰ ਘੜੀਆਂ ਛੇ ਦਿਨ ਰਹਿੰਦੇ ਕੀਰਤਪੁਰ..................

ਸੰਮਤ ੧੭੨੧ ਚੇਤ ਸੁਦੀ ੧੪ ਬੁਧਵਾਰ ਦੁਇ ਪਹਿਰ ਦੁਇ ਘੜੀਆਂ ਰਾਤ ਗੁਦਰੀ.........

ਸੰਮਤ ੧੭੩੨ ਮਘ ਸੁਦੀ ੫ ਵੀਰਵਾਰ ਬਾਰਾਂ ਘੜੀਆਂ ਦਿਨ ਚੜ੍ਹਿਆ ਤੇਹਰਵੀਂ ਦੇ ਅਮਲਿ...............

ਸੰਮਤ ੧੭੬੫ ਕਤਕ ਸੁਦੀ ੫ ਸ੍ਰੀ ਵਾਹਿਗੁਰੂ ਗੋਬਿੰਦ ਸਿੰਘ ਜੀ ਸਮਾਣੇ॥



Sri Satguru Jagjit Singh Ji Elibrary NamdhariElibrary@gmail.com

ਸੰਮਤ ੧੭੮੦ ਮਾਘ ਸੁਦੀ ੫ ਸ੍ਰੀ ਵਾਹਿਗੁਰੂ ਅਜੀਤ ਸਿੰਘ ਸਮਾਣੇ ਦਿਲੀ ਵਿਚ ਸ਼ੁਕਰਵਾਰ ਛੇ ਘੜੀ ਦਿਨ ਚੜ੍ਹੇ। ਆਗੈ ਗੁਰੂ ਭਾਵੇ ਕਾ ਖਾਵੰਦ ਹੈ॥

ਸੰਮਤ ੧੮੩੯ ਫਗਨ ਸੁਦੀ ੧੦ ਬੁਧ ਵਾਰ ਦੋ ਘੜੀਆਂ ਦਿਨ ਰਹਿੰਦੇ ਹੰਸਵਾਰਾ ਸ੍ਰੀ ਗੁਰੂ ਕਰਣ ਕਾਰਣ ਸਮਰਥ ਸ੍ਰੀ ਵਾਹਿਗੁਰੂ ਹਠੀ ਸਿੰਘ ਜੀ ਸਮਾਣੇ। ਵੀਰਵਾਰ ਸਵਾ ਪਹਿਰ ਦਿਨ ਅੰਗਨ ਛੋੜ੍ਰ ਸਰਬਤ ਸੰਗਤ ਮਿਲ ਕਰ ਕੀਆ ਬੁਰਹਾਨ ਪੁਰ ਹੁਸਨ ਪੁਰੇ।

ਏਸ ਤੋਂ ਅਗੇ ਇਕ ਰੰਗਾਮੇਜ਼ੀ ਵਰਕੇ ਪੁਰ ਇਕ 'ਨਿਸ਼ਾਨ' ਹੈ, ਜਿਸ ਵਿਚ ਦਸਮੇਸ਼ ਜੀ ਦੇ 'ਨੀਸ਼ਾਣ' ਦੀ ਅਤੇ ਹੁਕਮਨਾਮਿਆਂ ਦੀ ਲਿਖਤ ਦੀ ਨਕਲ ਉਤਾਰਨ ਦੀ ਕਿਸੇ ਅੰਜਾਨ ਨੇ ਕੋਸ਼ਿਸ਼ ਕੀਤੀ ਹੈ। ਨਕਲ ਸਾਫ਼ ਸਾਫ਼ ਦਿਸ ਰਹੀ ਹੈ। ਕੁਝ ਚਿਨ੍ਹ ਪਏ ਹਨ ਜੋ ਹਰਫ ਨਹੀਂ, ਅਤੇ ਜਿਥੇ ਹਰਫ ਹਨ, ਉਥੇ ਉਹਨਾਂ ਨੂੰ ਜੋੜ ਕੇ ਕੋਈ ਲਫ਼ਜ਼ ਨਹੀਂ ਬਣਦਾ। ਪਰ ਇਸ ਵਿਚ ਕੁਝ ਸ਼ਕ ਨਹੀਂ ਕਿ ਇਹ ਬੀੜ 'ਆਦਿ-ਬੀੜ' ਤੋਂ ਦੂਜੇ ਥਾਂ, ਅਰਥਾਤ ਸਿਧੀ *ਨਕਲ ਦੀ ਨਕਲ ਹੈ॥

ਦੂਸਰੇ ਆਦਿ ਗ੍ਰੰਥ ਸਾਹਿਬ, ਜੋ ਇਸ ਸੰਗਤ ਵਿਚ ਮੁਖ ਗ੍ਰੰਥ ਹਨ, ਸੁਨਹਿਰੀ ਰੰਗਾਮੇਜ਼ੀ ਹਾਸ਼ੀਏ ਵਾਲੇ ਕਾਗਜ਼ ਪੁਰ ਲਿਖੇ ਹਨ। ਸਜਾਵਟ ਸੁੰਦਰ ਅਤੇ ਲਿਖਾਈ ਉਮਦਾ ਹੈ। ਕਾਗਜ਼ ਪਤਲਾ ਰੋਗਨੀ ਵਧੀਆ ਪਤਰੇ ੧੩ ਇੰਚ×੯ ਇੰਚ ਚੌੜੇ ੭੫੫। ਤਤਕਰੇ ਦੇ ਪਿਛੇ 'ਚਲਿਤ੍ਰ ਜੋਤਿਜੋਤ ਸਮਾਵਣ ਕਾ' ਨਾਵੇਂ ਮਹਲ ਤਕ ਹੈ। ਉਤਾਰਾ ਦਸਮੇਸ਼ ਜੀ ਦੇ ਜੋਤੀਜੋਤ ਸਮਾਣ ਤੋਂ ਪਹਿਲਾਂ ਜਾਂ ਥੋੜਾ ਚਿਰ ਹੀ ਬਾਅਦ ਹੋਇਆ। ਬਾਣੀ ਦੇ ਮੁਢ ਵਿਚ ਇਕ 'ਨਿਸ਼ਾਨ' ਹੈ, ਜਿਸ ਨੂੰ ਮੈਂ ਟ੍ਰੇਸ ਤੇ ਕਰ ਲਿਆ ਸੀ, ਪਰ ਫ਼ੋਟੋ ਨਹੀਂ ਸੀ ਲੈ ਸਕਿਆ। ਦਸਮੇਸ਼ ਜੀ ਦੇ ਦਸਤਖ਼ਤ ਦੀ

---

*ਉਹ ਸਿਧੀ ਨਕਲ ਹੁਣ ਅਸਾਂ ਲਭ ਲਈ ਹੈ, ਉਹ ਸੰਮਤ ੧੭੧੮ ਵਾਲੀ ਬੀੜ ਹੈ ਜਿਸ ਦਾ ਜ਼ਿਕਰ ਉਪਰ ਕੀਤਾ ਹੈ, ਅਤੇ ਜਿਸ ਦੇ ਉਹ ਲਫ਼ਜ਼ ਹਨ, ਜੋ ਅਸਾਂ ਉਪਰ ਮੋਟੇ ਕਰਕੇ ਦਿਖਾਏ ਹਨ।



Sri Satguru Jagjit Singh Ji Elibrary NamdhariElibrary@gmail.com

ਨਕਲ ਉਤਾਰੀ ਹੈ; ਪਰ ਬੜੀ ਚੰਗੀ ॥

ਇਸ ਗ੍ਰੰਥ ਸਾਹਿਬ ਵਿਚ ਜੈਜਾਵੰਤੀ ਰਾਗ ਜੈਤਸਰੀ ਦੇ ਪਿਛੇ ਦਿਤਾ ਹੈ। ਅਤੇ ਮੁੰਦਾਵਣੀ ਤੋਂ ਪਹਿਲੇ ਮਾਮੂਲੀ ਬਾਣੀਆਂ ਦੇਂਦੇ ਇਹ ਫ਼ਾਲਤੂ ਬਾਣੀਆਂ ਆਉਂਦੀਆਂ ਹਨ :–ਗੋਸ਼ਟ ਮਲਾਰ ਨਾਲ ਹੋਈ, ਰਤਨਮਾਲਾ, ਹਕੀਕਤ ਰਾਹ ਮੁਕਾਮ ਅਤੇ 'ਰਾਗਮਾਲਾ'; ਤੇ ਫੇਰ ਸਿਆਹੀ ਕੀ ਬਿਧੀ ॥

ਤੀਸਰੇ ਆਦਿ ਗ੍ਰੰਥ ਅਜੀਤ ਸਿੰਘ ਜੀ ਦੇ ਵੇਲੇ ਉਤਾਰਾ ਕੀਤੇ ਗਏ। 'ਸੂਚੀ ਪਤ੍ਰ ਪੋਥੀ ਦਾ ਤਤਕਰਾ ਰਾਗਾਂ ਕਾ' ਸਿਰਨਾਵਾਂ ਦੇ ਕੇ ਅਗੇ ਲਿਖਿਆ ਹੈ :–

> "ਸੰਮਤ ੧੭੮੮ ਮਿਤੀ ਸਾਵਨ ਸੁਦੀ ੨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਿਆ। ਜਪ ਗੁਰੂ ਰਾਮਦਾਸ ਜੀ ਦੇ ਦਸਖਤਾਂ ਕਾ ਨਕਲ ਪਤਿ ੧ ॥"

ਰਾਗਾਂ ਅਤੇ ਸ਼ਬਦਾਂ ਦੇ ਤਤਕਰੇ ਦੇ ਕੇ 'ਚਲਿਤ੍ਰ ਜੋਤੀਜੋਤ ਸਮਾਵਣਿ ਕਾ' ਆਉਂਦਾ ਹੈ। ਦਸ਼ਮੇਸ਼ ਜੀ ਦੇ ਸਮਾਣੇ ਦੀ ਥਿਤ ਕਤਕ 'ਵਦੀ ਪ' ਦਿਤੀ ਹੈ ਬਜਾਇ ਕਤਕ 'ਸੁਦੀ ਪ' ਦੇ, ਜੋ ਦੂਜਿਆਂ ਗ੍ਰੰਥਾਂ ਵਿਚ ਹੈ, ਅਰਥਾਤ ਪੰਦਰਾਂ ਦਿਨ ਪਿਛੋਂ ਜੋ ਆਪ ਦੇ ਹੈਦਰਾਬਾਦ (ਦਖਣ) ਜਾਣ ਆਉਣ ਲਈ ਕੁਝ ਹੋਰ ਸਮਾਂ ਦੇਂਦੀ ਹੈ। ਬ ਬੇ ਗੁਰਦਿਤੇ ਦੇ ਚਲਾਣੇ ਦਾ ਸੰਮਤ ਨਹੀਂ ਦਿੱਤਾ। ਕਿਸੇ ਹੋਰ ਦੇ ਹਥਾਂ ਦਾ ਲਿਖਿਆ ਸ੍ਰੀ ਅਜੀਤ ਸਿੰਘ ਜੀ ਦੇ ਚਲਾਣੇ ਦਾ ਸੰਮਤ ੧੭੮੦ ਮਾਘ ਸੁਦੀ ਪ ਸ਼ੁਕਰਵਾਰ ਦਿੱਤਾ ਹੈ। ਹੋਰ ਇਕ ਤੀਜੇ ਨੇ ਹਠੀ ਸਿੰਘ ਜੀ ਦੇ ਚਲਾਣੇ ਦਾ ਸੰਮਤ ੧੮੩੯ ਫਗਨ ਸੁਦੀ ੯ ਤਿਥੀ ੧੦ ਬੁਧਵਾਰ ਚਾਰ ਘੜੀ ਦਿਨ ਰਹੇ ਲਿਖਿਆ ਹੈ, ਜਿਸਦਾ ਉਪਰ ਦਿਤੇ ਨਾਲੋਂ ਕੁਝ ਫ਼ਰਕ ਦਿਸਦਾ ਹੈ। ਸ਼ਾਇਦ ਫਗਨ ੯ ਹਸਾਬ ਕੀਤਿਆਂ ਪ੍ਰਵਿਸ਼ਟਾ ਤਾਰੀਖ ਨਿਕਲੇ। ਏਸਤੋਂ ਹੇਠ ਇਕ ਹੋਰ ਤਾਰੀਖ ਸੰਮਤ ੧੮੩੨ ਪੋਹ ਵਦੀ ੧੩ ਬੁਧਵਾਰ, ਏਸੇ ਤੀਜੇ ਲਿਖਾਰੀ ਦੀ ਹਥ ਦੀ ਲਿਖੀ ਹੈ, ਪਰ ਨਾਲ ਵੇਰਵਾ ਕੁਝ ਨਹੀਂ ਦਿਤਾ



Sri Satguru Jagjit Singh Ji Elibrary NamdhariElibrary@gmail.com

ਕਿ ਇਹ ਥਿਤ ਕਿਸ ਦੇ ਮਰਨੇ ਦੀ ਹੈ। ਕੀ ਗੁਰੂ ਹਠੀ ਸਿੰਘ ਦੇ ਘਰੋਂ ਇਸ ਤਾਰੀਖ ਚਲਾਣਾ ਕੀਤਾ ਸੀ, ਜਿਸਦੀ ਸਮਾਧ ਓਥੇ ਹੈ? ਹੋਰ ਹੇਠਾਂ ਜਾਕੇ ਹਠੀ ਸਿੰਘ ਜੀ ਦੀ ਬੜੀ ਸੋਭਾ ਕੀਤੀ ਹੈ ਜਿਥੇ ਉਹਨਾਂ ਨੂੰ ਰਾਮ ਅਤੇ ਕ੍ਰਿਸ਼ਣ ਦੇ ਅਵਤਾਰ ਕਿਹਾ ਹੈ। ਫੇਰ ਇਕ ਮੁਹਰ ਜਾਂ ਛਾਪ ਲਗਾਈ ਹੈ, ਜਿਸ ਵਿਚ ਇਹ ਅਖਰ ਪੜ੍ਹੇ ਜਾਂਦੇ ਹਨ:-

'ਤਿਸ ਨਾਨਕ ਗੋਬਿੰਦ..............।

ਅਜੀਤ ਹਠੀ ਸਿੰਘ ਗੁਰੂ ਜਪਨੀਤ।

ਸ਼ਾਇਦ ਜੋ ਲਫ਼ਜ਼ ਪੜ੍ਹੇ ਨਹੀਂ ਜਾ ਸਕਦੇ, ਓਹ 'ਕਉ ਧਰੇ ਚੀਤ' ਹੋਣ। ਹਠੀ ਸਿੰਘ ਜੀ ਪੰਜਾਬ ਵਿਚ ਸਿਖਾਂ ਦਾ ਰਾਜ ਹੋ ਜਾਨ ਦੇ ਵੇਲੇ ਤਕ ਜ਼ਿੰਦਾ ਰਹੇ। ਔਲਾਦ ਕੋਈ ਨਹੀਂ ਸੀ, ਸੋ ਗੱਦੀ ਦਾ ਇਹਨਾਂ ਪੁਰ ਖ਼ਾਤਮਾ ਹੋ ਗਿਆ।

ਜੈਜਾਵੰਤੀ ਰਾਗ ਜੈਤਸਰੀ ਦੇ ਪਿਛੇ ਰਖਿਆ ਹੈ, ਅਤੇ ਮੁੰਦਾਵਣੀ ਦੇ ਪਿਛੋਂ ਤਰਤੀਬਵਾਰ ਇਹ ਫ਼ਾਲਤੂ ਬਾਣੀਆਂ ਲਿਖੀਆਂ ਹਨ: ਸਲੋਕ 'ਜਿਤ ਦਰ ਲਖ ਮੁਹਮਦਾ'; ਰਤਨਮਾਲ, ਹਕੀਕਤ ਰਾਹ ਮੁਕਾਮ, ਸਿਆਹੀ ਕੀ ਬਿਧੀ।

ਤਿੰਨ ਹੋਰ ਆਦਿ ਗ੍ਰੰਥ ਸਾਹਿਬ ਲਿਖਤ ਦੇ ਜੋ ਇਸ ਸੰਗਤ ਵਿਚ ਹਨ, ਉਹਨਾਂ ਵਿਚੋਂ ਇਕ ਬਹੁਤ ਵਡੇ ਆਕਾਰ ('੨੪×੧੫' folio) ਦੇ ੭੦੫ ਪਤ੍ਰਿਆਂ ਪੁਰ ਹੈ। ਇਹ ਉਤਾਰਾ ਹਠੀ ਸਿੰਘ ਜੀ ਦੇ ਵਕਤ ਹੋਇਆ। ਇਕੋ ਹਥ ਦਾ ਮੋਟੀ ਕਲਮ ਦਾ ਲਿਖਿਆ ਹੈ, ਪਰ ਅਜਿਹਾ ਖ਼ੁਸ਼ਖ਼ਤ ਨਹੀਂ। ਭੋਗ ਦੀ ਬਾਣੀ ਦੀ ਤਰਤੀਬ ਵਿਚ ਹੋਰਨਾਂ ਨਾਲੋਂ ਕੁਝ ਫ਼ਰਕ ਹੈ: ਸਲੋਕ ਮਹਲਾ ੯ ਅਤੇ 'ਮੁੰਦਾਵਣੀ' ਵਾਲਾ ਪਹਿਲਾ ਸ਼ਲੋਕ ਦੇਕੇ ਪਿਛੋਂ ਇਹ ਬਾਣੀਆਂ ਤਰਤੀਬਵਾਰ ਆਉਂਦੀਆਂ ਹਨ:-ਸਲੋਕ ਕਬੀਰ, ਸਲੋਕ ਫਰੀਦ ਸਵੈਯੇ ਸ੍ਰੀ ਮੁਖਵਾਕ; 'ਜਿਤ ਦਰ ਲਖ ਮੁਹਮਦਾ', ਰਤਨਮਾਲਾ; ਹਕੀਕਤ ਰਾਹ ਮੁਕਾਮ, ਰਾਗਮਾਲਾ; ਸਿਆਹੀ ਕੀ ਬਿਧੀ।

ਚਲਾਣੇ ਦੀਆਂ ਥਿਤਾਂ ਅਜੀਤ ਸਿੰਘ ਜੀ ਤਕ ਦਿਤੀਆਂ ਹਨ, ਦਸਮੇਸ਼



Sri Satguru Jagjit Singh Ji Elibrary NamdhariElibrary@gmail.com

ਜੀ ਦਾ ਚਲਾਣਾ ਕਤਕ ਸੁਦੀ ੫ ਅਤੇ ਅਜੀਤ ਸਿੰਘ ਜੀ ਦਾ ਮਾਘ ਸੁਦੀ ੫ ਦਿੱਤਾ ਹੈ ।

ਮਜ਼ਮੂਨ ਦੀ ਏਸੇ ਤਰਤੀਬ ਵਾਲੇ ਇਕ ਹੋਰ ਆਦਿ-ਗ੍ਰੰਥ ਸੁੰਦਰ ਲਿਖਾਈ ਦੇ ਪੀਲਾ ਹਾਸ਼ੀਆ ਦੇਕੇ ਬਨੇ ਵੀ ਏਥੇ ਹਨ । ਪਰ ਨਾ ਉਤਾਰਾ ਕਰਨ ਦਾ ਸੰਮਤ ਅਤੇ ਨਾ ਚਲਾਣੇ ਦੇ ਸੰਮਤ ਦਿਤੇ ਹਨ।

ਇਹਨਾਂ ਨਾਲ ਹੀ ਮਿਲਦੇ ਹੋਰ ਗ੍ਰੰਥ ਸਾਹਿਬ ਹਨ। ਇਹ ਉਤਾਰਾ ਕਿਸੇ ਰਾਮਰਾਈਆਂ ਦੀ ਬੀੜ ਤੋਂ ਕੀਤਾ ਹੈ, ਚਲਾਣੇ ਦੀਆਂ ਥਿਤਾਂ ਦੇ'ਦੇ ਲਿਖਿਆ ਹੈ :—

'ਸੰਮਤ ੧੬੯੫ ਚੇਤ ਸੁਦੀ ਚਾਰ ਵਾਰ ਬੁਧ ਬਾਬਾ ਗੁਰਦਿੱਤਾ ਸਮਾਣੇ । ਸੰਮਤ ੧੭੪੪ ਭਾਦਰੋਂ ਸੁਦੀ ੮ ਆਇਤਵਾਰ ਪੰਜ ਘੜੀਆ ਦਿਨ ਛਿਪਦੇ ਅਮਲ ਸ੍ਰੀ ਗੁਰੂ ਰਾਮ ਰਾਇ ਜੀ ਸਮਾਣੇ ਗੜ੍ਹਵਾਲ ਦੇਸ।'

ਦਸਮ ਗ੍ਰੰਥ ਦੀ ਇਕ ਬੀੜ ਬੜੀ ਸੁੰਦਰ ਲਿਖਾਈ ਦੀ ਵੀ ਮੌਜੂਦ ਹੈ। ਕੁਝ ਥੋੜੇ ਲਫ਼ਜ਼ਾਂ ਦੇ ਅਦਲ ਬਦਲ ਦੇ ਸਿਵਾਇ ਹੋਰ ਕੋਈ ਗਲ ਲਿਖਣ ਜੋਗੀ ਮੇਰੀ ਨਜ਼ਰੇ ਨਹੀਂ ਚੜ੍ਹੀ।

ਪਰ ਜਿਨ੍ਹਾਂ ਗ੍ਰੰਥਾਂ ਨੂੰ ਵੇਖਕੇ ਮੈਂ ਹੈਰਾਨ ਹੋਇਆ ਓਹ ਓਥੋਂ ਦੇ ਹੀ ਖ਼ਾਸ ਗ੍ਰੰਥ ਹਨ, ਜੋ ਮੈਂ ਹੋਰਥੇ ਕਿਤੇ ਨਹੀਂ ਦੇਖੇ। ਸਭ ਤੋਂ ਪਹਿਲੇ ਮੈਂ ਉਸ ਗ੍ਰੰਥ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਸ ਵਿਚ ਜਿਤਨੀ ਬਾਣੀ ਦਿੱਤੀ ਹੈ ਓਹ ਗ੍ਰੰਥ ਸਾਹਿਬ ਦੀ ਹੈ। ਸੁਖਮਨੀ ਭੀ ਹੈ, ਜਿਸਤੋਂ ਪ੍ਰਤਖ ਹੈ ਕਿ ਇਹ ਗ੍ਰੰਥ, ਗੁਰੂ ਗ੍ਰੰਥ ਸਾਹਿਬ ਨਾਲੋਂ ਪਿਛੋਂ ਦਾ ਬਨਿਆ ਹੈ । ਪਰ ਤਰਤੀਬ ਬਾਣੀ ਦੀ ਅਸਲੋਂ ਹੀ ਅੱਡ ਹੈ। ਭਾਈ ਮਨੀ ਸਿੰਘ ਜੀ ਵਾਲੀ ਬੀੜ ਦੀ ਭੀ ਇਹ ਨਕਲ ਨਹੀਂ ਸੀ । ਕੀ ਇਹ ਹੋ ਸਕਦਾ ਹੈ ਕਿ ਇਹ ਗੁਰਬਾਣੀ ਦੇ ਕਿਸੇ ਪ੍ਰਾਚੀਨ ਮਜਮੂਏ ਦੀ ਨਕਲ ਹੈ, ਜਿਸ ਵਿਚ ਪੰਜਵੇਂ ਗੁਰੂ ਦੀ ਬਾਣੀ ਵੀ ਕਿਤੇ ਕਿਤੇ ਸ਼ਾਮਲ ਕਰ ਲਈ ਹੈ ? ਮੇਰਾ ਇਰਾਦਾ ਸੀ ਕਿ ਫੇਰ ਕਿਸੇ ਵੇਲੇ ਬੁਰਹਾਨਪੁਰ ਜਾਕੇ ਵੇਖਾਂ ਕਿ ਇਹ ਕੀ ਚੀਜ਼ ਹੈ। ਪਰ ਮੈਂ ਫੇਰ ਜਾ ਨਹੀਂ ਸਕਿਆ ।



Sri Satguru Jagjit Singh Ji Elibrary NamdhariElibrary@gmail.com

ਇਕ ਹੋਰ ਗ੍ਰੰਥ 'ਬਾਣੀ ਪਾਤਸ਼ਾਹੀ ੧੦' ਮੈਂ ਏਥੇ ਵੇਖਿਆ। ਇਹ ਚੰਗਾ ਸਮਝ ਨਾਲ ਕੀਤਾ ਮਜਮੂਆ ਦਸ਼ਮੇਸ਼ ਜੀ ਦੀ ਬਾਣੀ ਦਾ ਹੈ, ਜਿਸ ਤਰ੍ਹਾਂ ਦਾ ਕਿ ਮੈਂ ਕਦੇ ਆਪ ਕਰਨਾ ਚਾਹੁੰਦਾ ਸਾਂ। 'ਚਰਿਤ੍ਰ ਪਖਿਆਨ' ਸਿਰਨਾਵੇਂ ਹੇਠਾਂ ਸੁਬੁਧ ਵਜ਼ੀਰ ਦੀ ਕਹਾਣੀ ਦੇਕੇ ਇਕ ਹੋਰ ਤ੍ਰਿਆ ਚਰਿਤ੍ਰ ਦੇ ਸਿਵਾਇ ਕੁਝ ਨਹੀਂ ਦਿਤਾ।

ਇਕ ਹੋਰ ਦਸਮ ਗ੍ਰੰਥ ਭੀ 'ਤ੍ਰਿਆ ਚਰਿਤ੍ਰਾਂ' ਤੋਂ ਬਿਨਾਂ ਏਥੇ ਹੈ।

ਇਕ ਹੋਰ ਨਵੀਂ ਕਿਤਾਬ ਹੈ 'ਸ-ਪਰਮਾਰਥ ਗੋਸਟਾਂ' ਜਨਮ ਸਾਖੀਆਂ ਵਿਚੋਂ ਲਈ ਹੈ। ਏਸਦੇ ਨਾਲ ਹੈ 'ਪਰਚੀਆਂ ਭਗਤਾਂ ਦੀਆਂ' ਜਿਸ ਵਿਚ ਭਗਤਾਂ ਦੀਆਂ ਜੀਵਨ ਕਥਾਵਾਂ ਦਿਤੀਆਂ ਹਨ।

ਬਾਹਰਵੇਂ ਪੁਸਤਕ ਵਿਚ ਹਨ: 'ਪਰਿਛਆ', 'ਚਾਣਕਜ ਭਾਸ਼ਜ' ਅਤੇ 'ਪਰਚੀ ਪਾਤਸ਼ਾਹੀ ਦਸਵੀਂ ਕੀ'।

ਏਸ ਪਰਚੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਖੀਆਂ ਹਨ ਅਤੇ ਅੰਤ ਵਿਚ ਇਹ legend ਬੜੀ ਜ਼ਰੂਰੀ ਆਉਂਦੀ ਹੈ:-

"ਬੋਲਹ ਭਾਈ ਜੀ ਵਾਹਿਗੁਰੂ।  
ਸਾਖੀਆਂ ੫੦ ਸੰਪੂਰਣ ਹੋਈਆਂ ॥੫੦॥  
ਸੇਵਾਦਾਸ ਉਦਾਸੀ ਕੀਨੀ ਪਰਚੀ।  
ਗੁਰ ਉਸਤਤ ਕੀ ਪ੍ਰਮੇਸ਼ਰ ਚਰਚੀ।  
ਅਠ ਸਾਖੀਆਂ ਮਹਲਾ ਅਠਾਂ ਦੀਆਂ ਇਕ ਇਕ ਮਹਲ  
ਮਹਲ ਦੀ। ਚਾਰ ਸਾਖੀਆਂ ਮਹਲੇ ਨਾਵੇਂ ਦੀਆਂ  
ਅਠੱਤੀ ਸਾਖੀਆਂ ਮਹਲੇ ਦਸਵੇਂ ਦੀਆਂ। ਦਸਾਂ  
ਮਹਲਾ ਦੇ ਸਾਖੀਆਂ ਦਾ ਜੁਮਲਾ ੫੦ ॥"

ਇਸ ਤੋਂ ਪਿਛੋਂ ਦਸਾਂ ਗੁਰਾਂ ਦੀ ਗੁਰਿਆਈ ਦੀਆਂ ਮਿਆਦਾਂ ਦੇਕੇ ਸਾਰੇ ੨੩੯ ਵਰ੍ਹੇ ਛੇ ਮਹੀਨੇ ਅਤੇ ਛੇ ਦਿਨ ਬਣਾਏ ਹਨ। ਉਪ੍ਰੰਤ ਅਜੀਤ ਸਿੰਘ ਜੀ ਦੇ ੩੩ ਵਰ੍ਹੇ ਤਿੰਨ ਮਹੀਨੇ, ਸੰਮਤ ੧੭੯੮ ਦੇਕੇ ਪਿਛੋਂ 'ਚਲਿਤ੍ਰ ਜੋਤਿ ਜੋਤ ਸਮਾਵਣ ਦਾ' ਦਰਜ ਕੀਤਾ ਹੈ ਅਤੇ ਸਭ ਦੇ ਅੰਤ ਵਿਚ ਇਹ



Sri Satguru Jagjit Singh Ji Elibrary NamdhariElibrary@gmail.com

ਸਤਰਾਂ ਲਿਖੀਆਂ ਹਨ :-

'ਸੰਮਤ ੧੮੧੦ ਮਿਤੀ ਵੈਸਾਖ ਸੁਦੀ ੩ ਸੋਮਵਾਰ ੩ ਅਖੇ ਤੀਜ ਦਿਨ ਭੋਗ ਪਾਇਆ ਜੀ। ਸਾਖੀਆਂ ਦੀ ਪੋਥੀ ਨਿਹਚਲ ਨਗਰ ਮੇਂ ਸੰਪੂਰਣ ਹੋਈ ਲਿਖਾਰੀ ਬਹਾਲ ਸਿੰਘ ਜੀ।'

ਗੋਇਆ ਬਹਾਲ ਸਿੰਘ ਲਿਖਾਰੀ ਨੇ ਇਹ ਨਕਲ ਸੰਨ ਈਸਵੀ ੧੭੫੩ ਵਿਚ ਮੁਕਾਈ, ਜਦ ਹਾਲੀ ਪੰਜਾਬ ਵਿਚ ਰਾਜ ਲਈ ਸਿਖਾਂ ਤੇ ਪਠਾਣਾਂ ਦੀਆਂ ਲੜਾਈਆਂ ਹੋ ਰਹੀਆਂ ਸਨ। ਸੇਵਾਦਾਸ ਉਦਾਸੀ ਨੇ ਇਹ ਪੋਥੀ ਹੋਰ ਭੀ ਪਹਿਲੋਂ ਲਿਖੀ। ਸੇਵਾਦਾਸ ਦਾ ਨਾਮ ਜਨਮ ਸਾਖੀ ਨਾਲ ਜੋੜਿਆ ਜਾਂਦਾ ਹੈ, ਜੋ ਅਜ ਤਕ ਨਹੀਂ ਲਭੀ। ਬਹੁਤ ਕਰਕੇ ਉਸਦਾ ਮਤਲਬ ਇਹਨਾਂ ਸਾਖੀਆਂ ਤੋਂ ਹੀ ਹੈ, ਹੋਰ ਕਿਸੇ ਜਨਮ ਸਾਖੀ ਤੋਂ ਨਹੀਂ। ਗੁਰੂ ਗੋਬਿੰਦ ਸਿੰਘ ਦੇ ਚਲਾਣੇ ਤੋਂ ੩੪ ਵਰ੍ਹੇ ਤਿੰਨ ਮਹੀਨੇ ਸੰਮਤ ੧੭੯੯ ਦੇ ਅਖੀਰ ਆਕੇ ਪੌਂਦੇ ਹਨ, ਜੋ ਅਜੀਤ ਸਿੰਘ ਜੀ ਦੇ ਉਪਰ ਦਿਤੇ ਚਲਾਣੇ ਦੇ ਸੰਮਤ ੧੭੮੦ ਨਾਲ ਮੇਲ ਨਹੀਂ ਖਾਂਦਾ। ਹਾਂ ਇਸ ਤਾਰੀਖ਼ ਦੇ ਠੀਕ ਮਨਿਆਂ ਹਠੀ ਸਿੰਘ ਜੀ ਦੀ ਗਦੀ ਨਸ਼ੀਨੀ ਦੀ ਮਿਆਦ ੫੯ ਤੋਂ ਘਟਕੇ ੪੧ ਵਰ੍ਹੇ ਰਹਿ ਜਾਏਗੀ, ਜੋ ਵਧੀਕ ਠੀਕ ਹੋ ਜਾਂਦੀ ਹੈ। ਅਤੇ ਜਾਂ ੩੪ ਵਰ੍ਹੇ ੩ ਮਹੀਨੇ ਦੀ ਥਾਂ ੧੪ ਵਰ੍ਹੇ ੩ ਮਹੀਨੇ ਮੰਨਣੇ ਚਾਹੀਏ, ਜੋ ਗ਼ਾਲਬਨ ਠੀਕ ਹੈ। ਅਜੀਤ ਸਿੰਘ ਹਾਲੀ ਸੋਲਾਂ ਕੁ ਵਰ੍ਹੇ ਦੇ ਮੁੰਡੇ ਹੀ ਸੀ ਜਦ ਮਾਤਾ ਜੀ ਨੇ ਉਮਰ ਅਤੇ ਸ਼ਕਲ ਵਿਚ ਆਪਣੇ ਸ਼ਹੀਦ ਬਚੇ ਨਾਲ ਮਿਲਦੇ ਵੇਖਕੇ, ਇਸ ਨੂੰ ਆਪਣਾ ਮੂੰਹ-ਬੋਲਾ ਪੁਤ੍ਰ ਬਨਾ ਲਿਆ ਸੀ, ਇਹ ਸੰਮਤ ੧੭੬੨-੬੩ ਦੀ ਗਲ ਹੈ। ਜੇ ਕਰ ਉਹ ਮਾਘ ਸ਼ੁਦੀ ੫ ਸੰਮਤ ੧੭੮੦ ਨੂੰ ਸਮਾਏ, ਤਦ ਉਹਨਾਂ ਦੀ ਉਮਰ ਉਸ ਵੇਲੇ ੩੪ ਵਰ੍ਹੇ ੩ ਮਹੀਨੇ ਦੀ ਹੋਵੇਗੀ, ਨਾ ਕਿ ਗਦੀ ਨਸ਼ੀਨੀ ਦੀ ਮਿਆਦ। ਜਿਸ ਤੇ ਉਹਨਾਂ ਦਾ ਜਨਮ ਕਤਕ ਸੰਮਤ ੧੭੪੬ ਵਿਚ ਆ ਰਹਿੰਦਾ ਹੈ, ਅਤੇ ਇਹੋ ਸੰਮਤ ਸ਼ਹੀਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਜਨਮ ਦਾ ਹੈ॥ ਗੁਰੂ ਅਜੀਤ ਸਿੰਘ ਜੀ ਜਿਸ ਵੇਲੇ ਗੁਰੂ ਸਾਹਿਬ ਦੇ



Sri Satguru Jagjit Singh Ji Elibrary NamdhariElibrary@gmail.com

ਸਾਥ ਵਿਚ ਦਖਣ ਜਾਂਦੇ ਬੁਰਹਾਨਪੁਰ ਵਿਚ ਹੀ ਪਿਛੇ ਰਹਿ ਗਏ ਸਨ, ਉਸ ਵਕਤ ਕੰਵਾਰੇ ਸਨ। ਬੁਰਹਾਨਪੁਰ ਹੀ ਖਤ੍ਰੀਆਂ ਦੇ ਘਰ ਸ਼ਾਦੀ ਕਰ ਲਈ ਹੋਣੀ ਏ। ਏਸ ਤਰ੍ਹਾਂ ਗੁਰੂ ਹਠੀ ਸਿੰਘ ਜੀ ਦੀ ਉਮਰ ਸੰਮਤ ੧੮੩੯ ਵਿਚ, ਜਦ ਉਹਨਾਂ ਚਲਾਣਾ ਕੀਤਾ, ਕੋਈ ੭੨ ਵਰ੍ਹੇ ਦੀ ਸੀ, ਜੋ ਠੀਕ ਹੈ।

ਤੇਹਰਵੀਂ ਕਿਤਾਬ ਏਸ ਸੰਗਤ ਵਿਚ ਗੀਤਾ ਦਾ ਤਰਜਮਾ ਮਰਹੱਟੀ ਜ਼ਬਾਨ ਪਰ ਗੁਰਮੁਖੀ ਅਖਰਾਂ ਵਿਚ ਲਿਖਿਆ ਸੀ। ਅਤੇ ਚੌਧਵੀਂ ਥਾਂ ਅਸੀਂ ਓਹਨਾਂ ਸਨਦਾਂ ਦਾ ਜ਼ਿਕਰ ਕਰ ਸਕਦੇ ਹਾਂ ਜੋ ਪੁਜਾਰੀਆਂ ਦੇ ਕਬਜ਼ੇ ਵਿਚ ਹਨ ਤੇ ਮੈਂ ਜਿਨ੍ਹਾਂ ਨੂੰ ਨਹੀਂ ਵੇਖ ਸਕਿਆ।

ਏਸ 'ਪੁਰਾਣੀ ਸੰਗਤ' ਤੋਂ ਬਿਨਾਂ ਮੈਂ ਸਿਰਫ ਬੜੀ ਸੰਗਤ ਤੇ ਪੰਚਾਇਤੀ ਅਖਾੜੇ ਦੇ ਦਰਸ਼ਨ ਕਰ ਸਕਿਆ। ਏਥੇ ਤਿੰਨ ਆਦਿ-ਗ੍ਰੰਥ ਸਾਹਿਬ ਲਿਖਤ ਦੇ ਹਨ, ਦੋ ਪੁਰਾਤਨ ਤੇ ਇਕ ਨਵਾਂ। ਦੋਹਾਂ ਪੁਰਾਤਨ ਬੀੜਾਂ ਵਿਚ ਚਾਰ ਫ਼ਾਲਤੂ ਬਾਣੀਆਂ (ਜਿਤ ਦਰ ਲਖ ਮੁਹਮਦਾ, ਰਤਨਮਾਲਾ, ਹਕੀਕਤ ਰਾਹ ਮੁਕਾਮ ਅਤੇ ਰਾਗ ਮਾਲਾ) ਲਿਖੀਆਂ ਹਨ, ਜਿਨ੍ਹਾਂ ਵਿਚੋਂ ਰਾਗਮਾਲਾ ਛੇਕੜ ਪੁਰ ਹੈ। ਦਸਾਂ ਗੁਰੂਆਂ ਦੇ ਚਲਾਣੇ ਦੇ ਸੰਮਤ ਦਿਤੇ ਹਨ।

## ੩੯-ਕੁਝ ਹੋਰ ਪੁਰਾਣੀਆਂ ਬੀੜਾਂ।

## ਸੂਬਾ ਸਰਹਦ।

ਪਸ਼ਾਵਰ, ਇਕ ਪੁਰਾਣਾ ਗ੍ਰੰਥ ਸਾਹਿਬ ਜਿਸ ਵਿਚ ਦਸ਼ਮੇਸ਼ ਜੀ ਦਾ 'ਨੀਸ਼ਾਣ' ਹੈ, ਮਾਈ ਬੁਧਕੀ ਦੇ ਘਰ ਹੈ, ਜਿਸ ਪਾਸ ਹੋਰ ਕਈ ਯਾਦਗਾਰੀ ਚੀਜ਼ਾਂ (relics) ਭੀ ਹਨ, ਜਿਵੇਂ ਗੁਰੂ ਨਾਨਕ ਸਾਹਿਬ ਦੀ ਦਸਤਾਰ, ਗੁਰੂ ਗੋਬਿੰਦ ਸਿੰਘ ਦੇ ਛੋਟੇ ਹੁੰਦੇ ਦੀ ਜੁੱਤੀ ਦਾ ਇਕ ਪੈਰ, ਗੁਰੂ ਗੋਬਿੰਦ ਸਿੰਘ ਜੀ ਦੇ ਦੋ ਬੜੇ ਜ਼ਰੂਰੀ ਹੁਕਮਨਾਮੇ, ਇਕ ਹੁਕਮਨਾਮਾ ਲਿਖਾਰੀ ਦੇ ਹਥ ਦਾ ਲਿਖਿਆ ਧੋਲ ਦੀ ਸੰਗਤ ਵਲ। ਧੋਲ ਜ਼ਿਲਾ ਗੁਜਰਾਤ ਵਿਚ



Sri Satguru Jagjit Singh Ji Elibrary NamdhariElibrary@gmail.com

ਮਾਂਗਟ ਤੋਂ ਤਿੰਨ ਕੋਹ ਪੁਰ ਹੈ। ਗ੍ਰੰਥ ਸਾਹਿਬ ਨੂੰ ਮੈਂ ਕਿਸੇ ਨੁਕਤਾਚੀਨੀ ਦੀ ਨਿਗਾਹ ਨਾਲ ਨਹੀਂ ਸੀ ਵੇਖਿਆ, ਸੋ ਕੋਈ ਖ਼ਾਸ ਗਲ ਦਸ ਨਹੀਂ ਸਕਦਾ।

ਕਕੜਾਂ ਦੇ ਮਹਲੇ ਇਕ ਧਰਮਸਾਲ ਵਿਚ ਪ੍ਰਾਚੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਜੋ ਸੰਮਤ ੧੭੨੩ ਵਿਚ, ਜਾਂ ਇਸਤੋਂ ਦੋ ਚਾਰ ਵਰ੍ਹੇ ਪਿਛੋਂ ਲਿਖੇ ਗਏ ਸਨ। ਇਸ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਕੋਈ ਨਹੀਂ ਅਤੇ ਲਿਖਤ ਦੇ ਅਖਰ ਬਹੁਤ ਪੁਰਾਣੇ ਹਨ*।

ਫ਼ਾਰਸੀ ਅਖਰਾਂ ਵਿਚ ਲਿਖਿਆ ਇਕ ਪੁਰਾਤਨ ਗ੍ਰੰਥ ਸਾਹਿਬ ਭੀ ਏਥੇ ਹੈ। ਬਾਣੀ ਵਿਚ ਬਹੁਤ ਸਾਰੇ ਵਾਧੇ ਘਾਟੇ ਅਤੇ ਤਰਤੀਬ ਉਲਟ ਪੁਲਟ ਹੋਈ ਹੋਈ ਮਿਲਦੀ ਹੈ। ਕਬੀਰ ਆਦਿ ਭਗਤਾਂ ਦੀ ਬਹੁਤ ਸਾਰੀ ਵਾਧੂ ਬਾਣੀ ਦਿੱਤੀ ਹੈ। ਕੁਝ ਬਾਣੀ ਛੇਵੇਂ ਗੁਰੂ ਦੇ ਨਾਮ ਪੁਰ ਭੀ ਹੈ। ਅੰਤ ਪੁਰ 'ਬਸੰਤ ਕੀ ਵਾਰ', ਫੇਰ ਰਾਗ ਮਾਲਾ ਦੇਕੇ ੩੦ ਵੇਰਕੇ ਹੋਰ ਫ਼ਾਲਤੂ ਬਾਣੀਆਂ ਦੇ ਦਿਤੇ ਹਨ, ਅਤੇ ਕਈ ਤਰ੍ਹਾਂ ਦੀਆਂ ਯਾਦਦਾਸ਼ਤਾਂ ਦਰਜ ਹਨ।

ਸ਼ਬਕਦਰ, ਬਡਗਾਂਉ, ਆਦਿ ਥਾਵਾਂ ਵਿਚ ਮੈਂ ਕਿਤਨੇ ਹੀ ਪੁਰਾਣੇ ਗ੍ਰੰਥ ਸਾਹਿਬ ਦੇਖੇ ਹਨ, ਬਾਣੀ ਵਿਚ ਅਜੀਬ ਅਜੀਬ ਉਲਟ ਪੁਲਟ ਅਤੇ ਵਾਧੇ ਘਾਟੇ ਮਿਲਦੇ ਹਨ। ਇਕ ਗ੍ਰੰਥ ਸਾਹਿਬ ਵਿਚ ਮੈਂ ਕੁਝ ਤਸਵੀਰਾਂ ਵੀ ਵੇਖੀਆਂ। ਪਿੰਡੀ ਘੇਬ ਜ਼ਿਲ੍ਹਾ ਅਟਕ ਵਿਚ ਵੀ ਤਿੰਨ ਪੁਰਾਣੇ ਗ੍ਰੰਥ ਸਾਹਿਬ ਹਨ, ਜਿਨ੍ਹਾਂ ਵਿਚੋਂ ਇਕ ਦਾ ਸੰਮਤ ਗੁਰੂ ਹਰ ਗੋਬਿੰਦ ਸਾਹਿਬ ਦੇ ਵੇਲੇ ਪੈਂਦਾ ਹੈ।

ਹੋਰ ਭੀ ਕਈ ਪ੍ਰਾਚੀਨ ਬੀੜਾਂ ਹਨ ਜਿਨ੍ਹਾਂ ਦੇ ਇਮਤਿਹਾਨ ਕਰਨ ਦੀ ਲੋੜ ਹੈ, ਅਤੇ ਜਿਨ੍ਹਾਂ ਤੋਂ ਕੁਝ ਨਵੀਆਂ ਗਲਾਂ ਪ੍ਰਾਪਤ ਹੋਨ ਦੀ ਆਸ ਕੀਤੀ ਜਾ ਸਕਦੀ ਹੈ। ਅਸੀਂ ਦੂਜੀ ਐਡੀਸ਼ਨ ਵਿਚ ਇਹਨਾਂ

---

*ਦੇਖੋ ਮੇਰਾ ਲੇਖ 'ਫੁਲਵਾੜੀ' ਵਿਚ, ਜੁਲਾਈ ੧੯੩੩ ਦਾ ਪਰਚਾ।



Sri Satguru Jagjit Singh Ji Elibrary NamdhariElibrary@gmail.com

ਬਤ ਭੀ ਲਿਖਣ ਦਾ ਜਤਨ ਕਰਾਂਗੇ। ਇਹ ਬੀੜਾਂ ਹਨ:—

(੧) ਸੰਮਤ ੧੬੬੮ ਦੀ ਬੀੜ, ਸਯਦ ਕਸਰਾਂ, ਜਿਲ੍ਹਾ ਜੇਹਲਮ।

(੨) ਪ੍ਰਾਚੀਨ ਬੀੜ, ਕਾਦਿਰਾਬਾਦ, ਜ਼ਿਲ੍ਹਾ ਗੁਜਰਾਤ।

(੩) ,, ਗੋਂਦਲਾਂਵਾਲਾ, ਜ਼ਿਲ੍ਹਾ ਗੁਜਰਾਂਵਾਲਾ।

(੪) ,, ਤਰਨ ਤਾਰਨ।

(੫ ਤੋਂ ੯) ਪ੍ਰਾਚੀਨ ਬੀੜਾਂ, ਬੁਰਜ ਆਲਾ ਸਿੰਘ ਪਟਿਆਲਾ।

ਆਦਿ।

ਦਾਸ ਓਹਨਾਂ ਸਜਨਾਂ ਦਾ ਬੜਾ ਹੀ ਧਨਵਾਦੀ ਹੋਵੇਗਾ ਜੋ ਹੋਰ ਪ੍ਰਾਚੀਨ ਬੀੜਾਂ ਦਾ, ਜੋ ਗੁਰੂ ਸਾਹਿਬਾਨ ਦੇ ਵਕਤ ਤਕ ਬਨ ਚੁਕੀਆਂ ਸਨ, ਪਤਾ ਦੇਣਗੇ। ਇਹਨਾਂ ਸਭਨਾਂ ਦੀ ਪੜਤਾਲ ਕਰਨ ਦਾ ਜਤਨ ਕੀਤਾ ਜਾਏਗਾ।

---



Sri Satguru Jagjit Singh Ji Elibrary NamdhariElibrary@gmail.com

# ਭਾਗ ਤੀਜਾ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਪ੍ਰਾਚੀਨ ਬੀੜਾਂ ਦੇ ਪਿਛੇ
# ਫ਼ਾਲਤੂ ਬਾਣੀਆਂ

ਪਾਠਕ ਉਪਰ 'ਫ਼ਾਲਤੂ ਬਾਣੀਆਂ' ਦੇ ਲਫ਼ਜ਼ ਅਤੇ ਉਹਨਾਂ ਦੇ ਨਾਮ ਘੜੀ ਮੁੜੀ ਪੜ੍ਹਕੇ ਥੱਕ ਤੇ ਅੱਕ ਗਏ ਹੋਣਗੇ। ਹੁਣ ਇਹ ਵੇਖੋ ਜੋ 'ਫ਼ਾਲਤੂ ਬਾਣੀਆਂ' ਕੀ ਹਨ ਅਤੇ ਉਹਨਾਂ ਦੀ ਅਸਲੀਅਤ ਕੀ ਹੈ? ਇਸਨੂੰ ਪੜ੍ਹਕੇ ਅਕੇਵਾਂ ਕੁਝ ਦੂਰ ਹੋ ਜਾਏਗਾ।

ਪ੍ਰਾਚੀਨ ਬੀੜਾਂ ਦੇ ਪਿਛੇ ਹਿਫ਼ਾਜ਼ਤ ਲਈ ਲਾਏ ਜਾਂ ਕੋਰੇ ਰਹਿ ਗਏ ਪਤ੍ਰਿਆਂ ਪੁਰ ਅਕਸਰ ਹੇਠ ਦਸੀਆਂ ਫ਼ਾਲਤੂ ਬਾਣੀਆਂ ਲਿਖੀਆਂ ਮਿਲਦੀਆਂ ਹਨ :—

੧. ਬਸੰਤ ਕੀ ਵਾਰ ਮਹਲਾ ੫।

੨. ਸ਼ਲੋਕ ਮਹਲਾ ੧—'ਜਿਤ ਦਰ ਲਖ ਮੁਹਮਦਾ' ਵਾਲੇ

੩. ਸਲੋਕ ਮਹਲਾ ੧—'ਬਾਇ ਆਤਿਸ ਆਬ ਖ਼ਾਕ', ਵਾਲੇ।
ਇਹਨਾਂ ਦਾ ਨਾਮ ਹੀ 'ਗੋਸ਼ਟ ਮਲਿਆਰ ਨਾਲ ਹੋਈ' ਹੈ।

੪. ਰਾਗ ਰਾਮਕਲੀ ਰਤਨਮਾਲਾ ਮਹਲਾ ੧।
ਇਹ ਪਹਿਲੇ ਫ਼ਾਰਸੀ ਅਖਰਾਂ ਵਿਚ ਲਿਖੀ ਗਈ ਸੀ।

੫. ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਭ ਕੀ।

੬. ਰਾਗ ਮਾਲਾ।

੭. ਸਿਆਹੀ ਕੀ ਬਿਧੀ।

੮. ਚਲਿਤ੍ਰ ਜੋਤਿ ਜੋਤ ਸਮਾਵਣ ਕਾ। (ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਥਿਤਾਂ, ਬਹੁਤ ਕਰਕੇ ਤਤਕਰੇ ਦੇ ਪਿਛੇ।)



Sri Satguru Jagjit Singh Ji Elibrary NamdhariElibrary@gmail.com

੯. ਸਾਖੀ ਮਹਲਾ ਪੰਜ ।

ਗਰੰਥ ਸਾਹਿਬ ਦੀਆਂ 'ਪ੍ਰਾਚੀਨ' ਬੀੜਾਂ ਵਿਚ ਤਾਂ ਨਹੀਂ, ਪਰ ਅਡ ਛੋਟੇ ਛੋਟੇ ਰਸਾਲਿਆਂ ਦੀ ਸ਼ਕਲ ਵਿਚ ਅਤੇ ਅਜ ਕਲ ਨਿਤਨੇਮ ਦੇ ਗੁਟਕਿਆਂ ਵਿਚ ਇਹ ਤਿੰਨ ਬਾਣੀਆਂ ਮਿਲਦੀਆਂ ਹਨ :–

੧੦. ਨਸੀਹਤ ਨਾਮਾ ਕਾਰੂੰ ।

੧੧. ਪੈਂਤੀਸ ਅਖਰੀ, ਅਤੇ

੧੨. ਹਾਜਿਰ ਨਾਮਾ

[illegible] ਨਾਨਕ ਸਾਹਿਬ ਦੇ ਨਾਮ ਨਾਲ ਜੁੜ ਗਈਆਂ ਹਨ ।

ਹੋਰ ਕਿਤਨੇ ਹੀ ਫੁਟਕਲ ਸਲੋਕਾਂ ਸ਼ਬਦਾਂ ਤੋਂ ਇਲਾਵਾ ਦੋ ਵਡੇ ਆਕਾਰ ਦੀਆਂ ਰਚਨਾਵਾਂ ਗੁਰੂ ਅਰਜਨ ਦੇਵ ਜੀ ਦੇ ਵੇਲੇ ਤਕ ਬਣ ਚੁਕੀਆਂ ਸਨ। ਇਕ ਸੀ 'ਮਕੇ ਦੀ ਗੋਸ਼ਟ' ਅਤੇ ਦੂਜੀ 'ਪ੍ਰਾਣ ਸੰਗਲੀ' ਦਾ ਕੁਝ ਹਿੱਸਾ, ਹੋਰ ਨਾਵਾਂ ਹੇਠ। ਗੁਰੂ ਹਰ ਗੋਬਿੰਦ ਸਾਹਿਬ ਦੇ ਵੇਲੇ 'ਜੁਗਾਵਲੀ' ਲਿਖੀ ਗਈ, ਅਤੇ ਉਸਤੋਂ ਪਿਛੋਂ 'ਅਜਿਤੇ ਰੰਧਾਵੇ ਦੀ ਗੋਸ਼ਟ' 'ਗਿਆਨ ਸੁਰੋਦਯ' ਆਦਿ। ਪਰ ਇਹਨਾਂ ਪਿਛੋਂ ਰਚੀਆਂ ਬਾਣੀਆਂ ਨਾਲ ਇਸ ਕਿਤਾਬ ਵਿਚ ਬਹੁਤ ਥੋੜਾ ਵਾਸਤਾ ਪੈਂਦਾ ਹੈ; ਉਪਰ ਦਿਤੀਆਂ ਬਾਰਾਂ ਫ਼ਾਲਤੂ ਬਾਣੀਆ ਦੇ ਸਬੰਧ ਵਿਚ ਹੀ ਕੁਝ ਕਹਿਣਾ ਹੈ।

## 'ਚਲਿਤ੍ਰ ਜੋਤਿ ਜੋਤ ਸਮਾਵਣ ਕੇ' 'ਹਕੀਕਤ ਰਾਹ ਮੁਕਾਮ ਰ ਜੇ ਸ਼ਿਵਨਾਭ ਕੀ'

ਇਤਿਹਾਸਕ ਤੌਰ ਪੁਰ ਬੜੀਆਂ ਜ਼ਰੂਰੀ ਚੀਜ਼ਾਂ ਹਨ, ਜਿਨ੍ਹਾਂ ਦੀ ਮਦਦ ਨਾਲ ਅਸੀਂ 'ਪ੍ਰਾਚੀਨ ਬੀੜਾਂ' ਦੇ ਬਨਣ; ਅਤੇ ਉਹਨਾਂ ਵਿਚ ਬਾਣੀਆਂ ਦੇ ਵਧਾ ਘਟਾ ਦੀਆਂ ਤਾਰੀਖ਼ਾਂ ਮੁਕਰਰ ਕਰ ਸਕੇ ਹਾਂ। ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਥਿਤਾਂ ਬੀੜ ਵਿਚ ਦੇਣ ਦੀ ਰਸਮ ਤਾਂ ਖ਼ੁਦ ਪੰਚਮ ਪਾਤਸ਼ਾਹੀ ਨੇ ਟੋਰੀ ਸੀ, ਜਿਨ੍ਹਾਂ ਨੇ ਆਦਿ ਬੀੜ ਤਿਆਰ ਕਰ ਕੇ ਉਸ ਦੇ ਅੰਤ ਵਿਚ ਇਕ ਅੰਕ ਦਿਤੇ ਪਰ ਕੋਰੇ



Sri Satguru Jagjit Singh Ji Elibrary NamdhariElibrary@gmail.com

ਵਰਕੇ ਦੇ ਪਿਛਲੇ ਪਾਸੇ ਪਹਿਲੇ ਚਾਰ ਗੁਰੂਆਂ ਦੇ ਚਲਾਣੇ ਦੇ ਥਿਤ ਸੰਮਤ ਸਾਦੇ ਜਿਹੇ ਲਫ਼ਜ਼ਾਂ ਵਿਚ ਬਤੌਰ ਯਾਦਦਾਸ਼ਤ ਦਰਜ ਕਰਾ ਦਿਤੇ, ਅਤੇ ਜੋ ਉਤਾਰੇ ਇਸ ਬੀੜ ਤੋਂ ਓਹਨਾਂ ਦੇ ਜੀਉਂਦਿਆਂ, ਓਹਨਾਂ ਦੀ ਮੌਜੂਦਗੀ, ਅਤੇ ਉਹਨਾਂ ਦੀ ਖ਼ਬਰ ਵਿਚ ਹੋਏ, ਉਹਨਾਂ ਵਿਚ ਇਹ ਤਾਰੀਖ਼ਾਂ ਉਸੇ ਤਰ੍ਹਾਂ ਨਕਲ ਕਰ ਲਈਆਂ ਗਈਆਂ। ਪੰਜਵੇਂ ਗੁਰੂ ਦੇ ਚਲਾਣੇ ਦੀ ਥਿਤ ਗੁਰੂ ਹਰ ਗੋਬਿੰਦ ਸਾਹਿਬ ਨੇ ਆਪ ਦਰਜ ਕੀਤੀ ਜਾਂ ਕਹਿਕੇ ਕਿਸੇ ਸਿਖ ਕੋਲੋਂ ਕਰਾਈ। 'ਆਦਿ-ਬੀੜ' ਤੋਂ ਉਤਾਰੇ ਜੋ ਇਸ ਵੇਲੇ ਹੋਏ, ਅਰਥਾਤ ਗੁਰੂ ਹਰਗੋਬਿੰਦ ਸਾਹਿਬ ਦੇ ਵਕਤ, ਅਤੇ ਜਿਨ੍ਹਾਂ ਵਿਚ ਖ਼ਾਲੀ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਥਿਤਾਂ ਹੀ ਦਿਤੀਆਂ ਹਨ, ਉਹ ਭੀ ਮੌਜੂਦ ਹਨ। ਇਹ ਇੰਦਰਾਜ ਗੁਰੂ ਹਰਗੋਬਿੰਦ ਸਾਹਿਬ ਦੇ ਗਵਾਲੀਅਰ ਤੋਂ ਰਿਹਾ ਹੋਕੇ ਵਾਪਸ ਅੰਮ੍ਰਿਤਸਰ ਆ ਜਾਨ ਪਿਛੋਂ ਕਦੇ ਹੋਇਆ। ਏਸ ਤੋਂ ਪਿਛੋਂ 'ਆਦਿ-ਬੀੜ' ਵਿਚ ਦੋ ਹੋਰ ਥਿਤਾਂ ਸੰਮਤ ੧੭੧੭–੧੮ ਵਿਚ ਜਾਕੇ ਸ੍ਰੀ ਹਰਿ ਕ੍ਰਿਸ਼ਣ ਜੀ ਦੀ ਹਥੀਂ ਦਰਜ ਹੋਈਆਂ, ਜਦ ਉਹ ਹਾਲੀ ਗੁਰੂ ਨਹੀਂ ਬਣੇ ਸਨ। ਏਥੇ ਪਹੁੰਚਕੇ ਇਕ ਡਾਢੀ ਅਜੀਬ ਗਲ ਹੋਈ ਹੈ। ਇਹਨਾਂ ਦੋ ਥਿਤਾਂ, (ਬਾਬੇ ਗੁਰਦਿਤੇ ਦੀ ਅਤੇ ਗੁਰੂ ਹਰ ਗੋਬਿੰਦ ਸਾਹਿਬ ਦੀ) ਦੇ ਦਰਜ ਹੋਣ ਤੋਂ ਪਿਛੋਂ ਜੋ ਪਹਿਲਾ ਹੀ ਉਤਾਰਾ ਆਦਿ-ਬੀੜ ਤੋਂ ਹੋਇਆ, ਉਹ ਸਾਡੀ ਖ਼ੁਸ਼ਕਿਸਮਤੀ ਨਾਲ ਮੌਜੂਦ ਹੈ। ਏਸ ਉਤਾਰੇ ਦੇ ਲਿਖਾਰੀ ਨੇ ਇਹ ਪਿਛਲੀਆਂ ਦੋ ਥਿਤਾਂ ਨਕਲ ਕਰਦੇ ਸਮੇਂ ਉਹਨਾਂ ਬਾਬਤ ਇਹ ਹਾਸ਼ੀਆ ਆਪਣੇ ਉਤਾਰੇ ਵਿਚ ਚੜ੍ਹਾ ਦਿੱਤਾ :–

> "ਮਹਲ ੮ ਅਠਵੇਂ ਜੀ ਕਾ ਨਕਲੁ ਹੈ। ਖਾਸ ਕਲਮ ਆਪਣੀ ਹਥੀਂ ਲਿਖਿਆ ਕਰਤੇ ਪੁਰਖੁ।"

ਇਹ colophon ਸਾਡੇ ਬੜੇ ਕੰਮ ਆਈ ਹੈ। ਸਤਵੇਂ ਅਤੇ ਅਠਵੇਂ ਗੁਰੂਆਂ ਦੇ ਚਲਾਣੇ ਦੀਆਂ ਥਿਤਾਂ 'ਆਦਿ-ਬੀੜ' ਵਿਚ ਨਹੀਂ ਲਿਖੀਆਂ ਗਈਆਂ। ਏਸ ਤੋਂ ਪਿਛੋਂ ਜੋ ਬੀੜ ਨਾਵੇਂ ਗੁਰੂ ਸਾਹਿਬ ਨੇ ਆਪਣੇ ਪਿਛਲੇ



Sri Satguru Jagjit Singh Ji Elibrary NamdhariElibrary@gmail.com

ਵਰ੍ਹੇ ਵਿਰਤਿਆਰ ਕਰਵਾਈ ਸੀ ਅਤੇ ਜੋ ਸੰਮਤ ੧੭੩੨ ਅਠਾਨ ਵਦੀ ੭ ਨੂੰ ਪੂਰਣ ਹੋਈ ਸੀ, ਉਸ ਵਿਚ ਪਹਿਲੀ ਵਾਰੀ ਸਤਵੇਂ, ਅਠਵੇਂ ਅਤੇ ਨਾਵੇਂ ਗੁਰੂਆਂ ਦੀ ਥਿਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦਰਜ ਹੋਈਆਂ। ਏਸ ਵੇਲੇ ਜਾਂ ਚਿਰ ਪਿਛੋਂ ਤਕ ਉਤਾਰੇ ਜੋ ਸੰਮਤ ੧੭੩੨ ਵਾਲੀ ਬੀੜ ਤੋਂ ਸਿਧੇ ਜਾਂ ਹੋਰ ਬੀੜਾਂ ਦੀ ਰਾਹੀਂ ਹੋਏ, ਜਾਂ ਜਿਨ੍ਹਾਂ ਪੁਰਾਣੀਆਂ ਬੀੜਾਂ ਵਿਚ ਨਾਵੇਂ ਗੁਰੂ ਦੀ ਬਾਣੀ ਏਸ ਸੰਮਤ ੧੭੩੨ ਵਾਲੀ ਬੀੜ ਤੋਂ ਲੈਕੇ ਦਰਜ ਕੀਤੀ ਗਈ, ਓਹਨਾਂ ਨੇ ਇਹ ਤਿੰਨ ਥਿਤਾਂ ਇਥੋਂ ਹੀ ਨਕਲ ਕੀਤੀਆਂ।

ਦਸਵੇਂ ਗੁਰੂ ਦੇ ਚਲਾਣੇ ਦੀ ਥਿਤ ਪਹਿਲੇ ਪਹਿਲ ਬੁਰਹਾਨਪੁਰ ਅਤੇ ਯੂ. ਪੀ. ਵਿਚ ਤਿਜਾਰ ਹੋਈਆਂ ਬੀੜਾਂ ਵਿਚ ਦਿਸਦੀ ਹੈ। ਬੁਰਹਾਨ ਪੁਰ ਦੀਆਂ ਬੀੜਾਂ ਵਿਚ ਇਹ ਥਿਤ ਸੰਮਤ ੧੭੮੦ ਤੋਂ ਪਿਛੋਂ ਗੁਰੂ ਹਠੀ ਸਿੰਘ ਜੀ ਦੇ ਸ਼ੁਰੂ ਅਹਿਦ ਵਿਚ ਦਰਜ ਹੋਈ, ਸਮਝੋ ਕੋਈ ਵੀਹ ਵਰ੍ਹੇ ਪਿਛੋਂ। ਯੂ. ਪੀ. ਦੀ ਸਭ ਤੋਂ ਪੁਰਾਣੀ ਬੀੜ ਜਿਸ ਵਿਚ ਇਹ ਥਿਤ ਦਰਜ ਹੈ, ਉਹ ਬਨਾਰਸ ਸੰਗਤ ਦੀ ਸੰਮਤ ੧੮੦੯ ਵਾਲੀ ਬੀੜ ਹੈ, ਅਰਥਾਤ ਗੁਰੂ ਸਾਹਿਬ ਦੇ ਚਲਾਣੇ ਤੋਂ ਕੋਈ ਤ੍ਰਿਤਾਲੀ ਚੁਤਾਲੀ ਵਰ੍ਹੇ ਪਿਛੋਂ। ਇਸ ਬੀੜ ਵਿਚ ਇੰਦ੍ਰਾਜ ਇਉਂ ਕੀਤਾ ਹੈ:-"ਸੰਮਤ ੧੭੬੪ ਕਾਤਿਕ ਸੁਦੀ......ਗੁਰ ਗੋਬਿੰਦ ਜੀ ਸਮਾਣੇ।" ਲਿਖਾਰੀ ਨੇ ਥਿਤ ਨਹੀਂ ਦਿੱਤੀ, ਸੁਣੀ ਥਿਤ ਤੇ ਕੁਝ ਸ਼ੱਕ ਸਾਸੂ, ਪੁਛਕੇ ਜਾਂ ਪੱਕੀ ਕਰਕੇ ਫੇਰ ਲਿਖਣ ਲਈ ਥਾਂ ਛਡ ਦਿਤੀ। ਸੰਮਤ ਜੋ ਦਿੱਤਾ ਹੈ, ਉਹ ਬੁਰਹਾਨਪੁਰ ਦੀਆਂ ਬੀੜਾਂ ਨਾਲ ਨਹੀਂ ਮਿਲਦਾ। ਉਹਨਾਂ ਬੀੜਾਂ ਵਿਚ "ਸੰਮਤ ੧੭੬੫ ਕਤਕ ਸੁਦੀ ੫" ਲਿਖਿਆ ਹੈ। ਬੁਰਹਾਨਪੁਰ ਦੀ ਸੰਗਤ ਦਾ ਅਬਦਲਾ ਨਗਰ ਤਖ਼ਤ ਨਾਲ ਵਾਸਤਾ ਵਧੀਕ ਪੈਂਦਾ ਰਿਹਾ ਹੈ ਅਤੇ ਓਹ ਲੋਗ ਸੰਗਤ ਵਿਚ ਸਰਾਧਾਂ ਦੀ ਪੰਚਮੀ ਨੂੰ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਅਜੀਤ ਸਿੰਘ ਦੇ ਸ੍ਰਾਧ ਕਰਦੇ ਆਏ ਹਨ। ਇਹ ਓਹਨਾਂ ਦੇ ਮੁਖ ਤਿਓਹਾਰਾਂ ਵਿਚੋਂ ਸੀ। ਸੋ ਥਿਤ ਪੰਚਮੀ ਬਾਬਤ ਤਾਂ



Sri Satguru Jagjit Singh Ji Elibrary NamdhariElibrary@gmail.com

ਕੋਈ ਸ਼ੱਕ ਨਹੀਂ ਹੋ ਸਕਦਾ, ਪਰ ਸੰਮਤ ਚੂੰਕਿ ਵੀਹ ਜਾਂ ਵਧੀਕ ਵਰ੍ਹੇ ਪਿਛੋਂ ਲਿਖਿਆ ਗਿਆ ਸੀ, ਉਸ ਬਾਬਤ ਸ਼ਕ ਕਰਨ ਦੀ ਗੁੰਜਾਇਸ਼ ਹੈ। ਹਰ ਹਾਲਤ ਵਿਚ ਸੰਮਤ ੧੭੬੫, ਬਨਾਰਸ ਸੰਮਤ ਦੀ ਬੀੜ ੧੮੦੯ ਦੇ ਸੰਮਤ ੧੭੬੪ ਨਾਲੋਂ ਵਧੀਕ ਸਹੀ ਹੈ।

ਪਰ ਬੁਰਹਾਨਪੁਰ ਦੀਆਂ ਬੀੜਾਂ ਨਾਲੋਂ ਪੁਰਾਣੀ ਇਕ ਬੀੜ ਅਖਨੂਰ (ਜੰਮੂ) ਵਿਚ ਹੈ, ਉਸ ਉਤੇ ਬਨਣ ਦਾ ਸੰਮਤ ਤਾਂ ਨਹੀਂ ਲਿਖਿਆ, ਪਰ ਅੰਦਰਲੀ ਗਵਾਹੀ ਤੋਂ ਉਸਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਣੇ ਤੋਂ ਪਿਛੋਂ ਥੋੜੇ ਚਿਰ ਅੰਦਰ ਹੀ ਬਣੀ ਮੰਨਿਆ ਜਾ ਸਕਦਾ ਹੈ। ਉਸ ਵਿਚ ਥਿਤ "ਕਾਤਕ ਸੁਦੀ ੫ ਸੰਮਤ ੧੭੬੬" ਲਿਖਿਆ ਹੈ, ਇਹ ਸੰਮਤ ਵਧੀਕ ਇਤਬਾਰ ਕਰਨੇ ਜੋਗ ਹੈ। ਸਾਰੀਆਂ ਘਟਨਾਵਾਂ ਜੋ ਗੁਰੂ ਸਾਹਿਬ ਦੇ ਚਲਾਣੇ ਤੋਂ ਕੁਝ ਚਿਰ ਪਹਿਲੋਂ ਜਾਂ ਪਿਛੋਂ ਹੋਈਆਂ, ਉਹ ਸੰਮਤ ੧੭੬੬ ਨੂੰ ਸਹੀ ਮੰਨਕੇ ਬਹੁਤ ਢੁਕਵੀਆਂ ਤੇ ਥਾਂਓਂ ਥਾਂਈਂ ਸੋਹਣੀਆਂ ਬੈਠ ਜਾਂਦੀਆਂ ਹਨ। ਸੋ ਮੈਂ ਕਾਤਿਕ ਸੁਦੀ ੫ ਸੰਮਤ ੧੭੬੬ ਦੇ ਹੱਕ ਵਿਚ ਹਾਂ।

ਸੋ ਆਪ ਨੇ ਦਸਾਂ ਗੁਰਾਂ ਦੇ ਚਲਾਣੇ ਦੇ ਥਿਤ ਸੰਮਤ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਦਰਜ ਹੋਣ ਦੀ ਕਹਾਣੀ ਸੁਣ ਲਈ ਹੈ। ਪਰ 'ਚਲਾਣੇ ਦੀਆਂ ਥਿਤਾਂ' ਕਿਉਂ ? ਜਨਮ ਦੀਆਂ ਪ੍ਰਵਿਸਟਾਂ ਤਾਰੀਖਾਂ ਕਿਉਂ ਨਾ ? ਜੋ ਜਨਮ ਪਤ੍ਰੀਆਂ ਜਾਂ ਟੇਵਿਆਂ ਤੋਂ ਮਾਲੂਮ ਹੋ ਸਕਦੀਆਂ ਸਨ। ਇਸ ਦਾ ਇਕ ਸਬਬ ਸੀ। ਮੋਏ ਦੇ ਨਾਲ ਉਸਦੀ ਲੋੜ ਦੀਆਂ ਚੀਜ਼ਾਂ ਰਖ ਦੇਣੀਆਂ, ਕਬਰ ਵਿਚ ਉਸਦੇ ਨਾਲ ਦਬ ਦੇਣੀਆਂ ਜਾਂ ਚਿਤਾ ਉਤੇ ਰਖ ਕੇ ਉਸਦੇ ਨਾਲ ਸਾੜ ਦੇਣੀਆਂ ਇਹ ਹੀ ਹਰ ਤਰ੍ਹਾਂ ਦੀ ਪੂਜਾ ਪਰਸਤਸ਼ ਦਾ ਮੁਢ ਹੈ, 'ਪਿਤ੍ਰਿ ਪੂਜਾ' ਧਰਮ ਕਰਮ ਦੀ ਪਹਿਲੀ ਸ਼ਕਲ ਹੈ। ਜਿਕੁਰ 'ਪਿਤ੍ਰਿ,' ਸਮਾਂ ਪਾਕੇ, ਤੇ ਪੁਰਾਣੇ ਅਤੇ ਮੌਜੂਦ ਨਸਲਾਂ ਨਾਲੋਂ ਬਹੁਤ ਦੁਰੇਡੇ ਹੋਕੇ, ਦੇਵੀ ਦੇਵ ਬਨ ਗਏ, ਤਿਵੇਂ ਹੀ ਪਿਤ੍ਰਿ ਪੂਜਾ, ਦੇਵ ਪੂਜਾ ਵਿਚ ਵਟ ਗਈ। ਓਹਨਾਂ ਦੀਆਂ ਮਨ ਰਖੀਆਂ ਲੋੜਾਂ



Sri Satguru Jagjit Singh Ji Elibrary NamdhariElibrary@gmail.com

ਪੂਰੀਆਂ ਕਰਕੇ ਓਹਨਾਂ ਨੂੰ ਰਿਝਾਉਣਾ ਮਤਲਬ ਸੀ, ਜਿਸਤੇ ਓਹ ਪ੍ਰਸੰਨ ਹੋਕੇ ਸੁਖ ਵਰਤਾਉਣ ਤੇ ਮੁਰਾਦਾਂ ਪੂਰੀਆਂ ਕਰਨ। ਭਾਵੇਂ ਮੁਖ ਭਾਵ ਤਾਂ ਏਸ ਧਰਮ ਕਰਮ ਵਿਚ ਖ਼ੁਦ ਗਰਜ਼ੀ ਸੀ, ਪਰ ਪ੍ਰੇਮ ਦੇ ਜਜ਼ਬੇ ਦਾ ਕੁਝ ਅੰਸ਼ ਇਸ ਵਿਚ ਸੀ। ਜੋ ਭਾਵ ਪਿਤਾ ਪੁਤ੍ਰ ਵਿਚ ਆਖੋ ਬਹੁਤ ਵਰ੍ਹੇ ਰਿਹਾ, ਓਹ ਮੌਤ ਨਾਲ ਝਟ ਟੁਟ ਨਹੀਂ ਸੀ ਜਾਂਦਾ, ਮੋਏ ਵਲ ਓਹੋ ਪੁਰਾਣੀ ਸਾਂਝ ਅਤੇ ਪ੍ਰੇਮ ਦੀ ਡੋਰ ਮੌਤੋਂ ਪਿਛੋਂ ਚਿਰ ਤਕ ਕਾਇਮ ਰਹਿੰਦੀ ਸੀ ਅਤੇ ਸਹਿਜੇ ਸਹਿਜੇ ਟੁਟਦੀ ਸੀ। ਮੋਏ ਦੀ ਖ਼ੁਸ਼ੀ ਦੇ ਕੰਮ ਕਰਕੇ ਕਰਨ ਵਾਲੇ ਦੇ ਚਿੱਤ ਨੂੰ ਆਪ ਪਰਸੰਨਤਾ ਹੁੰਦੀ ਸੀ। ਏਸ ਸ਼ਰਧਾ ਨਾਲ ਕੀਤੇ ਕੰਮ ਸ਼ਰਾਧ ਸਨ. ਅਤੇ ਮੋਏ ਵਾਸਤੇ ਇਹ ਸ਼ਰਧਾ ਦੇ ਕੰਮ ਇਹੋ ਸ਼ਕਲਾਂ ਅਖਤਿਆਰ ਕਰ ਸਕਦੇ ਸਨ। ਕਿ ਉਸ ਦੇ ਨਾਮ ਪੁਰ ਗਰੀਬਾਂ ਮੁਹਤਾਜਾਂ ਨੂੰ ਕੁਝ ਦੇ ਦਿਉ, ਖੁਆ ਦਿਉ ਜਾਂ ਉਸ ਦੇ ਨਮਿਤ ਕੋਈ ਪੂਜਾ ਪਾਠ ਕਰੋ ਕਰਾਉ। 'ਪਿਤ੍ਰਿ ਪੂਜਾ' ਆਰੀਆ-ਧਰਮ ਦਾ ਮੁਢ ਤੋਂ ਹੀ ਮੁਖ ਭਾਗ ਰਿਹਾ ਹੈ। ਹਰ ਮਨੁਖ ਦੇ ਤਿੰਨ ਬੜੇ ਫ਼ਰਜ਼ ਸਮਝੇ ਜਾਂਦੇ ਸਨ, ਇਹ ਉਸ ਪੁਰ ਕਰਜ਼ੇ ਜਾਂ ਰਿਣ ਸਨ, ਜੋ ਉਸਨੇ ਆਪਣੇ ਜੀਵਨ ਵਿਚ ਉਤਾਰਨੇ ਹੁੰਦੇ ਸਨ। 'ਪਿਤ੍ਰੀ-ਰਿਣ' ਅਜਿਹਾ ਹੀ ਜ਼ਰੂਰੀ ਸੀ ਜਿਹਾ 'ਦੇਵ-ਰਿਣ'। ਮੋਏ ਲਈ ਸਰਾਧ ਕਰਨ ਲਈ ਸਭ ਤੋਂ ਚੰਗਾ ਵੇਲਾ ਵਰ੍ਹੇ ਪਿਛੋਂ ਉਹ ਦਿਨ ਸੀ, ਜਿਸ ਦਿਨ ਯਾ ਵਾਰ ਉਹ ਮੋਇਆ ਸੀ। ਹਿੰਦੂ ਬਜ਼ੁਰਗਾਂ ਨੇ ਪਿਛੋਂ ਆ ਕੇ ਅਜਿਹੇ ਸ਼ਰਾਧ ਕਰਨ ਲਈ ਇਕ ਪਖ (ਭਾਦਰੋਂ ਮਹੀਨੇ ਦਾ ਹਨੇਰਾ ਪਖ) ਮੁਕਰਰ ਕਰ ਦਿਤਾ, ਜਿਸਤੇ ਦੇਖੋ ਵੇਖੀ, ਸ਼ਰਮੋ ਕੁਸ਼ਰਮੀ ਸਾਰੇ ਲੋਕ ਇਹ ਸ਼ਰਾਧ ਕਰਨ ਨੂੰ ਮਜਬੂਰ ਹੋਣ, ਭਾਵੇਂ ਸ਼ਰਧਾ ਹੋਵੇ ਭਾਵੇਂ ਨਾ। ਹਰ ਪਖ ਵਿਚ ਪੰਦਰਾਂ ਥਿਤਾਂ ਹੁੰਦੀਆਂ ਹਨ। ਸੋ ਹਰ ਹਿੰਦੂ ਮਾਤ੍ਰ ਲਈ ਮਰਨ ਦੀ 'ਥਿਤ' ਦਾ ਮਾਲੂਮ ਹੋਣਾ ਬੜਾ ਹੀ ਜ਼ਰੂਰੀ, ਸਗੋਂ ਅਵਸ਼ਜ ਸੀ। ਅਤੇ ਏਸੇ ਖ਼ਿਆਲ ਨਾਲ ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਥਿਤਾਂ ਯਾਦਦਾਸ਼ਤ ਲਈ ਲਿਖ ਲਈਆਂ ਗਈਆਂ ਸਨ। ਅਤੇ ਹੋਰ ਹਿੰਦੂਆਂ ਵਾਂਗ ਸਿਖ ਵੀ ਮੁਢ ਤੋਂ ਹੀ ਗੁਰੂ



Sri Satguru Jagjit Singh Ji Elibrary NamdhariElibrary@gmail.com

ਸਾਹਿਬਾਨ ਦੀਆਂ ਥਿਤਾਂ ਨੂੰ ਮਨਾਂਦੇ ਆਏ ਹਨ, ਖ਼ਾਸ ਕਰਕੇ ਉਸ ਸਥਾਨ ਵਿਚ ਜਿਸ ਨਾਲ ਕਿਸੇ ਗੁਰੂ ਸਾਹਿਬ ਦਾ ਆਪਨੇ ਜੀਵਨ ਵਿਚ ਵਧੀਕ ਵਾਸਤਾ ਰਿਹਾ। ਹੁਣ ਤਕ ਪਾਠ ਰਖਾਂਦੇ, ਗ੍ਰੰਥ ਸਾਹਿਬ ਦੇ ਭੋਗ ਪਾਂਦੇ ਅਤੇ ਯਗ ਜਾਂ ਲੰਗਰ ਕਰਕੇ ਸਿਖਾਂ ਨੂੰ ਪ੍ਰਸ਼ਾਦ ਛਕਾਂਦੇ ਹਨ। ਅਤੇ ਇਸ ਵਿਚ ਕੋਈ ਗਲ ਅਜੋਗ ਜਾਂ ਇਤਰਾਜ਼ ਦੇ ਲਾਇਕ ਵੀ ਨਹੀਂ ।

ਏਸਦੇ ਉਲਟ ਜਨਮ ਦਿਨ ਨੂੰ ਕੋਈ ਵਡਿਤਨ ਹਿੰਦੂਆਂ ਵਿਚ ਨਹੀਂ ਸੀ ਦਿੱਤੀ ਜਾਂਦੀ। ਨਾ ਕੋਈ ਜਨਮ ਦਿਨ ਮਨਾਇਆ ਕਰਦਾ ਸੀ। ਬਾਦਸ਼ਾਹ ਅਪਣਾ 'ਸਦਕਾ', ਗੁਨਾਹਾਂ ਦਾ ਬੋਝ ਸਿਰੋਂ ਲਾਹਨ ਲਈ ਦੇਂਦੇ ਸਨ ਤੇ ਤੁਲਾਦਾਨ ਕਰਦੇ ਸਨ। ਹਿੰਦੂ ਰਾਜੇ ਭੀ ਏਸੇ ਖਿਆਲ ਨਾਲ ਜਨਮ ਦਿਨ ਨੂੰ ਤੁਲਾ ਦਾਨ ਕਰਦੇ ਸਨ। ਆਮ ਲੋਕੀ, ਛਨਿਛਰਵਾਰ ਨੂੰ ਤਿਲ ਮਾਂਹ ਡਕੌਂਤ ਨੂੰ ਦੇਕੇ ਹੀ ਹੌਲੇ ਹੋ ਜਾਂਦੇ ਹਨ। ਪਰ ਇਹ ਸਭ ਕੁਝ ਜੀਉਂਦੇ ਨੇ ਆਪ ਕਰਨਾ ਹੁੰਦਾ ਸੀ। ਖ਼ਾਸ ਹਾਲਤਾਂ ਵਿਚ ਕਿਸੇ ਬਚੇ ਦੇ ਜਨਮ-ਦਿਨ ਨੂੰ ਕੁਝ ਵਰ੍ਹਿਆਂ ਲਈ ਯਾਦ ਰਖਿਆ ਜਾਂਦਾ ਸੀ। ਜਿਸ ਘਰ ਵਿਚ ਔਲਾਦ ਨਹੀਂ ਸੀ ਹੁੰਦੀ, ਜਾਂ ਹੋਕੇ ਛੋਟੀ ਉਮਰ ਵਿਚ ਹੀ ਮਰ ਜਾਂਦੀ ਸੀ, ਤਦ ਮਾਂ ਪਿਉ ਸੁਖਨਾਂ ਸੁਖਦੇ ਅਤੇ ਸੁਖਾਂ-ਲਧੇ ਬਚੇ ਦੀ ਵਰ੍ਹੇ-ਗੰਢ ਮਨਾਂਦੇ ਸਨ, ਅਤੇ ਹਰ ਜਨਮ ਦਿਨ ਨੂੰ ਚਾਂਦੀ ਦੀ ਇਕ ਨਵੀਂ ਹੱਸੀ ਉਸ ਦੇ ਗਲ ਪਾ ਦੇਂਦੇ ਸਨ। ਜਦ ਉਹ ਬੱਚਾ ਮਰ ਚੁਕੇ ਬਚਿਆਂ ਦੀ ਉਮਰ ਦੀ ਹੱਦ ਟਪ ਜਾਂਦਾ ਸੀ, ਤਦ ਇਕੱਠੀਆਂ ਹੋਈਆਂ ਹੱਸੀਆਂ, ਜਿਸ ਦੇਵ ਪੀਰ ਦੀ ਸੁਖਨਾ ਸੁਖੀ ਸੀ, ਉਸਦੇ ਸਥਾਨ ਤੇ ਚੜ੍ਹਾ ਦਿਤੀਆਂ ਜਾਂਦੀਆਂ ਸਨ, ਤੇ ਫੇਰ ਜਨਮ ਦਿਨ ਭੁਲ ਭੁਲਾ ਜਾਂਦਾ ਸੀ। ਜਨਮ ਦਿਨ ਮਨਾਨ ਦੀ ਰਸਮ ਅਸਾਂ ਅਜ ਕਲ ਯੂਰੋਪੀਨਾਂ ਤੋਂ ਮਾਂਗਵੀਂ ਲਈ ਹੈ। ਅੰਗਰੇਜ਼ੀ ਫੈਸ਼ਨ ਵਾਲੇ ਘਰਾਂ ਵਿਚ ਹੁਣ ਨਵੀਂ ਬਣੀ ਮਾਂ ਆਖਦੀ ਹੈ ਅਜ ਮੇਰੇ 'ਬੇਬੀ ਦਾ ਬਰਥ-ਡੇ' ਹੈ, ਮੇ ਮਿਤ੍ਰ ਸਰਬੰਧੀ ਬਚੇ ਨੂੰ ਤੁਹਫੇ ਦੇਂਦੇ ਹਨ। ਬੀਬੀਆਂ ਆਪਣੇ ਜਨਮ ਦਿਨ



Sri Satguru Jagjit Singh Ji Elibrary NamdhariElibrary@gmail.com

ਅਤੇ ਵਿਆਹ ਦੇ ਦਿਨਾਂ ਨੂੰ ਵੀ ਮਨਾਂਦੀਆਂ ਹਨ, 'ਸਿਲਵਰ ਵੈਡਿੰਗ' ਤੇ 'ਗੋਲਡਨ ਵੈਡਿੰਗ' ਨੂੰ ਪਤੀ ਕੀਮਤੀ ਤੁਹਫੇ ਦੇਂਦੇ ਹਨ। 'ਡਾਇਮੰਡ ਵੈਡਿੰਗ' ਮਨਾਣਾ ਤਾਂ ਕਿਸੇ ਬੜੀ ਭਾਗਵਾਲੀ* ਦੇ ਨਸੀਬ ਹੁੰਦਾ ਹੈ।। ਏਸੇ ਤਰ੍ਹਾਂ ਗੁਰੂਆਂ ਦੇ ਜਨਮ ਦਿਨ ਮਨਾਉਣੇ ਇਕ ਨਵੀਂ ਰਸਮ ਹੈ। ਜਨਮ ਦੀ ਤਾਰੀਖ (ਪ੍ਰਵਿਸ਼ਟਾ) ਹਰ ਔਸਤ ਦਰਜੇ ਦੇ ਹਿੰਦੂ ਘਰ ਵਿਚ ਪਾਂਧੇ ਜਾਂ ਜੋਤਸ਼ੀ ਤੋਂ ਲਿਖਵਾ ਲਈ ਜਾਂਦੀ ਸੀ, ਪਰ ਏਹ ਟੇਵਾ ਜਾਂ ਜਨਮ-ਪਤ੍ਰਾ ਜਨਮ ਦਿਨ ਮਨਾਨ ਦੀ ਗਰਜ਼ ਨਾਲ ਨਹੀਂ ਸੀ ਬਨਵਾਇਆ ਜਾਂਦਾ, ਸਗੋਂ ਵਰਸ਼ਫਲ ਜਾਨਣ ਲਈ, ਵਿਆਹ ਜਾਂ ਹੋਰ ਵਡੇ ਸ਼ੁਭ ਕਾਰਜਾਂ ਵਾਸਤੇ ਲਗਨਵੇਲਾ ਕਢਨ ਲਈ॥ ਗੁਰੂ ਸਾਹਿਬਾਨ ਅਤੇ ਉਹਨਾਂ ਦੇ ਲੜਕਿਆਂ ਦੇ ਜਨਮ ਦੀਆਂ ਤਾਰੀਖ਼ਾਂ ਬਹੁਤ ਕਰਕੇ ਇਹਨਾਂ ਚਲਾਣੇ ਦੀਆਂ ਥਿਤਾਂ ਤੋਂ ਹੀ ਪਿਛੇ ਵਲ ਹਿਸਾਬ ਕਰਕੇ ਕੱਢੀਆਂ ਗਈਆਂ ਹਨ।

ਜੋ ਕੁਝ ਵੀ ਹੋਵੇ, ਸਾਡੇ ਨੁਕਤਾ ਖ਼ਿਆਲ ਤੋਂ ਇਹ ਚਲਾਣੇ ਦੀਆਂ ਥਿਤਾਂ ਦਾ ਪ੍ਰਾਚੀਨ ਬੀੜਾਂ ਦੇ ਪਿਛੇ ਲਿਖੇ ਜਾਣਾ ਬੜਾ ਹੀ ਲਾਭਦਾਇਕ ਸਾਬਤ ਹੋਇਆ ਹੈ। ਅਸੀਂ ਉਹਨਾਂ ਦੀ ਮਦਦ ਨਾਲ ਬੀੜਾਂ ਦੇ ਬਨਣ ਦੀਆਂ ਤਾਰੀਖ਼ਾਂ ਅਤੇ ਵਧਾ ਵਧਾਏ ਜਾਨ ਦੇ ਸੰਮਤ ਕਢ ਸਕੇ ਹਾਂ।

ਸਿਖ ਤਵਾਰੀਖ਼ ਵਿਚ ਤਾਂ ਇਹੋ ਚਲਾਣੇ ਦੀਆਂ ਥਿਤਾਂ, ਪਕੀਆਂ ਬੁਰਜੀਆਂ ਜਾਂ ਬੈਂਚਮਾਰਕ ਸਿਧ ਹੋਈਆਂ ਹਨ। ਜੇ ਕਰ ਚਲਾਣੇ ਦੀਆਂ ਥਿਤਾਂ ਏਸ ਤਰ੍ਹਾਂ ਲਿਖੀਆਂ ਸਾਡੇ ਪਾਸ ਨਾ ਹੁੰਦੀਆਂ, ਤਦ ਸਿਖ ਤਵਾਰੀਖ਼ ਵਿਚ ਬੜੀ ਹੀ ਗੜ ਬੜ ਹੁੰਦੀ। ਇਹਨਾਂ ਦੇ ਹੁੰਦਿਆਂ ਵੀ ਸਿਖ ਇਤਿਹਾਸਕਾਰਾਂ ਅਤੇ ਗੁਰ ਪ੍ਰਣਾਲੀਆਂ ਤਿਆਰ ਕਰਨ ਵਾਲਿਆਂ ਨੇ ਇਹਨਾਂ ਥਿਤਾਂ ਤੋਂ ਹਿਸਾਬ ਨਾਲ ਹੋਰ ਤਾਰੀਖ਼ਾਂ ਕਢਨ ਵਿਚ ਬੜੀਆਂ ਭੁਲਾਂ ਕੀਤੀਆਂ ਹਨ। ਛੇਵੇਂ ਗੁਰੂ ਦੇ ਪਿਛੋਂ ਦਸਵੇਂ ਗੁਰੂ ਦੇ ਵੇਲੇ ਤਕ

---

*ਪੁਰਾਣੇ ਸਮੇਂ ਸਾਡੇ ਵੀ ਬੁਢੀ ਬੁਢਾ ਪੋਤਰੇ ਦਾ ਪੋਤਰਾ ਹੋਣ ਪੁਰ ਸੋਨੇ ਦੀ ਪਉੜੀ ਚੜ੍ਹਦੇ ਸਨ ਪਰ ਇਹ ਸੋਨੇ ਦੀ ਪਉੜੀ ਦਾਨ ਕਿਹ ਦਿਤੀ ਜਾਂਦੀ ਸੀ, ਬੁਢੀ ਬੁਢਾ ਨਹੀਂ ਸਨ ਸਾਂਭ ਲੈਂਦੇ।



Sri Satguru Jagjit Singh Ji Elibrary NamdhariElibrary@gmail.com

ਵਧੀਕ ਗਲਤੀਆਂ ਦਾ ਕਾਰਣ, ਇਹਨਾਂ ਚਲਾਣੇ ਦੀਆਂ ਥਿਤਾਂ ਵਿਚੋਂ ਹੀ ਇਕ ਥਿਤ ਹੋਈ ਹੈ, ਜੋ ਇਕ ਬਚੇ ਦੀ ਹਥੀਂ ਲਿਖੀ ਗਈ ਸੀ। ਇਹ ਥਿਤ ਸੀ ਬਾਬਾ ਗੁਰਦਿਤਾ ਜੀ ਦੇ ਚਲਾਣੇ ਦੀ, ਜਿਸ ਵਿਚ ਬਾਬੇ ਗੁਰਦਿਤੇ ਦਾ ਨਾਮ ਨਹੀਂ ਸੀ ਦਿਤਾ ਗਿਆ, ਖ਼ਾਲੀ 'ਬਾਬਾ ਜੀ' ਲਿਖਿਆ ਸੀ।

ਜੋਤੀਜੋਤ ਸਮਾਣ ਦੀਆਂ ਥਿਤਾਂ ਵਾਂਗ ਹੀ, 'ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ' ਨੇ ਵੀ ਬੜਾ ਕੰਮ ਦਿਤਾ ਹੈ। ਲਿਖਣ ਵਾਲੇ ਨੇ, ਜੋ ਕੋਈ ਵੀ ਉਹ ਸੀ, ਭਾਈ ਪੈੜਾ ਕਿ ਕੋਈ ਭਾਟੜਾ, ਉਸ ਵਿਚ ਇਕ ਦਖਨ ਮਦਰਾਸ ਅਹਾਤੇ ਦੇ ਸ਼ਹਿਰ ਤੰਜੋਰ ਵਿਚ 'ਨਾਯਿਕਾਂ' ਦੇ ਰਾਜ ਹੋਨ ਦਾ ਜ਼ਿਕਰ ਕਰ ਦਿਤਾ ਹੈ, ਅਤੇ ਇਕ 'ਨਾਯਿਕ' ਰਾਜੇ ਦਾ ਨਾਮ ਲਿਆ ਹੈ। ਉਸ ਨੇ ਤਾਂ ਕੋਈ ਸੰਮਤ ਸਾਲ ਨਹੀਂ ਦਿਤਾ, ਪਰ ਅਸੀਂ ਲਭ ਸਕਦੇ ਹਾਂ ਕਿ ਤੰਜੋਰ ਵਿਚ 'ਨਾਯਿਕਾਂ' ਦਾ ਰਾਜ ਕੱਦ ਤੋਂ ਕੱਦ ਤਕ ਰਿਹਾ ਅਤੇ ਜਿਸ ਰਾਜ ਦਾ ਉਸ ਨੇ ਨਾਮ ਲਿਆ ਹੈ, ਉਹ ਕੌਣ ਹੋ ਸਕਦਾ ਹੈ ਅਤੇ ਕਦ ਹੋ ਸਕਦਾ ਹੈ। ਸੋ ਤਾਰੀਖ਼ਾਂ ਤੋਂ ਪਤਾ ਲਗਦਾ ਹੈ ਕਿ ਜਿਸ ਰਾਜੇ ਵਲ ਉਸ ਦਾ ਇਸ਼ਾਰਾ ਹੈ, ਉਹ ਸਨ ੧੬੭੩ (ਸੰਮਤ ੧੭੩੦ ਵਿਚ) ਥੋੜੇ ਚਿਰ ਲਈ ਹੀ ਰਾਜਾ ਸੀ। ਅਤੇ ਇਹ ਸੰਮਤ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਤੋਂ ਦੋ ਵਰ੍ਹੇ ਪਹਿਲੇ ਪੈਂਦਾ ਹੈ। ਜੇ ਅਸੀਂ ਬੜੀ ਹੀ ਖਿਚ ਘਸੀਟ ਕਰੀਏ ਅਤੇ ਅਜਿਹੀਆਂ ਮਨੌਤਾਂ ਮੰਨ ਲਈਏ ਜੋ ਮੰਨਣ ਯੋਗ ਨਹੀਂ, ਤਦ ਅਸੀਂ ਪਿਛੇ ਜਹਾਂਗੀਰ ਦੇ ਅਖ਼ੀਰ ਸਮੇਂ ਜਾਂ ਸ਼ਾਹਜਹਾਨ ਦੇ ਵੇਲੇ ਤਕ ਅਪੜ ਜਾਂਦੇ ਹਾਂ। ਇਹ ਤਾਂ ਰਿਹਾ ਨਾ ਉਹ ਸਾਲ ਜਿਸ ਵਿਚ ਭਾਟੜਾ ਉਧਰ ਗਿਆ; ਇਸ ਸਾਲ ਤੋਂ ਕੁਝ ਚਿਰ ਪਿਛੋਂ ਹੀ ਉਸ ਨੇ ਇਹ ਲਿਖਤ ਲਿਖੀ ਹੋਵੇਗੀ, ਅਤੇ ਕਈ ਵਰ੍ਹੇ ਪਿਛੋਂ ਪ੍ਰਾਚੀਨ ਬੀੜਾਂ ਵਿਚ ਦਰਜ ਅਤੇ ਨਕਲ ਦਰ ਨਕਲ ਹੋਣ ਲਗੀ ਹੋਵੇਗੀ। ਸੋ ਅਸੀਂ ਮੁੜ ਔਰੰਗਜ਼ੇਬ ਦੇ ਸਮੇਂ ਤਕ ਹੀ ਆ ਪਹੁੰਚਦੇ ਹਾਂ। ਫ਼ਰਕ ਖ਼ਾਲੀ ਕੁਝ ਵਰ੍ਹੇ ਏਧਰ ਓਧਰ ਦਾ ਹੀ ਰਹਿ ਜਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

ਹੁਣ ਜਿਥੇ ਜਾਂ ਜਿਸ ਬੀੜ ਵਿਚ ਇਹ ਲਿਖਤ ਹੋਵੇ, ਉਸ ਦੀ ਤਾਰੀਖ਼ ਮੁਕਰਰ ਹੋ ਗਈ। ਪ੍ਰਾਚੀਨ ਬੀੜਾਂ ਵਿਚ ਜੋ ਸੰਮਤ ੧੭੩੨ ਤੋਂ ਪਹਿਲੋਂ ਲਿਖੀਆਂ ਜਾ ਚੁਕੀਆਂ ਸਨ, ਉਹਨਾਂ ਵਿਚ ਇਹ ਲਿਖਤ 'ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ' ਪਿਛੋਂ ਪਾਏ ਵਰਕਿਆਂ ਪੁਰ ਕਿਸੇ ਦੂਜੇ ਬਾਹਰਲੇ ਲਿਖਾਰੀ ਦੀ ਕਲਮ ਦੀ ਲਿਖੀ ਮਿਲਦੀ ਹੈ, ਜਿਸਤੇ ਇਹਨਾਂ ਪਿਛੋਂ ਕੀਤੇ ਵਾਧਿਆਂ ਦੇ ਸੰਮਤ-ਸਾਲ ਦਾ ਸਾਨੂੰ ਪਤਾ ਲਗ ਜਾਂਦਾ ਹੈ। ਅਤੇ ਉਸਦੀ ਤਾਈਦ ਨਾਵੇਂ ਗੁਰੂ ਦੀ ਬਾਣੀ ਦਾ ਦਰਜ ਹੋਣਾ, ਜਾਂ ਉਹਨਾਂ ਦੇ ਚਲਾਣੇ ਦੀ ਥਿੱਤ ਦਾ ਦਿੱਤਾ ਹੋਣਾ ਕਰ ਦੇਂਦੇ ਹਨ।

'ਹਕੀਕਤ ਰਾਹ ਮੁਕਾਮ' ਪੁਰ ਪੂਰੀ ਬਹਿਸ ਮੇਰੀ ਦੂਜੀ ਕਿਤਾਬ 'ਸਾਖੀਆਂ ਦੀ ਹਕੀਕਤ' ਵਿਚ ਕੀਤੀ ਗਈ ਹੈ।

ਰਾਗਮਾਲਾ ਦੇ ਬਣਨ ਦੀ ਤਾਰੀਖ਼ ਵੀ ਸਾਨੂੰ ਮਾਲੂਮ ਹੈ। ਕਰਤਾ ਨੇ ਖ਼ੁਦ ਹੀ ਸਾਲ ੯੯੧ ਹਿਜਰੀ ਮੁਤਾਬਿਕ ਸੰਨ ਈਸਵੀ ੧੫੮੩ ਦੇ ਦਿੱਤਾ ਹੈ, ਅਰਥਾਤ ਜਿਸ ਸਾਲ ਅਕਬਰ ਪਾਤਸ਼ਾਹ ਕਸ਼ਮੀਰ ਗਿਆ ਹੈ ਅਤੇ ਪਿਛੋਂ ਆਕੇ ਚੋਦਹ ਵਰ੍ਹੇ ਸੰਨ ੧੫੯੮ ਤਕ ਲਾਹੌਰ ਨੂੰ ਹੀ ਰਾਜਧਾਨੀ ਬਣਾਈ ਰਖਿਆ ਹੈ। ਰਾਗਮਾਲਾ ਬਾਬਾ ਮੋਹਨ ਵਾਲੀਆਂ ਪੋਥੀਆਂ ਵਿਚ ਨਹੀਂ ਹੋ ਸਕਦੀ ਕਿਉਂਕਿ ਇਹ ਬਣੀ ਹੀ ਪਿਛੋਂ ਹੈ। ਅਤੇ ਜਾਂ ਦੂਜੀ ਪੋਥੀ ਸੰਮਤ ੧੬੪੧ ਦੇ ਕਰੀਬ ਮੁਕੀ।

ਇਹਨਾਂ ਚੋਦਾਂ ਵਰ੍ਹਿਆਂ ਦੇ ਅੰਦਰ ਹੀ ਕਿਸੇ ਸਾਲ ੧੫੯੫ ਦੇ ਲਗ ਪਗ ਕਿਸੇ ਮੁਸਲਮਾਨ ਫ਼ਕੀਰ ਨੇ, ਇਮਾਮ ਅਲਗ਼ਜ਼ਾਲੀ ਦੇ ਰਸਾਲੇ 'ਨਸੀਹਤੁ-ਉਲ-ਮਲੂਕ' ਦਾ ਖ਼ੁਲਾਸਾ ਪੰਜਾਬੀ ਛੰਤਾਂ ਵਿਚ ਲਿਖਕੇ ਉਸਦਾ ਨਾਮ 'ਪੰਦ-ਨਾਮ' ਜਾਂ 'ਨਸੀਹਤ ਨਾਮਾ ਕਾਨੂੰ' ਰਖਿਆ। ਇਸ ਪੁਰ ਭੀ ਅਸਾਂ 'ਸਾਖੀਆਂ ਦੀ ਹਕੀਕਤ' ਵਿਚ ਬਹਿਸ ਕੀਤੀ ਹੈ।

'ਜਿਤ ਦਰ ਲਖ ਮੁਹਮਦਾ' ਅਤੇ 'ਬਾਦਿ ਆਤਿਸ਼ ਆਬ' ਵਾਲੇ ਸਲੋਕ ਇਹ ਦੋਵੇਂ ਬਾਬਾ ਮੋਹਨ ਵਾਲੀਆਂ ਪੋਥੀਆਂ ਵਿਚ ਸਨ,



Sri Satguru Jagjit Singh Ji Elibrary NamdhariElibrary@gmail.com

ਅਤੇ ਉਥੋਂ ਹੀ ਲੈਕੇ ਪ੍ਰਾਚੀਨ ਬੀੜਾਂ ਦੇ ਲਿਖਾਰੀਆਂ ਨੇ ਆਪਣੀਆਂ ਬੀੜਾਂ ਵਿਚ ਦਰਜ ਕੀਤੇ ਸਨ।

ਹਜ਼ਰਤ ਮੁਹਮਦ ਸਾਹਿਬ ਭਾਵੇਂ ਆਪਣੇ ਆਪ ਨੂੰ ਖ਼ੁਦਾ ਦਾ ਬੰਦਾ ਜਾਣਦੇ ਸਨ, ਪਰ ਨਾਲ ਹੀ ਆਪਣੇ ਆਪ ਨੂੰ ਨਬੀ ਜਾਂ ਰਸੂਲ ਅਤੇ ਖ਼ਾਤਿਮ-ਉਲ-ਮੁਰਸਲੀਨ ਦਸਦੇ ਸਨ। ਮੁਸਲਮਾਨਾਂ ਲਈ ਓਹ ਜ਼ੁਬਤ-ਉਲ-ਕਾਇਨਾਤ, ਸਰਵਰੇ ਦੋ ਆਲਮ, ਖ਼ਤਮੀ ਮਰਤਬਤ, ਸ਼ਹਿਨਸ਼ਾਹ ਕੌਨੀਨ ਰਸੂਲੇ ਮਕਬੂਲ, ਫ੍ਰਿਸ਼ਤਿਆਂ ਵਿਚੋਂ ਬਰਗੁਜ਼ੀਦਾ ਅਤੇ ਚੋਟੀ ਪੁਰ ਹਨ, ਓਹਨਾਂ ਲਈ

'ਹਰ ਗੁਲ ਮੇਂ ਹਰ ਸ਼ਜਰ ਮੇਂ ਮੁਹਮਦ ਕਾ ਨੂਰ ਹੈ।'

ਐਸੀ ਉਚੀ ਹਸਤੀ ਨੂੰ ਲਖਾਂ ਵਿਚੋਂ ਇਕ ਬਨਾਣਾ ਅਤੇ 'ਲਖ ਮੁਹਮਦਾ' ਲਿਖਣਾ, ਹਜ਼ਰਤ ਮੁਹਮਦ ਦੀ ਨਿਰਾਦਰੀ ਹੈ॥ ਹੇਠਲੀਆਂ ਮਾਮੂਲੀ ਜਿਹੀਆਂ ਸਤਰਾਂ ਪੁਰ ਬਾਬਾ* ਰਾਮ ਰਾਇ ਦੇ ਸਾਥੀਆਂ ਨੂੰ ਬਾਣੀ ਨੂੰ ਥੋੜਾ ਬਦਲਕੇ ਪੜ੍ਹਨ ਦੀ ਲੋੜ ਪਈ ਸੀ :-

'ਮਿਟੀ ਮੁਸਲਮਾਨ ਦੀ ਪੇੜੇ ਪਈ ਘੁਮਿਆਰ।<br>
ਘੜ ਭਾਂਡੇ ਇਟਾਂ ਕੀਆਂ ਜਲਤੀ ਕਰੇ ਪੁਕਾਰ।'

ਇਹਨਾਂ ਦੋ ਸਤਰਾਂ ਵਿਚ ਇਕ ਮਾਮੂਲੀ ਗਲ ਆਖੀ ਸੀ, ਜਿਸ ਦੇ ਸਚ ਮਨਣ ਤੋਂ ਮੁਸਲਮਾਨਾਂ ਨੂੰ ਵੀ ਇਨਕਾਰ ਨਹੀਂ ਸੀ ਹੋ ਸਕਦਾ, ਪਰ ਅਸਲ ਵਿਚ ਇਹ ਇਕ ਇਸਲਾਮੀ ਵਿਸ਼ਵਾਸ਼ ਦਾ ਖੰਡਨ ਸੀ, ਭਾਵੇਂ ਸਿਹਾ ਜਾ ਸਕਦਾ ਸੀ। ਪ੍ਰੰਤੂ ਮੁਸਲਮਾਨਾਂ ਦੇ ਰਾਜ ਸਮੇਂ 'ਲਖ ਮੁਹਮਦਾ' ਨੂੰ ਬਹੁਤ ਥੋੜੇ ਠੰਡੇ ਜਿਗਰੇ ਨਾਲ ਸੁਣ ਸਕਦੇ ਸਨ, ਭਾਵੇਂ ਅੱਲਾਹ ਦੇ ਦਰ ਦਾ ਹੀ ਜ਼ਿਕਰ ਕਿਉਂ ਨਾ ਹੋ ਰਿਹਾ ਹੋਵੇ।

ਨਾਲ ਹੀ 'ਲਖ ਬ੍ਰਹਮੇ ਬਿਸ਼ਨ ਮਹੇਸ਼, ਲਖ ਲਖ ਰਾਮ' ਆਦਿਕ

---

*ਬਾਬਾ ਰਾਮਰਾਇ ਦੀ ਉਮਰ ਉਸ ਵੇਲੇ ਸਤ ਅਠ ਵਰ੍ਹੇ ਤੋਂ ਵਧੀਕ ਨਹੀਂ ਹੋ ਸਕਦੀ।



Sri Satguru Jagjit Singh Ji Elibrary NamdhariElibrary@gmail.com

ਕਹਿਕੇ, ਹਿੰਦੂਆਂ ਦੇ ਦੇਵੀ ਦੇਵਾਂ ਅਤੇ ਅਵਤਾਰਾਂ ਦੀ ਵੀ ਨਿਰਾਦਰੀ ਕੀਤੀ ਸੀ। ਸੋ ਕੋਈ ਅਜਬ ਨਹੀਂ ਕਿ ਬ੍ਰਾਹਮਣਾਂ ਅਤੇ ਪਕੇ ਹਿੰਦੂਆਂ ਨੇ ਇਹੋ ਜਿਹੇ ਸ਼ਲੋਕ ਸੁਣਾਕੇ ਹੀ ਰਾਜਾ ਬੀਰਬਲ ਪਾਸ ਸ਼ਿਕਾਇਤ ਕੀਤੀ ਹੋਵੇ, ਜਿਸ ਨੇ ਅਗੋਂ ਬਾਦਸ਼ਾਹ ਦੇ ਕੰਨ ਭਰੇ ਕਿ ਸਿਖਾਂ ਦੀਆਂ ਪੋਥੀਆਂ ਵਿਚ ਮੁਸਲਮਾਨਾਂ ਅਤੇ ਹਿੰਦੂਆਂ ਦੇ ਬਜ਼ੁਰਗਾਂ ਦੀ ਨਿਰਾਦਰੀ ਕੀਤੀ ਹੈ ਅਤੇ ਉਹਨਾਂ ਦੇ ਇਹਤਕਾਦਾਂ ਦੀ ਤਰਦੀਦ। ਇਹੋ ਵਜਹ ਜਾਪਦੀ ਹੈ ਕਿ ਜਦ ਗੁਰੂ ਅਰਜਨ ਦੇਵ ਨੇ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਤਦ ਇਸ ਸ਼ਬਦ ਨੂੰ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਕੀਤਾ। ਨਹੀਂ ਤਾਂ ਹੋਰ ਕੋਈ ਵਜਹ ਇਹਨਾਂ ਸਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਨਾ ਮੰਨਣ ਦੀ ਨਹੀਂ ਹੋ ਸਕਦੀ ਸੀ। ਇਹ ਸ਼ਬਦ ਠੀਕ ਸਿਖੀ ਦੇ ਆਸ਼ੇ ਅਨੁਸਾਰ ਹੈ। ਹਾਂ ਏਸ ਦੀ ਪੁਰ ਜ਼ੋਰ ਇਬਾਰਤ ਅਤੇ ਏਸਦਾ ਖੰਡਨ-ਆਤਮਕ ਹੋਣਾ ਇਸਨੂੰ ਗੁਰੂ ਨਾਨਕ ਸਾਹਿਬ ਦੀ ਪਹਿਲੀ ਅਵਸਥਾ ਦੀ ਰਚਨਾ ਪ੍ਰਗਟ ਕਰਦਾ ਹੈ। ਏਸਦੀ ਸਿਧੀ ਠੇਠ ਪੰਜਾਬੀ ਬੋਲੀ ਵੀ ਇਹੋ ਕੁਝ ਦਸਦੀ ਹੈ। ਇਸ ਸ਼ਬਦ ਦੇ ਤਿੰਨ ਬੰਦ ਹਨ। ਵਿਚਲਾ ਬੰਦ ਗੁਰੂ ਨਾਨਕ ਸਾਹਿਬ ਦੇ ਨਾਮ ਹੇਠਾਂ ਗ੍ਰੰਥ ਸਾਹਿਬ ਵਿਚ ਦਿੱਤਾ ਹੋਇਆ ਹੈ। ਪ੍ਰਤਖ ਹੈ ਕਿ ਏਸ ਸ਼ਬਦ ਦੇ ਤਿੰਨੇ ਬੰਦ ਜਾਂ ਇਹ ਸਾਰਾ ਸ਼ਬਦ ਹੀ ਗੁਰੂ ਅਰਜਨ ਦੇਵ ਦੇ ਸਾਹਮਣੇ ਮੌਜੂਦ ਸੀ। ਇਕ ਬੰਦ ਚੁਣ ਲੈਣਾ ਅਤੇ ਬਾਕੀ ਦੋ ਨੂੰ ਛਡ ਦੇਣਾ ਸਾਬਤ ਕਰਦਾ ਹੈ ਕਿ ਇਹ ਦੋ ਬੰਦ ਜਾਣ ਬੁਝਕੇ ਛਡੇ ਗਏ ਸਨ। ਜੋ ਬੰਦ ਗ੍ਰੰਥ ਸਾਹਿਬ ਵਿਚ ਦਿੱਤਾ ਹੈ, ਉਸਦੇ ਲਫ਼ਜ਼ ਗੁਰੂ ਨਾਨਕ ਸਾਹਿਬ ਦੀ ਅਵਸਥਾ ਨੂੰ ਸਾਫ਼ ਦਸ ਰਹੇ ਹਨ। ਆਪ ਹਾਲੇ ਸ਼ਾਇਰ ਹੀ ਸਨ, ਅਤੇ ਉਹਨਾਂ ਦੇ ਹੋਰ ਆਮ ਹਿੰਦੂ ਮੁਸਲਮਾਨਾਂ ਨਾਲੋਂ ਵਖਰੇ ਖ਼ਿਆਲਾਂ ਨੂੰ ਸੁਣਕੇ, ਉਹਨਾਂ ਦੇ ਘਰ ਵਾਲੇ ਤੇ ਦੂਸਰੇ ਲੋਕੀ ਉਹਨਾਂ ਨੂੰ ਬਕਵਾਸੀ, ਬੇਅਕਲ, ਸੋਗੀ, ਕੁਰਾਹੀਆ ਆਦਿ ਨਾਮ ਦੇਂਦੇ ਸਨ। ਲਿਖਿਆ ਹੈ :-

ਏਸ ਕਲੀਉ ਪੰਜ ਭੀਤੀਉ, ਕਿਉ ਕਰ ਰਖਾਂ ਪਤਿ।



Sri Satguru Jagjit Singh Ji Elibrary NamdhariElibrary@gmail.com

ਜੇ ਬੋਲਾਂ ਤਾਂ ਆਖੀਐ, ਬੜ ਬੜ ਕਰੇ ਬਹੁਤੁ ।
ਚੁਪ ਕਰਾਂ ਤਾਂ ਆਖੀਐ, ਇਤੁ ਘਟ ਨਾਹੀ ਮਤੁ ।
ਜੇ ਬਹ ਰਹਾਂ ਆਖੀਐਂ, ਬੈਠ ਸਥਰੁ ਘਤਿ ।
ਉਠਿ ਜਾਈਂ ਤਾਂ ਆਖੀਐਂ, ਛਾਰੁ ਗਇਆ ਸਿਰ ਘਤਿ ।
ਜੇ ਨਿਵਾਂ ਤਾਂ ਆਖੀਐਂ, ਡਰਦਾ ਕਰੇ ਭਗਤਿ ।
ਕਾਈ ਗਲ ਨ ਸੇਵਣੀ, ਜਿਥੈ ਕਢਾਂ ਝਤਿ ।
ਏਥੈ ਓਥੈ ਨਾਨਕਾ ! ਕਰਤਾ ਰਖੈ ਪਤਿ ॥ ੨ ॥

ਏਸ ਵੇਲੇ ਦੀ ਗੁਰੂ ਸਾਹਿਬ ਦੇ ਮਨ ਦੀ ਦਸ਼ਾ ਕਿਹੀ ਸੋਹਣੀ ਤਰ੍ਹਾਂ ਵਿਖਾਈ ਹੈ । ਕਿਨੀ ਚੰਗੀ ਕਵਿਤਾ ਹੈ। ਬੋਲੀ ਗੁਰੂ ਨਾਨਕ ਦੀ,ਲਿਖਣ-ਸ਼ੈਲੀ ਗੁਰੂ ਨਾਨਕ ਦੀ, ਖ਼ਿਆਲ ਗੁਰੂ ਨਾਨਕ ਦੇ । ਤਾਂਤੇ ਮੈਂ ਏਸ ਸਾਰੇ ਸ਼ਬਦ ਨੂੰ ਗੁਰੂ ਨਾਨਕ ਸਾਹਿਬ ਦੀ ਆਪਣੀ ਰਚਨਾ ਮੰਨਦਾ ਹਾਂ ।

'ਗੋਸ਼ਟ ਮਲਿਆਰ ਨਾਲ ਹੋਈ' ਵਿਚ ਇਕ ਮੁਸਲਮਾਨ ਅਰਾਈਂ ਨੂੰ ਉਪਦੇਸ਼ ਹੈ, ਸੋ ਮੁਸਲਮਾਨੀ ਬੋਲੀ ਵਰਤੀ ਹੈ, ਅਤੇ ਦੋਜ਼ਖ ਦੀ ਡਾਢੀ ਭਯਾਨਕ ਤਸਵੀਰ, ਫ਼ਰੀਦ ਆਦਿ ਮੁਸਲਮਾਨਾਂ ਦੇ ਲਫ਼ਜ਼ਾਂ ਵਿਚ, ਖਿਚੀ ਹੈ, ਪਰ ਅੰਦਰਖ਼ਾਨੇ ਮੁਸਲਮਾਨੀ ਵਿਸ਼ਵਾਸ਼ਾਂ ਦਾ ਖੰਡਨ ਹੈ । ਉਪਰਲੇ ਸ਼ਬਦ ਵਾਂਗ ਇਹ ਸ਼ਬਦ ਭੀ ਖੰਡਨ-ਆਤਮਕ ਹੈ, ਅਤੇ ਉਸੇ ਸਮੇਂ ਦੀ ਰਚਨਾ ਹੈ । ਜ਼ਰਾ ਹੇਠਲੀਆਂ ਕੁਝ ਸਤਰਾਂ ਨੂੰ ਜੋ ਦੋ ਬੰਦਾਂ ਵਿਚੋਂ ਲਈਆਂ ਹਨ, ਵਿਚਾਰੋ :—

ਪੁਛੈ ਚਾਰੇ ਬੇਦ ਮੈਂ, ਲੇਖੈ ਅੰਤ ਨ ਪਾਇ ।
ਚਾਰ ਕਤੇਬਾਂ ਪੁਛੀਆਂ ਕੀਮਤ ਕਹਣ ਨ ਜਾਇ ।
ਨਵ ਖੰਡ ਪੁਛੈ ਮੇਦਨੀ, ਇਕਦੂ ਇਕ ਚੜ੍ਹਾਉ ॥
ਸ਼ਾਇਰ ਸਭ ਢੰਢੋਲਿਆ ਬੋਹਥੁ ਦਿਲ ਦਰਿਆਉ ॥ ੧ ॥
ਬ੍ਰਹਮਾ ਆਇ ਨ ਆਖਸੀ; ਵੇਦ ਪੜ੍ਹੇ ਮੁਖ ਚਾਰਿ ।
ਕ੍ਰਿਸ਼ਨ ਕਿਸੈਦਾ ਬਪੁੜਾ, ਜਿ ਹੁਕਮਿ ਲਏ ਅਉਤਾਰੁ ।
ਸ਼ਿਵ ਸਾਲਾਹਿਨਿ ਦਰ ਖੜੇ ਦੇਵੀ ਦੇਵ ਅਸੰਖਾ ॥



Sri Satguru Jagjit Singh Ji Elibrary NamdhariElibrary@gmail.com

ਅਪੁਠਾ ਹੋਇ-ਤਾ ਭੁਰਿ ਮਰਾਂ, ਸਚ ਸਦਾ ਬਖਸ਼ੰਦ ॥੧੬॥

ਏਸ ਬਾਣੀ ਨੂੰ ਗ੍ਰੰਥ ਸਾਹਿਬ ਵਿਚ ਨਾ ਚਾਹੜਨ ਦੀ ਵਜਾ ਓਹੀ ਹੋਈ ਹੈ। ਜਿਸ ਤਰ੍ਹਾਂ 'ਲਿਖਾਰੀਆਂ' ਨੇ ਪਿਛੋਂ ਗ੍ਰੰਥ ਸਾਹਿਬ ਦੇ ਬਨਨ ਤੋਂ ਥੋੜਾ ਚਿਰ ਈ ਬਾਅਦ, ਏਸਨੂੰ ਪ੍ਰਾਚੀਨ ਬੀੜਾਂ ਵਿਚ ਦਰਜ ਕਰ ਲਿਆ, ਉਸੇ ਤਰ੍ਹਾਂ ਪ੍ਰਾਨ ਸੰਗਲੀ ਦੇ ਕਰਤਾ ਨੇ ਆਪਣੀ ਰਚਨਾਂ ਵਿਚ ਏਸਨੂੰ ਇਕੀਹਵਾਂ ਧਿਆਇ ਬਣਾਇਆ, ਅਤੇ ਏਸ ਧਿਆਏ ਦਾ ਨਾਮ 'ਜੀਵ ਨਸੀਹਤ ਕਰਣ' ਰਖਿਆ। ਮੈਂ ਇਹਨਾਂ ਸਲੋਕਾਂ ਨੂੰ ਵੀ ਗੁਰੂ ਨਾਨਕ ਸਾਹਿਬ ਦੀ ਸਹੀ ਰਚਨਾ ਮੰਨਦਾ ਹਾਂ।

ਪ੍ਰਾਨ ਸੰਗਲੀ ਦੇ ਕਰਤਾ ਨੇ ਰਤਨਮਾਲਾ ਨੂੰ ਭੀ ਆਪਣੀ ਕਿਤਾਬ ਦਾ ਉਨੀਸਵਾਂ ਧਿਆਏ ਬਨਾਇਆ ਹੈ, ਅਤੇ ਨਾਮ ਰਤਨਮਾਲਾ ਹੀ ਕਾਇਮ ਰਖਿਆ ਹੈ। ਪਰ ਪਾਠ ਦਾ ਬਹੁਤ ਫ਼ਰਕ ਹੈ। ਪ੍ਰਾਚੀਨ ਬੀੜਾਂ ਦੇ ਪਿਛੇ ਜਿਸ ਤਰ੍ਹਾਂ ਇਹ ਰਤਨ ਮਾਲਾ ਦਿੱਤੀ ਹੁੰਦੀ ਹੈ ਉਸ ਵਿਚ ੨੫ ਬੰਦ ਜਾਂ stanzas ਹਨ, ਪ੍ਰਾਨਸੰਗਲੀ ਵਿਚ ਕਿਤੇ ਵਧੀਕ ਹਨ, ਅਤੇ ਰਤਨ ਮਾਲਾ ਦੇ ਕੁਝ ਬੰਦ ਛੱਡ ਭੀ ਦਿਤੇ ਹਨ। ਇਹ 'ਛੋਟੀ ਰਤਨ ਮਾਲਾ' ਹੈ। ਪ੍ਰਾਣ ਸੰਗਲੀ ਵਿਚ ਇਕ ਹੋਰ ਲਮਾਂ ਧਿਆਇ ਹੈ, ਜਿਸਨੂੰ 'ਵਡੀ ਰਤਨਮਾਲਾ' ਕਿਹਾ ਹੈ।

ਪ੍ਰਾਨ ਸੰਗਲੀ ਦੇ ਕਥਨ ਮੂਜਬ ਇਹ ਰਤਨਮਾਲਾ ਪਹਿਲੀ ਪਾਤਸ਼ਾਹੀ ਨੇ ਗੋਰਖਨਾਥ ਅਤੇ ਭਰਥਰੀ ਦੀ ਬੇਨਤੀ ਪੁਰ ਰਚੀ ਸੀ। ਸੋ ਏਸਦਾ ਜਾਅਲੀ ਹੋਣਾ ਅਤੇ ਖ਼ੁਦ ਪ੍ਰਾਣ ਸੰਗਲੀ ਦਾ ਪਾਖੰਡ, ਏਤਨੀ ਗਲ ਤੋਂ ਹੀ ਪ੍ਰਗਟ ਹੋ ਗਿਆ। ਨਾ ਬੋਲੀ ਗੁਰੂ ਨਾਨਕ ਦੀ ਨਾ ਈ ਖ਼ਿਆਲ। ਅਤੇ ਨਾ ਹੀ ਨਾਨਕ 'ਨਿਰੰਕਾਰੀ' ਅਜਿਹੇ ਫ਼ਜ਼ੂਲ ਹਠ-ਯੋਗ ਦੇ ਅਮਲਾਂ ਦੀ ਸਿਖਿਆ ਦੇ ਸਕਦੇ ਸਨ, ਜੋ ਇਸ ਵਿਚ ਦਿੱਤੀ ਹੈ। ਨਮੂਨੇ ਲਈ ਕੁਝ ਸਤਰਾਂ ਹੇਠਾਂ ਦੇਂਦੇ ਹਾਂ:—

ਕੋਟ ਕਟੰਤਰਿ ਤਤ ਕਾ ਬੇਤਾ।
ਗਗਨ ਮੰਡਲ ਮਹਿ ਰਾਖੈ ਚੇਤਾ॥



Sri Satguru Jagjit Singh Ji Elibrary NamdhariElibrary@gmail.com

ਸਿੰਚ ਪਿਆਲ ਗਗਨ ਸਰਿ ਭਰੈ।
ਜਾਇ ਤ੍ਰਿਬੇਣੀ* ਮਜਨ ਕਰੈ॥
ਸਤ ਪੰਚ ਨਉਂ† ਲਗਾ ਰਖਨ।
ਨਾਨਕ ਕਹੈ ਜੋਗ ਕੇ ਲਖਣ॥ ੪ ॥
ਪੂਰਬ ਚੜ੍ਹ ਹੈ ਪਸਚਿਮ ਆਵੈ।
ਰਵਿ ਸਸਿ ਦੁਹਾ ਇਕਤ੍ਰ ਮਿਲਾਵੈ॥
ਅਹਟ ਪਟਨ ਕੀ ਚੀਨੈ ਬਾਟ।
ਤਾ ਪਰਿ ਬੂਝੈ ਅਉਘਟ ਘਾਟ॥
ਨਉ ਖੰਡ ਦੇਖੈ‡ ਪੂਰਬ ਪਛਮ ਉਤ੍ਰ ਦਖਣ।
ਨਾਨਕ ਕਹੈ ਜੋਗ ਕੇ ਲਖਣ॥ ੫ ॥
ਸਤ ਸਤਾਈ ਚਉਦਹ §ਚਾਰਿ।
ਤਾਕੈ ਆਗੈ ਖੜੇ ਦੁਆਰ।
ਪ੍ਰਥਮੇ ਪੂਰਬਿ ਗਉਣ ਕਰੈ।
ਦੁਤੀਆਂ ਦਖਣ ਕਉ ਦ੍ਰਿਸਟਿ ਧਰੈ॥
ਪਛਮ ਤੇ ਚੜ੍ਹੈ ਸੁਮੇਰਿ।
ਆਵੈ ਪਰਿਦਛਨ ਕੈ ਫੇਰਿ॥
ਪਰੀਆਂ ਸਾਤ ਉਪਰਿ ਕਉਲਾਸਣ।
ਤਿਥੈ ਪਾਰਬ੍ਰਹਮ ਕਾ ਆਸਣੁ॥
ਗਗਨ ਮੰਡਲ ਗਉ ਜਿਨਹ ਹੋਈ।
ਨਾਨਕ ਕਹੈ ਉਦਾਸੀ ਸੋਈ॥ ੧੨ ॥
ਪਰ ਘਰ ਜਾਇ ਨਾ ਕੀਜੈ ਕਥ।
ਇਹ ਹੈ ਸਤਿਗੁਰ ਕੀ ਨਥ¶॥

---

*ਪ੍ਰਾਣਾਯਾਮ ਕਰਨ ਦੀ ਸਿਖਿਆ ਹੈ। †ਯੋਗ ਦਰਸ਼ਨ ਦੇ ੨੧ ਤਤਵ। ‡ਸਦਾ ਵਿਚਰਦਾ ਰਹੇ। §ਬਾਵਨ ਬੀਰ। ¶ਕਈ ਉਦਾਸੀ ਸਾਧੂ ਜਹਾਲਤ ਕਰਕੇ ਇੰਦ੍ਰੀ ਵਸ ਕਰਨ ਲਈ ਲਿੰਗ ਨੂੰ ਨੱਥ ਦੇਂਦੇ ਸਨ, ਕਈ ਹੋਰ ਛੱਲੇ ਕੜ੍ਹਾ ਛਡਦੇ ਸਨ। ਉਸ ਗਲ ਵਲ ਇਸ਼ਾਰਾ ਹੈ। ਇਹ ਪਾਠ ਫੇਰ ਅਗੇ ਜਾਕੇ ਦੁਹਰਾਈ ਹੈ।



Sri Satguru Jagjit Singh Ji Elibrary NamdhariElibrary@gmail.com

ਬੈਰਾਗੀ ਸੋ ਜੋ ਥੈ ਮਹਿ ਆਵੈ ।
ਸਿਵ ਕੈ ਆਗੈ ਸਕਤਿ ਨਿਵਾਵੈ ॥
ਅਜਰੁ ਵਸਤੁ ਅਗੋਚਰ ਜਰੈ ॥
ਤਾਮਸ ਤ੍ਰਿਸਨਾ ਮਨ ਮਹ ਤਿਆਗੀ ।
ਨਾਨਕ ਕਹੈ ਸੋਈ ਬੈਰਾਗੀ ॥ ੨੫ ॥ ੧ ॥

ਸਾਫ਼ ਤੌਰ ਤੇ ਇਹ ਰਤਨਮਾਲਾ ਕਿਸੇ ਉਦਾਸੀ ਸਾਧੂ ਦੀ ਲਿਖੀ ਹੈ ਜੋ ਹਠ-ਯੋਗੀਆਂ ਅਤੇ ਸ਼ਾਕਤਾਂ ਦੇ ਢਹੇ ਚੜ੍ਹ ਗਿਆ ਸੀ। ਅਤੇ ਲਿਖੀ ਭੀ ਉਸਨੇ ਇਹ ਰਤਨ ਮਾਲਾ ਤੋਰਕੀ ਅਖਰਾਂ ਵਿਚ । ਪਰ ਪ੍ਰਾਚੀਨ ਬੀੜਾਂ ਦੇ ਲਿਖਾਰੀਆਂ ਨੇ ਏਸ ਵਿਚ ਕੀ ਡਿੱਠਾ ਜੋ ਗ੍ਰੰਥ ਸਾਹਿਬ ਦੇ ਪਿਛੇ ਦਰਜ ਕਰ ਦਿੱਤਾ, ਮੈਂ ਨਹੀਂ ਕਹਿ ਸਕਦਾ । ਸ਼ਾਇਦ ਇਹ ਭੀ ਪੋਥੀਆਂ ਵਿਚ ਦਰਜ ਸੀ* ।

ੴ ਸਤਿਗੁਰ ਪ੍ਰਸਾਦਿ ॥

## ਸਲੋਕ ਮਹਲਾ ੧ ॥

ਜਿਤੁ ਦਰ ਲਖ ਮੁਹੰਮਦਾ, ਲਖ ਬ੍ਰਹਮੇ ਬਿਸ਼ਨ ਮਹੇਸ਼ ।
ਲਖ ਲਖ ਰਾਮ ਵਡੀਰੀਅਹਿ, ਲਖ ਰਾਹੀਂ ਲਖ ਵੇਸ ।
ਲਖ ਲਖ ਉਥੈ ਜੱਤੀਆ, ਤੇ ਸਨਿਆਸੀਆਂ ।
ਲਖ ਲਖ ਉਥੈ ਗੋਰਖਾਂ, ਲਖ ਲਖ ਨਾਥਾਂ ਨਾਥ ।
ਲਖ ਲਖ ਉਥੈ ਆਸਨਾ, ਗੁਰ ਚੇਲੇ ਰਹ ਰਾਸਿ ।
ਲਖ ਲਖ ਦੇਵੀ ਦੇਵਤੇ, ਦਾਨੂ ਲਖ ਨਿਵਾਸ ।
ਲਖ ਪੀਰ ਪਿਕੰਬਰ ਅਉਲੀਐ, ਲਖ ਕਾਜ਼ੀ ਮੁਲਾ ਸ਼ੇਖ ।

---

* 'ਪ੍ਰਾਣ ਸੰਗਲੀ', 'ਸਿੰਘਲਾਦੀਪ ਕੀ ਸਾਖੀ' ਅਤੇ 'ਹਕੀਕਤ ਰਾਹ ਮੁਕਾਮ' ਪੁਰ ਜੋ ਤਿੰਨੇ ਆਪੋ ਵਿਚ ਸਬੰਧਤ ਹੈ, 'ਸਾਖੀਆਂ ਦੀ ਹਕੀਕਤ' ਵਿਚ ਅਸਾਂ ਪੂਰੀ ਬਹਿਸ ਕੀਤੀ ਹੈ ।



Sri Satguru Jagjit Singh Ji Elibrary NamdhariElibrary@gmail.com

ਕਿਸੇ ਸਾਂਤ ਨ ਆਈਆ, ਬਿਨ ਸਤਿਗੁਰ ਕੇ ਉਪਦੇਸ ।
ਸਾਧਕ ਸਿਧ ਅਗਨਤ ਹੈ, ਕੇਤੇ ਲਖ ਅਪਾਰ ।
ਏਤੜਿਆਂ ਅਪਵਿਤੁ ਹੈ, ਬਿਨ ਸਤਿਗੁਰ ਕੇ ਸ਼ਬਦ ਵਿਚਾਰ ।
ਸਿਰ ਨਾਥਾਂ ਕੇ ਏਕ ਨਾਥੁ, ਸਤਿਨਾਮ ਕਰਤਾਰੁ ।
ਨਾਨਕ ਤਾ ਕੀ ਕੀਮਤ ਨ ਪਵੈ ਬੇਅੰਤ ਬੇਸ਼ੁਮਾਰ ॥ ੧ ॥
ਏਸ ਕਲਿਉ ਪੰਜ ਛੀਤੀਰੁ, ਕਿਉਂਕਰ ਰਖਾਂ ਪਤਿ ।
ਜੇ ਬੋਲਾਂ ਤਾਂ ਆਖੀਐ, ਬੜ ਬੜ ਕਰੇ ਬਹੁਤੁ ।
ਚੁਪ ਕਰਾਂ ਤਾਂ ਆਖੀਐ, ਇਤੁ ਘਟਿ ਨਾਹੀਂ ਮਤੁ ।
ਜ ਬਹ ਰਹਾਂ ਆਖੀਐਂ, ਬੈਠਾ ਸਥਰੁ ਘਤਿ ।
ਉਠਿ ਜਾਈ ਤਾਂ ਆਖੀਐ, ਛਾਰੁ ਗਇਆ ਸਿਰ ਘਤਿ ।
ਜੇ ਨਿਵਾਂ ਤਾਂ ਆਖੀਐਂ, ਡਰਦਾ ਕਰਦੇ ਭਗਤਿ ।
ਕਾਈ ਗਲ ਨ ਸੇਵਣੀ ਜਿਥੇ ਕਢਾਂ ਝਤਿ ।
ਏਥੈ ਓਥੈ ਨਾਨਕਾ ਕਰਤਾ ਰਖੈ ਪਤਿ ॥੨॥
ਦਿਸ਼ਟਿ ਨ ਰਹੀ ਨਾਨਕਾ ਰਹਿਆ ਵਾਰਿ ਵਰਜਿ ।
ਦਿਸਟਿ ਵਿਚਾਰੀ ਕਿਆ ਕਰੇ ਖਾਦਾ ਲੋੜੇ ਰਜਿ ।
ਰਜਿ ਖਾਉਂ ਜੇ ਪੰਜਾ ਮਾਰੈ ਗੁਰਮੁਖ ਰਹੈ ਸਹਜਿ ।
ਭਰਿਆ ਭਾਂਡਾ ਉਛਲੈ ਭੈ ਵਿਚ ਰਖਹੁ ਕਜਿ ।
ਸਾਹਿਬ ਦੇ ਦਰਿ ਅਛਾ ਪੁਣੀਐ ਛੁਟਹੁਗੇ ਕਿਤੁ ਪਸਿ ।
ਘਣੀ ਨਿਪਗਿ ਨਾਨਕਾ ਛਿੰਝ ਪਈ ਦੂਵਜਿ ॥੩॥

ੴ ਸਤਿਗੁਰ ਪ੍ਰਸਾਦਿ ।

ਸਲੋਕ ਮਹਲੇ ਪਹਿਲੇ ਕੇ ॥ ੧ ॥

ਗੋਸ਼ਟ ਮਲਾਰ ਨਾਲ ਹੋਈ ।

ਬਾਇ ਆਤਿਸ਼ ਆਬ ਖਾਕ ਇਨਾ ਜਾਤੀ ਬਖ਼ਸੀ ।
ਉਮਤਿ ਪੈਦੇ ਪੰਜਿ ਟੋਲ ਹਦਰਬ ਪਾਕ ਖੁਦਾਇ ।



Sri Satguru Jagjit Singh Ji Elibrary NamdhariElibrary@gmail.com

ਜੇਕਰ ਵੱਡੀ ਛਾਲ ਦੇਇ ਭੀ ਫਿਰ ਧਰਤੀ ਪਾਹਿ।
ਜੇਕਰ ਉਡੇ ਪੰਖਣੁ ਪਾਣੀ ਪਉਣ ਰਜਾਇ।
ਸੋ ਕਿਸੁ ਜੇਵਡੁ ਆਖੀਐ ਕਿਸ ਨੋ ਪੁਛਾ ਜਾਇ।
ਵਡੀ ਵਡਾ ਵਡੁ ਮੇਦਨੀ ਹਉਮੈ ਕਰਿ ਕਰਿ ਰਜਾਇ।
ਪੁਛੈ ਚਾਰੇ ਬੇਦ ਮੈ ਲੇਖੈ ਅੰਤੁ ਨ ਪਾਇ।
ਚਾਰ ਕਤੇਬਾਂ ਪੁਛੀਆਂ ਕੀਮਤ ਕਹਣ ਨ ਜਾਇ।
ਨਵਖੰਡ ਪੁਛੇ ਮੇਦਨੀ ਇਕ ਦੂ ਇਕ ਚੜਾਉ।
ਸ਼ਾਇਰ ਸਭ ਢੰਢੋਲਿਆ ਬੋਹਥੁ ਦਿਲ ਦਰਿਆਉ।
ਨਦੀਆਂ ਨਾਲੇ ਵਸਿਆ ਅਠ ਸਠ ਤੀਰਥ ਨਾਇ।
ਵਣ ਤ੍ਰਿਣ ਤ੍ਰਿਭਵਣ ਵਸਿਆ ਕਉੜਾ ਮਿਠਾ ਖਾਇ।
ਸਪਤ ਪਾਤਾਲਾਂ ਦੇਖਿਆਂ ਅਸਮਾਨੀ ਅਸਮਾਣੁ।
ਨਾਨਕ ਭਉ ਕਰਣੀ ਜੇ ਮਿਲੈ ਸਚ ਰਹੈ ਈਮਾਣੁ ॥੧॥
ਵੀਰ ! ਸਲਾਮਲੇਖੁ ਬਰਾਂ ਖ਼ੁਦਾਇ ਸਰਉ ਦਰਗਹ ਕਿਤ ਵਿਸੇਖੁ।
ਜਿਹਾ ਬੀਜੇ ਸੁ ਲੁਣੇ ਹੁਕਮੀ ਮਿਲੈ ਸੁ ਖਾਇ।
ਨਾਨਕ ਸਚੇ ਨਾਮ ਬਿਨੁ ਬਧਾ ਦੁਖ ਸਹਾਇ ॥ ੨ ॥
ਖਾਲਿਕ ਕੂ ਸੁਬਹਾਨੁ ਗੋਰ ਨਿਮਾਨੀ ਅੰਧਰੀ ਕੁਦਰਤਿ ਕੇ ਨੀਸਾਣੁ॥
ਆਇ ਹੁਕਮੀ ਫ਼ਰੇਸਤੇ ਕੁਦਰਤ ਕੇ ਅਉਗਾਨ।
ਤਰਗਸ ਗੁਰਜਾ ਛਹਵੀਆਂ ਖੰਨੇ ਹਥ ਕਮਾਨ।
ਸਾਂਗਾਂ ਸਿਪਰਾਂ ਆਤਸ਼ੀ ਪਵਨਿ ਗਲੀ ਜੰਜੀਰ।
ਹੁਕਮੀ ਬੰਨ ਚਲਾਇਆ ਨਿੰਦਕ ਜਿਉ ਬੇ ਪੀਰ।
ਨਾਨਕ ਦਰਗਹ ਮੰਨੀਐ ਸਚੁ ਨਾਮੁ ਕਲ ਧੀਰ।
ਸਿੰਘ ਸਿਆਲਹੁ ਸਰਪਹੁ-ਡਰਪਹੁ, ਸੋ ਘਰ ਕੀਨਾ ਗੋਰ।
ਧਟੇ ਖਉਰੂ ਕਰਿ ਗਏ, ਦੁਸ਼ਮਣ ਠੰਡੇ ਵੈਰ।
ਭਾਈ ਸਕੇ ਮੁਹਬਤੀ ਜੇਹੜੇ ਫ਼ਾਤਿਆ ਦੇਨਿ ਦੁਆਈ।
ਨਾਨਕ ਗਲਾਂ ਕੂੜੀਆਂ ਸੱਚਾ ਏਕ ਖ਼ੁਦਾਇ॥੪॥



Sri Satguru Jagjit Singh Ji Elibrary NamdhariElibrary@gmail.com

ਗੁਨਹੀ ਸੰਦੀ ਪੋਟਲੀ ਚੁਕਿ ਨ ਸਕਾਂ ਭਾਰੁ।
ਅਗੇ ਡੂੰਰਗ ਧੁੰਦਲੀ ਪਿਛੈ ਸਿਰਿ ਜੰਦਾਰੁ।
ਆਗੇ ਸਾਗਰ ਆਤਸ਼ੀ ਕਿਉ ਕਰ ਉਤ੍ਰਾਂ ਪਾਰ।
ਕਉਏ ਮਾਟਹਿ ਸੀਸ ਚੜਿ ਵਰਖਨਿ ਜਿਉ ਅੰਗਿਆਰ।
ਨਾਨਕ ਕਿਥੈ ਛੁਟੀਐ ਹੁਕਮੀ ਹੋਵੈ ਮਾਰ ॥੫॥
ਚਸਮੇ ਕਢੇ ਅਉਗਣੀ ਅੰਧ ਕੋਰ ਅੰਧਿਆਰੁ।
ਕੰਨੀ ਕੋਲੂ ਪੀੜੀਐ ਨਾਸੀ ਗੰਧ ਗੁਬਾਰ।
ਜੀਭ ਕਟਾਏ ਕਉਲ ਸਿਰਿ ਸਚ ਵਿਸਾਰਣਹਾਰੁ।
ਕੋਪੁਰ ਉਤੈ ਢਾਵੜੀ ਜਲਤੀ ਕਰੇ ਪੁਕਾਰਿ।
ਤਿਸਨਾ ਰਖਿ ਨ ਸਕਈ ਬੇਪੀਰ ਗਾਵਾਰ।
ਅਉਗਣ ਗੁਣੀ ਬਕਸੀਅਨਿ ਨਾਨਕ ਜੋਈ ਸਾਰੁ ॥੬॥
ਜਿਉ ਤਿਲ ਤਾਵਣਿ ਪੀੜੀਅਹਿ ਪਿੰਞੇ ਤੰਦ ਚੜ੍ਹਾਇ।
ਕਾਂਗਲ ਵਾਂਙੀ ਕੁਟੀਆ ਮੰਗਲੀਏ ਇਸਕੁ ਚੜਾਇ।
ਲੋਹੇ ਵਾਂਗੀ ਤਾਈਆਂ ਭਖੇ ਤੇ ਬਿਲ ਲਾਇ।
ਸੰਨੀ ਪਕੜਿ ਚਲਾਈਐ ਅਹਟਣਿ ਸਿਰਿ ਵਿਚਾਰੁ।
ਘਣੀਅਰੁ ਮਾਰੇ ਤਿਤੁ ਤਾਗਿਲ ਜਿਉ ਕਰੇ ਲੁਹਾਰ ॥
ਨਾਨਕ ਸਚੇ ਨਾਮ ਬਿਨ ਨ ਉਰਵਾਰਿ ਨ ਪਾਰਿ ॥੭॥
ਪੈਰੀਂ ਕੰਡੇ ਸਾਰ ਦੇ ਸਿਰ ਤਪੈ ਆਕਾਸ।
ਪਤਾਲੋਂ ਪਤਿ ਉਤਰੈ ਪਰ ਤ੍ਰਿਆ ਰਤਾ ਮਾਸਿ।
ਥੰਮਾਂ ਨਾਲਿ ਲਗਾਈਐ ਕੋਇ ਨ ਆਵੈ ਪਾਸਿ।
ਭੀ ਫਿਰ ਲਾਇ ਵਿਛੋੜੀਐ ਤੋਬਾ ਕਰੇ ਫਿਰਿਯਾਦਿ।
ਅਉਗਣਆਟੇ ਨਾਨਕਾ ਸਕੋ ਕੋਈ ਵਾਦਿ ॥੮॥
ਭੱਟੀ ਅੰਦਰਿ ਪਾਈਆ ਮਿਲੀ ਅਗਨਿ ਸਲਾਇ।
ਬਾਲੂ ਰੇਤ ਭਖਾਈਆ ਵਿਚੈ ਅਗਨਿ ਜਲਾਇ।
ਅੰਦਰ ਭੁਜੇ ਧਾਣ ਜਿਉ ਤੜਫੜੇ ਤੇ ਬਿਲਲਾਇ।



Sri Satguru Jagjit Singh Ji Elibrary NamdhariElibrary@gmail.com

ਆਪਿ ਬਖਸ਼ੇ ਨਾਨਕਾ ਕਿਸ ਨੂੰ ਕਹੀਐ ਜਾਇ ॥੯॥
ਇਖੁ ਜਿਵੇਂ ਰਸ ਕਢੀਐ ਸਭ ਸਿਰਿ ਆਈਆ ਭਾਹਿ।
ਖਾਣਾ ਪੀਣਾ ਪਹਿਨਣਾ ਮਨ ਕੀ ਖੁਸ਼ੀ ਖੁਆਰ।
ਮਨ ਬਉ ਲੇਖਾ ਮੰਗੀਐ ਜਿਨਿ ਕੀਤਾ ਵਾਪਾਰ।
ਹਥਾਂ ਪੈਰਾਂ ਚਾਕਰੀ ਕਰ ਫੁਰਮਾਇ ਕਾਰ।
ਜੀਭ ਪੁਕਾਰੇ ਦਰ ਖੜੀ ਚਖਿ ਚਖਿ ਸੁਆਦ ਬਿਕਾਰ।
ਕੰਨ ਦੇਨ ਉਗਾਹੀਆਂ ਮਨੁ ਝੂਠਾ ਕੂੜਿਆਰ।
ਨਾਸਾਂ ਲੇਇਣ ਮੁਕਰੇ ਅੰਧੇ ਦੇ ਸਿਰਿ ਮਾਰ।
ਇੰਦ੍ਰੀ ਸਭ ਜਗ ਮੋਹਿਆ, ਬਾਧਾ ਜਮ ਦੁਆਰ।
ਕਸਰਿਲਿ ਕਰਿ ਵਿਧਣਿ ਮੁਟਿਆ ਆਰਣ ਜਿਉ ਲੁਹਾਰਿ।
ਨਾਨਕ ਸਤਿਗੁਰ ਸਹਿਜ ਨ ਭੇਟਿਆ ਨ ਉਰਵਾਰਿ ਨ ਪਾਰਿ॥੧੦॥
ਸਤਰਿ ਵੇਰਾਂ ਰੇਤੀਐ ਤੀਰ ਜਿਵੇਂ ਕਲਬੁਤ।
ਸੋਨਾ ਵਾਂਗ ਢਾਲੀਐ ਸਹਿਜ ਇਹੁ ਕਮੁ ਕੀਤੁ।
ਘੋੜੇ ਵਾਂਙੀ ਫੁਲਾਇਆ ਅਜਗਰੁ ਜੀਨੁ ਸੁਹਾਇ।
ਨਾਨਕ ਬਧਾ ਕਾਲ ਕਾ ਫਿਰਿ ਫਿਰਿ ਆਵੈ ਜਾਇ ॥੧੧॥
ਜਲ ਥਲ ਦੁਸ਼ਮਨਿ ਕੇਤੜੇ ਵਣਿ ਤ੍ਰਿਣ ਮਾਰਨ ਹਾਰ।
ਘਰ ਘਰ ਵੈਰੀ ਨਾਨਕਾ ਸਚੀ ਸੁਰਤ ਅਪਾਰ ॥ ੧੨ ॥
ਤ੍ਰੈ ਜਮ ਜੋਹਿਨਿ ਲੋਇਣੀ ਕਰਤ ਨੇਤ੍ਰ ਵਿਕਰਾਲੁ।
ਸਭ ਜਗ ਤਿਸਕਾ ਭਖੁ ਹੈ ਨਿਰਦਇਆ ਜਮਕਾਲੁ।
ਨਾਨਕ ਪਕੜ ਚਲਾਇਆ ਹੁਕਮੀ ਹੁਕਮ ਵੀਚਾਰੁ।
ਇਹੁ ਤਨੁ ਅਗੇ, ਤੂ ਖਸਮ, ਤੂ ਰਖਹਿ, ਤੂ ਮਾਰਿ ॥੧੩॥
ਮਾਤ ਪਿਤਾ ਨ ਬੰਧਪੇ ਨ ਬਈਅਰ ਨ ਵੀਰ।
ਨਾ ਸੁਤ ਨਾ ਲਖਮੀ ਕਿਓ ਕਰ ਬਧਾ ਧੀਰ।
ਨ ਤਰਗਸ ਨ ਧਨਖੜੇ ਨ ਸਿਪਰ ਤਲਵਾਰ।
ਤਪੇ ਕੜਾਹਾ ਅਹਿਨਿਸਿ ਦੇਖਹੁ ਗੁਰ ਬੀਚਾਰੁ ॥੧੪॥



Sri Satguru Jagjit Singh Ji Elibrary NamdhariElibrary@gmail.com

ਧਰਮ ਘੋੜਾ ਸਤ ਜੀਨੁ ਕਰ ਜਤ ਕੀ ਪਾਖਰ ਸਾਨ।
ਪੰਜ ਤਤ ਸਰ ਬਾਨੁ ਖਗ ਸਿਪਰ ਸਚ ਨਿਦਾਨ।
ਨਾਨਕ ਗੁਰਮੁਖ ਸਚੁ ਮਨਿ ਦਰਗਹ ਪਾਵਹਿ ਮਾਨ ॥੧੫॥
ਬ੍ਰਹਮਾ ਆਇ ਨ ਆਖਸੀ ਵੇਦ ਪੜ੍ਹੈ ਮੁਖ ਚਾਰਿ।
ਕਿਸਨ ਕਿਸੰਦਾ ਬਪੁੜਾ ਜਿ ਹੁਕਮਿ ਲਏ ਅਉਤਾਰੁ।
ਸਿਉ ਸਾਲਾਹਿਨਿ ਦਰ ਖੜੇ ਦੇਵੀ ਦੇਵ ਅਸੰਖ।
ਅਪੁਨਾ ਹੋਇ ਤ ਝੁਰਿ ਮਰਾਂ ਸਚ ਸਦਾ ਬਖਸੰਦ ॥ ੧੬ ॥

## ਰਤਨਮਾਲਾ

ਉਪਰ ਅਸੀਂ ਦਸ ਆਏ ਹਾਂ ਕਿ ਕਿਸ ਤਰ੍ਹਾਂ ਪੰਜਵੇਂ ਗੁਰੂ ਜੀ ਨੇ 'ਪ੍ਰਾਣ ਸੰਗਲੀ' ਨੂੰ ਸੰਗਲਾਦੀਪ ਤੋਂ ਪੈਂੜੇ ਨੂੰ ਭੇਜਕੇ ਮੰਗਵਾਇਆ, ਅਤੇ ਵੇਖਕੇ ਪਾਣੀ ਵਿਚ ਸੁਟ ਪਾਇਆ। ਅਤੇ ਫੇਰ ਇਕ ਪ੍ਰੇਮੀ ਸਿਖ ਦੀ ਬੜੀ ਯਾਚਨਾ ਕਰਕੇ ਉਸਨੂੰ ਪਾਣੀ ਵਿਚੋਂ ਕਢ ਲੈਣ ਦੀ ਆਗਿਆ ਦੇ ਦਿੱਤੀ। ਸੰਤ ਸੰਪੂਰਨ ਸਿੰਘ ਜੀ ਲਿਖਦੇ ਹਨ ਕਿ ਭਾਵੇਂ ਗੁਰੂ ਸਾਹਿਬ ਨੇ ਤਾਂ ਏਸ ਕਿਤਾਬ ਨੂੰ ਜਲ-ਪ੍ਰਵਾਹ ਕਰ ਦਿਤਾ ਸੀ, ਪਰ

"ਭਾਈ ਬੰਨੋ ਨੇ ਗੁਰੂ ਜੀ ਦੀ ਆਗਿਆ ਕੇ ਬਿਨਾ ਹੀ, ਦੋ ਤੀਨ ਅਧਿਆਏ 'ਪ੍ਰਾਣ ਸੰਗਲੀ' ਕੇ ਆਪਨੀ ਬੀੜ ਉਤਾਰਾ ਕਰਵਾਤੇ ਸਮੇਂ ਉਸਮੇਂ ਸ਼ਾਮਲ ਕਰਦੀਯੇ ਥੇ। ਪ੍ਰੰਤੂ ਆਪਣੇ ਅਨਨਯ ਸੇਵਕ ਕੀ ਪ੍ਰੇਮ ਮਈ ਪਰਉਪਕਾਰੀ ਬ੍ਰਿਤੀ ਪਰ ਬੀੜ ਕੀ ਪ੍ਰਵਾਨਗੀ ਕੀ ਮੁਹਰ ਲਗਾਤੇ ਹੂਏ ਸ੍ਰੀ ਗੁਰੂ ਮਹਾਰਾਜ ਨੇ, ਉਸ ਕੋ ਖਾਰੀ ਬੀੜ ਕੇ ਨਾਮ ਸੇ ਸੰਬੋਧਨ ਕਰ ਦੀਯਾ ਥਾ। ਉਸੀ ਬੀੜ ਮੇਂ ਪ੍ਰਾਣ ਸੰਗਲੀ ਕੇ ਆਰੰਭ ਮੇਂ ਯਿਹ ਨੋਟ ਲਿਖਾ ਹੂਆ ਹੈ ਕਿ ਯਿਹ ਪ੍ਰਾਣ ਸੰਗਲੀ* ਤੋਰਕੀ ਅੱਖਰੋਂ ਸੇ ਲਿਖੀ ਗਈ। ਕਿਸੀ ਏਕ ਪ੍ਰਤੀ ਮੇਂ ਲਿਖਾਰੀ ਸੇ ਯਿਹ ਨੋਟ ਛੂਟਾ ਹੂਆ ਭੀ ਦ੍ਰਿਸ਼ਟੀ ਆਯਾ ਹੈ।

---

*ਇਹ Colophon ਰਤਨਮਾਲਾ ਦੇ ਫੇਕੜ ਪੁਰ ਲਿਖਿਆ ਹੁੰਦਾ ਹੈ, ਆਰੰਭ ਵਿਚ ਨਹੀਂ।



Sri Satguru Jagjit Singh Ji Elibrary NamdhariElibrary@gmail.com

ਜਿਸ ਸੇ ਅਨੁਮਾਨ ਹੋਤਾ ਹੈ ਕਿ ਪ੍ਰਥਮ ਯਿਹ ਗ੍ਰੰਥ ਤੋਰਕੀ ਅਖਰੋਂ ਹੀ ਮੇਂ ਲਿਖਾ ਗਿਆ ਹੋਗਾ। ਸ੍ਵਯੰ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਕਹਨ ਭੀ ਇਸ ਬਾਤ ਕਾ ਸੂਚਕ ਪ੍ਰਤੀਤ ਹੋਤਾ ਹੈ, ਜੋ ਕਿ ਉਪਦੇਸ਼ ਸਮਾਪਤੀ ਪਰ ਉਨ੍ਹੋਂ ਨੇ ਆਗਿਆ ਰੂਪ ਮੇਂ ਰਾਜਾ ਸਿਵਨਾਭ ਕੋ ਕਹਾ ਥਾ, 'ਜਬ ਪੰਜਾਬ† ਸੇ ਹਮਾਰਾ ਕੋਈ ਸਿਖ ਯਿਹ ਗ੍ਰੰਥ ਲੇਨੇ ਆਵੇ ਤੋ ਉਸੇ ਲਿਖਵਾ ਦੇਨਾ'। ਜੈਸਾ ਕਿ ਸ੍ਰੀ ਗੁਰੂ ਅੰਗਦ ਦੇਵ ਦੂਸਰੇ ਪਾਤਿਸ਼ਾਹ ਕੇ ਸਮਯ ਕਾ ਪ੍ਰਸਿਧ ਆਦਿ ਲਿਖਾਰੀ ਭਾਈ ਪੈੜਾ ਹੀ ਸੰਗਲਾਦੀਪ ਮੇਂ ਭੇਜਾ ਗਯਾ ਥਾ, ਜੋ ਕਿ ਗ੍ਰੰਥ ਕੋ ਲਾਯਾ। ਸੰਭਵ ਹੈ ਕਿ ਵੋਹ ਤੋਰਕੀ‡ ਅਖਰੋਂ ਸੇ ਹੀ ਗੁਰਮੁਖੀ ਮੇਂ ਲਿਖ ਕਰ ਲਾਯਾ ਹੋਵੇ। ਯਿਹ ਕਾਰਣ ਉਸ ਕਾਲ ਮੇਂ ਗੁਰਮੁਖੀ ਅਖਰੋਂ ਕੀ ਅਪ੍ਰਗਟਤਾ ਸੇ, ਪਸ਼ਚਾਤ ਗੁਰਮੁਖੀ ਅਖਰੋਂ ਮੇਂ ਆਨੇ ਕਾ ਹੈ।"

ਦੋ ਤਿੰਨ ਅਧਿਆਇ ਜਿਨ੍ਹਾਂ ਵਲ ਉਪਰਲੇ ਲੇਖ ਵਿਚ ਇਸ਼ਾਰਾ ਹੈ, ਇਹ ਸਨ :-

(੧) ਰਤਨਮਾਲਾ ਜਾਂ, ਸਲੋਕ 'ਆਸਨ ਸਾਧ ਨਿਰਾਲਮ', ਜਿਸਨੂੰ ਉਪਰ 'ਪ੍ਰਾਣ ਸੰਗਲੀ' ਨਾਮ ਦਿਤਾ ਹੈ।

(੨) 'ਗੋਸ਼ਟ ਮਲਾਰ ਨਾਲ ਹੋਈ', ਜਾਂ ਸਲੋਕ, 'ਬਾਇ ਆਤਿਸ਼ ਆਬ' ਵਾਲੇ ਜੋ ਉਪਰ ਦਿਤੇ ਗਏ ਹਨ। 'ਪ੍ਰਾਣ ਸੰਗਲੀ' ਨਾਮ ਕਿਤਾਬ ਵਿਚ, ਇਸ ਨੂੰ 'ਜੀਵ ਨਸੀਹਤ ਕਰਣ' ਦਾ ਨਾਮ ਦਿਤਾ ਹੈ।

ਇਹ ਦੋਵੇਂ ਰਚਨਾਵਾਂ ਪ੍ਰਾਚੀਨ ਬੀੜਾਂ ਦੇ ਪਿਛੇ ਲਿਖੀਆਂ ਮਿਲਦੀਆਂ ਹਨ।

---

†'ਪੰਜਾਬ' ਨਾਮ ਇਸ ਦੇਸ ਦਾ ਅਕਬਰ ਨੇ ਰਖਿਆ ਸੀ; ਸੋ ਗੁਰੂ ਨਾਨਕ ਇਸ ਨੂੰ ਨਹੀਂ ਸਨ ਵਰਤ ਸਕਦੇ।

‡ਇਸਦਾ ਮਤਲਬ ਤਾਂ ਇਹ ਹੋਇਆ ਕਿ ਤੋਰਕੀ ਜਾਂ ਫ਼ਾਰਸੀ ਅਖਰਾਂ ਦਾ ਸਿੰਘਲਾਦੀਪ ਵਿਚ ਪਰਚਾਰ ਸੀ, ਤੇ ਇਹ ਰਾਜਾ ਸਿਵਨਾਭ ਜਾਣਦਾ ਸੀ; ਜੋ ਬਜਾਏ ਖ਼ੁਦ ਗ਼ਲਤ ਹੈ।



Sri Satguru Jagjit Singh Ji Elibrary NamdhariElibrary@gmail.com

(੩) 'ਸੁੱਨ ਮਹਲ ਕੀ ਕਥਾ', ਜੋ ਅੱਡ ਪੋਥੀ* ਦੀ ਸ਼ਕਲ ਵਿਚ ਮਿਲਦੀ ਹੈ, ਅਤੇ 'ਪ੍ਰਾਣ ਸੰਗਲੀ' ਕਿਤਾਬ ਦਾ ਦੂਜਾ ਨਾਮ ਇਹੋ 'ਸੁੱਨ ਮਹਲ ਕੀ ਕਥਾ' ਹੈ। ਇਹ ਭੀ ਪ੍ਰਾਣ ਸੰਗਲੀ ਦਾ ਇਕ ਧਿਆਇ ਹੈ। ਇਹ ਰਚਨਾ ਪ੍ਰਾਚੀਨ ਬੀੜਾਂ ਦੇ ਪਿਛੇ ਨਹੀਂ ਮਿਲਦੀ।

ਅਸੀਂ ਆਪਣੀ ਕਿਤਾਬ 'ਸਾਖੀਆਂ ਦੀ ਹਕੀਕਤ' ਵਿਚ ਇਸ ਪਰ ਵਿਚਾਰ ਕੀਤੀ ਹੈ ਅਤੇ ਦਸਿਆ ਹੈ ਕਿ ਇਹ ਤਿਨ ਰਚਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤਕ ਮੌਜੂਦ ਹੋ ਗਈਆਂ ਸਨ, ਕਿਉਂ ਜੋ ਸੰਮਤ ੧੭੩੨ ਤੋਂ ਇਹ ਗ੍ਰੰਥ ਸਾਹਿਬਾਂ ਦੇ ਪਿਛੇ ਲਿਖੀਆਂ ਜਾਣ ਲਗੀਆਂ ਸਨ। ਪਹਿਲੋਂ ਲਿਖੀਆਂ ਜਾ ਚੁਕੀਆਂ ਬੀੜਾਂ ਵਿਚ ਇਹ ਨਾਵੇਂ ਗੁਰੂ ਦੀ ਬਾਣੀ ਸਮੇਤ ਪਿਛੋਂ ਘਤੇ ਵਰਕਿਆਂ ਪੁਰ ਹਨ, ਪਿਛਲੇ ਲਿਖਾਰੀਆਂ ਦੀ ਹਥੀਂ ਲਿਖੀਆਂ। ਇਹੋ ਗੱਲ ਭਾਈ ਬੰਨੋ ਵਾਲੀ ਬੀੜ ਦੀ ਹੈ। 'ਹਕੀਕਤ ਰਾਹ ਮੁਕਾਮ' ਜੋ ਇਹਨਾਂ ਰਚਨਾਂ ਦੇ ਨਾਲ ਦਿੱਤਾ ਹੁੰਦਾ ਹੈ, ਓਹ ਵਾਧੂ ਵਰਕੇ ਪਾਏ ਜਾਨ ਦਾ ਸਮਾਂ ਨੀਯਤ ਕਰ ਦੇਂਦੀ ਹੈ।

'ਰਤਨਮਾਲਾ' ਜਿਸ ਤਰ੍ਹਾਂ ਕਿ ਉਪਰ ਕਿਹਾ ਹੈ ਪ੍ਰਾਣ ਸੰਗਲੀ ਦਾ ਉਨੀਸਵਾਂ ਧਿਆਇ ਹੈ, ਜਿਥੇ ਇਸਨੂੰ ਪਾਠ ਅਤੇ ਤਰਤੀਬ ਦੇ ਫ਼ਰਕਾਂ ਨਾਲ ਦਿੱਤਾ ਹੈ। ਪਾਠ ਦੇ ਚੋਖੇ ਵਡੇ ਵਡੇ ਫ਼ਰਕ ਹਨ। ਸਾਰੇ ਬੰਦ ਗ੍ਰੰਥ ਸਾਹਿਬਾਂ ਦੇ ਪਿਛੇ ੨੫ ਹੁੰਦੇ ਹਨ, ਪਰ ਪ੍ਰਾਣ ਸੰਗਲੀ ਵਿਚ ਅਠਾਈ ਦਿਤੇ ਹਨ। ਬੀੜਾਂ ਵਿਚੋ ਬੰਦ ੧ ਤੋਂ ੬ ਤਕਦੇ 'ਪ੍ਰਾਣ ਸੰਗਲੀ' ਵਿਚ ੧੧ ਤੋਂ ੧੬ ਹੋ ਜਾਂਦੇ ਹਨ, ਅਤੇ ਏਥੇ ਦਾ ੨੫ਵਾਂ, 'ਪ੍ਰਾਣ ਸੰਗਲੀ' ਵਿਚ ੨੮ਵਾਂ ਜਾਂ ਬਨਦਾ ਹੈ। ਬੀੜਾਂ ਵਿਚ ੨੪ਵੇਂ ਬੰਦ ਦੀਆਂ ਖਾਲੀ ਦੋ ਸਤਰਾਂ ਪਹਿਲੀ ਤੇ ਪਿਛਲੀ ਦਿਤੀਆਂ ਹਨ, ਵਿਚਲੀਆਂ ਚਾਰ ਨਕਲ

---

*ਏਸੇ ਵਾਂਗ ਅੱਡ ਪੋਥੀਆਂ ਗੁਰ ਨਾਨਕ ਸਾਹਿਬ ਦੇ ਨਾਮ ਨਾਲ ਜੁੜੀਆਂ ਹੋਰ ਭੀ ਹਨ, ਜਿਸ ਤਰ੍ਹਾਂ:–ਗਿਆਨ ਸੁਰੋਦਯ (ਪ੍ਰਾਣ ਸੰਗਲੀ ਨਾਲ ਮਿਲਦਾ ਜੁਲਦਾ ਮਜ਼ਮੂਨ), ਬਾਬਾ ਲਾਲ ਨਾਲ ਗੋਸ਼ਟ (ਜਿਸ ਦੇ ਕੋਲੋਂ ਦਾਰਾ ਸ਼ਿਕੋਹ ਨੇ ਉਪਨਿਸ਼ਦ ਪੜ੍ਹਕੇ ਤਰਜਮਾ ਕੀਤੇ ਸਨ); ਜਨਕ ਦੀ ਗੋਸ਼ਟ; ਕਾਫ਼ੀਆਂ ਆਦਿ ॥



Sri Satguru Jagjit Singh Ji Elibrary NamdhariElibrary@gmail.com

ਕਰਨੋ ਰਹਿ ਗਈਆਂ ਹਨ। ਇਹ ਚਾਰ ਸਤਰਾਂ ਅਸੀਂ 'ਪ੍ਰਾਣ ਸੰਗਲੀ' ਵਿਚੋਂ ਨਕਲ ਕਰ ਦਿਤੀਆਂ ਹਨ ਅਤੇ ਏਸੇ ਤਰ੍ਹਾਂ 'ਪ੍ਰਾਣ-ਸੰਗਲੀ' ਦੇ ਵਾਧੂ ਤਿਨ ਬੰਦ ਭੀ। ਤੀਸਰੇ, ਦਸਵੇਂ ਬਾਹਰਵੇਂ ਅਤੇ ਸੋਲਵੇਂ ਬੰਦ ਵਿਚ ਜੋ ਪਾਦ ਨਹੀਂ ਓਹ 'ਪ੍ਰਾਣ-ਸੰਗਲੀ' ਵਿਚ ਭੀ ਨਹੀਂ। ਸਤਾਰ੍ਹਵੇਂ ਬੰਦ ਤੋਂ ਵਜਨ ਬਦਲ ਜਾਂਦਾ ਹੈ। ਚੌਪਈ ਦੀ ਥਾਂ ਦੁਹਰਾ ਹੋ ਜਾਂਦਾ ਹੈ।

ਆਸਨ ਸਾਧ ਨਿਰਾਲਮ ਬਹੇ। ਪੰਜ ਤਤ ਕਾ ਨਿਗ੍ਰਹ ਗਹੇ।
ਥੋੜੀ ਨਿਦਰਾ ਅਲਪ ਆਹਾਰੀ। ਸਾਧ ਕਾ ਪਿੰਡ ਸਦਾ ਬਿਚਾਰੀ॥
ਜਤ ਸਤ ਸੰਜਮ ਸੁਰਤਿ ਬਿਚਖਣ।
ਨਾਨਕ ਕਹੇ ਜੋਗ ਕੇ ਲਖਣ ॥ ੧ ॥ (੧੧)
ਜਾਂ ਬੋਲੇ ਤਾਂ ਬ੍ਰਹਮ ਗਿਆਨੁ। ਅਹਨਿਸ ਜਾਗੇ ਰਹੇ ਧਿਆਨ॥
ਸੁੰਨ ਮੰਡਲ ਮਹਿ ਡੋਰੀ ਧਰੈ। ਗੁਰ ਪ੍ਰਸਾਦਿ ਕਦੇ ਨ ਮਰੈ॥
ਇਨਿ ਬਿਧਿ ਕੀਜੈ ਗੁਰ ਕੀ ਸੇਵਾ। ਤਾਕਉ ਬੰਧਹਿ ਸਲਲੇ ਦੇਵਾ।
ਜੋਗਾ ਭੇਦ ਨ ਦੇਈ ਚਖਣ।
ਨਾਨਕ ਕਹੇ ਜੋਗ ਕੇ ਲਖਣ॥ ੨ ॥ (੧੨)
ਤਾਮਸ ਤਿਸਨਾ ਲੋਭ ਨਿਵਾਰੈ। ਪੰਚ ਅਗਨਿ ਘਟਿ ਭੀਤਰ ਜਾਰੈ॥
ਅਹਿਨਿਸ ਰਹੈ ਤਗੀਰ ਚੜਾਈ। ਸਹਜਿ ਉਪਜੈ ਦੁਰਮਤਿ ਜਾਇ॥
ਸਾਧੇ ਨਿਵਾਜੈ ਬਾਂਧੇ ਚੋਰ। ਜਮ ਜਾਗਾਤੀ ਨਾ [illegible] ਡੋਰ॥
*ਹਰਿ ਬਿਨ ਮੰਤ੍ਰ ਨ ਜਪੀਐ ਹੋਰ।
ਉਤਮ ਭਲ ਜਿਨਾ ਕੇ ਜਖਣ।
ਨਾਨਕ ਕਹੇ ਜੋਗ ਕੇ ਲਖਣ॥ ੩ ॥ (੧੩)
ਪੰਚੋ ਇੰਦ੍ਰੀ ਦ੍ਰਿੜ੍ਹ ਕਰ ਰਾਖੈ। ਜਿਹਬਾ ਅਸਤ ਕਦੇ ਨ ਭਾਖੈ॥
ਕੋਟ ਕਟੰਤਰਿ ਤਤ ਕਾ ਬੇਤਾ। ਗਗਨ ਮੰਡਲ ਮਹਿ ਰਾਖੈ ਚੇਤਾ॥
ਸਿੰਚ ਪਿਆਲਾ ਗਗਨ ਸਰਿ ਭਰੈ। ਜਾਇ ਤ੍ਰਿਬੇਣੀ ਮਜਨ ਕਰੈ॥

*ਪ੍ਰਾਣ-ਸੰਗਲੀ ਵਿਚ ਇਹ ਪਹਿਲਾ ਪਾਦ ਜਾਂ ਮਿਸਰਫ ਭੀ ਨਹੀਂ ਹੈ। ਮਤਲਬ ਪੂਰੀ ਬੈਂਤ ਮੌਜੂਦ ਨਹੀਂ।



Sri Satguru Jagjit Singh Ji Elibrary NamdhariElibrary@gmail.com

ਸਤ ਪੰਚ ਨਉ ਲਗਾ ਰਖਣ।
ਨਾਨਕ ਕਹੈ ਜੋਗ ਕੇ ਲਖਣ ॥ ੪ ॥.(੧੪)
ਪੂਰਬਿ ਚੜਹੈ ਪਸਚਿਮ ਆਵੈ। ਰਵਿ ਸਸਿ ਦੁਹਾ ਇਕਤ੍ਰ ਮਿਲਾਵੈ॥
ਅਹਟ ਪਟਨ ਕੀ ਚੀਨੈ ਬਾਟ। ਤਾ ਪਰਿ ਬੂਝੈ ਅਉਘਟ ਘਾਟ ॥
ਨਉਖੰਡ ਦੇਖੈ ਪੂਰਬ ਪਛਮ ਉਤ੍ਰ ਦਖਣ।
ਨਾਨਕ ਕਹੈ ਜੋਗ ਕੇ ਲਖਣ ॥ ੫ ॥ (੧੫)
ਜਿਹ ਤਨ ਭਾਂਡਾ ਸੁਰਤਿ ਕਰ ਦੂਧੁ। ਪਾਇ ਸਚੁ ਸਮਾਇਣ ਸੁਧੁ ॥
ਜੁਗਤ ਜਤਨ ਕਰਿ ਸਹਜਿ (ਜਮਾਇਆ।
ਜੁਗਤਿ ਵਿਹੂਣਾ ਕਿਕਉ ਜਾਜਾ ॥*)
ਗਿਆਣ ਮਧਾਣੀ ਨੇਤ੍ਰਾ ਨਾਮੁ। ਇਨ ਬਿਧਿ ਜਪੀਐ ਕੇਵਲ ਰਾਮੁ ॥.
ਰੋਲਿ ਬਿਰੋਲਿ ਲੀਜੈਂ ਮਖਣ।
ਨਾਨਕ ਕਹੈ ਜੋਗ ਕੇ ਲਖਣ ॥ ੬ ॥ (੧੬)
ਤ੍ਰਿਹ ਕਾ ਮਾਰ ਮਿਲਾਵੈ ਮਾਨੁ। ਪੰਚਾ ਮਹਿ ਹੋਵੈ ਪ੍ਰਧਾਨੁ ॥
ਪੰਚਾ ਕਾ ਜੋ ਜਾਣੈ ਭੇਉ। ਸੋਈ ਕਰਤਾ ਸੋਈ ਦੇਉ ॥
ਅਗਮ ਨਿਗਮ ਜੋ ਵਾਚੈ ਜਾਣਿ। ਬੰਧੈ ਨਵਗ੍ਰਿਹ ਘਰਿ ਆਣਿ॥
ਸਤ ਸਤਾਈ ਚਉਦਹ ਚਾਰਿ। ਤਾ ਕੇ ਆਗੈ ਖੜੇ ਦੁਆਰ॥
ਅਠ ਅਠਾਰਾ ਬਾਰਾਂ ਬੀਸ (੫੮)।
ਤਾਂਕੇ ਆਗੈ ਕਢਹਿ ਖੜੇ ਆਦੀਸਾਂ ॥
ਊਚੀ ਨਦਰਿ ਸਰਾਫੀ ਹੋਇ। ਨਾਨਕ ਕਹੈ ਉਦਾਸੀ ਸੋਈ॥੭॥(੧)
ਸੋ ਉਦਾਸੀ ਜੋ ਪਾਲੈ ਉਦਾਸੁ। ਰੁਖ ਬਿਰਖ ਕਰਿ ਕੰਦਰਿ ਵਾਸੁ।
ਅਹਿਨਿਸ ਰਹਿਬੋ ਜੋਗ ਅਭਿਆਸ। ਪਰਸੈ ਅੰਗ ਨ ਲਾਵੈ ਪਾਸੁ ॥

---

*ਇਹ ਬੀੜ ਵਿਚ ਨਹੀਂ ਸੀ, 'ਪ੍ਰਾਣ ਸੰਗਲੀ' ਵਿਚੋਂ ਨਕਲ ਕੀਤਾ ਹੈ। ਬੀੜ ਵਿਚ ਪਹਿਲੇ ਮਿਸਰੇ ਦੇ ਅੰਤ ਲਫ਼ਜ਼ 'ਸਮਾਇਣ' ਲਿਖਿਆ ਸੀ।

†ਪ੍ਰਾਣ ਸੰਗਲੀ ਵਿਚ ਪਾਠ 'ਬਦੀਸ' ਹੈ ਅਤੇ ਮਤਲਬ ਪਾਪ ਪੁਨ ਦੀ ਵਹੀ ਤੋਂ ਹੈ।



Sri Satguru Jagjit Singh Ji Elibrary NamdhariElibrary@gmail.com

ਜਿਤੁ ਤਨਿ ਦੁਤੀਆ ਮੈਲ ਨ ਹੋਈ।
ਨਾਨਕ ਕਹੈ ਉਦਾਸੀ ਸੋਈ ॥ ੮ ॥ (੨)
ਗਿਆਨੁ ਖੜਗੁ ਲੇ ਮਨਸੋ ਲੂਝੈ। ਮਰਮੁ ਦਸਾ ਪੰਚਾਂ ਕਾ ਬੂਝੈ ॥
ਮਨ ਮਿਰਤਕ ਕੀ ਪਾਵੈ ਕੰਠੀ। ਤੀਰਥ ਧਰਸੋ ਤ੍ਰੈਸਠ (ਸੰਠੀ)* ।
ਜਿਨਿ ਜਿਹ ਮੈਲੁ ਮਨੈ ਕੀ ਖੋਈ।
ਨਾਨਕ ਕਹੈ ਉਦਾਸੀ ਸੋਈ ॥ ੯ ॥ (੩)
ਦੇਹੀ ਅੰਦਰ ਅਠ ਸਭ ਹਾਟ। ਤਾਕੇ ਬਜਰ ਜੁੜਾਏ ਕਪਾਟ ॥
ਅਉਘਟ ਘਾਟ ਬਿਖਮ ਹੈਬਾਟ।
ਐਸਾ ਮਾਰਗ ਗੁਰੂ ਦਖਾਇਆ।
ਦਸ ਦਿਸ ਦੇਖਿ ਸਹਜ ਘਰ ਆਇਆ।
ਅਠ ਦਸ ਗੰਠੀ ਖੋਲੇ ਕੋਈ।
ਨਾਨਕ ਕਹੈ ਉਦਾਸੀ ਸੋਈ ॥ ੧੦ ॥ (੪)
ਪ੍ਰਿਥਮੇ ਪੂਰਬਿ ਗਉਣ ਕਰੈ। ਦੁਤੀਆ ਦਖਣ ਕਉ ਦ੍ਰਿਸਟਿ ਧਰੈ ॥
ਪਛਮ ਤੇ ਚੜ੍ਹੈ ਸੁਮੇਰਿ। ਆਵੈ ਪਰਦਛਨ ਕੈ ਫੇਰਿ ॥
ਪੁਰੀਆਂ ਸਾਤ ਊਪਰਿ ਕਉਲਾਸਣ।
ਤਿਥੈ ਪਾਰ ਬ੍ਰਹਮ ਕਾ ਆਸਣੁ ॥
ਜਿਨਹਿ ਹੀਰੇ ਰਤਨ ਮਾਲ ਪਰੋਈ।
ਨਾਨਕ ਕਹੈ ਉਦਾਸੀ ਸੋਈ ॥ ੧੧ ॥ (੫)
ਕਹਾ ਸੁ ਗਗਨ ਦੇਵ ਕਾ ਭਵਨ। ਅਹਿਨਿਸ ਸੂਝੈ ਦੁਰਜਨ ਦਉਣੁ॥
ਬੰਧੈ ਬੈਸੰਤਰੁ ਪਾਣੀ ਪਉਣ ।
ਗਗਨ ਮੰਡਲ ਗਊ ਜਿਨਹ ਚੋਈ।
ਨਾਨਕ ਕਹੈ ਉਦਾਸੀ ਸੋਈ॥ ੧੨ ॥ (੬)
ਗੁਰ ਕਾ ਭਗਤੁ ਇੰਦ੍ਰੀ ਕਾ ਜਤੀ।
ਹਿਰਦੇ ਕਾ ਮੁਕਤਾ ਮੁਖ ਕਾ ਸਤੀ ॥

* 'ਸੰਠੀ' ਲਫ਼ਜ਼ ਬੀੜ ਵਿਚ ਨਹੀਂ ਸੀ, ਪ੍ਰ ਲ ਸੰਗਲੀ ਤੋਂ ਲਿਆ ਹੈ।



Sri Satguru Jagjit Singh Ji Elibrary NamdhariElibrary@gmail.com

ਦ੍ਰਿਸਟਿ ਦਇਆਲ ਦਇਆ ਕਰਿ ਦਾਨੁ।
ਜੇ ਘਟੁ ਨਿਵੈ ਤ ਨਿਵਿਆ ਜਾਨੁ॥
ਬਚਨ ਸਬਦ ਕਾ ਸੁਫਲਾ ਹੂਤੁ।
ਨਾਨਕ ਕਹੈ ਸੋਈ ਅਉਧੂਤੁ॥ ੧੩॥ (੭)
ਚੰਚਲ ਚਾਇ ਨ ਜਾਇ ਤਮਾਸੇ। ਜੂਐ ਜਾਇ ਨ ਖੇਲੈ ਪਾਸੇ।
ਐਂਗੇ ਚੈਂਗੇ ਚਿਤੁ ਨ ਲਾਏ। ਗੁਰ ਕਾ ਦਿੱਤਾ ਅੰਗ* ਹੰਡਾਏ।
ਪਰ ਘਰ ਜਾਇ ਨ ਕੀਜੈ ਕਥਾ† । ਇਹ ਹੈ ਸਤਿਗੁਰ ਕੀ ਨਥ॥
ਗੁਰ ਕੀ ਸੀਖਿਆ ਸੁਣਿ ਰੇ ਪੂਤ।
ਨਾਨਕ ਕਹੈ ਸੋਈ ਅਉਧੂਤ॥ ੧੪॥ (੮)
ਅਓਸੁਰਾ ਨਦੀ ਅਪੁਠੀ ਤਰੈ॥ ਅਹਿਨਿਸ ਸਦਾ ਸਿਧੀਰੈ ਸਰੈ।
ਕਮਲ ਉਲਟੈ ਪਲਟੈ ਪਉਣ। ਇਉਂ ਨਿਵਾਰੈ ਆਵਾ ਗਉਣ॥
ਮਨ ਪਉਨੈ ਕੀ ਰਾਖੈ ਬੰਧਿ। ਲਹੈ ਤ੍ਰਿਬੇਣੀ ਤ੍ਰਿਕੁਟੀ ਸੰਧਿ॥
ਅਪਨੈ ਵਸਕਰਿ ਰਾਖੈ ਦੂਤਿ।
ਨਾਨਕ ਕਹੈ ਸੋਈ ਅਉਧੂਤਿ॥ ੧੫॥ (੯)
ਗਗਨ ਤਰਿ ਕਰਿ ਭਵਰ ਉਡਾਵੈ। ਅਹਿਨਿਸ ਗੁਡੀ ਡੋਰੀ ਲਾਵੈ॥
ਪਰਚਾ ਹੋਇ ਤ ਫੇਰਿ ਘਰਿ ਆਵੈ॥
ਇਨ ਬਿਧ ਜੁਗਤ ਕਮਾਵੈ ਜੋਗੁ। ਆਇ ਹਿਰਖ ਨ ਗਏ ਸੋਗੁ।
ਸੰਜਮ ਰਹੈ ਨ ਬਿਨਸੈ ਸੂਤੁ।
ਨਾਨਕ ਕਹੈ ਸੋਈ ਅਉਧੂਤ॥ ੧੬॥ (੧੦)
ਦੋਹਰਾ। ਜਿਨ ਮਾਇਆ ਜਗ ਮੋਹਿਆ ਬ੍ਰਹਮਾ ਬਿਸਨ ਮਹੇਸੁ।
ਬ੍ਰਹਮਾਦਿਕ ਇੰਦ੍ਰਾਦਿਕਾਂ ਸਿਧ ਸਾਦਿਕ ਮੁਨਿ ਏਸੁ।
ਜਤੀ ਸਤੀ ਭਵਿ ਭੀਖ ਕਰਮੀ ਮੋਹੀ ਮੋਹਨਹਾਰ।
ਇੰਦ੍ਰ ਇੰਦ੍ਰਾਦਿਕ ਜੁਗੁ ਜੁਗੁ ਹਉਮੈ ਚਿੰਤਾ ਧਾਰਿ॥
ਦੇਵੀ ਦੇਵ ਸਬਾਇਆ ਸਿਧ ਸਾਧਕ ਮੁਨੀ ਧਿਆਨੁ॥

---

*ਖੂਬਸੂਰਤ ਜਿਸਮ। †ਬਦਖਿਆਲੀ।



Sri Satguru Jagjit Singh Ji Elibrary NamdhariElibrary@gmail.com

ਨਾਨਕ ਕਾਲੁ ਜਾਲੁ ਬਮਿ ਯਾਹਤੇ ਹੁਕਮੁ ਸਚੇਨੀਸਾਣੁ॥ ੧੭॥(੧੭)
ਸਾਸਤ ਬੇਦ ਕਤੇਬ ਸੁਣ ਨਰਕ ਸੁਰਗ ਤੇ ਜਾਹਿ॥
ਮਾਇਆ ਮੋਹੇ ਗੁਰ ਸ਼ਬਦ ਬਿਨੁ ਮਾਨਿ ਮੁਖ ਭਰਮ ਭੁਲਾਹਿ।
ਸੁਰਗ ਮ੍ਰਿਗ ਤਨ ਮੋਹਿਆ ਸਪਤ ਲੋਕ ਧਤਾਲ।
ਆਕਾਸੀ ਬੈਕੁੰਠ ਲੋਗ ਸੋ ਮੋਹੇ ਮਾਇਆ ਜਾਲਿ।
ਜੋ ਸਰਨਿ ਪਰੈ ਜਗਦੀਸ ਕੀ ਸੰਤ ਜਨ ਪਗ ਰੇਨ।
ਨਾਨਕ ਸੋ ਦਰਸ਼ਨ ਪਾਇਸੀ ਅਬਿਨਾਸੀ ਸੁਖ ਸੇਖ ॥੧੮॥ (੧੮)
ਗੁਰ ਜਤ ਸਤ ਸਿਵਹ ਜਪ ਤਪੁ ਸਹਜਿ ਧਿਆਨੁ।
ਸੁਖ ਸਰੋਵਰ ਮੁਕਤਿ ਵਰੁ ਦਾਤਾ ਘਟਿ ਘਟਿ ਸੋ ਪ੍ਰਦਾਨੁ।
ਯਹ ਸੁਚ ਸੰਜਮ ਗੁਰ ਗਿਆਨ ਪਦਾਰਥੁ
ਹਰਿ ਅੰਤਰ ਭਗਤਿ ਖਾਜਾਨਾ।
ਮਿਥਿਆ ਲੋਭ ਭਏ ਮਨਸੂਚਾ ਸਹਿਜ ਭਾਇ ਮਨੁਮਾਨਾ॥
ਮੁਕਤਿ ਸਰੋਵਰੁ ਸੁ ਮੁਕਤਾ ਨਾਉ ਸੋ ਨਿਥ ਸਮਿ ਨਿਕਾਲਾ।
ਨਾਉ ਸੁਨਿ ਦਾਤਾ ਗਰਭ ਅਗਨਿ ਪ੍ਰਭੁ
ਪਾਇਆ ਦੀਨ ਦਇਆਲਾ ॥੧੯॥ (੧੯)
ਤ੍ਰਿਭਵਣ ਮੈ ਘੂਲੈ ਅਮਰ ਪਦ ਡੰਡਾ।
ਅਲਖ ਘਰਿ ਆਸਨੁ ਤ੍ਰਿਸਨਾ ਭਉ ਖੰਡਾ॥
ਸੁਆਕਲ ਪਾਵਹੁ ਸਤਿਗੁਰ ਕੀ ਸੇਵਾ।
ਜਾ ਕਉ ਬੰਧਹਿ ਦੇਵੀ ਦੇਵਾ।
ਜਿਹਬਾ ਅਨਰਸ ਸੁਆਦ ਬਿਚਖਣ।
ਨਾਨਕ ਸਹਿਜ ਬੈਰਾਗ ਕੇ ਲਖਣ ॥ ੨੦ ॥ (੨੦)
ਬਿਮਲਾ ਨਦੀ ਉਲਟੀ ਤਰੈ। ਓਲਟਿ ਪਲਟਿ ਸਿਧਿ ਗੀ ਕਰੈ।
ਸੀਧਾ ਕਮਲ ਪੂਰਣ ਤਿਹ ਪਵਨ। ਇਓ ਨਿਵਾਰੈ ਆਵਾ ਗਵਨ।
ਮਨ ਪਵਣੈ ਕਉ ਸਬਦਿ ਲੋਬੰਧ।
ਨਾਨਕ ਇਉ ਟੂਟੈ ਜਮ ਕਾ ਫੰਦ ॥ ੨੧ ॥ (੨੧)



Sri Satguru Jagjit Singh Ji Elibrary NamdhariElibrary@gmail.com

ਸੋ ਅਬਿਨਾਮੀ ਆਪੇ ਆਪਿ । ਕਾਲ ਬਿਕਾਲ ਕਉ ਮਾਰੈ ਚਾਪਿ ।
ਪਰ ਘਰ ਜਾਇ ਨ ਸੁਨੈ ਅਨਕਥ ।
ਯਿਹ ਆਦਿ ਪੁਰਖ ਸਤਿਗੁਰ ਕੀ ਨਥ ।
ਸਤਿਗੁਰ ਕੀ ਸਿਖਿਆ ਸੁਣ ਰੇ ਪੂਤੁ ।
ਨਾਨਕ ਜੁਗ ਜੁਗ ਸਤਿਗੁਰ ਅਉਧੂਤ ॥ ੨੨ ॥ (੨੨)
ਅੰਤਰਜਾਮੀ ਮਿਲੇ ਸੁਹੇਲਾ । ਜਾਗਤ ਅਵਸਥਾ ਮਨ ਮਾਰਿ ਅਕੇਲਾ ।
ਰੋਗੁ ਬਿਰੋਗੁ ਸੋਗੁ ਪ੍ਰਜਾਲੈ । ਆਪ ਪਛਾਤਾ ਗਤਿ ਮਿਤਿ ਨਾਲੈ ।
ਐਸਾ ਅਲਖ ਅਪਾਰ ਨਿਰਾਲਾ ।
ਨਾਨਕ ਦੀਨ ਪ੍ਰਤਿਪਾਲ ਸਮਾਲਾ ॥ ੨੩ ॥ (੨੩)
ਅਰਚੇ ਕੇ ਘਰਿ ਰਹੈ ਉਦਾਸੁ । ਪਰਚੈ ਕੇ ਘਰਿ ਕਰੈਹੀ ਨਿਵਾਸ ॥
[ਪਰਚਾ ਛੋਡਿ ਅਰਚੇ ਦਰਿ ਖੇਲੈ।ਤੀਨ ਚਾਰ ਦੁਇ ਸਮ ਕਰਿ ਟੋਲੇ।
ਨਉ ਦਰਿ ਮੂੰਦ ਇਕਤੁ ਘਰਿ ਜਾਯ ।
ਸੁਨੰ ਗੁਫਾਂ ਕੀ ਸੋਝੀ ਪਾਇ ।
ਉਸ ਦਰ ਕਾ ਖੁਲੈ ਦਰਵਾਜ਼ਾ । ਤਾਂ ਸਣਿ ਦੇਖੈ ਅਨਹਦਿ ਬਾਜਾ ।
ਉਹਾਂ ਸਰ ਸੁਭਰ ਅਮ੍ਰਿਤ ਸਿਓਂ ਭਰਿਆ ।
ਇਕ ਬੂੰਦ ਰਸੁ ਕਾਰਜ ਸਰਿਆ ।]
ਓਂਦਰਿ* ਕੈ ਸ਼ਬਦਿ ਬਿਲਾਈ ਭਾਗੀ ।
ਨਾਨਕ ਕਹੈ ਸੋਈ ਬੈਰਾਗੀ ॥ ੨੪ ॥
ਸੀਸ ਮੁੰਡਾਵੈ ਟੋਪੀ ਪਾਵੈ । ਖਿੰਥਾ ਪਹਿਰੈ ਬਨ ਖੰਡ ਜਾਵੈ ॥
ਕੰਨੀ ਤੁਲਸੀ ਕੰਠੀ ਮਾਲਾ । ਹਾਥ ਪਹੌੜੀ ਕਾਂਧੈ ਮ੍ਰਿਗ ਛਾਲਾ ॥
ਕਰ ਪਖੰਡ ਲੋਕਾਂ ਪਤਜਾਵੈ । ਅੰਤਰ ਕੀ ਦੁਬਿਧਾ ਕਬਹੂ ਨ ਜਾਵੈ ॥
ਪਹਰਿ ਭੇਖ ਗ੍ਰਿਹ ਤਿਰਿਆ ਤਜਾਗੀ । ਸੋ ਨਾਹੀ ਪੁਰਖਾ ਬੈਰਾਗੀ॥
ਮਿਲਿ ਸਤਿਗੁਰ ਹਉਮੈਂ ਨਹੀਂ ਤਜਾਗੀ ।
ਨਾਨਕ ਸੋ ਨਾਹੀ ਬੈਰਾਗੀ । (੨੫)

*ਉਂਦਰ—ਚੂਹਾ ॥



Sri Satguru Jagjit Singh Ji Elibrary NamdhariElibrary@gmail.com

ਜਤਨ ਦੀਪਕ ਤੱਤ ਕਾ ਤੇਲਾ। ਸੁਰਤ ਕਰ ਬਾਤੀ ਸਹਜ ਮੇਂ ਮੇਲਾ।
ਪੰਚਹੂ ਮੇਲ ਚਾਦਨ ਕਰੈ। ਤਿਤ ਚਾਂਦਨੇ ਗੜ੍ਹ ਊਪਰ ਪਵੈ।
ਉਤ ਗੜ੍ਹ ਬੈਸਿ ਹੋਵੈ ਬਡ ਭਾਗੀ।ਨਾਨਕ ਕਹੈ ਸੋਈ ਬੈਰਾਗੀ।।੨੬।।
ਬਿਨ ਸੰਜਮ ਬੈਰਾਗ ਨ ਪਾਯਾ।ਭਰਮਤ ਫਿਰਿਆ ਜਨਮ ਗਵਾਇਆ।
ਕਯਾ ਹੋਯਾ ਜੋ ਅਉਧ ਬਧਾਈ। ਕਯਾ ਹੋਯਾ ਜੋ ਬਿਭੂਤੀ ਚੜ੍ਹਾਈ ।।
ਕਯਾ ਹੋਯਾ ਜੋ ਸਿੰਙੀ ਬਜਾਈ। ਕਯਾ ਹੋਆ ਜੋ ਨਾਦ ਬਜਾਈ ।।
ਕਯਾ ਹੋਯਾ ਜੋ ਕਨੂਆ ਫੂਟਾ। ਕਯਾ ਹੋਆ ਜੋ ਗ੍ਰਿਹਿ ਤੇ ਛੂਟਾ।
ਕਯਾ ਹੋਯਾ ਜੋ ਉਸ਼ਨ ਸ਼ੀਤ ਸਹੇ। ਕਯ ਹੋਆ ਜੇ ਬਨ ਖੰਡ ਰਹੇ ।।
ਕਯਾ ਹੋਯਾ ਜੇ ਮੋਨੀ ਹੋਤਾ। ਕਯਾ ਹੋਯਾ ਜੋ ਬਕ ਬਕ ਕਰਤਾ।
ਸੋਹੰ ਜਾਪ ਜਪੇ ਦਿਨ ਰਾਤਾ। ਮਨ ਤੇ ਤਯਾਗੇ ਦੁਬਿਧਾ ਭ੍ਰਾਂਤਾ ।।
ਆਵਤ ਸੋਧੇ ਜਾਵਤ ਬਿਚਾਰੇ। ਨੌਦਰ ਮੂੰਦੇ ਤਖ਼ਤੇ ਮਾਰੈ।
ਦੇ ਪ੍ਰਦਖਣਾਂ ਦਸਵੇਂ ਚਢੈ! ਉਸ ਨਗਰੀ ਸਭ ਸੋਝੀ ਪੜੈ ।।
ਤ੍ਰੈਗੁਣ ਤਯਾਗ ਚਉਥੇ ਅਨੁਰਾਗੀ।ਨਾਨਕ ਕਹੈ ਸੋਈ ਬੈਰਾਗੀ।।੨੭।
ਸੋ ਬੈਰਾਗੀ ਥੈ ਮਹਿ ਆਵੈ। ਸ਼ਿਵ ਕੇ ਆਗੇ ਮਕਤਿ ਨਿਵਾਵੈ।
ਸ਼ਿਵ ਸਕਤੀ ਕੇ ਕਰਮ ਜੁ ਕਰੈ। ਅਜਰ ਵਸਤੂ ਅਗੋਚਰ ਜਰੈ।
ਐਸਾ ਔਖਤ ਖਾਹ ਗਵਾਰਾ। ਜਿਤ ਖਾਏ ਤੋਰੇ ਜਾਂਹਿ ਬਿਕਾਰਾ ।।
ਤਾਮਸ ਤਿਸਨਾ ਸਗਲ ਤਿਆਗੀ।
ਨਾਨਕ ਕਹੈ ਸੋਈ ਬੈਰਾਗੀ ।। ੨੫ ।। (੨੮)

ਜੇਕਰ ਆਪ ਨੇ ਉਪਰਲੀ ਬਾਣੀ ਪੜ੍ਹਨ ਦੀ ਹਿੰਮਤ ਕੀਤੀ ਹੈ, ਤਦ ਕਹਿ ਸਕੋਗੇ, ਕਿ ਕੀ ਇਹ ਗੁਰੂ ਨਾਨਕ ਦੀ ਹੋ ਸਕਦੀ ਹੈ ? ਮੇਰੇ ਲਈ ਤਾਂ ਇਹ ਬੇ-ਮਹਿਨੀ ਹੈ। ਭਲਾ ਏਸ ਵਿਚ ਕੀ ਗਿਆਨ ਹੋਇਆ:–'ਚੂਹਾ ਦੇਖ ਬਿਲੀ ਭਾਗੀ। ਨਾਨਕ ਕਹੇ ਸੋਈ ਬੈਰਾਗੀ ।।' ਸਾਰੀ 'ਪ੍ਰਾਣ ਸੰਗਲੀ' ਬਸ ਇਹੋ ਜਿਹੀ ਸਿਖਿਆ ਨਾਲ ਭਰੀ ਹੈ।



Sri Satguru Jagjit Singh Ji Elibrary NamdhariElibrary@gmail.com

# ਬਸੰਤ ਕੀ ਵਾਰ ਮਹਲਾ ੫*।

ਇਹ ਵਾਰ ਤਾਂ ਸਭ ਛਾਪੇ ਦੇ ਗ੍ਰੰਥ ਸਾਹਿਬਾਂ ਵਿਚ ਹੈ। ਪਰ ਪਾਠਕਾਂ ਦੇ ਆਰਾਮ ਲਈ ਏਥੇ ਦੇ ਦੇਦੇ ਹਾਂ। ਛੋਟੀ ਜਿਹੀ ਤਿੰਨ ਪਉੜੀਆਂ ਦੀ ਵਾਰ ਹੈ। (ਸੰਮਤ ੧੭੧੬ ਵਾਲੀ ਬੀੜ ਵਿਚੋਂ)॥ ਛੋਟੇ ਮੋਟੇ ਪਾਠਾਂਤ੍ਰ† ਬੀ ਹਨ॥

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ।
ਕਰਮ ਲਿਖੰਤੈ ਪਾਈਐ ਇਹ ਰੁਤ ਸਹਾਈ॥
ਵਣ ਤ੍ਰਿਣੁ ਤ੍ਰਿਭਵਣ ਮਉਲਿਆ ਅੰਮ੍ਰਿਤ ਫਲ ਪਾਈ॥
ਮਿਲਿ ਸਾਧੂ ਸੁਖੁ ਉਪਜੈ ਲਥੀ ਸਭ ਛਾਈ।
ਨਾਨਕ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥ ੧॥
ਪੰਜੇ ਬਧੇ ਮਹਾ ਬਲੀ ਕਰਿ ਸਚ ਢੋਆ॥
ਆਪਣੇ ਚਰਣ ਜਪਾਇਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭ ਮਿਟਿ ਗਏ ਨਿਤ ਨਵਾ ਨਿਰੋਆ॥
ਦਿਨੁ ਰੈਣ ਨਾਮ ਧਿਆਇੰਦਾ ਫਿਰਿ ਪਇਆ ਨ ਮੋਆ॥
ਜਿਸਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ ੨॥
ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ॥
ਜੀਆ ਜੰਤ ਸਭਿ ਖਸਮ ਕੇ ਉਨ ਕੀਮਤਿ ਪਾਵੈ॥
ਰਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ॥
ਅਗਮ ਅਗੋਚਰ ਸਾਹਿਬੋ ਦੂਸਰ ਨਵੈ ਨ ਲਾਵੈ॥
ਸਚੁ ਪੂਰੈ ਗੁਰਿ ਉਪਦੇਸਿਆ ਨਾਨਕ ਸੁਣਾਵੈ॥ ੩॥ ੧॥

# ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਭ ਕੀ

ਇਹ ਅਸੀ ਬਣੀਗ੍ਰਾਮ ਵਾਲੀ ਬੀੜ ਤੋਂ ਨਕਲ ਕੀਤੀ ਹੈ। ਜੋ ਲਫਜ਼

*ਗਲਤੀ ਨਾਲ ਏਥੇ 'ਮਹਲਾ ੧' ਲਿਖ ਦਿੱਤਾ ਹੈ।
†ਪਾਠਾਂਤ੍ਰ ਬੂੜੇ ਸੰਧੂ ਦੀ ਬੀੜ ਤੋਂ।



Sri Satguru Jagjit Singh Ji Elibrary NamdhariElibrary@gmail.com

ਓਥੇ ਪੜ੍ਹੇ ਨਹੀਂ ਸਨ ਜਾਂਦੇ, ਓਹਨਾਂ ਨੂੰ ਢਾਕੇ ਦੀ ਬੇਲ ਬੂਟੇ ਵਾਲੀ ਬੀੜ ਤੋਂ ਲਿਆ ਹੈ।

ੴ ਸਤਿਗੁਰ ਪ੍ਰਸਾਦਿ ॥

ਹਕੀਕਤ ਰਾਹ ਮੁਕਾਮ ਸਿਵ ਨਾਭ ਰਾਜੇ ਕੀ। ਨਾਗ ਪਟਣੁ ਬਿਦਰ ਤਿਜਾਵਰ ਸਹਰ *(ਗਾਹ) ਤਹਾਂ ਕਾ ਰਾਜਾ ਐਇਰਾ †ਪਤਿ ਨਾਇਕੁ ਹੈ। ਤਹਾਂ ਵਲਾਇਤ ਰਾਮ ‡ਰਾਜੇ ਕੀ ਹੈ। ਤਹਾਂ ਤੇ ਲੋਕ ਜਹਾਜ ਚੜ੍ਹਤਾ ਹੈ। ਤਿਨ ਦਿਨ ਤਿਨ ਰਾਤਿ ਵਿਚ ਜਾਪਾ ਪਟਣੁ ਪਾਰਿਕਾ ਬੰਦਰ ਹੈ ਤਹਾਂ ਜਾਇ ਉਤ੍ਰਤਾ ਹੈ। ਸੋ ਸੰਗਲਾ ਦੀਪ ਹੈ। ਚਉਦਹ ਸੈ ਗਾਂਉ ਵਿਚਿ ਵਸਦਾ ਹੈ। ਤਹਾਂ ਸਤ ਰਾਜੇ ਸੇ।§ਗੁਰ ਬਾਬੇ ਕੇ ¶ਵਚਨਿ ਇਕ ਰਾਜ ਹੋਆ ਹੈ। ਸ਼ਿਵਨਾਭ ਰਾਜੇ ਕੀ ਸੰਤਿਤ ਸਤਾਵਰ A ਸਹਰਿ ਹੈ। ਤਖ਼ਤਗਾਹ ਤਹਾਂ ਅਬ ਰਾਜਾ ਮਾਇਆ ਦਉਨੀ ਹੈ। ਰਾਜੇ ਗਏ ਸਿੰਘ ਕਾ ਬੇਟਾ, ਰਾਜੇ ਸਿਵਨਾਭ ਕਾ ਪੋਤਾ ਹੈ। ਤਹਾਂ ਗੁਰੂ ਜੀ ਕੀ ਧਰਮਸਾਲਾ ਹੈ। ਸੰਗਤਿ ਜੁੜਤੀ ਹੈ। ਕੀਰਤਨ ਹੋਤਾ ਹੈ। ਰਸੋਈ ਬੀਸ ਮਨ ਲੂਨ ਹਰ ਰੋਜ ਲਗਤਾ ਹੈ।

ਨੌਕਾ ਪਟਣੁ ਬੀਜਾ ਨਗਰ ਤੇ ਇਕਤ੍ਰੀ ਕੋਸ B ਅੱਸੀ ਹੈ। ਅਰੋਗਾ ਪੇਟਿ ਹੈ ਤਾਂ ਸੰਗਤ ਚੰਗੀ ਭਾਟੜੇ ਕੀ ਹੈ। ਤਿਸਕੀ ਗਿਰਦ ਨਿਵਾਹੀ ਸੰਗਤ ਬਹੁਤ ਹੈ। ਅਰ ਭਾਟੜਿਆਂ ਕੇ ਘਰਿ ਤੇ ਕਜਲੀ ਬਣ ਕੋਸ ਅੱਸੀ ਹੈ। ਤ੍ਰੀਆ ਰਾਜ ਹੈ। ਤਹਾਂ ਭੀ ਗੁਰੂ ਬਾਬੇ ਕਾ ਦੇਹੁਰਾ ਹੈ। ਸੰਗਤ ਭਾਟੜਿਆਂ ਕੇ ਜੁੜਤੀ C ਹੈ। ਓਥੇ ਗੁਰੂ ਸਿਧਾਂ ਨਾਲ ਗੋਸਟਿ ਕਰਕੇ ਪੂਜਾਂ ਖਿਚ ਲੀਤੀ ਸੁ। ਤਬ ਸਿਧ ਗੁਰੂ ਕਾ ਜੋਰ ਅਜਮਾਇਕੈ ਪੈਰੀ ਆਇ ਪਏ ਹੋਹਿ D। ਉਸ ਥਾਉਂ ਕਾ ਨਾਮ E ਕਜਲੀ ਬਣ ਤ੍ਰਿਆ ਰਾਜ ਹੈ। ਤਹਾਂ ਭੀ ਸੰਗਤ ਹੈ ॥

---

*ਸਹਰ ਗਾਹ; †ਆਦਿਰ ਪਤਿ; ‡ਰਾਜੇ ਰਾਮ; §ਥੇ; ¶ਸਚੂਨ ॥
A ਪਾਠਾਂਤ੍ਰ ਸਤਾਵਦ; B ੩੧; C ਜੁੜਦੀ; D ਹੈਨ; E ਨਾਂਉ ॥



Sri Satguru Jagjit Singh Ji Elibrary NamdhariElibrary@gmail.com

# ਸਾਖੀ ਮਹਲਾ ੫ ॥

ਬਨਿਗਾਮ (ਜ਼ਿਲਾ ਚਾਟਗਾਮ) ਦੀ ਬੀੜ ਦੇ ਪਿਛੇ ਇਹ ਸਾਖੀ ਲਿਖੀ ਹੈ। ਇਸ ਵਿਚ ਪੰਜ ਕਮ ਨ ਕਰਨ ਵਾਸਤੇ ਅਤੇ ਪੰਜ ਕਰਨ ਵਾਸਤੇ ਕਹੇ ਹਨ। (ਟਾਕਰਾ ਕਰੋ ਹਜ਼ਰਤ ਮੂਸਾ ਦੇ ਦਸ ਹੁਕਮਾਂ ਨਾਲ)। ਗਿਣਤੀ ਦਸ ਦੀ ਰਖਣ ਦਾ ਖ਼ਿਆਲ ਕਿਥੋਂ ਆਇਆ ? 'ਪੰਜੇ ਐਬ ਸ਼ਰਈ' ਇਕ ਮੁਹਾਵਰਾ ਹੈ, ਸੋ ਨਿਖੇਧੀ ਦੇ ਕੰਮਾਂ ਦੀ ਗਿਣਤੀ ਤਾਂ ਇਸ ਤਰ੍ਹਾਂ ਕਾਇਮ ਹੋ ਗਈ, ਭਾਵੇਂ ਮਨ੍ਹਾਂ ਕੀਤੇ ਕੰਮ ਉਹੋ ਪੰਜ ਨਹੀਂ ਜੋ ਸ਼ਰਹ ਵਿਚ ਪੰਜ ਐਬ ਗਿਣ ਜਾਂਦੇ ਹਨ। ਪਰ ਵਿਧੀ ਦੇ ਜਾਂ ਕਰਨ ਵਾਲੇ ਕੰਮ ਵੀ ਪੰਜ ਕਿਉਂ ? ਚਾਟਗਾਮ, ਸੋਨਦੀਪ ਅਤੇ ਸਮੁੰਦਰ ਦੇ ਸਾਰੇ ਕੰਢੇ ਦੇ ਪਿੰਡਾਂ ਵਿਚ ਪੁਰਤਗੇਜ਼ਾਂ ਦਾ ਰਾਜ ਸੀ, ਅਤੇ ਇਕ ਪਾਦਰੀ ਹੀ ਹਕੂਮਤ ਕਰਦਾ ਸੀ। ਕੀਹ ਦਸ ਦੀ ਗਿਣਤੀ Ten Commandments ਤੋਂ ਹੀ ਨਹੀਂ ਸੁਝੀ ਸੀ। ਹਾਂ ਕੰਮ ਜੋ ਮਨ੍ਹਾਂ ਕੀਤੇ ਹਨ, ਜਾਂ ਜਿਨ੍ਹਾਂ ਦੇ ਕਰਨ ਦਾ ਹੁਕਮ ਹੈ, ਓਹ ਜ਼ਰੂਰੀ ਆਪਣੀ ਦੇਸੀ ਸੋਸਾਇਟੀ ਦੇ ਹਾਲ ਮੁਤਾਬਕ ਹੋਣੇ ਸਨ। ਸਿਖਾਂ ਦੀਆਂ ਕਿਤਾਬਾਂ ਵਿਚ ਹੋਰਥੇ ਭੀ ਪੁਨਾਅਰਥੀ ਕੰਨਿਆ ਦੇਣ ਜਾਂ ਦਿਵਾਨ ਦੀ ਸਫ਼ਾਰਸ਼ ਕੀਤੀ ਹੈ। ਕੀ ਇਹ ਕੁੜੀਆਂ ਦੀ ਥੋੜ ਸਿਖ ਹੋ ਜਾਨ ਕਰਕੇ ਪੈਦਾ ਹੋਈ ਸੀ, ਜਾਂ ਜਿਨ੍ਹਾਂ ਕੌਮਾਂ ਵਿਚੋਂ ਸਿਖ ਆਉਂਦੇ ਸਨ, ਉਹਨਾਂ ਵਿਚ ਉਂਜ ਹੀ ਕੁੜੀਆਂ ਘਟ ਸਨ, ਜਿਕੁਰ ਜਟਾਂ ਤੇ ਖਤ੍ਰੀਆਂ ਵਿਚ ? ਬਣੀਗ੍ਰਾਮ ਵਾਲੀ ਬੀੜ ਵਿਚ ਕੋਈ ਖ਼ਾਸ ਨਾਮ ਨਹੀਂ ਦਿੱਤਾ ਹੋਇਆ, ਪਰ ਚਿਟਾਗ੍ਰਾਮ ਦੀ ਬੀੜ ਵਿਚ ਸਾਫ਼ ਨਾਮ 'ਸਾਖੀ ਮਹਲਾ ੫' ਦਿਤਾ ਹੈ। ਧਰਮਸਾਲਾ ਪੋਧਾ ਸਾਹਿਬ (ਰਾਵਲਪਿੰਡੀ) ਵਿਚ ਇਹੋ 'ਸਾਖੀ ਮਹਲਾ ਪੰਜ' ਦੇਂਦਿਆ ਕਰਨ ਵਾਲੇ ਤੇ ਨਾ ਕਰਨ ਵਾਲੇ ਕੰਮਾਂ ਨੂੰ ਦੋ ਕਾਲਮਾਂ ਵਿਚ ਲਿਖਿਆ ਹੈ।

'ਗੁਰੂ ਬੋਲਿਆ, ਜੋ ਪੰਜ ਕਰਮ ਨ ਕਰੇ, ਸੋ ਜੀਵਨ ਮੁਕਤ ਜੋ ਗੁਰੂ ਰਖੇ। ॥ ਪੰਜ ਕੰਮ ॥ ਪਰ ਦਰਬ ਨ ਹਿਰੈ ॥ ੧ ॥ ਪਰਾਈ ਇਸਤ੍ਰੀ



Sri Satguru Jagjit Singh Ji Elibrary NamdhariElibrary@gmail.com

ਨ ਰਵੈ ॥ ੨ ॥ ਪਰਾਈ ਨਿੰਦਾ ਨ ਕਰੇ ॥ ੩ ॥ ਜੂਏ ਨ ਖੇਲੇ ॥ ੪॥ ਆਗਿਆ ਭੰਗ ਨ ਕਰੇ ॥ ੫ ॥' ਪੰਜਵੀਂ ਹਿਦਾਇਤ ਦੀ ਥਾਂ, ਭਾਈ ਪੈਂਧਾ ਦੇ ਗ੍ਰੰਥ ਵਿਚ ਲਿਖਿਆ ਹੈ ਕਿ :–'ਮਦ ਮਾਂਸ ਨਾ ਖਾਏ।'

'ਪੰਜ ਕੰਮ ਕਰੇ, ਜੋ ਗੁਰੂ ਕਰਾਵੇ॥ ਪੰਜ ਕੰਮ॥ ਸੰਗਤਿ ਨਿੱਤ ਜਾਏ॥ ਕਛੁ ਸੁਹ ਪਾਵਨ ਨੂੰ ਲੈ ਜਾਏ ਅਰ ਆਰਤੀ ਕੀਰਤਨ ਸੁਣ ਸੋਵੇ ॥ ੧ ॥ ਅਰਥੀ ਦੁਖੀ ਨਮਾਨੇ ਨੂੰ ਮਾਨਦੇ । ਪਰ ਉਪਕਾਰ ਕਰੇ ਕਰਾਵੇ ਲੋਚੇ ॥ ੨ ॥ ਜਿਸਨੈ ਕੋਈ ਕੁੜਮਾਈ ਨਾ ਕਰੇ ਤਿਸਨੂੰ ਪੁਨ ਅਰਥ* ਕਨਿਆ ਦਾਨ ਦੇ, ਇਕੇ ਲੋਚਕੇ ਦਿਵਾਵੇ ॥ ੩ ॥ ਮਨਮੁਖ ਤੇ ਜਿਉ ਸਿਖ ਹੋਵੇ, ਤਿਉ ਲੋਚਕਰ ਸਿਖ ਕਰੇ, ਜੀਆ ਦਾਨ ਇਹੋ ਹੈ ॥ ੪ ॥ ਸਭਨਾਂ ਜੀਆਂ ਕਾ ਭਲਾ ਮਨਾਵੈ ਕੋਈ ਦੁਖੈ ਨਹੀਂ।

੧ ਓ ਸਤਿਗੁਰ ਪ੍ਰਸਾਦਿ ॥

## ਸਾਹੀ ਕਾ ਵਜਨੁ ਸਵਾਰਨੇ ਕਾ

੧ ਸਿਰਸਾਹੀ ਕਜਲੁ ਦੀਵੇ ਕਾ ਫੁਲ ॥ ੧ ਸਿਰਸਾਹੀ ਬੋਲਿ ॥
੧ ਸਿਰਸਾਹੀ ਨੀਲ ਹਛਾ ਖਰਾ ॥ ੧ ਸਿਰਸਾਹੀ ਨਸੰਗਫ (ਸਿੰਗ੍ਰਫ)॥
੧ ਮਾਸਾ ਭਰਿ ਸੁਇਨਾ ਕੁੰਦਨ ਪਾਵਨਾ॥ ੧ ਅਧ ਸਰਸਾਹੀ ਕੇਸਰ ॥
੧ ਸਿਰਸਾਹੀ ਮਾਜੂ ਕਾਲੇ ਕਾਹੀ ਹਛੀ ।
ਕਸੀਰ ਤੇਲੁ ਕਸਤੂਰੀ ਹਛੀ ਖਤਾਈ ਦਾਨੇ ॥

ਇਹ ਸਭ ਵਸਤੂ ਕਪੜ ਛਾਨ ਕਰਨੀਆਂ। ਭੰਗਰੇ ਕੇ ਪਾਨੀ ਵਿਚ ਭੇਵਿਕੇ ਘੋਟਣੀਆਂ ॥ ਤਾਂਬੇ ਕਾ ਭਾਂਡਾ ਨਿਮ ਕੀ ਲਕੜੀ ਨਾਲਿ ਹੋਰਿ ਮਸਾਲੇ ਲੈਕੇ ਤਿਨਾਂ ਦਾ ਪਾਣੀ ਮਸਾਲਿਆਂ ਦੇ ਪੰਜ ਸਿਰਸਾਹ ਲਾਖ ਰੰਗ ਕੀ ਲੈਨੀ ॥ ੨ ਸਿਰਸਾਹੀ ਕੰਡਨ ਖਾਰ ਹਛੀ ਲੈਣੀ। ਸਿਰਸਾਹ

*ਕੁੜੀਆਂ ਵੇਚੀਆਂ ਜਾਂਦੀਆਂ ਸਨ।



Sri Satguru Jagjit Singh Ji Elibrary NamdhariElibrary@gmail.com

ਬਿਜੈ ਸਾਰ ਲੈਣਾ ॥ ੧ ਸਿਰਸਾਹੀ ਸੁਹਾਗਾ ਲੈਣਾ ॥ ੧ ਸਿਰਸਾਹੀ ਨੀਲਾ ਥੋਥਾ ਲੈਣਾ ॥ ਅਧ ਸਿਰਸਾਹੀ ਫਟਕੜੀ ਲੈਨੀ । ੫ ਸਿਰਸਾਹੀ ਅਨਾਰ ਦੇ ਛਿਲਕ ਲੈਨੇ ॥

ਇਕ ਹੋਰ ਥਾਂ ਲਿਖਿਆ ਹੈ ਕਿ ਦਿਨ ਤ੍ਰੀਹ ਘੋਟਨਾ ॥

ਸਿਆਹੀ ਕੀ ਬਿਧ । ਸਿਰਸਾਹੀ ਕਜਲੁ ਵਜਨ ॥੧॥ ਬੋਲ॥੨॥ ਗੂੰਦ ਕਿਕਰ ਕਾ ॥ ਇਕ ਰੱਤੀ ਲਾਜਵਰਦ। ਇਕ ਰਤੀ ਸੁਇਨਾ। ਬਿਜੈਸਾਰ ਕਾ ਪਾਨੀ। ਤਾਮੇ ਕਾ ਭਾਂਡਾ। ਨਿੰਮ ਕੀ ਲਕੜੀ॥ ਦੀਵੇ ਕਾ ਕਜਲੁ। ਦਿਨ ਵੀਹ ਘਸਨੀ। ਰਵਾਲ ਰਖਣੀ ॥ ੧ ॥ ੧ ॥

ਇਹ ਛੋਟੀ ਬਿਧੀ ਸਿਆਹੀ ਦੀ ਸੰਮਤ ੧੭੩੨ ਵਾਲੀ ਬੀੜ ਤੋਂ ਲਈ ਹੈ ॥

# ਰਾਗ ਮਾਲਾ ॥

## (ੳ) ਕਦ, ਕਿਥੋਂ ਤੇ ਕਿਸ ?

ਸੰਸਕ੍ਰਿਤ ਵਿਚ ਇਕ ਇਸ਼ਕੀਆ ਕਿੱਸਾ ਮਾਧਵਾਨਲ ਕਾਮਕੰਦਲਾ' ਨਾਮ ਦਾ ਹੈ। ਉਸੇ ਨੂੰ ਥੋੜਾ ਅਦਲ ਬਦਲਕੇ, ਅਤੇ ਆਪਣੇ ਮਤਲਬ ਲਈ ਢਾਲਕੇ ਭਾਖਾ ਵਿਚ ਵੀ ਅਡ ਅਡ ਲੋਕਾਂ ਨੇ ਲਿਖਿਆ ਹੈ।

ਦਸਮਗ੍ਰੰਥ ਦੇ 'ਚਰਿਤ੍ਰ—ਉਪਾਖਿਆਨ' ਚਰਿਤ੍ਰ ੯੧) ਵਿਚ ਵੀ ਇਹ ਕਿੱਸਾ ਦਿੱਤਾ ਹੈ। ਗੁਰੂ ਸਾਹਿਬ ਇਸ ਨੂੰ ਇਉਂ ਲਿਖਦੇ ਹਨ:—

ਗੋਬਿੰਦ ਚੰਦ ਨਰੇਸ ਕੋ ਮਾਧਵਨਲ ਨਿਜ ਮੀਤ ।<br>
ਪੜ੍ਹੇ ਬਿਯਾਕ੍ਰਨ, ਸਾਸਤ੍ਰ ਖਟ, ਕੋਕਸਾਰ, ਸੰਗੀਤ ॥ ੧ ॥<br>
ਮਧੁਰ ਮਧੁਰ ਧੁਨ ਬੇਨ ਬਜਾਵੈ ।<br>
ਜੋ ਕੋਈ ਤ੍ਰਿਯ ਸ੍ਰਵਨਨ ਸੁਨਿ ਪਾਵੈ ॥<br>
ਚਿਤ ਮੈਂ ਅਧਿਕ ਮੱਤ ਹ੍ਵੈ ਝੂਲੇ ।<br>
ਗ੍ਰਿਹ ਕੀ ਸਕਲ ਤਾਹਿ ਸੁਧ ਭੂਲੇ ॥ ੨ ॥



Sri Satguru Jagjit Singh Ji Elibrary NamdhariElibrary@gmail.com

ਪੁਰਬਾਸੀ ਨ੍ਰਿਪ ਪੈ ਚਲਿਆਏ। ਆਇ ਰਾਏ ਤੇ ਬਚ... ਸੁਨਾਏ ॥
ਕੈ ਮਾਧਵ ਨਲ ਕੋ ਅਬ ਮਹੀਐ।
ਨਾਂ ਤੋਂ ਯਾਂਕਹਿ ਦੇਸ ਨਿਕਰੀਐ ॥ ੩ ॥
ਇਹ ਹਮਰੀ ਇਸਤ੍ਰੀਨ ਕੋ, ਲੇਤ ਚਿੱਤ ਬਰਮਾਇ।
ਜੋ ਹਮ ਸਭ ਕੋ ਕਾਢੀਐ, ਤੋ ਇਹ ਰਾਖਿਯੋ ਰਾਇ ॥ ੪ ॥

ਤਦ ਰਾਉ ਨੇ ਸਿਕਾਯਤ ਦੇ ਸਬੂਤ ਕਰਨ ਲਈ ਬਹੁਤ ਸਾਰੇ ਕੰਵਲ*ਫੁਲ ਮੰਗਵਾਏ ਅਤੇ ਪੰਖੜੀਆਂ ਤੋੜਕੇ ਇਕ ਫ਼ਰਸ਼ ਤੇ ਵਿਛਾ ਦਿਤੀਆਂ। ਨਗਰ ਦੀਆਂ ਇਸਤ੍ਰੀਆਂ ਨੂੰ ਬੁਲਾਕੇ ਉਸ ਫਰਸ਼ ਪੁਰ ਬਿਠਾ ਦਿੱਤਾ ਅਤੇ ਮਾਧਵਾਨਲ ਨੂੰ ਸਦਕੇ ਉਹਨਾਂ ਦੇ ਵਿਚ ਬਿਠਾਕੇ ਹੁਕਮ ਦਿੱਤਾ ਕਿ ਬੀਨ ਬਜਾਕੇ ਇਸਤ੍ਰੀਆਂ ਨੂੰ ਸੁਣਾਏ।

ਰੀਝ ਬਿਪ੍ਰ ਤਬ ਬੇਨ ਬਜਾਈ।
ਸਭ ਇਸਤ੍ਰੀਨ ਕੇ ਚਿੱਤ ਲੁਭਾਈ ॥ ੬ ॥

ਰਾਉ ਨੂੰ ਜਦ ਸਬੂਤ ਮਿਲ ਗਿਆ, ਜਿਸ ਦੀ ਓਹ ਉਮੀਦ ਕਰ ਰਿਹਾ ਸੀ, ਤਦ ਉਸ ਨੇ ਮਾਧਵਾਨਲ ਨੂੰ ਤੁਰਤ ਦੇਸ ਨਿਕਾਲਾ ਦੇ ਦਿੱਤਾ। ਬਾਹਮਣ ਜਾਣਕੇ ਜਾਨੋਂ ਨਾ ਮਾਰਿਆ।

ਮਾਧਵਾਨਲ ਫਿਰਦਾ ਫਿਰਦਾ ਕਾਮਾਵਤੀ ਨਗਰੀ ਆ ਨਿਕਲਿਆ।
ਕਾਮਸੈਨ ਰਾਜਾ ਜਹਾਂ, ਤਹਿ ਦ੍ਵਿਜ ਪਹੁਚਿਯੋ ਜਾਇ।
ਪ੍ਰਗਟ ਤੀਨ ਸਠਿ ਤ੍ਰਿਯ ਨਾਚਤ ਜਹਾਂ ਬਨਾਇ ॥ ੯ ॥
ਮਾਧਵ ਤੌਨ ਸਭਾ ਮਹਿ ਆਯੋ। ਆਨਿ ਰਾਵ ਕੋ ਸੀਸ ਝੁਕਾਯੋ ॥
ਸੂਰਬੀਰ ਬੈਠੇ ਬਹੁ ਜਹਾਂ। ਨਾਚਤ ਕਾਮ ਕੰਦਲਾ ਤਹਾਂ ॥
ਚੰਦਨ ਕੀ ਤਨ ਕੰਚੁਕੀ ਕਾਮਾ ਕਸੀ ਬਨਾਇ।
ਅੰਗਿਆ ਹੀ ਸਭ ਕੋ ਲਖੈ, ਚੰਦਨ ਲਖਿਯੋ ਨ ਜਾਇ ॥੧੧॥
ਚੰਦਨ ਕੀ ਲੈ ਬਾਸਨਾ ਭਵਰ ਬਹਿਠਿਯੋ ਆਇ।

---

*ਗੁਲਾਬ ਬਾਹਰੋਂ ਮੁਸਲਮਾਨਾਂ ਨਾਲ ਆਇਆ ਹੈ।



Sri Satguru Jagjit Singh Ji Elibrary NamdhariElibrary@gmail.com

ਸੋ ਤਿਨ ਕੁਚ ਕੀ ਬਾਯ ਤੇ ਦੀਨ ਤਾਂਹਿ ਉਠਾਇ।।੧੨ ॥
ਇਹ ਸੁਭੇਦ ਬਿੱਪ੍ਰ ਨੇ ਲਹਿਯੋ। ਰੀਝਤ ਅਧਿਕ ਚਿੱਤ ਮੈ ਭਯੋ।
ਅਮਿਤ ਦਰਬੁ ਨ੍ਰਿਪ ਤੇ ਜੋ ਲੀਨੋ।ਸੋ ਲੈ ਕਾਮ ਕੰਦਲਹਿ ਦੀਨੋ।੧੩।
ਅਮਿਤ ਦਰਬ ਹਮ ਜੋ ਦਯੋ, ਸੋ ਇਹ ਦਯੋ ਲੁਟਾਇ।
ਐਸੇ ਬਿਪ੍ਰ ਫ਼ਜ਼ੂਲ ਕੋ ਮੋਹਿ ਨ ਰਾਖਿਯੋ ਜਾਇ ।।੧੪।।
ਬਿਪ੍ਰ ਜਾਨਿ ਜਿਯ ਤੇ ਨਹਿ ਮਰੀਯੈ।
ਇਹ ਪੁਰ ਤੇ ਤਿਹ ਤੁਰਤ ਨਿਕਰੀਐ।

ਜਦ ਮਾਧਵਾਨਲ ਨੇ ਇਹ ਹੁਕਮ ਸੁਨਿਆ, ਤਦ ਕਾਮਕੰਦਲਾ ਦੇ ਘਰ ਗਿਆ ਅਤੇ ਉਸਨੂੰ ਇਹ ਸਾਰਾ ਹਾਲ ਸੁਣਾਇਆ । 'ਕਾਮਾ' ਨੇ ਉਸਦੇ ਨਾਲ ਹੀ ਦੇਸ ਛਡ ਜਾਣ ਤੇ ਜ਼ਿਦ ਕੀਤੀ, ਪਰ ਮਾਧਵਾਨਲ ਨਾ ਮਨਿਆ ਅਤੇ ਉਸਨੂੰ ਓਥੇ ਛੱਡ ਆਪ ਦੇਸੋਂ ਨਿਕਲ ਗਿਆ । ਪਿਛੇ 'ਕਾਮਾ' ਬਿਰਹ ਵਿਚ ਸੁਕਕੇ ਤੀਲਾ ਹੋ ਗਈ।

ਸੋਰਠਾ ॥ ਅਧਿਕ ਬਿਰਹਿ ਕੇ ਸੰਗ, ਪੀਤ ਬਰਨ ਕਾਮਾ ਭਈ।
ਰਕਤ ਨ ਰਹਿਯੋ ਅੰਗ, ਚਲਿਓ ਮੀਤ ਚੁਰਾਇ ਚਿਤ ॥ ੨੪ ॥
ਟਾਂਕ ਤੋਲ ਤਨ ਨਾਂ ਰਹਿਯੋ, ਮਾਸਾ ਰਹਿਯੋ ਨ ਮਾਸ।
ਬਿਰਹਲ ਕੇ ਤੀਨੋ ਭਲੇ, ਹਾਡ ਚਾਮ ਅਰ ਸ੍ਵਾਸ ।।੨੫।।
ਅਤਿਕਾਮਾ ਲੋਟਤ ਧਟਨ, ਮਾਧਵਨਲ ਕੇ ਹੇਤ।
ਟੂਟੇ ਅਮਲ ਅਫੀਮ ਜਿਉ, ਜਨੁ ਪਸਵਾਰੇ ਲੇਤ ॥ ੨੬ ॥
ਮਿਲਤ ਨੈਨ ਨ ਰਹਿ ਸਕਤ, ਜਾਨਤ ਪ੍ਰੀਤ ਪਤੰਗ ॥
ਛੂਟਤ ਬਿਰਹ ਬਿਯੋਗ ਤੇ, ਹੋਮਤ ਅਪਨੋ ਅੰਗ ॥ ੨੭ ॥

ਮਧਾਵਨਲ ਹੁਣ ਬਿਕਰਮ ਰਾਇ ਦੇ ਦੇਸ ਪੁਜਾ । ਇਕ ਗੌਰਜਾ ਦਾ ਮੰਦਰ ਸੀ, ਜਿਥੇ ਰਾਜਾ ਰੋਜ ਮਥਾ ਟੇਕਨ ਜਾਂਦਾ ਸੀ। ਮਾਧਵਨਲ ਨੇ ਮੰਦਰ ਵਿਚ ਜਾਕੇ, ਅਜਿਹੀ ਥਾਂ ਤੇ ਇਕ ਦੁਹਰਾ ਲਿਖ ਦਿੱਤਾ, ਜਿਥੇ ਓਹ ਰਾਜਾ ਦੀ ਨਜ਼ਰ ਪਵੇ। ਦੋਹਰਾ :–

ਜੋ ਨਰ ਰੋਗਨ ਸੋ ਗ੍ਰਸੇ, ਤਿਨ ਕੋ ਹੋਤ ਉਪਾਉ।



Sri Satguru Jagjit Singh Ji Elibrary NamdhariElibrary@gmail.com

ਬਿਰਹਿ ਤ੍ਰਿਦੋਖਨ ਜੋ ਗ੍ਰਸੇ, ਤਿਨ ਕੋ ਕਛੂ ਨ ਬਚਾਉ ॥ ੩੬ ॥

ਰਾਜਾ ਨੇ ਜਦ ਇਹ ਦੁਹਿਰਾ ਪੜ੍ਹਿਆ ਤਦ ਲਿਖਣ ਵਾਲੇ ਨੂੰ ਢੂੰਡ ਮੰਗਵਾਇਆ। ਮਾਧਵਨਲ ਨੇ ਆਪਣੀ ਸਾਰੀ ਕਹਾਣੀ ਕਹਿ ਸੁਣਾਈ। ਰਾਜਾ ਉਸਨੂੰ ਕਾਮਕੰਦਲਾ ਲੈ ਦੇਣ ਵਾਸਤੇ ਤਿਆਰ ਹੋਗਿਆ, ਭਾਵੇਂ ਜੁਧ ਹੀ ਕਿਉਂ ਨਾ ਕਰਨਾ ਪਵੇ। ਸਰਣ ਆਏ ਕੀ ਲਾਜ ਰਖਣੀ ਜ਼ਰੂਰੀ ਸੀ ॥

ਦੂਤ ਪਠਾਯੋ ਏਕ ਕਾਮਸੈਨ ਨ੍ਰਿਪ ਸੋ ਕਹੋ।
ਕਾਮ ਕੰਦਲਾ ਇਕੈ ਦੈ, ਇਕੈ ਸਭ ਦੇਸ ਉਬਾਰਿਯੋ ॥

ਕਾਮਸੈਨ ਨੂੰ ਸੁਣਕੇ ਬੜਾ ਗੁੱਸਾ ਆਇਆ ਅਤੇ ਲੜਾਈ ਲਈ ਤਿਆਰ ਹੋਇਆ। ਖ਼ੂਬ ਜੰਗ ਛਿੜ ਪਿਆ ॥

ਖੰਡੇਲੇ ਬਘੇਲੇ ਧੰਧੇਰੇ ਪਛਾਰੇ। ਗਹਰਵਾਰ ਚੌਹਾਨ ਹਾਹਲੋਤ ਦੋਰੇ॥
ਦੁਊ ਓਰ ਤੇ ਸੂਰ ਸੈਨਾ ਉਮੰਗੇ।
ਮਿਲੇ ਜਾਇ ਜਮਨਾ ਮਨੋ ਧਾਇ ਗੰਗੇ ॥ ੪੮ ॥

ਜਦ ਬਹੁਤ ਜੰਗ ਹੋ ਚੁਕੀ ਤਦ ਬਿਕ੍ਰਮ ਨੇ ਕਾਮਸੈਨ ਨੂੰ ਸੁਨਿਹਾ ਭੇਜਿਆ ਕਿ;

ਦੈ ਬੇਸਵਾ ਇਹ ਬਿਪ੍ਰ ਕੋ, ਸੁਨ ਰੇ ਬਰਨ ਅਚੇਤ।
ਬ੍ਰਿਥਾ ਜੁਝਾਵਤ ਕਿਯੋ ਕਟਕ, ਏਕ ਨਟੀ ਕੇ ਹੇਤ ॥ ੫੩ ॥

ਕਾਮਸੈਨ ਵੀ ਅਣਖ ਵਾਲਾ ਬੰਦਾ ਸੀ, ਉਸ ਸਾਮਨੇ ਆਕੇ ਕਿਹਾ ਕਿ ਆ ਫੇਰ ਅਸੀਂ ਦੋਵੇਂ ਫੈਸਲਾ ਕਰ ਲਈਏ;—

ਝਾਗ ਸੈਹਥੀ ਬ੍ਰਿਣ ਕਰੇ ਤੌ ਤੂ ਬਿਕਰਮ ਰਾਇ ॥

ਬਿਕ੍ਰਮ ਰਾਇ ਨੇ:—ਮਾਰਿ ਕਟਾਰੀ ਰਾਖਿਯੋ ਜੀਯਤ ਰਾਵ ਤਿਹ ਠੌਰ ॥
ਅਤੇ ਜਿੱਤ ਪਾਕੇ:—ਅਥਿਤੀ ਭੇਖ ਸਜ ਆਪ ਨ੍ਰਿਪ ਗਯੋ ਬਿਪ੍ਰ ਕੇ ਧਾਮ।

ਜਹ ਕਾਮਾ ਲੋਟਤ ਹੁਤੀ, ਲੈ ਮਾਧਵ ਕੋ ਨਾਮ ॥ ੬੧ ॥

ਜਾ ਤੇਇ ਹੈਂ ਬਚਨ ਤਿਨ ਕਹਿਯੋ। ਮਾਧਵ ਖੇਤ ਹੇਤ ਤਵ ਰਹਿਯੋ॥
ਸੁਨਤ ਬਚਨ ਤਬ ਹੀ ਮਰ ਗਈ।
ਨ੍ਰਿਪ ਲੈ ਇਹ ਖਬਰ ਦਿਜ ਕਰਈ ॥ ੬੨ ॥
ਯਹ ਬਚ ਜਬ ਸ੍ਰੋਨਨ ਸੁਨਿ ਲੀਨੋ। ਪਲਕ ਏਕ ਮਹਿ ਪ੍ਰਾਨਹਿ ਦੀਨੋ॥



Sri Satguru Jagjit Singh Ji Elibrary NamdhariElibrary@gmail.com

ਜਬ ਕੌਤਕ ਇਹ ਰਾਇ ਨਿਹਾਰਿਯੋ।
ਜਨਮ ਮਰਨ ਕਾ ਨਿਗ੍ਰਹ ਧਾਰਿਯੋ ॥ ੬੩ ॥
'ਚਿਤਾ ਜਰਾਇ ਜਰਨ ਜਬ ਲਾਗਿਯੋ।ਤਬ ਬੈਤਾਲ ਤਹਾਂ ਤੇ ਜਾਗਿਯੋ॥
ਸੀਂਚ ਅਮ੍ਰਿਤ ਤਿਨ ਦੁਹੂਨ ਜਿਵਾਯੋ।
ਨ੍ਰਿਪ ਕੇ ਚਿਤ ਕੋ ਤਾਪ ਮਿਟਾਯੋ ॥ ੬੪ ॥
ਇਤਿ ਸ੍ਰੀ ਚਰਿਤ੍ਰੋ ਪਾਖਿਆਨੇ ਪੁਰਖ ਚਰਿਤ੍ਰੇ ਇਕਾਨਵੋਂ ਚਰਿਤ੍ਰ
ਸਮਾਪਤੰ। ਸੁਭੰ ਅਸਤੂ ॥

ਏਸੇ ਕਹਾਣੀ ਨੂੰ ਥੋੜਾ ਬਦਲ ਕੇ ਆਲਮ ਕਵੀ ਨੇ ਕਿਸਾ ਲਿਖਿਆ ਹੈ ਅਤੇ ਉਸਦਾ ਨਾਮ 'ਮਾਧਵਾਨਲ ਸੰਗੀਤ' ਰਖਿਆ ਹੈ। ਗੁਰੂ ਸਾਹਿਬ ਨੇ ਤੇ ਜੰਗ ਦਾ ਮੌਕਿਆ ਪਾਕੇ ਆਪਣੀ ਕਵਿਤਾ ਵਿਚ 'ਬੀਰ-ਰਸ' ਭਰਿਆ ਹੈ, ਭਾਵੇਂ ਸ਼ਿੰਗਾਰ' ਨੂੰ ਭੁਲੇ ਨਹੀਂ। ਪਰ ਆਲਮ ਨੇ ਜੋ ਆਪ ਚੰਗਾ ਗਵਈਆ ਸੀ 'ਸ਼ਿੰਗਾਰ-ਰਸ' ਤੇ ਜ਼ੋਰ ਦੇਕੇ ਨਾਚ-ਰਾਗ ਦੀ ਵਧੀਕ ਉਪਮਾ ਕੀਤੀ ਹੈ, ਅਤੇ ਏਸੇ ਸਿਲਸਿਲੇ ਵਿਚ 'ਰਾਗਮਾਲਾ' ਬਣਾਈ ਹੈ। ਓਹੋ ਰਾਗ ਮਾਲਾ ਹੈ ਜੋ ਥੋੜੇਕੂ ਮਾਮੂਲੀ ਲਫ਼ਜ਼ੀ ਫ਼ਰਕਾਂ ਨਾਲ ਗਰੰਥ ਸਾਹਿਬ ਦੇ ਪਿਛੇ ਲਿਖੀ ਹੋਈ ਹੈ।

ਆਲਮ ਪਹਿਲੋਂ ਬ੍ਰਹਿਮਣ ਹੁੰਦਾਸੀ ਅਤੇ ਹਿੰਦੀ ਦਾ ਚੰਗਾ ਕਵੀ ਸੀ॥ ਇਕ ਲਿਲਾਰਨ ਦੇ ਇਸ਼ਕ ਵਿਚ, ਸਯਦ ਮੁਹੰਮਦਗੌਸ ਦੀ ਹਥੀਂ ਮੁਸਲਮਾਨ ਹੋ ਗਿਆ। ਆਲਮ ਉਸਦਾ ਮੁਸਲਮਾਨਾ ਨਾਂ ਹੈ, 'ਪੰਡਿਤ' ਦੀ ਥਾਂ। ਇਹ ਆਪਣੀ ਕਿਤਾਬ ਦੇ ਮੁਢ ਵਿਚ ਪਹਿਲੇ ਖ਼ੁਦਾ ਦੀ 'ਹਮਦ-ਓ-ਸਨਾ' ਕਹਿਕੇ ਫੇਰ ਹਜ਼ਰਤ ਮੁਹੰਮਦ ਅਤੇ ਚਾਰ ਅਸੁਹਾਬ ਦੀ 'ਮਦਹ' ਕਰਦਾ ਹੈ ਅਤੇ ਫੇਰ ਕਹਿੰਦਾ ਹੈ :–

ਸੰਮਤ ਨਉਸੈ ਇਕਾਨਵਾ ਆਹੀ ! ਕਰਉ ਕਥਾ ਅਬ ਬੋਲਉ ਤਾਹੀ॥
ਕਹੋ ਬਾਤ ਸੁਨਹੋ ਸਭ ਲੋਗਾ। ਕਰਉ ਕਥਾ ਸਿੰਗਾਰ ਬਿਓਗਾ ॥
ਕਾਮੀ ਰਸਿਕ ਪੁਰਖ ਜੋ ਸੁਨਹੀ।
ਤੇ ਯਹ ਕਥਾ ਰੈਨ ਦਿਨ ਗੁਨਹੀ ॥



Sri Satguru Jagjit Singh Ji Elibrary NamdhariElibrary@gmail.com

ਕੁਛ ਆਪਨ ਕੁਛ ਪਰਾਕ੍ਰਿਤ ਜੋਰੈ ॥
ਜਥਾ ਸਕਤ ਕੇ ਅੱਛਰ ਜੋਰੈ ॥
ਰਸਕ ਸਿੰਗਾਰ ਬ੍ਰਿਹ ਕੀ ਰੀਤਾ। ਮਾਧਵਨਲ ਕਾਮ ਕੰਦਲਾ ਪ੍ਰੀਤਾ।
ਕਥਾ ਸਹਸਕ੍ਰਿਤ ਸੁਨ ਕੁਛ ਥੋਰੀ। ਭਾਖਾ ਬਾਂਧ ਚੌਪਈ ਜੋਰੀ ॥

ਵਕਤ ਦੇ ਬਾਦਸ਼ਾਹ ਨੂੰ ਇਉਂ ਅਸੀਸ ਦੇਂਦਾ ਹੈ :-

ਜਗਪਤਿ ਰਾਜ ਕੋਟ ਜੁਗ ਕੀਜੈ। ਸ਼ਹਿ ਜਲਾਲ ਛਤ੍ਰ ਪਤ ਜੀਜੈ ॥
ਦਿਲੀਪਤ ਅਕਬਰ ਸੁਲਤਾਨ। ਸਪਤਦੀਪ ਸਹਿ ਜਾਂਕੀ ਆਨ ॥

ਸੰਨ ੯੯੧ ਹਿਜਰੀ ਸਨ ਈਸਵੀ ੧੫੮੩ ਦੇ ਬਰਾਬਰ ਪੈਂਦਾ ਹੈ, ਇਹ ਅਕਬਰ ਦੇ ਜੋਬਨ ਦਾ ਵੇਲਾ ਸੀ । ਅਕਬਰ ਓਹਨੀਂ ਦਿਨੀਂ ਪੰਜਾਬ ਵਿਚ ਹੀ ਸੀ ਤੇ ਫੇਰ ਚੌਦਾਂ ਵ੍ਰਹੇ ਲਾਹੌਰ ਹੀ ਰਿਹਾ ਤੇ ਸੰਨ ੧੫੯੮ ਵਿਚ ਵਾਪਸ ਆਗਰੇ ਗਿਆ। ਗਰੰਥ ਸਾਹਿਬ ਏਸ ਸਾਲ ਤੋਂ ਅੱਠ ਵਰ੍ਹੇ ਪਿਛੋਂ ਬਣਿਆ। ਜੇਕਰ ਇਹ 'ਰਾਗਮਾਲਾ', ਬਾਬੇ ਮੋਹਨ ਵਾਲੀ, ਦੂਜੀ ਪੋਥੀ ਦੇ ਅੰਤ ਪੁਰ ਦਿਤੀ ਸੀ, ਤਦ ਇਹ ਦੂਜੀ ਪੋਥੀ ਗ੍ਰੰਥ ਸਾਹਿਬ ਦੇ ਬਨਣ ਤੋਂ ਸਤ ਅੱਠ ਵਰ੍ਹੇ ਹੀ ਪਹਿਲੇ ਮੁਕੀ ਸੀ। ਜਦ ਪੰਚਮ ਪਾਤਸ਼ਾਹੀ ਪੋਥੀਆਂ ਲੈਣ ਲਈ ਗੋਇੰਦਵਾਲ ਗਏ ਹਨ,ਤਦ ਤਕ ਸਹਸਰਾਮ ਅਤੇ ਉਸਦੀ ਮਾਤਾ ਮਰ ਚੁਕੇ ਹੋਏ ਸਨ ਅਤੇ ਬਾਬਾ ਮੋਹਨ ਹੀ ਇਕੱਲੇ ਰਹਿ ਗਏ ਸਨ।

ਰਾਗਮਾਲਾ ਬਨਾਣ ਦਾ ਮੌਕਿਆ ਆਲਮ ਇਉਂ ਕਢ ਲੈਂਦਾ ਹੈ ਕਿ ਜਦ ਮਾਧਵਾਨਲ ਕਾਮਵਤੀ ਦੇ ਰਾਜਾ ਦੇ ਮਹਲ ਸਾਹਮਣੇ ਗਿਆ, ਅੰਦਰ ਮੁਜਰਾ ਹੋ ਰਿਹਾ ਸੀ ਅਤੇ ਕਾਮਕੰਦਲਾ ਪਾਤ੍ਰਾ ਨਚ ਤੇ ਗਾ ਰਹੀ ਸੀ । ਮਾਧਵਾਨਲ ਨੂੰ ਅੰਦਰ ਜਾਣ ਤੋਂ ਦਰਬਾਨ ਨੇ ਰੋਕਿਆ। ਇਹ ਬਾਹਰ ਬੈਠਕੇ ਰਾਗ ਸੁਣਨ ਲਗਾ। ਕਾਮਕੰਦਲਾ ਦੇ ਨਾਲ ਇਕ ਜੋੜੀ ਵਾਲਾ ਸੀ ਜਿਸਦੇ ਖਬੇ ਹਥ ਦਾ ਅੰਗੂਠਾ ਬਨਾਵਟੀ ਸੀ, ਜਿਸ ਕਰਕੇ ਤਬਲੇ ਪੁਰ ਥਾਪ ਦੀ ਆਵਾਜ਼ ਵਿਚ ਫ਼ਰਕ ਆ ਜਾਂਦਾ ਸੀ । ਮਾਧਵਾਨਲ ਸੰਗੀਤ ਦਾ ਉਸਤਾਦ ਸੀ, ਉਸਨੇ ਇਹ ਗਲ ਤਾੜ ਲਈ, ਅਤੇ ਬੋਲਿਆ



Sri Satguru Jagjit Singh Ji Elibrary NamdhariElibrary@gmail.com

ਕਿ ਅੰਦਰ ਬੈਠੇ ਸੁਣਨ ਵਾਲੇ ਕਿਹੋ ਮੂਰਖ ਹਨ ਜੋ ਬੇਸੁਰੀ ਦਾ ਸਬਬ ਨਹੀਂ ਸਮਝ ਸਕਦੇ। ਦਰਬਾਨ ਨੇ ਅੰਦਰ ਜਾ ਖ਼ਬਰ ਕੀਤੀ, ਮਾਧਵਾਨਲ ਅੰਦਰ ਸਭਾ ਵਿਚ ਬੁਲਾਇਆ ਗਿਆ। ਮਾਧਵਾਨਲ ਕਾਮਕੰਦਲਾ ਦੇ ਨਾਚ ਤੇ ਰਾਗ ਪੁਰ ਮਸਤ ਹੋ ਗਿਆ। ਕਾਮਕੰਦਲਾ ਨੇ ਜਦ ਆਪਣੇ ਗੁਣ ਦਾ ਪਾਰਖੂ ਸਭਾ ਵਿਚ ਬੈਠਾ ਡਿਠਾ, ਤਦ ਆਪਨਾ ਸਾਰਾ ਜ਼ੋਰ ਲਾਕੇ ਤਰ੍ਹਾਂ ਤਰ੍ਹਾਂ ਦੇ ਰਾਗ ਰਾਗਣੀਆਂ ਵਿਚ ਗੀਤ ਗਾਏ। ਮਾਧਵਾਨਲ ਨੇ ਵੀ ਇਕਲੇ ਅਤੇ ਕਾਮਕੰਦਲਾ ਨਾਲ ਮਿਲਕੇ ਗਾਵੇਂ। ਉਹਨਾਂ ਰਾਗ ਰਾਗਣੀਆਂ ਦੇ ਨਾਮਾਂ ਦੀ ਇਕ ਮਾਲਾ ਆਲਮ ਕਵੀ ਨੇ ਬਣਾਈ ਹੈ, ਜੋ ਹੇਠਾਂ ਦਿੱਤੀ ਜਾਂਦੀ ਹੈ। ਇਹੋ ਰਾਗਮਾਲਾ ਗ੍ਰੰਥ ਸਾਹਿਬ ਵਿਚ ਦਿੱਤੀ ਹੈ, ਥੋੜੇ ਛੋਟੇ ਲਫ਼ਜ਼ੀ ਫ਼ਰਕ ਜੋ ਹਨ, ਓਹ ਸਜੇ ਹਥ ਦੇ ਕਾਲਮ ਵਿਚ ਦਿਤੇ ਹਨ। ਜਿਥੇ ਕਿਤੇ ਕੋਈ ਮੁਟੇਰੀ ਗ਼ਲਤੀ ਹੈ, ਓਹ ਗ੍ਰੰਥ ਸਾਹਿਬ ਵਿਚ ਹੈ, ਆਲਮ ਦੀ ਕਿਤਾਬ ਦੀ ਰਾਗਮਾਲਾ ਵਿਚ ਨਹੀਂ। ਕੁਝ ਲਫ਼ਜ਼ਾਂ ਪੁਰ ਅਸਾਂ ਚਰਖੜੀਆਂ ਪਾ ਦਿਤੀਆਂ ਹਨ, ਕੋਈ ੪੦ ਕੁ। ਇਹ ਲਫ਼ਜ਼ ਉਸ ਕਹਾਣੀ ਦਾ ਭਾਗ ਹਨ ਅਤੇ ਕਾਮਕੰਦਲਾ ਤੇ ਮਾਧਵਾਨਲ ਵੱਲ ਸੰਕੇਤ ਕਰਦੇ ਹਨ।

| ਮਾਧਵ ਨਲ ਸੰਗੀਤ ਵਿਚੋਂ | ਜਿਸ ਤਰ੍ਹਾਂ ਗ੍ਰੰਥ ਸਾਹਿਬ ਵਿਚ ਮੁਕਾਬਲੇ ਦਾ ਲਫ਼ਜ਼ ਲਿਖਿਆ ਹੈ। |
|---|---|
| ਰਾਗ ਏਕ ਸੰਗ ਪੰਚ ਬਰੰਗਨ | |
| ਸੰਗ ਅਲਾਪਹਿ ਆਠਉ ਨੰਦਨ। | |
| ਪ੍ਰਥਮੈ ਰਾਗ ਭੈਰਉ ਵੈ+ +ਕਰਹੀ। | |
| ਪੰਚ ਰਾਗਨੀ ਸੰਗ +ਉਚਰਹੀ। | |
| ਪ੍ਰਥਮ ਭੈਰਵੀ ਬਿਲਾਵਲੀ। | |
| ਪੁਨਿਆ ਕੀ +ਗਾਵਹੀ ਬੰਗਲੀ | ਗਾਵਹਿ |
| ਪੁਨ ਅਸਲੇਖੀ ਕੀ ਭਈ +ਬਾਰੀ | ਪੁਨਿ. |
| ਇਹ ਭੈਰਉ ਕੀ ਪਾਂਚੋਂ ਨਾਰੀ | |



Sri Satguru Jagjit Singh Ji Elibrary NamdhariElibrary@gmail.com

ਪੰਚਿਮ ਹਰਿਖ ਬਿਸਾਖ ਸੁਨਾਵਹਿ+ ਪੰਚਮ ਹਰਖ
ਬੰਗਾਲਾ ਮਧੁ ਮਾਧਵ +ਗਾਵਹਿ ॥ ੬੩ ॥ ਬੰਗਾਲਮ
ਲਲਿਤ ਬਿਲਾਵਲਿ +ਗਾਵਹੀ ਲਲਤ ਬਿਲਾਵਲ......
ਅਪਨੀ ਅਪਨੀ ਭਾਂਤਿ । ਅਪੁਨੀ ਅਪੁਨੀ
ਆਨ ਪੁਤ੍ਰ ਭੈਰਉ ਕੇ +ਗਾਵਹਿ ਅਸ਼ਟ ਪੁਤ੍ਰ ਭੈਰਵ
ਗਾਇਨ +ਪਾਤ੍ਰਿ* । ਗਾਇਨ ਪਾਤ੍ਰ੦
ਦੁਤੀਆ ਮਾਲਿ ਕਉਸਕ +ਅਲਾਪਹਿ
ਸੰਗ ਰਾਗਨੀ ਪਾਂਚੋ +ਥਾਪਹਿ । ਸੰਗਿ ਪਾਂਚਉ
ਗੋਂਡਕਰੀ ਅਰ ਦੇਵ ਕੰਧਾਰੀ । ਗੰਧਾਰੀ'
ਗੰਧਾਰੀ ਸੀਹੁਤੀ +ਉਚਾਰੀ ।
ਧੰਨਾਸਰੀ ਏ ਪਾਂਚੋ +ਗਾਈ । ਪਾਂਚਉ
ਮਾਲਕੋਸ ਰਾਗ ਸੰਗ ਲਾਈ । ਮਾਲ ਰਾਗ ਕਉਸਕ
ਮਾਰੂ ਮਸਤ ਅੰਗ ਮੇਵਾਰਾ ।
ਪ੍ਰਬਲ ਚੰਡ ਕਉਸਕ +ਉਭਾਰਾ ।
ਕੋਂਖਟ ਅਉ ਭਉਰਾਨਦ +ਗਾਏ । ਖਉਖਟ
ਮਾਲਕਉਸ ਰਾਗ
ਸੰਗ +ਲਾਏ ॥ ੬੫॥ ਅਸਟ ਮਾਲਕਉਸਕ ਸੰਗ ਲਾਏ ।
ਪੁਨ +ਆਯੋ ਹਿੰਡੋਲ ਪਾਂਚ ਨਾਰ
ਸੰਗ ਅਸ਼ਟ ਸੁਤ । ਪੁਨਿ ਆਇਉ ਹਿੰਡੋਲ, ਨਾਰਿ ਸੰਗਿ
ਉਠੈ ਸੁ ਤਾਨ ਕਲੋਲ
+ਗਾਵਹਿ +ਤਾਲ +ਮਿਲਾਇਕੈ । ਉਠਹਿ ਤਾਨ...ਗਾਇ ਤਾਰ-
ਤਿਲੰਗੀ ਦੇਵ ਕਰੀ ਆਈ੦। ਮਿਲਾਵਹੀ ।
ਬਸੰਤੀ ਸਿੰਧੂਰ ਸੁਹਾਈ੦ ।
ਸਰਸ ਅਹੀਰੀ ਲੈ ਭਾਰਜਾ ।

*ਗਾਇਨ ਪਾਤ੍ਰਿ ਰੰਡੀ, ਗਾਉਣ ਵਾਲੀ ਕੰਚਨੀ ।



Sri Satguru Jagjit Singh Ji Elibrary NamdhariElibrary@gmail.com

ਸੰਗ। +ਲਾਈ ਪਾਂਚੋ ਆਰਜਾ।†

ਸੁਰਮਾਨੰਦ ਭਾਸ ਕਰ ੦ਆਏ।

ਚੰਦ੍ਰ ਬਿੰਬ ਮੰਗਲਨਿ ੦ਸੁਹਾਏ। ਢੰਦ੍ਰ ਬਿੰਬ ਮੰਗਲਨ

ਪੰਚ ਬਾਨ ਅਉ ਆਹਿ ਬਿਨੋਦਾ। ਸਰਬ ਬਾਨ

+ਗਾਵਹਿ ਸਰਸ ਬਸੰਤ ਕਮੋਦਾ।

ਅਸ਼ਟ ਪੁਤ੍ਰ ਮੈਂ‡ ਕਹੇ ਸਵਾਰੀ।

ਪੁਨਿ +ਆਈ ਦੀਪਕ ਕੀ ਬਾਰੀ॥ ੬੭ ॥

ਕਾਲੇਖੀ ਪਟਮੰਜਰੀ ਟੋਡੀ ਕਹੀਂ +ਅਲਾਪ। ਕਾਫ਼ਿਲੀ, ਅਲਾਪਿ

ਕਾਮੋਦੀ ਅਓ ਗੂਜਰੀ

ਸੰਗਿ ਦੀਪਕ ਕੇ ਥਾਪ+ ॥ ੬੮ ॥ ਸੰਗ ਥਾਪਿ

ਕਾਲੰਗਨ ਕੁੰਤਲ ਅਉ ਰਾਮਾ। ਕਾਲੰਕਾ

ਕਮਲ ਕੁਸਮ ਪੰਚਨ ਕੇ ਨਾਮਾ। ਚੰਪਕ ਕੇ ਨਾਮਾ wrong

ਗਉਰਾ+ ਅਉ ਕਾਨਰਾ+ ਕਲਿਆਨਾ। ਕਲਾਨਾ wrong

ਅਸ਼ਟ ਪੁਤ੍ਰ ਦੀਪਕ ਕੇ ਜਾਨਾ।

ਸਭਿ+ ਮਿਲਿ ਸਿਰੀ ਰਾਗ ਵੈ +ਗਾਵਹਿ।

ਪਾਚੋ ਸੰਗ ਬਰੰਗਨ ਲਾਵਹਿ+ ।

ਬੈਰਾਟੀ ਕਟਨਾਟੀ ਧਰੀ ਬੈਰਾਰੀ

ਗੌਰੀ ਗਾਵਹਿ ਆਸਾ ਵਰੀ ਗਵਰੀ

ਪੁਨਿ ਪਾਛੈ ਸੈਂਧਵੀ ਅਲਾਪੀ+ ਤਿਹ ਪਾਛੈ ਸਿੰਧਵੀ

ਸਿਰੀ ਰਾਗ ਸੰਗ ਪਾਚੋ ਥਾਪੀ॥੬੯॥ ਸਿਉ ਪਾਂਚਉ

ਮਾਲਵ ਸੰਗਰ ਸਾਗਰਾ

ਅਉਰ ਗੌਡ ਗੰਭੀਰ। ਸਾਲੂ ਸਾਰੰਗ wrong

---

†'ਆਰਜ'–ਆਰਜਾ, ladies

‡'ਮੈਂ ਕਹੇ' ਵਿਚ ਆਲਮ ਕਹਿ ਰਿਹਾ ਹੈ।



Sri Satguru Jagjit Singh Ji Elibrary NamdhariElibrary@gmail.com

ਆਠ ਪੁਤ੍ਰ ਸਿਰੀ ਰਾਗਕੇ ਗੁੰਡ ਕੁੰਭ ਹਮੀਰ ॥ ੧੦॥ ਸ੍ਰੀ

ਖਸਟਮ ਮੇਘ ਰਾਗ ਵੈ ਗਾਵਹਿ+ ।

ਪਾਂਚੋ ਸੰਗ ਬਰੰਗਨ ਲਾਵਹਿ+ । ਪਾਂਚਉ ਸੰਗਿ

ਸੋਰਠ ਗੌਂਡ ਮਲਾਰੀ ਧੁਨੀ ।

ਪੁਨਿ ਗਾਵਹਿ ਆਸਾ ਗੁਨਗੁਨੀ+ ।

ਉਚੇ । ਸਰ ਸੂਹਵੀ ਕੀਨੀ+ । ਸੂਹਓ ਪੁਨਿ.. rong

ਮੇਘ ਰਾਗ ਸੋ ਪਾਂਚੋ ਚੀਨੀ । ਸਿਓ ਪਾਚਓ

ਬੈਰਾਧਰ ਗਜਧਰ ਕੇਦਾਰਾ ।

ਜਲਧਰ ਅਓ ਨਟ ਜਬਲੀ ਧਾਰਾ।ਜਬਲੀਧਰ ਨਟ ਅਉ ਜਲ ਧਾਰਾ।

ਪੁਨਿ ਗਾਵਹਿ + ਸੰਕਰ ਅਓ ਸਿਆਮਾ ।

ਮੇਘ ਰਾਗ ਪਤਰਨ ਕ੍ਰੇ ਨਾਮਾ ॥ ੭੧ ॥

ਖਸਟ ਰਾਗ ਉਨ-- ਗਾਇਆ ਸੰਗਿ ਰਾਗਨੀ ਤੀਸ

ਸਭੈ ਪੁਤਰ ਰਾਗੰਨ ਕੇ ਅਠਾਰਹ ਦਸ ਬੀਸ ॥ ੭੨ ॥

ਇਹ ਦਿਸ ਸਕਦਾ ਹੈ ਕਿ 'ਮਾਧਵਾਨਲ ਸੰਗੀਤ' ਦੀ ਰਾਗਮਾਲਾ ਅਤੇ ਗਰੰਥ ਸਾਹਿਬ ਦੇ ਪਿਛੇ ਦਿਤੀ ਰਾਗ ਮਾਲਾ ਇਕ ਹੀ ਚੀਜ਼ ਹਨ, ਮਾਮੂਲੀ ਹਿਜਿਆਂ ਦਾ ਫ਼ਰਕ ਹੈ, ਜੋ ਆਪਨੀ ਪਸੰਦ ਉਤੇ ਹੈ । ਜਿਥੇ ਜ਼ਰਾ ਮੋਟਾ ਫ਼ਰਕ ਹੈ, ਓਥੇ ਗਰਥ ਸਾਹਿਬ ਵਿਚ ਦਿਤੀ 'ਰਾਗਮਾਲਾ' ਦਾ ਲਫ਼ਜ਼ ਗ਼ਲਤ ਹੈ, ਜਿਕੁਰ ਚੰਪਕ, ਕਲਾਨਾ, ਸੂਹਉ ਸਾਲੂ (ਚਾਹੀਦਾ ਸੀ ਮਾਲੂ ਮਾਲਵ ਦਾ ਵਟਿਆ ਰੂਪ)।ਕੋਈ ਚਾਲ਼ੀ ਕੂ ਲਫ਼ਜ਼ਾਂ ਉਪਰ ਐਸਾਂ ਚਰਖੜੀ ਦਾ ਨਿਸ਼ਾਨ ਕੀਤਾਹੈ,ਅਤੇ ਪੰਜ ਥਾਂ ਹੇਠਾਂ ਲੀਕਾਂ ਪਾਈਆਂਹਨ,ਅਤੇ ਹੋਰ ਸਤਾਂ ਅਠਾਂ ਥਾਵਾਂ ਤੇ ਬਿੰਦੀ । ਇਹ ਦਸਦੇ ਹਨ ਕਿ ਸਾਰੀ ਦੀ ਸਾਰੀ 'ਰਾਗਮਾਲਾ' ਕਾਮਕੰਦਲਾ ਵੇਸਵਾ (ਗਾਇਣ ਪਾਤ੍ਰਿ ਜਾਂ ਪਾਤ੍ਰਾ) ਦੀ ਕਹਾਣੀ ਨਾਲ ਸੰਗਲੀ ਵਤ ਪਰੋਤੀ ਹੋਈਹੈ।ਸਾਰੇ ਕਿਰਿਆ ਪਦ ਭੂਤਕਾਲ ਵਿਚ ਹਨ (in Past Tense) ਰਾਗਮਾਲ ਬਨਾਣ ਵਾਲਾ ਸਾਫ਼ ਕਹਿ



Sri Satguru Jagjit Singh Ji Elibrary NamdhariElibrary@gmail.com

ਰਿਹਾ ਹੈ 'ਅਸ਼ਟ ਪੁਤ੍ਰ ਮੈਂ ਕਹੇ ਸਵਾਰੀ'। ਇਹ ਸਾਰੀਆਂ ਗੱਲਾਂ ਇਕ ਚਲਦੀ ਕਹਾਨੀ ਵਿਚ ਢੁਕਵੀਆਂ ਬਣਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਨ੍ਹਾਂ ਰਾਗਾਂ ਹੇਠਾਂ ਦਿਤੀ ਹੈ, ਉਹਨਾਂ ਦੇ ਨਾਮ ਉਪਰਲੀ ਮਾਲਾ ਵਿਚੋਂ ਨਹੀਂ ਲਭਣੇ ਪੈਣਗੇ, ਕੁਝ ਨਾਮ ਚੌਰਾਸੀ ਨਾਮਾਂ ਦੀ ਅਜਿਹੀ ਮੁਕੰਮਲ ਫ਼ਹਿਰਿਸਤ ਵਿਚ ਆਏ ਭੀ ਨਹੀਂ, ਰਾਗ ਤਾਂ ਇਹਨਾਂ ਚਉਰਾਸੀਆਂ ਤੋਂ ਬਾਹਰ ਨਹੀਂ ਹੋ ਸਕਦੇ, ਸੋ ਨਾ-ਆਏ ਨਾਮ ਕਿਸੇ ਰਾਗਨੀ ਜਾਂ ਪੁਤ੍ਰ-ਰਾਗ ਦੇ ਦੂਜੇ ਨਾਮ ਹੋਣਗੇ। ਗੋਇਆ ਗ੍ਰੰਥ ਸਾਹਿਬ ਦੀ ਬੀੜ ਬਨਣ ਵੇਲੇ ਇਹ 'ਰਾਗਮਾਲਾ' ਗੁਰੂ ਸਾਹਿਬ ਦੇ ਸਾਹਮਣੇ ਨਹੀਂ ਸੀ, ਅਤੇ ਨਾ ਓਹਨਾਂ ਨੇ ਰਾਗਾਂ ਦੀ ਤਰਤੀਬ ਦੇਂਦੇ ਸਮੇਂ ਇਹ ਵੰਡ classification ਵਰਤੀ ਹੈ। ਜਿਸਨੇ 'ਮਾਧਵਾਨਲ ਸੰਗੀਤ' ਵਾਲੀ ਰਾਗਮਾਲਾ ਪਿਛੋਂ ਗ੍ਰੰਥ ਸਾਹਿਬ ਵਿਚ ਨਕਲ ਕੀਤੀ, ਉਸਨੇ ਇਹ 'ਰਾਗਮਾਲਾ' ਕਿਸੇ ਨਕਲ ਤੋਂ ਲਈ, ਜਾਂ ਕਿਸੇ ਤੋਂ ਜ਼ਬਾਨੀ ਸੁਣਕੇ ਲਿਖੀ ਅਤੇ ਇਸ ਤਰ੍ਹਾਂ ਵਿਚ ਗ਼ਲਤੀਆਂ ਪੈ ਗਈਆਂ।

ਅਸੀਂ ਪ੍ਰਾਚੀਨ ਬੀੜਾਂ ਦਾ ਮੁਕਾਬਲਾ ਕਰਕੇ ਇਹ ਦਸ ਸਕਦੇ ਹਾਂ ਕਿ ਕਿਸ ਬੀੜ* ਵਿਚ ਇਹ ਪਹਿਲੋਂ ਪਹਿਲ ਲਿਖੀ ਗਈ, ਪਰ ਸਾਡੀ ਬਦਕਿਸਮਤੀ ਨੂੰ ਸਾਰੀਆਂ ਹੀ ਪ੍ਰਾਚੀਨ ਬੀੜਾਂ ਜੋ ਮੈਂ ਦੇਖੀਆਂ ਹਨ, ਓਹਨਾਂ ਸਭ ਵਿਚ ਇਹ ਰਾਗਮਾਲਾ, ਫ਼ਾਲਤੂ ਬਾਣੀਆਂ ਦੇ ਨਾਲ, ਅਤੇ ਓਹਨਾਂ ਵਿਚ ਵੀ ਸਭ ਤੋਂ ਪਿਛੇ (ਸਿਵਾਇ ਸਿਆਹੀ† ਕੀ ਬਿਧੀ ਦੇ) ਪਿਛੋਂ ਘਤੇ-ਕੋਰੇ ਕਾਗ਼ਜ਼ਾਂ ਪੁਰ ਹੁੰਦੀ ਹੈ, ਅਤੇ ਅਕਸਰ ਕਰਕੇ 'ਹਕੀਕਤ ਰਾਹ ਮੁਕਾਮ' ਲਿਖੇ ਜਾਨ ਤੋਂ ਫੇਰ ਪਿਛੋਂ ਅਤੇ 'ਹਕੀਕਤ ਰਾਹ ਮੁਕਾਮ' ਗ੍ਰੰਥ ਸਾਹਿਬ ਦੇ ਬਣਨ ਤੋਂ ਕੋਈ ਪੌਣੀ ਸਦੀ ਦੇ ਕਰੀਬ ਪਿਛੋਂ

---

*ਕਈ ਬੀੜਾਂ ਗੁਆਚ ਗਈਆਂ ਹਨ, ਸੋ ਅਸੀਂ ਨਹੀਂ ਕਹਿ ਸਕਦੇ ਕਿ ਸਭ ਬੀੜਾਂ ਸਾਨੂੰ ਮਿਲ ਗਈਆਂ ਹਨ, ਜਾਂ ਮਿਲ ਸਕਦੀਆਂ ਹਨ।

†ਭਾਵੇਂ ਇਹ ਭੀ ਕੋਈ ਜ਼ਰੂਰੀ ਗੱਲ ਨਹੀਂ ਸੀ, ਇਕ ਦੋ ਬੀੜਾਂ ਵਿਚ ਮੈਂ 'ਸਿਆਹੀ ਕੀ ਬਿਧੀ' ਰਾਗਮਾਲਾ ਨਾਲੋਂ ਪਹਿਲਾਂ ਲਿਖੀ ਦੇਖੀ ਹੈ।



Sri Satguru Jagjit Singh Ji Elibrary NamdhariElibrary@gmail.com

ਲਿਖੀ ਗਈ।

ਇਹ ਆਪ ਦੇਖ ਸਕਦੇ ਹੋ ਕਿ ਰਾਗਮਾਲਾ ਵਿਚ ਛੇ ਨਾਮ ਮੁਖ ਰਾਗਾਂ, ਭੈਰਉ, ਮਾਲਕਉਸ, ਹਿੰਡੋਲ, ਦੀਪਕ, ਸਿਰੀ ਅਤੇ ਮੇਘ ਦੇ ਦੇਕੇ ਹਰੇਕ ਦੀਆਂ ਪੰਜ ਪੰਜ ਇਸਤ੍ਰੀਆਂ ਜਾਂ ਰਾਗਨੀਆਂ ਅਤੇ ਅਠ ਅਠ ਪੁਤ੍ਰਾਂ ਜਾਂ ਛੋਟੇ ਰਾਗਾਂ ਦੇ ਨਾਮ ਦਿਤੇ ਹਨ, ਕੁਲ ਚੌਰਾਸੀ ਨਾਮ। ਏਸਦੇ ਟਾਕਰੇ ਪੁਰ ਗ੍ਰੰਥ ਸਾਹਿਬ ਵਿਚ ਪਹਿਲੇ ਤੀਹ ਨਾਮ ਹੀ ਰਾਗ-ਰਾਗਨੀਆਂ ਦੇ ਹੁੰਦੇ ਸਨ। ਫਿਰ ਪਿਛੋਂ ਗੁਰੂ ਤੇਗ ਬਹਾਦਰ ਦੀ ਬਾਣੀ ਪੈਣ ਨਾਲ ਇਕ ੩੧ਵਾਂ ਰਾਗ 'ਜੈਜੈਵੰਤੀ' ਵਧ ਗਿਆ, ਜਿਸ ਹੇਠਾਂ ਖ਼ਾਲੀ ਚਾਰ ਸ਼ਬਦ ਨਾਵੀਂ ਪਾਤਸ਼ਾਹੀ ਦੇ ਹੀ ਹਨ। ਇਹਨਾਂ ਇਕੱਤੀ ਰਾਗਾਂ ਵਿਚੋਂ ਨੌਂ ਨਾਮ ਰਾਗ ਮਾਲਾ ਵਿਚ ਆਏ ਹੀ ਨਹੀਂ। ਬਾਕੀ ਜੇਹੜੇ ਹਨ ਓਹਨਾਂ ਵਿਚੋਂ ਸਿਰਫ਼ ਦੋ ਨਾਮ 'ਭੈਰਉ' ਤੇ 'ਸਿਰੀ' ਹੀ ਮੁਖ ਰਾਗਾਂ ਦੇ ਹਨ, ਅਤੇ ਓਹ ਭੀ ਉਲਟੀ ਤਰਤੀਬ ਵਿਚ, ਹੋਰ ਸਭ ਰਾਗਨੀਆਂ ਤੇ ਛੋਟੇ ਰਾਗਾਂ ਦੇ ਨਾਮ ਹਨ। ਸੋ ਪ੍ਰਤਖ ਹੈ ਕਿ ਰਾਗ-ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰਲੇ ਰਾਗਾਂ ਪੁਰ ਨਿਰਭਰ ਨਹੀਂ ਅਤੇ ਨਾ ਏਸਨੂੰ ਅੰਦਰਲੇ ਰਾਗਾਂ ਨਾਲ ਤਰਤੀਬ ਜਾਂ ਗਿਨਤੀ ਕਰਕੇ ਕੋਈ ਭੀ ਸਾਂਝ ਹੈ। ਗ੍ਰੰਥ ਸਾਹਿਬ ਦੇ ਰਾਗਾਂ ਦਾ ਤਤਕਰਾ ਮੁਢ ਵਿਚ ਆ ਹੀ ਚੁਕਾ ਹੈ।

## (ਅ) ਰਾਗਮਾਲਾ ਦਾ ਪਾਠ

ਝਗੜੇ ਦੀ ਗਲ ਤਾਂ ਗ੍ਰੰਥ ਸਾਹਿਬ ਦੇ ਪਾਠ ਕਰਦੇ ਸਮੇਂ ਰਾਗ-ਮਾਲਾ ਨੂੰ ਪਾਠ ਵਿਚ ਸ਼ਾਮਲ ਕਰਨ ਜਾਂ ਨਾ ਕਰਨ ਦੀ ਹੈ ਅਤੇ ਇਹ ਝਗੜਾ ਪਿਛੇ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਦੇ ਅਖ਼ੀਰ ਤਕ ਪਹੁੰਚ ਜਾਂਦਾ ਹੈ, ਜਿਸ ਵੇਲੇ ਦੇ ਬਣੇ ਦੋ ਗ੍ਰੰਥ ਆਪੋ ਵਿਚ ਇਕ ਦੂਜੇ ਦੇ ਉਲਟ ਪਖ ਲੈਂਦੇ ਹਨ। 'ਗੁਰਬਿਲਾਸ ਛੇਵੀਂ ਪਾਤਸ਼ਾਹੀ' ਜੋ ਧੀਰ-ਮਲੀਆਂ ਦੇ ਜ਼ੋਰ-ਅਸਾਰ ਬਣੀ ਕਿਤਾਬ ਹੈ, ਓਹ ਤਾਂ ਦਸਦੀ ਹੈ ਕਿ



Sri Satguru Jagjit Singh Ji Elibrary NamdhariElibrary@gmail.com

ਰਾਗਮਾਲਾਂ ਨੂੰ ਪਾਠ ਵਿਚ ਸ਼ਾਮਲ ਕਰੋ, ਪਰ ਭਾਈ ਸੰਤੋਖ ਸਿੰਘ ਜੀ, ਜੋ ਮਹਾਂ ਕਵੀ ਤੇ ਸਨ, ਪਰ 'ਗੁਰਬਿਲਾਸ' ਦੇ ਲਿਖਣ ਵਾਲੇ ਵਾਂਗ ਚਤੁਰ ਅਤੇ ਸ਼ੌਕੀ ਚਲਣ ਦੇ ਨਹੀਂ ਸਨ, ਸਗੋਂ ਸਿਧੇ ਸਾਦੇ ਭਲੇ ਪੁਰਸ਼ ਸਨ, ਓਹ ਰਾਗਮਾਲਾ ਨੂੰ ਸਾਫ਼ ਆਲਮ ਕਵੀ ਦੀ ਬਨਾਈ ਮਨਦੇ ਹਨ ਅਤੇ 'ਮਾਧਵਾਨਲ ਸੰਗੀਤ' ਵਿਚੋਂ ਲਈ ਗਈ ਦਸਦੇ ਹਨ।

ਹੈਸੀ ਤਾਂ 'ਰਾਗਮਾਲਾ' ਫ਼ਾਲਤੂ ਬਾਣੀਆਂ ਵਿਚੋਂ ਇੱਕ ਪਰ ਸਵਾ ਸੌ ਵਰ੍ਹੇ ਪਿਛੇ ਦੇ ਕੁਛ ਲਿਖਾਰੀਆਂ ਵਿਚ ਇਸਨੂੰ ਕੁਛ ਵਿਸ਼ੇਸ਼ਤਾ ਜਿਹੀ ਮਿਲ ਗਈ ਜਾਪਦੀ ਹੈ, ਅਤੇ ਇਕ ਅਧੀ ਬੀੜ ਅਜਿਹੀ ਭੀ ਦੇਖੀ ਹੈ, ਜਿਸ ਵਿਚ ਕਿ ਬਾਕੀ ਸਭ ਫ਼ਾਲਤੂ ਬਾਣੀਆਂ ਨੂੰ ਛਡਕੇ ਸਿਰਫ਼ ਰਾਗ ਮਾਲਾ ਹੀ ਨਕਲ ਕਰੀ ਹੈ।

ਇਸਦੇ ਕੁਛ ਕਾਰਣ ਸਨ। ਵੱਡਾ ਕਾਰਣ ਤੇ ਇਹ ਸੀ ਕਿ ਇਸ ਵੇਲੇ ਤਕ ਕਰਤਾਰਪੁਰ ਵਾਲੀ ਬੀੜ ਵਲੋਂ ਕੀਤਾ ਗਿਆ ਦਾਅਵਾ, ਕਿ ਓਹ ਭਾਈ ਗੁਰਦਾਸ ਦੇ ਹਥੀਂ ਲਿਖੀ ਆਦਿ-ਬੀੜ ਹੈ, ਆਮ ਨੇ ਮਨ ਲਿਆ ਸੀ, ਅਤੇ ਇਸ ਬੀੜ ਵਿਚ ਮੁੰਦਾਵਣੀ ਦੇ ਪਿਛੋਂ ਇਕ ਅੰਕਵਾਲਾ numbered ਕੋਰਾ ਪਤ੍ਰਾ ਛੱਡਕੇ ਫੇਰ ਇਕ ਅੰਕ ਤੋਂ ਬਿਨਾਂ unnumbered ਪਤ੍ਰੇ ਪੁਰ ਪਹਿਲੇ ਰਾਗਮਾਲਾ ਹੀ ਲਿਖੀ ਹੈ, ਅਤੇ 'ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ' ਆਦਿ ਫ਼ਾਲਤੂ ਬਾਣੀਆਂ ਪਿਛੋਂ ਆਉਂਦੀਆਂ ਹਨ। ਇਕ ਬੜੀ ਬਾ-ਰਸੂਖ਼ ਪਾਰਟੀ ਇਸ ਖ਼ਿਆਲ ਦੇ ਫੈਲਾਨ ਅਤੇ ਮਨਵਾਨ ਵਿਚ ਆਪਣਾ ਜ਼ਾਤੀ ਫ਼ਾਇਦਾ ਦੇਖਦੀ ਸੀ। ਇਕ ਹੋਰ ਸਬਬ ਇਹ ਸੀ ਕਿ ਗ੍ਰੰਥ ਸਾਹਿਬ ਦਾ ਮੁਢ, ਰਾਗਾਂ ਦੇ ਤਤਕਰੇ ਤੋਂ ਹੁੰਦਾ ਸੀ, ਜੋ ਇਕ ਬੇਰਸ ਜਿਹੀ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੇ ਨਾਮਾਂ ਦੀ ਫ਼ੈਹਰਿਸਤ ਸੀ, ਅਤੇ ਰਾਗ ਵਿਦਿਆ ਦੀ ਕਿਸੀ ਮੰਨੀ ਪ੍ਰਮੰਨੀ ਤਰਤੀਬ ਸਿਰ ਨਹੀਂ ਸੀ, ਰਾਗ ਤੇ ਰਾਗਨੀਆਂ ਵਿਚ ਕੋਈ ਤਮੀਜ਼ ਨਹੀਂ ਕੀਤੀ ਗਈ ਸੀ, ਅਤੇ ਜੇ 'ਗੁਰਬਿਲਾਸ ਛੇਵੀਂ ਪਾਤਸ਼ਾਹੀ' ਵਿਚ ਵਰਤੀਆਂ ਉਪਮਾਂ ਦੁਹਰਾਉਣ ਦੀ ਸਾਨੂੰ ਇਜਾਜ਼ਤ ਹੋਵੇ, ਤਦ



Sri Satguru Jagjit Singh Ji Elibrary NamdhariElibrary@gmail.com

'ਪੁਤ੍ਰੀ ਸਾਥ ਪਿਤਾ, ਅਤੇ ਪੂਤਮਾਤ ਕਰਹੇਂ ਇਕ ਠਾਰੇ'। ਇਸਦੇ ਉਲਟ 'ਰਾਗ ਮਾਲਾ' ਇਕ ਚੰਗੇ ਰਾਗੀ ਤੇ ਕਵੀ ਦੀ ਰਚਨਾ ਸੀ, ਜਿਸ ਵਿਚ ਛੇ ਮੁਖ ਰਾਗਾਂ ਦੀਆਂ ਤੀਹ ਰਾਗਣੀਆਂ (ਇਸਤ੍ਰੀਆਂ) ਅਤੇ ੪੮ ਛੋਟੇ ਰਾਗਾਂ (ਪੁਤ੍ਰਾਂ) ਦੇ ਨਾਮ ਛੰਦਾਬੰਦ ਕਰਕੇ ਸਾਇੰਟਿਫ਼ਿਕ ਢੰਗ ਪੁਰ ਇਕ ਸੁੰਦਰ ਮਾਲਾ ਵਿਚ ਪ੍ਰੋਤੇ ਸਨ, ਅਤੇ ਓਹ ਸੀ ਭੀ ਇਕ ਸਾਇੰਟਿਫ਼ਿਕ ਵੰਡ ਜਿਸ ਨੂੰ ਕਿ ਹਿੰਦ ਦੇ ਮੰਨੇ ਪ੍ਰਮੰਨੇ ਰਾਗ ਵਿਦਿਆ ਦੇ ਮਾਹਿਰਾਂ ਤੇ ਉਸਤਾਦਾਂ ਨੇ ਪ੍ਰਵਾਨ ਕੀਤਾ ਹੋਇਆ ਹੈ। ਇਸ ਮਾਲਾ ਨੂੰ ਛੇਤੀ ਕੰਠ ਕੀਤਾ ਜਾ ਸਕਦਾ ਸੀ,ਅਤੇ ਰਾਗੀਆਂ ਨੂੰ ਸ਼ਬਦਾਂ ਦੇ ਗਾਉਣਵਿਚ ਇਸਤੋਂ ਚੰਗੀ ਮਦਦ ਮਿਲਦੀ ਸੀ। ਇਕ ਹੋਰ ਵਿਚਾਰ ਭੀ ਹੈ। ਵੇਦਾਂ ਦੇ ਚੰਗੀ ਤਰ੍ਹਾਂ ਸਮਝਨ ਲਈ ਉਹਨਾਂ ਦੇ ਨਾਲ ਛੇ ਅੰਗ ਲਗੇ ਹੁੰਦੇ ਹਨ:–ਸ਼ਿਕਸ਼ਾ ਵ੍ਯਾਕਰਣ, ਨਿਰੁਕਤ (ਨਿਘੰਟੂ), ਜਯੋਤਿਸ਼, ਕਲਪ ਅਤੇ ਛੰਦ। ਇਹ ਛੇ ਵੇਦ ਦੇ ਅੰਗ ਜਾਂ 'ਵੇਦਾਂਗ' ਅਖਵਾਂਦੇ ਸਨ, ਅਤੇ ਵੇਦ ਨਾਮ ਦੇ ਖੁਲ੍ਹੇ ਅਰਥਾਂ ਵਿਚ ਉਪਨਿਸ਼ਦਾਂ (ਵੇਦ-ਅੰਤ) ਸਮੇਤ ਵੇਦ ਹੀ ਸਮਝੇ ਜਾਂਦੇ ਸਨ। ਗੁਰਬਾਣੀ ਦੇ ਗਾਯਣ ਲਈ ਮੁਖ ਗਲ ਰਾਗ ਸੀ। ਤਾਂਤੇ 'ਰਾਗਮਾਲਾ' ਉਸੇ ਤਰ੍ਹਾਂ ਦਾ ਕੰਮ ਦੇ ਸਕਦੀ ਸੀ ਜਿਸ ਤਰ੍ਹਾਂ ਕਿ ਵੇਦਾਂ ਨਾਲ ਲਗਾ 'ਛੰਦ'। ਇਸ ਤਰ੍ਹਾਂ ਰਾਗਮਾਲਾ 'ਗ੍ਰੰਥ-ਅੰਗ' ਬਣ ਗਈ।

ਜਦ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ 'ਅਖੰਡ ਪਾਠ' ਕਰਨ ਦਾ ਰਵਾਜ ਤੁਰ ਪਿਆ, ਤਦ 'ਰਾਗਮਾਲਾ' ਦੇ, ਜੋ 'ਗ੍ਰੰਥਾਂਗ' ਮਨ ਲਈ ਗਈ ਸੀ, ਬਾਕੀ ਬਾਣੀ ਦੇ ਨਾਲ ਰਲਾਕੇ ਪਾਠ ਵਿਚ ਸ਼ਾਮਲ ਕਰਨ ਦਾ ਸਵਾਲ ਉਠ ਖੜਾ ਹੋਇਆ। ਫ਼ਰਕ ਇਹ ਸੀ ਕਿ ਵੇਦਾਂਗਾਂ ਦਾ ਪੜ੍ਹਨਾ ਪੰਡਿਤਾਂ ਦੇ ਵੇਦਾਂ ਨੂੰ ਸਮਝਨ ਦੇ ਮਤਲਬ ਨਾਲ ਜ਼ਰੂਰੀ ਸੀ, ਅਤੇ ਏਧਰ 'ਰਾਗਮਾਲਾ' ਦਾ ਪੜ੍ਹਨਾ ਇਕ ਅੰਧ-ਵਿਸ਼ਵਾਸ਼ ਕਰਕੇ ਸੀ, ਗੁਰਬਾਣੀ ਨੂੰ ਸਮਝਨ ਜਾਂ ਠੀਕ ਗਾਉਨ ਨਾਲ ਉਸਨੂੰ ਕੋਈ ਵਾਸਤਾ ਨਹੀਂ ਸੀ। ਗ੍ਰੰਥ ਸਾਹਿਬ ਦੇ ਪੂਰੇ ਪਾਠ ਨੂੰ, 'ਅਖੰਡ' ਹੋਵੇ ਕਿ



Sri Satguru Jagjit Singh Ji Elibrary NamdhariElibrary@gmail.com

'ਸਪਤਾਹਕ' ਜਾਂ 'ਖੁੱਲ੍ਹਾ'*, ਅਪਣੇ ਆਪ ਵਿਚ ਸਫ਼ਲਤਾ, ਅਤੇ ਮੁਰਾਦਾਂ ਪੂਰੀਆਂ ਹੋਣ ਦਾ ਜ਼ਰੀਆ ਮੰਨ ਰਖਿਆ ਸੀ। ਸੋ, ਉਸ ਦਾ ਕੋਈ ਅੱਖਰ ਛੁਟਨਾ ਮਾੜਾ ਅਤੇ ਮਹਾਂ ਪਾਪ ਗਿਣਿਆ ਗਿਆ ਸੀ। ਅਜਿਹੇ ਕੂੜੇ ਵਿਸ਼ਵਾਸ ਦੇ ਲੋਕਾਂ ਨੇ ਰਾਗਮਾਲਾ ਨੂੰ ਵੀ ਭੋਗ ਪਾਨ ਵੇਲੇ ਨਾਲ ਪੜ੍ਹਨਾ ਸ਼ੁਰੂ ਕਰ ਦਿੱਤਾ। ਪਾਠ ਦਾ ਫਲ ਨਿਰਾ ਪਾਠ ਕਰਨ ਵਾਲੇ ਨੂੰ ਹੀ ਨਹੀਂ ਸੀ ਹੁੰਦਾ, ਸਗੋਂ ਪੜ੍ਹਦੇ ਸੁਣਦੇ ਸਰਬ ਲਾਹੇਵੰਤ ਹੁੰਦੇ ਸਨ, ਅਤੇ ਖ਼ਾਸ ਕਰਕੇ ਭਾੜੇ ਦੇ ਪਾਠੀ ਰਖਕੇ, ਪਾਠ ਕਰਾਨ ਵਾਲੇ ਦੀਆਂ ਸਭ ਭਾਉਨੀਆਂ ਹੰਗੀਆਂ ਮੰਦੀਆਂ, ਪਾਪ ਦੀਆਂ, ਪੁੰਨ ਦੀਆਂ ਪੂਰੀਆਂ ਹੁੰਦੀਆਂ ਸਨ। ਛੇਕੜ ਪੁਰ ਪਹੁੰਚਕੇ ਜਦ ਪਾਠੀ ਅਖ਼ੀਰ ਦੀਆਂ ਦੋ ਸਤਰਾਂ, 'ਖ਼ਸਟ ਰਾਗ ਉਨ ਗਾਏ' ਪੜ੍ਹਨ ਲਗਦਾ ਹੈ, ਤਦ ਸੰਗਤ ਵਿਚ ਬੈਠੇ ਇਸਤ੍ਰੀਆਂ ਮਰਦ ਭੀ ਸ਼ਾਮਲ ਹੋ ਜਾਂਦੇ ਹਨ, ਜਿਸ ਤਰ੍ਹਾਂ ਈਸਾਈ ਲੋਗ 'ਆਮੀਨ' ਕਰਨ ਵਿਚ ਪਾਦਰੀ ਦੇ ਨਾਲ ਰਲਦੇ ਹਨ। ਸਮਝਦਾਰ ਲੋਕ ਇਸ ਨਵੀਂ ਚਲੀ ਕੁਰੀਤੀ ਦੇ ਉਲਟ ਵਾਵੇਲਾ ਵੀ ਕਰਦੇ ਸੀ, ਪਰ ਜਿਥੇ ਬਹੁਤਿਆਂ ਦਾ ਜ਼ੋਰ ਹੋਵੇ, ਓਥੇ ਇਹਨਾਂ ਦੀ ਕੀਹ ਵਟਕ ਸੀ। ਗਰਜ਼ਾਂ ਵਾਲੇ ਅਤੇ ਜਿਨ੍ਹਾਂ ਲੋਕਾਂ ਦੀ ਏਹਨਾਂ ਕੁਰੀਤੀਆਂ ਦੇ ਪ੍ਰਚਾਰ ਹੋਇਆਂ ਰੋਟੀ ਚਲਦੀ ਸੀ, ਓਹ ਇਸ ਕੁਰੀਤੀ ਦੇ ਜਾਰੀ ਰੱਖਣ ਲਈ ਤਤਪਰ ਸਨ। ਚੁਨਾਂਚਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਅੰਤ ਰਾਗਮਾਲਾ ਦੇ ਪੜ੍ਹਨ ਦਾ ਸਵਾਲ ਆਪਣੇ ਜ਼ੋਰਾਂ ਪੁਰ ਸੀ। ਇਕ ਪਾਸੇ ਤਾਂ ਪੁੰਜਾਰੀ ਆਦਿ ਲੋਕ ਸਨ, ਤੇ ਦੂਜੇ ਪਾਸੇ ਥੋੜੇ ਕੁਝ ਸਮਝਦਾਰ ਸਿਖ। ਗੁਰਬਿਲਾਸ ਦਾ ਲਿਖਣ ਵਾਲਾ ਤਖ਼ਤ ਅਕਾਲ ਬੁੰਗਾ ਦਾ ਇਕ ਪੁਜਾਰੀ ਸੀ, ਓਹ ਤਾਂ ਕਹਿੰਦਾ ਹੈ:—

ਪਾਵੇ ਭੋਗ ਰਾਗਮਾਲਾ ਪੜ੍ਹ।

---

*ਹੁਣ ਇਕ ਹੋਰ ਕਿਸਮ ਦਾ ਪਾਠ ਨਿਕਲਿਆ ਹੈ, ਜਿਸਨੂੰ 'ਸੰਮਪਟ ਪਾਠ' ਆਖਦੇ ਹਨ। ਇਸ ਪਰ ਖਰਚ ਚੋਖਾ ਆਉਂਦਾ ਹੈ, ਪਰ 'ਅਕਲ ਦੇ ਅੰਨ੍ਹਿਆਂ ਤੇ ਗੰਢ ਦੇ ਪੂਰਿਆਂ' ਦਾ ਕੋਈ ਘਾਟਾ ਨਹੀਂ ਪੈ ਰਿਹਾ।



Sri Satguru Jagjit Singh Ji Elibrary NamdhariElibrary@gmail.com

ਛਿਨ ਮਹਿ ਪਾਪ ਜਾਹਿ ਤਾਂਕੇ ਸਭ ॥

ਦੋਹਿਰਾ। ਧਾਰ ਪ੍ਰੇਮ ਗੁਰੂ ਗ੍ਰੰਥ ਕਾ ਪਾਠ ਕਰੈ ਮਨ ਲਾਇ।
ਰਾਗ ਮਾਲਾ ਪੜ੍ਹ ਪ੍ਰੇਮ ਸੋ ਭੋਗ ਜਪੁਜੀ ਤੇ ਪਾਇ† ॥ ੪੧੫ ॥

ਭਾਈ ਸੰਤੋਖ ਸਿੰਘ ਜੀ ਪੁਜਾਰੀ ਨਹੀਂ ਸਨ, ਸਗੋਂ ਇਤਿਹਾਸਕਾਰ ਅਤੇ ਕਵੀ ਸਨ, ਉਹ ਲਿਖਦੇ ਹਨ :—

ਲਿਖੇ ਸਮਸਤ ਸਵਯੇ ਜੇਊ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਮਾਹਿ।
ਅੰਤ ਸਰਬਕੇ ਮੁੰਦਾਵਣੀ ਮੁਦ੍ਰਿਤ ਮੁਹਿਰ ਲਗੀ ਜਾਨ ਵਾਹਿ॥
ਭੋਗ ਸਕਲ ਬਾਣੀ ਕੋ ਪਾਯਹੁ ਮਹਿਮਾ ਜਿਸਕੀ ਕਹੀ ਨ ਜਾਇ।
ਭਵਜਲ ਭੌਤਰ ਕੋ ਜਹਾਜ ਬਡ ਪ੍ਰਭੁ ਕ੍ਰਿਪਾ ਤੇ ਪਾਰ ਪਰਾਇ॥ ੩੯॥
'ਰਾਗਮਾਲਾ' ਸ੍ਰੀ ਗੁਰੂ ਕੀ ਕ੍ਰਿਤ ਨਹਿ ਹੈ,
ਮੁੰਦਾਵਣੀ ਲਗ ਗੁਰ ਬੈਨ।
ਇਸ ਮੈ ਰਹਿ ਸੰਸੈ ਕੁਛ ਕਰਅਹਿ, ਜੋ ਸੰਸੈ ਅਵਲੋਕਹੁ ਨੈਨ।
'ਮਾਧਵਨਾਲ' ਆਲਮ ਕਵੀ ਕੀਨਸਿ,
ਤਿਸ ਮਹਿ ਨ੍ਰਿਤਕਾਰੀ ਕਹਿਤੈਨ।
ਰਾਗਨੀ ਨਾਮ ਗਿਨੇ ਤਹਿ, ਯਾਤੇ ਸ੍ਰੀ ਅਰਜਨ ਕ੍ਰਿਤ ਨ ਹੈਨ॥੪੦॥
ਇਹ ਸੁਧ ਨਹੀਂ ਲਿਖੀ, ਇਹ ਗੁਰੂ ਕੇ ਕਿਧੋ ਸਿਖ ਕਹੁ ਲਿਖ ਦੀਨ।
ਰਾਗ ਨਾਮ ਸਭ ਜਾਨਹਿ ਰਾਗੀ, ਇਹ ਕਾਰਣ ਲਿਖ ਦਈ ਪ੍ਰਬੀਨ।
ਸ੍ਰੀ ਗੁਰੂ ਗਿਰਾ, ਹਰਿ ਕੇ ਖਿਨ ਸੰਤਨ ਮਹਿਮਾ ਬਿਨ ਕਹਿ ਬੀਨ।
ਭਯੋ ਮਹਦਫਲ ਪਠਬੇ, ਸੁਨਬੇ,
ਲਿਖਬੇ, ਗੁਨਬੇ ਚਹੈਂ ਸੁ ਲੀਨ ॥ ੪੧ ॥

ਤਦ ਤੋਂ ਹੁਣ ਤਕ ਇਹ ਵਾਦ ਵਿਵਾਦ ਹੁੰਦਾ ਚਲਾ ਆਇਆ ਹੈ, ਅਤੇ ਇਕ ਦੂਜੇ ਨੂੰ ਉੱਚਾ ਨੀਵਾਂ ਵੀ ਅਖਵਾਂਦਾ ਆਇਆ ਹੈ। ਵਿਚ ਵਿਚ ਬਹਿਸ ਜ਼ੋਰ ਪਕੜ ਜਾਂਦੀ ਹੈ। ਸੰਨ ੧੯੧੭-੧੮ ਵਿਚ ਇਹ

†ਇਹ ਵਾਕ ਗੁਰੂ ਅਰਜਨ ਦੇਵ ਦੇ ਮੂੰਹੋਂ ਕਢਾਏ ਹਨ, ਅਤੇ ਰਾਗ ਮਾਲਾ ਨੂੰ ਉਹਨਾਂ ਦੀ ਰਚਨਾ ਦੱਸਿਆ ਹੈ।



Sri Satguru Jagjit Singh Ji Elibrary NamdhariElibrary@gmail.com

ਚਰਚਾ ਕੋਈ ਵਰ੍ਹਾ ਭਰ ਹੁੰਦੀ ਰਹੀ ਸੀ। ਇਸ ਲੰਮੀ ਬਹਿਸ ਵਿਚ ਵੀ ਇਹ ਨਹੀਂ ਸੀ ਦਸਿਆ ਗਿਆ ਕਿ ਰਾਗਮਾਲਾ ਪੜ੍ਹਨੀ ਕਿਉਂ ਜ਼ਰੂਰੀ ਹੈ, ਜਾਂ ਇਸਦੇ ਪੜ੍ਹਨ ਨਾਲ ਕੀ ਸਿਖਿਆ ਪ੍ਰਾਪਤ ਹੁੰਦੀ ਹੈ। ਸਾਰਾ ਜ਼ੋਰ ਦੁਹਾਂ ਧਿਰਾਂ ਵਲੋਂ ਇਸ ਗਲ ਤੇ ਖ਼ਰਚ ਹੋਇਆ ਸੀ ਕਿ ਰਾਗਮਾਲਾ ਫ਼ਲਾਨੀ ਫ਼ਲਾਨੀ ਬੀੜ ਵਿਚ ਨਹੀਂ ਅਤੇ ਫ਼ਲਾਨੀ ਫ਼ਲਾਨੀ ਵਿਚ ਮੌਜੂਦ ਹੈ। ਜਿਸ ਤਰ੍ਹਾਂ ਕਿ ਵਿਤੰਡਾ ਵਾਦ ਦਾ ਦਸਤੂਰ ਹੈ, ਪਖੀਆਂ ਨੇ ਹਰ ਤਰ੍ਹਾਂ ਦੀਆਂ ਗ਼ਲਤ ਬਿਆਨੀਆਂ ਕੀਤੀਆਂ, ਰੱਜਕੇ ਝੂਠ ਬੋਲੇ ਤੇ ਲਿਖੇ, ਅਤੇ ਹਰ ਤਰ੍ਹਾਂ ਦੇ ਛਲ ਤੋਂ ਕੰਮ ਲੈਕੇ ਗੁਰੂ ਤੇ ਪੰਥ ਦੀ ਸ਼ਾਨ ਵਧਾਈ। 'ਗੁਰਬਿਲਾਸ ਛੇਵੀਂ ਪਾਤਸ਼ਾਹੀ' ਦੀ ਪੈਰਵੀ ਵਿਚ 'ਰਾਗਮਾਲਾ' ਨੂੰ ਗੁਰੂ ਅਰਜਨ ਦੀ ਰਚੀ ਦਸਿਆ, ਜਦ ਸਵਾਲ ਹੋਇਆ ਕਿ ਫੇਰ ਨਾਲ 'ਮਹਲਾ ੫' ਕਿਉਂ ਨਹੀਂ ਲਿਖਿਆ, ਤਦ ਇਸ ਟੀਚੇ ਤੋਂ ਟਲਕੇ ਕਹਿ ਦਿੱਤਾ ਕਿ 'ਰਾਗਮਾਲਾ' ਭਾਈ ਗੁਰਦਾਸ ਨੇ ਗੁਰੂ ਸਾਹਿਬ ਦੇ ਹੁਕਮ ਨਾਲ ਬਨਾਈ ਸੀ, ਅਦਬ ਕਰਕੇ ਆਪਨਾ ਨਾਮ ਵੀ ਨਾਲ ਨਹੀਂ ਦਿੱਤਾ।

ਉਸ ਵੇਲੇ ਦੇ ਅਖ਼ਬਾਰਾਂ ਅਤੇ ਰਸਾਲਿਆਂ ਦੇ cuttings ਜੋ ਮੈਂ ਇਕ ਥਾਂ ਇਕਠੇ ਕੀਤੇ ਸਨ, ਜਦ ਮੈਂ ਹੁਣ ਵੇਖੇ ਹਨ, ਤਦ ਹੈਰਾਨੀ ਹੋਈ ਹੈ ਕਿ ਕਿਸ ਤਰ੍ਹਾਂ ਹੋਰ ਹਰ ਤਰ੍ਹਾਂ ਪੁਰ ਚੰਗਿਆਂ ਦੀ ਵੀ ਇਸ ਮਜ਼ਹਬੀ ਬਹਿਸ ਵਿਚ ਮਤ ਮਾਰੀ ਗਈ ਸੀ।

ਮੈਂ ਇਸ ਚਰਚਾ ਵਿਚ ਕੋਈ ਹਿੱਸਾ ਨਹੀਂ ਸੀ ਲਿਆ, ਪਰ ਜਦ ਇਕ ਅਜ਼ੀਜ਼ ਨੇ ਚਿਠੀ ਵਿਚ ਸਿਧਾ ਸਵਾਲ ਪੁਛ ਭੇਜਿਆ, ਤਦ ਉਨ੍ਹਾਂ ਦੇ ਉਤ੍ਰ ਵਿਚ ਇਕ ਚਿਠੀ ਓਹਨਾਂ ਨੂੰ ਲਿਖੀ। ਇਹ ਚਿਠੀ ਕੁਝ ਦਿਨ ਪਿਛੋਂ ਅੰਗ੍ਰੇਜ਼ੀ ਅਖ਼ਬਾਰ 'The Sikhs & Sikhism, ਲਾਹੌਰ ਵਿਚ ੨੩ ਜਨਵਰੀ ੧੯੧੮ ਨੂੰ ਨਿਕਲੀ ਸੀ। ਅਖ਼ਬਾਰ ਵਿਚੋਂ ਸੰਖੇਪ ਹੇਠਾਂ ਦਿਤਾ ਜਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

# THE RAGMALA

We publish below an important cutting from a private correspondence, which passed between two Sikh gentlemen and a copy of which has been sent to us. Its clear-set arguments make comment superfluous. It is time that this harmful controversy should cease, and our energies be directed to more useful work.........(Editor)

"On the question of Ragmala, I am afraid I do not agree with you. Ragmala is one of about half-a-dozen apocryphal pieces and memoranda which found their way to the sacred volume through the carelessness of unthinking ancient scribes. Several of the hymns, thus added, are almost certainly the compositions of the First and Fifth Gurus, as clearly stated therein. They breath the same spirit, their diction and style, and the moral and religions lessons they teach, are the same as found in the hymns of the Granth Sahib itself. The same however, can not be said of the Ragmala. No amount of specious argumentation or sophistory, such as has been indulged in by the *Khalsa Smachar*, can prove it to be either composed by the Guru, or copied into the Granth Sahib under his authority. All your best scholars, ancient and modern, who have studied the question, are agreed on this point. The 'Ragmala' is clearly and unmistakably, an excerpt from



Sri Satguru Jagjit Singh Ji Elibrary NamdhariElibrary@gmail.com

'Madhavanal Sangit', where it fits in the plot of the story so well. Madhavanal, a debauchee, and dancing girl 'Kama-Kandla' in their attempt to excel each other, sing songs to the accompaniment of instruments, in all the rags and raginies, in the presence of the raja of Kama-vati, where a *mujra* is in progress. The only connection this Ragmala has with the Granth Sahib, is that the names of the majority of the rags mentioned in the Sacred Book are strung together here in verses, otherwise it is an absolutely jejune piece of composition full of jingling words only. That Guru Gobind Singh ji dictated by his supernatural powers, a copy of Granth Sahib, called the *Damdame-wali-bir*, as the Dhirmalites of Kartarpur refused him the loan of their Book, and no other copy existed to copy from, and that four copies were subsequently made from this supernaturally dictated volume for four principal Sikh temples etc is all a myth, a modern invention. The fact remains that this so called *Damdame-wali-bir* does not exist, for the simple reason that it was never produced, and the onus of proving that the four copies now pointed out, were made from it, lies on those who make the assertion. Even if it were granted for a moment that it was so, the argument will prove too much, for these very copies include, in the same way as the Ragmala, other spurious matter. As a matter of fact, however, many scores of copies of the Book existed before Guru Gobind Singh's arrival at



Sri Satguru Jagjit Singh Ji Elibrary NamdhariElibrary@gmail.com

Talwandi Sabo (afterwards called Damdama) somewhere about the Sambat 1764. They can be seen even now. A number of them passed through his hands and contain his autograph. Some of them even include the hymns of the 9th Guru. All these contain after the *Mundawini*, not only the Ragmala, but a large number of other extraneous compositions as stated above. No sacrilege has, therefore, been committed, at least no more than in leaving out the other pieces, by getting about 200 copies bound to meet the demand of those Sabhas etc who wanted the Granth Sahib without any extraneous matter. Sacrilege was undoubtedly committed, when some old scribe, ignorant of the consequences, copied this and other pieces on the fly-leaves of the Granth Sahib, he prepared. Again the Bhasour people are not the first to expunge it. There exist about a dozen old manuscript copies which do not contain any such extraneous matter; even a printed edition appears without this Ragmala. In my opinion the Bhasour people have done well in publishing the Granth Sahib in its purest form, and expunging all foreign matter, which had no business to be in the Holy Book, even if the immoral associations of the Ragmala in its source, be overlooked. The alarms raised regarding the action of the Bhasour Dewan being taken as a precedent by some people in future, to corrupt the text of the Granth Sahib itself, are fanciful and silly. What is there to prevent such people from doing so



Sri Satguru Jagjit Singh Ji Elibrary NamdhariElibrary@gmail.com

even now? And again, when such a situation does arise, there will be time enough to take suitable steps. But fancied dangers like this should not prevent us from publishing the Granth Sahib in its purity, in the mean while. In fact, it ought to have been the business of the Chief Khalsa Dewan to do what the Bhasour men have done.

It is not very difficult to get Hukhmnama as issued from certain Sikh temples, such as they are at pre[illegible] or loud exclamations uttered in promiscuou[illegible]ings of the brotherhood, by people who live on misused public charity, for more foolish things than this Ragmala question. The Bhasaur Dewan has thousands of very zealous followers and hundreds of Singh Sabhas have passed resolutions in support of its action. They are ready to lend it every help in sticking to its principles, in spite of the threats, open and veiled. If the Chief Khalsa Dewan in its bid for popularity has thought fit to change front, and recede from an attitude, which more than tacitly approved of the crusade against Ragmala, that has been going on for many years now, that is no reason why others should do the same, at the bidding of some mischievous man, or men who have stooped so low as to recommend the use of force and to incite violence against Babu Teja Singh, a good Sikh, so far as I know.

This controversy is altogether harmful to the community, and what is more it is malicious and dishonest, and as such the movement can have no



Sri Satguru Jagjit Singh Ji Elibrary NamdhariElibrary@gmail.com

support from me, even if it be carried out in the name of the Chief Khalsa Dewan, whose course clearly lay in a direction, quite the opposite of what it has adopted or threatens to adopt, in view of the fact that it happens to be in the leading strings of the very men who have started the harmful controversy.........

I had not expressed my views, as there was no occasion for it. Now, however, that you ask me, I write plainly what I think."*

ਇਹ ਚਰਚਾ ਸੰਨ ੧੯੧੮ ਵਿਚ ਮੁਕ ਨਹੀਂ ਸੀ ਗਈ, ਕਸ਼ਮੀਰਣਾਂ ਦੀ ਲੜਾਈ ਵਾਂਗ ਰਾਤ ਲਈ ਦੱਬ ਦਿਤੀ ਗਈ ਸੀ। ਪਿਛਲੇ ਕਿ ਪਿਛਲੇਰੇ ਵਰ੍ਹੇ ਫੇਰ ਛਿੜ ਪਈ ਸੀ, ਪਰ ਛੇਤੀ ਹੀ ਠੰਡੀ ਪੈ ਗਈ। ਸਿਖ ਨੌਜਵਾਨਾਂ ਦੀ ਬਗ਼ਾਵਤ ਦਾ ਇਕ ਫ਼ੌਰੀ ਸਬਬ ਇਹ ਚਰਚਾ ਵੀ ਸੀ, ਜਿਸਨੇ ਗੁਣੀਆਂ, ਗਿਆਨੀਆਂ, ਸੰਤਾਂ ਦੇ ਧਰਮੀ ਚਿਹਰਿਆਂ ਤੋਂ ਪਰਦਾ ਲਾਹ ਦਿੱਤਾ। ਪੜ੍ਹੇ ਲਿਖੇ ਸਿਖ ਹੁਣ ਜਦ ਸਿਖੀ ਤੋਂ ਹੀ ਬਾਗ਼ੀ ਹੁੰਦੇ ਜਾਂਦੇ ਹਨ, ਤਦ ਓਹਨਾਂ ਨੂੰ ਇਹੋ ਜਿਹੀਆਂ ਫ਼ਜ਼ੂਲ ਬਹਿਸਾਂ ਵਿਚ ਕੀ ਰਸ ਆ ਸਕਦਾ ਹੈ? ਓਹਨਾਂ ਵਲੋਂ ਸਿਖ ਰਾਗਮਾਲਾ ਪੜ੍ਹਕੇ 'ਭੋਗ' ਪਾਨ ਤੇ ਭਾਵੇਂ 'ਸਿਆਹੀ ਕੀ ਬਿਧੀ'†

---

*ਮੈਂ ਇਸ ਦੇ ਲਿਖਣ ਵੇਲੇ ਚਾਲੀ ਵਰ੍ਹਿਆਂ ਦਾ ਜਵਾਨ ਸਾਂ ਤੇ ਗਰਮਾਈ ਕੁਝ ਵਧੀਕ ਸੀ।

†ਭਾਈ ਚੰਪਾ ਸਿੰਘ ਦੇ 'ਪ੍ਰਯਾਯ ਪਾਠ' (Synonyms) ਵਿਚ 'ਸਿਆਹੀ ਕੀ ਬਿਧੀ' ਵਿਚ ਆਏ ਲਫ਼ਜ਼ 'ਵਰਨ' ਦੀ ਟੀਕਾ 'ਪ੍ਰਯਾਯ' ਦੇਕੇ ਕੀਤੀ ਹੈ, ਜਿਵੇਂ ਰਾਗਮਾਲਾ ਵਿਚ ਆਏ ਔਖੇ ਲਫ਼ਜ਼ਾਂ ਦੀ। ਰਾਗਮਾਲਾ ਦੇ ਪਖੀਆਂ ਨੇ ਚੰਪਾ ਸਿੰਘ ਦੇ ਰਹਿਤਨਾਮੇ ਦਾ ਹਵਾਲਾ ਦੇਕੇ ਕਿਹਾ ਸੀ ਕਿ ਉਸ ਵਿਚ ਰਾਗਮਾਲਾ ਦੇ ਪਿਛੋਂ ਸਿਆਹੀ ਕੀ ਬਿਧੀ ਪੁਰ ਭੋਗ ਪਾਨ ਲਈ ਲਿਖਿਆ ਹੈ। ਚੰਪਾ ਸਿੰਘ ਦੇ ਰਹਿਤਨਾਮੇ ਦੀ ਇਕ ਹਰ ਕਾਪੀ ਵਿਚ ਭੋਗ ਮੁੰਦਾਵਣੀ ਪੁਰ ਪਾਉਣ ਦੀ ਹਦਾਇਤ ਹੈ। ਸਬਬ ਇਹ ਕਿ ਇਹਨਾਂ ਸਾਰੇ ਰਹਿਤਨਾਮਿਆਂ ਵਿਚ ਸਮੇਂ ਸਮੇਂ ਲੋਕਾਂ ਨੇ ਹਸਬ ਮਨਸ਼ਾ ਹਸਤਾਖੇਪ→



Sri Satguru Jagjit Singh Ji Elibrary NamdhariElibrary@gmail.com

ਪੁਰ, ਅਤੇ ਜੀਅ ਕਰਨੇ ਤਾਂ 'ਰਾਗਾਂ ਦੇ ਤਤਕਰੇ' ਤੋਂ ਪਾਠ ਦਾ ਆਰੰਭ ਕਰਿਆ ਕਰਨ, ਜੋ ਸਾਰੇ ਗ੍ਰੰਥ ਸਾਹਿਬ ਦੇ ਅਖਰੋ ਅਖਰ ਪਾਠ ਦਾ ਫਲ ਪ੍ਰਾਪਤ ਹੋਵੇ। ਪੰਥਕ ਇਤਿਫ਼ਾਕ ਝੂਠ ਨੂੰ ਏਸ ਤਰ੍ਹਾਂ ਠੁਮਨੇ ਦੇਕੇ ਕਾਇਮ ਨਹੀਂ ਰਹਿ ਸਕਦਾ: ਗ਼ਰਜਾਂ ਵਾਲੇ ਚਾਹੇ ਬਾਹਰਮੁਖੀ ਰਜ਼ਾਮੰਦੀ ਦੇ ਦੇਣ, ਪਰ ਦੂਜਿਆਂ ਨੂੰ ਸਚ ਚਾਹੀਦਾ ਹੈ।

੧ ੳ ਸਤਿਗੁਰ ਪ੍ਰਸਾਦਿ।

# ਅਥ ਨਸੀਹਤਨਾਮਾ।

## ਤਿਲੰਗ ਮਹਲਾ ੧।

ਪੁਰਾਤਨ ਸਾਖੀਆਂ ਵਿਚ ਲਿਖਿਆ ਹੈ ਕਿ ਜਦ ਗੁਰੂ ਨਾਨਕ ਦੇਵ ਬਗਦਾਦ ਗਏ ਹਨ, ਤਦ ਇਹ ਉਪਦੇਸ਼ ਉਥੇ ਦੇ ਕਾਰੂੰ ਪਾਦਸ਼ਾਹ ਨੂੰ ਕੀਤਾ ਸੀ। ਅਸਲ ਵਿਚ ਇਹ ਕਹਾਣੀ ਮਸੀਹ ਨਾਲੋਂ ਵੀ ੬੦੦ ਵਰ੍ਹਾ ਪਹਿਲੇ ਦੀ ਹੈ। ਕਾਰੂੰ ਲਿਡੀਆ ਮੁਲਕ ਸ਼ਾਮ ਦਾ ਬਾਦਸ਼ਾਹ ਸੀ, ਇਸਨੇ ਲੋਕਾਂ ਨੂੰ ਤੰਗ ਕਰਕੇ ਬਹੁਤ ਧਨ ਇਕੱਠਾ ਕੀਤਾ ਸੀ, ਅਤੇ ਕਬਰਾਂ ਵਿਚ ਦਬੇ ਦਰਬ ਨੂੰ ਵੀ ਕਢਾ ਲਿਆ ਸੀ। ਯੂਨਾਨੀ ਵਿਚ ਇਸ ਦਾ ਨਾਮ Croesus ਹੈ, ਅਤੇ ਇਸਦੇ ਅਰਥ ਮੁਹਾਵਰੇ ਵਿਚ 'ਧਨੀ ਪੁਰਖ'

---

←ਕਰ ਲਏ ਹੋਏ ਹਨ। ਮਹਾਰਾਜ ਰਣਜੀਤ ਸਿੰਘ ਦੇ ਸਮੇਂ ਦੇ ਅਖੀਰ ਜਦ ਇਹ ਚਰਚਾ ਜ਼ੋਰਾਂ ਤੇ ਸੀ, ਤਦ ਕਿਸੇ ਨੇ ਚੌਪਾ ਸਿੰਘ ਦੇ ਰਹਿਤਨਾਮੇ ਵਿਚ [illegible] ਹੀ ਲਫ਼ਜ਼ ਪਾ ਦਿਤੇ:—'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਸਲੋਕਾਂ ਪੁਰ ਪਾਵੇ।' ਪਿਛੋਂ ਕਿਸੇ ਨੇ ਲਫ਼ਜ਼ 'ਸਲੋਕਾਂ' ਨੂੰ ਬਦਲਕੇ 'ਬਲੋਕ' ਕਰ ਦਿੱਤਾ। ਕਿਸੇ ਵਿਚ ਇਹ ਲਿਖਿਆ ਹੈ ਕਿ ਗੁਰੂ ਕਾ ਸਿਖ ਸ੍ਰੀ ਗੁਰੂ ਗ੍ਰੰਥ ਜੀ ਪੜ੍ਹਕੇ ਭੋਗ ਬਲੋਕ 'ਕੇਤੀ ਛੁਟੀ ਨਾਲ' ਪੁਰ ਪਾਵੇ, ਜਿਸ ਦਾ ਮਤਲਬ ਹੈ ਕਿ ਜਪੁਜੀ ਸਾਰਾ ਪੜ੍ਹੇ ਤੋੜ ਛੇਕੜਲੇ ਸਲੋਕ 'ਪਉਨ ਗੁਰੂ........ਹੋਰ ਕੇਤੀ ਛੁਟੀ ਨਾਲ' ਤਕ। ਸੋ ਤੁਸੀਂ ਦੇਖ ਸਕਦੇ ਹੋ ਕਿ ਕਿਤਨੀ ਗੜਬੜ ਮਚੀ ਹੋਈ ਹੈ। ਹੋਰ ਰਹਿਤਨਾਮਿਆਂ ਭਾਈ ਨੰਦ ਲਾਲ ਦੇਸਾ ਸਿੰਘ, ਪ੍ਰਹਿਲਾਦ ਸਿੰਘ ਤੇ ਦਯਾ ਸਿੰਘ ਵਾਲਿਆਂ ਵਿਚ ਇਸ ਗਲ ਦਾ ਜ਼ਿਕਰ ਹੀ ਨਹੀਂ ਕਿਉਂਕਿ ਮੇਰੇ ਵਾਲੀਆਂ ਕਾਪੀਆਂ ਏਸ ਖ਼ਿਆਲ ਫਿਰਨ ਤੋਂ ਪਹਿਲੇ ਦੀਆਂ ਲਿਖੀਆਂ ਹਨ।



Sri Satguru Jagjit Singh Ji Elibrary NamdhariElibrary@gmail.com

ਵੇ ਹੋ ਗਏ ਹਨ। ਏਸ ਨਾਲੋਂ ਵੀ ਇਕ ਪੁਰਾਣੀ ਕਹਾਣੀ ਹਜ਼ਰਤ ਮੂਸਾ ਅਤੇ ਉਸਦੇ ਚਚੇਰੇ ਭਾਈ Koroh ਦੇ ਨਾਮ ਨਾਲ ਜੁੜੀ ਬਾਈਬਲ ਵਿਚ ਦਿਤੀ ਹੈ। ਅਰਬੀ ਲੋਕਾਂ ਦੀ ਰਵਾਯਿਤ ਵਿਚ ਦੋਵੇਂ ਕਹਾਣੀਆਂ ਮਿਲ ਗਈਆਂ ਹਨ, ਅਤੇ Korab ਤੇ Croes *(us) ਦੁਹਾਂ ਲਫ਼ਜ਼ਾਂ ਦੇ ਬਦਲਨ ਨਾਲ ਅਰਬੀ ਵਿਚ ਨਾਮ ਕਾਰੂੰ ਬਣ ਗਿਆ ਹੈ। ਅਰਬ ਵਿਚ ਇਹ ਆਮ ਪ੍ਰਚਲੱਤ ਕਹਾਣੀ ਸੀ। ਸੋ ਕੁਰਾਨ ਸ਼ਰੀਫ਼ ਵਿਚ ਵੀ ਦ੍ਰਿਸ਼ਟਾਂਤ ਵਜੋਂ ਦੋ ਜਗਾ ਪੁਰ ਦਿੱਤੀ ਹੈ। ਕੁਰਾਨ ਤੋਂ ਇਸ਼ਾਰਾ ਪਾਕੇ ਯਾਹਰਵੀਂ ਸਦੀ ਵਿਚ ਇਮਾਮ ਅਲਗਜ਼ਾਲੀ ਨੇ ਏਸੇ ਦ੍ਰਿਸ਼ਟਾਂਤ ਨੂੰ ਵਰਤਕੇ ਇਕ ਛੋਟਾ ਜਿਹਾ ਰਿਸਾਲਾ ਨਸੀਹਤ ਭਰਿਆ ਲਿਖਕੇ ਖੁਰਾਸਾਨ ਦੇ ਬਾਦਸ਼ਾਹ ਮੁਹਮਦ ਸਲਜੂਕੀ ਨੂੰ ਉਸਦੀ ਦਰਖ਼ਾਸਤ ਪੁਰ ਭੇਜਿਆ। ਇਹ ਫ਼ਾਰਸੀ ਵਿਚ ਲਿਖਿਆ ਸੀ ਅਤੇ ਏਸਦਾ ਨਾਮ 'ਨਸੀਹਤ ਉਲ-ਮੁਲੂਕ' ਸੀ। ਇਮਾਮ ਗ਼ਜ਼ਾਲੀ ਨੇ ਪਿਛੋਂ ਆਪ ਹੀ ਇਸਦਾ ਤਰਜਮਾ ਅਰਬੀ ਵਿਚ ਕਰਕੇ ਉਸਦਾ ਨਾਮ 'ਅਤ-ਤਿਬਰੁਲ ਮਸਬੂਕ' ਰਖ ਦਿਤਾ। ਸੰਨ ਈਸਵੀ ੧੫੯੦ ਦੇ ਲਾਗੇ ਜਦ ਲਾਹੌਰ ਅਕਬਰ ਦੀ ਰਾਜ-ਧਾਨੀ ਸੀ, ਮਹਕਮਾ 'ਅਰਜ਼ਬਗੀ' ਦੇ ਕਿਸੇ ਮੁਸਲਮਾਨ ਨੇ ਪੰਜਾਬੀ ਬੈਂਤਾਂ ਵਿਚ ਇਸਨੂੰ ਕਰ ਦਿੱਤਾ। ਪਿਛੋਂ ਕਿਸੇ ਤਰ੍ਹਾਂ ਸਿਖਾਂ ਨੇ ਇਹ ਨੂੰ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਲਗਾ ਲਿਆ।

ਕੀਚੇ ਨੇਕਨਾਮੀ ਜੋ ਦੇਵੈ ਖ਼ੁਦਾਇ।
ਜੋ ਦੀਸੇ ਜ਼ਿਮੀ ਪਰ ਸੋ ਹੋਸੀ ਫਨਾਇ।
ਦਾਯਮ ਨ ਦੌਲਤ ਕਮੇ ਬੇ ਸ਼ੁਮਾਰ।
ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ।
ਦਮੜਾ ਤਿਸੀਕਾ ਜੋ ਖਰਚੇ ਅਰ ਖਾਇ।
ਦੇਵੇ ਦਿਲਾਵੇ ਰਜਾਵੇ ਖੁਦਾਇ।

---

*ਪਿਛਲੇ ਅਖਰ us ਤ੍ਰਿਤੀਆਂ ਪੁਰਖ ਏਕ-ਵਚਨ ਦੀ ਵਿਭਕਤੀ ਹਨ।



Sri Satguru Jagjit Singh Ji Elibrary NamdhariElibrary@gmail.com

ਹੋਤਾ ਨਾ ਰਾਖੈ ਅਕੇਲਾ ਨ ਖਾਇ।
ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ।
ਕੀਜੈ ਤਵਜਿਆ ਨਾ ਕੀਜੈ ਗੁਮਾਨ।
ਨ ਰਹਿਸੀ ਇਹ ਦੁਨੀਆ ਨ ਰਹਿਸੀ ਦੀਵਾਨ।
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ।
ਹੋਵੈਂਗੇ ਗਰਕ ਕੁਛ ਲਾਗੈ ਨ ਬਾਰ।
ਦੁਨੀਆ ਕਾ ਦੀਵਾਨਾ ਕਹੇ ਮੁਲਖ ਮੇਰਾ।
ਆਈ ਮੌਤ ਸਿਰ ਪਰ ਨਾ ਤੇਰਾ ਨ ਮੇਰਾ।
ਕੇਤੀ ਗਈ ਦੇਖ ਵਾਜੇ ਵਜਾਇ।
ਵਹੀ ਏਕ ਰਹਸੀ ਜੋ ਸਾਚਾ ਖੁਦਾਇ।
ਆਇਆ ਅਕੇਲਾ ਅਕੇਲਾ ਚਲਾਇਆ।
ਚਲਤੇ ਵਕਤ ਕੋਈ ਕਾਮ ਨ ਆਇਆ।
ਲੇਖਾ ਮੰਗੀਜੇ ਕਿਆ ਦੀਜੇ ਜਵਾਬ।
ਤੋਬਾ ਪੁਕਾਰੇ ਤੇ ਪਾਵੇ ਅਜ਼ਾਬ।
ਦੁਨੀਆ ਪੈ ਕਰ ਜੋਰ ਦਮੜਾ ਕਮਾਇਆ।
ਖਾਇਆ ਹੰਡਾਇਆ ਅਜਾਂਈ ਗਵਾਇਆ।
ਆਖਰ ਪਛੋਤਾਨਾ ਕਰੇ ਹਾਇ ਹਾਇ।
ਦਰਗਹਿ ਗਇਆਂ ਤੇ ਤੂੰ ਪਾਵਹਿ ਸਜ਼ਾਇ।
ਲਾਨਤ ਹੈ ਤੈਂਕੂੰ† ਵ ਤੈਂਡੀ† ਕਮਾਈ।
ਦਗੇ ਬਾਜ਼ੀ ਕਰਕੇ ਦੁਨੀਆ ਲੂਟ ਖਾਈ।
ਪੀਏ ਪਿਆਲੇ ਅਰ ਖਾਏ ਕਬਾਬ।
ਦੇਖੋ ਰੇ ਲੋਕੋ ਜੋ* ਹੋਤਾ ਖ਼ਰਾਬ॥

---

†ਮੁਲਤਾਨੀ ਦੇ ਲਫ਼ਜ਼ ਹਨ।

*'ਜੋ' ਦਾ ਪਾਠਾਂਤ੍ਰ 'ਕਾਰੂੰ' ਹੈ, ਕਾਰੂੰ ਨੇ ਭਾਵੇਂ ਕਦੇ ਪਿਆਲੇ ਨਾ ਪੀਤੇ ਹੋਣ।



Sri Satguru Jagjit Singh Ji Elibrary NamdhariElibrary@gmail.com

ਜਿਸਕਾ ਤੂੰ ਬੰਦਾ ਤਿਸੀ ਕਾ ਸਵਾਰਿਆ।
ਦੁਨੀਆਂ ਕੇ ਲਾਲਚ ਤੈਂ ਸਾਹਿਬ ਵਸਾਰਿਆ।
ਨ ਕੀਤੀ ਇਬਾਦਤ ਨਾ ਰਖਿਓ ਈਮਾਨ।
ਨਾ ਕੀਤੀਆ ਹਕੂਮਤ ਪੁਕਾਰੇ ਜਹਾਨ।
ਅੰਦਰ ਮਹਲ ਕੇ ਤੂੰ ਬੈਠਾ ਹੈਂ ਜਾਇ।
ਹਰਮਾਂ ਸੇ ਖੇਲੇ ਖ਼ੁਸ਼ਬੋਈ ਹਵਾਇ।
ਨਾ ਸੂਝੈ ਨਾ ਬੂਝੈ ਬਾਹਰ ਕਿਆ ਹੋਇ।
ਹਰਾਮੀ ਗਰੀਬਾਂ ਕੋ ਮਾਰੇ ਬਿਗੋਈ* ॥
ਵਸਤੀ ਉਜਾੜੇ ਫਿਰ ਨ ਵਸਾਵੈਂ।
ਕੂਕੇਂ ਪੁਕਾਰੇ ਤੋ ਦਾਦ ਨ ਪਾਵੈਂ।
ਲਾਖੋ ਕਰੋੜੀ ਕਰੇ ਬੇਸ਼ੁਮਾਰ।
ਕਈ ਕਸਾਨ* ਬਪੁੜੇ ਮਰੀਵੇਂ ਹਜ਼ਾਰ।
ਹਾਕਮ* ਕਹਾਵੇ ਹਕੂਮਤ ਨਾ ਹੋਇ।
ਦੁਨੀਆਂ ਕਾ ਦੀਵਾਨਾ ਫਿਰੈ ਮਸਤ ਲੋਇ ॥
ਲੂਟੇ ਮੁਲਕ ਔਰ ਪਹਿਰੇ ਵਾ ਖਾਇ ॥
ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ ॥
ਗਰਬ ਸਿਓ* ਨਾ ਦੇਖੋ ਦੁਨੀਆ ਕੇ ਦੀਵਾਨੇ।
ਹਮੇਸ਼ਾ ਨ ਰਹੇਗੀ ਤੂੰ ਐਸਾ ਨ ਜਾਨੇ।
ਉਠਾਵੇ* ਸਭਾ ਉਸਕੋ ਲਾਗੇ ਨ ਬਾਰ।
ਕਿਸ ਕੀ ਯਿਹ ਦੁਨੀਆ ਕਿਸਕੇ ਘਰ ਬਾਰ।
ਚੰਦ ਰੋਜ਼ਾ ਚਲਨਾ ਕੁਛ ਪਕੜੋ ਕਰਾਰ।
ਨਾ ਕੀਚੇ ਹਿਰਸ ਬਹੁਤ ਦੁਨੀਆਂ ਕੇ ਪਯਾਰ।
ਸ਼ਰਮਿੰਦਾ ਨ ਹੋ ਕੁਛ ਨੇਕੀ ਕਮਾਇ।

---

*ਇਹ ਸਾਰੇ ਲਫਜ਼ ਦਸਦੇ ਹਨ ਕਿ ਲਿਖਨ ਵਾਲਾ ਕੋਣ ਸੀ ।



Sri Satguru Jagjit Singh Ji Elibrary NamdhariElibrary@gmail.com

ਲਾਨਤ ਕਾ ਜਾਮਾ ਤੂੰ ਪਹਿਰੇ ਨ ਜਾਇ।
ਗਫਲਤ ਕਰੋਗੇ ਤੋ ਖਾਵੋਗੇ ਮਾਰ।
ਬੇਟੀ ਵ ਬੇਟਾ ਕੋਈ ਲਏਗਾ ਨਾ ਸਾਰ।
ਤੋਬਾ ਕਰੋ ਬਹੁਤ ਕੀਜੇ ਨ ਜੋਹ।
ਦੋਜ਼ਖ਼ ਕੀ ਆਤਿਸ਼ ਜਲਾਵੇਗੀ ਗੋਰ।
ਮੁਸਾਇਕ ਪੈਗੰਬਰ ਕੇਤੇ ਸ਼ਾਹਿ ਖਾਨ*।
ਨ ਦੀਸੇ ਜ਼ਿਮੀਂ ਪਰ ਉਨੋ ਕੇ ਨਿਸ਼ਾਨ।
ਚਲਤੇ ਕਬੂਤਰ ਜਨਾਵਰ ਕੀ ਛਾਓ।
ਕੇਤੇ ਖ਼ਾਕ ਹੂਏ ਕੋਈ ਪੂਛੇ ਨਾ ਨਾਉ।
ਦੇਖੋ ਰੇ ਲੋਕੋ ਕਾਰੂ ਹੋਤਾ ਪਰੇਸ਼ਾਨ।
ਨਦਾਨੀ ਯੇ ਦੁਨੀਆ ਵ ਫ਼ਾਨੀ ਮੁਕਾਮ।
ਤੂੰ ਖ਼ੁਦ ਚਸ਼ਮ ਬੀਨੀ ਹੈ ਚਲਨਾ ਜਹਾਨ।
ਹਰ ਵਕਤ ਬੰਦੇ ਨਾਂ ਖ਼ਿਦਮਤ ਵਿਸਾਰ।
ਮਸਤੀ ਓ ਗਫਲਤ ਮੇਂ ਬਾਜੀ ਨ ਹਾਰ।
ਤੋਬਾ ਨ ਕੀਤੀਆ ਕਰਦੇ ਗੁਨਾਹ।
ਨਾਨਕ† ਐਸੇ ਆਲਮ ਸੋ ਤੇਰੀ ਪਨਾਹ।

ਆਪ ਦੇਖ ਸਕਦੇ ਹੋ ਕਿ ਲਿਖਣ ਵਾਲਾ ਕੋਈ ਬੜਾ ਹੀ ਘਟੀਆ ਮੇਲ ਦਾ ਤੁਕ ਬੰਦੀ ਕਰਨ ਵਾਲਾ ਹੈ। 'ਉਰਦੂ' ਦਾ ਬਚਪਨ ਹੈ। ਇਹ ਜ਼ਬਾਨ ਕਦੇ ਵੀ ਗੁਰੂ ਨਾਨਕ ਸਾਹਿਬ ਦੀ ਨਹੀਂ ਹੋ ਸਕਦੀ। ਨਾ ਇਹ ਪੰਜਾਬੀ ਅਤੇ ਨਾਂ ਇਹ ਉਰਦੂ ਹੈ। ਬੋਲੀ ਵਲੋਂ ਖ਼ਿਆਲ ਕਰੀਏ, ਤਦ ਸਾਨੂੰ ਇਸ 'ਨਜ਼ਮ' ਨੂੰ, ਜੇ ਇਸ ਨੂੰ 'ਨਜ਼ਮ' ਕਹਿ ਸਕਦੇ ਹਾਂ, ਅਕਬਰ ਦੇ ਵੇਲੇ ਤੋਂ ਭੀ ਪਿਛੇ ਰਖਣਾ ਪਵੇਗਾ। ਕਾਰੂੰ ਦਾ ਜ਼ਿਕਰ ਖ਼ਾਲੀ ਇਕ ਸਤਰ ਵਿਚ ਹੈ ਅਤੇ ਹੈ ਵੀ ਮਿਸਾਲ ਦੇ ਤੌਰ ਪੁਰ, ਨਹੀਂ ਤਾਂ ਉਪਰਲੀ

---

†'ਨਾਨਕ' ਦੀ ਥਾਂ 'ਕਹੇ ਅਰਜਬੇਗੀ' ਵੀ ਵੇਖਿਆ ਗਿਆ ਹੈ।



Sri Satguru Jagjit Singh Ji Elibrary NamdhariElibrary@gmail.com

ਨਸੀਹਤ ਕਿਸੇ ਭੀ ਹਾਕਮ ਬਾਬਤ ਕਹੀ ਜਾ ਸਕਦੀ ਹੈ। ਅਜਿਹੀ ਫ਼ਜ਼ੂਲ ਜਿਹੀ ਕਵਿਤਾ ਨੂੰ ਗੁਰੂ ਨਾਨਕ ਦੇਵ ਦੇ ਨਾਮ ਨਾਲ ਜੋੜਨਾ ਗੁਰੂ ਸਾਹਿਬ ਦੀ ਸਖ਼ਤ ਹੱਤਕ ਕਰਨਾ ਹੈ । ਫੇਰ ਛੇਕੜਲੀ ਪਾਲ ਵਿਚ ਸ਼ਾਇਰ ਦਾ ਤਖ਼ਲੱਸ 'ਅਰਜਬੇਰਗੀ' ਦੇਖਿਆ ਗਿਆ ਹੈ।

## ਹਾਜ਼ਿਰਨਾਮਾ

ਪੁਰਾਤਨ ਜਨਮ ਸਾਖੀ ਵਿਚ ਇਹ ਉਪਦੇਸ਼ ਗੁਰੂ ਨਾਨਕ ਸਾਹਿਬ ਨੇ ਪਸਰੂਰ ਦੇ ਪਾਸ ਮਿਠੇ ਦੇ ਕੋਟਲੇ ਵਿਚ ਮੀਆਂ ਮਿੱਠਾ ਨੂੰ ਕੀਤਾ ਦਸਿਆ ਹੈ। ਇਹ ਮੀਆਂ ਕੌਣ ਸੀ, ਕਦ ਹੋਇਆ, ਏਸਦਾ ਕੋਈ ਥਹੁ ਪਤਾ ਨਹੀਂ। ਏਸ ਹਾਜ਼ਰ ਨਾਮੇ ਦੀ ਇਕ ਨਕਲ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਹਥੀਂ ਕੀਤੀ ਮੈਂ ਅਨੰਦ ਪੁਰ ਵਿਚ ਸੋਢੀ ਮਨੋਹਰ ਸਿੰਘ ਜੀ ਦੇ ਘਰ ਵੇਖੀ ਹੈ। ਉਸ ਨਾਲੋਂ ਚੋਖੀ ਪੁਰਾਣੀ ਰਚਨਾ ਹੋਵੇਗੀ।

"ਹਾਜਿਰਾਂ ਕੋ ਮਿਹਰ ਹੈ। ਬੇ ਹਾਜਿਰਾਂ ਕਉ ਬੇ ਮਿਹਰ ਹੈ। ਈਮਾਨੁ ਦੋਸਤ ਹੈ। ਬੇਈਮਾਨ ਕਾਫ਼ਿਰ ਹੈ। ਤਿਕੱਬਰ ਕਹਰ ਹੈ। ਗੁੱਸਾ ਹਰਾਮੁ ਹੈ। ਨਫਸ ਸ਼ੈਤਾਨ ਹੈ। ਗੁਮਾਨ ਕੁਫ਼ਰ ਹੈ। ਪਸਗੀਬਤ ਕਾ ਮੂੰਹ ਕਾਲਾ ਹੈ। ਬੇਈਮਾਨ ਨਾਪਾਕ ਹੈ। ਮੋਮ ਦਿਲ ਪਾਕੁ ਹੈ। ਇਲਮ ਹਲੀਮੀ ਹੈ। ਬੇਹਿਰਸ ਅਉਲੀਆ ਹੈ। ਬੇਦਿਆਨਤ ਨਾ-ਸੁਰਖਰੂ ਹੈ। ਅਕਿਰਤਘਨ ਜਰਦ-ਰੂ ਹੈ। ਸਚ ਭਿਸ਼ਤ ਹੈ। ਦਰੋਗ ਦੋਜ਼ਖ ਹੈ। ਹਲੀਮੀ ਹਲੂਫੇ ਹੈ। ਜੋਰ ਜੁਲਮ ਹੈ। ਇਨਸਾਫ਼ ਮੁਸਾਫ਼ ਹੈ। ਸਿਫ਼ਤਿ ਵੁਜੂ ਹੈ। ਬਾਂਗ ਬਲੇਕ ਹੈ। ਚੋਰੀ ਲਾਲਚ ਹੈ। ਜਾਰੀ ਪਲੀਤੀ ਹੈ। ਫਕੀਰੀ ਸਬੂਰੀ ਹੈ। ਨਾ ਸਬੂਰੀ ਮਕਰ ਹੈ। ਰਾਹ ਪੀਰਾ ਹੈ। ਬੇ-ਰਾਹ ਬੇਪੀਰਾ ਹੈ। ਦਿਆਨਤ ਦੋਸਤੁ ਹੈ। ਬੇਦਿਆਨਤ ਨਕਾਰੁ ਹੈ। ਤੇਗ ਮਰਦਾਂ ਹੈ। ਅਦਲ ਪਾਤਸ਼ਾਹਾਂ ਹੈ। ਇਤੇਹਿ ਟੋਲ ਜੋ ਜਾਨਿ ਜਨਵੈ। ਤਉ ਨਾਨਕ ਦਾਨਸ਼ਬੰਦ ਕਹਾਵੈ ॥ ੧ ॥

ਇਹ ਕੁਝ ਫਰਕ ਸਿਰ ਲਿਖਿਆ ਭੀ ਮਿਲਦਾ ਹੈ। ਮੈਨੂੰ ਤਾਂ



Sri Satguru Jagjit Singh Ji Elibrary NamdhariElibrary@gmail.com

ਇਉਂ ਜਾਪਦਾ ਹੈ ਜਿਵੇਂ ਕਿਸੇ ਪਠਾਨ ਫਕੀਰ ਦਾ ਬਨਾਇਆ ਹੈ । ਖ਼ਿਆਲ ਸਾਰੇ ਮੁਸਲਮਾਨੀ ਹਨ। ਬੋਲੀ ਡਾਢੀ ਭੈੜੀ। ਸਿਖਿਆ ਕੁਝ ਮਾਮੂਲੀ ਜਿਹੀ ਹੈ । ਮੈਂ ਇਸਨੂੰ ਵੀ ਗੁਰੂ ਨਾਨਕ ਸਾਹਿਬ ਦੀ ਰਚਨਾ ਮੰਨਣ ਨੂੰ ਤਿਆਰ ਨਹੀਂ ।

## ਪੈਂਤੀਸ ਅਖਰੀ

ਕਿਸੇ ਵੇਦਾਂਤੀ ਉਦਾਸੀ ਸਾਧ ਦੀ ਬਨਾਈ ਹੈ, ਜਿਸ ਤਰ੍ਹਾਂ ਕਿ ਰਤਨਮਾਲਾ ਆਦਿ ਬਾਣੀਆਂ ਹਨ ।

ਓਂਕਾਰ ਸਰਬ ਪ੍ਰਕਾਸੀ। ਆਤਮਸੁਧ ਅਛੇ ਅਬਿਨਾਸੀ।
ਈਸ ਜੀਵ ਭੇਦ ਨ ਜਾਨੋ। ਸਾਧ ਚੋਰ ਸਭ ਬ੍ਰਹਮ ਪਛਾਣੋ ।
ਹਸਤੀ ਚੀਟੀ ਤ੍ਰਿਣ ਲੋ ਆਦੰ। ਏਕ ਅਖੰਡਤ ਬਸੇ ਅਨਾਦੰ ॥੧॥

ੳ ਅ ੲ ਸ ਹ

ਕਾਰਨ ਕਰਣ ਅਕਰਤਾ ਕਹੀਏ। ਭਾਨ ਪ੍ਰਕਾਸ ਜਗਤ ਸਿਉ ਲਹੀਏ।
ਖਾਨ ਪਾਨ ਕਛੂ ਰੂਪ ਨ ਰੇਖੰ। ਨਿਰਬਿਕਾਰ ਅਦ੍ਵੈਤ ਅਲੇਖੰ
ਗਾਤੰ ਗ੍ਰਾਮ ਸਭ ਦੇਸ ਦਿਸੰਤ੍ਰ। ਸਤਿਕਾਰ ਸਰਬ ਕੇ ਅੰਤਰ ॥
ਘਨ ਕੀ ਨਿਆਈਂ ਸਦਾ ਅਖੰਡਤ।
ਙਿਆਨ ਬੋਧ ਪਰਾਤਮ ਪੰਡਿਤ ॥ ੨ ॥
ਚਾਪ ਗਯਾਨ ਕਰਿ ਜਾਹਿ ਬਿਰਾਜੈ।
ਛਾਯ ਦਵੈਤ ਸਗਲ ਉਠ ਭਾਜੈ।
ਜਾਗਰਤ ਸੁਪਨ ਸੁਖੋਪਤ ਤੁਰੀਆ।
ਆਤਮ ਭੂਪਤ ਕੀ ਇਹ ਪੁਰੀਆ ।
ਝੁਨਤਕਾਰ ਅਨਹਦ ਘਨਘੋਰੰ। ਤ੍ਰਿਕੁਟੀ ਭੀਤਰ ਅਤਿ ਛਬ ਜੋਰੰ।
ਞਾਨਤ ਜੋਗੀ ਇਆ ਰਸਬਾਤਾ। ਸੋਹੰ ਸ਼ਬਦ ਅਮੀ ਰਸ ਮਾਤਾ॥੩॥

ਚ ਛ ਜ ਝ ਞ

ਟਾਰਨ ਭ੍ਰਮਨ ਅਘਨ ਕੀ ਸੈਨ। ਸਤਿਗੁਰ ਮੁਕਤਿ ਪਦਾਰਥ ਦੈਨਾ।
ਠਾਕਤ ਦੁਬਿਧਾ ਨਿਰਮਲ ਕਰਣੰ।



Sri Satguru Jagjit Singh Ji Elibrary NamdhariElibrary@gmail.com

ਡਾਰਿ ਸੁਧਾ ਮੁਖ ਅਪਦਾ ਹਰਣੈ ॥
ਢਾਪਤ ਦਵੈਤ ਅੰਧੇਰੀ ਮਨਕੀ।
ਣਾਸਤ ਗੁਰ ਭ੍ਰਮਤਾ ਸਭ ਤਨ ਕੀ॥ ੪ ॥

ਟ ਠ ਡ ਢ ਣ

ਤਾਰਣ ਗੁਰੁ ਬਿਨਾ ਨਹਿ ਕੋਈ। ਸ੍ਰੁਤ ਸਿਮ੍ਰਿਤ ਮਨ ਥਾਤ ਪਰੋਈ।
ਥਾਨ ਅਦ੍ਵੈਤ ਤਬੀ ਜਾਇ ਪਰਸੈ ।
ਮਨ ਬਚ ਕਰਮ ਗੁਰੂ ਪਗ ਦਰਸੈ॥
ਦਾਰਿਦ ਰੋਗ ਮਿਟੇ ਸਭ ਤਨਕਾ। ਗੁਰ ਕਰੁਣਾ ਕਰ ਹੋਵੈ ਮੁਕਤਾ।
ਧੰਨ ਗੁਰਦੇਵ ਮੁਕਤਿ ਕੇ ਦਾਤੇ।
ਨਾਨਾ ਨੇਤ ਬੇਦ ਜਿਸ ਗਾਤੇ ॥ ੫ ॥

ਤ ਥ ਦ ਧ ਨ

ਪਾਰ ਬ੍ਰਹਮ ਸਭ ਮਾਹਿ ਸਮਾਨਾ।
ਸਾਂਤ ਸਿਧਾਂਤ ਕੀਓ ਬਖਯਾਨਾ।
ਫਾਸ ਕਟੀ ਦ੍ਵੈਤ ਗੁਰ ਪੂਰੇ। ਬਾਜੇ ਸਬਦ ਅਨਾਹਦ ਤੂਰੇ।
ਬਾਣੀ ਬ੍ਰਹਮ ਸਾਥ ਭਯੋ ਮੇਲਾ। ਭੰਗ ਦ੍ਵੈਤ ਹਉ ਸਦਾ ਅਕੇਲਾ।
ਮਾਨ ਅਪਮਾਨ ਦੋਊ ਜਰ ਗਏ। ਜੋਊ ਥੇ ਸੋਈ ਪੁਨ ਭਏ ॥੬॥

ਪ ਫ ਬ ਭ ਮ

ਯਾ ਕਿਰਯਾ ਕਉ ਸੋਊ ਪਛਾਨੈ। ਅਦ੍ਵੈਤ ਅਖੰਡ ਆਪ ਕਉ ਮਾਨ।
ਰਵਿ ਰਹੇ ਸਭ ਮਹਿ ਪੁਰਖ ਅਲੇਖੰ।
ਆਦਿ ਅਪਾਰ ਅਨਾਦ ਅਭੇਖੰ।
ੜਾੜ ਮਿਟੀ ਆਤਮ ਦਰਸਾਨਾ। ਪ੍ਰਗਟ ਗਯਾਨ ਜੋਤਿ ਤਬ ਭਾਨਾ।
ਲਿਵਲੀਨ ਭਏ ਆਤਮ ਮਧ ਐਸੇ।
ਜਿਉ ਜਲ ਜਲਹਿ ਭੇਦ ਕਹੁ ਕੈਸੇ॥
ਵਾਸਦੇਵ ਬਿਨ ਅਵਰ ਨ ਕੋਊ।
ਨਾਨਕ ਓਅੰ ਸੋਹੰ ਆਤਮ ਸੋਊ ॥ ੭ ॥

ਯ ਰ ਲ ਵ ੜ



Sri Satguru Jagjit Singh Ji Elibrary NamdhariElibrary@gmail.com

# ਭਾਗ ਚੌਥਾ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਜ਼ਮੀਮਾ ੧।

# ੧-ਬਾਣੀ ਦੀ ਵੰਡ।

ਅਗੇ ਦਿਤੀ ਸਾਰਣੀ ਵਿਚ ਗ੍ਰੰਥ ਸਾਹਿਬ ਦੇ ੩੧ ਰਾਗਾਂ ਹੇਠ ਆਈ ਬਾਣੀ ਦੀ ਵੰਡ ਕੀਤੀ ਹੈ। ਏਸ ਗਿਣਤੀ ਵਿਚ ਖ਼ਾਸ ਖ਼ਾਸ ਬਾਣੀਆਂ ਅਤੇ ਵਾਰਾਂ ਨਹੀਂ ਗਿਣੀਆਂ। ਪਰ ਕਾਫ਼ੀਆਂ, ਕਰਹਲੇ, ਛੰਤ, ਸੋਹਲੇ, ਅੰਜੁਲੀਆ, ਚਉਪਦੇ, ਦੁਪਦੇ, ਪੰਜ ਪਦੇ ਅਤੇ ਅਸ਼ਟਪਦੀਆਂ ਗਿਣਤੀ ਵਿਚ ਆ ਗਏ ਹਨ। ਗੁਰੂ ਨਾਨਕ ਸਾਹਿਬ ਦੀ ਸਾਰੀ ਬਾਣੀ ਗ੍ਰੰਥ ਸਾਹਿਬ ਦਾ ਕੋਈ ਛੇਵਾਂ ਹਿੱਸਾ ਹੈ, ੧੪੦੦ ਸਫ਼ੇ ਵਿਚੋਂ ੨੫੦ ਸਫ਼ੇ।

ਸਭ ਤੋਂ ਲੰਬੇ ਰਾਗ ਜਿਨ੍ਹਾਂ ਵਿਚ ਸੋ ਤੋਂ ਵਧੀ ਸ਼ਬਦ ਹਨ, ਇਹ ਹਨ :-

ਗਉੜੀ (੩੮੭); ਆਸਾ (੩੬੧); ਸਾਰੰਗ (੧੭੯); ਸੋਰਠ (੧੭੧); ਬਿਲਾਵਲ (੧੮੯); ਮਾਰੂ (੧੫੯); ਸੂਹੀ (੧੪੦); ਸਿਰੀ (੧੩੭); ਭੈਰੋ (੧੩੨); ਰਾਮਕਲੀ (੧੨੧); ਅਤੇ ਧਨਾਸਰੀ (੧੧੮)। ਬਾਕੀ ਸਭ ਵਿਚ ਸੌ ਤੋਂ ਘਟ ਸ਼ਬਦ ਹਨ॥

੨. ਖ਼ਾਸ ਕਿਸਮ ਦੀਆਂ ਬਾਣੀਆਂ :-

(ੳ) ਸਿਰੀ ਰਾਗ ਵਿਚ : 'ਪਹਿਰੇ' ਮ: ੧, ਮਹਲਾ ੪ ਅਤੇ ੫ ਦੇ।
'ਵਣਜਾਰਾ' ਮ: ੪ ਦਾ।

(ਅ) ਰਾਗ ਮਾਝ ਵਿਚ :-'ਬਾਰਾ ਮਾਹ' ਮ: ੫, 'ਦਿਨ ਰੈਨ' ਮ: ੫;
'ਕਰਹਲੇ' ਮ: ੪।



Sri Satguru Jagjit Singh Ji Elibrary NamdhariElibrary@gmail.com

(ੲ) ਰਾਗ ਗਉੜੀ ਵਿਚ : 'ਬਾਵਨ ਅਖਰੀ' ਮਃ ੫; 'ਸੁਖਮਨੀ' ਮਃ ੫; 'ਥਿਤੀਂ' ਮਃ ੫; 'ਪੰਦ੍ਰਹ ਥਿਤੀਂ' ਕਬੀਰ; 'ਬਾਂਵਨਅਖਰੀ' ਕਬੀਰ।

(ਸ) ਰਾਗ ਆਸਾ ਵਿਚ : 'ਪੱਟੀ ਲਿਖੀ' ਮਃ ੧; 'ਪਟੀ' ਮਃ ੩

(ਹ) ਰਾਗ ਵਡਹੰਸ ਵਿਚ : ੨ 'ਘੋੜੀਆਂ' ਮਃ ੪ ਅਤੇ ੩ ਮਹਲਾ ੫ ਦੀਆਂ। 'ਅਲਾਹਣੀਆਂ' ਮਃ ੧ ਦੀਆਂ ੫, ਅਤੇ ਮਃ ੩ ਦੀਆਂ ੪

(ਕ) ਰਾਗ ਬਿਲਾਵਲ ਵਿਚ : 'ਸਤ ਵਾਰ' ਮਃ ੩ ਦੇ।

(ਖ) ਰਾਗ ਰਾਮ ਕਲੀ ਵਿਚ : 'ਅਨੰਦ' ਮਹਲਾ ੩; 'ਸਦ' ਸੁੰਦਰ ਦੀ; 'ਓਅੰਕਾਰ' ਮਃ ੧; 'ਸਿਧ ਗੋਸ਼ਟ' ਮ: ੧।

(ਗ) ਰਾਗ ਮਾਰੂ ਵਿਚ : 'ਸੋਹਲੇ' ਮਹਲਾ ੧, ੩, ੪ ਤੇ ੫ ਦੇ, ਕਾਫੀਆ ਮਹਲੇ ੧ ਦੀਆਂ, 'ਅੰਜੁਲੀਆਂ' ਮਃ ੫।

(ਘ) ਰਾਗ ਧਨਾਸਰੀ ਵਿਚ : 'ਆਰਤੀ' ਮਹਲਾ ੧।



Sri Satguru Jagjit Singh Ji Elibrary NamdhariElibrary@gmail.com

| ਰਾਗ / ਮਹਲਾ | ਸਿਰੀ | ਮਾਝ | ਗਉੜੀ | ਆਸਾ | ਗੂਜਰੀ | ਦੇਵਗੰਧਾਰੀ | ਬਿਹਾਗੜਾ | ਵਡਹੰਸ |
|---|---|---|---|---|---|---|---|---|
| ਮਃ ੧ | ੫੧ | ੧ | ੪੦ | ੬੭ | ੭ | — | — | ੫ |
| ਮਃ ੩ | ੩੯ | ੩੨ | ੩੨ | ੩੦ | ੮ | — | — | ੭ |
| ਮਃ ੪ | ੭ | ੮ | ੩੨ | ੩੦ | ੮ | ੬ | ੬ | ੭ |
| ਮਃ ੫ | ੩੫ | ੪੮ | ੧੭੧ | ੧੫੦ | ੩੨ | ੩੮ | ੧੦ | ੯ |
| ਮਃ ੯ | — | — | ੯ | ੧ | — | ੩ | ੧ | — |
| ਕਬੀਰ | ੨ | — | ੭੭ | ੩੭ | ੨ | — | — | — |
| ਨਾਮਦੇਵ | — | — | ੧ | ੫ | ੨ | ੩ | — | — |
| ਰਵਿਦਾਸ | ੧ | — | ੫ | ੬ | ੧ | — | — | — |
| ਫ਼ਰੀਦ | — | — | — | ੨ | — | — | — | — |
| ਹੋਰ ਭਗਤ | ੨ | — | — | ੩ | ੩ | — | — | — |



Sri Satguru Jagjit Singh Ji Elibrary NamdhariElibrary@gmail.com

| ਰਾਗ / ਮਹਲਾ | ਸੋਰਠਿ | ਧਨਾਸਰੀ | ਜੈਤਸਰੀ | ਜੈਜਾਵੰਤੀ | ਟੋਡੀ | ਬੈਰਾੜੀ | ਤਿਲੰਗ | ਸੂਹੀ॥ |
|---|---|---|---|---|---|---|---|---|
| ਮ: ੧ | ੧੬ | ੧੩ | — | — | — | — | ੭ | ੨੨ |
| ਮ: ੩ | ੧੫ | ੯ | — | — | — | — | — | ੧੧ |
| ਮ: ੪ | ੯ | ੧੪ | ੧੧ | — | ੧ | ੬ | ੨ | ੨੩ |
| ਮ: ੫ | ੯੭ | ੬੦ | ੧੬ | — | ੩੦ | ੧ | ੫ | ੭੪ |
| ਮ: ੯ | ੧੨ | ੪ | ੩ | ੪ | ੧ | — | ੩ | — |
| ਕਬੀਰ | ੧੧ | ੫ | — | — | — | — | ੧ | ੫ |
| ਨਾਮਦੇਵ | ੩ | ੫ | — | — | ੩ | — | ੨ | — |
| ਰਵਿਦਾਸ | ੭ | ੩ | ੧ | — | — | — | — | ੩ |
| ਫਰੀਦ | — | — | — | — | — | — | — | ੨ |
| ਹੋਰ ਭਗਤ | ੨ | ੪ | — | — | — | — | — | — |



Sri Satguru Jagjit Singh Ji Elibrary NamdhariElibrary@gmail.com

| ਮਹਲਾ / ਰਾਗ | ਬਿਲਾਵਲੁ | ਗੋਂਡ | ਰਾਮਕਲੀ | ਨਟ ਨਾਰਾ | ਮਾਲੀ ਗਉੜਾ | ਮਾਰੂ | ਤੁਖਾਰੀ | ਕੇਦਾਰਾ |
|---|---|---|---|---|---|---|---|---|
| ਮ: ੧ | ੮ | — | ੨੦ | — | — | ੪੫ | ੬ | — |
| ਮ: ੩ | ੯ | — | ੬ | — | — | ੩੦ | — | — |
| ਮ: ੪ | ੧੫ | ੬ | ੬ | ੧੫ | ੬ | ੧੦ | ੪ | ੨ |
| ਮ: ੫ | ੧੨੭ | ੨੩ | ੬੮ | ੧੦ | ੮ | ੫੪ | ੧ | ੧੬ |
| ਮ: ੯ | ੩ | — | ੩ | — | — | ੩ | — | — |
| ਕਬੀਰ | ੧੨ | ੧੧ | ੧੨ | — | — | ੧੦ | — | ੬ |
| ਨਾਮਦੇਵ | ੧ | ੭ | ੪ | — | ੩ | ੨ | — | — |
| ਰਵਿਦਾਸ | ੨ | ੨ | ੧ | — | — | ੨ | — | ੧ |
| ਫ਼ਰੀਦ | — | — | — | — | — | — | — | — |
| ਹੋਰ ਭਗਤ | ੧ | — | ੧ | — | — | ੩* | — | — |

*੧ ਮੀਰਾਂਬਾਈ ਦਾ



Sri Satguru Jagjit Singh Ji Elibrary NamdhariElibrary@gmail.com

| ਰਾਗ / ਮਹਲਾ | ਭੈਰੋ | ਬਸੰਤ | ਸਾਰੰਗ | ਮਲਾਰ | ਕਾਨੜਾ | ਕਲਿਆਨ | ਪ੍ਰਭਾਤੀ | ਜੋੜ ਕੁ੬੦ |
|---|---|---|---|---|---|---|---|---|
| ਮ: ੧ | ੯ | ੧੯ | ੫ | ੧੯ | — | — | ੨੪ | ੧੯ ੨੯੧ |
| ਮ: ੩ | ੨੩ | ੧੯ | ੬ | ੧੬ | — | — | ੯ | ੧੭ ੩੦੯ |
| ਮ: ੪ | ੭ | ੮ | ੧੩ | ੯ | ੧੮ | ੧੩ | ੭ | ੩੦ ੧੪੭੬ |
| ਮ: ੫ | ੬੦ | ੨੩ | ੧੪੦ | ੩੧ | ੫੧ | ੧੦ | ੮ | ੩੦ ੫੯ |
| ਮ: ੯ | — | ੫ | ੪ | — | — | — | — | ੧੫ ੨੨੭ |
| ਕਬੀਰ | ੨੦ | ੮ | ੩ | — | — | — | ੫ | ੧੫ ੬੭ |
| ਨਾਮਦੇਵ | ੧੨ | ੩ | ੫ | ੨ | ੧ | — | ੩ | ੧੯ ੪੧ |
| ਰਵਿਦਾਸ | ੧ | ੧ | — | ੩ | — | — | — | ੧੬ ੪ |
| ਫ਼ਰੀਦ | — | — | — | — | — | — | — | ੨ ੨੪ |
| ਹੋਰ ਭਗਤ | ੧ | ੩* | — | — | — | ੧ | — | ੧੨ |

* ੧ ਪਰਮਾਨੰਦ, ਅਤੇ ੨ ਸੂਰਦਾਸ



Sri Satguru Jagjit Singh Ji Elibrary NamdhariElibrary@gmail.com

## ੩ –ਬਾਈ ਵਾਰਾਂ

(੧) ਰਾਗ ਸਿਰੀ ਵਿਚ ਵਾਰ ਮਹਲੇ ਚਉਥੇ ਦੀ, ਨਾਲ ਸਲੋਕ ਮਹਲੇ ਤੀਜੇ ਪਹਿਲੇ ਤੇ ਦੂਜੇ ਦੇ, ਸਾਰੀਆਂ ੨੧ ਪਉੜੀਆਂ ਹਨ । ਪਉੜੀ ਛੇਵੀਂ ਨੂੰ 'ਆਸਾ ਦੀ ਵਾਰ' ਵਿਚ ਦੂਜੀ ਪਉੜੀ ਦਾ ਦੂਜਾ ਸਲੋਕ ਕਰਕੇ ਦਿੱਤਾ ਹੈ ।

(੨) ਰਾਗ ਮਾਝ ਵਿਚ ਵਾਰ ਮਹਲੇ ਪਹਿਲੇ ਦੀ, ੨੭ ਪਉੜੀਆਂ ਨਾਲ ਸ਼ਲੋਕ ਮਹਲੇ ੧, ੨, ੩ ਅਤੇ ੪ ਦੇ। ਧੁਨੀ: ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆਂ ਕੀ ਧੁਨੀ ਗਾਵਣੀ।

ਜੈਨੀ ਦੀ ਨਿੰਦਾ ੨੬ਵੀਂ ਪਉੜੀ ਵਿਚ ਹੈ।

(੩) ਰਾਗ ਗਉੜੀ ਵਿਚ ਵਾਰ ਮਹਲਾ ੪ ਦੀ, ੩੩ ਪਉੜੀਆਂ, ਕੁਝ ਸਲੋਕ ਮਹਲੇ ਤੀਜੇ ਦੇ, ਅਤੇ ਕੁਝ ਸਲੋਕ ਤੇ ਪਉੜੀਆਂ ਵੀ ਮਹਲੇ ਪੰਜਵੇਂ ਦੀਆਂ। ਇਕ ਪਉੜੀ ੩੧ਵੀਂ ਦੁਹਰਾਈ ਹੈ, ਅਤੇ ਇਕ ਥਾਂ ਚਉਥੇ ਗੁਰੂ ਦੀ, ਤੇ ਦੂਜੇ ਥਾਂ ਪੰਜਵੇਂ ਗੁਰ ਦੀ ਕਰਕੇ ਲਿਖੀ ਹੈ। ਗੁਰੂ ਗਦੀ ਦੇ ਝਗੜੇ ਬਾਬਤ ਬਹੁਤ ਕੁਝ ਤਾਰੀਖੀ ਮਸਾਲਾ ਇਸ ਵਾਰ ਵਿਚ ਹੈ।

(੪) ਰਾਗ ਗਉੜੀ ਵਿਚ ਵਾਰ ਪੰਜਵੇਂ ਗੁਰੂ ਦੀ, ੨੧ ਪਉੜੀਆਂ ਹਰ ਪਉੜੀ ਦੇ ਨਾਲ ਦੋ ਦੋ ਸਲੋਕ ਮਹਲਾ ੫ ਦੇ। ਧੁਨੀ: ਰਾਇ ਕਮਾਲ ਦੀ ਮੌਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ।

(੫) ਰਾਗ ਆਸਾ ਵਿਚ ਵਾਰ ਮਹਲੇ ਪਹਿਲੇ ਦੀ, ੨੪ ਪਉੜੀਆਂ ਸਲੋਕ ਮਹਲੇ ਪਹਿਲੇ ਦੇ ਤੇ ਦੂਜੇ ਦੇ। ਧੁਨਿ: ਟੁੰਡੇ ਅਸ ਰਾਜੈ ਕੀ ਧੁਨੀ ।

(੬) ਗੂਜਰੀ ਕੀ ਵਾਰ ਮਹਲੇ ਤੀਜੇ ਦੀ, ੨੨ ਪਉੜੀਆਂ ਨਾਲ ਸਲੋਕ ਮਹਲੇ ਤੀਜੇ ਦੇ ਅਤੇ ਇਕ ਸਲੋਕ ਕਬੀਰ ਦਾ ਤੇ ਇਕ ਉਸੇ ਨਾਲ ਮੇਲਵਾਂ ਗੁਰੂ ਨਾਨਕ ਦਾ। ਧੁਨਿ: ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ ।

(੭) ਗੂਜਰੀ ਕੀ ਵਾਰ, ਮਹਲਾ ੪, ੨੧ ਪਉੜੀਆਂ। ਸਲੋਕ



Sri Satguru Jagjit Singh Ji Elibrary NamdhariElibrary@gmail.com

ਬਹੁਤੇ ਮਹਲਾ ੩ ਦੇ ਅਤੇ ਕੁਝ ਮਹਲੇ ਪਹਿਲੇ ਅਤੇ ਪੰਜਵੇਂ ਦੇ ਦੋ ਜੁਟ ਸਲੋਕਾਂ ਦੇ ਭਾਈ ਮਰਦਾਨੇ ਦੇ ਨਾਮ ਦਿਤੇ ਹਨ, ਭਾਵੇਂ ਕਿਹਾ ਜਾਂਦਾ ਹੈ ਕਿ ਰਚੇ ਹੋਏ ਗੁਰੂ ਨਾਨਕ ਦੇਵ ਦੇ ਹੀ ਹਨ।

(੯) ਰਾਗ ਵਡਹੰਸ ਕੀ ਵਾਰ ਮ: ੪। ੨੧ ਪਉੜੀਆਂ। ਸਲੋਕ ਸਾਰੇ ਤੀਜੇ ਗੁਰੂ ਦੇ ਖਾਲੀ ਤਿਨ ਪਹਿਲੇ ਗੁਰੂ ਦੇ। ਚਉਥੇ ਗੁਰੂ ਦਾ ਕੋਈ ਸ਼ਲੋਕ ਨਹੀਂ ਭਾਵੇਂ ਵਾਰ ਚਉਥੇ ਗੁਰੂ ਦੀ ਹੈ, ਮਤਲਬ ਹੈ ਵਾਰਾਂ ਨਾਲ ਸਲੋਕ ਦੇਣ ਦਾ ਫੈਸਲਾ ਗੁਰੂ ਅਰਜਨ ਦੇਵ ਦਾ ਸੀ।

ਧੁਨਿ : ਲੱਲਾ ਬਹਲੀਮਾ ਕੀ ਧੁਨਿ ਗਾਵਨੀ।

(੧੦) ਰਾਗ ਸੋਰਠ ਦੀ ਵਾਰ ਮਹਲਾ ੪। ੨੯ ਪਉੜੀਆਂ, ਸਲੋਕ ਬਹੁਤੇ ਤੀਜੇ ਗੁਰੂ ਦੇ ਅਤੇ ਕੁਝ ਥੋੜੇ ਪਹਿਲੇ ਦੂਜੇ ਅਤੇ ਚਉਥੇ ਦੇ ਹਨ।

(੧੧) ਰਾਗ ਜੈਤਸਰੀ ਕੀ ਵਾਰ ਮਹਲਾ ੫। ੨੦ ਪਉੜੀਆਂ, ਹਰ ਏਕ ਨਾਲ ਦੋ ਦੋ ਸ਼ਲੋਕ ਹਰ ਥਾਂ ਪਹਿਲਾ ਸਲੋਕ 'ਗਾਥਾ' ਜਾਂ ਸਲੋਕ ਸਹਸਕ੍ਰਿਤਿ ਵਾਲੀ ਬੋਲੀ ਵਿਚ ਹੈ, ਅਤੇ ਦੂਜਾ ਲਹਿੰਦੀ ਬੋਲੀ ਵਿਚ। ਪਉੜੀਆਂ ਦੀ ਬੋਲੀ ਮਾਮੂਲੀ ਗੁਰਮੁਖੀ ਹੈ। ਸਲੋਕ ਸਾਰੇ ਪੰਜਵੇਂ ਗੁਰੂ ਦੇ ਹਨ।

(੧੨) ਰਾਗ ਸੂਹੀ ਕੀ ਵਾਰ ਮਹਲਾ ੩। ੨੦ ਪਉੜੀਆਂ, ਸਲੋਕ ਮਹਲੇ ੧, ੨, ਅਤੇ ੩ ਦੇ।

(੧੩) ਰਾਗ ਬਿਲਾਵਲ ਕੀ ਵਾਰ ਮਹਲਾ ੪। ੧੩ ਪਉੜੀਆਂ, ਸਲੋਕ ਸਾਰੇ ਮਹਲੇ ੩ ਦੇ, ਸਿਵਾਇ ਇਕ ਦੋ ਦੇ, ਜੋ ਗੁਰੂ ਨਾਨਕ ਜੀ ਦੇ ਹਨ।

(੧੪) ਰਾਗ ਰਾਮਕਲੀ ਵਾਰ ਮਹਲਾ ਤੀਜਾ। ੨੧ ਪਉੜੀਆਂ, ਸਲੋਕ ਮਹਲੇ ੧, ੨, ਅਤੇ ੩ ਦੇ, ਅਤੇ ਦੋ ਸਲੋਕ ਕਬੀਰ ਦੇ।

ਧੁਨਿ : ਜੋਧੇ ਵੀਰੇ ਪੂਰਬਾਣੀ ਕੀ ਧੁਨੀ।

(੧੫) ਰਾਗ ਰਾਮਕਲੀ ਵਾਰ ਮਹਲਾ ਪੰਜਵਾਂ। ੨੨ ਪਉੜੀਆਂ



Sri Satguru Jagjit Singh Ji Elibrary NamdhariElibrary@gmail.com

ਪੰਜਵੇਂ ਗੁਰੂ ਦੇ ਹੀ ਸਾਰੇ ਸਲੋਕ।

(੧੬) ਰਾਗ ਰਾਮਕਲੀ ਦੀ ਵਾਰ ਰਾਇ ਬਲਵੰਡ ਤਥਾ ਸਤੇ ਡੂਮ ਆਖੀ। ਅਠ ਪਉੜੀਆਂ ਹਨ, ਕੋਈ ਸਲੋਕ ਨਹੀਂ। ਦੋ ਹੋਰ ਪਉੜੀਆਂ ਛੇਵੇਂ ਗੁਰੂ ਦੀ ਗਦੀ ਨਸ਼ੀਨੀ ਪੁਰ ਕਹੀਆਂ ਇਕ ਬੀੜ ਵਿਚ ਹਨ।

(੧੭) ਰਾਗ ਮਾਰੂ ਕੀ ਵਾਰ ਮਹਲਾ ੩। ੨੨ ਪਉੜੀਆਂ ਹਨ ਸਲੋਕ ਪਹਿਲੇ ਅਤੇ ਤੀਜੇ ਮਹਲੇ ਦੇ ਅਤੇ ਦੋ ਤਿੰਨ ਪੰਜਵੇਂ ਗੁਰੂ ਦੇ।

(੧੮) ਰਾਗ ਮਾਰੂ ਦੀ ਵਾਰ ਮਹਲਾ ੨ ੩ ਪਉੜੀਆਂ। ਹਰ ਪਉੜੀ ਦੇ ਪਹਿਲੇ ਸ਼ਲੋਕਾ ਦੀ ਥਾਂ 'ਡਖਨੇ' ਦਿਤੇ ਹਨ, ਜੋ ਮੁਲਤਾਨੀ ਜਿਹੀ ਬੋਲੀ ਵਿਚ ਹਨ ਅਤੇ ਸਾਰੇ ਗੁਰੂ ਅਰਜਨ ਦੇ ਹਨ।

(੧੯) ਰਾਗ ਬਸੰਤ ਕੀ ਵਾਰ ਮਹਲਾ ੫। ਖ਼ਾਲੀ ਤਿੰਨ ਪਉੜੀਆਂ, ਨਾਲ ਕੋਈ ਸਲੋਕ ਨਹੀਂ। ਇਹ ਨਾ ਮੁਕੰਮਲ ਹੀ ਰਹੀ ਸੀ। 'ਆਦਿ-ਬੀੜ' ਵਿਚ ਭੋਗ ਦੀ ਬਾਣੀ ਤੋਂ ਪਿਛੋਂ ਲਿਖੀ ਗਈ ਸੀ, ਪਿਛੋਂ ਆਕੇ ਅੰਦਰ ਕਰ ਦਿਤੀ ਗਈ।

(੨੦) ਰਾਗ ਸਾਰੰਗ ਕੀ ਵਾਰ ਮਹਲਾ ੪। ੩੬ ਪਉੜੀਆਂ ਹਨ, ਸ਼ਲੋਕ ਮਹਲੇ ੧, ੩, ੨, ੪ ਅਤੇ ਪੰਜ ਦੇ ਦਿਤੇ ਹਨ। ਧੁਨਿ:- ਮਹਿਮੇ ਹਸਨੇ ਕੀ ਧੁਨੀ।

(੨੧) ਰਾਗ ਮਲ੍ਹਾਰ ਕੀ ਵਾਰ ਮਹਲਾ ੧। ੨੮ ਪਉੜੀਆਂ ਹਨ, ਜਿਨ੍ਹਾਂ ਨਾਲ ਸਲੋਕ ਮਹਲੇ ੧, ੩, ੨ ਅਤੇ ੫ ਦੇ ਹਨ। ਪਉੜੀ ੨੭ਵੀਂ ਨਵੀਂ ਬਨਾਕੇ ਪੰਜਵੇਂ ਗੁਰੂ ਨੇ ਪਾਈ ਹੈ। ਧੁਨਿ: 'ਰਾਣੇ ਕੈਲਾਸ ਤਿਥਾ ਮਾਲਦੇ ਕੀ ਧੁਨਿ'। ਕਰਤਾਰ ਪੁਰ ਵਾਲੀ ਬੀੜ ਵਿਚ ਪਾਠ ਹੈ: 'ਰਾਣੇ ਕੈਲਾਸ ਕੀ ਧੁਨਿ ਤਥਾ ਮਾਲਦੇ' ਜਿਸ ਤੋਂ ਦਿਸ ਰਿਹਾ ਹੈ ਕਿ ਕਰਤਾਰ ਪੁਰ ਵਾਲੀ ਬੀੜ ਦੇ ਲਿਖਾਰੀ ਨੇ ਗ਼ਲਤੀ ਕੀਤੀ ਤੇ ਫੇਰ ਦਰੁਸਤੀ ਕੀਤੀ, ਧੁਨਾਂ ਪਿਛੋਂ



Sri Satguru Jagjit Singh Ji Elibrary NamdhariElibrary@gmail.com

ਲਿਖੀਆਂ ਗਈਆਂ ਹਨ ।

(੨੨) ਰਾਗ ਕਾਨੜਾ ਕੀ ਵਾਰ ਮਹਲਾ ੪ । ਪਉੜੀਆਂ ੧੫, ਸਾਰੇ ਸਲੋਕ ਚਉਥੇ ਦੇ । ਧੁਨਿ:-ਮੂਸੇ ਕੀ ਵਾਰ ਕੀ ਧੁਨੀ ।

'ਜਪੁ' ਵੀ ਵਾਰ ਦੀ ਤਰਜ਼ ਉਤੇ ਈ ਹੈ, ਆਖੋ ਓਹ 'ਨਿਰੰਕਾਰ ਦੀ ਵਾਰ' ਹੈ । ੩੮ ਪਉੜੀਆਂ ਦੇ ਪਿਛੇ ਦੂਜੇ ਗੁਰੂ ਦਾ ਸ਼ਲੋਕ ਹੈ, 'ਪਉਨ ਗੁਰੂ' ਅਤੇ ਇਕ ਸਲੋਕ ਮੁਢ ਵਿਚ ਗੁਰੂ ਨਾਨਕ ਦਾ ਆਪਣਾ ਹੈ ।

ਧੁਨੀਆਂ ਗੁਰੂ ਹਰ ਗੋਬਿੰਦ ਸਾਹਿਬ ਨੇ ਸੰਨ ਈਸਵੀ ੧੬੨੧ ਤੋਂ ਪਿਛੋਂ ਚੜ੍ਹਾਈਆਂ ।

## ੪ -ਭਗਤਾਂ ਦੀ ਬਾਣੀ ।

ਬਾਣੀ ਬਹੁਤੀ ਕਬੀਰ, ਨਾਮਦੇਵ, ਰਵਿਦਾਸ ਅਤੇ ਫ਼ਰੀਦ ਦੀ ਹੈ । ਬਾਕੀ ਯਾਰਾਂ ਭਗਤਾਂ ਦੀ ਬਹੁਤ ਥੋੜੀ ਕਿਸੇ ਦਾ ਇਕ ਸ਼ਬਦ ਕਿਸੇ ਦੇ ਦੋ । ਚਾਰ ਚਾਰ ਸ਼ਬਦ ਖ਼ਾਲੀ ਧਨੇ ਅਤੇ ਤ੍ਰਿਲੋਚਨ ਦੇ ਹਨ । ਸਾਰੇ ੨੨ ਸ਼ਬਦ । ਸੂਰਦਾਸ ਦਾ ਇਕ ਵਾਧੂ ਸ਼ਬਦ, ਅਤੇ ਮੀਰਾਂ ਬਾਈ ਦਾ ਇਕ ਭਾਈ ਬਨੋ ਨੇ ਵਧਾਏ ਸਨ । ਤ੍ਰਿਲੋਚਨ ਦਾ ਇਕ ਵਾਧੂ ਸ਼ਬਦ ਰਾਗ ਗੁਜਰੀ ਹੇਠਾਂ ਕਿਸੇ ਕਿਸੇ ਪੁਰਾਤਨ ਬੀੜ ਵਿਚ ਹੈ । ਕਬੀਰ ਦੇ ਵੀ ਛੇ ਸਤ ਸ਼ਲੋਕ ਵਧੀਕ ਹਨ ।

ਭਗਤਾਂ ਵਿਚੋਂ ਸਿਰਫ਼ ਫਰੀਦ ਹੀ ਪੰਜਾਬ ਦਾ ਹੈ, ਬਾਕੀ ਸਭ ਬਾਹਰ ਦੇ ਹਨ । ਤਿੰਨ (ਨਾਮਦੇਵ, ਤ੍ਰਿਲੋਚਨ ਤੇ ਪਰਮਾ ਨੰਦ) ਮਹਾ-ਰਾਸ਼ਟਰ ਦੇ, ਜੈਦੇਵ ਬੰਗਾਲੀ, ਬੇਣੀ ਬਿਹਾਰੀ, ਪੀਪਾ ਗੁਜਰਾਤ (ਕਾਠੀਆਵਾੜ) ਦਾ, ਸਧਨਾ ਸਿੰਧੀ, ਅਤੇ ਬਾਕੀ ਦੇ ਧੰਨਾ, ਸੇਨ, ਭੀਖਨ, ਰਾਮਾਨੰਦ, ਸੂਰਦਾਸ ਤੇ ਮੀਰਾਂਬਾਈ, ਏਹ ਸਭ ਹਿੰਦੁਸਤਾਨ ਤੇ ਰਾਜਪੂਤਾਨੇ ਦੇ । ਮਰਹਟੇ ਭਗਤਾਂ ਦੀ ਬੋਲੀ ਵਿਚ ਮਰਹਟੀ ਲਫ਼ਜ਼ ਹਨ । ਅਤੇ ਏਸੇ ਤਰ੍ਹਾਂ ਜੈਦੇਵ ਤੇ ਬੇਣੀ ਦੇ ਸ਼ਬਦਾਂ ਵਿਚ ਬੰਗਾਲੀ ਤੇ ਬਿਹਾਰੀ ਲਫ਼ਜ਼ ਅਤੇ ਫ਼ਰੀਦ ਦੀ ਬਾਣੀ ਵਿਚ ਮੁਸਲਮਾਨੀ ਲਫ਼ਜ਼ ਤੇ ਖ਼ਿਆਲ ਆਉਂਦੇ ਹਨ । ਫ਼ਰੀਦ, ਕਬੀਰ, ਅਤੇ ਭੀਖਨ ਜਨਮ ਦੇ ਮੁਸਲਮਾਨ ਸਨ ।



Sri Satguru Jagjit Singh Ji Elibrary NamdhariElibrary@gmail.com

ਇਹਨਾਂ ਦੀ ਬਾਣੀ ਗ੍ਰੰਥ ਸਾਹਿਬ ਵਿਚ ਦਰਜ ਕਰਨ ਵੇਲੇ, ਓਹਨਾਂ ਦੇ ਹੋਣ ਦੇ ਸਮੇਂ ਦਾ ਕੋਈ ਧਿਆਨ ਨਹੀਂ ਰਖਿਆ। ਕਬੀਰ ਦੀ ਬਾਣੀ ਸਭ ਤੋਂ ਬਹੁਤੀ ਹੈ, ਸੋ ਹਰ ਰਾਗ ਵਿਚ ਉਸਦੀ ਬਾਣੀ ਪਹਿਲੇ ਦਿੱਤੀ ਹੈ। ਏਸੇ ਤਰ੍ਹਾਂ ਪਿਛੋਂ ਨਾਮਦੇਵ ਤੇ ਫੇਰ ਰਵਿਦਾਸ ਦੀ। ਪਰ ਕਈ ਰਾਗਾਂ ਹੇਠਾਂ ਇਸ ਤਰਤੀਬ ਵਿਚ ਕੁਝ ਫ਼ਰਕ ਹੋ ਗਏ ਹਨ। ਸਗੋਂ ਇਕੋ ਭਗਤ ਦੇ ਸ਼ਬਦ ਭੀ ਅਡ ਅਡ ਕਰ ਦਿਤੇ ਹਨ, ਵਿਚ ਕਿਸੇ ਦੂਜੇ ਦਾ ਸ਼ਬਦ ਆਗਿਆ ਹੈ। ਇਹ ਗਲ ਜਾਣਕੇ ਨਹੀਂ ਕੀਤੀ ਸਗੋਂ ਅਭੋਲ ਹੀ ਨਕਲ ਕਰਨ ਵੇਲੇ ਸਾਮਣੇ ਪਏ ਪਤ੍ਰੇ ਉਤੇ ਹੇਠਾਂ ਹੋ ਗਏ ਜਾਪਦੇ ਹਨ। ਜੋ ਬੇਤਰਤੀਬੀ ਹੋ ਗਈ ਹੈ, ਉਹ ਇਸ ਤਰ੍ਹਾਂ ਪੁਰ ਹੈ:

(੧) ਸਿਰੀ ਰਾਗ ਹੇਠਾਂ ਤਰਤੀਬ ਹੈ;—ਕਬੀਰ, ਤ੍ਰਿਲੋਚਨ ਫੇਰ ਕਬੀਰ, ਬੇਣੀ, ਅਤੇ ਰਵਿਦਾਸ। (੩)

(੨) ਮਾਰੂ ਰਾਗ ਹੇਠਾਂ ਤਰਤੀਬ ਹੈ: ਜੈਦੇਵ, ਰਵਿਦਾਸ। (੧)

(੩) ਗੂਜਰੀ ਰਾਗ ਹੇਠਾਂ ਤਰਤੀਬ ਹੈ: ਕਬੀਰ, ਨਾਮਦੇਵ ਰਵਿਦਾਸ, ਤ੍ਰਿਲੋਚਨ, ਜੈਦੇਵ। (੧)

(੪) ਭੈਰੋ ਰਾਗ ਹੇਠਾਂ ਤਰਤੀਬ ਹੈ: ਕਬੀਰ; ਨਾਮਦੇਵ, ਰਵਿਦਾਸ ਫੇਰ ਨਾਮਦੇਵ। (੧)

(੫) ਬਸੰਤ ਰਾਗ ਹੇਠਾਂ ਤਰਤੀਬ ਹੈ: ਕਬੀਰ, ਰਾਮਾਨੰਦ, ਨਾਮਦੇਵ, ਰਵਿਦਾਸ, ਫੇਰ ਕਬੀਰ (੨)

(੬) ਸਾਰੰਗ ਹੇਠਾਂ ਤਰਤੀਬ ਹੈ: ਕਬੀਰ, ਨਾਮਦੇਵ, ਸੂਰਦਾਸ, ਫੇਰ ਕਬੀਰ। (੧)

ਇਹੋ ਅਗੇਤਰ ਪਛੇਤਰ ਗੁਰਬਾਣੀ ਵਿਚ ਵੀ ਇਕ ਦੋ ਥਾਂ ਹੋ ਗਿਆ ਦਿਸਦਾ ਹੈ. ਜਿਸ ਤਰ੍ਹਾਂ ਰਾਗ ਆਸਾ ਹੇਠਾਂ ਪਹਿਲੇ ਦੋ ਸ਼ਬਦ ਮਾਮੂਲੀ ਤਰਤੀਬ ਸਿਰ ਨਹੀਂ ਹਨ। ਏਸੇ ਤਰ੍ਹਾਂ ਰਾਗ ਬਸੰਤ ਵਿਚ ਗੁਰੂ ਅਮਰਦਾਸ ਦਾ ਪਹਿਲਾ ਸ਼ਬਦ



Sri Satguru Jagjit Singh Ji Elibrary NamdhariElibrary@gmail.com

ਬ ਮੌਕਿਆ ਹੈ, 'ਆਰਤੀ' ਜੋ ਰਾਗ ਧਨਾਸਰੀ ਵਿਚ ਦਿਤੀ ਹੈ, ਉਹ ਰਾਗ ਦੇ ਅਖ਼ੀਰ ਪੁਰ ਖ਼ਾਸ ਕਿਸਮ ਦੀਆਂ ਰਚਨਾਂ ਵਾਕੁਰ ਆਉਣੀ ਚਾਹੀਦੀ ਸੀ।

ਇਕ ਹੀ ਸ਼ਲੋਕ ਨੂੰ ਕਿਤੇ ਪਹਿਲੀ ਪਾਤਸ਼ਾਹੀ ਦੇ, ਅਤੇ ਕਿਤੇ ਦੂਜੀ ਪਾਤਸ਼ਾਹੀ ਦੇ ਦਸਿਆ ਹੈ, ਇਹ ਫ਼ਰਕ ਕਿਤਨੀ ਥਾਂ ਨਜ਼ਰ ਆਉਂਦਾ ਹੈ। ਹੋ ਸਕਦਾ ਕਿ ਤਿਲੰਗ ਰਾਗ ਵਿਚ ਜੋ ਸ਼ਬਦ ਇਹਨਾਂ ਲਫ਼ਜ਼ਾਂ ਨਾਲ ਸ਼ੁਰੂ ਹੁੰਦਾ ਹੈ: 'ਖ਼ਾਕ ਨੂਰ ਕਰਦੰ,' ਉਸਨੂੰ ਗ਼ਲਤੀ ਨਾਲ ਪੰਜਵੀਂ ਪਾਤਸ਼ਾਹੀ ਦਾ ਕਿਹਾ ਗਿਆ ਹੈ, ਅਸਲ ਵਿਚ ਉਹ ਪਹਿਲੀ ਪਾਤਸ਼ਾਹੀ ਦੇ ਨਾਮ ਪੁਰ ਹੀ ਪ੍ਰਚਲਤ ਸੀ, ਜਿਸਤਰ੍ਹਾਂ ਕਿ 'ਮੱਕੇ ਦੀ ਗੋਸ਼ਟ' ਵਿਚ ਕਿਹਾ ਹੈ। ਭਾਵੇਂ ਹੈ ਇਹ ਭੀ 'ਨਕਲੀ' (apocryphal) ਸੀ।

ਠੀਕ ਏਸੇ ਤਰ੍ਹਾਂ ਰਾਗ ਰਾਮ ਕਲੀ ਵਿਚ ਗੁਰੂ ਨਾਨਕ ਦੇ ਇਕ ਸ਼ਬਦ ਵਿਚ ਦੋ ਵਾਰੀ 'ਸੁਣ ਮਾਛਿੰਦ੍ਰਾ' ਲਫ਼ਜ਼ ਆਏ ਹਨ, ਅਤੇ ਸਿਧ ਗੋਸ਼ਟ ਵਿਚ ਵੀ ਚਰਪਟ, ਲੋਹਾਰੀਪਾ ਆਦਿ ਜੋਗੀਆਂ ਨੂੰ ਹੀ ਸੰਬੋਧਨ ਕੀਤਾ ਹੈ। ਰਾਗ ਆਸਾ ਵਿਚ ਹੈ; ਕਹੁ ਨਾਨਕ ਸੁਣ ਭਰਥਰਿ ਜੋਗੀ। ਇਹ ਮਛਿੰਦ੍ਰ ਭਰਥਰਿ ਚਰਪਟ ਆਦਿ ਜੋਗੀ ਨਾਥ ਗੁਰੂ ਨਾਨਕ ਦੇਵ ਨਾਲੋਂ ਬਹੁਤ ਪਹਿਲੇ ਹੋਏ ਸਨ; ਗੁਰੂ ਨਾਨਕ ਏਹਨਾਂ ਨੂੰ ਕਦੇ ਮਿਲ ਨਹੀਂ ਸਨ ਸਕਦੇ।

੫

'ਭੋਗ ਦੀ ਬਾਣੀ' ਵਿਚ ਜੋ 'ਸਲੋਕ ਸਹਸਕ੍ਰਿਤੀ



Sri Satguru Jagjit Singh Ji Elibrary NamdhariElibrary@gmail.com

ਮਹਲਾ ੧' ਕਰਕੇ ਦਿਤੇ ਹਨ, ਓਹਨਾਂ ਵਿਚੋਂ ਪਹਿਲਾ ਬੰਦ ਇਹ ਹੈ:-

ਪੜ੍ਹ ਪੁਸਤਕ ਸੰਧਿਆ ਬਾਦੰ।
ਸਿਲ ਪੂਜਸਿ ਬਗੁਲ ਸਮਾਧੰ।
ਮੁਖ ਝੂਠ ਬਿਭੂਖਨ ਸਾਰੰ।
ਤ੍ਰੈਪਾਲ ਤਿਹਾਲ ਬਿਚਾਰੰ ॥ ੧ ॥

ਏਸਦਾ ਵਜ਼ਨ ਜਾਂ ਬੰਦ, ਏਸਤੋਂ ਪਿਛੋਂ ਦਿਤੇ ਤਿੰਨ ਬੰਦਾਂ ਨਾਲੋਂ ਅਡ ਹੈ ਅਤੇ ਇਹ ਖੰਡਨ ਆਤਮਕ ਵੀ ਹੈ। ਪਰ ਪਿਛਲੇ ਤਿੰਨ ਬੰਦ ਨਾ ਨਿਰਾ ਵਜ਼ਨ ਕਰਕੇ ਹੀ ਸਗੋਂ ਮਜ਼ਮੂਨ ਤੇ ਬੋਲੀ ਕਰਕੇ ਵੀ ਪਹਿਲੇ ਤੋਂ ਵਖ ਹਨ। ਦੂਜੇ ਬੰਦ ਦੇ ਮੁਢ '੧ ਓ' ਵੀ ਦਿੱਤਾ ਹੈ, ਜਿਸ ਤਰ੍ਹਾਂ ਕਿ ਕੋਈ ਨਵੀਂ ਬਾਣੀ ਸ਼ੁਰੂ ਹੋਣ ਲਗੀ ਹੁੰਦੀ ਹੈ। ਫੇਰ ਇਹਨਾਂ ਤਿੰਨਾਂ ਸਲੋਕਾਂ ਜਾਂ ਬੰਦਾਂ ਨੂੰ ਗ੍ਰੰਥ ਸਾਹਿਬ ਦੇ ਅੰਦਰ ਵਾਰਾਂ ਨਾਲ ਦੇ ਕੇ ਮਹਲੇ ਦੂਜੇ ਦੇ ਸ਼ਲੋਕ ਕਿਹਾ ਹੈ।ਦੂਜਾ ਬੰਦ 'ਨਿਹਫਲ ਤਸਜ ਜਨਮਸਜ... ... ਜਿਨਿ ਕਲ ਰਖੀ ਧਾਰਿ ॥੨॥' ਵਾਰ ਮਾਝ ਦੀ ੨੩ਵੀਂ ਪਉੜੀ ਨਾਲ ਦਿੱਤਾ ਹੈ। ਏਸੇ ਤਰ੍ਹਾਂ ਤੀਜੇ ਬੰਦ ਅਤੇ ਚੌਥੇ ਬੰਦਾਂ ਨੂੰ 'ਆਸਾ ਦੀ ਵਾਰ' ਵਿਚ ਸਲੋਕ ਮਹਲਾ ਦੂਜਾ ਦੇ ਦਸਿਆ ਹੈ। ਇਹ ਗਲ ਠੀਕ ਈ ਹੋਵੇਗੀ। ਸਿੱਟਾ ਇਹ ਨਿਕਲਦਾ ਹੈ ਕਿ ਕਿਸੇ ਕਾਗ਼ਜ਼ ਦੇ ਪਤ੍ਰੇ ਪਰ ਪਹਿਲਾ ਸ਼ਲੋਕ ਗੁਰੂ ਨਾਨਕ ਸਾਹਿਬ ਨੇ ਲਿਖਿਆ ਸੀ, ਉਸੇ ਕਾਗ਼ਜ਼ ਪੁਰ '੧ ਓ' ਪਾਕੇ ਹੇਠਾਂ ਤਿੰਨ ਸ਼ਲੋਕ ਆਪਣੇ ਰਚੇ ਦੂਜੇ ਗੁਰੂ



Sri Satguru Jagjit Singh Ji Elibrary NamdhariElibrary@gmail.com

ਨੇ ਲਿਖ ਦਿਤੇ। ਬੀੜ ਬਨ੍ਹਦੇ ਵੇਲੇ ਗ੍ਰੰਥ ਸਾਹਿਬ ਦੇ ਅੰਦਰ ਤਾਂ ਇਹਨਾਂ ਨੂੰ ਗੁਰੂ ਅੰਗਦ ਦੇ ਰਚੇ ਕਿਹਾ, ਪਰ ਭੋਗ ਦੀ ਬਾਣੀ ਲਿਖਦੇ ਸਮੇਂ ਕਾਗ਼ਜ਼ ਪੁਰੋਂ ਜਿਉਂ ਦੀ ਤਿਉਂ ਨਕਲ ਕਰ ਦਿਤੀ, ਅਤੇ ਸਿਰੇ ਪੁਰ ਗੁਰੂ ਅਰਜਨ ਦੇਵ ਦਾ ਨਾਂ ਦੇ ਦਿੱਤਾ ਸਿਰਨਾਵਾਂ 'ਸ਼ਲੋਕ ਸਹਸਕ੍ਰਿਤੀ ਮਹਲਾ ੧' ਵੀ ਉਸੇ ਤਰ੍ਹਾਂ ਉਤਾਰ ਲਿਆ। ਤਾਂਤੇ ਇਹ ਮਨਣਾ ਪਏਗਾ ਕਿ ਘਟ ਤੋਂ ਘਟ ਇਕ ਪਤ੍ਰਾ ਗੁਰੂ ਨਾਨਕ ਸਾਹਿਬ ਦਾ ਗੁਰੂ ਅਰਜਨ ਦੇਵ ਜੀ ਨੂੰ ਮਿਲ ਗਿਆ ਪਰ ਰਵਾਇਤ ਇਸ ਬਾਬਤ ਚੁਪ ਹੈ।

ਹੋਰ ਭੀ ਕੁਝ ਫ਼ਰਕ ਦੇਖੇ ਗਏ ਹਨ, ਜੋ ਏਥੇ ਨਹੀਂ ਦਿਤੇ ਜਾਂਦੇ। ਅਡ ਅਡ ਬੀੜਾਂ ਵਿਚ ਲਫ਼ਜ਼ੀ ਫ਼ਰਕ ਭੀ ਬਹੁਤੇਰੇ ਹਨ, ਛੇਕੜਲੀ ਸਿਆਰੀ ਅਤੇ ਅੰਕੜ ਦੀਆਂ ਗ਼ਲਤੀਆਂ ਨਿਯਮ ਵਿਰੁਧ ਕ਼ਰੀਬਨ ਹਰ ਸਫ਼ੇ ਪੁਰ ਸਭਨਾਂ ਬੀੜਾਂ ਵਿਚ ਲਭਦੀਆਂ ਹਨ, ਹਿਜਿਆਂ ਦਾ ਫ਼ਰਕ, 'ਨ' ਅਤੇ 'ਣ' ਦੇ ਵਰਤਾਉ ਦੇ ਫ਼ਰਕ, ਪੈਰਾਂ ਹੇਠ ਲਗੇ 'ਰ' ਅਤੇ ਵਖਰੇ 'ਰ' ਅਤੇ ਏਸੇ ਤਰ੍ਹਾਂ 'ਯ' ਤੇ 'ਹ' ਦੀਆਂ ਗ਼ਲਤੀਆਂ ਭੀ ਕੁਝ ਘਟ ਨਹੀਂ ॥

## ੬.

ਕਿਤਾਬ ਦੇ ਮੁਢ ਵਿਚ ਹੀ ਅਸੀਂ ਦਸ ਆਏ ਹਾਂ ਕਿ ਕਿਸ ਤਰ੍ਹਾਂ ਜ਼ਬਾਨੀ ਚਲੇ ਆਉਣ ਕਰਕੇ ਖ਼ੁਦ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਫ਼ਰਕ ਪੈਂਦੇ ਜਾਂਦੇ ਸਨ। ਪੁਰਾਣੀਆਂ ਹਥ ਦੀਆਂ ਲਿਖੀਆਂ ਜਨਮ ਸਾਖੀਆਂ ਵਿਚ ਕਈ ਸ਼ਬਦ ਫ਼ਰਕ ਵਾਲੇ ਮਿਲਦੇ ਹਨ। ਇਹ 'ਜਨਮ ਸਾਖੀਆਂ, ਆਪਣੇ ਮੌਜੂਦਾ ਰੂਪ ਵਿਚ ਭਾਵੇਂ ਲਿਖੀਆਂ ਤਾਂ ਗ੍ਰੰਥ ਸਾਹਿਬ



Sri Satguru Jagjit Singh Ji Elibrary NamdhariElibrary@gmail.com

ਨਾਲੋਂ ਪਿਛੋਂ ਹੀ ਗਈਆਂ ਹਨ, ਪਰ ਬਾਣੀ ਦੀ ਨਕਲ ਗ੍ਰੰਥ ਸਾਹਿਬ ਨਾਲੋਂ ਪਹਿਲੋਂ ਬਣ ਚੁਕੀਆਂ 'ਸਾਖੀਆਂ' ਤੋਂ ਹੀ ਹੁੰਦੀ ਆਈ ਹੈ। ਅਸੀਂ ਨਮੂਨੇ ਲਈ ਇਕ ਸ਼ਬਦ ਸੰਮਤ ੧੯੦੩ ਦੀ ਲਿਖੀ ਜਨਮ ਸਾਖੀ ਤੋਂ ਨਕਲ ਕਰਦੇ ਹਾਂ, ਅਤੇ ਸਾਹਮਣੇ ਓਹੋ ਸ਼ਬਦ ਜਿਸ ਤਰ੍ਹਾਂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਦੇਂਦੇ ਹਾਂ। 'ਸਾਖੀ' ਲਿਖਣ ਵਾਲੇ ਨੇ ਇਹ ਫ਼ਰਕ ਆਪ ਜਾਨ ਬੁਝਕੇ ਨਹੀਂ ਪਾਏ ਸਿਧ ਹੁੰਦੇ, ਸਗੋਂ ਜਿਸ ਤਰ੍ਹਾਂ ਤੇ ਜਿਸ ਸ਼ਕਲ ਵਿਚ ਉਸਨੂੰ ਇਹ ਸ਼ਬਦ ਮਿਲਿਆ ਉਸਨੇ ਲਿਖ ਦਿੱਤਾ:-

### ਸੰਮਤ ੧੯੦੩ ਦੀ ਨਕਲ ਕੀਤੀ ਜਨਮ ਸਾਖੀ ਵਿਚੋਂ

ਰਾਗ ਬਸੰਤ ਮਹਲਾ ੧

ਨਉ ਸਤ ਚਉਦਹ ਤੀਨਿ ਚਾਰਿ ਕਰਿ
ਮਸਲਤ ਚਾਰਿ ਬਹਾਲੀ।
ਚਾਰੇ ਦੀਵੇ ਚਹੁ ਹਥ ਦੀਏ, ਏਕੋ
ਏਕੋ ਵਾਰੀ ॥ ੧ ॥
ਬਾਬਾ ਮਿਹਰਵਾਨ ਮਧਸੂਦਨ ਮਾਧੋ
ਐਸੀ ਸਕਤ ਤੁਮਾਰੀ॥੧॥ਰਹਾਉ॥
ਘਰਿ ਘਰਿ ਲਸਕਰ ਪਾਵਕ ਤੇਰਾ,
ਧਰਮ ਕਰੇ ਸਿਕਦਾਰੀ ॥
ਭਾਣੇ ਚੰਗੀ ਭਾਵੇ ਮੰਦੀ,
ਐਸੀ ਨਦਰਿ ਤੁਮਾਰੀ ॥੨॥
ਧਰਤੀ ਦੇਗ ਚੜੀ ਇਕ ਬੇਰਾ,
ਭਾਗ ਤੇਰਾ ਭੰਡਾਰੀ।
ਨਾਸਾਬੂਰ ਹੋਵੈ ਫਿਰਿ ਮੰਗੈ,
ਨਾਰਦ ਕਰੇ ਖੁਆਰੀ ॥੩॥
ਪੂੰਜੀ ਮਾਰਿ ਪਵੇ ਨਿਤ ਮੁਦਗਰ,
ਪਾਪ ਕਰੇ ਕੁਤਵਾਲੀ।
ਲਬ ਅੰਧੇਰਾ ਬੰਦੀ, ਖਾਨਾ
ਅਉਗਣ ਪੈਰੁ ਲੁਹਾਰੀ ॥੪॥

### ਗ੍ਰੰਥ ਸਾਹਿਬ ਵਿਚੋਂ

੧ ੴ ਸਤਿਗੁਰ ਪ੍ਰਸਾਦਿ ॥

ਬਸੰਤ ਹਿੰਡੋਲੁ ਮਹਲਾ ੧ ਘਰੁ ੨

ਨਉ ਸਤ ਚਉਦਹ ਤੀਨਿ ਚਾਰਿ ਕਰਿ,
ਮਹਲਤਿ ਚਾਰਿ ਬਹਾਲੀ।
ਚਾਰੇ ਦੀਵੇ ਚਹੁ ਹਥਿ ਦੀਏ, ਏਕਾ
ਏਕਾ ਵਾਰੀ ॥੧॥
ਮਿਹਰਵਾਨ ਮਧੁਸੂਦਨ ਮਾਧੌ,
ਐਸੀ ਸਕਤਿ ਤੁਮਾਰੀ ॥੧॥ਰਹਾਉ॥
ਘਰਿ ਘਰਿ ਲਸਕਰੁ ਪਾਵਕੁ ਤੇਰਾ,
ਧਰਮੁ ਕਰੇ ਸਿਕਦਾਰੀ।
ਧਰਤੀ ਦੇਗ ਮਿਲੈ ਇਕ ਵੇਰਾ,
ਭਾਗੁ ਤੇਰਾ ਭੰਡਾਰੀ ॥੨ ॥
ਨਾ ਸਾਬੂਰੁ ਹੋਵੈ ਫਿਰਿ ਮੰਗੈ,
ਨਾਰਦੁ ਕਰੇ ਖੁਆਰੀ
ਲਬੁ ਅਧੇਰਾ ਬੰਦੀਖਾਨਾ,
ਅਉਗਣ ਪੈਰਿ ਲੁਹਾਰੀ ॥੩॥
ਪੂੰਜੀ ਮਾਰ ਪਵੈ ਨਿਤ ਮੁਦਗਰ,
ਪਾਪੁ ਕਰੇ ਕੋਟਵਾਰੀ।
ਭਾਵੈ ਚੰਗਾ ਭਾਵੈ ਮੰਦਾ,
ਜੈਸੀ ਨਦਰਿ ਤੁਮਾਰੀ ॥੪॥



Sri Satguru Jagjit Singh Ji Elibrary NamdhariElibrary@gmail.com

ਆਦਿ ਪਰਖ ਕਉ ਅਲਹੁ ਕਹੀਐ,
ਸੇਖਾ ਆਈ ਵਾਰੀ ।
ਦੇਵੀ ਦੇਵਤਿਆ ਕਰ ਲਾਗਾ
ਐਸੀ ਕਿਰਤਿ ਚਾਲੀ ॥੫॥
ਕੂਜਾਂ ਬਾਂਗ ਨਿਵਾਜ ਮੁਸਲਾ,
ਨੀਲਰੂਪ ਬਨਵਾਰੀ ।
ਏਕੋ ਮੀਆ ਸਭਨਾ ਜੀਆ
ਬੋਲੀ ਅਵਰ ਤੁਮਾਰੀ ॥੬॥
ਜੇ ਤੂੰ ਮੀਰ ਮਹਿਪਤਿ ਸਾਹਿਬ,
ਕੁਦਰਤਿ ਕਉਣੁ ਹਮਾਰੀ ।
ਚਾਰੇ ਕੁੰਟ ਸਲਾਮ ਕਰਹਿਗੇ
ਘਰਿ ਘਰਿ ਸਿਫਤਿ ਤੁਮਾਰੀ॥੭॥
ਰਾਮ ਰਹੀਮ ਏਕ ਖੁਦਾਇ,
ਹਰਿਦਮ ਸਦਾ ਚਿਤਾਰੀ ।
ਕਹੁ ਨਾਨਕ ਹਉ ਤਾਕੇ ਬੰਦਾ
ਸਰਪਰ ਪਾਰਿ ਉਤਾਰੀ ॥੮॥

ਆਦਿ ਪੁਰਖ ਕਉ ਅਲਹੁ ਕਹੀਐ,
ਸੇਖਾਂ ਆਈ ਵਾਰੀ ।
ਦੇਵਲ ਦੇਵਤਿਆ ਕਰੁ ਲਾਗਾ,
ਐਸੀ ਕੀਰਤਿ ਚਾਲੀ ॥ ੫ ॥
ਕੂਜਾ ਬਾਂਗ ਨਿਵਾਜ ਮੁਸਲਾ,
ਨੀਲਰੂਪ ਬਨਵਾਰੀ ।
ਘਰਿ ਘਰਿ ਮੀਆ ਸਭਨਾਂ ਜੀਆਂ,
ਬੋਲੀ ਅਵਰ ਤੁਮਾਰੀ ॥੬॥
ਜੇ ਤੂ ਮੀਰ ਮਹਿਪਤਿ ਸਾਹਿਬੁ,
ਕੁਦਰਤਿ ਕਉਣ ਹਮਾਰੀ ।
ਚਾਰੇ ਕੁੰਟ ਸਲਾਮੁ ਕਰਹਿਗੇ,
ਘਰਿ ਘਰਿ ਸਿਫਤਿ ਤੁਮਾਰੀ॥੭॥
ਤੀਰਥ ਸਿੰਮ੍ਰਿਤਿ ਪੁੰਨ ਦਾਨ,
ਕਿਛੁ ਲਾਹਾ ਮਿਲੈ ਦਿਹਾੜੀ ।
ਨਾਨਕ ਨਾਮੁ ਮਿਲੈ ਵਡਿਆਈ,
ਮੇਕਾ ਘੜੀ ਸਮ੍ਹਾਲੀ ॥੮॥

ਜਨਮ ਸਾਖੀ ਵਿਚ ਇਹ ਸ਼ਬਦ ਮਲੁੱਖਾਂ ਦੀ ਸਾਖੀ ਵਿਚ ਦਿਤਾ ਹੈ, ਜੋ ਬੜਾ ਗੁਸੇ ਵਿਚ ਭਰਿਆ ਗੁਰੂ ਨਾਨਕ ਸਾਹਿਬ ਤੇ ਚੜ੍ਹਕੇ ਆਇਆ ਸੀ, ਅਤੇ ਇਹ ਸ਼ਬਦ ਗੁਰੂ ਸਾਹਿਬ ਨੇ ਮਾਤਾ ਮੰਨੌਤ ਬਾਬਤ ਇਤ੍ਰਾਜ਼ਾਂ ਦੇ ਜਵਾਬ ਵਿਚ ਦਿਤਾ ਸੀ। ਇਕ ਹੋਰ ਜਨਮ ਸਾਖੀ ਵਿਚ ਇਹੋ ਸ਼ਬਦ ਮਕੇ ਦੀ ਗੋਸ਼ਟ ਵਿਚ ਦਿਤਾ ਹੈ, ਜਿਥੇ ਸਾਰੇ ਓਹ ਸ਼ਬਦ ਇਕੱਠੇ ਕਰਨ ਦਾ ਜਤਨ ਕੀਤਾ ਗਿਆ ਹੈ, ਜਿਨ੍ਹਾਂ ਵਿਚ ਕਿਸੇ ਮੁਸਲਮਾਨ ਨੂੰ ਸੰਬੋਧਨਕੀਤਾ ਹੈ ਅਤੇ ਫ਼ਾਰਸੀ ਦੇ ਲਫ਼ਜ਼ ਵਰਤੇ ਹਨ।



Sri Satguru Jagjit Singh Ji Elibrary NamdhariElibrary@gmail.com

# ਜ਼ਮੀਮਾ ਦੂਸਰਾ

# ਸਲੋਕ ਕਬੀਰ ਅਤੇ ਫ਼ਰੀਦ ਦੇ

## ਜਿਨ੍ਹਾਂ ਨੂੰ ਵੇਖਕੇ ਗੁਰੂ ਸਾਹਿਬਾਨ ਨੇ ਸਲੋਕ ਰਚੇ।

ਆਪ ਵੇਖੋਗੇ ਕਿ ਇਥੇ ਨਾਨਕ ਛਾਪ ਨਹੀਂ ਵਰਤੀ, ਜਿਸ ਤਰ੍ਹਾਂ ਕਿ ਅਗੇ ਹੋਰ ਕਈ ਸਲੋਕਾਂ ਦਾ ਹਾਲ ਹੈ।

ਫਰੀਦਾ ! ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ।
ਕਰਿ ਸਾਈਂ ਸਿਉ ਪਿਰਹੜੀ ਰੰਗ ਨਵੇਲਾ ਹੋਇ ॥ ੧੨ ॥
ਮਹਲ ੩ ॥ ਫਰੀਦਾ ! ਕਾਲੀ ਧਉਲੀ ਸਾਹਿਬ ਸਦਾ ਹੈ ਜੇ ਕੋ ਚਿਤਿ ਕਰੇ।
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ।
ਇਹ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥
ਫਰੀਦਾ ! ਰੱਤੀ ਰਤੁ ਨ ਨਿਕਸੈ ਜੇ ਤਨ ਚੀਰੈ ਕੋਇ।
ਜੋ ਤਨ ਰਤੇ ਰੱਬ ਸਿਉ ਤਨਿ ਰਤੁ ਨ ਹੋਇ ॥ ੫੧ ॥
ਮਹਲਾ ੩ ॥ ਇਹ ਤਨੁ ਸਭੋ ਰਤੁ ਹੈ ਰਤ ਬਿਨੁ ਤੰਨੁ ਨ ਹੋਇ।
ਜੋ ਸ਼ਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ।
ਭੈ ਪਇਐ ਤਨ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ।
ਜਿਓਂ ਬੈਸੰਤਰਿ ਧਾਤੁ ਸੁਧੁ ਹੋਇ,
ਤਿਓ ਹਰਿ ਕਾ ਭਉ ਦੁਰਮਤ ਮੈਲੁ ਗਵਾਇ।
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥ ੫੨ ॥
ਫ਼ਰੀਦਾ ! ਪਾੜ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥ ੧੦੩ ॥



Sri Satguru Jagjit Singh Ji Elibrary NamdhariElibrary@gmail.com

ਮਹਲਾ ੩ ॥ ਕਾਂਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ।
ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤ ਰਾਸਿ ਕਰੇਇ ॥੧੦੪॥
ਫਰੀਦਾ ! ਮਨ ਮੈਦਾਨੁ ਕਰਿ ਟੋਏ ਟਿਬੇ ਲਾਹਿ ।
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥ ੭੪ ॥
ਮਹਲਾ ੫ ॥ ਫ਼ਰੀਦਾ ! ਗਰਬੁ ਜਿਨ੍ਹਾਂ ਵਡਿਆਈਆਂ ਧਨਿ ਜੋਬਨ ਅਸਗਾਹ।
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥

ਮਹਲਾ ੫ ॥ ਫਰੀਦਾ ! ਖ਼ਾਲਕ ਖ਼ਲਕ ਮਹਿ ਖਲਕ ਵਸੈ ਰਬ ਮਾਹਿ ।
ਮੰਦਾ ਕਿਸਨੋ ਆਖੀਐ ਜਾਂ ਤਿਸ ਬਿਨ ਕੋਈ ਨਾਹਿ ॥ ੭੫ ॥
ਫ਼ਰੀਦਾ ! ਮੈਂ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ।
ਊਚੇ ਚੜਿਕੈ ਦੇਖਿਆ ਤਾਂ ਘਰਿ ਘਰਿ ਇਹਾ ਅਗਿ ॥ ੮੧ ॥

ਮਹਲਾਂ ੫ ॥ ਫ਼ਰੀਦਾ ! ਭੂਮਿ ਰੰਗਾਵਲੀ ਮੰਝ ਵਿਸੂਲਾ ਬਾਗ਼ ।
ਜੋ ਜਨ ਪੀਰਿ ਨਵਾਜਿਆ ਤਿਨਾ ਅੰਚ ਨ ਲਾਗ ॥ ੮੨ ॥
ਮਹਲਾ ੫ ॥ ਫ਼ਰੀਦਾ ! ਉਮਰ ਸੁਹਾਵੜੀ ਸੰਗ ਸੁਵੰਨੜੀ ਦੇਹ ।
ਵਿਰਲੇ ਕੇਈ ਪਾਈਅਨਿ ਜਿਨ੍ਹਾਂ ਪਿਆਰੇ ਨੇਹ ॥ ੮੩ ॥
ਫ਼ਰੀਦਾ ! ਪਿਛਲੀ ਰਾਤਿ ਨ ਜਾਗਿਓਹਿ ਜੀਵੰਦੜੋ ਮੁਇਓਹਿ ।
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥ ੧੦੭ ॥

ਮਹਲਾ ੫ ॥ ਫ਼ਰੀਦਾ ! ਕੰਤ ਰੰਗਾਵਲਾ ਵੱਡਾ ਵੇ ਮੁਹਤਾਜੁ ।
ਅਲਹ ਸੇਤੀ ਰਤਿਆਂ ਇਹੁ ਸਚਾਵਾ ਸਾਜੁ ॥ ੧੦੮ ॥
ਮਹਲਾ ੫ ॥ ਫ਼ਰੀਦਾ ! ਦੁਖ ਸੁਖ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ।
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥ ੧੦੯ ॥

ਮਹਲਾ ੫ ॥ ਫ਼ਰੀਦਾ ! ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲ ।
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥ ੧੧੦ ॥
ਮਹਲਾ ੫ ॥ ਫ਼ਰੀਦਾ ! ਦਿਲ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ।
ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥



Sri Satguru Jagjit Singh Ji Elibrary NamdhariElibrary@gmail.com

ਫਰੀਦਾ ! ਤਨ ਤਪੈ ਤਨੂਰ ਜਿਓ, ਬਾਲਣੁ ਹਡ ਬਲੰਨਿ੍ ।
ਪੈਰੀਂ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ ॥ ੧੧੯ ॥

ਮਹਲਾ ੧ ॥ ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ।
ਸਿਰਿ ਪੈਰੀ ਕਿਆ ਫੇੜਿਆਂ ਅੰਦਰਿ ਪਿਰੀ ਨਿਹਾਲਿ ॥੧੨੦॥

ਮਹਲਾ ੪ ॥ ਹਉ ਢੂਢੇਦੀ ਸਜਣਾ ਸਜਣ ਮੈਡੇ ਨਾਲਿ ।
ਨਾਨਕ ਅਲਖ ਨ ਲਖੀਐ ਗੁਰਮੁਖ ਦੇਇ ਦਿਖਾਲਿ ॥੧੨੧॥

ਇਹ ਚੌਥੀ ਪਾਤਸ਼ਾਹੀ ਦਾ ਸਲੋਕ ਫ਼ਰੀਦ ਦੇ ਕਿਸੇ ਸਲੋਕ ਪ੍ਰਥਾਇ ਨਹੀਂ ਕਿਹਾ ਗਿਆ, ਬੋਲੀ, ਛੰਦ ਤੇ ਮਜ਼ਮੂਨ ਮਿਲਦਾ ਜੁਲਦਾ ਵੇਖ ਗੁਰੂ ਅਰਜਨ ਦੇਵ ਨੇ ਏਸ ਸਲੋਕ ਨਾਲ ਰਖ ਦਿੱਤਾ ਹੈ । ਬਾਣੀ ਸਭ ਸਲੋਕਾਂ ਦੀ, ਜੋ ਉਪਰ ਦਿਤੇ ਹਨ, ਗੁਰੂ ਨਾਨਕ ਦੇਵ ਦੇ ਸਲੋਕ ਸਮੇਤ ਇਕੋ ਜਿਹੀ ਹੈ ।

ਫਰੀਦਾ ! ਮੈਂ ਜਾਨਿਆ ਵਡਹੰਸ ਹੈ ਤਾਂ ਮੈਂ ਕੀਤਾ ਸੰਗੁ ।
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥ ੧੨੩ ॥

ਮਹਲਾ ੧ ॥ ਕਿਆ ਹੰਸਾ ਕਿਆ ਬਗੁਲਾ ਜਾ ਕਉ ਨਦਰਿ ਧਰੇ ।
ਜੇ ਤਿਸ ਭਾਵੈ ਨਾਨਕਾ ਕਾਗਹੁ ਹੰਸ ਕਰੇ ॥ ੧੨੪ ॥

ਮਹਲਾ ੩ ॥ ਹੰਸਾ ਵੇਖਿ ਤਰੰਦਿਆ ਬਗਾ ਆਇਆ ਚਾਉ ।
ਡੁਬ ਮੁਏ ਬਗ ਬਪੁੜੇ ਸਿਰ ਤਲਿ ਉਪਰਿ ਪਾਉ ॥੧੨੨॥

ਮਹਲੇ ੩ ਦਾ ਇਹ ਸਲੋਕ ਇਉਂ ਜਾਪਦਾ ਹੈ, ਹਾਸ਼ੀਏ ਤੇ ਲਿਖੇ ਤੋਂ ਨਕਲ ਕੀਤਾ ਹੈ,ਜਿਸ ਕਰਕੇ ਫ਼ਰੀਦ ਦੇ ਸ਼ਲੋਕ ਤੋਂ ਪਿਛੋਂ ਲਿਖਣ ਦੀ ਥਾਂ ਪਹਿਲੇ ਲਿਖਿਆ ਗਿਆ ਹੈ । ਏਸ ਤੋਂ ਸਿਧ ਹੁੰਦਾ ਹੈ ਕਿ ਭਾਈ ਗੁਰਦਾਸ ਦੇ ਸਾਮ੍ਹਣੇ ਨਕਲ ਕਰਨ ਲਈ ਕੋਈ ਕਾਗ਼ਜ਼ ਮੌਜੂਦ ਸੀ, ਜਿਸ ਪੁਰ ਇਹ ਸਲੋਕ ਲਿਖੇ ਸਨ ।

ਆਪ ਵੇਖੋਗੇ ਕਿ ਫ਼ਰੀਦ ਦੇ ਸਲੋਕਾਂ ਨੂੰ ਸਾਮ੍ਹਣੇ ਰਖਕੇ ਸਿਰਫ ਦੋ ਸ਼ਲੋਕ ਹੀ ਮਹਲੇ ਪਹਿਲੇ ਦੇ ਰਚੇ ਦਸੇ ਹਨ, ਅਤੇ ਉਹਨਾਂ ਵਿਚੋਂ ਇਕ ਇਕੱਲਾ ਹੀ ਜਨਮ ਸਾਖੀ ਵਿਚ ਆਉਂਦਾ ਹੈ । ਏਸ ਦੇ ਮੁਕਾਬਲੇ ਤੇ ੧੪



Sri Satguru Jagjit Singh Ji Elibrary NamdhariElibrary@gmail.com

ਸਲੋਕ ਦੂਜੇ ਗੁਰੂਆਂ ਦੇ ਹਨ। ਸਿਖਾਂ ਨੇ ਇਕ ਅਨਹੋਏ ਇਤ੍ਰਾਜ਼ ਤੋਂ ਬਚਨ ਲਈ 'ਸ਼ੇਖ਼ ਫ਼ਰੀਦ' ਤੋਂ ਬਦਲਕੇ ਬਾਣੀ 'ਸ਼ੇਖ਼ ਇਬਰਾਹੀਮ' ਦੇ ਨਾਮ ਨਾਲ ਜੋੜ ਦਿਤੀ ਹੈ, ਅਤੇ ਆਪਣੇ ਦਿਮਾਗੋਂ ਕਢਕੇ ਇਕ ਕਪੋਲ ਕਲਪਿਤ ਨਾਮ 'ਫ਼ਰੀਦ ਸਾਨੀ' ਦਾ ਉਸ ਨੂੰ ਦੇ ਦਿਤਾ ਹੈ। ਭਲਾ ਸਮਝੋ ਜੋ ਗੁਰੂ ਨਾਨਕ ਦੇਵ ਤਾਂ ਏਸ 'ਫ਼ਰੀਦ ਸਾਨੀ' ਨੂੰ ਮਿਲ ਪਏ ਸਹੀ, ਬਾਕੀ ਗੁਰੂ ਸਾਹਿਬਾਨ ਮਹਲਾ ੩, ਮਹਲਾ ੪ ਤੇ ਮਹਲਾ ੫ ਤਾਂ ਨਹੀਂ ਸਨ ਮਿਲੇ (ਦੇਖੋ ਅਗੇ ਜਾਕੇ ਜ਼ਮੀਮਾ ੫, ਜਿਥੇ ਏਸ ਸਵਾਲ ਪੁਰ ਬਹਿਸ ਕੀਤੀ ਹੈ)। ਫੇਰ ਕਬੀਰ ਦੇ ਸਲੋਕਾਂ ਬਾਬਤ ਕੀ ਕਿਹਾ ਜਾਇਗਾ ?

## ੨. ਕਬੀਰ ਦੇ ਸਲੋਕ

ਕਬੀਰ ! ਟਾਲੇ ਟੋਲੇ ਦਿਨੁ ਗਇਆ ਬਿਆਜ ਬਢੰਤਉ ਜਾਇ।
ਨਾ ਹਰਿ ਭਜਿਓ ਨ ਖਤੁ ਫਟਿਓ, ਕਾਲ ਪਹੂੰਚੋ ਆਇ ॥੨੦੮॥
ਮਹਲਾ ੫ ॥ ਕਬੀਰ ! ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ।
ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ ॥੨੦੯॥
ਮਹਲਾ ੫ ॥ ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ।
ਧਰਤੀ ਭਾਰ ਨ ਬਿਆਪਈ ਉਨ ਕਉ ਲਾਹੂ ਲਾਹਿ ॥੨੧੦॥
ਮਹਲਾ ੫ ॥ ਕਬੀਰ ! ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ।
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥ ੨੧੧ ॥

ਇਹ ਤਾਂ ਪ੍ਰਤਖ ਹੈ ਕਿ ਮਹਲਾ ੫ ਦੇ ਉਪਰਲੇ ਤਿੰਨ ਸਲੋਕ ੨੦੯, ੨੧੦ ਤੇ ੨੧੧, ਕਬੀਰ ਦੇ ਸ਼ਲੋਕ ੨੦੮ ਨੂੰ ਮੁਖ ਰਖਕੇ ਕਹੇ ਗਏ ਹਨ, ਪਰ ਮੈਨੂੰ ਇਹਨਾਂ ਦੇ ਮਜ਼ਮੂਨ ਵਿਚ ਸਾਂਝ ਨਜ਼ਰ ਨਹੀਂ ਆਈ। ਫ਼ਰੀਦ ਦੇ ਸਲੋਕ ਅਤੇ ਓਹਨਾਂ ਉਪਰ ਰਚੇ ਸਲੋਕਾਂ ਵਿਚ ਸਾਂਝ ਸਾਫ਼ ਨਜ਼ਰ ਆ ਰਹੀ ਹੈ। ਖ਼ੈਰ, ਮਹਲਾ ੫ ਦੇ ਪਿਛਲੇ ਦੋ ਸਲੋਕ ੨੦੯ ਅਤੇ ੨੧੦ ਰਾਮਕਲੀ ਦੀ ਵਾਰ ਵਿਚ ਵੀ ਦਿਤੇ ਹਨ। ਫੇਰ ਏਹਨਾਂ ਦੋ ਸਲੋਕਾਂ ਤੋਂ ਅਗੇ ਦੋ ਸ਼ਲੋਕ ੨੧੨ ਅਤੇ ੨੧੩, ਨਾਮੇ ਅਤੇ ਤ੍ਰਿਲੋਚਨ ਦੇ ਆਪੋ



Sri Satguru Jagjit Singh Ji Elibrary NamdhariElibrary@gmail.com

ਵਿਚ ਕਟਾਕਸ਼ਾਂ ਵਾਲੇ ਦੇਕੇ, ਪੰਚਮ ਪਾਤਸ਼ਾਹੀ ਅਗਲੇ ਸਲੋਕ ੨੧੪, ਵਿਚ ਤੀਜੀ ਵਾਰ ਕਬੀਰ ਨੂੰ ਮੁਖ਼ਾਤਿਬ ਕਰਦੇ ਹਨ। ਕੀਹ ਸਲੋਕ ੨੧੨, ੨੧੩ ਗ਼ਲਤੀ ਨਾਲ ਇਥੇ ਦਰਜ ਹੋ ਗਏ ਹਨ ? ਜੇ ਕਬੀਰ ਦੇ ਵੀ ਹੋਨ, ਤਦ ਅਗਲੇ ਸਲੋਕ ੨੧੪ ਨੂੰ ਇਹਨਾਂ ਦੇ ਮਜ਼ਮੂਨ ਨਾਲ ਕੋਈ ਵਾਸਤਾ ਨਹੀਂ। ਅਸਲ ਵਿਚ ਇਹ ਨਕਲ ਕਰਨ ਦੀਆਂ ਗ਼ਲਤੀਆਂ ਹਨ, ਪ੍ਰਾਚੀਨ ਬੀੜਾਂ ਵਿਚ ਏਸ ਥਾਂ ਤੇ ਆਕੇ ਕਾਫ਼ੀ ਗੜ ਬੜ ਹੋਈ ਦਿਸਦੀ ਹੈ ਅਤੇ ਇਕ ਬੀੜ ਵਿਚ ਕੋਈ ਅਠ ਨਵੇਂ ਸ਼ਲੋਕ ਕਬੀਰ ਦੇ ਦਰਜ ਹਨ। ਸਲੋਕ ੨੧੨ ਤੋਂ ੨੧੪ ਹੇਠਾਂ ਦੇਂਦੇ ਹਾਂ।

ਨਾਮਾ ਮਾਇਆ ਮੋਹਿਆ, ਕਹੈ ਤਿਲੋਚਨ ਮੀਤ।
ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤ ॥ ੨੧੨ ॥
ਨਾਮਾ ਕਹੈ, ਤਿਲੋਚਨਾ! ਮੁਖ ਤੇ ਰਾਮ ਸਮ੍ਹਾਲਿ।
ਹਾਥ ਪਾਉ ਕਰਿ ਕਾਮੁ ਸਭੁ ਚੀਤ ਨਿਰੰਜ ਨਾਲਿ ॥ ੨੧੩ ॥

ਮਹਲਾ ੫ ॥ ਕਬੀਰ ਹਮਰਾ ਕੋਇ ਨਹੀਂ ਹਮ ਕਿਸਹੂ ਕੇ ਨਾਹਿ।
ਜਿਨਿ ਇਹ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ ॥੨੧੪॥
ਕਬੀਰ! ਜੋ ਮੈ ਚਿਤਵਉ ਨਾ ਕਰੈ, ਕਿਆ ਮੇਰੇ ਚਿਤਵੇ ਹੋਇ।
ਆਪਨਾ ਚਿਤਵਿਆ ਹਰਿ ਕਰੈ, ਜੋ ਮੇਰੇ ਚਿਤ ਨ ਹੋਇ ॥੨੧੯॥
ਮਹਲਾ ੫ ॥ ਚਿੰਤਾ ਭੀ ਆਪ ਕਰਾਇਸੀ ਅਚਿੰਤ ਭੀ ਆਪੇ ਦੇਇ।
ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ ॥ ੨੨੦ ॥
ਮਹਲਾ ੫ ॥ ਕਬੀਰ! ਨਾਮ ਨ ਚੇਤਿਓ, ਫਿਰਿਆ ਲਾਲਚ ਮਾਹਿ ॥
ਪਾਪ ਕਰਤਾ ਮਰਿ ਗਇਆ ਅਉਧ ਪੁਨੀ ਖਿਨ ਮਾਹਿ ॥ ੨੨੧ ॥

ਪ੍ਰਤਖ ਹੈ ਕਿ ਕਬੀਰ ਦੇ ਸਲੋਕ ਗੁਰੂ ਅਮਰਦਾਸ ਦੇ ਸਾਹਮਣੇ ਮੌਜੂਦ ਸਨ ਜਿਵੇਂ ਫ਼ਰੀਦ ਦੇ ਸ਼ਲੋਕ; ਪੰਜਵੇਂ ਗੁਰੂ ਨੇ ਤਾਂ ਪਿਛੋਂ ਬੀੜ ਬਨੂਨ ਲਈ ਇਕੱਠੇ ਕੀਤੇ ਹੀ ਸਨ। ਸਲੋਕ ਕਦ ਰਚੇ ਬੀੜ ਬਨੂਨ ਤੋਂ ਪਹਿਲੇ ਜਾਂ ਉਸ ਵੇਲੇ, ਕੌਨ ਕਹੇ।



Sri Satguru Jagjit Singh Ji Elibrary NamdhariElibrary@gmail.com

## ਜ਼ਮੀਮਾਂ ਤੀਸਰਾ

# ਦੂਜੇ ਗੁਰੂ ਦੀ ਬਾਣੀ

ਬਹੁਤ ਥੋੜਿਆਂ ਨੂੰ ਇਹ ਗਲ ਪਤਾ ਹੈ ਕਿ ਦੂਜੀ ਪਾਤਸ਼ਾਹੀ ਨੇ ਵੀ ਕੋਈ ਬਾਣੀ ਰਚੀ ਸੀ। ਬਾਲੇਵਾਲੀ ਜਨਮ ਸਾਖੀ ਪੜ੍ਹਕੇ ਜੋ ਤਸਵੀਰ ਗੁਰੂ ਅੰਗਦ ਦੀ ਮਨ ਤੇ ਉਕਰੀ ਜਾਂਦੀ ਹੈ, ਉਹ ਬਹੁਤ ਸੁੰਦ੍ਰ ਨਹੀਂ । ਡਾਕਟਰ ਟ੍ਰੰਪ ਨੇ ਤਾਂ ਇਥੋਂ ਤਕ ਲਿਖ ਦਿੱਤਾ ਕਿ ਆਪ ਅਨਪੜ੍ਹ ਸਨ। ਇਹ ਤਾਂ ਸੱਚ ਹੈ ਕਿ ਉਹਨਾਂ ਨੇ ਬਹੁਤ ਰਚਨਾ ਨਹੀਂ ਕੀਤੀ, ਪਰ ਤਾਂ ਭੀ ਕੋਈ ੧੧੩ ਸ਼ਲੋਕ ਓਹਨਾਂ ਦੇ ਨਾਮ ਪੁਰ ਗ੍ਰੰਥ ਸਾਹਿਬ ਵਿਚ ਦਿਤੇ ਹਨ, ਅਤੇ ਇਹ ਸ਼ਲੋਕ ਗ੍ਰੰਥ ਸਾਹਿਬ ਵਿਚ ਦਰਜ ਹੋਈ ਬਾਣੀ ਦੇ ਬਹੁਤੇ ਹਿਸੇ ਤੋਂ ਕਿਸੇ ਤਰ੍ਹਾਂ ਭੀ ਦੂਜੇ ਦਰਜੇ ਪੁਰ ਨਹੀਂ ਰਖੇ ਜਾ ਸਕਦੇ, ਸਗੋਂ, ਜੇ ਓਹਨਾਂ ਦਾ ਨਾਮ ਨਾ ਦਿੱਤਾ ਹੁੰਦਾ, ਤਦ ਅਸੀਂ ਇਸ ਰਚਨਾ ਨੂੰ ਦੂਜੇ ਭਾਗਾਂ ਤੋਂ ਵਖ ਨਾ ਕਰ ਸਕਦੇ। ਜਦ ਹਜ਼ਰਤ ਮੁਹੱਮਦ ਸਾਹਿਬ ਤੋਂ ਲੋਕਾਂ ਨੇ ਮੁਅਜਜ਼ੇ ਦੀ ਮੰਗ ਕੀਤੀ, ਤਦ ਓਹਨਾਂ ਨੇ ਉਤ੍ਰ ਦਿੱਤਾ ਕਿ ਕੁਰਾਨ ਹੀ ਮੇਰਾ ਮੁਅਜਜ਼ਾ ਹੈ, ਅਤੇ ਮੇਰੀ ਰਸਾਲਤ ਦੀ ਸੁਨਦ। ਇਸ ਉਤ੍ਰ ਦੇ ਅਖਰੀ ਅਰਥਾਂ ਵਿਚ ਤਾਂ ਨਹੀਂ ਪਰ ਏਸਦੇ ਮਨਸ਼ਾ ਨੂੰ ਲੈਕੇ ਅਸੀਂ ਕਹਿ ਸਕਦੇ ਹਾਂ ਕਿ ਦੂਜੇ ਗੁਰੂ ਦੀ ਬਾਣੀ ਦੇ ਅੰਦਰ ਹੀ ਉਸ ਦੇ ਠੀਕ ਠੀਕ ਗੁਰੂ ਅੰਗਦ ਹੋਣ ਦੀ ਸਨਦ ਮਿਲ ਜਾਂਦੀ



Sri Satguru Jagjit Singh Ji Elibrary NamdhariElibrary@gmail.com

ਹੈ। ਆਪ ਨੂੰ ਗੁਰੂ ਨਾਨਕ ਦੇ ਚਰਣਾ ਵਿਚ ਪਰਮ ਭਗਤੀ ਅਤੇ ਸ਼ਰਧਾ ਸੀ ਏਸ ਬਾਤ ਦੀ ਅਤੇ ਗੁਰੂ ਸਾਹਿਬ ਦੇ ਠੀਕ ਆਸ਼ੇ ਅਨੁਸਾਰ ਹੋਣ ਦੀ ਝਲਕ ਉਸ ਬਾਣੀ ਵਿਚ ਮੌਜੂਦ ਹੈ। ਖ਼ੁਦ ਗ੍ਰੰਥ ਸਾਹਿਬ ਵਿਚ (ਅਤੇ ਬਾਹਰ ਸਿਖਾਂ ਵਿਚ) ਕਿਤਨੇ ਇਕ ਸਲੋਕਾਂ ਨੂੰ ਕਈ ਥਾਂ ਗੁਰੂ ਅੰਗਦ ਦੇ ਦਸਿਆ ਹੈ। ਜੋ ਤਸਵੀਰ ਇਸ ਬਾਣੀ ਤੋਂ ਅਸੀਂ ਗੁਰੂ ਅੰਗਦ ਦੀ ਬਨਾ ਸਕਦੇ ਹਾਂ, ਉਹ ਬੜੀ ਉਚੀ ਹੈ।

ਉਪਰ ਅਸੀਂ ਦਸ ਆਏ ਹਾਂ ਕਿ ਜੋ 'ਸ਼ਲੋਕ ਸਹਸ-ਕ੍ਰਿਤਿ ਮਹਲਾ ੧' ਦੀ ਸੁਰਖੀ ਹੇਠਾਂ ਭੋਗ ਦੀ ਬਾਣੀ ਵਿਚ ਦਿਤੇ ਹਨ, ਉਹਨਾਂ ਵਿਚੋਂ ਸਿਰਫ਼ ਪਹਿਲਾ ਸ਼ਲੋਕ ਹੀ ਗੁਰੂ ਨਾਨਕ ਦੀ ਰਚਨਾ ਹੈ, ਅਤੇ ਬਾਕੀ ਦੇ ੨ ਮਾਝ ਤੇ ਆਸਾ ਦੀਆਂ ਵਾਰਾਂ ਵਿਚ ਮਹਲੇ ਦੂਜੇ ਦੇ ਦਿਖਾਏ ਹਨ। ਏਸ ਤਰ੍ਹਾਂ ਜਪੁਜੀ ਸਾਹਿਬ ਦੀਆਂ ੩੮ ਪਉੜੀਆਂ ਅਤੇ ਤਿੰਨ ਸਲੋਕ ਮਹਲੇ ਪਹਿਲੇ ਦੇ ਹੀ ਸਭ ਮਨਦੇ ਹਨ, ਪਰ ਰਾਗ ਮਾਝ ਵਿਚ ਤਿੰਨੇ ਸਲੋਕ 'ਪਵਣ ਗੁਰੂ ਪਾਣੀ ਪਿਤਾ' ਤੋਂ ਲੈਕੇ ਕੇਤੀ ਛੁਟੀ ਨਾਲ' ਤਕ ਦੂਸਰੇ ਗੁਰੂ ਦੇ ਦਸੇ ਹਨ। ਫੇਰ ਲੌ ਇਹ ਸਲੋਕ :–

ਵੈਦਾ ਵੈਦੁ ਸੁਵੈਦ ਤੂੰ ਪਹਿਲਾਂ ਰੋਗ ਪਛਾਣੁ।
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾਂ ਘਾਣਿ।
ਜਿਤ ਦਾਰੂ ਰੋਗ ਉਠਿਅਹਿ ਤਨਿ ਸੁਖ ਵਸੈ ਆਇ।
ਰੋਗ ਗਵਾਇ ਆਪਣਾ ਤ ਨਾਨਕ, ਵੈਦ ਸਦਾਇ॥

ਜਨਮ ਸਾਖੀਆਂ ਆਦਿ ਵਿਚ ਇਹ ਸਲੋਕ ਗੁਰ ਨਾਨਕ ਦੇਵ



Sri Satguru Jagjit Singh Ji Elibrary NamdhariElibrary@gmail.com

ਦਾ ਕਰਕੇ ਦਿੱਤਾ ਹੈ, ਅਤੇ ਆਮ ਸਿਖ ਵੀ ਇਹੋ ਮਨਦੇ ਹਨ, ਪਰ ਰਾਗ ਮਲਾਰ ਦੀ ਵਾਰ ਵਿਚ ਏਸਨੂੰ ਦੂਜੇ ਗੁਰੂ ਦਾ ਕਰਕੇ ਦਿੱਤਾ ਹੈ।

ਹੋਰ ਭੀ ਕਈ ਸਲੋਕ ਏਸੇ ਤਰ੍ਹਾਂ ਹਨ। ਹੇਠਾਂ ਅਸੀਂ ਕੁਝ ਕੁ ਸਲੋਕ ਦੂਜੇ ਗੁਰੂ ਦੇ ਦੇਂਦੇ ਹਾਂ. ਆਪ ਵੇਖੋਗੇ ਕਿ ਪਹਿਲੀ ਪਾਤਸ਼ਾਹੀ ਦੀ ਰਚਨਾ ਨਾਲ ਓਹ ਕਿਤੇ ਮਿਲਦੇ ਹਨ, ਮੁਹਾਵਰਾ, ਬਣਤ, ਲਿਖਣ-ਢੰਗ ਸਭ ਗੁਰੂ ਨਾਨਕ ਦੇ ਹਨ, ਜੇ ਗਰੰਥ ਸਾਹਿਬ ਵਿਚ ਇਹਨਾਂ ਸਲੋਕਾਂ ਦੇ ਨਾਲ 'ਮਹਲਾ ੨' ਨਾ ਲਿਖਿਆ ਹੋਵੇ ਤਦ ਓਹਨਾਂ ਨੂੰ ਅਸੀਂ ਗੁਰੂ ਨਾਨਕ ਦੇਵ ਦੇ ਹੀ ਸਮਝੀਏ।

ਵਾਰ ਸਿਰੀ ਰਾਗ ਵਿਚ ਕਹਿੰਦੇ ਹਨ:-

ਜਿਸ ਪਿਆਰੇ ਸਿਉ ਨਿਹ ਤਿਸ ਆਗੈ ਮਰ ਚਲੀਐ।
ਧ੍ਰਿਗ ਜੀਵਣੁ ਸੰਸਾਰਿ ਤਾਕੈ ਪਾਛੈ ਜੀਵਣਾ ॥੨॥੩॥

ਜਦ ਗੁਰੂ ਨਾਨਕ ਦੇਵ ਦੇ ਜੋਤਿਜੋਤ ਸਮਾਣ ਦੀ ਖ਼ਬਰ ਸੁਣੀ ਤਦ ਵੈਰਾਗ ਵਿਚ ਇਹ ਕਿਹਾ ਸੀ। ਫੇਰ ਆਖਦੇ ਹਨ, ਵਾਰ ਮਾਝ ਵਿਚ:-

ਦੀਖਿਆ ਆਖਿ ਬੁਝਾਇਆ, ਸਿਫਤੀ ਸਚਿ ਸਮੇਉ।
ਤਿਨ ਕਉ ਕਿਆ ਉਪਦੇਸੀਐ,
ਜਿਨ ਗੁਰੁ ਨਾਨਕ ਦੇਉ ॥ ੧ ॥ ੨੭ ॥

ਇਹਨਾਂ ਤੋਂ ਆਪਦੀ ਗੁਰੂ ਭਗਤੀ ਦਿਸਦੀ ਹੈ, ਅਗ ਵਾਰ ਮਾਂਝ ਵਿਚ ਆਉਂਦਾ ਹੈ:-

(੧) ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰ ਦੀਜੈ ਡਾਰਿ।



Sri Satguru Jagjit Singh Ji Elibrary NamdhariElibrary@gmail.com

ਨਾਨਕ ਜਿਸ ਪਿੰਜਰ ਮਹਿ ਬਿਰਹਾ ਨਹੀਂ
ਸੋ ਪਿੰਜਰ ਲੈ ਜਾਰਿ ॥ ੧ ॥ ੧੫ ॥ [ਸ੍ਰੀ ਰਾਗ

(੨) ਸੇਈ ਪੂਰੇ ਸ਼ਾਹ ਜਿਨੀ ਪੂਰਾ ਪਾਇਆ।
ਅਠੀਂ ਵੇ ਪਰਵਾਰ ਰਹਿਨ ਇਕਤੈ ਰੰਗ ॥ ੨ ॥ ੧੭ ॥

(੩) ਦੇਂਦੇ ਥਾਵਹੁ ਦਿੱਤਾ ਚੰਗਾ, ਮਨਮੁਖ ਐਸਾ ਜਾਣੀਐ।
ਸੁਰਤਿ ਮਤਿ ਚਤੁਰਾਈ ਤਾਕੀ ਕਿਆ ਕਰਿ ਆਖਿ ਵਖਾਣੀਐ।
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ।
ਜੋ ਧਰਮ ਕਮਾਵੈ ਤਿਸ ਧਰਮੀ ਨਾਓ ਹੋਵੈ,
ਪਾਪ ਕਮਾਣੈ ਪਾਪੀ ਜਾਣੀਐ ॥ ੨੧ ॥

(੪) ਅਖੀਂ ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ।
ਪੈਰਾਂ ਬਾਝਹੁ ਚਲਣਾ, ਵਿਣੁ ਹਥਾਂ ਕਰਣਾ।
ਜੀਭੈ ਬਾਝੌਂ ਬੋਲਣਾ, ਇਉ ਜੀਵਤ ਮਰਣਾ।
ਨਾਨਕ ਹੁਕਮ ਪਛਾਣਿਕੈ ਤਉ ਖਸਮੈ ਮਿਲਣਾ ॥ ੧॥੩॥

(੫) ਓਥੈ ਪਾਪੁ ਪੁੰਨੁ ਬੀਚਾਰੀਐ ਕੂੜੇ ਘਟੈ ਰਾਸਿ।
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ।
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥੧॥੧੮॥

(੬) ਆਖਣੁ ਆਖ ਨ ਰਜਿਆ, ਸੁਨਣ ਨ ਰਜੇ ਕੰਨ।
ਅਖੀਂ ਦੇਖ ਨ ਰਜੀਆਂ, ਗੁਣ ਗਾਹਕ ਇਕ ਵੰਨ।
ਭੁਖਿਆ ਭੁਖ ਨ ਉਤਰੈ, ਗਲੀ ਭੁਖ ਨ ਜਾਇ।
ਨਾਨਕ ਭੁਖਾ ਤਾਂ ਰਜੈ, ਜਾ ਗੁਣ ਕਹਿ ਗੁਣੀ ਸਮਾਇ ॥੨॥੧੯॥

(੭) ਦੁਹਾ ਸਿਰਿਆਂ ਆਪੇ ਖਸਮ ਵੇਖੈ ਕਰਿ ਵਿਉਪਾਇ।
ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ ॥੧॥੨੨॥

(੮) ਅਗੀ ਪਾਲਾ ਕਿ ਕਰੇ, ਸੂਰਜ ਕੇਹੀ ਰਾਤਿ।
ਚੰਦ ਅਨੇਰਾ ਕਿ ਕਰੇ, ਪਉਣ ਪਾਣੀ ਕਿਆ ਜਾਤਿ।
ਧਰਤੀ ਚੀਜੀ ਕਿ ਕਰੇ, ਜਿਸੁ ਵਿਚਿ ਸਭ ਕਿਛ ਹੋਇ।



Sri Satguru Jagjit Singh Ji Elibrary NamdhariElibrary@gmail.com

ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥ ੨੬ ॥

ਰਾਗ ਆਸਾ ਦੀ ਵਾਰ ਵਿਚੋਂ :-

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆ, ਗੁਰ ਬਿਨੁ ਘੋਰ ਅੰਧਾਰ ॥
ਇਹੁ ਜਗੁ ਸਚੈ ਕੀ ਕੋਠੜੀ, ਸਚੇ ਕਾ ਵਿਚਿ ਵਾਸੁ ।
ਇਕਨਾ ਹੁਕਮਿ ਸਮਾਇ ਲਏ, ਇਕਨਾ ਹੁਕਮੇ ਹੋਇ ਵਿਣਾਸੁ ।
ਇਕਨਾ ਭਾਣੈ ਕਢਿ ਲਏ, ਇਕਨਾ ਮਾਇਆ ਵਿਚ ਨਿਵਾਸੁ ।
ਏਵ ਭੀ ਆਖਿ ਨ ਜਾਪਈ, ਜਿ ਕਿਸੈ ਆਣੈ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾਕਉ ਆਪਿ ਕਰੇ ਪਰਗਾਸੁ ॥ ੩ ॥
ਹਉਮੈ ਇਹਾ ਜਾਤਿ ਹੈ, ਹਉਮੈ ਕਰਮ ਕਮਾਹਿ ।
ਹਉਮੈ ਏਈ ਬੰਧਨਾ, ਫਿਰਿ ਫਿਰਿ ਜੋਨੀ ਪਾਹਿ ।
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ।
ਹਉਮੈ ਏਹੋ ਹੁਕਮੁ ਹੈ, ਪਇਐ ਕਿਰਤਿ ਫਿਰਾਹਿ ।
ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ ।
ਕਿਰਪਾ ਕਰੇ ਜੇ ਆਪਣੀ ਤਾਂ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥
ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਹਮਣਹ ।
ਖਤ੍ਰੀ ਸਬਦੰ ਸੂਰ ਸਬਦੰ, ਸੂਦ੍ਰ ਸਬਦੰ ਪ੍ਰਾਕ੍ਰਿਤਹ ।
ਸਰਬ ਸਬਦੰ ਏਕ ਸਬਦੰ, ਜੇ ਕੋ ਜਾਣੈ ਭੇਉ ।
ਨਾਨਕ ਤਾ ਕਾ ਦਾਸੁ ਹੈ, ਸੋਈ ਨਿਰੰਜਨ ਦੇਉ ।
ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ।
ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ।
ਨਾਨਕ ਤਾਕਾ ਦਾਸੁ ਹੈ, ਸੋਈ ਨਿਰੰਜਨ ਦੇਉ ॥ ੧੨ ॥
ਇਹ ਕਨੇਹੀ ਆਸਕੀ, ਦੂਜੈ ਲਗੈ ਜਾਇ ।
ਨਾਨਕ ਆਸਕ ਕਾਂਢੀਐ ਸਦ ਹੀ ਰਹੈ ਸਮਾਇ ।



Sri Satguru Jagjit Singh Ji Elibrary NamdhariElibrary@gmail.com

ਚੰਗੇ ਚੰਗਾ ਕਰਿ ਮੰਨੇ, ਮੰਦੇ ਮੰਦਾ ਹੋਇ।
ਆਸਕ ਇਹ ਨ ਆਖੀਐ, ਜੇ ਲੇਖੈ ਵਰਤੈ ਸੋਇ॥
ਸਲਾਮੁ ਜਵਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ।
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥ ੨੧॥
ਚਾਕਰੁ ਲਗੈ ਚਾਕਰੀ, ਨਾਲੇ ਗਾਰਬੁ ਵਾਦੁ।
ਗਲਾਂ ਕਰੇ ਘਣੇਰੀਆਂ, ਖਸਮ ਨ ਪਾਏ ਸਾਦੁ।
ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਇਮਾਨੁ।
ਨਾਨਕ ਜਿਸਨੋ ਲਗਾ ਤਿਸੁ ਮਿਲੈ, ਲਗਾ ਸੋ ਪਰਵਾਨੁ॥
ਜੋ ਜੀਏ ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ।
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਇਹੁ ਨਿਆਉ।
ਹੋਇ ਇਆਨਾ ਕਰੇ ਕੰਮੁ ਆਣਿ ਨ ਸਕੈ ਰਾਸਿ।
ਜੇ ਇਕ ਅਧ ਚੰਗੀ ਕਰੇ, ਦੂਜੀ ਭੀ ਵੇ ਰਾਸਿ॥ ੨੨॥
ਇਹ ਕਿਨੇਹੀ ਦਾਤਿ, ਆਪਸ ਤੇ ਜੋ ਪਾਈਐ।
ਨਾਨਕ ਸਾ ਕਰਮਾਤਿ, ਸਾਹਿਬ ਤੁਠੈ ਜੋ ਮਿਲੈ।
ਇਹ ਕਿਨੇਹੀ ਚਾਕਰੀ, ਜਿਤੁ ਭਉ ਖਸਮ ਨ ਜਾਇ।
ਨਾਨਕ ਸੇਵਕੁ ਕਾਢੀਐ, ਜਿ ਸੇਤੀ ਖਸਮ ਸਮਾਇ॥ ੨੩॥
ਆਪੇ ਸਾਜੇ ਕਰੇ ਆਪਿ, ਜਾਈ ਭੀ ਰਖੈ ਆਪਿ॥
ਤਿਸੁ ਵਿਚਿ ਜੰਤ ਉਪਾਇ ਕੈ, ਦੇਖੈ ਥਾਪ ਉਥਾਪਿ।
ਕਿਸਨੋ ਕਹੀਐ ਨਾਨਕਾ, ਸਭੁ ਕਿਛੁ ਆਪੇ ਆਪ॥ ੨੪॥

ਰਾਗ ਵਡਹੰਸ ਦੀ ਵਾਰ ਵਿਚੋਂ :-

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ।
ਜਹਾਂ ਦਾਨੇ ਤਹਾਂ ਖਾਣੇ ਨਾਨਕਾ ਸਚੁ ਇਹ

ਰਾਗ ਸੂਹੀ ਦੀ ਵਾਰ ਵਿਚੋਂ :-

ਬਧਾ ਚਟੀ ਜੋ ਭਰੇ, ਨਾ ਗੁਣ ਨਾ ਉਪਕਾਰੁ।
ਸੇਤੀ ਖੁਸੀ ਸਵਾਰੀਐ, ਨਾਨਕ ਕਾਰਜ ਸਾਰੁ॥੭॥



Sri Satguru Jagjit Singh Ji Elibrary NamdhariElibrary@gmail.com

ਤੁਰਦੇ ਕਉ ਜੀਵਤਾ ਮਿਲੈ, ਉਡਤੇ ਕਉ ਉਡਤਾ ।
ਜੀਵਤੇ ਕਉ ਜੀਵਤਾ ਮਿਲੈ, ਮੂਏ ਕਉ ਮੂਆ ॥
ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥ ੮ ॥
ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕ ਤੂ ।
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ।
ਜਾਂ ਸੁਖ ਤਾ ਸਹੁ ਰਾਵਿਓ, ਦੁਖਿ ਭੀ ਸੰਮ੍ਹਲਿਓਈ ।
ਨਾਨਕ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥ ੨੦ ॥

ਰਾਗ ਰਾਮਕਲੀ ਦੀ ਵਾਰ ਵਿਚੋਂ :-

ਨਾਨਕ ਅੰਧਾ ਹੋਇਕੈ, ਰਤਨਾ ਪਰਖਣ ਜਾਇ ।
ਰਤਨਾ ਕੇਰੀ ਗੁਥਲੀ, ਰਤਨੀ ਖੋਲੀ ਆਇ ।
ਵਖਰ ਤੈ ਵਣਜਾਰਿਆ, ਦੁਹਾ ਰਹੀ ਸਮਾਇ ।
ਜਿਨ ਗੁਣੁ ਪਲੈ ਨਾਨਕਾ, ਮਾਨਕ ਵਣਜਹਿ ਸੇਇ ।
ਰਤਨਾ ਸਾਰ ਨ ਜਾਣਨੀ, ਅੰਧੇ ਵਤਹਿ ਲੋਇ ॥ ੧੫ ॥
ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ।
ਹੋਇ ਸੁਜਾਖਾ ਨਾਨਕਾ, ਸੋ ਕਿਉ ਉਝੜਿ ਪਾਇ ॥
ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ ।
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ।

ਰਾਗ ਮਾਰੂ ਦੀ ਵਾਰ ਵਿਚੋਂ :-

ਆਪੇ ਜਾਣੈ ਆਪਿ ਆਪੇ ਆਣੈ ਰਾਸਿ ।
ਤਿਸੈ ਅਗੈ ਨਾਨਕਾ, ਖਲਿਇ ਕੀਚੈ ਅਰਦਾਸਿ ।

ਰਾਗ ਸਾਰੰਗ ਦੀ ਵਾਰ ਵਿਚੋਂ :-

ਗੁਰ ਕੁੰਜੀ ਪਾਹੂ ਨਿਵਲੁ, ਮਨੁ ਕੋਠਾ ਤਨੁ ਛਤਿ ।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ,
ਅਵਰ ਨ ਕੁੰਜੀ ਹਥਿ ॥ ੧ ॥
ਆਪਿ ਉਪਾਏ ਨਾਨਕਾ, ਆਪੇ ਰਖੈ ਵੇਕ ।



Sri Satguru Jagjit Singh Ji Elibrary NamdhariElibrary@gmail.com

ਮੰਦਾ ਕਿਸਨੋ ਆਖੀਐ ਜਾਂ ਸਭਨਾ ਸਾਹਿਬੁ ਏਕ ॥
ਵਸਤੁ ਲਈ ਵਣਜਾਰਈ, ਵਖਰੁ ਬਧਾ ਪਾਇ।
ਕੇਈ ਲਾਹਾ ਲੈ ਚਲੇ, ਇਕਿ ਚਲੇ ਮੂਲੁ ਗਵਾਇ।
ਜਿਹਾ ਚੀਰੀ ਲਿਖਿਆ; ਤੇਹਾ ਹੁਕਮੁ ਕਮਾਹਿ।
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥
ਕਥਾ ਕਹਾਣੀ ਬੇਦੀਂ ਆਣੀ ਪਾਪ ਪੁੰਨੁ ਬੀਚਾਰੁ।
ਦੇ ਦੇ ਲੈਣਾ, ਲੈ ਲੈ ਦੇਣਾ, ਨਰਕਿ ਸੁਰਗਿ ਅਵਤਾਰ।
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ।
ਜੈਸਾ ਕਰੇ ਕਹਾਵੈ ਤੈਸਾ ਐਸੀ ਬਨੀ ਜਰੂਰਤਿ।
ਹੋਵਹਿ ਲਿੰਙ, ਝਿੰਙ ਨ ਹੋਵਹਿ ਐਸੀ ਕਹੀਐ ਸੂਰਤ।
ਜੋ ਉਸ ਇਛੇ ਸੋ ਫਲੁ ਪਾਇ ਤਾਂ ਨਾਨਕ ਕਹੀਐ ਮੂਰਤਿ ॥੨੦॥

ਰਾਗ ਮਲਾਰ ਦੀ ਵਾਰ ਵਿਚੋਂ :-

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ।
ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ਹ ਅਵਰੀ ਲਾਗਾ ਨੇਹੁ।
ਸਾਵਣ ਆਇਆ ਹੇ ਸਖੀ ਜਲਹਰ ਬਰਸਨ ਹਾਰੁ।
ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ਹ ਸਹ ਨਾਲ ਪਿਆਰ ॥੪॥
ਨਾਓ ਫਕੀਰੈ ਪਾਤਿਸ਼ਾਹੁ, ਮੂਰਖ ਪੰਡਿਤੁ ਨਾਓ।
ਅੰਧੇ ਕਾ ਨਾਓ ਪਾਰਖੁ, ਏਵੈ ਕਰੇ ਗੁਆਉ।
ਇਲੱਤੀ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ* ॥੨੨॥
ਨਾਨਕ ਦੁਨੀਆਂ ਕੀਆਂ ਵਡਿਆਈਆਂ ਅਗੀਂ ਸੇਤੀ ਜਾਲਿ।
ਏਨੀ ਜਲੀਈਂ ਨਾਮ ਵਿਸਾਰਿਆ ਇਕ ਨ ਚਲੀਆ ਨਾਲਿ॥

## ੨-ਸ਼ਲੋਕ ਮਰਦਾਨਾ।

ਰਾਗ ਬਿਹਾਗੜਾ ਵਿਚ ਦੋ ਬੰਦ ਸਲੋਕਾਂ ਦੇ ਭਾਈ ਮਰਦਾਨਾ ਦੇ

*ਚੋਰ ਉਚੱਕ ਚਉਧਰੀ, ਗੁੰਡੀ ਰਨ ਪ੍ਰਧਾਨ ॥



Sri Satguru Jagjit Singh Ji Elibrary NamdhariElibrary@gmail.com

ਨਾਮ ਪੁਰ ਭੀ ਦਿਤੇ ਹਨ, ਜਿਨ੍ਹਾਂ ਵਿਚ ਮੰਡੇ, ਤਰਦੇ ਘਿਉ, ਤੇ ਮਾਸ ਦੀਆਂ ਉਪਮਾਆਂ ਧਿਆਨ ਕਰਨ ਯੋਗ ਹਨ। ਇਹ ਉਪਮਾਆਂ ਸਲੋਕਾਂ ਨੂੰ ਮਰਦਾਨੇ ਦੇ ਦਸਦੀਆਂ ਹਨ, ਜਿਸ ਦਾ ਮਿਰਾਸੀਆਂ ਵਾਲਾ ਲਾਲਚੀ ਸੁਭਾ ਇਹਨਾਂ ਤੋਂ ਨਜ਼ਰ ਆਉਂਦਾ ਹੈ। ਜਾਂ ਗੁਰੂ ਬਾਬਾ ਨੇ ਉਸ ਦਾ ਮਖੌਲ ਉਡਾਇਆ ਹੈ, ਕਿਉਂ ਜੋ ਸਫ਼ਰਾਂ ਵਿਚ ਗੁਰੂ ਸਾਹਿਬ ਨੂੰ ਤਾਂ ਜੇ ਕਿਤੇ ਰੋਟੀ ਨਾ ਮਿਲੇ, ਤਦ ਚਨੇਂ ਚਬਕੇ ਵੀ (ਜੋ ਸਦਾ ਉਹਨਾਂ ਦੇ ਪਲੇ ਬਧੇ ਰਹਿੰਦੇ ਸਨ) ਗੁਜ਼ਾਰਾ ਕਰ ਲੈਂਦੇ ਸਨ, ਪਰ ਮਰਦਾਨੇ ਦੀ ਸ਼ਿਕਾਇਤ, 'ਭੁਖੇ ਮਰ ਗਏ', 'ਗੋਰ ਖਫਨੋਂ ਭੀ ਗਏ' ਸਦਾ ਲਗੀ ਰਹਿੰਦੀ ਸੀ॥

ਸਲੋਕ ਮਰਦਾਨਾ ੧।

ਕਲਿ* ਕਲਵਾਲੀ, ਕਾਮ ਮਦੁ, ਮਨੂਆ ਪੀਵਣਹਾਰ।
ਕ੍ਰੋਧ ਕਟੋਰੀ ਮੋਹਿ ਭਰੀ, ਪੀਲਾਵਾ ਅਹੰਕਾਰੁ।
ਮਜਲਸ ਕੂੜੇ ਲਬ ਕੀ, ਪੀ ਪੀ ਹੋਇ ਖੁਆਰੁ।
ਕਰਣੀ ਲਾਹਣਿ, ਸਤ ਗੁੜ, ਸਚ ਸ਼ਰਾ ਕਰਿ ਸਾਰੁ।
ਗੁਣ ਮੰਡੇ ਕਰਿ, ਸੀਲ ਘਿਉ, ਸ਼ਰਮ ਮਾਸ ਆਹਾਰੁ।
ਗੁਰਮੁਖਿ ਪਾਈਐ, ਨਾਨਕਾ! ਖਾਧੈ ਜਾਹਿ ਬਿਕਾਰ॥ ੧॥

ਸਲੋਕ ਮਰਦਾਨਾ ੧।

ਕਾਇਆ ਲਾਹਣਿ ਆਪੁ ਮਦੁ, ਮਜਲਸ ਤ੍ਰਿਸਨਾ ਧਾਤੁ।
ਮਨਸਾ ਕਟੋਰੀ ਕੂੜਿ ਭਰੀ, ਪੀਲਾਏ ਜਮ ਕਾਲੁ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।
ਗਿਆਨੁ ਗੁੜੁ, ਸਾਲਾਹ ਮੰਡੇ ਭਉ ਮਾਸ ਆਹਾਰੁ।
ਨਾਨਕ ਇਹੁ ਭੋਜਨੁ ਸਚੁ ਹੈ, ਸਚੁ ਨਾਮੁ ਆਧਾਰੁ॥ ੨॥
ਕਾਂਯਾ ਲਾਹਣਿ, ਆਪੁ ਮਦੁ, ਅੰਮ੍ਰਿਤ ਤਿਸ ਕੀ ਧਾਰ।

---

*'ਕਲੀ' ਦੇ ਅਰਥ ਕੁਝ ਹੋਰ ਹੀ ਹੋਣਗੇ, ਨਹੀਂ ਤਾਂ ਤੁਮਾਕੂ ਹਾਲੀ ਹਿੰਦੁਸਤਾਨ ਵਿਚ ਨਹੀਂ ਸੀ ਆਇਆ।



Sri Satguru Jagjit Singh Ji Elibrary NamdhariElibrary@gmail.com

ਸਤ ਸੰਗਤਿ ਸਿਉ ਮੇਲਾਪੁ ਹੋਇ, ਲਿਵ ਕਟੋਰੀ ਅਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ ॥੩॥

ਦੋਹਾਂ ਸਲੋਕਾਂ ਦੇ ਸਿਰਨਾਵੇਂ ਵਿਚ '੧' ਦਾ ਅੰਕ ਲਿਖਿਆ ਹੈ, ਭਾਵੇਂ 'ਮਹਲਾ ੧' ਨਹੀਂ ਲਿਖਿਆ, ਸੋ ਇਸ ਤੋਂ ਕੀ ਸਮਝੀਏ ? ਇਹੀ ਕਿ '੧' ਰਚਨਾ ਜਾਂ ਬੰਦ ਦੀ ਗਿਣਤੀ ਦਸਦਾ ਹੈ।

## ਜ਼ਮੀਮਾ ਚਉਥਾ

# ਨਾਮਦੇਵ ਦੀ ਬਾਣੀ

ਨਾਮਦੇਵ ਜੀ ਦੀ ਬਾਣੀ ਇਕ ਮਰਹਟੇ ਵਿਦਵਾਨ ਨੇ ਮਿਹਨਤ ਨਾਲ ਅਤੇ ਚੋਖਾ ਖ਼ਰਚ ਕਰਕੇ ਜਿਤਨੀ ਉਸਨੂੰ ਮਿਲ ਸਕੀ ਹੈ, ਇਕ ਕਿਤਾਬ 'ਨਾਮਦੇਵ ਗਾਥਾ' ਵਿਚ ਇਕਠੀ ਕੀਤੀ ਹੈ। ਇਸ ਵਿਚ ਉਸਦੇ ੨੫੦੦ ਤੋਂ ਵਧੀਕ ਮਰਹਟੀ ਅਭੰਗ ਅਤੇ ਕੋਈ ੧੧੦ ਹਿੰਦੀ ਪਦੇ ਹਨ, ਜਿਨ੍ਹਾਂ ਵਿਚੋਂ ਕੋਈ ੬੪ ਪਦੇ ਗ੍ਰੰਥ ਸਾਹਿਬ ਵਿਚੋਂ ਲਏ ਹਨ। ਇਹਨਾਂ ਤੋਂ ਵਖ ਹੋਰ ਅਭੰਗ ਨਾਮਦੇਵ ਦੇ ਸਮਕਾਲੀ ਸਾਧੂਆਂ ਅਤੇ ਉਸ ਤੋਂ ਪਿਛੋਂ ਹੋਏ ਲੋਕਾਂ ਦੇ ਵੀ ਦਿਤੇ ਹਨ; ਜਿਨ੍ਹਾਂ ਦਾ ਨਾਮਦੇਵ ਦੇ ਜੀਵਨ ਨਾਲ ਵਾਸਤਾ ਹੈ।

ਜਿਤਨੇ ਅਭੰਗ ਨਾਮਦੇਵ ਦੇ ਆਪਣੇ ਰਚਿਤ ਦਸੇ ਗਏ ਹਨ, ਉਹ ਸਭ ਉਸਦੇ ਨਹੀਂ। ਕੁਝ ਅਜਿਹੇ ਭੀ ਹਨ ਜੋ ਨਾਮਦੇਵ ਦੇ ਨਾਮ ਪੁਰ ਹੋਰ ਲੋਕਾਂ ਦੇ ਬਣਾਏ ਹੋਏ ਹਨ। 'ਨਾਮਦੇਵ ਗਾਥਾ' ਇਕੱਠਾ ਕਰਨ ਵਾਲੇ ਨੇ ਇਹ ਛਾਂਟ ਕਰਨ ਦਾ ਜਤਨ ਨਹੀਂ ਕੀਤਾ, ਅਤੇ ਚੰਗਾ ਕੀਤਾ ਹੈ। ਮੈਂ ਜਦ ਇਹ ਵੱਡਾ ਸਾਰਾ ਗ੍ਰੰਥ ਮਰਹਟੀ ਦਾ ਪੜ੍ਹ ਰਿਹਾ ਸਾਂ, ਤਦ ਕਈ ਇਕ ਅਜਿਹੇ ਅਭੰਗ ਵਿਚੋਂ ਚੁਣਕੇ ਇਕ ਪਰਸਿਧ ਮਰਹਟੇ ਵਿਦਵਾਨ



Sri Satguru Jagjit Singh Ji Elibrary NamdhariElibrary@gmail.com

ਨੂੰ ਵਿਖਾਏ, ਅਤੇ ਆਪਣੇ ਸ਼ੰਕੇ ਓਹਨਾਂ ਨੂੰ ਦਸੇ, ਜਿਸ ਪਰ ਓਹਨਾਂ ਨੇ ਮਨ ਲਿਆ ਕਿ ਜੋ ਅਭੰਗ ਦਿਖਾਏ ਗਏ ਸਨ, ਉਹ ਨਾਮਦੇਵ ਦੇ ਨਹੀਂ ਹੋ ਸਕਦੇ। ਏਸ 'ਨਾਮਦੇਵ ਗਾਥਾ' ਦਾ ਪਹਿਲਾ ਅਧਾ ਹਿੱਸਾ, ੧੯੦੫ ਦੇ ਕ੍ਰੀਬ ਮਰਹਟੀ ਜ਼ਬਾਨ ਦੇ ਐਮ. ਏ. ਲਈ ਕੋਰਸ ਸੀ, ਅਤੇ ਉਹੋ ਵਿਦਵਾਨ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ, ਪ੍ਰੀਖਿਅਕ ਸਨ। ਸੋ ਉਹਨਾਂ ਨੇ ਜਦ ਧਿਆਨ ਨਾਲ ਇਹ ਕਿਤਾਬ ਪੜ੍ਹੀ ਤਾਂ ਬਹੁਤ ਸਾਰੇ ਹੋਰ ਬਨਾਵਟੀ ਅਭੰਗ ਕਢੇ, ਜੋ ਨਾਮਦੇਵ ਦੇ ਨਹੀਂ ਸਨ।

ਵਾਧੂ ਹਿੰਦੀ ਪਦਿਆਂ ਦੇ ਨਮੂਨੇ ਜੋ ਮੇਰੀ ਲਿਖੀ ਕਿਤਾਬ 'ਭਗਤ ਨਾਮਦੇਵ ਦਾ ਜੀਵਨ ਚਰਿਤ੍ਰ' ਵਿਚ ਦਿਤੇ ਹਨ, ਇਸ ਤਰ੍ਹਾਂ ਪੁਰ ਹਨ :-

(੧) ਸਥਾਵਰ ਜੰਗਮ ਕੀਟ ਪਤੰਗਾ।
ਸਤਜ ਰਾਮ ਸਭ ਹੀ ਕੇ ਸੰਗਾ।
ਭਣਤ ਨਾਮਦੇਵ ਜੀਵਨ ਰਾਮਾ।
ਆਨਦੇਵ ਫੋਕਟ ਬੇ ਕਾਮਾ॥ [ਨਾਮਦੇਵ ਗਾਥਾ ੨੪੧੯।

(੨) ਤੀਰਥ ਦੇਖਨ ਜਲਮੇ ਬੂਡਨ ਜੀਆ ਜੰਤ ਨਹ ਸੰਤਾ ਵੇਗੋ।
ਅਠਸਠ ਤੀਰਥ ਗੁਰੂ ਦਿਖਾਏ, ਘਟ ਹੀ ਭੀਤਰ ਨ੍ਹਾਵੇਗੋ।
ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ।
ਨਾਰਾਇਣ ਸੇ ਪ੍ਰਸੰਨ ਹੋਏ ਤੋ ਸੇਵਕ ਨਾਮਾ॥ [ਗਾਥਾ ੨੪੦੮

'ਗਾਥਾ' ਵਿਚ ਹੋਰ ਪਦੇ ਏਹਨਾਂ ਨੰਬਰਾਂ ਪੁਰ ਦੇਖੇ ਜਾ ਸਕਦੇ ਹਨ :-
੨੪੧੨, ੨੪੦੯, ੨੪੫੦, ਆਦਿ॥



Sri Satguru Jagjit Singh Ji Elibrary NamdhariElibrary@gmail.com

# ਜ਼ਮੀਮਾ ਪੰਜਵਾਂ

# ਸ਼ੇਖ਼ ਫ਼ਰੀਦ ਦੀ ਬਾਣੀ

'ਅਰਸ਼ਾਦਾਤਿ ਫ਼ਰੀਦੀ' ਨਾਮ ਦੀ ਇਕ ਕਿਤਾਬ ਉਰਦੂ ਵਿਚ ਸੰਨ ੧੯੨੭ ਵਿਚ ਛਪੀ ਸੀ, ਅਤੇ ਫ਼ਾਰਸੀ ਅਖਰਾਂ ਰਾਹੀਂ ਇਹ ਪੰਜਾਬੀ ਦੇ ਇਮਤਿਹਾਨਾਂ ਲਈ ਕੋਰਸ ਹੈ। ਇਸ ਦੇ ਕਰਤਾ ਪੀਰ ਮੁਹਮਦ ਹੁਸੈਨ ਸ਼ਾਹ ਸਾਹਿਬ ਸਾਲਿਸ, ਔਲਾਦ ਬਾਬਾ ਫ਼ਰੀਦ, ਪਾਕਪਟਨ ਵਾਲੇ ਹਨ। ਇਸ ਵਿਚ ਗ੍ਰੰਥ ਸਾਹਿਬ ਵਿਚੋਂ ਬਾਬਾ ਫ਼ਰੀਦ ਦੀ ਬਾਣੀ ਅਰਥਾਤ ਸ਼ਲੋਕ ਅਤੇ ਰਾਗ ਸੂਹੀ ਤੇ ਆਸਾ ਵਿਚ ਦਿਤੇ ਸ਼ਬਦ, ਨਕਲ ਕਰ ਕੇ ਕੁਝ ਹੋਰ ਸ਼ਲੋਕ ਬਾਹਰੋਂ ਵੀ ਵਧਾਏ ਹਨ। ਤਰਜੁਮਾ ਉਰਦੂ ਵਿਚ ਕਰਕੇ ਨਾਲ ਹੀ ਬੜੀ ਲਮੀ ਟੀਕਾ ਹਰ ਸ਼ਲੋਕ ਤੇ ਸ਼ਬਦ ਦੀ ਦਿਤੀ ਹੈ, ਅਤੇ ਪ੍ਰੋੜ੍ਹਤਾ ਲਈ ਨਾਲੋ ਨਾਲ ਕੁਰਾਨ ਸ਼ਰੀਫ਼ ਦੀ ਆਇਤਾਂ ਅਤੇ ਹਦੀਸਾਂ ਵਿਚੋਂ ਪ੍ਰਮਾਣ ਦਿਤੇ ਹਨ।

ਬਾਬਾ ਫਰੀਦ ਦੇ ਸਲੋਕਾਂ ਨਾਲ ਰਲਾਕੇ ਜੋ ਸਲੋਕ ਗੁਰੂ ਨਾਨਕ ਦੇਵ ਦੇ, ਤੇ ਗੁਰੂ ਅਮਰਦਾਸ, ਅਤੇ ਗੁਰੂ ਅਰਜਨ ਦੇਵ ਦੇ ਗ੍ਰੰਥ ਸਾਹਿਬ ਵਿਚ ਲਿਖੇ ਹਨ, ਉਹਨਾਂ ਨੂੰ ਇਸ ਕਿਤਾਬ ਵਿਚ 'ਮਹਲਾ' ਸਮੇਤ ਦਿਤਾ* ਤਾਂ ਹੈ, ਪਰ ਤਰਜੁਮਾ ਕਰਨ ਵੇਲੇ ਓਹਨਾਂ ਨੂੰ ਵੀ ਸ਼ੇਖ ਫ਼ਰੀਦ ਦੇ ਹੀ ਮਨ

---

* ਜਿਸ ਤਰ੍ਹਾਂ, ਫ਼ਰੀਦਾ ਭੂਮ ਰੰਗਾਵਲੀ; ਫ਼ਰੀਦਾ ਉਮਰ ਸੁਹਾਵੜੀ; ਫ਼ਰੀਦ ਗਰਬ ਜਿਨ ; ਫ਼ਰੀਦਾ ਕੰਤ ਰੰਗਾਵਲਾ; ਫ਼ਰੀਦ ਦੁਖ ਸੁਖ ਇਕ ਕਰ, ਫ਼ਰੀਦਾ ਦੁਨੀ ਵਜਾਈ ਵਜਦੀ। ਸਬਬ ਇਹ ਦਿਸਦਾ ਹੈ ਕਿ ਫ਼ਰੀਦ ਦੇ ਕਲਾਮ ਵਿਚ ਕੁਝ,ਸਿਹਤ ਕੋਈ ਹੋਰ ਕਰ ਸਕੇ, ਇਹ ਗਲ ਕਰਤਾ ਮਨ ਨਹੀਂ ਸਕਦਾ ਸੀ ॥



Sri Satguru Jagjit Singh Ji Elibrary NamdhariElibrary@gmail.com

ਲਿਆ ਹੈ*, ਅਤੇ ਤਰਜੁਮਾ ਤੇ ਟੀਕਾ ਓਹਨਾਂ ਦੇ ਭੀ, ਪਹਿਲਾਂ ਵਾਂਗ, ਕੁਰਾਨ ਅਤੇ ਹਦੀਸਾਂ ਦੇ ਪ੍ਰਮਾਣਾਂ ਤੇ ਹਵਾਲਿਆਂ ਸਮੇਤ ਦਿਤੇ ਹਨ। ਇਕ ਦੋ ਜਗਹ 'ਮੁਹਲਾ' ਪਦ ਨਹੀਂ† ਵੀ ਦਿੱਤਾ ਅਤੇ ਤਿੰਨ ਚਾਰ ਜਗਾ ਪਰ ਜਿਥੇ ਲਫ਼ਜ਼ 'ਨਾਨਕ' ਆਉਂਦਾ ਹੈ, ਉਸਨੂੰ ਬਦਲਕੇ 'ਫ਼ਰੀਦ' ਕਰ ਦਿੱਤਾ ਹੈ।

ਚਾਰ ਪੰਜ ਸ਼ਲੋਕ ਗ੍ਰੰਥ ਸਾਹਿਬ ਦੇ ਏਸ ਕਿਤਾਬ ਵਿਚ ਦੇਣੋਂ ਰਹਿ ਵੀ ਗਏ ਹਨ। ਉਪ੍ਰੰਤ ਕੁਝ ਕੁ ਨਵੇਂ ਸ਼ਲੋਕ ਭੀ ਦਿਤੇ ਹਨ ਜਾਂ ਬਦਲਕੇ ਦਿਤੇ ਹਨ, ਓਹ ਅਸੀਂ ਹੇਠਾਂ ਦੇਂਦੇ ਹਾਂ।

(੮੨) ਕੂਕ ਫ਼ਰੀਦਾ! ਕੂਕ ਤੂੰ ਜਿਓ ਰਾਖਾ ਜੁਆਰ।
ਜਬ ਲਗ ਟਾਂਡਾ ਨ ਗਿਰੇ, ਤਬ ਲਗ ਕੂਕ ਪੁਕਾਰ॥

(੮੪) ਫਰੀਦਾ! ਮੈਂ ਨੂੰ ਮੁੰਜ ਕਰ, ਨਿੱਕੀ ਕਰਕੇ ਕੁਟ।
ਭਰੇ ਖ਼ਜ਼ਾਨੇ ਰੱਬ ਦੇ ਜੋ ਭਾਵੇ ਸੋ ਲੁਟ॥

(੯੭) ਫਰੀਦਾ! ਇਹ ਤਨ ਭੌਂਕਨਾ ਨਿਤ ਨਿਤ ਦੁਖੇ ਕੋਨ।
ਕੰਨੀਂ ਬੁਜੇ ਦੇ ਰਹਾਂ ਕਿੱਤੀ ਵਗੇ ਪਉਣ॥

(੧੦੫) ਕਾਗਾ! ਨੈਣ ਨਿਕਾਸ ਦੂੰ, ਪੀ ਕੇ ਦੁਖ, ਲੇਜਾਇ।
ਪਹਿਲੇ ਦਰਸ ਦਿਖਾਏ ਕੇ ਤਾ ਪਾਛੇ ਲੀਜੇ ਖਾਇ॥

ਅਰਥ:—ਹੇ ਕਾਂ! ਮੈਂ ਪਿਆਰੇ ਦੀ ਖ਼ਾਤਰ ਦੋਵੇਂ ਅਖਾਂ ਕਢ ਦਿਆਂਗਾ, ਪਰ ਪਹਿਲੇ ਮੈਨੂੰ ਉਸਦਾ ਦੀਦਾਰ ਕਰ ਲੈਨ ਦੇ, ਪਿਛੋਂ ਖਾ ਲਈਂ। ਏਸੇ ਦੇ ਨਾਲ ਮਿਲਦਾ ਸਲੋਕ ਗ੍ਰੰਥ ਸਾਹਿਬ ਵਿਚ ਹੈ।

(੧੦੮) ਆਪ ਸਵਾਰੇ ਮੈਂ ਮਿਲਾਂ ਮੈਂ ਮਿਲਿਆਂ ਸੁਖ ਹੋਇ।
ਫ਼ਰੀਦਾ! ਜੇ ਤੂੰ ਮੇਰਾ ਹੋ ਰਹੇਂ, ਸਭ ਜਗ ਤੇਰਾ ਹੋਇ।

ਅਰਥ:—ਹੇ ਫ਼ਰੀਦ ਜੇ ਤੂੰ ਆਪਨੇ ਆਪਨੂੰ ਸਵਾਰੇ ਤਾਂ ਮੈਂ ਮਿਲਾਂ

---

*ਜਿਸ ਤਰ੍ਹਾਂ ਕਾਹਿ ਪਟੋਲਾ ਪਾੜਤੀ, ਫਰੀਦਾ ਦਿਲ ਰੱਤਾ ਇਸ ਦੁਨੀ ਸੌ ਤਨ ਨ ਡਪਾਏ ਤਨੁਰ ਜਿਉ।

†'ਮੈ ਤਿਸ ਭਾਵੇ ਓ ਫ਼ਰੀਦ! ਕਾਗੋਂ ਹੰਸ ਹਰੇ।'



Sri Satguru Jagjit Singh Ji Elibrary NamdhariElibrary@gmail.com

ਅਤੇ ਮੇਰੇ ਮਿਲਣੇ ਨਾਲ ਸੁਖ ਹੋਵੀ। ਜੇ ਤੂੰ ਮੇਰਾ ਹੋ ਰਹੇਂ, ਤਦ ਸਾਰਾ ਜਗ ਤੇਰਾ ਹੋਵੇ।

(੧੧੦) ਫ਼ਰੀਦਾ! ਮਹਲ ਬਿਸਖਨ ਰਹਿ ਗਏ, ਵਾਸਾ ਆਇਆ ਤਲ।
ਗੋਰਾਂ ਸੇ ਨਿਮਾਨੀਆਂ ਬਹਸਨ ਰੂਹਾਂ ਮਲ।

(੧੧੨) ਫ਼ਰੀਦਾ! ਮੌਤੇ ਦਾ ਬਨਾ ਏਵੇਂ ਦਿਸੇ ਜਿਓ ਦਰਯਾ ਦੀ ਢਾਹ।
ਅਗੋ ਦੋਜਕ ਤਪਿਆ, ਸੁਣੀਏ ਹੋਲ ਪਵੇ ਕਹਾਹ॥

ਅਰਥ:—ਮੌਤ ਦਾ ਕਿਨਾਰਾ ਇਸ ਤਰ੍ਹਾਂ ਨਜ਼ਰ ਆਉਂਦਾ ਹੈ, ਜਿਸ ਤਰ੍ਹਾਂ ਦਰਿਆ ਦੀ ਢਾਹ ਹੋਵੇ। ਅਗੇ ਦੋਜ਼ਖ਼ ਤਪਿਆ ਹੋਇਆ ਹੈ ਉਥੋ ਹਾਇ ਹਾਇ ਦੀ ਆਵਾਜ਼ ਸੁਨ ਕੇ ਮੈਨੂੰ ਹੋਲ ਪੈ ਰਿਹਾ ਹੈ।

(੧੧੬) ਸਾਢੇ ਤ੍ਰੈ ਮਨ ਦਿਹੁੜੀ, ਚਲੈ ਪਾਨੀ ਐਨ।
ਆਯੋ ਬੰਦਾ ਦੁਨੀ ਵਿਚ, ਵਤਿਆ ਸੂਨੀ* ਬੰਧ।

(੧੨੪) ਫ਼ਰੀਦਾ! ਗੁਰ ਬਿਨ ਨ ਵਡਿਆਈਆਂ, ਧਨ ਜੋਬਨ ਅਸਗਾਹ।
ਖਾਲੀ ਚਲੇ ਦੁਨੀਂ ਸੋ ਟਿਬੇ ਜਿਉਂ ਮੀਂਆਹੁ†॥

"(੧੩੪) ਸਬਰ ਮਝ ਕੁਮਾਨ ਏ, ਸਬਰ ਕਾਨੀ ਹੂੰ!
ਸਬਰ ਸੰਦਾ ਬਾਨ ਖਾਲਕ ਖਤਾ ਨ ਕਰੇ॥

ਤਰਜਮਾ:—ਜਨਾਬ ਬਾਬਾ ਸਾਹਿਬ ਫ਼ਰਮਾਤੇ ਹੈਂ ਕਿ ਸਬਰ ਕੀ ਕੁਮਾਨ ਅਰ ਸਬਰ ਕਾ ਹੀ ਚਿਲਾ ਬਨਾ ਔਰ ਸਬਰ ਹੀ ਕਾ ਤੀਰ। ਯਿਹ ਹਰਗਿਜ਼ ਖ਼ੁਦਾ ਖ਼ਤਾ ਨਹੀਂ ਕਰੇਗਾ।

ਸ਼ਰਹ:—'ਅਲ-ਸਬਰ ਮਿਫਤਾਹ-ਉਲ-ਫ਼ਰਹ,' ਸਬਰ ਕਸ਼ਾਇਸ਼ ਕੀ ਕੁੰਜੀ ਹੈ। 'ਫ਼ ਸਬਰੁਨ ਜਮੀਲੁਨ' (ਆਯਤ), ਪਸ ਸਬਰ ਉਮਦਾ ਹੈ।
ਕਰ ਸਬੂਰੀ ਰਾਤ ਦਿਨ, ਐ ਨੇਕ ਦੀਨ!
ਰਬ ਕਹਾ ਹੈ, 'ਇੰਨਾ ਅਜਰੁ ਅਲ-ਸਾਬਰੀਨ'।

---

*ਆਸ।

†ਇਹ ਲਫ਼ਜ਼ ਪੰਜਵੀਂ ਪਾਤਸ਼ਾਹੀ ਦੀ ਇਕ ਤੁਕ ਨਾਲ ਮਿਲਦੇ ਹਨ।



Sri Satguru Jagjit Singh Ji Elibrary NamdhariElibrary@gmail.com

ਨਤੀਜਾ :—ਜਨਾਬ ਬਾਬਾ ਸਾਹਿਬ ਫ਼ਰਮਾਤੇ ਹੈਂ ਕਿ ਅਗਰ ਤੂੰ ਸਬਰ ਕੀ ਕੁਮਾਨ ਔਰ ਸਬਰ ਹੀ ਕਾ ਚਿਲਾ ਬਨਾ ਕਰ ਤੀਰ ਚਲਾਵੇਗਾ, ਤੋਂ ਖ਼ਾਲਿਕ ਹਰ ਗਿਜ਼ ਖ਼ਤਾ ਨਹੀਂ ਕਰੇਗਾ। ਜ਼ਰੂਰ ਇਨਸ਼ਾ ਅੱਲਹ ਮੁਰਾਦ ਲਗੇਗਾ। ਕਿਉਂਕਿ ਸਬਰ ਫਰਹਤ ਕੀ ਕੁੰਜੀ ਹੈ ਔਰ ਸਬਰ ਕਰਨੇ ਸੇ ਹੀ ਮੁਰਾਦ ਹਾਸਿਲ ਹੋਤੀ ਹੈ। ਸਬਰ ਅਗਰਚਿਹ ਤਲਖ਼ ਹੈ, ਲੇਕਨ ਉਸਕਾ ਫਲ ਸੀਰੀਂ ਹੈ। ਇਸ ਵਾਸਤੇ ਹਸਬੁਲ-ਅਰਸ਼ਾਦ, ਮਰਫ਼ੂਹ-ਅਲ-ਇਜਾਜ਼ਤ ਸ਼ੇਖ ਕਾਮਿਲ ਸਬਰ ਔਰ ਇਸਤਕਲਾਲ ਔਰ ਇਸਤਕਾਮਤ ਕੇ ਸਾਥ ਜ਼ੁਹਦ ਵ ਰਿਆਜ਼ਤ ਸੇ ਜ਼ਾਤ ਮੇਂ ਫਨਾਇ ਤਾਮਹ ਕਾ ਦਲਾਇਆ ਹੂਆ ਤੀਰ ਜਰੂਰ ਵਸਲਿ-ਖ਼ੁਦਾ ਕੇ ਨਿਸ਼ਾਨਹ-ਏ-ਮੁਰਾਦ ਪਰ ਲਗੇਗਾ।"

(੧੩੫) ਸਬਰ ਅੰਦਰ ਸਾਬਰੀ ਤਨ ਐਵੇਂ ਜਾਲੇਂ।
ਹੋ ਨਜੀਕ ਖੁਦਾਇ ਦੈ ਭੇਤ ਨ ਕਿਸੈ ਦੇ॥

ਅਰਥ :—ਸਾਬਰਾਂ ਦੇ ਤਨ ਹੋਰ ਲੋਕਾਂ ਜਿਹੇ ਨਹੀਂ ਹਨ। ਉਹ ਖ਼ੁਦਾ ਦੇ ਕ਼ਰੀਬੀ ਹਨ, ਕਿਸੇ ਨੂੰ ਆਪਨਾ ਹਾਲ ਨਹੀਂ ਦਸਦੇ।

(੧੩੬) ਸਬਰ ਇਹ ਸੁਆਉ* ਜੇ ਤੂੰ ਬੰਦਾ ਦ੍ਰਿੜ ਕਰਹਿ।
ਵਧ ਥੀਵਹਿ, ਦਰਯਾਉ ਟੁਟ ਨ ਥੀਵੈਂ ਵਾਹੜਹ।

(੧੩੭) ਫ਼ਰੀਦਾ ! ਦਰਵੇਸ਼ੀ ਗਾਖੜੀ ਚੋਪੜੀ ਪ੍ਰੀਤ।
ਇਕ ਨ †ਕੰਨੇ ਚਾਲੀਐ ਦਰਵੇਸ਼ਾਂ ਦੀ ਰੀਤ॥

ਅਰਥ:—ਬਾਬਾ ਫ਼ਰੀਦ ਆਖਦੇ ਹਨ ਕਿ ਖ਼ੁਦਾ ਦੇ ਘਰ ਦੀ ਪ੍ਰੀਤ ਅਸਲ ਵਿਚ ਮੁਸ਼ਕਲ ਹੈ, ਭਾਵੇਂ ਵੇਖਨ ਨੂੰ ਸੁਖੱਲੀ ਹੈ। ਦਰਵੇਸ਼ਾਂ ਦੇ ਤ੍ਰੀਕੇ ਤੇ ਕੋਈ ਹੀ ਮੁਸ਼ਕਲ ਨਾਲ ਚਲਦਾ ਹੈ।

੨.

ਇਕ ਹੋਰ ਸਵਾਲ ਜੋ ਮੈਕਾਲਿਫ਼ ਸਾਹਿਬ ਨੇ ਆਪਣੀ ਕਿਤਾਬ The Sikh Religion ਛਾਪਕੇ ਛੇੜ ਦਿੱਤਾ ਹੈ, ਇਹ ਹੈ ਕਿ ਕੀ 'ਸਲੋਕ ਸ਼ੇਖ ਫਰੀਦ' ਬਾਬਾ ਫਰੀਦ ਸ਼ਕਰ ਗੰਜ ਦੇ ਬਨਾਏ ਹਨ ਜਾਂ

*ਸੁਆਉ — ਲਾਭ। †ਕਨੇ—ਕੋਈ।



Sri Satguru Jagjit Singh Ji Elibrary NamdhariElibrary@gmail.com

ਉਹਨਾਂ ਦੇ ਸਥਾਨ ਪਾਕਪਟਨ ਦੀ ਗਦੀ ਪੁਰ ਬਾਹਰਵੇਂ ਸਜਦਾ-ਨਿਸ਼ੀਨ ਸ਼ੇਖ਼ ਇਬਰਾਹੀਮ ਦੇ। ਰਸਾਲਾ 'ਦੀ ਸਿਖ ਰੀਵੀਉ' ਦੇ ਅਪ੍ਰੈਲ ੧੯੧੫ ਦੇ ਪਰਚੇ ਵਿਚ ਮੈਂ ਏਸਦੀ ਪੂਰੀ ਤਰਦੀਦ ਕੀਤੀ ਸੀ Shaikh Farid or Shaikh Brahm ? ਦੇ ਸਿਰਨਾਵੇਂ ਹੇਠਾਂ। ਉਸਦਾ ਸੰਖੇਪ, ਥੋੜੀ ਜਿਹੀ ਤਬਦੀਲੀ ਨਾਲ ਮੈਂ ਏਥੇ ਦੇਂਦਾ ਹਾਂ।

"ਮੈਕਾਲਿਫ ਸਾਹਿਬ ਕਹਿੰਦੇ ਹਨ ਕਿ :—'ਇਹ ਗਲ ਨਿਸਚੇ ਹੈ ਕਿ ਜੋ ਸਲੋਕ ਅਤੇ ਸ਼ਬਦ ਸ਼ੇਖ਼ ਫਰੀਦ ਦੇ ਗ੍ਰੰਥ ਸਾਹਿਬ ਵਿਚ ਦਿਤੇ ਹਨ, ਉਹ ਸ਼ੇਖ਼ ਬ੍ਰਹਮ (ਇਬਰਾਹੀਮ) ਦੇ ਰਚੇ ਹਨ, ਭਾਵੇਂ ਉਸਨੇ ਆਪਨਾ ਤਖਲੁਸ ਆਪਨ੍ਹੇ ਖਾਨਵਾਦੇ ਦੇ ਮੋਢੀ ਸ਼ੇਖ਼ ਫਰੀਦ ਦਾ ਹੀ ਰਖਿਆ ਹੈ।'

ਮੈਕਾਲਿਫ ਸਾਹਿਬ ਦੀ ਗਲ ਨਿਸਚਿਤ ਕਿਵੇਂ ਹੋ ਗਈ, ਇਹ ਸਾਨੂੰ ਸਮਝ ਨਹੀਂ ਆਈ। ਮੈਕਾਲਿਫ ਸਾਹਿਬ ਨੇ ਪੁਰਾਣੀ ਮੰਨੀ ਪ੍ਰਮੰਨੀ ਗਲ ਦੇ ਉਲਟ ਆਪ ਤਾਂ ਕੋਈ ਦਲੀਲ ਦਿੱਤੀ ਨਹੀਂ। ਓਹਨਾਂ ਦੀ ਕਿਤਾਬ ਵਿਚ ਸਿਰਫ਼ ਕਿਸੇ ਹੋਰ ਥਾਂ ਇਹ ਲਿਖਿਆ ਹੈ ਕਿ ਬਾਬਾ ਫ਼ਰੀਦ ਸੁਭਾਵਕ ਫ਼ਾਰਸੀ ਬੋਲਦੇ ਹੁੰਦੇ ਸਨ। ਏਸ ਗਲ ਦੀ ਪ੍ਰੋੜ੍ਹਤਾ ਲਈ ਹੋਰ ਲਿਖਦੇ ਹਨ ਕਿ ਜਦ ਉਹ ਮਰਨ ਲਗੇ ਤਦ ਛੇਕੜਲੇ ਲਫ਼ਜ਼ ਜੋ ਓਹਨਾਂ ਦੀ ਜ਼ਬਾਨੋਂ ਨਿਕਲੇ, ਉਹ ਸਨ, 'ਯਾ ਹੈਯੁ! ਯਾ ਕਯੂਮ* !!' ਅਰਥਾਤ ਹੇ ਸਦਾ ਜੀਵਦੇ ਕਾਇਮ ਦਾਇਮ ਖ਼ੁਦਾ।

ਇਹ ਖ਼ਿਆਲ ਅਜਿਹਾ ਅਨੋਖਾ ਤੇ ਨਵਾਂ ਸੀ ਕਿ ਪੰਜ ਸਾਲ ਪਹਿਲਾਂ ਵੀ 'ਖ਼ਾਲਸਾ ਸਮਾਚਾਰ' ਅਖਬਾਰ ਵਿਚ ਏਸ ਕਿਤਾਬ ਦਾ ਰੀਵੀਉ ਕਰਦਿਆਂ ਮੈਂ ਏਸਦੇ ਥੋਥਾਪਨ ਨੂੰ ਪ੍ਰਗਟ ਕੀਤਾ ਸੀ।

## (ੳ) ਬੋਲੀ ਤੋਂ ਦਲੀਲ

ਸੋ ਦਿਸਦਾ ਹੈ ਕਿ ਮੈਕਾਲਿਫ ਸਾਹਿਬ ਤੋਂ ਇਹ ਗਲ ਲਿਖਵਾਨ

---

*ਕੀਹ ਮੈਕਾਲਿਫ ਸਾਹਿਬ ਉਮੀਦ ਕਰ ਰਹੇ ਸਨ, ਕਿ ਉਹਨਾਂ ਦੇ ਮੂਹੋਂ 'ਹੇ ਰ ਮ' ਨਿਕਲਦਾ। 'ਯਾ ਹੈਯੁ! ਯਾ ਕੱਯੂਮ' ਇਹ ਫ਼ਾਰਮੂਲਾ ਹੈ ਜੋ ਅਕਸਰ ਮੁਸਲਮਾਨ ਮਰਨ ਵੇਲੇ ਕਹਿੰਦੇ ਹਨ।



Sri Satguru Jagjit Singh Ji Elibrary NamdhariElibrary@gmail.com

ਲਈ ਦਲੀਲ ਸ਼ੇਖ਼ ਫਰੀਦ ਦੇ ਸ਼ਬਦਾਂ ਤੇ ਸ਼ਲੋਕਾਂ ਦੀ ਬੋਲੀ ਸੀ, ਜਿਸ ਹੁਨਰ ਵਿਚ ਓਹ ਮਾਹਿਰ ਨਹੀਂ ਸਨ। ਜੋ ਖ਼ਿਆਲ ਕਿਸੇ ਖ਼ਾਸ ਮਤਲਬ ਨਾਲ ਉਹਨਾਂ ਦੇ ਸਲਾਹਕਾਰ ਨੇ ਉਹਨਾਂ ਨੂੰ ਦਸਿਆ ਉਹਨਾਂ ਲਿਖ ਦਿੱਤਾ,ਇਹੋ ਰਵਈਆ ਓਹਨਾਂ ਦਾ ਸਾਰੀ ਕਿਤਾਬ ਵਿਚ ਵਰਤਿਆ ਦਿਸਦਾ ਹੈ। ਡਾਕਟਰ ਟ੍ਰੰਪ ਇਹ ਕਦੇ ਨਾ ਕਰਦਾ।

ਬੇਸ਼ਕ ਸ਼ੇਖ਼ ਫ਼ਰੀਦ ਫ਼ਾਰਸੀ ਦੇ ਆਲਿਮ ਸਨ ਅਤੇ ਹਜ਼ਾਰਾਂ ਫ਼ਾਰਸੀ ਦੇ ਸ਼ਿਅਰ ਉਹਨਾਂ ਦੀ ਜ਼ਬਾਨ ਦੀ ਨੋਕ ਤੇ ਸਨ, ਜੋ ਮੌਕਿਆ ਬਣੇ ਪੁਰ ਹੋਠਾਂ ਤੇ ਆ ਜਾਂਦੇ ਸਨ। ਅਤੇ ਇਹ ਭੀ ਅਸੀਂ ਮਨ ਲੈਂਦੇ ਹਾਂ ਕਿ ਜਦ ਫ਼ਾਰਸੀ ਬੋਲਨ ਵਾਲੇ ਬਿਦੇਸੀ ਮੁਸਲਮਾਨਾਂ ਨਾਲ ਜਾਂ ਘਰ ਦੇ ਲੋਕਾਂ ਨਾਲ ਗਲ ਬਾਤ ਕਰਦੇ ਸਨ, ਤਦ ਫ਼ਾਰਸੀ ਬੋਲਦੇ ਹੋਣਗੇ। ਪਰ ਏਸ ਗਲ ਦੇ ਸਬੂਤ ਵਿਚ ਰਤਾ ਜਿੰਨੀ ਵੀ ਗਵਾਹੀ ਨਹੀਂ ਕਿ ਹਰ ਇਕ ਸ਼ਖ਼ਸ਼ ਨਾਲ, ਹਿੰਦੀ ਹੋਵੇ ਜਾਂ ਵਲਾਇਤੀ, ਉਹ ਸੁਭਾਵਕ ਫ਼ਾਰਸੀ ਹੀ ਬੋਲਿਆ ਕਰਦੇ ਸਨ। ਅਤੇ ਏਸ ਤੋਂ ਵੀ ਘੱਟ ਗਵਾਹੀ ਇਸ ਗਲ ਦੀ ਮਿਲਦੀ ਹੈ ਕਿ ਪੰਜਾਬ ਦੇਸ ਦੀ ਬੋਲੀ, ਜਿਥੇ ਜਮੇ ਪਲੇ ਸਨ, ਨਹੀਂ ਸਨ ਜਾਣਦੇ, ਜਾਂ ਜੱਟਾਂ ਜ਼ਿਮੀਂਦਾਰਾਂ ਦੀ ਬੋਲੀ, ਜਿਨ੍ਹਾਂ ਨਾਲ ਉਹਨਾਂ ਦਾ ਵਧੀਕ ਵਾਹ ਪੈਂਦਾ ਸੀ, ਅਤੇ ਜਿਨ੍ਹਾਂ ਵਿਚ ਬਹੁਤੀ ਗਿਣਤੀ ਹਿੰਦੂਆਂ ਦੀ ਹੁੰਦੀ ਸੀ, ਅਤੇ ਜਿਨ੍ਹਾਂ ਵਿਚ ਉਹਨਾਂ ਨੇ ਆਪਣੀ ਲੰਮੀ ਉਮਰ ਗੁਜ਼ਾਰੀ, ਉਹ ਬੋਲੀ ਆਪ ਨਾ ਬੋਲਦੇ ਲਿਖਦੇ ਸਨ, ਅਤੇ ਨਾ ਹੀ ਬੋਲ ਲਿਖ ਸਕਦੇ ਸਨ। ਬਾਬਾ ਫ਼ਰੀਦ ਦੇ ਜੀਵਨ ਸੰਬੰਧੀ ਬਹੁਤ ਸਾਰੀਆਂ ਫ਼ਾਰਸੀ ਉਰਦੂ ਦੀਆਂ ਕਿਤਾਬਾਂ ਮੈਂ ਪੜ੍ਹੀਆਂ ਹਨ, ਉਹਨਾਂ ਵਿਚ ਕਿਤੇ ਇਸ ਕਿਸਮ ਦਾ ਦਾਅਵਾ ਨਹੀਂ ਕੀਤਾ ਗਿਆ। ਸਗੋਂ ਏਸਦੇ ਉਲਟ ਅਜਿਹੇ ਬਿਆਨ ਹਨ, ਅਤੇ ਅਜਿਹੀਆਂ ਕਹਾਣੀਆਂ ਮੌਜੂਦ ਹਨ, ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਬਾਬਾ ਫ਼ਰੀਦ ਸੁਭਾਵਕ ਢੰਗ ਤੇ ਦੇਸੀ ਬੋਲੀ ਹੀ ਬੋਲਿਆ ਕਰਦੇ ਸਨ, ਹਾਂ ਏਸਦਾ ਨਾਮ ਉਸ ਵੇਲੇ 'ਪੰਜਾਬੀ' ਨਹੀਂ ਸੀ ਹੁੰਦਾ, ਕਿਉਂ ਜੋ ਇਹ ਨਾਮ ਬਹੁਤ ਨਵਾਂ ਦਿਤਾ ਹੋਇਆ ਹੈ।



Sri Satguru Jagjit Singh Ji Elibrary NamdhariElibrary@gmail.com

ਲਿਖਿਆ ਹੈ ਕਿ ਜਦ ਆਪਣੇ ਪੀਰ ਖ਼੍ਵਾਜਾ ਕੁਤੁਬੁਦੀਨ ਦੀ ਸੇਵਾ ਵਿਚ ਦਿਲੀ ਰਹਿੰਦੇ ਸਨ, ਇਕ ਮੌਕਿਆ ਪੁਰ ਹਸਬ ਮਾਮੂਲ ਪੀਰ ਸਾਹਿਬ ਦੇ, ਸੌਣ ਦੀ ਨਿਮਾਜ਼ ਵਾਸਤੇ ਵੁਜ਼ੂ ਕਰਨ ਲਈ ਪਾਣੀ ਗਰਮ ਕਰਨਾ ਸੀ। ਉਸ ਰਾਤ ਬੜੀ ਹਨੇਰੀ ਵਗ ਰਹੀ ਤੇ ਜ਼ੋਰ ਦਾ ਮੀਂਹ ਵਸ ਰਿਹਾ ਸੀ, ਅਤੇ ਘਰ ਵਿਚ ਅੱਗ ਬੁਝ ਚੁਕੀ ਸੀ। ਸੋ ਬਾਬਾ ਫ਼ਰੀਦ ਸੁਕੇ ਬਲਨ ਅਤੇ ਅੱਗ ਦੀ ਤਲਾਸ਼ ਵਿਚ ਉਸ ਹਨੇਰੀ ਰਾਤ ਨੂੰ ਬਹੁਤੇਰਾ ਫਿਰੇ, ਪਰ ਕਿਤੇ ਇਹ ਚੀਜ਼ਾਂ ਨਾ ਮਿਲੀਆਂ। ਛੇਕੜ ਇਕ ਬੁਢੀ ਮਾਈ ਦੀ ਝੁੱਗੀ ਤੇ ਅਪੜੇ, ਜਿਸ ਨੇ ਉਹਨਾਂ ਦੀ ਅਜ਼ਮਾਇਸ਼ ਕਰਨ ਲਈ ਕਿਹਾ ਕਿ ਮੈਂ ਤੈਨੂੰ ਅੱਗ ਦੇਣੀ ਤਾਂ ਹਾਂ, ਪਰ ਆਪਣੀ ਸੱਜੀ ਅਖ ਦਾ ਡਲਾ ਕੱਢ ਦੇ। ਬਾਬਾ ਫ਼ਰੀਦ ਨੇ ਝਟ ਅੱਖ ਕਢ ਕੇ ਉਸ ਨੂੰ ਦੇ ਦਿਤੀ ਅਤੇ ਅੱਗ ਲੈ ਆਏ। ਪਾਣੀ ਗਰਮ ਕਰਕੇ ਜਦ ਖ਼੍ਵਾਜਾ ਨੂੰ ਵੁਜ਼ੂ ਕਰਾ ਰਹੇ ਸਨ, ਅੱਖ ਪੱਗ ਨਾਲ ਬਧੀ ਵੇਖਕੇ ਉਹਨਾਂ ਨੇ ਫ਼ਰੀਦ ਨੂੰ ਪੁਛਿਆ ਕਿ ਅੱਖ ਨੂੰ ਕੀ ਹੋਇਆ ਹੈ। ਬਾਬਾ ਫ਼ਰੀਦ ਨੇ ਜਵਾਬ ਦਿਤਾ, 'ਜੀ! ਅੱਖ ਆ ਗਈ ਹੈ।' ਖ਼੍ਵਾਜਾ ਨੇ ਸਹਿਜ-ਸੁਭਾ ਕਿਹਾ, 'ਜੇ ਅੱਖ ਆ ਗਈ ਹੈ, ਤਾਂ ਪੱਗ ਹਟਾ ਦਿਉ। ਪੀਰ ਦਾ ਹੁਕਮ ਮਨ ਕੇ, ਜਦ ਫ਼ਰੀਦ ਨੇ ਪੱਗ ਹਟਾਈ, ਤਾਂ ਅੱਖ ਸਹੀ ਸਲਾਮਤ ਸੀ।

ਇਸ ਤੋਂ ਪਤਾ ਲਗਦਾ ਹੈ ਕਿ ਪੀਰ ਤੇ ਮੁਰੀਦ ਵਿਚ ਗਲ ਬਾਤ ਸੁਭਾਵਕ ਹੀ ਦੇਸ ਦੀ ਉਸ ਬੋਲੀ ਵਿਚ ਹੋਈ, ਜਿਸ ਦਾ ਕਿ 'ਅੱਖ ਆ ਗਈ ਏ' ਇਕ ਮੁਹਾਵਰਾ ਹੈ।

ਇਕ ਹੋਰ ਕਹਾਣੀ ਏਸ ਤਰ੍ਹਾਂ ਪੁਰ ਹੈ, ਕਿ ਇਕ ਵਾਰੀ ਬਾਬਾ ਫ਼ਰੀਦ, ਸ਼ੇਖ਼ ਬਹਾ-ਉਲ-ਹੱਕ ਅਤੇ ਹੋਰ ਕੁਝ ਦੋਸਤਾਂ ਨਾਲ ਰਲਕੇ ਸ਼ੇਖ਼ ਸੂਫ ਦੀ ਮੁਲਾਕਾਤ ਨੂੰ ਨਿਕਲੇ। ਜਦ ਅਟਕ ਦਰਿਆ ਦੇ ਕੰਢੇ ਤੇ ਅਪੜੇ ਤਦ ਵੇਖਿਆ ਜੋ ਬੇੜੀ ਜਾਂ ਚੌਘੜਾ ਪਾਰ ਹੋਣ ਲਈ ਕੋਈ ਨਹੀਂ। ਸੋ ਬਾਬਾ ਫਰੀਦ ਨੇ ਆਪਣਾ ਮੁਸੱਲਾ ਪਾਣੀ ਉਤੇ ਵਿਛਾ ਦਿਤਾ ਅਤੇ ਸਾਰੇ ਉਸ ਪੁਰ ਬਹਿਕੇ ਠਿੱਲ ਪਏ। ਸ਼ੇਖ਼ ਸੂਫ ਦਾ ਮਕਾਨ ਦਰਿਆ ਦੇ ਦੂਜੇ ਕੰਢੇ ਸੀ। ਜਦ



Sri Satguru Jagjit Singh Ji Elibrary NamdhariElibrary@gmail.com

ਉਸਨੇ ਬਾਰੀ ਵਿਚੋਂ ਸਿਰ ਕਢਕੇ ਕੁਝ ਆਦਮੀ ਇਸ ਤਰ੍ਹਾਂ ਦਰਿਆ ਪਾਰ ਕਰਦੇ ਵੇਖੇ, ਤਦ ਮੁਸੱਲੇ ਨੂੰ ਤਰਨੋਂ ਰੋਕ ਦਿੱਤਾ, ਅਤੇ ਉਹ ਡੁਬਨ ਲਗਾ। ਬਾਬਾ ਫ਼ਰੀਦ ਨੂੰ ਗੁਸਾ ਆਇਆ ਅਤੇ ਗੁਸੇ ਵਿਚ ਈ ਬੋਲੇ 'ਸਾਡਾ ਮੁਸੱਲਾ ਰੋਕਨ ਵਾਲਿਆ 'ਤੇਰੇ ਸਿਰ ਸਿੰਙ'। ਲਫ਼ਜ਼ ਮੂਹੋਂ ਨਿਕਲਨ ਦੀ ਢਿਲ ਸੀ ਕਿ ਸ਼ੇਖ ਸੂਫ ਦੇ ਸਿਰ ਸਿੰਗ ਉਗ ਆਏ, ਅਤੇ ਬਾਰੀ ਵਿਚ ਫਸ ਗਏ।

ਏਥੇ ਭੀ ਪ੍ਰਤਖ ਹੈ ਕਿ ਗੁਸੇ ਵੇਲੇ ਭੀ ਮਾਤ ਭਾਸ਼ਾ ਦੇ ਹੀ ਲਫਜ਼ ਸਹਿਜ ਸੁਭਾ ਮੂਹੋਂ ਨਿਕਲੇ।

ਇਸੇ ਤਰ੍ਹਾਂ ਕਿਹਾ ਹੈ ਕਿ ਜਦ ਫ਼ਰੀਦ ਜੀ ਨੇ ਤਖ਼ਤ ਹਜ਼ਾਰਾ ਦੇ ਚੌਧਰੀ ਮੰਗਲ ਸੇਨ ਨੂੰ ਉਸਦੀ ਕੌਮ ਸਮੇਤ ਮੁਸਲਮਾਨ ਕੀਤਾ, ਤਦ ਉਹਨਾਂ ਨੇ ਹੀ ਉਸਦਾ ਨਾਮ 'ਰਾਂਝਾ' ਰਖਿਆ, ਜਿਸ ਨਾਮ ਨਾਲ ਕਿ ਕੌਮ ਹੁਣ ਤਕ ਪੁਕਾਰੀ ਜਾਂਦੀ ਹੈ। ਗੋਂਦਲਾਂ ਦੇ ਚਉਧਰੀ ਨੂੰ ਜਦ ਮੁਸਲਮਾਨ ਬਨਾਇਆ ਤਦ ਉਸਦਾ ਨਾਮ 'ਵਹੀਰ' ਰਖਿਆ। ਇਕ ਹੋਰ ਨੂੰ ਪਿਆਰ ਨਾਲ 'ਭੋਜਾ ਗਰੀਬ' ਕਹਿਕੇ ਪੁਕਾਰਿਆ ਕਰਦੇ ਸਨ। ਇਹ ਦਸਨ ਦੀ ਲੋੜ ਨਹੀਂ ਕਿ 'ਰਾਂਝਾ' 'ਵਹੀਰ' 'ਭੋਜਾ' ਨਾ ਅਰਬੀ ਦੇ ਲਫ਼ਜ਼ ਹਨ ਅਤੇ ਨਾ ਫ਼ਾਰਸੀ ਦੇ।

ਇਹ ਕਹਾਣੀਆਂ ਝੂਠੀਆਂ ਹੋਨ ਜਾਂ ਸਚੀਆਂ, ਸਾਨੂੰ ਇਸ ਗਲ ਨਾਲ ਕੋਈ ਵਾਸਤਾ ਨਹੀਂ। ਅਸਾਂ ਤਾਂ ਇਹ ਦੇਖਣਾ ਹੈ ਕਿ ਇਹ ਗਲ ਜੋ ਸ਼ੇਖ ਫ਼ਰੀਦ ਦੇਸੀ ਬੋਲੀ ਬੋਲਿਆ ਕਰਦੇ ਸਨ, ਉਹਨਾਂ ਦੇ ਜੀਵਨ ਲਿਖਣ ਵਾਲੇ ਮੁਸਲਮਾਨ ਲੇਖਕਾਂ ਨੂੰ ਅਨੋਖੀ ਜਾਂ ਅਨਹੋਈ ਗੱਲ ਨਹੀਂ ਦਿੱਸੀ। ਇਸ ਕਰਕੇ ਉਹ ਬਿਨਾਂ ਸ਼ੱਕ ਕੀਤੇ ਦੇ ਇਹ ਮੰਨਦੇ ਹਨ ਕਿ ਸਲੋਕ ਅਤੇ ਸ਼ਬਦ ਜੋ ਉਹਨਾਂ ਦੇ ਨਾਮ ਪੁਰ ਪ੍ਰਸਿਧ ਹਨ, ਖ਼ੁਦ ਬਾਬਾ ਫ਼ਰੀਦ ਦੇ ਹੀ ਰਚੇ ਹੋਏ ਹਨ। ਓਹ ਤਾਂ ਹੋਰ ਕਈ ਦੁਹਰੇ ਆਦਿ ਓਹਨਾਂ ਦੇ ਰਚੇ ਦਸਦੇ ਹਨ; ਜਿਸ ਤਰ੍ਹਾਂ ਕਿ :–

ਫ਼ਰੀਦਾ ! ਇਹ ਦਮ ਗਏ ਰੇ ਬਾਓਰੇ, ਜਾਗਨ ਕੀ ਕਰ ਚੌਂਪ।
ਇਹ ਦਮ ਹੀਰੇ ਲਾਲ ਨੇ, ਗਿਨ ਗਿਨ ਸਾਹ ਨੂੰ ਸੌਂਪ।



Sri Satguru Jagjit Singh Ji Elibrary NamdhariElibrary@gmail.com

ਅਤੇ ਇਸ ਵਿਚ ਹੈਰਾਨੀ ਦੀ ਗਲ ਵੀ ਕੋਈ ਨਹੀਂ। ਚਿਸ਼ਤੀ ਖਾਨਵਾਦਾ ਦੇ ਸੂਫੀ ਫ਼ਕੀਰ ਹਿੰਦੁਸਤਾਨ ਵਿਚ ਇਸਲਾਮ ਦੀ ਤਬਲੀਗ ਜਾਂ ਪ੍ਰਚਾਰ ਵਾਸਤੇ ਆਏ ਹੋਏ ਸਨ। ਬਾਬਾ ਫ਼ਰੀਦ ਆਪਣੇ ਵੇਲੇ ਏਸ ਸਿਲਸਿਲੇ ਦੇ ਖ਼ਲੀਫ਼ੇ ਸਨ, ਅਤੇ ਓਹਨਾਂ ਦਾ ਪਹਿਲਾ ਜ਼ਰੂਰੀ ਤੇ ਇਕੋ ਕੰਮ ਕੁਫ਼ਰ ਨੂੰ ਦੂਰ ਕਰਕੇ ਇਸਲਾਮ ਨੂੰ ਫੈਲਾਣਾ ਅਤੇ ਹਿੰਦੂਆਂ ਨੂੰ ਮੁਸਲਮਾਨ ਬਨਾਣਾ ਸੀ। ਬਾਬਾ ਫ਼ਰੀਦ ਨੇ ਹਜ਼ਾਰਾਂ ਹਿੰਦੂਆਂ ਨੂੰ ਮੁਸਲਮਾਨ ਬਣਾਇਆ। ਉਹਨਾਂ ਨੂੰ ਆਪਣੇ ਕੰਮ ਵਿਚ ਬੜੀ ਭਾਰੀ ਕਾਮਯਾਬੀ ਹੋਈ। ਹਿੰਦੂ ਜ਼ਿਮੀਂਦਾਰਾਂ ਦੀਆਂ ਕੌਮਾਂ ਦੀਆਂ ਕੌਮਾਂ ਨੇ ਉਹਨਾਂ ਦੇ ਹਥੋਂ ਇਸਲਾਮ ਗ੍ਰਹਿਣ ਕੀਤਾ, ਉਹਨਾਂ ਕੋਲੋਂ ਮੁਸਲਮਾਨ ਹੋਣਾ ਫ਼ਖ਼ਰ ਦੀ ਗਲ ਸਮਝੀ ਜਾਂਦੀ ਸੀ। ਮੁਲਤਾਨ ਦੇ ਪਾਸ ਪਿੰਡ ਕੋਠੀਵਾਲ ਵਿਚ ਜਮੇ ਪਲੇ, ਅਤੇ ੯੫ ਵਰ੍ਹੇ ਦੀ ਲੰਮੀ ਉਮਰ ਜੱਟਾਂ ਤੇ ਹਿੰਦੂਆਂ ਦੀਆਂ ਛੋਟੀਆਂ ਜਾਤਾਂ ਦੇ ਲੋਕਾਂ ਵਿਚ ਇਸਲਾਮ ਦਾ ਪ੍ਰਚਾਰ ਕਰਦਿਆਂ ਗੁਜ਼ਾਰੀ। ਕੀ ਇਹ ਮੁਮਕਿਨ ਹੋ ਸਕਦਾ ਹੈ ਕਿ ਬਾਬਾ ਫ਼ਰੀਦ ਦੇਸੀ ਬੋਲੀ ਨਹੀਂ ਸਨ ਜਾਣਦੇ। ਜਾਂ ਸਾਰੀ ਸਫਲਤਾ ਉਹਨਾਂ ਨੇ ਮਿਮਬਰ ਉਤੇ ਖਲੋਕੇ ਫ਼ਾਰਸੀ ਵਿਚ ਵਾਅਜ਼ ਕਰਕੇ ਪ੍ਰਾਪਤ ਕੀਤੀ ਸੀ? ਆਪ ਸਮਾਅ ਦੀਆਂ ਮਜਲਿਸਾਂ ਭੀ ਕਰਦੇ ਹੁੰਦੇ ਸਨ, ਜਿਥੇ ਕੱਵਾਲ ਕੱਵਾਲੀ ਕਰਦੇ ਸਨ। ਇਹ ਕੱਵਾਲੀ ਜ਼ਿਆਦਾ ਕਰਕੇ ਦੇਸੀ ਬੋਲੀ ਵਿਚ ਹੁੰਦੀ ਸੀ, ਜਿਸਨੂੰ ਸੁਣਕੇ ਬਾਬਾ ਫਰੀਦ ਵਜਦ ਵਿਚ ਆ ਜਾਂਦੇ ਸਨ। ਇਹ ਕੱਵਾਲ ਅਕਸਰ ਨੌਮੁਸਲਮ ਲੋਗ ਸਨ।

ਸ਼ਾਇਦ ਕਿਹਾ ਜਾਏ ਕਿ ਬਾਬਾ ਫਰੀਦ ਵਲਾਇਤੀ ਮੁਸਲਮਾਨ ਸਨ, ਅਤੇ ਕਾਬਲੀ ਸਰਦਾਰ ਜਾਂ ਸ਼ਾਹਜ਼ਾਦੇ ਜੋ ਪੰਜਾਬ ਆਦਿ ਵਿਚ ਨਜ਼ਰਬੰਦ ਹੁੰਦੇ ਸਨ ਜਾਂ ਹਨ, ਕਿੰਨਾ ਕਿੰਨਾ ਚਿਰ ਏਥੇ ਰਹਿਕੇ ਭੀ ਪੰਜਾਬੀ ਜਾਂ ਹਿੰਦੁਸਤਾਨੀ ਸਾਫ ਨਹੀਂ ਬੋਲ ਸਕਦੇ। ਜਵਾਬ ਹੈ ਕਿ ਫ਼ਰੀਦ ਦੇ ਬਜ਼ੁਰਗਾਂ ਨੂੰ ਹਿੰਦੁਸਤਾਨ ਵਿਚ ਆਏ ਦੋ ਪੀੜ੍ਹੀਆਂ ਲੰਘ



Sri Satguru Jagjit Singh Ji Elibrary NamdhariElibrary@gmail.com

ਚੁਕੀਆਂ ਸਨ, ਅਤੇ ਉਹਨਾਂ ਨੇ ਏਸੇ ਦੇਸ ਨੂੰ ਹੀ ਆ .ਣਾ ਵਤਨ ਬਣਾ ਲਿਆ ਸੀ, ਅਤੇ ਫੇਰ ਬਾਬਾ ਫਰੀਦ ਨੇ ਵੀ ਇਕ ਸਦੀ ਜਿੰਨੀ ਲੰਮੀ ਉਮਰ ਪਾਈ। ਸੋ ਬੋਲੀ ਦੇ ਬਦਲਨ ਲਈ ਕਾਫ਼ੀ ਨਾਲੋਂ ਵਧੀਕ ਸਮਾ ਮਿਲ ਗਿਆ ਸੀ। ਸ਼ੇਖ਼ ਫ਼ਰੀਦ ਦੀ ਮਾਤਾ ਦੇ ਸਬੰਧੀ ਭੀ ਹਿੰਦੁਸਤਾਨ ਵਿੱਚ ਚਿਰਾਂ ਤੋਂ ਆਏ ਹੋਏ ਸਨ, ਅਤੇ ਕਈ ਕਹਾਣੀਆਂ ਤੋਂ ਮਾਲੂਮ ਦੇਂਦਾ ਹੈ ਕਿ ਉਹ, ਹਿੰਦੂਆਂ ਨਾਲ ਗਲਾਂ ਉਹਨਾਂ ਦੀ ਬੋਲੀ ਵਿਚ ਕੀਤਾ ਕਰਦੀ ਸੀ। ਸ਼ਾਇਦ ਉਧਰ*ਦੇਸੀ ਖ਼ੂਨ ਦੀ ਮਿਲਾਵਟ ਭੀ ਹੋ ਚੁਕੀ ਸੀ। ਕਾਬਲੀ ਨਜ਼ਰਬੰਦ ਸਰਦਾਰਾਂ ਤੇ ਸ਼ਾਹਜ਼ਾਦਿਆਂ ਦੀ ਗੱਲ ਦਰਵੇਸ਼ਾਂ ਪੁਰ ਨਹੀਂ ਘਟਦੀ, ਜਿਨ੍ਹਾਂ ਨੇ ਆਪਨੀ ਜ਼ਿੰਦਗੀ ਦਾ ਇਕ ਇਕ ਦਿਨ ਆਮ ਖ਼ਲਕਤ ਵਿਚ ਰਲ ਮਿਲਕੇ ਗੁਜ਼ਾਰਨਾ ਹੋਇਆ, ਅਤੇ ਜਿਨ੍ਹਾਂ ਦਾ ਮਤਲਬ ਹੀ ਆਮ ਲੋਕਾਂ ਨਾਲ ਇੱਕ ਮਿੱਕ ਹੋਣਾ ਸੀ। ਬਾਬਾ ਫ਼ਰੀਦ ਦਾ ਹਾਲ ਠੀਕ ਹੋਰ ਪੀਰਾਂ ਫ਼ਕੀਰਾਂ ਵਰਗਾ ਹੀ ਸੀ ਜੋ ਸਭ ਦੇਸੀ ਬੋਲੀ ਜਾਣਦੇ ਅਤੇ ਬੋਲਦੇ ਸਨ।

ਜੇਕਰ ਉਪਰ ਕੀਤੀ ਵਿਚਾਰ ਕਾਫ਼ੀ ਨਾ ਹੋਵੇ, ਤਦ ਆਓ ਅਮੀਰ ਖ਼ੁਸਰੋ, 'ਤੂਤੀਏ ਹਿੰਦ' ਨੂੰ ਲੈਕੇ ਸ਼ੇਖ਼ ਫ਼ਰੀਦ ਨਾਲ ਮੁਕਾਬਲਾ ਕਰੀਏ। ਅਮੀਰ ਖ਼ੁਸਰੋ, ਬਾਬਾ ਫ਼ਰੀਦ ਦਾ ਸਮਕਾਲੀ ਸੀ। ਅਮੀਰ ਖ਼ੁਸਰੋ ਦਾ ਬਾਪ ਹਿੰਦ ਵਿਚ ਆਇਆ, ਅਤੇ ਬਾਬਾ ਫ਼ਰੀਦ ਦਾ ਦਾਦਾ ਉਸਤੋਂ ਅਧੀ ਸਦੀ ਪਹਿਲੋਂ। ਖ਼ੁਸਰੋ ਦਾ ਸਾਰਾ ਜੀਵਨ ਅਮੀਰ ਉਮਰਾਵਾਂ ਦੇ ਹਲਕੇ ਵਿਚ ਤੇ ਬਾਦਸ਼ਾਹੀ ਦਰਬਾਰਾਂ ਵਿਚ ਲੰਘਿਆ, ਅਤੇ ਬਾਬਾ ਫ਼ਰੀਦ ਦਾ ਸਿਧੇ ਸਾਦੇ ਜੱਟਾਂ ਜ਼ਿਮੀਂਦਾਰਾਂ ਅਤੇ ਪੇਂਡੂ ਲੋਕਾਂ ਵਿਚ। ਹੁਣ ਖੁਸਰੋ ਦੀ ਹਿੰਦੀ ਰਚਨਾ ਅਜਿਹੀ ਸਰਲ ਤੇ ਮਿਠੀ ਹਿੰਦੀ ਵਿਚ ਹੈ, ਕਿ ਜੇ ਕਰਤਾ ਦਾ ਨਾਮ ਪਤਾ ਨ ਹੋਵੇ, ਤਦ ਅਸੀਂ ਉਸਨੂੰ ਕਿਸੇ ਨਵੀਨ ਹਿੰਦੀ ਲੇਖਕ ਦੀ, ਕਿਸੇ ਬੱਚਿਆਂ ਦੇ ਰਸਾਲੇ ਲਈ ਲਿਖੀ

---

*ਆਪ ਪੀਰ ਹਮੀਦ-ਉਦ-ਦੀਨ ਨਾਗੌਰੀ ਦੀ ਲੜਕੀ ਸਨ, ਅਤੇ ਚੰਗੇ ਮੁਸਲਮਾਨ ਭੀ ਰਾਜਪੂਤ ਮੁਸਲਮਾਨਾਂ ਦੀਆਂ ਲੜਕੀਆਂ ਵਿਆਹ ਲੈਂਦੇ ਸਨ।



Sri Satguru Jagjit Singh Ji Elibrary NamdhariElibrary@gmail.com

ਰਚਨਾ ਸਮਝੀਏ। ਇਸਦੇ ਟਾਕਰੇ ਪੁਰ ਫ਼ਰੀਦ ਦੀ ਪੰਜਾਬੀ, ਲਹਿੰਦੀ ਹੁੰਦਿਆਂ ਭੀ ਪੁਰਾਣੀ ਕਿਸਮ ਦੀ ਹੈ, ਜਿਸ ਵਿਚ ਪੁਰਾਣੀ ਸੌਰਸੇਨੀ ਅਪਭ੍ਰੰਸ, (ਜਿਸ ਵਿਚੋਂ ਪੰਜਾਬੀ ਨਿਕਲੀ ਹੈ) ਅਤੇ ਪੰਜਾਬੀ ਦੇ ਵਿਚਲੇ ਦਰਜੇ ਦੀਆ ਸ਼ਕਲਾਂ ਕ੍ਰਿਆ ਪਦਾਂ ਦੀਆਂ ਵਰਤੀਆਂ ਹਨ। ਪੰਜਾਬੀ ਵੀ ਹੋਰ ਦੇਸੀ ਬੋਲੀਆਂ ਵਾਂਗ ਤੇਹਰਵੀਂ ਸਦੀ ਈਸਵੀ ਵਿਚ, ਉਸਦੀ ਅਜ ਕਲ ਵਾਲੀ ਸ਼ਕਲ ਪਾ ਚੁਕੀ ਸੀ। 'ਖ਼ਾਲਸਾ ਐਡਵੋਕੇਟ' ਦੇ ਅਪ੍ਰੈਲ ਸੰਨ ੧੯੦੬ ਦੇ ਪਰਚੇ ਵਿਚ ਇਸ ਵਿਸ਼ੇ ਪੁਰ ਮੈਂ ਬਹਿਸ ਕੀਤੀ ਸੀ। ਬਹਰ ਹਾਲ ਇਹ ਕੋਈ ਗ਼ੈਰ ਮਾਮੂਲੀ ਗਲ ਨਹੀਂ ਕਿ ਬਾਬਾ ਫ਼ਰੀਦ ਅਜਿਹੀ ਚੰਗੀ ਪੰਜਾਬੀ ਵਿਚ ਰਚਨਾ ਕਰਦੇ, ਜਿਹੀ ਚੰਗੀ ਹਿੰਦੀ ਵਿਚ ਅਮੀਰ ਖ਼ੁਸਰੋ। ਅਮੀਰ ਖ਼ੁਸਰੋ ਨੇ ਇਕ ਕਿਤਾਬ 'ਬ-ਜ਼ਬਾਨੇ ਲਾਹੌਰੀ ਨਵਿਸ਼ਤਮ' ਪੰਜਾਬੀ ਵਿਚ ਵੀ ਲਿਖੀ ਸੀ, ਪਰ ਉਹ ਸਾਡੇ ਤਕ ਨਹੀਂ ਅਪੜੀ, ਨਹੀਂ ਤਾਂ ਉਸਦਾ ਪਾਟਾ ਹੋਇਆ ਪਤ੍ਰਾ ਭੀ ਸਾਡੇ ਲਈ ਬੜਾ ਕੀਮਤੀ ਹੁੰਦਾ।

ਅਮੀਰ ਖ਼ੁਸਰੋ ਨੂੰ ਦਿਲੀ ਦੇ ਬਾਦਸ਼ਾਹ ਨੇ ਕੁਝ ਤੁਹਫ਼ੇ ਦੇਕੇ ਪੀਰ ਬੂ ਅਲੀ ਕਲੰਦਰ ਜਾਂ ਸ਼ੇਖ ਸ਼ਰਫ ਪਾਸ ਪਾਨੀਪਤ ਭੇਜਿਆ, ਹੋਰ ਕਿਸੇ ਨੂੰ ਓਹਨਾਂ ਤਕ ਅਪੜਨ ਦੀ ਦਲੇਰੀ ਨਹੀਂ ਸੀ ਹੁੰਦੀ। ਸ਼ੇਖ ਸ਼ਰਫ ਨੇ ਅਮੀਰ ਖ਼ੁਸਰੋ ਦੀ ਆਉ ਭਗਤਿ, 'ਆਓ ਕਲਾਂਉਤ' ਕਹਿਕੇ ਕੀਤੀ, ਅਤੇ ਉਸ ਨੂੰ ਆਪਣਾ ਕੁਝ ਕਲਾਮ ਸੁਣਾਉਨ ਵਾਸਤੇ ਕਿਹਾ। ਪਿਛੋਂ ਸ਼ਾਹ ਸ਼ਰਫ ਨੇ ਆਪਣੇ ਰਚੇ ਕੁਝ ਸ਼ਿਅਰ ਪੜ੍ਹੇ, ਜਿਨ੍ਹਾਂ ਦੇ ਸੁਣਨ ਨਾਲ ਅਮੀਰ ਖ਼ੁਸਰੋ ਦੇ ਦਿਲ ਤੇ ਡੂੰਘਾ ਅਸਰ ਹੋਇਆ, ਅਤੇ ਅਖਾਂ ਵਿਚ ਅਥਰੂ ਭਰ ਆਏ! ਸ਼ਾਹ ਸ਼ਰਫ ਨੇ ਰੋਂਦਾ ਵੇਖਕੇ ਕਿਹਾ:— "ਐ ਰੋਂਦਾ ਏਂ? ਕੁਝ ਬੁਝਦਾ ਏਂ?" ਫ਼ਾਰਸੀ ਕਿਤਾਬਾਂ ਵਿਚ ਇਸ ਵਾਕਿਆ ਦਾ ਜ਼ਿਕਰ ਕਰਦਿਆਂ, ਇਹ ਪੰਜਾਬੀ ਦੇ ਫ਼ਿਕਰੇ ਏਸੇ ਤਰ੍ਹਾਂ ਲਿਖੇ ਹਨ। ਸ਼ੇਖ ਸ਼ਰਫ ਬਾਬਤ ਬੀ ਕਿਹਾ ਜਾਂਦਾ ਹੈ ਕਿ ਉਹ ਪਾਨੀਪਤ ਵਿਚ ਪੈਦਾ ਹੋਏ ਸਨ, ਪਰ ਜ਼ਰਾ ਉਪਰਲੇ ਪੰਜਾਬੀ ਵਾਕਾਂ ਨੂੰ ਸਹੀ



Sri Satguru Jagjit Singh Ji Elibrary NamdhariElibrary@gmail.com

ਉਚਾਰਨ ਨਾਲ ਪੜ੍ਹਕੇ ਵੇਖੋ, ਤਦ ਦਿਸੇਗਾ ਕਿ ਇਕ ਵਲਾਇਤੀ ਮੁਸਲਮਾਨ ਦੇ ਮੂੰਹੋਂ ਕੇਹੇ ਫਬਦੇ ਹਨ।

ਫੇਰ ਏਸ ਗਲ ਦਾ ਯਕੀਨ ਨਹੀਂ ਹੋ ਸਕਦਾ ਕਿ ਫ਼ਰੀਦ ਦੀ ਬਾਣੀ ਜਿਉਂ ਕੀ ਤਿਉਂ ਅਖਰੋ ਅਖਰ ਬਾਬਾ ਫ਼ਰੀਦ ਦੀ ਆਪਨੀ ਰਚੀ ਹੋਈ ਗੁਰੂ ਸਾਹਿਬ ਤਕ ਅਪੜੀ ਸੀ। ਲਿਖਤ ਵਿਚ ਆ ਜਾਨ ਤੋਂ ਪਹਿਲੇ, ਮੂੰਹ ਜ਼ਬਾਨੀ ਚਲੇ ਆਉਨ ਵਿਚ ਕਈ ਇਕ ਲਫ਼ਜ਼ੀ ਫ਼ਰਕ ਸਹਿਜ ਸੁਭਾ ਪੈ ਗਏ ਹੋਨਗੇ, ਜਿਸਤਰ੍ਹਾਂ ਕਿ ਸਭ ਗੀਤਾਂ ਆਦਿ ਦਾ ਦਸਤੂਰ ਹੈ। ਪਰ ਇਹੋ ਜਿਹੇ ਲਫ਼ਜ਼ੀ ਫ਼ਰਕ ਪੈ ਜਾਨ ਦੇ ਪਿਛੋਂ ਭੀ ਬਾਣੀ 'ਅਸਲੀ ਕਰਤਾ ਅਰਥਾਤ ਬਾਬਾ ਫ਼ਰੀਦ ਦੀ ਹੀ ਰਹੇਗੀ।

ਹਿੰਦੂਆਂ ਅਤੇ ਬਦੇਸੀ ਮੁਸਲਮਾਨਾਂ ਨੇ ਆਪੋ ਵਿਚ ਮੇਲ ਹੋਨ ਦੇ ਦਿਨ ਤੋਂ ਹੀ ਇਕ ਦੂਜੇ ਦੀਆਂ ਬੋਲੀਆਂ ਸਿਖਣੀਆਂ ਸ਼ੁਰੂ ਕਰ ਦਿਤੀਆਂ ਸਨ, ਵਿਸ਼ੇਸ਼ ਕਰਕੇ ਮੁਸਲਮਾਨਾਂ ਨੇ, ਜਿਨ੍ਹਾਂ ਦੀ ਗਿਣਤੀ ਬਹੁਤ ਥੋੜੀ ਸੀ। ਜੇ ਇਹ ਨਾ ਕਰਦੇ ਤਦ ਨਿੱਤ ਦਾ ਵਿਹਾਰ ਕਾਰ ਕਿਕੁਰ ਟੁਰਦਾ। ਗੋਰੇ ਲੋਕ ਬਾਜ਼ਾਰ ਵਿਚ ਆਉਂਦੇ ਹਨ, ਕੁਝ ਟੁੱਟੀ ਭਜੀ ਦੇਸੀ ਬੋਲੀ ਬੋਲਦੇ ਹਨ, ਅਤੇ ਅਗੋਂ ਸਦਰ ਬਾਜ਼ਾਰ* ਦਾ ਦੁਕਾਨਦਾਰ ਉਹੋ ਜਿਹੀ ਟੁਟੀ ਭੱਜੀ ਅੰਗ੍ਰੇਜ਼ੀ ਮਾਰਦਾ ਹੈ ਅਤੇ ਬਹੁਤਾ ਚਿਹਰੇ ਅਤੇ ਹਥਾਂ ਦੇ ਇਸ਼ਾਰਿਆਂ ਤੋਂ ਕੰਮ ਲੈਂਦਾ ਹੈ। ਸਭ ਤੋਂ ਪੁਰਾਣਾ ਹਿੰਦੀ ਦਾ ਕਵੀ ਬਾਹਰਵੀਂ ਸਦੀ ਦੇ ਅਖੀਰ ਵਿਚ, 'ਚੰਦ ਬਰਦਾਈ', ਲਾਹੌਰ ਦਾ ਰਹਿਣਵਾਲਾ ਹੋਇਆ ਹੈ, ਉਹ ਆਪਨੀ ਕਿਤਾਬ 'ਪ੍ਰਿਥੀਰਾਜ ਰਾਸਾ' ਵਿਚ ਬਹੁਤ ਸਾਰੇ ਫ਼ਾਰਸੀ ਅਰਬੀ ਦੇ ਲਫ਼ਜ਼ ਵਰਤਦਾ ਹੈ, ਅਤੇ ਉਹ ਭੀ ਬੇਲੋੜੇ, ਜਿਨ੍ਹਾਂ ਦੀ ਥਾਂ ਉਹ ਆਸਾਨੀ ਨਾਲ ਹਿੰਦੀ ਲਫ਼ਜ਼ ਵਰਤ ਸਕਦਾ ਸੀ। ਏਸ ਦੇ ਉਲਟ ਮੁਸਲਮਾਨ ਪੁਰਾਣੇ ਵਕਤਾਂ ਤੋਂ ਹੀ ਦੇਸੀ ਬੋਲੀਆਂ ਵਿਚ ਰਚਨਾ ਕਰਦੇ ਚਲੇ ਆਏ ਹਨ, ਜਿਸ ਤਰ੍ਹਾਂ

*'ਉਰਦੂ' ਦੇ ਅਰਥ ਹਨ 'ਲਸ਼ਕਰ' ਦੇ ਜਿਸ ਤੋਂ ਮਤਲਬ ਹੈ ਅਜ ਕਲ ਦੀ ਛਾਉਨੀ ਜਾਂ ਸਦਰ ਬਾਜ਼ਾਰ।



Sri Satguru Jagjit Singh Ji Elibrary NamdhariElibrary@gmail.com

ਮਲਿਕ ਮੁਹਮਦ ਜਾਇਸੀ, ਕਿਜ਼ਲਬਾਸ਼ ਖਾਂ ਉਮੀਦ, ਗ਼ੁਲਾਮ ਫ਼ਰੀਦ ਆਦ।

## (ਅ) ਜਨਮ ਸਾਖੀ ਦੀ ਗਵਾਹੀ

ਸ਼ੇਖ਼ ਫ਼ਰੀਦ ਦੀ ਰਚਨਾ ਨੂੰ 'ਸ਼ੇਖ ਬ੍ਰਹਮ' ਦੇ ਨਾਮ ਨਾਲ ਜੋੜਨ ਦਾ ਇਕ ਹੋਰ ਕਾਰਨ ਇਹ ਹੋ ਸਕਦਾ ਹੈ ਕਿ ਜਨਮ ਸਾਖੀਆਂ ਵਿਚ ਇਹ ਲਿਖਿਆ ਹੈ ਕਿ 'ਸ਼ੇਖ ਬ੍ਰਹਮ' ਨੇ ਗੁਰੂ ਨਾਨਕ ਸਾਹਿਬ ਨਾਲ ਗੋਸ਼ਟ ਕਰਦੇ ਸਮੇਂ ਇਕ ਸਲੋਕ ਓਹੋ ਬੋਲਿਆ ਜੋ ਗਰੰਥ ਸਾਹਿਬ ਵਿਚ ਸ਼ੇਖ ਫ਼ਰੀਦ ਦੇ ਨਾਮ ਨਾਲ ਦਿੱਤਾ ਹੈ, ਅਤੇ ਅਗੋਂ ਬਾਬੇ ਨੇ ਵੀ ਓਹੋ ਸ਼ਲੋਕ ਕਿਹਾ ਜੋ ਗ੍ਰੰਥ ਸਾਹਿਬ ਵਿਚ ਫ਼ਰੀਦ ਦੇ ਸਲੋਕ ਨੂੰ ਮੁਖ ਰਖਕੇ ਕਿਹਾ ਗਿਆ ਹੈ ਤੇ ਗ੍ਰੰਥ ਸਾਹਿਬ ਵਿਚ ਦਿੱਤਾ ਹੈ। ਠੀਕ ਉਹੋ ਹਾਲ ਉਸ ਫ਼ਰਜ਼ੀ ਗੋਸ਼ਟ ਦਾ ਹੈ ਜੋ ਖ਼ੁਦ ਬਾਬਾ ਫ਼ਰੀਦ ਨਾਲ ਪੂਰਬ ਦੇਸ਼ ਵਿਚ ਕਿਤੇ ਹੋਈ ਦਸੀ ਹੈ। ਉਥੇ ਭੀ ਏਸੇ ਤਰ੍ਹਾਂ ਕੁਝ ਸ਼ਲੋਕ* ਬਾਬਾ ਫ਼ਰੀਦ ਦੇ ਮੂਹੋਂ ਕਹਾਏ ਹਨ। ਪਰ ਜਨਮਸਾਖੀਆਂ ਵਿਚ ਜੋ ਕੁਝ ਲਿਖਿਆ ਹੈ, ਉਹ ਘਟਨਾ ਦੇ ਹੋਣ ਸਮੇਂ ਨਹੀਂ ਲਿਖਿਆ ਗਿਆ, ਬਲਕਿ ਸਦੀਆਂ ਪਿਛੋਂ; ਅਤੇ ਨਾ ਇਹ ਕਿਤਾਬਾਂ ਕਿਸੇ ਇਤਬਾਰ ਕਰਨ ਦੇ ਜੋਗ ਹਨ। ਜਿਥੇ ਕੋਈ ਗਲ ਕਿਸੇ ਤਾਰੀਖੀ ਬੁਨਿਆਦ ਤੇ ਹੈ ਵੀ, ਓਥੇ ਵੀ ਵੇਰਵਾ ਸਾਰਾ ਲਿਖਣ ਵਾਲੇ ਦੀ ਕਪੋਲ ਕਲਪਨਾ ਹੈ। ਖ਼ਾਲੀ ਮੋਟਾ ਢਾਂਚਾ ਹੀ ਇਹਨਾਂ ਹਾਲਤਾਂ ਵਿਚ ਅਸੀਂ ਸਹੀ ਸਮਝ ਸਕਦੇ ਹਾਂ। ਜਿਨ੍ਹਾਂ ਕਿਤਾਬਾਂ ਨੂੰ ਜਨਮ ਸਾਖੀਆਂ ਕਿਹਾ ਜਾਂਦਾ ਹੈ, ਉਹਨਾਂ ਦੇ ਆਪੋ ਵਿਚ ਦੇ ਫ਼ਰਕ ਅਤੇ ਉਹਨਾਂ ਵਿਚ ਆਈਆਂ ਫ਼ਜ਼ੂਲ ਅਤੇ ਅਸੰਭਵ ਗਲਾਂ ਜਿਨ੍ਹਾਂ ਨਾਲ ਇਹ ਸਾਰੀਆਂ ਹੀ ਕਿਤਾਬਾਂ ਇਕ ਸਿਰੇ ਤੋਂ ਦੂਜੇ ਤਕ ਭਰੀਆਂ ਪਈਆਂ ਹਨ, ਸਗੋਂ ਇਕ ਹੀ ਜਨਮ ਸਾਖੀ ਦੀਆਂ ਅੱਡ ਅੱਡ

---

*ਅਸੀਂ ਇਸ ਤੋਂ ਇਹ ਸਿੱਟਾ ਕਢਾਂਗੇ ਕਿ ਸਾਖੀਆਂ ਲਿਖਣ ਵਾਲੇ ਨੇ ਗਰੰਥ ਸਾਹਿਬ ਵਿਚ ਉਹ ਸਲੋਕ ਦੇਖਕੇ ਉਹਨਾਂ ਨਾਲ ਮੇਲ ਖਾਂਦੀਆਂ ਸਾਖੀਆਂ ਮਨੋਂ ਘੜ ਲਈਆਂ ਹਨ।



Sri Satguru Jagjit Singh Ji Elibrary NamdhariElibrary@gmail.com

ਐਡੀਸ਼ਨਾਂ, ਅਨਪੜ੍ਹ ਪ੍ਰਕਾਸ਼ਕਾਂ ਦੀਆਂ ਅਦਲ ਬਦਲਕੇ ਬਨਾਈਆਂ, ਇਹ ਸਭ ਗਲਾਂ ਦਸਦੀਆਂ ਹਨ ਕਿ ਇਹ ਕਿਤਾਬਾਂ ਰਤਾ ਜਿੰਨਾ ਇਤਬਾਰ ਕਰਨ ਦੇ ਲਾਇਕ ਨਹੀਂ। ਫੇਰ ਅਸੀਂ ਵੇਖ ਰਹੇ ਹਾਂ ਕਿ ਕਿਸਤਰ੍ਹਾਂ ਇਹ ਸਾਖੀਆਂ ਸਾਡੀਆਂ ਅਖੀਆਂ ਦੇ ਸਾਮ੍ਹਣੇ ਵਧਦੀਆਂ ਜਾ ਰਹੀਆਂ ਹਨ। ਸੋ ਅਜਿਹੀਆਂ ਕਿਤਾਬਾਂ ਵਿਚ ਦਿਤੀਆਂ ਵੇਰਵੇ ਦੀਆਂ ਗਲਾਂ ਨੂੰ ਅਸੀਂ ਮੂਲੋਂ ਸਚ ਨਹੀ ਮਨ ਸਕਦੇ।

ਪਰ ਜੇ ਦਲੀਲ ਦੀ ਖ਼ਾਤਰ ਅਸੀਂ ਪਲ ਭਰ ਲਈ ਮਨ ਭੀ ਲਈਏ ਕਿ ਜੋ ਸ਼ਲੋਕ ਸ਼ੇਖ ਬ੍ਰਹਮ ਨੇ ਕਹੇ ਲਿਖੇ ਹਨ, ਅਤੇ ਜੋ ਸਲੋਕ ਜਵਾਬ ਵਜੋਂ ਗੁਰੂ ਨਾਨਕ ਸਾਹਿਬ ਨੇ ਕਹੇ ਦਸੇ ਹਨ, ਉਹ ਸਚ ਮੁਚ ਪਾਕਪਟਨ ਵਿਚ ਬੈਠੇ ਗੋਸ਼ਟ ਹੁੰਦੇ ਸਮੇਂ ਕਹੇ ਸੁਨੇ ਗਏ ਸਨ, ਤਦ ਵੀ ਇਹ ਸਿਧ ਨਹੀਂ ਹੁੰਦਾ ਕਿ ਜੋ ਸ਼ਲੋਕ ਸੇਖ ਬ੍ਰਹਮ ਨੇ ਬੋਲੇ, ਓਹ ਉਸਦੇ ਵਡੇ ਵਡੇਰੇ ਬਾਬਾ ਫ਼ਰੀਦ ਦੇ ਬਨਾਏ ਹੋਏ ਨਹੀਂ ਸਨ। ਨਾ ਗੁਰੂ ਨਾਨਕ ਸਾਹਿਬ ਦੇ ਜਵਾਬੀ ਸ਼ਲੋਕਾਂ ਦਾ ਹੋਨਾ ਇਹ ਸਿਧ ਕਰਦਾ ਹੈ ਕਿ ਓਹ ਸਲੋਕ ਜਰੂਰ ਗੋਸ਼ਟ ਕਰਦੇ ਵੇਲੇ ਹੀ ਗੁਰੂ ਨਾਨਕ ਸਾਹਿਬ ਨੇ ਰਚੇ ਤੇ ਕਹੇ ਸਨ; ਕਿਉਂਕਿ ਇਹਨਾਂ ਨਾਲੋਂ ਕਿਤੇ ਵਧੀਕ ਗਿਣਤੀ ਉਹਨਾਂ ਸਲੋਕਾਂ ਦੀ ਹੈ, ਜੋ ਤੀਸਰੇ ਤੇ ਪੰਜਵੇਂ ਗੁਰੂ ਸਾਹਿਬਾਨ ਨੇ, ਬਾਬਾ ਫ਼ਰੀਦ ਦੇ ਸਲੋਕਾਂ ਨੂੰ ਸਾਮ੍ਹਣੇ ਰਖਕੇ ਰਚੇ ਸਨ। ਮਿਸਾਲ ਲਈ ਤੁਸੀ ਵੇਖੋ ਗ੍ਰੰਥ ਸਾਹਿਬ ਵਿਚ ਸ਼ਲੋਕ ਨੰਬਰ ੧੩, ੫੨, ੯੬, ੧੦੪, ੧੦੫, ੧੨੦, ੧੨੧, ੧੨੪ ਆਦਿ।

ਜੋ ਭੀ ਹੋਵੇ, ਗ੍ਰੰਥ ਸਾਹਿਬ ਵਿਚ ਜੋ ਤਰਤੀਬ ਬਾਣੀ ਨੂੰ ਦਿਤੀ ਗਈ ਹੈ, ਅਤੇ ਜਿਤਨ ਸਿਰਨਾਵੇਂ ਜਾਂ ਹੈਡਿੰਗ ਹਨ, ਉਹ ਗੁਰੂ ਅਰਜਨ ਦੇਵ ਦੇ ਦਿਤੇ ਹੋਏ ਹਨ, ਉਹ ਸਲੋਕਾਂ ਤੇ ਸ਼ਬਦਾਂ ਨੂੰ ਸ਼ੇਖ ਫਰੀਦ ਦੇ ਆਖਦੇ ਹਨ ਨਾ ਕਿ 'ਸ਼ੇਖ ਬ੍ਰਹਮ' ਦੇ। ਸ਼ੇਖ ਬ੍ਰਹਮ ਦਾ ਨਾਂ ਉਹਨਾਂ ਨੂੰ ਚੰਗੀ ਤਰ੍ਹਾਂ ਮਾਲੂਮ ਹੋਣਾ ਚਾਹੀਏ। 'ਸ਼ੇਖ ਫਰੀਦ' ਨਾਮ ਖ਼ਾਲੀ ਬਾਬਾ ਫਰੀਦ ਸ਼ਕਰਗੰਜ ਲਈ ਹੀ ਵਰਤਿਆ ਜਾ ਸਕਦਾ ਹੈ, ਅਤੇ ਸਦਾ



Sri Satguru Jagjit Singh Ji Elibrary NamdhariElibrary@gmail.com

ਏਸੇ ਤਰ੍ਹਾਂ ਵਰਤਿਆ ਗਿਆ ਹੈ; ਉਹ ਦੂਜੇ ਸ਼ੇਖ਼ ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਮਿਲੇ ਕਹੇ ਗਏ ਹਨ, ਹਿੰਦੂਆਂ ਨੂੰ ਆਪਣੇ ਅਸਲੀ ਨਾਮ 'ਸ਼ੇਖ਼ ਇਬ੍ਰਾਹੀਮ' ਨਾਲ ਹੀ ਮਾਲੂਮ ਸਨ, ਜਿਸਨੂੰ ਜਨਮ ਸਾਖੀਆਂ ਲਿਖਨ ਵਾਲਿਆਂ ਨੇ ਵਿਗਾੜਕੇ 'ਸ਼ੇਖ਼ ਬ੍ਰਹਮ' ਬਨਾਲਿਆ ਹੈ, ਉਸਦਾ ਕੋਈ ਹੋਰ ਨਾਮ ਓਹਨਾਂ ਨੂੰ ਮਾਲੂਮ ਨਹੀਂ ਸੀ। ਇਹ ਗਲ ਕਿ ਉਨ੍ਹਾਂ ਨੂੰ 'ਫ਼ਰੀਦ ਸਾਨੀ' ਆਖਦੇ ਸਨ, ਅਜ ਕਲ ਦੇ ਸਿਖਾਂ ਦੀ ਝੂਠੀ ਬਨਾਵਟ ਹੈ। ਸ਼ੇਖ਼ ਇਬ੍ਰਾਹੀਮ ਜਿਸ ਨਾਲ ਗੁਰੂ ਨਾਨਕ ਸਾਹਿਬ ਦਾ ਮਿਲਨਾ ਮੁਮਕਿਨ ਹੋ ਸਕਦਾ ਹੈ, ਬਹੁਤ ਥੋੜਾ ਚਿਰ, ਕੋਈ ਛੇ ਸਤ ਵਰ੍ਹੇ ਹੀ ਪਾਕਪਟਨ ਦੀ ਗਦੀ ਪੁਰ ਰਿਹਾ ਹੈ, ਅਤੇ ਉਹ ਕੋਈ ਚੋਣਵੇਂ ਮੁਖੀ ਜਾਂ ਪ੍ਰਸਿਧ ਗਦੀ-ਨਸ਼ੀਨਾਂ ਵਿਚੋਂ ਨਹੀਂ ਸੀ, ਉਸਦਾ ਬਾਪ ਸ਼ੇਖ਼ ਤਾਜਦੀਨ ਅਤੇ ਪੁਤ੍ਰ ਤੇ ਪੋਤ੍ਰਾ ਉਸ ਨਾਲੋਂ ਕਿਤੇ ਵਡੇ ਗੱਦੀ-ਨਸ਼ੀਨ ਹੋਏ ਹਨ। ਮੈਕਾਲਿਫ਼ ਸਾਹਿਬ ਦੀ ਕਿਤਾਬ ਤੋਂ ਬਾਹਿਰ ਮੈਂ ਕਿਤੇ ਵੀ ਇਹ ਨਹੀਂ ਪੜ੍ਹਿਆ ਕਿ ਸੇਖ਼ ਇਬ੍ਰਾਹੀਮ ਨੂੰ 'ਫ਼ਰੀਦ ਸਾਨੀ' ਸਦਦੇ ਸਨ। ਨਾ ਇਹ ਲਫ਼ਜ਼ ਇਬ੍ਰਾਹੀਮ ਦੇ ਨਾਮ ਦੇ ਪਿਛੇ ਲਗਕੇ ਇਸਤਰ੍ਹਾਂ ਪੜ੍ਹਿਆ ਹੈ: 'ਸ਼ੇਖ਼ ਇਬ੍ਰਾਹੀਮ ਫ਼ਰੀਦ ਸਾਨੀ'। ਹਾਂ ਬਾਬਾ ਫ਼ਰੀਦ ਦੇ ਪੋਤ੍ਰੇ, ਅਤੇ ਦੂਜੇ ਸਜਦਾ-ਨਿਸ਼ੀਨ ਸ਼ੇਖ਼ ਅਲਾਉਦੀਨ ਨੂੰ 'ਸ਼ੇਖ਼ ਅਲਾਉ ਦੀਨ ਫ਼ਰੀਦ ਸਾਨੀ' ਜ਼ਰੂਰ ਆਖਿਆ ਜਾਂਦਾ ਸੀ, ਅਤੇ ਉਹ ਬਹੁਤ ਰਸੂਖ਼ ਵਾਲੇ ਤੇ ਵਡੇ ਪੀਰ ਸਨ। ਜੇਕਰ ਇਹ ਭੀ ਫ਼ਰਜ਼ ਕਰ ਲਈਏ ਕਿ ਸ਼ੇਖ਼ ਬ੍ਰਹਮ ਨੂੰ ਫ਼ਰੀਦ ਸਾਨੀ (ਦੂਜਾ ਫ਼ਰੀਦ), ਜਾਂ ਫ਼ਰੀਦ ਸਾਲਿਸ (ਤੀਜਾ ਫ਼ਰੀਦ) ਆਖਦੇ ਸਨ, ਤਦ ਵੀ ਮੈਕਾਲਿਫ਼ ਸਾਹਿਬ ਦਾ ਦਾਅਵਾ (ਜੋ ਉਹਨਾਂ ਦੇ ਦਿਮਾਗ਼ ਵਿਚ ਨਹੀਂ, ਕਲਮ ਵਿਚ, ਸ਼ਾਇਦ ਸਰਦਾਰ ਕਾਹਨ ਸਿੰਘ ਜੀ ਨੇ ਵਾੜਿਆ ਸੀ) ਸਿਧ ਨਹੀਂ ਹੁੰਦਾ। 'ਫ਼ਰੀਦ ਸਾਨੀ' ਜਾਂ 'ਫ਼ਰੀਦ ਸਾਲਿਸ' ਉਸ ਦੇ ਨਾਮ ਨਹੀਂ ਹੋ ਸਕਦੇ, ਇਹ 'ਉਪਨਸ' ਹਨ, ਜੋ ਮੁਰੀਦ ਲੋਕ ਬਹੁਤ ਪਿਛੋਂ ਆਪਨੇ ਪੀਰਾਂ ਨੂੰ ਦੇ ਸਕਦੇ ਸਨ, ਬਸ਼ਰਤੇਕਿ ਉਹ ਇਸ ਮਾਨ ਦੇ ਲਾਇਕ ਹੋਵੇ॥ ਫੇਰ 'ਸਾਨੀ' ਤੇ 'ਸਾਲਿਸ' ਦੇ



Sri Satguru Jagjit Singh Ji Elibrary NamdhariElibrary@gmail.com

ਲਫ਼ਜ਼ 'ਫ਼ਰੀਦ' ਦੇ ਲਫ਼ਜ਼ ਨਾਲੋਂ ਅਡ ਨਹੀਂ ਕੀਤੇ ਜਾ ਸਕਦੇ ਅਤੇ ਨਾ 'ਸ਼ੇਖ ਬ੍ਰਹਮ' ਨੂੰ 'ਫ਼ਰੀਦ' ਜਾਂ 'ਸ਼ੇਖ ਫ਼ਰੀਦ' ਕਿਹਾ ਜਾ ਸਕਦਾ ਸੀ॥ ਗੁਰੂ ਅਰਜਨ ਦੇਵ ਜੈਸੇ ਸਿਆਣੇ ਆਦਮੀ ਤੋਂ ਅਜਿਹੀ ਗ਼ਲਤੀ ਹੋਣੀ ਨਾਮੁਮਕਿਨ ਹੈ। ਜੇਕਰ ਗੁਰੂ ਅਰਜਨ ਦੇਵ ਇਹਨਾਂ ਸਲੋਕਾਂ ਤੇ ਸ਼ਬਦਾਂ ਨੂੰ ਸ਼ੇਖ ਬ੍ਰਹਮ ਦੇ ਬਣਾਏ ਜਾਣਦੇ ਹੁੰਦੇ, ਤਾਂ ਉਹ ਇਹਨਾਂ ਨੂੰ 'ਸ਼ੇਖ ਬ੍ਰਹਮ' ਦੇ ਕਰਕੇ ਕਿਉਂ ਨਾ ਲਿਖਦੇ। ਬਿਲਕੁਲ ਮਾਮੂਲੀ ਤੇ ਗੁਮਨਾਮ ਜਿਹੇ ਭਗਤਾਂ ਦੀ ਬਾਣੀ ਗ੍ਰੰਥ ਸਾਹਿਬ ਵਿਚ ਚੜ੍ਹੀ ਹੈ, ਅਤੇ ਉਹਨਾਂ ਦੇ ਨਾਮ ਪੁਰ ਹੀ ਦਿਤੀ ਹੈ, ਤਦ 'ਸ਼ੇਖ ਬ੍ਰਹਮ' ਲਿਖਨ ਵਿਚ ਕੀ ਹਰਜ ਸੀ, ਜਿਸ ਨਾਮ ਨਾਲ ਉਹ ਗੱਦੀ-ਨਸ਼ੀਨ ਜਨਮ ਸਾਖੀਆਂ ਵਿਚ ਮਸ਼ਹੂਰ ਸੀ? ਕਿਸੇ ਇਕ ਗੁਰੂ ਜੀ ਦੀ ਲੰਮੀ ਸਾਰੀ ਰਚਨਾ ਦੇ ਦੇ, ਵਿਚਾਲੇ ਜੇ ਕਿਤੇ ਇਕ ਅਧਾ ਸ਼ਲੋਕ ਭੀ ਦੂਸਰੇ ਗੁਰੂ ਦਾ ਆ ਗਿਆ ਹੈ, ਤਦ ਗੁਰੂ ਅਰਜਨ ਦੇਵ ਨੇ ਉਸ ਨੂੰ ਵਖਰਾ ਕਰਕੇ ਵਿਖਾਇਆ ਹੈ, ਭਾਵੇਂ ਛਾਪ ਸਭ ਜਗਹ 'ਨਾਨਕ' ਪਦ ਦੀ ਹੀ ਹੈ। ਇਹੋ ਵਖੇਵਾਂ ਉਹਨਾਂ ਨੇ ਭਗਤ ਬਾਣੀ ਦੇ ਦੇ ਸਮੇਂ ਕੀਤਾ ਹੈ। ਸ਼ੇਖ ਫ਼ਰੀਦ ਦੇ ਸ਼ਲੋਕਾਂ ਦਾ ਸੰਗ੍ਰਹ ਹੀ ਇਸ ਗਲ ਦੀ ਮਿਸਾਲ ਹੈ। ਸਾਫ਼ ਦਿਸ ਰਿਹਾ ਹੈ ਕਿ ਗੁਰੂ ਅਰਜਨ ਦੇਵ ਨੇ ਸ਼ੇਖ ਬ੍ਰਹਮ ਤੋਂ ਕੋਈ ਸੱਠ ਵਰ੍ਹੇ ਪਿਛੋਂ ਅਤੇ ਸਾਥੋਂ ੩੫੦ ਵਰ੍ਹੇ ਪਹਿਲੋਂ ਇਹਨਾਂ ਸ਼ਬਦਾਂ ਤੇ ਸ਼ਲੋਕਾਂ ਨੂੰ ਸ਼ੇਖ ਫ਼ਰੀਦ ਸ਼ਕਰਗੰਜ ਦੇ ਹੀ ਸ਼ਬਦ ਤੇ ਸ਼ਲੋਕ ਜਾਤਾ ਅਤੇ ਲਿਖਿਆ ਹੈ, ਨਾ ਕਿ ਸ਼ੇਖ ਬ੍ਰਹਮ ਦੇ। ਸਾਰੇ ਹਿੰਦੂ ਮੁਸਲਮਾਨ ਅਜ ਤਕ ਇਹੋ ਮਨਦੇ ਚਲੇ ਆਏ ਹਨ, ਅਤੇ ਇਹਨਾਂ ਸ਼ਲੋਕਾਂ ਸ਼ਬਦਾਂ ਪੁਰ ਸਾਰੀ ਟੀਕਾ ਟਿਪਨੀ ਏਸੇ ਨਿਸਚੇ ਉਤੇ ਨਿਰਭਰ ਹੈ।

ਏਸ ਨਵੀਨ ਬਨਾਵਟ ਨਾਲੋਂ ਮੈਨੂੰ ਤਾਂ ਪੁਰਾਣੇ ਇਤਿਹਾਸ ਕਾਰਾਂ ਦਾ ਅਫ਼ਸਾਨਾ, ਕਿ ਸ਼ੇਖ਼ ਫ਼ਰੀਦ ਨੇ ਗੁਰੂ ਅਰਜਨ ਦੇਵ ਨੂੰ ਕਿਸੇ ਰੂਹਾਨੀ ਸ਼ਕਲ ਵਿਚ ਹਾਜ਼ਰ ਹੋ ਕੇ ਆਪਣੀ ਸਾਰੀ ਬਾਣੀ ਲਿਖਵਾ ਦਿਤੀ, 'ਵਧੀਕ ਅਕਲ ਦੀ ਗਲ ਜਾਪਦੀ ਹੈ।



Sri Satguru Jagjit Singh Ji Elibrary NamdhariElibrary@gmail.com

## ਬਾਣੀ ਦੀ ਆਪਣੀ ਗਵਾਹੀ

ਹੁਣ ਅਸੀਂ ਆਪਣੇ ਪਖ ਦੇ ਹੱਕ ਵਿਚ ਇਕ ਤੀਜੀ ਮਜ਼ਬੂਤ ਦਲੀਲ ਤੇ ਅਪੜਦੇ ਹਾਂ। ਇਹਨਾਂ ਸ਼ਲੋਕਾਂ ਤੇ ਸ਼ਬਦਾਂ ਵਿਚ ਜਿਨੇ ਵੀ ਜ਼ਾਤੀ ਜਾਂ ਸ਼ਖ਼ਸੀ ਇਸ਼ਾਰੇ ਜਾਂ ਸੰਕੇਤ ਆਏ ਹਨ, ਉਹ ਸਭ ਬਾਬਾ ਫ਼ਰੀਦ ਸ਼ਕਰਗੰਜ ਦੇ ਜੀਵਨ ਨਾਲ ਵਾਸਤਾ ਰਖਦੇ ਹਨ, ਨਾ ਕਿ ਕਿਸੇ ਹੋਰ ਸ਼ੇਖ਼ ਬ੍ਰਹਮ ਵਗ਼ੈਰਾ ਦੀ ਜ਼ਿੰਦਗੀ ਨਾਲ। ਫੇਰ ਇਹ ਉੱਤਮ ਪੁਰਖ First Person ਵਿਚ ਲਿਖੇ ਹਨ, ਜਿਸ ਤਰ੍ਹਾਂ ਕਿ

ਇਹਨੀਂ ਨਿੱਕੀ ਜੰਘੀਏਂ ਥਲ ਡੂਗਰ ਭਵਿਓਮੀ।
ਅੱਜ ਫ਼ਰੀਦੇ ਕੂਜੜਾ ਸੈ ਕੋਆਂ ਥੀਓਮੀ॥

ਸਾਫ਼ ਲਿਖਿਆ ਹੈ ਕਿ ਮੈਂ ਥਲ ਡੂਗਰ ਭਵਿਆਂ ਅਤੇ ਅਜ ਕੂੰਜਾ ਮੈਨੂੰ ਸੈ ਕੋਆਂ ਤੇ ਪਿਆ ਦਿਸਦਾ ਹੈ। ਫ਼ਰੀਦ ਦੀ ਲੰਮੀ ਉਮਰਾ, ਓਹਨਾਂ ਦੇ ਦੇਸ ਦੇਸਾਂਤ੍ਰਾਂ ਵਿਚ ਪੈਦਲ ਲੰਮੇ ਸਫਰਾਂ, ਓਹਨਾਂ ਦੀ ਕਾਠ ਦੀ ਬਣੀ ਰੋਟੀ, ਓਹਨਾਂ ਦਾ ਖੂਹ ਵਿਚ ਪੁਠੇ ਲਟਕ ਕੇ ਚਿਲ੍ਹਾ ਕਟਣਾ, ਜਦ ਪੁਠੇ ਲਟਕੇ ਸਨ, ਤਦ ਕਾਵਾਂ ਦਾ ਪੈਰਾਂ ਦੀਆਂ ਤਲੀਆਂ ਵਿਚ ਠੂੰਗੇ ਮਾਰਨਾ, ਅਤੇ ਚਿੜੀਆਂ ਦਾ ਸਿਰ ਦੇ ਵਾਲਾਂ ਵਿਚ ਆਹਲਨਾ ਬਨਾਣਾ, ਆਪਣੇ ਉਪਰ ਸਖ਼ਤੀ ਕਰਨ ਵਾਲੇ ਇਕ ਚਉਧਰੀ ਨੂੰ ਬਦ-ਦੁਆ ਦੇਣੀ, ਅਤੇ ਉਸਦਾ ਸ਼ਿਕਾਰ ਨਿਕਲੇ ਮਾਰਿਆ ਜਾਣਾ, ਤਖ਼ਤ ਹਜ਼ਾਰੇ ਪਾਸ ਦਰਿਆ ਦੇ ਰੁਖ਼ ਨੂੰ ਪਲਟ ਦੇਣਾਂ, ਇਹ ਬਾਬਾ ਫ਼ਰੀਦ ਦੇ ਜੀਵਨ ਵਿਚ ਪ੍ਰਸਿਧ ਘਟਨਾਆਂ ਗਿਣੀਆਂ ਜਾਂਦੀਆ ਹਨ, ਅਤੇ ਇਹਨਾਂ ਸਭਨਾਂ ਗਲਾਂ ਵਲ ਇਸ਼ਾਰੇ, ਗ੍ਰੰਥ ਸਾਹਿਬ ਵਿਚ ਦਿੱਤੀ ਓਹਨਾਂ ਦੀ ਰਚਨਾ ਵਿਚ ਆ ਜਾਂਦੇ ਹਨ। ਮਿਸਾਲ ਲਈ ਦੇਖੋ ਸਲੋਕ ਨੰਬਰ ੪੧, ੫੫, ੯, ੧੦, ੨੮, ੨੯, ੯੦, ੯੧, ੯੨, ੧੧੯, ੬੮, ੬੯, ੮੪, ਅਤੇ ੪੨. ੪੩, ੮੧, ੪੭, ੫੦, ੬੭, ੭੦, ੮੦ ਆਦਿ।

ਸੋ ਜਿਥੋਂ ਤਕ ਗਵਾਹੀ ਦਾ ਵਾਸਤਾ ਹੈ, ਉਹ ਸਾਰੀ ਪੁਰਾਣੇ ਨਿਸਚੇ ਜਾਂ ਪਖ ਦੇ ਹੱਕ ਵਿਚ ਹੈ।



Sri Satguru Jagjit Singh Ji Elibrary NamdhariElibrary@gmail.com

## ਜ਼ਮੀਮਾਂ ਛੇਵਾਂ।

## ਬਾਬਾ ਮੋਹਨ ਵਾਲੀ ਪੋਥੀ ਪੁਰ ਨੋਟ,

### ਡਾਕਟਰ ਮੋਹਨ ਸਿੰਘ ਜੀ ਵਲੋਂ

"ਸੰਨ ੧੯੩੩ ਦਸੰਬਰ ਵਿਚ ਮੈਨੂੰ ਸ੍ਰੀ ਗੋਇੰਦਵਾਲ ਸਾਹਿਬ ਜੀ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਮੋਹਨ ਜੀ ਵਾਲੀ ਇਕ ਪੋਥੀ, ਪਹਿਲੀ, ਦੇ ਦਰਸ਼ਨ ਕੀਤੇ। ਪ੍ਰਕਾਸ਼ ਕੀਤੇ ਜਾਣ ਮਗਰੋਂ ਮੈਂ ਆਗਿਆ ਲੈ ਕੇ ਬੈਠਾ। ਉਸ ਵੇਲੇ ਮੈਂ ਕੁਝ ਨੋਟ ਵੀ ਲਏ ਸਨ, ਜਿਹੜੇ ਐਸ ਵੇਲੇ ਸਾਹਮਣੇ ਨਹੀਂ, ਪਰ ਜੋ ਕੁਝ ਮੈਨੂੰ ਜ਼ਬਾਨੀ ਯਾਦ ਹੈ, ਉਹ ਸਨਮੁਖ ਰਖਦਾ ਹਾਂ।

ਪੋਥੀ ਦਾ ਵਡਾ ਅਕਾਰ ਸੀ ੧੮ × ੨੦ × ੫ ਦੇ ਲਗ ਪਗ। ਪਹਿਲਾਂ ਜਪ ਸੀ। ਮੈਂ ਇਹ ਵੇਖਕੇ ਬੜਾ ਹੈਰਾਨ ਹੋਇਆ ਕਿ—

'੧ ਓ.........ਸਤਿਗੁਰ ਪ੍ਰਸਾਦਿ'

ਦੀ ਥਾਂ '੧ ਓ.........ਸਤਿਗੁਰ ਕੇ ਪ੍ਰਸਾਦ'

ਲਿਖਿਆ ਹੈ। ਜਪੁ ਤੋਂ ਬਾਅਦ 'ਰਹੁਰਾਸ' ਦੇ ਸ਼ਬਦ ਸਨ ਤੇ ਫੇਰ 'ਸਿਧ ਗੋਸ਼ਟ' ਸੀ। ਪੋਥੀ ਦੇ ਅਖ਼ੀਰ ਤੇ ਭਗਤਾਂ ਦੀ ਬਾਣੀ ਸੀ। ਮੈਨੂੰ ਜਿਥੋਂ ਤਕ ਯਾਦ ਹੈ, ਫ਼ਰੀਦ ਦੇ ਸਲੋਕ ਵੀ ਸਨ।

ਇਕ ਥਾਂ ਮੈਂ ਕੀ ਵੇਖਿਆ ਜੋ ਖਬੇ ਪਾਸੇ ਵਾਲੇ ਸਫ਼ੇ ਤੇ ਨਾਮਦੇਵ ਜੀ ਦਾ ਇਕ ਸ਼ਬਦ ਹੈ, ਤੇ ਉਹ ਕਟ ਦਿਤਾ ਗਿਆ ਹੈ ਅਰਥਾਤ ਲਕੀਰਿਆ ਗਿਆ ਹੈ, ਅਤੇ ਸਜੇ ਸਫੇ ਤੇ ਉਹੋ ਸ਼ਬਦ ਪਰ ਹੋਰ ਤੇ ਸਹੀ ਰੂਪ ਵਿਚ ਦਿਤਾ ਹੈ। ਏਸ ਤੋਂ ਮੈਂ ਇਹ ਨਤੀਜਾ ਕਢਿਆ ਕਿ ਭਗਤਾਂ ਦੀ ਬਾਣੀ ਬੜੀ ਖੋਜ ਕਰਕੇ ਆਦਿ ਗ੍ਰੰਥ ਜੀ ਵਿਚ ਚਾੜ੍ਹੀ ਗਈ ਸੀ, ਅਤੇ ਏਸ ਖੋਜ ਦਾ ਸਿਲਸਿਲਾ ਤੀਜੀ ਪਾਤਸ਼ਾਹੀ ਤੋਂ ਜਾਰੀ ਸੀ।

ਮੇਰਾ ਹਿਰਦਾ ਕਹਿੰਦਾ ਹੈ ਕਿ.......................................

ਮੇਰਾ ਵਿਸ਼ਵਾਸ ਹੈ ਕਿ.......................................

...................................................................................



Sri Satguru Jagjit Singh Ji Elibrary NamdhariElibrary@gmail.com

ਬਾਬੇ ਮੋਹਨ ਜੀ ਵਾਲੀ ਪੋਥੀ (ਪਹਿਲੀ) ਗੁਰੂ ਘਰ ਵਿਚ ਹੋਣ ਕਰਕੇ ਮੁਕੱਦਸ ਤੇ ਆਦਰ ਜੋਗ ਹੈ। ਵੈਸੇ ਗੁਰਦੇਵ ਦੀ ਬਾਣੀ ਦੇ ਹੋਰ ਪੁਰਾਣੇ ਕਲਮੀਂ ਉਤਾਰਿਆਂ ਨਾਲੋਂ ਵਖਰੀ ਨਹੀਂ, ਤੇ ਉਹਦੀ ਤਰਤੀਬ ਮੂਲ ਰੂਪ ਵਿਚ ਆਦਿ ਗ੍ਰੰਥ ਜੀ ਵਾਲੀ ਹੈ, ਸਿਵਾਇ ਗੁਰਦੇਵ ਦੀ ਬਾਣੀ ਦੇ। ਰਾਗ ਕੁਝ ਉਹਦੇ ਵਿਚ ਵੀ ਸਨ। ਦੂਜੀ ਪੋਥੀ ਵੇਖਦਾ ਤਾਂ ਮੈਨੂੰ ਪਤਾ ਲਗਦਾ ਕਿ ਰਾਗਾਂ ਦੀ ਤਰਤੀਬ ਇਹੋ ਹੈ ਜਾਂ ਹੋਰ। ਸਿਰੀ ਰਾਗ ਜ਼ਰੂਰ ਪਹਿਲਾਂ ਹੀ ਸੀ।

ਮੋਹਨ ਸਿੰਘ"

੨.

ਉਪਰਲਾ ਨੋਟ ਲਿਖਿਆ ਹੋਇਆ ਮੈਨੂੰ ੧੪ ਜਨਵਰੀ ੧੯੪੫ ਨੂੰ ਡਾਕਟਰ ਜੀ ਤੋਂ ਮਿਲਿਆ। ਨੋਟ ਲਿਖਿਆ ਤਾਂ ਸਕੂਲਾਂ ਦੀਆਂ ਕਾਪੀਆਂ ਜਿਡੇ ਪੰਜ ਸਫ਼ਿਆਂ ਪੁਰ ਹੈ, ਪਰ ਉਸ ਵਿਚ ਬਾਬੇ ਮੋਹਨ ਵਾਲੀ ਪੋਥੀ ਬਾਬਤ ਬਸ ਇਤਨਾ ਹੀ ਹੈ ਜੋ ਅਸਾਂ ਉਪਰ ਨਕਲ ਕਰ ਦਿਤਾ ਹੈ। ਗਵਾਹੀ ਏਨੀ ਹੀ ਹੈ, ਬਾਕੀ ਜੋ ਕੁਝ ਉਸ ਨੋਟ ਵਿਚ ਹੈ, ਉਹ ਡਾਕਟਰ ਜੀ ਦੇ ਹਿਰਦੇ ਦੀਆਂ ਕਹੀਆਂ ਤੇ ਵਿਸ਼ਵਾਸ਼ ਦੀਆਂ ਗਲਾਂ ਹਨ, ਜਿਨ੍ਹਾਂ ਨਾਲ ਸਾਨੂੰ ਏਥੇ ਕੋਈ ਸਬੰਧ ਨਹੀਂ।

'ਸਤਿਗੁਰ ਪ੍ਰਸਾਦ' ਦੀ ਥਾਂ 'ਸਤਿਗੁਰ ਕੇ ਪ੍ਰਸਾਦ' ਲਿਖੇ ਹੋਣਾ ਕੋਈ ਬੜੀ ਹੈਰਾਨੀ ਦੀ ਗਲ ਨਹੀਂ। ਇਹ ਤਾਂ ਪੋਥੀ ਵਿਚ ਸੀ, ਖ਼ੁਦ ਗ੍ਰੰਥ ਸਾਹਿਬ ਦੀਆਂ ਲਿਖਤੀ ਬੀੜਾਂ ਵਿਚ ਅਨੇਕਾਂ ਇਹੋ ਜਿਹੇ ਲਫ਼ਜ਼ੀ ਫ਼ਰਕ ਮਿਲਦੇ ਹਨ। ਨਾਮਦੇਵ ਦਾ ਸ਼ਬਦ ਲਿਖ ਕੇ ਫੇਰ ਉਸ ਪਰ ਲਕੀਰਾਂ ਖ਼ੁਦ ਪੋਥੀ ਲਿਖਣ ਵਾਲੇ ਸਹਸਰ ਰਾਮ ਨੇ ਹੀ ਫੇਰੀਆਂ



Sri Satguru Jagjit Singh Ji Elibrary NamdhariElibrary@gmail.com

ਹੋਣਗੀਆਂ। ਏਸ ਗਲ ਤੋਂ ਇਹ ਨਤੀਜਾ ਨਹੀਂ ਕਢਿਆ ਜਾ ਸਕਦਾ ਕਿ ਭਗਤਾਂ ਦੀ ਬਾਣੀ ਬੜੀ ਖੋਜ ਕਰਕੇ ਆਦਿ-ਗ੍ਰੰਥ ਜੀ ਵਿਚ ਚਾਹੜੀ ਗਈ ਸੀ, ਅਤੇ ਨਾ ਇਹ ਗਲ ਸਿਧ ਹੁੰਦੀ ਹੈ ਕਿ ਏਸ ਖੋਜ ਦਾ ਸਿਲਸਿਲਾ ਤੀਜੀ ਪਾਤਸ਼ਾਹੀ ਤੋਂ ਜਾਰੀ ਸੀ। ਜੋ ਨਤੀਜਾ ਕਢਿਆ ਜਾ ਸਕਦਾ ਹੈ, ਉਹ ਅਸੀਂ ਉਪਰ ਕਿਤਾਬ ਵਿਚ ਦੇ ਆਏ ਹਾਂ।

ਜੇਕਰ ਬਾਬੇ ਮੋਹਨ ਵਾਲੀ ਪਹਿਲੀ ਪੋਥੀ ਵਿਚ ਨਿਤਨੇਮ ਦੀ ਬਾਣੀ ਜਪੁਜੀ ਤੇ ਰਹਿਰਾਸ ਪਹਿਲੇ ਰਖੀ ਹੈ, ਅਤੇ ਪਿਛੋਂ 'ਸਿਰੀ' ਰਾਗ ਦੀ ਬਾਣੀ ਤੋਂ ਪੋਥੀ ਦਾ ਮੁਢ ਕੀਤਾ ਹੈ, ਤਦ ਇਹ ਖ਼ਿਆਲ ਵੀ ਗੁਰੂ ਅਰਜਨ ਦੇਵ ਦੇ ਆਪਣੇ ਨਾ ਹੋਏ, ਅਤੇ ਭਗਤਾਂ ਦੀ ਬਾਣੀ ਨੂੰ ਗੁਰੂ ਬਾਣੀ ਤੋਂ ਪਿਛੋਂ ਰਖਨ ਦਾ ਖ਼ਿਆਲ ਵੀ ਸਹਸਰ ਰਾਮ ਦਾ ਹੀ ਹੋਇਆ।

ਉਪਰ 'ਗੁਰਦੇਵ ਦੀ ਬਾਣੀ ਦੇ ਕਲਮੀ ਉਤਾਰਿਆਂ' ਵਲ ਭੀ ਇਸ਼ਾਰਾ ਕੀਤਾ ਹੈ; ਮੈਂ ਇਹੋ ਜਿਹਾ ਇਕ ਭੀ ਉਤਾਰਾ ਨਹੀਂ ਵੇਖਿਆ, ਜੋ ਗ੍ਰੰਥ ਸਾਹਿਬ ਤੋਂ ਨਹੀਂ ਕੀਤਾ ਗਿਆ। ਲੋਕਾਂ ਨੇ ਗ੍ਰੰਥ ਸਾਹਿਬ ਵਿਚੋਂ ਹੀ ਬਾਣੀ ਚੁਰਾ ਕੇ ਅਪਨੀ ਮਨ ਮਾਨੀ ਤਰਤੀਬ ਦੇਕੇ ਪੋਥੀਆਂ ਬਣਾ ਲਈਆਂ। ਇਹਨਾਂ ਪੋਥੀਆਂ ਵਿਚ ਹੋਰ ਗੁਰੂ ਸਾਹਿਬਾਨ ਦੀ ਬਾਣੀ ਵੀ 'ਮਹਲਾ' ਦਸਕੇ ਦਿੱਤੀ ਹੁੰਦੀ ਹੈ, ਅਤੇ ਖ਼ਾਸ ਬਾਣੀਆਂ 'ਸੁਖਮਨੀ', 'ਆਨੰਦ' ਆਦਿ ਸ਼ਾਮਿਲ ਹੁੰਦੀਆਂ ਹਨ। ਗ੍ਰੰਥ ਸਾਹਿਬ ਦਾ ਆਪਨਾ ਆਧਾਰ ਵਿਸ਼ੇਸ਼ ਕਰਕੇ ਬਾਬੇ ਮੋਹਨ ਵਾਲੀਆਂ ਦੋ ਪੋਥੀਆਂ ਪੁਰ ਹੀ ਸੀ; ਪੰਚਮ ਪਾਤਸ਼ਾਹੀ



Sri Satguru Jagjit Singh Ji Elibrary NamdhariElibrary@gmail.com

ਹੋਰ ਜੋ ਕੁਝ ਬਾਹਰੋਂ ਇਕੱਠਾ ਕਰ ਸਕੇ ਏਸਦੇ ਟਾਕਰੇ ਪੁਰ ਬਹੁਤ ਥੋੜਾ ਸੀ। ਵੇਰਵਾ ਅਸਾਂ ਉਪਰ ਕਿਤਾਬ ਵਿਚ ਕਰ ਦਿੱਤਾ ਹੈ।

## ਜ਼ਮੀਮਾਂ ਸਤਵਾਂ

# ਕਬੀਰ ਜੀ ਦੀ ਬਾਣੀ

ਕਾਂਸ਼ੀ–ਨਾਗਰੀ ਪ੍ਰਚਾਰਨੀ ਸਭਾ ਵਲੋਂ ਇਕ ਕਿਤਾਬ 'ਕਬੀਰ ਗ੍ਰੰਥਾਵਲੀ'* ਨਾਮ ਦੀ ਛਪੀ ਹੈ। ਏਸਦਾ ਆਧਾਰ ਕਬੀਰ ਜੀ ਦੇ ਗਰੰਥਾਂ ਦੀਆਂ ਹਥ ਦੀਆਂ ਲਿਖੀਆਂ ਦੋ ਹਿੰਦੀ ਪੁਸਤਕਾਂ ਤੇ ਗ੍ਰੰਥ ਸਾਹਿਬ ਪੁਰ ਹੈ। ਹਿੰਦੀ ਦੀਆਂ ਪੁਸਤਕਾਂ ਵਿਚੋਂ ਇਕ ਤਾਂ ਸੰਮਤ ੧੫੬੧† (ਸੰਨ ੧੫੦੪) ਦੀ ਲਿਖੀ ਹੋਈ ਹੈ ਅਤੇ ਦੂਜੀ ਸੰਮਤ ੧੮੮੧ (ਸੰਨ ੧੮੨੪) ਦੀ। ਇਹ ਸੰਮਤ ਓਹਨਾਂ ਪੁਸਤਕਾਂ ਵਿਚ ਲਿਖੇ ਹਨ। ਪਿਛਲੀ ਪੁਸਤਕ, ਪਹਿਲੀ ਦੀ ਕਿਸੇ ਦੂਜੀ ਪ੍ਰਤੀ ਦੀ ਨਕਲ ਹੈ, ਏਸ ਵਿਚ ਸਿਰਫ਼ ੧੩੧ ਦੋਹੇ (ਜਾਂ ਸ਼ਲੋਕ) ਅਤੇ ਪੰਜ ਪਦੇ (ਜਾਂ ਸ਼ਬਦ) ਵਧੀਕ ਹਨ। ਦੋਵੇਂ ਪੁਸਤਕਾਂ ਸੁੰਦਰ ਅਖਰਾਂ ਵਿਚ ਲਿਖੀਆਂ ਅਤੇ ਚੰਗੀ ਤਰ੍ਹਾਂ ਸਾਂਭਕੇ ਰਖੀਆਂ ਹੋਈਆਂ ਅਤੇ ਆਦਿ ਅੰਤ ਤੇ ਪੂਰਨ ਮਿਲੀਆਂ ਹਨ। ਭਾਵੇਂ ਦੋਹਾਂ ਵਿਚ ੩੨੦ ਵਰ੍ਹੇ ਦੀ ਵਿਥ ਹੈ, ਪਰ ਤਾਂ ਵੀ ਦੋਹਾਂ ਵਿਚ ਪਾਠ ਭੇਦ ਬਹੁਤ ਥੋੜਾ ਹੈ। ਪਹਿਲੀ ਪੋਥੀ ਕਿਸੇ ਖੇਮ ਚੰਦ ਦੇ ਪੜ੍ਹਨ ਲਈ

---

*ਨਾਗਰੀ ਪ੍ਰਚਾਰਨੀ ਗਰੰਥ ਮਾਲਾ ਨੰ: ੩੩।

†ਏਸ ਸੰਮਤ ਪਰ ਸ਼ੰਕਾ ਕਰਨ ਦਾ ਇਕ ਕਾਰਣ ਹੈ, ਇਹ ਸੰਮਤ ੧੫੯੧ ਹੋਣਾ ਚਾਹੀਦਾ ਹੈ। ਦੂਜੇ ਜ਼ਮੀਮੇ ਵਿਚ ਏਸ ਗਲ ਪੁਰ ਵਿਚਾਰ ਕਰਾਂਗੇ।



Sri Satguru Jagjit Singh Ji Elibrary NamdhariElibrary@gmail.com

ਕਿਸੇ ਮਲੂਕਦਾਸ* ਨੇ ਕਾਂਸ਼ੀ ਵਿਚ ਲਿਖੀ ਸੀ।

ਅਜ ਕਲ ਕਬੀਰ ਜੀ ਦੇ ਨਾਮ ਪੁਰ ਜਿਤਨੇ ਗ੍ਰੰਥ ਪ੍ਰਸਿਧ ਹਨ, ਅਤੇ ਜੋ ਬਾਣੀ ਓਹਨਾਂ ਦੇ ਨਾਮ ਨਾਲ ਜੋੜੀ ਜਾਂਦੀ ਹੈ, ਉਸਦਾ ਦਸਵਾਂ ਹਿੱਸਾ ਵੀ ਏਹਨਾਂ ਸੰਮਤ ੧੫੬੧ ਤੇ ਸੰਮਤ ੧੩੮੨ ਦੀਆਂ ਲਿਖੀਆਂ ਪੁਸਤਕਾਂ ਵਿਚ ਨਹੀਂ, ਪਰ ਇਹ ਨਿਰਸੰਦੇਹ ਬੜੀਆਂ ਪ੍ਰਮਾਣਿਕ ਹਨ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹਨਾਂ ਦੋ ਪੁਸਤਕਾਂ ਤੋਂ ਬਾਹਰ ਹੋਰ ਕੋਈ ਬਾਣੀ ਕਬੀਰ ਜੀ ਦੀ ਨਹੀਂ ਸੀ, ਪਰ ਇਹ ਜ਼ਰੂਰ ਹੈ ਕਿ ਇਹਨਾਂ ਤੋਂ ਬਾਹਰ ਜੋ ਕੁਝ ਕਬੀਰ ਜੀ ਦੇ ਨਾਮ ਪੁਰ ਮਿਲੇ, ਉਸਨੂੰ ਠੀਕ ਕਬੀਰ ਜੀ ਦੀ ਰਚਨਾ ਨਹੀਂ ਮਨ ਲਿਆ ਜਾ ਸਕਦਾ, ਜਦ ਤਕ ਕਿ ਉਸਦੇ ਪ੍ਰਖਿਪਤ ਨਾ ਹੋਣ ਦਾ ਪ੍ਰਮਾਣ ਨਾ ਮਿਲ ਜਾਏ।

ਪਹਿਲੀ ਪੁਸਤਕ ਗੁਰੂ ਗ੍ਰੰਥ ਸਾਹਿਬ ਨਾਲੋਂ ੭੮ ਵਰ੍ਹੇ ਪਹਿਲੇ ਲਿਖੀ ਗਈ ਸੀ ਅਤੇ ਦੂਜੀ ੨੩੩ ਵਰ੍ਹੇ ਪਿਛੋਂ। ਗ੍ਰੰਥ ਸਾਹਿਬ ਵਿਚ ਜਿਤਨੀ ਬਾਣੀ ਕਬੀਰ ਜੀ ਦੇ ਨਾਮ ਤੇ ਦਿੱਤੀ ਹੈ, ਉਸ ਵਿਚੋਂ ਬਹੁਤ ਥੋੜੀ, ਅਤੇ ਉਹ ਭੀ ਪਾਠਾਂਤ੍ਰ ਨਾਲ, ਇਹਨਾਂ ਦੋ ਪੁਸਤਕਾਂ ਵਿਚ ਮਿਲਦੀ ਹੈ। ਕੁਲ ੪੪ ਦੋਹੇ ਜਾਂ ਸਲੋਕ ਅਤੇ ਪੰਜ ਪਦੇ (ਜਾਂ ਸ਼ਬਦ) ਪਹਿਲੀ ਪੁਸਤਕ ਵਿਚੋਂ, ਅਤੇ ਚਾਰ ਦੋਹੇ (ਜਾਂ ਸ਼ਲੋਕ) ਦੂਜੀ ਪੁਸਤਕ ਵਿਚੋਂ, 'ਕਬੀਰ ਗ੍ਰੰਥਾਵਲੀ' ਦੇ ਕਰਤਾ ਨੂੰ ਮਿਲੇ ਹਨ†। ਗ੍ਰੰਥ ਸਾਹਿਬ ਵਿਚ ਬਾਕੀ ਕਬੀਰ ਜੀ ਦੀ ਬਾਣੀ ੧੯੨ ਸ਼ਲੋਕ ਅਤੇ ਦੋਹੇ ਅਤੇ ੨੨੭

---

*ਮਲੂਕਦਾਸ ਨਾਮ ਦਾ ਇੱਕ ਪ੍ਰਸਿਧ ਚੇਲਾ ਕਬੀਰ ਜੀ ਦਾ ਸੀ, ਜੋ ਪਿਛੋਂ ਜਗਨ ਨਾਥ ਪੁਰੀ ਜਾ ਵਸਿਆ ਸੀ, ਜਿਥੇ ਉਸਦੀ ਪ੍ਰਸਿਧ ਖਿਚੜੀ ਦਾ ਹੁਣ ਤਕ ਜਗਨ ਨਾਥ ਜੀ ਨੂੰ ਭੋਗ ਲਗਦਾ ਹੈ। ਖ਼ੁਦ ਕਬੀਰ ਜੀ ਦਾ ਇਕ ਵਚਨ ਉਸ ਮਲੂਕਦਾਸ ਬਾਬਤ ਕਿਹਾ ਦਸਿਆ ਜਾਂਦਾ ਹੈ ਕਿ—'ਮੇਰਾ ਗੁਰ ਬਨਾਰਸੀ ਚੇਲਾ ਸਮੁੰਦਰ ਤੀਰ'। ਜੇਕਰ ਪਹਿਲੀ ਪੁਸਤਕ ਏਸੇ ਮਲੂਕਦਾਸ ਦੀ ਲਿਖੀ ਹੈ, ਤਦ ਓਹ ਵਧੇਰੇ ਪ੍ਰਮਾਣਿਕ ਬਣ ਜਾਂਦੀ ਹੈ।

†ਮੈਂ ਹੋਰ ਕਈ ਸ਼ਲੋਕ ਤੇ ਸ਼ਬਦ ਗਰੰਥ ਸਾਹਿਬ ਨਾਲ ਮਿਲਦੇ ਜੁਲਦੇ ਲਭੇ ਹਨ, ਇਹਨਾਂ ਹੀ ਦੋ ਪੁਸਤਕਾਂ ਵਿਚੋਂ। ਵੇਖੋ ਅਗੇ ਜਾਕੇ।



Sri Satguru Jagjit Singh Ji Elibrary NamdhariElibrary@gmail.com

ਪਦੇ ਇਹਨਾਂ ਪੁਸਤਕਾਂ ਵਿਚ ਨਹੀਂ ਆਏ, ਜਿਸ ਦਾ ਮਤਲਬ ਇਹ ਹੈ ਕਿ ਸੰਮਤ ੧੫੬੧ ਵਾਲੀ ਪੁਸਤਕ ਦੇ ਪਿਛੋਂ ਸੱਤ੍ਰ ਅੱਸੀ ਵਰ੍ਹਿਆਂ ਵਿਚ ਇਹ ਸਾਰੀ ਬਾਣੀ ਕਬੀਰ ਜੀ ਦੇ ਨਾਮ ਪੁਰ ਰਚੀ ਜਾਕੇ ਕਬੀਰ ਪੰਥੀਆਂ ਵਿਚ ਪ੍ਰਸਿਧ ਹੋ ਗਈ ਸੀ, ਜਿਨ੍ਹਾਂ ਤੋਂ ਪਹਿਲੇ ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚ ਅਤੇ ਫੇਰ ਗੁਰੂ ਗ੍ਰੰਥ ਸਾਹਿਬ ਵਿਚ ਆਈ। ਏਸ ਮੁੱਦਤ ਅੰਦਰ ਕਈ ਨਵੀਆਂ ਕਰਾਮਾਤੀ ਤੇ ਹੋਰ ਤਰ੍ਹਾਂ ਦੀਆਂ ਕਹਾਣੀਆਂ ਘੜੀਆਂ ਜਾ ਚੁਕੀਆਂ ਸਨ, ਜਿਸ ਤਰ੍ਹਾਂ ਕਿ ਗ੍ਰੰਥ ਸਾਹਿਬ ਵਿਚ ਦਿਤੇ ਕਬੀਰ ਦੇ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ :—

ਗੰਗਾ ਗੁਸਾਇਨ ਗਹਿਰ ਗੰਭੀਰ।
ਜੰਜੀਰ ਬਾਂਧ ਕਰ ਖਰੇ ਕਬੀਰ।
ਗੰਗਾ ਕੀ ਲਹਿਰ ਮੇਰੀ ਟੂਟੀ ਜੰਜੀਰ।
ਮ੍ਰਿਗ ਛਾਲਾ ਪੁਰ ਬੈਠੇ ਕਬੀਰ।

ਨਾਮਦੇਵ ਪੁਰ ਕਿਸੇ ਮੁਸਲਮਾਨ ਬਾਦਸ਼ਾਹ ਵਲੋਂ ਜ਼ੁਲਮ ਕਰਨ ਵਾਲੀ ਕਹਾਣੀ, ਕਬੀਰ ਦੇ ਨਾਮ ਨਾਲ ਜੋੜ ਦਿਤੀ ਗਈ, ਅਤੇ ਸਿਕੰਦਰ ਲੋਦੀ ਦੇ ਰਾਜ ਵਿਚ ਇਕ ਬੁਢਨ ਨਾਮ ਕਬੀਰ ਪੰਥੀ ਸਾਧੂ ਨੂੰ ਸਿਕੰਦਰ ਦੇ ਮਰਵਾ ਦੇਨ ਕਰਕੇ ਸਿਕੰਦਰ ਦਾ ਨਾਮ ਕਬੀਰ ਨਾਲ ਜੋੜ ਦਿਤਾ ਗਿਆ। ਫੇਰ ਕਿਹਾ ਹੈ :—

'ਪਹਲੇ ਦਰਸ਼ਨ ਮਗਹਰ ਪਾਯੋ,
ਪੁਨਿ ਕਾਸ਼ੀ ਬਸੇ ਆਇ।'

ਹੋਰ ਕਹਾਣੀਆਂ ਵਿਚ ਕਬੀਰ ਦਾ ਜਨਮ ਕਾਂਸ਼ੀ ਵਿਚ ਹੋਇਆ ਦਸਿਆ ਹੈ, ਮਗਹਰ ਵਿਚ ਨਹੀਂ, ਜਿਸਤਰ੍ਹਾਂ ਕਿ ਗ੍ਰੰਥ ਸਾਹਿਬ ਵਿਚੋਂ ਦਿਤੀ ਉਪਰਲੀ ਤੁਕ ਤੋਂ ਦਿਸ ਰਿਹਾ ਹੈ।

ਪਹਿਲੀ ਪੁਸਤਕ ਦੇ ਮੁਢਲੇ ਭਾਗ ਵਿਚ ੮੦੮ ਦੋਹੇ ਦਿਤੇ ਹਨ, ੫੮ ਸਿਰਨਾਵਿਆਂ ਹੇਠਾਂ, ਵਿਸ਼ੇ ਅਨੁਸਾਰ ਤਰਤੀਬ ਦੇਕੇ, ਜਿਕੁਰ, 'ਗੁਰਦੇਵ ਕੋ ਅੰਗ,' 'ਸੁਮਿਰਣ ਕੋ ਅੰਗ' 'ਬਿਰਹ ਕੋ ਅੰਗ'



Sri Satguru Jagjit Singh Ji Elibrary NamdhariElibrary@gmail.com

ਆਦਿ। ਏਸ ਭਾਗ ਦਾ ਨਾਮ 'ਸਾਖੀ' ਰਖਿਆ ਹੈ, ਅਤੇ ਇਹਨਾਂ ਸਲੋਕਾਂ ਤੇ ਦੋਹਿਆਂ ਵਿਚ ਵਯਵਹਾਰਿਕ ਸਿਖਿਆ ਅਤੇ ਲੌਕਿਕ ਆਚਰਣ ਸਬੰਧੀ ਸਿਖਿਆ ਹੈ। ਦੂਸਰੇ ਭਾਗ ਵਿਚ ਜਿਸਦਾ ਸਿਰ ਲੇਖ 'ਪਦ' ਦਿਤਾ ਹੈ, ੪੦੩ ਪਦੇ (ਸ਼ਬਦ) ਅੱਡ ਅੱਡ ਰਾਗਾਂ ਹੇਠਾਂ ਦਿਤੇ ਹਨ। ਏਹਨਾਂ ਪਦਿਆਂ ਵਿਚ ਧਾਰਮਿਕ ਸਿਧਾਂਤ ਵਿਸ਼ੇਸ਼ ਕਰਕੇ ਦਿਤੇ ਹਨ। ਰਾਗ ਹੇਠਲੀ ਤਰਤੀਬ ਸਿਰ ਆਏ ਹਨ :—

ਰਾਗ ਗੌੜੀ (੧੫੨ ਪਦੇ); ਰਾਗ ਰਾਮਕਲੀ (੧੦੯ ਪਦੇ); ਰਾਗ ਸੋਰਠਿ (੩੮ ਪਦੇ); ਰਾਗ ਕੇਦਾਰੋ (੨੦ ਪਦੇ), ਰਾਗ ਮਾਰੂ (੩ ਪਦੇ), ਰਾਗ ਟੋਡੀ (੨ ਪਦੇ); ਰਾਗ ਭੈਰੂ (੩੭ ਪਦੇ); ਰਾਗ ਬਿਲਾਵਲ (੧੨); ਰਾਗ ਲਲਿਤ (੩ ਪਦੇ); ਰਾਗ ਬਸੰਤ (੧੩ ਪਦੇ); ਰਾਗਮਾਲੀ ਗੌੜੀ (੩ਪਦੇ); ਰਾਗ ਕਲਜਨ [illegible] ਪਦ); ਰਾਗ ਸਾਰੰਗ (ਦੋ ਪਦੇ); ਰਾਗ ਮਲਾਰ (ਦੋ ਪਦੇ); ਰਾਗ ਧਨਾਸਿਰੀ (੬ ਪਦ) ॥ ਸਾਰ ੪੦੩ ॥

ਹਰ ਇਕ ਪਦ ਵਿਚ ਇਕ ਦੋਹਾ, ਜੋ ਪਹਿਲੋਂ ਦਿਤਾ ਹੈ, 'ਟੇਕ' ਦਾ ਹੈ, ਜਿਸ ਨੂੰ ਗ੍ਰੰਥ ਸਾਹਿਬ ਵਿਚ 'ਰਹਾਉ' ਕਰਕੇ ਲਿਖਿਆ ਹੁੰਦਾ ਹੈ।

ਤੀਸਰਾ ਭਾਗ ਹੈ 'ਰਮੈਣੀ'। ਏਸਦੇ ਹੇਠਾਂ ਰਾਗ ਸੂਹੋ; ਸਤਪਦੀ ਰਮੈਣੀ, ਦੁਪਦੀ ਰਮੈਣੀ; ਅਸ਼ਟਪਦੀ ਰਮੈਣੀ; ਬਾਰਾਪਦੀ ਰਮੈਣੀ; ਚੌਪਦੀ ਰਮੈਣੀ; ਇਹਨਾਂ ਸਿਰਨਾਵਿਆਂ ਹੇਠਾਂ ਸ਼ਬਦ ਦਿਤੇ ਹਨ ਕੋਈ ੨੨ ਸਫ਼ੇ। ਏਸੇ ਭਾਗ ਵਿਚ ਸੰਮਤ ੧੯੮੧ ਵਾਲੀ ਪੁਸਤਕ ਵਿਚੋਂ ਇਕ ਰਮੈਣੀ ਦਿਤੀ ਹੈ, ਜਿਸ ਨੂੰ 'ਗ੍ਰੰਥ ਬਾਵਨੀ' ਆਖਿਆ ਹੈ, ਉਸਦੀਆਂ ਪਹਿਲੀਆਂ ਦੋ ਤੁਕਾਂ ਹਨ :-

ਬਾਵਨ ਅਖਿਰ ਲੋਕਤ੍ਰੀ ਸਬ ਕੁਛਿ ਇਨਹੀ ਮਾਂਹਿ।
ਯੇ ਸਬ ਖਿਰ ਖਿਰ ਜਾਹਿਗੇ, ਸੋ ਆਖਿਰ ਇਨਮੈਂ ਨਾਂਹਿ।

ਏਸ ਵਿਚ ਇਕ 'ਬਾਵਨ ਅਖਰੀ' ਦਿਤੀ ਹੈ, ਜੋ ਗ੍ਰੰਥ ਸਾਹਿਬ ਵਿਚ ਨਹੀਂ ॥

ਇਸ ਸਬੰਧ ਵਿਚ ਇਕ ਹੋਰ ਗਲ ਭੀ ਧਿਆਨ ਜੋਗ੍ਹੀ ਹੈ ਕਿ ਇਹਨਾਂ ਦੋਹਾਂ ਹਿੰਦੀ ਪੁਸਤਕਾਂ ਵਿਚ ਦਿਤੇ ਦੋਹਿਆਂ ਅਤੇ ਪਦਾਂ ਦੀ



Sri Satguru Jagjit Singh Ji Elibrary NamdhariElibrary@gmail.com

ਭਾਸ਼ਾ, ਤੇ ਕਬੀਰ ਜੀ ਦੇ ਨਾਮ ਪੁਰ ਵਿਕਣ ਵਾਲੇ ਹਿੰਦੀ ਗਰੰਥਾਂ ਵਿਚਲੇ ਪਦਾਂ ਦੀ ਭਾਸ਼ਾ ਵਿਚ ਜ਼ਿਮੀਂ ਆਸਮਾਨ ਦਾ ਫ਼ਰਕ ਹੈ। ਭਾਖਾ ਵਿਗਿਆਨ ਦੇ ਨੁਕਤੇ ਤੋਂ ਇਹਨਾਂ ਦੇ ਪੁਸਤਕਾਂ ਦੀ ਬੋਲੀ ਕਬੀਰ ਜੀ ਦੇ ਸਮੇਂ ਲਈ ਬਹੁਤ ਠੀਕ ਹੈ, ਅਤੇ ਸੋਲ੍ਹਵੀਂ ਸਤਾਹਰਵੀਂ ਸਦੀ ਦੀ ਹਿੰਦੀ ਦੇ ਅਨੁਰੂਪ ਹੈ, ਜਿਸ ਕਰਕੇ ਇਹਨਾਂ ਵਿਚਲੇ ਦੋਹਿਆਂ ਤੇ ਪਦਾਂ ਨੂੰ ਖ਼ੁਦ ਕਬੀਰ ਜੀ ਦੇ ਮੰਨਣ ਵਿਚ ਕੋਈ ਭੀ ਮੁਸ਼ਕਲ ਨਹੀਂ ਦਿਸਦੀ। ਪਰ ਕਬੀਰ ਜੀ ਦੇ ਨਾਮ ਪੁਰ ਜੋ ਵਡੇ ਵਡੇ ਗਰੰਥ ਅਜ ਕਲ ਵੇਖਣ ਵਿਚ ਆਉਂਦੇ ਹਨ, ਓਹਨਾਂ ਦੀ ਭਾਖਾ ਬੜੀ ਨਵੀਂ ਅਤੇ ਕਿਤੇ ਕਿਤੇ ਤਾਂ ਅਜਕਲ ਦੀ 'ਖੜੀ ਬੋਲੀ' ਹੀ ਦਿਸਦੀ ਹੈ। ਅਜ ਤੋਂ ਤਿੰਨ ਸਾਢੇ ਤਿੰਨ ਸੌ ਵਰ੍ਹਾ ਪਹਿਲੇ ਕਬੀਰ ਜੀ ਅਜਕਲ ਵਰਗੀ ਭਾਖਾ ਕਿਸਤਰ੍ਹਾਂ ਲਿਖ ਸਕੇ, ਇਹ ਸੋਚਣ ਵਾਲੀ ਗਲ ਹੈ।

ਇਕ ਹੋਰ ਗਲ ਖ਼ਾਸ ਧਿਆਨ ਜੋਗ ਹੈ। ਕਬੀਰ ਜੀ ਦੀ ਭਾਸ਼ਾ ਵਿਚ ਪੰਜਾਬੀਪਨ ਬਹੁਤ ਮਿਲਦਾ ਹੈ। ਕਬੀਰ ਜੀ ਨੇ ਆਪ ਕਿਹਾ ਹੈ ਕਿ ਮੇਰੀ ਬੋਲੀ ਬਨਾਰਸੀ ਹੈ। ਜੇ ਇਹ ਗਲ ਠੀਕ ਹੈ ਤਦ ਉਨ੍ਹਾਂ ਦੀ ਬੋਲੀ ਵਿਚ ਪੰਜਾਬੀਪਨ ਕਿਥੋਂ ਆ ਗਿਆ? ਗਰੰਥ ਸਾਹਿਬ ਵਿਚ ਕਬੀਰ ਜੀ ਦੀ ਜੋ ਬਾਣੀ ਦਿੱਤੀ ਹੈ, ਉਸ ਵਿਚ ਜੋ ਪੰਜਾਬੀਪਨ ਦਿਸਦਾ ਹੈ, ਉਸਦਾ ਕਾਰਣ ਤਾਂ ਚੰਗੀ ਤਰ੍ਹਾਂ ਸਮਝ ਵਿਚ ਆ ਜਾਂਦਾ ਹੈ, ਉਹ ਪੰਜਾਬੀ ਕਬੀਰ ਪੰਥੀ ਸਾਧੂਆਂ ਦੀ ਜ਼ਬਾਨੀ ਲਿਖੀ ਗਈ ਸੀ। ਪਰ ਮੂਲ ਗਰੰਥ ਜਾਂ ਪ੍ਰਾਚੀਨ ਹਥ ਦੀ ਲਿਖੀ ਪੁਸਤਕ ਵਿਚ ਉਹ ਪੰਜਾਬੀਪਨ ਕਿਉਂ ਆਵੇ? ਕਿਤੇ ਕਿਤੇ ਤਾਂ ਸਪਸ਼ਟ ਪੰਜਾਬੀ ਵਰਤਾਉ ਅਤੇ ਮੁਹਾਵਰੇ ਵਰਤੇ ਗਏ ਹਨ, ਜਿਨ੍ਹਾਂ ਦੇ ਬਦਲਨ ਨਾਲ ਭਾਵ ਅਤੇ ਬਨਾਵਟ ਵਿਚ ਫ਼ਰਕ ਪੈ ਜਾਂਦਾ ਹੈ। ਇਹ ਜਾਂ ਤਾਂ ਪੁਸਤਕ ਲਿਖਨ ਵਾਲੇ ਮਲੂਕ ਦਾਸ ਦੀ ਕ੍ਰਿਪਾ ਦਾ ਫਲ ਹੈ, ਜਾਂ ਪੰਜਾਬੀ ਸਾਧੂਆਂ ਦੀ ਸੰਗਤ ਦਾ ਖ਼ੁਦ ਕਬੀਰ ਜੀ ਉਤੇ ਪ੍ਰਭਾਵ ਪਿਆ ਸੀ; ਪਹਿਲੀ ਗਲ ਵਧੀਕ ਠੀਕ ਜਾਪਦੀ ਹੈ। ਕਬੀਰ ਜੀ ਦੇ ਚਲਾਣੇ ਤੋਂ ੫੬ ਵਰ੍ਹੇ ਪਿਛੋਂ ਇਹ



Sri Satguru Jagjit Singh Ji Elibrary NamdhariElibrary@gmail.com

ਪੁਸਤਕ ਲਿਖੀ ਗਈ ਸੀ। ਕਬੀਰ ਪੰਥੀਆਂ ਵਿਚ ਕਬੀਰ ਦੇ ਜਨਮ ਸਬੰਧੀ ਇਹ ਪਦਜ ਪ੍ਰਸਿਧ ਹੈ:—

ਚੌਦਹ ਸੌ ਪਚਪਨ ਸਾਲ ਗਏ, ਚੰਦ੍ਰ ਵਾਰ ਏਕ ਠਾਠ ਠਏ।
ਜੇਠ ਸੁਦੀ ਵਰਸਾਯਤ ਕੋ ਪੂਰਣਮਾਸ਼ੀ ਤਿਥੀ ਪ੍ਰਗਟ ਭਏ।

ਜੇਠ ਦਾ ਮਹੀਨਾ ਸਾਲ ਦੇ ਪਹਿਲੇ ਮਹੀਨਿਆਂ ਵਿਚ ਹੈ, ਜਦ ਹਾਲਾਂ ਨਵੇਂ ਸੰਮਤ ਵਰਤਨ ਦਾ ਰਵਾਜ ਨਹੀਂ ਟੁਰਿਆ ਹੁੰਦਾ, ਸੋ 'ਗਏ' ਜਾਂ 'ਗਤ' ਸੰਮਤ ੧੪੫੫ ਦਿੱਤਾ ਹੈ, ਜਿਸਤੇ ਵਰਤਮਾਨ ਸੰਮਤ ੧੪੫੬ ਬਣਦਾ ਹੈ। ਏਸ ਸੰਮਤ ੧੪੫੬ ਵਿਚ ਜੇਠ ਦੀ ਪੂਰਣਮਾਸ਼ੀ ਸੋਮਵਾਰ ਨੂੰ ਹੀ ਸੀ, ਸੋ ਜੋਤਸ਼-ਗਣਿਤ ਮੂਜਬ ਇਹ ਤਿਥਿ ਸੰਮਤ ਠੀਕ ਹੈ ਅਤੇ ਕਬੀਰ ਦਾ ਜਨਮ ਏਸੇ ਸੰਮਤ ਵਿਚ ਹੋਇਆ।

ਓਹਨਾਂ ਦੇ ਚਲਾਣੇ ਦੀ ਇਹ ਤਿਥ ਪ੍ਰਸਿਧ ਹੈ'—

ਸੰਮਤ ਪੰਦ੍ਰਹ ਸੌ ਔ ਪਾਂਚ ਮੈਂ, ਮਗਹਰ ਕੀਯੋ ਗਮਨ।
ਅਘਹਨ ਸੁਦੀ ਏਕਾਦਸੀ, ਮਿਲੀ ਪਵਨ ਮੇ ਪਵਨ॥

ਵਾਰ ਨਹੀਂ ਦਿੱਤਾ, ਜਿਸਤੇ ਤਿਥੀ ਦੀ ਜਾਂਚ ਜਯੋਤਿਸ਼-ਗਣਿਤ ਨਾਲ ਨਹੀਂ ਦਿਤੀ ਜਾ ਸਕਦੀ। ਪਰ ਡਾਕਟਰ ਫ਼ਯੂਰ ਨੇ ਆਪਨੇ "ਮਾਨੂਮੈਂਟਲ ਐਂਟੀਕ੍ਵਿਟੀਜ਼ ਆਫ਼ ਨਾਰਥ ਵੈਸਟਰਨ ਪ੍ਰੋਵਿਨਸਿਜ਼' ਨਾਮ ਦੇ ਗਰੰਥ ਵਿਚ ਲਿਖਿਆ ਹੈ ਕਿ ਬਸਤੀ ਜ਼ਿਲੇ ਦੇ ਮਗਹਰ ਗਰਾਮ ਵਿਚ ਆਮੀ ਨਦੀ ਦੇ ਦਖਣੀ ਕੰਢੇ ਪੁਰ ਕਬੀਰ ਜੀ ਦਾ ਰੌਜ਼ਾ ਹੈ ਜਿਸਨੂੰ ਸੰਨ ੧੪੫੦ (ਸੰਮਤ ੧੫੦੭) ਵਿਚ ਬਿਜਲੀ ਖਾਂ ਨੇ ਬਨਵਾਇਆ ਅਤੇ ਜਿਸਦੀ ਖ਼ਾਸ ਮੁਰੰਮਤ ਸੰਨ ੧੫੬੭ (ਸੰਮਤ ੧੬੨੪) ਵਿਚ ਨਵਾਬ ਫ਼ਿਦਾਈ ਖ਼ਾਂ ਨੇ ਕਰਵਾਈ*। ਗੋਇਆ ਕਬੀਰ ਦਾ ਜਨਮ ਸੰਨ ੧੩੯੯ ਅਤੇ ਮੌਤ ਸੰਨ ੧੪੫੦ ਵਿਚ ਹੋਏ ਅਤੇ ਓਹਨਾਂ ਦੀ ਉਮਰ ੫੧ ਵਰ੍ਹੇ ਦੀ ਨਿਕਲੀ। ਪੁਸਤਕ ਮਲੂਕਦਾਸ ਨੇ ਸੰਨ ੧੫੦੪ ਵਿਚ

*ਰੌਜ਼ੇ ਦੀ ਕੰਧ ਉਤੇ ਅਜਕਲ ਕੋਈ ਏਸ ਬਾਬਤ ਲੇਖ ਨਹੀਂ।



Sri Satguru Jagjit Singh Ji Elibrary NamdhariElibrary@gmail.com

ਲਿਖੀ। ਇਕ ਹੋਰ ਪਦ ਵਿਚ ਚਲਾਣੇ ਦਾ ਸੰਮਤ 'ਪੰਦਰਹ ਸੌ ਪਛੱਤਰ' ਦਿੱਤਾ ਹੈ। ਜੇ ਏਸ ਨੂੰ ਠੀਕ ਮਨੀਏ ਤਦ ਉਮਰ ੧੧੯ ਵਰ੍ਹੇ ਦੀ ਬਣਦੀ ਹੈ, ਅਤੇ ਮਲੂਕਦਾਸ ਵਾਲੀ ਪੁਸਤਕ ਕਬੀਰ ਦੇ ਮਰਨ ਤੋਂ ਚੌਦਾਂ ਵਰ੍ਹੇ ਪਹਿਲੇ ਲਿਖੀ ਗਈ ਨਿਕਲਦੀ ਹੈ। ਇਹ ਦੋਵੇਂ ਗਲਾਂ ਨਹੀਂ।

—੨—

ਗਰੰਥ ਸਾਹਿਬ ਅਤੇ ਦੋਹਾਂ ਹਸਤ-ਲਿਖਤ ਪੁਸਤਕਾਂ ਨੂੰ ਮਿਲਾਨ ਪਰ ਜੋ ਦੋਹੇ ਅਤੇ ਪਦੇ ਦੋਹਾਂ ਪੁਸਤਕਾਂ ਵਿਚ ਗਰੰਥ ਸਾਹਿਬ ਵਿਚ ਕਬੀਰ ਦੀ ਦਿੱਤੀ ਬਾਣੀ ਨਾਲ ਮਿਲਦੇ ਜੁਲਦੇ ਮਿਲੇ ਹਨ, ਉਹ ਹੇਠਾਂ ਦਿਤੇ ਜਾਂਦੇ ਹਨ। ਆਪ ਦੇਖੋਗੇ ਕਿ ਦਾਦੂ ਸਿਆਰੀ ਅਤੇ ਔਂਕੜ ਏਥੇ ਭੀ ਵਰਤੇ ਹਨ। ਗਰੰਥ ਸਾਹਿਬ ਵਿਚ ਇਹ ਕੋਈ ਨਵੀਂ ਗਲ ਨਹੀਂ ਸੀ।

ਇਹ ਦੋਹੇ ਤੇ ਪਦੇ ਉਹ ਹਨ ਜੋ ਪੰਡਿਤ ਸ਼ਯਾਮ ਸੁੰਦਰ ਦਾਸ ਜੀ ਦੇ ਇਕ ਸ਼ਿਸ਼ਯ ਪੰਡਿਤ ਅਯੁਧਿਆ ਨਾਥ ਸ਼ਰਮਾ ਐਮ. ਏ. ਨੇ ਗਰੰਥ ਸਾਹਿਬ ਵਿਚੋਂ ਕਬੀਰ ਦੀ ਬਾਣੀ ਪੜ੍ਹਕੇ ਚੁਣੇ ਹਨ। ਮੈਨੂੰ 'ਕਬੀਰ ਗਰੰਥਾਵਲੀ' ਵਿਚ ਕਬੀਰ ਜੀ ਦੀ ਬਾਣੀ ਪੜ੍ਹਕੇ ਹੋਰ ੩੯ ਦੋਹੇ (ਸ਼ਲੋਕ) ਅਤੇ ੨੨ ਪਦ (ਸ਼ਬਦ) ਅਜਿਹੇ ਮਿਲੇ ਹਨ ਜੋ ਗਰੰਥ ਸਾਹਿਬ ਅਤੇ ਕਬੀਰ ਜੀ ਦੀਆਂ ਦੋਹਾਂ ਪੁਰਾਣੀਆਂ ਪੁਸਤਕਾਂ ਵਿਚ ਹਨ।

ਏਹਨਾਂ ੩੯ ਦੋਹਿਆਂ ਵਿਚ ਪੰਜ ਅਜਿਹੇ ਹਨ ਜੋ ਗਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਤੇ ਨਾਮ ਪੁਰ ਦਿਤੇ ਹਨ, ਅਰਥਾਤ ੧-੨, ੪੨-੧ (ਦੂਜੀ ਪੁਸਤਕ ਵਿਚ), ੩੫-੬, ੪੫-੯ ਅਤੇ ੪੫-੧੩। ਇਸੇ ਤਰ੍ਹਾਂ ਇਕ ਦੋਹਾ ਫ਼ਰੀਦ ਦੇ ਨਾਮ ਪੁਰ ਗਰੰਥ ਸਾਹਿਬ ਵਿਚ ਦਿੱਤਾ ਹੈ (੩—੪੧)। ਹੋਰ ਬਾਈ ਪਦ ਜੋ ਲਏ ਹਨ, ਉਹਨਾਂ ਵਿਚੋਂ ਤਿੰਨ ਅਜਿਹੇ ਹਨ ਜਿਨ੍ਹਾਂ ਦਾ ਮੇਲ ਗਰੰਥ ਸਾਹਿਬ ਵਿਚ ਦਿੱਤੀ ਗੁਰਬਾਣੀ ਨਾਲ ਹੁੰਦਾ ਹੈ। ਨੰਬਰ ੫੧, ੭੨, ੯੮ ਅਤੇ ਇਕ ਦਾ ਮੇਲ ਜਨਮ



Sri Satguru Jagjit Singh Ji Elibrary NamdhariElibrary@gmail.com

ਸਾਖੀ* ਵਿਚ ਦਿਤੇ ਸ਼ਬਦ ਨਾਲ (ਨੰਬਰ ੨੫੮)। ਇਕ ਪਦੇ ਦੀਆਂ ਕੁਝ ਤੁਕਾਂ ਗਰੰਥ ਸਾਹਿਬ ਵਿਚ ਨਾਮਦੇਵ ਦੇਵ ਦੇ ਨਾਮ ਪੁਰ ਦਿਤੇ ਸ਼ਬਦ ਵਿਚ ਆਉਂਦੀਆਂ ਹਨ ਦੇਖੋ ਨੰਬਰ ੧੯੭† ਇਹ ਗਲਾਂ ਦਸਦੀਆਂ ਹਨ ਕਿ ਗਰੰਥ ਸਾਹਿਬ ਦੀ ਬੀੜ ਤਿਆਰ ਹੋਣ ਤੋਂ ਪਹਿਲੇ ਨਾ ਨਿਰਾ ਗੁਰਬਾਣੀ ਦੀ ਹਾਲਤ ਬੇਠੁਕੀ ਸੀ ਸਗੋਂ ਭਗਤ ਬਾਣੀ ਵਿਚ ਵੀ, ਜਿਸ ਤਰ੍ਹਾਂ ਕਿ ਸਾਨੂੰ ਉਮੀਦ ਕਰਨੀ ਚਾਹੀਦੀ ਹੈ, ਗੜ ਬੜ ਮਚੀ ਹੋਈ ਸੀ। ਇਕ ਭਗਤ ਦੀ ਰਚਨਾ ਦੂਜੇ ਭਗਤ ਦੇ ਨਾਮ ਪੁਰ ਗੁਰੂ ਨਾਨਕ ਦੇ ਨਾਮ ਪੁਰ ਆਮ ਵਿਚ ਮਸ਼ਹੂਰ ਹੋ ਚੁਕੀ ਸੀ। ਇਹੋ ਹਾਲ ਮੈਂ ਮਰਹਟੇ ਭਗਤਾਂ ਦੀ ਬਾਣੀ ਦਾ ਦੇਖਿਆ। ਨਾਮਦੇਵ ਦੇ ਪਦੇ ਤੁਕਾਰਾਮ ਦੇ ਨਾਮ ਤੇ ਅਤੇ ਤੁਕਾ ਰਾਮ ਦੇ ਏਕ ਨਾਥ ਜਾਂ ਰਾਮਦਾਸ ਦੇ ਨਾਮ ਤੇ ਪ੍ਰਸਿਧ ਹਨ, ਸਿਰਫ ਛੇਕੜਲੀ ਤੁਕ ਵਿਚ 'ਛਾਪ' ਬਦਲ ਜਾਂਦੀ ਸੀ।

ਸਿਖ ਇਹ ਵੀ ਆਖਿਆ ਕਰਦੇ ਹਨ ਕਿ ਦਸਮੇਸ਼ ਜੀ ਨੇ ਜਦ ਸੰਮਤ ੧੭੬੩-੬੪ ਵਿਚ 'ਦਮਦਮੇ' ਵਾਲੀ ਬੀੜ ਆਪਣੀ ਦੈਵੀ ਸ਼ਕਤੀ ਨਾਲ ਸਾਰੀ ਜ਼ਬਾਨੀ ਲਿਖਾਈ ਤਦ ਇਸ ਬੀੜ ਦੀ ਪਹਿਚਾਨ ਵਾਸਤੇ ਕਬੀਰ ਦੇ ਇਕ ਸ਼ਬਦ ਵਿਚ ਲਫ਼ਜ਼ 'ਖੁਲਾਸੇ' ਦੀ ਥਾਂ ਬਦਲਕੇ ਲਫ਼ਜ਼ 'ਖਾਲਸੇ' ਕਰ ਦਿਤਾ। ਇਹ ਗ਼ਲਤ ਹੈ, ਅਸਲੀ ਲਫ਼ਜ਼ ਹੀ ਖਾਲਸੇ ਸੀ ਅਤੇ ਇਹੋ ਕਬੀਰ ਦੀ ਸੰਮਤ ੧੫੬੧ ਵਾਲੀ ਪੋਥੀ ਵਿਚ ਦਿੱਤਾ ਹੈ। ਸਾਰੀ ਤੁਕ ਇਉਂ ਹੈ :–

ਕਹੁ ਕਬੀਰ ਤੇ ਭਯੇ ਖਾਲਸੇ,
ਰਾਮ ਭਗਤ ਜਿਨ ਜਾਨੀ ॥ ੨੬੪ ॥

---

*ਇਹ ਨੰਬਰ ਹਿੰਦੀ ਪੁਸਤਕਾ ਦੇ ਹਨ।

†ਪੁਰਾਣੀਆਂ ਹਥ ਦੀਆਂ ਲਿਖੀਆਂ ਜਨਮ ਸਾਖੀਆਂ ਵਿਚ ਗੁਰੂ ਨਾਨਕ ਸਾਹਿਬ ਨੂੰ ਕਬੀਰ ਦੇ ਸ਼ਬਦ ਪ੍ਰਮਾਣ ਵਜੋਂ ਬੋਲਦੇ ਦਸਿਆ ਹੈ ਜੋ ਇਹਨਾਂ ਹਿੰਦੀ ਪੁਸਤਕਾਂ ਵਿਚ ਮਿਲਦੇ ਹਨ ਜਿਵੇਂ :—

ਏਕਾ ਜੋਤ ਏਕ ਮਲਮੂਤਾ ਏਕ ਪਉਣ ਸੇ ਹੂਆ।
ਏਕ ਮਾਟੀ ਤੇ ਸਭ ਜਗ ਹੂਆ ਕਉਣ ਬ੍ਰਹਮਣ ਕਉਣ ਸੂਦਾ।



Sri Satguru Jagjit Singh Ji Elibrary NamdhariElibrary@gmail.com

# ਦੋਹੇ

ਬਲਿਹਾਰੀ ਗੁਰ ਆਪਣੇ ਦਯੌਹਾੜੀ ਕੇ ਵਾਰ।
ਜਿਨਿ ਮਾਨਿਸ਼ ਤੈਂ ਦੇਵਤਾ, ਕਰਤ ਨ ਲਾਗੀ ਬਾਰ ॥ ੨ ॥

ਗਰੰਥ ਸਾਹਿਬ ਵਿਚ ਇਹ ਸ਼ਲੋਕ ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਦਾ ਕਰਕੇ ਦਿੱਤਾ ਹੈ, ਅਤੇ ਉਥੇ ਪਾਠ ਇਹ ਹੈ :-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।
ਜਿਨ ਮਾਨਸ ਤੇ ਦੇਵਤੇ ਕੀਏ, ਕਰਤ ਨ ਲਾਗੀ ਬਾਰੁ ॥

ਹੋਰ ਭੀ ਅਜਿਹੇ ਦੋਹੇ ਤੇ ਸ਼ਲੋਕ ਹਨ, ਜਿਸ ਤਰ੍ਹਾਂ ਕਿ ਹੇਠਾਂ ਦਿਤਾ ਦੋਹਾ :-

ਫਾੜਿ ਪਟੋਲਾ ਧਜ ਕਰੀਂ ਕਾਮਲੜੀ ਪਹਿਰਾਂਉ।
ਜਿਹਿੰ ਜਿਹਿ ਭੇਖਾਂ ਹਰਿ ਮਿਲੈ,ਸੋਈ ਸੋਈ ਭੇਖ ਕਰਾਉ॥੪੧॥੩*।

ਇਹ ਗਰੰਥ ਸਾਹਿਬ ਵਿਚ ਫਰੀਦ ਦੇ ਨਾਮ ਪੁਰ ਉਸਦੇ ਸਲੋਕਾਂ ਵਿਚ ਦਿੱਤਾ ਹੈ, ਅਤੇ ਬਹੁਤ ਕਰਕੇ ਹੈ ਭੀ ਫ਼ਰੀਦ ਦਾ, ਪਰ ਕਬੀਰ ਪੰਥੀਆਂ ਨੇ ਥੋੜੇ ਬਦਲੇ ਰੂਪ ਵਿਚ ਕਬੀਰ ਬਾਣੀ ਵਿਚ ਦੇ ਦਿੱਤਾ ਕਿਤੋਂ ਜ਼ਬਾਨੀ ਸੁਣਕੇ। ਚੇਤੇ ਰਹੇ ਕਿ ਇਹ ਹਿੰਦੀ ਦੀਆਂ, ਪੁਸਤਕਾਂ ਨਕਲ ਹਨ ਅਸਲ ਨਹੀਂ। ਉਹਨਾਂ ਵਿਚ ਨਕਲ ਕਰਨ ਵਾਲਿਆਂ ਦੀ ਗ਼ਲਤੀ ਨਾਲ ਕਈ ਪਦ ਅਤੇ ਦੋਹੇ ਦੁਹਰਾਏ ਹਨ, ਅਤੇ ਕਈ ਪਾਠਾਂਤ੍ਰਾਂ ਨਾਲ ਦੋ ਥਾਂਈਂ ਆਏ ਹਨ (ਪਦ ੩੫੯) ਇਕ ਪਦ ਵਿਚ ਤੋਪ ਦਾ ਵੀ ਜ਼ਿਕਰ ਹੈ (ਪਦ ੩੫੯)। ਫ਼ੇਰ ਦੇਖੋ :-

ਸਤਿਗੁਰ ਕੇ ਸਦਕੇ ਕਰੂ, ਦਿਲ ਆਪਣੀ ਕਾ ਸਾਫ।
ਕਲਿਯੁਗ ਹਮ ਸਯੂੰ ਲੜ ਪੜਯਾ. ਮੁਹਕਮ ਮੇਰਾ ਬਾਫ ॥੫॥
ਸਤਿਗੁਰ ਸਾਂਚਾ ਸੂਰਿਵਾਂ, ਸਬਦ ਜੁ ਬਾਹਯਾ ਏਕ।
ਲਾਗਤ ਹੀ ਮੈਂ ਮਿਲਿ ਗਯਾ, ਪੜਯਾ ਕਲੇਜੇ ਛੇਕ ॥੭॥

---

*ਹਿਜੇ ਪਾਠ ਗਿਣਤੀ ਦੇ ਅਕ ਇਹ ਸਭ ਹਿੰਦੀ ਪੁਸਤਕਾਂ ਦੇ ਹਨ।



Sri Satguru Jagjit Singh Ji Elibrary NamdhariElibrary@gmail.com

ਗਰੰਥ ਸਾਹਿਬ ਵਿਚ ਪਾਠ ਹੈ :-
ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨ ਜੁ ਏਕੁ।
ਲਾਗਤ ਹੀ ਭੁਇ ਗਿਰ ਪਰਿਆ ਪਰਾ ਕਲੇਜੇ ਛੇਕੁ॥
ਗੂੰਗਾ ਹੂਵਾ ਬਾਵਲਾ, ਬਹਰਾ ਹੂਵਾ ਕਾਨ।
ਪਾਊ ਥੈਂ ਪੰਗੁਲ ਭਯਾ, ਸਤਗੁਰ ਮਾਰਯਾ ਬਾਣ॥੧੦॥
ਤੂੰ ਤੂੰ ਕਰਤਾ ਤੂੰ ਭਯਾ, ਮੁਝ ਮੈਂ ਰਹੀ ਨ ਹੂੰ।
ਵਾਰੀ ਫੇਰੀ ਬਲਿ ਗਈ, ਜਿਤ ਦੇਖੈ ਤਿਤ ਤੂੰ॥ ੯ ॥ ੨ ॥
ਕਬੀਰ ਸੂਤਾ ਕਯਾ ਕਰੇ, ਜਾਗਿ ਨ ਜਪੈ ਮੁਰਾਰਿ।
ਏਕ ਦਿਨਾਂ ਭੀ ਸੋਵਣਾ ਲੰਬੇ ਪਾਵ ਪਸਾਰਿ॥ ੧੧ ॥
ਕਬੀਰ ਸੂਤਾ ਕਯਾ ਕਰੇ, ਕਾਹੇ ਨ ਦੇਖੈ ਜਾਗਿ।
ਜਾਕਾ ਸੰਗ ਤੈਂ ਬੀਛੁੜਯਾ, ਤਾਹੀ ਕੇ ਸੰਗ ਲਾਗਿ॥ ੧੨ ॥
ਕਬੀਰ ਸੂਤਾ ਕਯਾ ਕਰੈ ਓਠਿ ਨ ਰੋਵੈ ਦੁਖ।
ਜਾਕਾ ਬਾਸਾ ਗੋਰ ਮੈਂ, ਸੋ ਕਯੋਂ ਸੋਵੈ ਸੁਖ॥ ੧੩ ॥
ਕੇਸੌ ਕਹਿ ਕਹਿ ਕੂਕਿਯੇ, ਨਾਂ ਸੋਇਯੇ ਅਸਰਾਰ।
ਰਾਤ ਦਿਵਸ ਕੇ ਕੂਕਣੇਂ (ਮਤ) ਕਬਹੂੰ ਲਗੈ ਪੁਕਾਰ॥੧੬॥
ਲੂਟਿ ਸਕੈ ਤੌ ਲੂਟਿਯੋ, ਰਾਮ ਨਾਮ ਹੈ ਲੂਟਿ।
ਪੀਛੈ ਹੋ ਪਛਿਤਾਹੁਗੇ, ਯਹੁ ਤਨ ਜੈਹੈ ਛੂਟਿ॥ ੨੫ ॥
ਰੈਂਣਾ ਦੂਰ ਬਿਛੋਹਿਯਾ, ਰਹੁ ਰੇ ਸੰਖਮ ਝੂਰਿ।
ਦੇਵਲਿ ਦੇਵਲਿ ਧਾਹੜੀ ਦੇਸੀ ਊਗੇ ਸੂਰਿ॥੪੪॥ ੩॥
ਗੰਗ ਜਮੁਨ ਓਰ ਅੰਤਰੇ, ਸਹਜ ਸੁੰਨ ਲਯੋ ਘਾਟ।
ਤਹਾਂ ਕਬੀਰੈ ਮਠ ਰਚਯਾ, ਮੁਨਿ ਜਨ ਜੋਵੈ ਬਾਟ।੩।੧੦।੧੮੨।
ਮੇਰਾ ਮੁਝ ਮੇਂ ਕੁਛ ਨਹੀਂ, ਜੋ ਕੁਛ ਹੈ ਸੋ ਤੇਰਾ।
ਤੇਰਾ ਤੁਝਕੋਂ ਸੌਂਪਤਾਂ ਕਯਾ ਲਾਗੈ ਮੇਰਾ॥ ੩ ॥ ੧੧ ॥
ਕਬੀਰ ਕੂਤਾ ਰਾਮ ਕਾ, ਮੁਤਿਯਾ ਮੇਰਾ ਨਾਉਂ।
ਗਲੈ ਰਾਮ ਕੀ ਜੇਵੜੀ, ਜਿਤ ਖੈਂਚੇ ਤਿਤ ਜਾਉਂ॥੧੪॥੧੧॥



Sri Satguru Jagjit Singh Ji Elibrary NamdhariElibrary@gmail.com

ਕਬੀਰ ਨੌਬਤ ਆਪਨੀ ਦਿਨ ਦਸ ਲੇਹੁ ਬਜਾਇ।
ਏ ਪੁਰ ਪਟਨ ਏ ਗਲੀ, ਬਹੁਰਿ ਨ ਦੇਖੈ ਆਈ ॥੧॥੧੨॥
ਰਾਮ ਨਾਮ ਜਾਨ੍ਯਾ ਨਹੀਂ, ਪਾਲ੍ਯੋ ਕਟਕ ਕੁਟੰਬ।
ਧੰਧਾ ਹੀ ਮੇਂ ਮਰ ਗਯਾ, ਬਾਹਰ ਹੁਈ ਨ ਬੰਬ ॥੨੩॥੧੧॥
ਦੀਨ ਗਵਾਯਾ ਦੁਨੀਂ ਸੌਂ ਦੁਨੀ ਨ ਚਾਲੀ ਸਾਥਿ।
ਪਾਇ ਕੁਹਾੜਾ ਮਾਰਿਯਾ ਗਾਫਿਲ ਅਪਣੈ ਹਾਥਿ ॥ ੪੩ ॥
ਦੁਨਿਯਾ ਕੇ ਧੋਖੇ ਮੁਵਾ, ਚਲੈ ਜੁ ਕੁਲ ਕੀ ਕਾਂਨਿ।
ਤਬ ਕੁਲ ਕਿਸਕਾ ਲਾਜਸੀ ਜਬ ਲੇ ਧਰ੍ਯਾ ਮਸਾਣਿ ॥ ੪੬ ॥
ਉਜਲ ਕਪੜਾ ਪਹਿਰ ਕਰਿ, ਪਾਨ ਸੁਪਾਰੀ ਖਾਂਹਿ।
ਏਕੈ ਹਰਿ ਕਾ ਨਾਂਵ ਬਿਨ, ਬਾਂਧੇ ਜਮਪੁਰ ਜਾਂਹਿ ॥੫੪॥੧੨॥
ਮਨ ਜਾਣੈਂ ਸਬ ਬਾਤ, ਜਾਣਤ ਹੀ ਔਗੁਣ ਕਰੈ।
ਕਾਹੇ ਕੋ ਕੁਸਲਾਤ, ਕਰ ਦੀਪਕ ਕੂੰਵੈ ਪੜੈ ॥ ੭ ॥ ੧੩ ॥
ਮੈਂ ਜਾਂਨ੍ਯੂ ਪੜਿਬੋ ਭਲੌ, ਪਢਿਬਾ ਥੈਂ ਭਲੌ ਜੋਗ।
ਰਾਂਮ ਨਾਮ ਸੂ ਪ੍ਰੀਤਿ ਕਰਿ, ਮਲ ਮਲ ਨੀਦੌਂ ਲੋਗ ॥ ੧ ॥ ੧੯ ॥
ਲੇਖਾ ਦੇਣਾਂ ਸੋਹਰਾ, ਜੇ ਦਿਲ ਸਾਂਚਾ ਹੋਇ।
ਉਸ ਚੰਗੇ ਦੀਵਾਨ ਮੈਂ, ਪਲਾ ਨ ਪਕੜੈ ਕੋਇ ॥੨॥੨੨॥
ਜੋਰੀ ਕੀਯਾਂ ਜੁਲਮ ਹੈ, ਮਾਂਗੈ ਨਜਾਵ ਖੁਦਾਇ।
ਖਾਲਕ ਦਰਿ ਖੂਨੀ ਖੜਾ; ਮਾਰ ਮੁਹੇ ਮੁਹਿ ਖਾਇ ॥੯॥੨੨॥
ਪਾਹਣ ਕੇਰਾ ਪੂਤਲਾ, ਕਰਿ ਪੂਜੈ ਕਰਤਾਰ।
ਇਹੀ ਭਰੋਸੈ ਜੇ ਰਹੇ, ਤੇ ਬੂਡੇ ਕਾਲੀ ਧਾਰ ॥ ੧ ॥ ੨੩ ॥
ਨਿਰਮਲ ਬੂੰਦ ਅਕਾਸ ਕੀ, ਪੜਿ ਗਈ ਭੋਮਿ ਬਿਕਾਰ।
ਮੂਲ ਬਿਨਠਾਂ ਮਾਂਨਵੀ, ਬਿਨ ਸੰਗਤਿ ਭਠਛਾਰ ॥੧॥੨੫॥
ਕਬੀਰ ਚਾਂਦਨ ਕਾ ਬਿੜਾ, ਬੈਠਜਾ ਆਕ ਪਲਾਸ।
ਆਪ ਸਰੀਖੇ ਕਰਿ ਲਿਏ, ਜੋ ਹੋਤੇ ਉਨ ਪਾਸ ॥ ੭ ॥ ੨੮ ॥



Sri Satguru Jagjit Singh Ji Elibrary NamdhariElibrary@gmail.com

ਸੰਤ ਨ ਛਾਡੈ ਸੰਤਈ, ਜੇ ਕੋਟਿਕ ਮਿਲੇਂ ਅਸੰਤ।
ਚੰਦਨ ਭੁਵੰਗਾ ਬੈਠਿਯਾ, ਤਉ ਸੀਤਲਤਾ ਨ ਤਜੰਤ ॥੨॥੨੯॥
ਜਿਨਜ ਕੁਛ ਜਾਂਣਜਾਂ ਨਹੀਂ, ਤਿਨੁ ਸੁਖ ਨੀਂਦੜੀ ਘਿਹਾਇ।
ਮੈਂਰ ਅਬੂਝੀ ਬੂਝਿਯਾ, ਪੂਰੀ ਪੜੀ ਬਲਾਇ ॥ ੬ ॥ ੨੯ ॥
ਕਾਜਲ ਕੇਰੀ ਕੋਠੜੀ, ਤੈਸਾ ਯਹੁ ਸੰਸਾਰ।
ਬਲਿਹਾਰੀ ਤਾਂ ਦਾਸ ਕੀ, ਪੈਸਿ ਜੁ ਨਿਕਸਣ ਹਾਰ ॥੧੩॥੪੭੭॥
ਜਿਹਿ ਪੈਂਡੇ ਪੰਡਿਤ ਗਏ, ਦੁਨਿਯਾ ਪਰੀ ਬਹੀਰ।
ਔਘਟ ਘਾਟੀ ਗੁਰ ਕਹੀ, ਤਿਹਿੰ ਚਢਿ ਰਹਜਾ ਕਬੀਰ ॥੫॥੩੧॥
ਕਬੀਰ ਹਰਦੀ ਪੀਯਰੀ, ਚੂਨਾ ਉਜਲ ਭਾਇ।
ਰਾਮ ਸਨੇਹੀ ਯੂ ਮਿਲੇ, ਦੂਨਜੂੰ ਬਰਨ ਗੰਵਾਇ ॥ ੯ ॥
ਧਰਤੀ ਅਰੁ ਅਸਮਾਨ ਬੀਚਿ, ਦੋਇ ਤੂੰਬੜਾ ਅਬਧ।
ਖਟ ਦਰਸਨ ਸੰਸੈ ਪੜਯਾ, ਅਰੁ ਚੌਰਾਸੀ ਸਿਧ ॥੧੧॥੫੩੬॥
ਦਾਵੈ ਦਾਝਣ ਹੋਤ ਹੈ, ਨਿਰਦਾਵੈ ਨਿਸੰਕ।
ਜੇ ਨਰ ਨਿਰਦਾਵੈ ਰਹੈਂ, ਤੇ ਗਿਣੈਂ ਇੰਦ੍ਰ ਕੌਂ ਰੰਕ ॥ ੯ ॥ ੬੭ ॥
ਨਾਂ ਕੁਛ ਕਿਯਾ ਨ ਕਰਿ ਸਕਜਾ, ਨਾਂ ਕਰਣੈਂ ਜੋਗ ਸਰੀਰ।
ਜੋ ਕੁਛ ਕਿਯਾ ਸੁ ਹਰਿ ਕਿਯਾ, ਤਾਥੈਂ ਭਯਾ ਕਬੀਰ ਕਬੀਰ ॥੧॥
ਸਾਤ ਸਮੰਦ ਕੀ ਮਸਿ ਕਰੌਂ, ਲੇਖਨਿ ਸਭ ਬਨਰਾਇ।
ਧਰਤੀ ਸਭ ਕਾਗਦ ਕਰੌਂ, ਤਉ ਹਰਿ ਗੁਣ ਲਿਖਜ ਨ ਜਾਇ।੭।੩੮।

## ੪੧—ਜੀਵਨ ਮ੍ਰਿਤਕ ਕੋ ਅੰਗ।

ਮਰਤਾਂ ਮਰਤਾਂ ਜਗ ਮੂਵਾ, ਔਸਰ ਮੂਵਾ ਨ ਕੋਇ।
ਕਬੀਰ ਐਸੈਂ ਮਰਿ ਮੁਵਾ, ਜਿਉਂ ਬਹੁਰਿ ਨ ਮਰਨਾਂ ਹੋਇ॥੫॥੪੧॥
ਬੈਦ ਮੂਵਾ ਰੋਗੀ ਮੂਵਾ, ਮੂਵਾ ਸਕਲ ਸੰਸਾਰ।
ਏਕ ਕਬੀਰਾ ਨਾ ਮੂਵਾ, ਜਿਨਿ ਕੇ ਰਾਮ ਅਧਾਰ ॥ ੬ ॥
ਨਿਗੁ ਸਾਂਵਾਂ ਬਹਿ ਜਾਇਗਾ, ਜਾਕੇ ਥਾਘੀ ਨਹੀਂ ਕੋਇ।



Sri Satguru Jagjit Singh Ji Elibrary NamdhariElibrary@gmail.com

ਦੀਨ ਗਰੀਬੀ ਬੰਦਿਗੀ, ਕਰਤਾਂ ਹੋਇ ਸੁ ਹੋਇ ॥ ੧੧ ॥
ਰੋੜਾ ਹ੍ਵੈ ਰਹੋ ਬਾਟ ਕਾ, ਤਜਿ ਪਾਖੰਡ ਅਭਿਮਾਨ।
ਐਸਾ ਜੇ ਜਨ ਹ੍ਵੈ ਰਹੈ, ਤਾਹਿ ਮਿਲੈ ਭਗਵਾਨ ॥੧੪॥੬੩੨॥
ਰੋੜਾ ਭਯਾ ਤੋ ਕਯਾਂ ਭਯਾ, ਪੰਥੀ ਕੋ ਦੁਖ ਦੇਇ।
ਹਰਿ ਜਨ ਐਸਾ ਚਾਹੀਏ, ਜਿਸੀ ਜ਼ਿਮੀਂ ਕੀ ਖੇਹ ॥ ੧੮ ॥
ਖੇਹ ਭਈ ਤੋ ਕਯਾ ਭਯਾ, ਉੜਿ ਉੜਿ ਲਾਗੇ ਅੰਗ।
ਹਰਿਜਨ ਐਸਾ ਚਾਹੀਏ, ਪਾਂਣੀਂ ਜੈਸਾ ਰੰਗ ॥ ੧੯ ॥
ਪਾਂਣੀਂ ਭਯਾ ਤੋ ਕਯਾ ਭਯਾ, ਤਾਂਤਾ ਸੀਤਾ ਹੋਇ।
ਹਰਿਜਨ ਐਸਾ ਚਾਹੀਏ, ਜੈਸਾ ਹਰਿ ਹੀ ਹੋਇ ॥ ੨੦ ॥

ਪਿਛਲੇ ਤਿੰਨ ਦੋਹੇ ਸੰਨ ੧੯੮੧ ਵਾਲੀ ਪੋਥੀ ਵਿਚੋਂ ਹਨ।

ਐਸਾ ਕੋਈ ਨ ਮਿਲਿ; ਅਪਨਾ ਘਰ ਦੇਇ ਜਰਾਇ।
ਪੰਚੂ ਲਰਿਕਾ ਪਟਿਕ ਕਰਿ, ਰਹੈ ਰਾਂਮ ਲਯੋ ਲਾਇ ॥ ੪ ॥੪੩॥
ਜਿਸ ਮਰਨੈਂ ਥੈ ਜਗ ਡਰੈ, ਸੋ ਮੇਰੇ ਆਨੰਦ।
ਕਬ ਮਰਿਹੂੰ ਕਬ ਦੇਖਿਹੂੰ, ਪੂਰਨ ਪਰਮਾਂ ਨੰਦ ॥ ੧੩ ॥ ੪੫ ॥
ਸਤੀ ਪੁਕਾਰੇ ਸਲਿ ਚੜੀ, ਸੁਨਿਰੇ ਮੀਤ ਮਸਾਂਨ।
ਲੋਗ ਬਟਾਊ ਚਲਿ ਗਯੇ, ਹਮ ਤੁਝ ਰਹੇ ਨਿਦਾਂਨ ॥੩੩॥੪੫॥
ਦੌਂ ਕੀ ਦਾਧੀ ਲਕੜੀ, ਠਾਢੀ ਕਰੇ ਪੁਕਾਰ।
ਮਤਿ ਬਸਿ ਪੜੌਂ ਲੁਹਾਰ ਕੇ, ਜਾਲੇ ਦੂਜੀ ਬਾਰ ॥ ੧੦ ॥ ੪੬ ॥
ਦਾਤਾ ਤਰਵਰੁ ਦਯਾ ਫਲ, ਉਪਗਾਰੀ ਜੀਵੰਤ।
ਪੰਖੀ ਚਲੇ ਦਿਸਾਵਰਾ, ਬਿਰਖਾ ਸੁਫਲ ਫਲੰਤ ॥ ੭ ॥ ੭੩੨ ॥
ਏਕ ਅਚੰਭਾ ਦੇਖਿਆ, ਹੀਰਾ ਹਾਟਿ ਬਿਕਾਇ।
ਪਰਿਖਣ ਹਾਰੇ ਬਾਹਰਾ, ਕੌਡੀ ਬਦਲੇ ਜਾਇ ॥ ੨ ॥ ੪੮ ॥
ਹਰਿ ਹੀਰਾ ਜਨ ਜੌਹਰੀ, ਲੈ ਲੈ ਮਾਂਡਿਯ ਹਾਟਿ।
ਜਬਹਿ ਮਿਲੈਗਾ ਪਾਰਿਖੂ, ਤਬ ਹੀਰਾਂ ਕੀ ਸਾਟਿ ॥ ੩ ॥ ੭੪੦ ॥



Sri Satguru Jagjit Singh Ji Elibrary NamdhariElibrary@gmail.com

ਲੋਗ ਬਿਚਾਰਾ ਨੀਂਦਈ, ਜਿਨਹ ਨ ਪਾਯਾ ਗਯਾਨ।
ਰਾਂਮ ਨਾਂਵ ਰਾਤਾ ਰਹੈ, ਤਿਨਹੂ ਨ ਭਾਵੈ ਆਂਨ ॥ ੧ ॥ ੫੪ ॥
ਹਜ ਕਾਬੈ ਹ੍ਵੈ ਹ੍ਵੈ ਗਯਾ, ਕੇਤੀ ਬਾਰ ਕਬੀਰ।
ਮੀਰਾਂ ਮੁਝ ਮੈਂ ਕਯਾ ਖਤਾ, ਮੁਖਾਂ ਨ ਬੋਲੈ ਪੀਰ ॥ ੬ ॥ ੭੯੯ ॥
ਕਬੀਰ ਹਰਣੀ ਦੂਬਲੀ, ਇਸ ਹਰਿਯਾਲੈ ਤਾਲਿ।
ਲਖ ਅਹੇੜੀ ਏਕ ਜੀਵ, ਕਿਤ ਏਕ ਟਾਲੋਂ ਭਾਲਿ ॥੩੮॥੪੬॥
ਇਹ ਸੰਮਤ ੧੯੮੧ ਦੀ ਪੁਸਤਕ ਵਿਚੋਂ ਹੈ।

# ਪਦੇ॥

## ਰਾਗ ਗੌਰੀ।

(੧) ਝਗਰਾ ਏਕ ਨਬੇਰੌ ਰਾਂਮ, ਜੇ ਤੁਮ੍ਹ ਅਪਨੈਂ ਜਨ ਸੂ ਕਾਂਮ ॥ ਟੇਕ ॥
ਬ੍ਰਹਮਾ ਬੜਾ ਕਿ ਜਿਨਿ ਰੂ ਉਪਾਯਾ, ਬੇਦ ਬੜਾ ਕਿ ਜਹਾਂ ਥੈਂ ਆਯਾ।
ਯਹੁ ਮਨ ਬੜਾ ਕਿ ਜਹਾਂ ਮਨ ਮਾਨੈਂ, ਰਾਂਮ ਬੜਾ ਕਿ ਰਾਂਮਹਿ ਜਾਨੈ।
ਕਹੈ ਕਬੀਰ ਹੂ ਖਰਾ ਉਦਾਸ ਤੀਰਥ ਬਡੇ, ਕਿ ਹਰਿ ਕੇ ਦਾਸ॥੨੭।
(੨) ਪਾਂਡੇ ਕੌਨ ਕੁਮਤਿ ਤੋਹਿ ਲਾਗੀ; ਤੂੰ ਰਾਂਮ ਨ ਜਪਹਿ ਅਭਾਗੀ ॥ਟੇਕ॥
ਬੇਦ ਪੁਰਾਨ ਪਢਤ ਅਸ ਪਾਂਡੇ, ਖਰ ਚੰਦਨ ਜੈਸੈਂ ਭਾਰਾ।
ਰਾਂਮ ਨਾਂਮ ਤਤ ਸਮਝਤ ਨਾਂਹੀ; ਅੰਤਿ ਪੜੈ ਮੁਖਿ ਛਾਰਾ ॥
ਬੇਦ ਪਢਯਾਂ ਕਾ ਯਹ ਫਲ ਪਾਂਡੇ, ਸਬ ਘਟਿ ਦੇਖੈਂ ਰਾਂਮਾ।
ਜਨਮ ਮਰਨ ਥੈ ਤੌ ਤੂ ਛੂਟੈ, ਸੁਫਲ ਹੂੰਹਿੰ ਸਭ ਕਾਂਮਾਂ ॥
ਜੀਵ ਬਧਤ ਅਰੁ ਧਰਮ ਕਹਤ ਹੌ, ਅਧਰਮ ਕਹਾਂ ਹੈ ਭਾਈ।
ਆਪਨ ਤੌ ਮੁਨਿਜਨ ਹ੍ਵੈ ਬੈਠੇ, ਕਾਂ ਸਨਿ ਕਹੌ ਕਸਾਈ ॥
ਨਾਰਦ ਕਹੈ ਬਯਾਸ ਯੌਂ ਭਾਖੈ, ਸੁਖਦੇਵ ਪੂਛੋ ਜਾਈ।
ਕਹੈ ਕਬੀਰ ਕੁਮਤਿ ਤਬ ਛੂਟੈ, ਜੇ ਰਹੌ ਰਾਂਮ ਲਯੋ ਲਾਈ ॥ ੩੯ ॥



Sri Satguru Jagjit Singh Ji Elibrary NamdhariElibrary@gmail.com

## ਰਾਗ ਭੈਰੂ

ਕਊਂ ਲੀਜੈ ਗਢ ਬੰਕਾ ਭਾਈ, ਦੋਵਰ ਕੋਟ ਅਰੁ ਤੇਵਡ ਖਾਈ ॥ ਟੇਕ ॥
ਕਾਂਮ ਕਿਵਾੜ ਦੁਖ ਸੁਖ ਦਰਵਾਨੀਂ, ਪਾਪ ਪੁੰਨਿ ਦਰਵਾਜ਼ਾ।
ਕ੍ਰੋਧ ਪ੍ਰਧਾਨ ਲੋਭ ਬਡ ਦੁੰਦਰ, ਮਨ ਮੈਂ ਵਾਸੀ ਰਾਜਾ ॥
ਸ੍ਵਾਦ ਸਨਾਹ ਟੋਪ ਮਮਿਤਾ ਕਾ, ਕੁਬਧਿ ਕਮਾਣ ਚਢਾਈ।
ਤ੍ਰਿਸਨਾ ਤੀਰ ਰਹੈ ਤਨ ਭੀਤਰਿ, ਸੁਬਧਿ ਹਾਥਿ ਨਹੀਂ ਆਈ।
ਪ੍ਰੇਮ ਪਲੀਤਾ ਸੁਰਤਿ ਨਾਲਿ ਕਰਿ, ਗੋਲਾ ਗਜ਼ਾਨ ਚਲਾਯਾ।
ਬ੍ਰਹਮ ਅਗਨਿ ਲੇ ਦਿਯਾ ਪਲੀਤਾ, ਏਕੈਂ ਚੋਟ ਢਹ ਯਾ।
ਸਤ ਸੰਤੋਖ਼ ਲੇ ਲਰਨੇ ਲਾਗੀ, ਤੋਰੇ ਦਸ ਦਰਵਾਜ਼ਾ
ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਥੈਂ ਪਕਰਯੋ ਗਢ ਕੋ ਰਾਜਾ ॥
ਭਗਵੰਤ ਭੀਰ ਸਕਤਿ ਸੁਮਿਰਣ ਕੀ ਕਾਟਿ ਕਾਲ ਕੀ ਪਾਸੀ।
ਦਾਸ ਕਬੀਰ ਚਢੇ ਗਢ ਊਪਰਿ ਰਾਜ ਦਿਯੋ ਅਬਿਨਾਮੀ ॥੩੫੯॥

## ਰਾਗ ਬਿਲਾਵਲ

(੪) ਬਾਰ ਬਾਰ ਹਰਿ ਕਾ ਗੁਣ ਗਾਵੈ ਗੁਰ ਗਮਿ ਭੇਦ ਸਹਰ ਕਾਪਾਵੈ॥ਟੇਕ॥
ਆਦਿਤ ਕਰੈ ਭਗਤਿ ਆਰੰਭ ਕਾਯਾ ਮੰਦਰਿ ਮਨਸਾ ਥੰਭ।
ਅਖੰਡ ਅਹਨਿਸਿ ਸੁਰਖਸ ਜਾਇ, ਅਨਹਦ ਬੇਨ ਸਹਜ ਮੈਂ ਪਾਈ।
ਸੋਮਵਾਰ ਸਸਿ ਅੰਮ੍ਰਿਤ ਝਰੈ, ਚਾਖਤ ਬੇਗਿ ਤਪੈ ਨਿਸਤਰੈ।
ਬਾਣੀ ਰੋਕਜਾਂ ਰਹੈ ਦੁਵਾਰ ਮਨ ਮਤਿਵਾਲਾ ਪੀਵਨਹਾਰ।
ਮੰਗਲਵਾਰ ਲਜੋ ਮਾਂਹੀਤ, ਪੰਜ ਲੋਕ ਕੀ ਛਾਡੋ ਰੀਤ ॥
ਘਰ ਛਾਡੈ ਜਿਨਿ ਬਾਹਿਰ ਜਾਇ, ਨਹੀਂ ਤਰ ਖਰੋ ਰਿਸਾਵੈ ਰਾਇ ॥
ਬੁਧਵਾਰ ਕਰੈ ਬੁਧਿ ਪ੍ਰਕਾਸ, ਹਿਰਦਾ ਕਵਲ ਮੈਂ ਹਰਿ ਕਾ ਬਾਸ ॥
ਗੁਰ ਗਮਿ ਦੋਊ ਏਕ ਸਮਿ ਕਰੈ, ਊਰਧ ਪੰਕਜ ਥੈਂ ਸੂਧਾ ਧਰੈ ॥
ਬ੍ਰਿਸਪਤਿ ਬਿਖਿਯਾ ਦੇਇ ਬਹਾਇ, ਤੀਨਿ ਦੇਵ ਏਕੈ ਸੰਗਿ ਲਾਇ ॥
ਤੀਨਿ ਨਦੀ ਤਹਾਂ ਤ੍ਰਿਕੁਟੀ ਮਾਹਿ,ਕੁਸਮਲ ਧੋਵੈ ਅਹਨਿਸਿ ਨੁਹਾਹਿ।



Sri Satguru Jagjit Singh Ji Elibrary NamdhariElibrary@gmail.com

ਸੁਕ੍ਰ ਸੁਧਾ ਲੇ ਇਹਿ ਬ੍ਰਤ ਚਵੈ, ਅਹਨਿਸਿ ਆਪ ਆਪ ਸੂੰ ਲਡੈ।
ਸੁਰਖੀ ਪੰਚ ਰਾਖਿਜੈ ਸਬੈ, ਤੌ ਦੂਜੀ ਦ੍ਰਿਸਟਿ ਨ ਪੈਸੈ ਕਬੈ ॥
ਥਾਵਰ ਥਿਰ ਕਰਿ ਘਟ ਮੈਂ ਸੋਇ, ਜੋਤਿ ਦੀਵਟੀ ਮੇਲ੍ਹੈ ਜੋਇ ॥
ਬਾਹਰਿ ਭੀਤਰਿ ਭਯਾ ਪ੍ਰਕਾਸ, ਤਹਾਂ ਭਯਾ ਸਕਲ ਕਰਮ ਕਾ ਨਾਸ
ਜਬ ਲਗ ਘਟ ਮੈਂ ਦੂਜੀ ਆਣ, ਤਬ ਲਗ ਮਹਲਿ ਨ ਪਾਵੈਜਾਣ।
ਰਮਿਤਾ ਰਾਮ ਸੂ ਲਾਗੋ ਰੰਗ,ਕਹੈ ਕਬੀਰ ਤੇ ਨਿਰਮਲ ਅੰਗ॥੩੬੨

ਰਾਗ ਧਨਾਸਰੀ

(੫) ਕਹਾ ਨਰ ਗਰਬਸਿ ਥੋਰੀ ਬਾਤ।
ਮਨ ਦਸ ਨਾਜ ਟਕਾ ਦਸ ਗੰਠਿਯਾ, ਟੇਢੌ ਟੇਢੌ ਜਾਤ ॥ ਟੇਕ ॥
ਕਹਾ ਲੈ ਆਯੌ ਯਹੁ ਧਨ ਕੋਊ, ਕਹ ਕੋਊ ਲੈ ਜਾਤ।
ਦਿਵਸ ਚਾਰਿ ਕੀ ਹੈ ਪਾਤਿਸ਼ਾਹੀ ਜਯੂੰ ਬਨਿ ਹਰਿਯਲ ਪਾਤ।
ਰਾਜਾ ਭਯੌ ਗਾਂਵ ਸੌ ਪਾਯੇ, ਟਕਾ ਲਾਖ ਦਸ ਬ੍ਰਾਤ।
ਰਾਵਨ ਹੋਤ ਲੰਕ ਕੋ ਛਤ੍ਰ ਪਤਿ, ਪਲ ਮੈਂ ਗਈ ਬਿਹਾਤ ॥
ਮਾਤ ਪਿਤਾ ਲੋਕ ਸੁਤ ਬਨਿਤਾ, ਅੰਤਿ ਨ ਚਲੇ ਸੰਗਾਤ।
ਕਹੈ ਕਬੀਰ ਰਾਮ ਭਜਿ ਬੌਰੇ, ਜਨਮ ਅਕਾਰਥ ਜਾਤ ॥੪੮੦॥

—੩—

ਪੰਡਿਤ ਸ਼ਯਾਮ ਸੁੰਦਰ ਦਾਸ ਜੀ, 'ਕਬੀਰ-ਗ੍ਰੰਥਾਵਲੀ' ਦੇ ਸੰਪਾਦਕ ਕਬੀਰ ਜੀ ਦੀ ਰਚਨਾ ਦੀ ਭਾਸ਼ਾ ਬਾਬਤ ਇਉਂ ਲਿਖਦੇ ਹਨ :—

'ਕਬੀਰ ਦੀ ਭਾਖਾ ਦਾ ਨਿਰਣੈ ਕਰਨਾ ਟੇਢੀ ਖੀਰ ਹੈ, ਕਜੋਂ ਜੋ ਓਹ ਖਿਚੜੀ ਹੈ। ਕਬੀਰ ਦੀ ਰਚਨਾ ਵਿਚ ਕਈ ਬੋਲੀਆਂ ਦੇ ਲਫ਼ਜ਼ ਮਿਲਦੇ ਹਨ, ਪਰ ਭਾਖਾ ਦਾ ਨਿਰਣੈ ਕੁਝ ਅਜਿਹਾਂ ਲਫ਼ਜ਼ਾਂ ਉਤੇ ਨਿਰਭਰ ਨਹੀਂ ਹੁੰਦਾ। ਭਾਖਾ ਦਾ ਆਧਾਰ ਕ੍ਰਿਯਾ ਪਦ, ਜੋੜਨ ਵਾਲੇ ਜਾਂ ਸੰਯੋਜਕ ਪਦ ਅਤੇ ਕਾਰਕ ਚਿਨ੍ਹ ਹੁੰਦੇ ਹਨ ਜੋ ਵਾਕ ਰਚਨਾ ਨੂੰ ਇਕ ਦੂਜੀ ਤੋਂ ਨਿਖੇੜਦੇ ਹਨ। ਕਬੀਰ ਦੀ ਰਚਨਾ ਵਿਚ ਨਿਰੇ ਲਫ਼ਜ਼ ਹੀ ਨਹੀਂ ਸਗੋਂ



Sri Satguru Jagjit Singh Ji Elibrary NamdhariElibrary@gmail.com

ਕ੍ਰਿਯਾਪਦ ਤੇ ਕਾਰਕ-ਚਿਨ੍ਹ ਵਗੈਰਾ ਭੀ ਕਈ ਭਾਖਾਂ ਦੇ ਮਿਲਦੇ ਹਨ। ਕ੍ਰਿਯਾਪਦਾਂ ਦੇ ਰੂਪ ਬਹੁਤ ਕਰਕੇ ਬ੍ਰਜਭਾਖਾ ਅਤੇ ਖੜੀ ਬੋਲੀ ਦੇ ਹਨ। ਕਾਰਕ ਚਿਨ੍ਹਾਂ ਵਿਚੋਂ 'ਕੈ' 'ਸਨ' 'ਸਾ' ਆਦਿ ਅਵਧੀ ਦੇ ਹਨ; 'ਕੌ' ਬ੍ਰਜ ਦਾ ਅਤੇ 'ਥੈਂ' ਰਾਜਸਥਾਨੀ ਦਾ। ਭਾਵੇਂ ਓਹਨਾਂ ਨੇ ਆਪ ਕਿਹਾ ਹੈ'ਮੇਰੀ ਬੋਲੀ ਪੂਰਬੀ ਹੈ' ਪਰ ਤਾਂ ਭੀ ਖੜੀ, ਬ੍ਰਜ, ਪੰਜਾਬੀ, ਰਾਜਸਥਾਨੀ ਅਰਬੀ ਫ਼ਾਰਸੀਆਦਿ ਅਨੇਕ ਭਾਖਾਆਂ ਦਾ ਪੁਠ ਵੀ ਉਨ੍ਹਾਂ ਬਚਨਾਂਪੁਰ ਚੜ੍ਹਿਆ ਹੋਇਆ ਹੈ। 'ਪੂਰਬੀ' ਕਹਿਣ ਤੋਂ ਓਹਨਾਂ ਦਾ ਕੀ ਮਤਲਬ ਸੀ, ਇਹ ਨਹੀਂ ਕਹਿ ਸਕਦੇ। ਓਹਨਾਂ ਦਾ ਬਨਾਰਸ-ਨਿਵਾਸ ਦਸਦਾ ਹੈ ਕਿ 'ਪੂਰਬੀ' ਦਾ ਮਤਲਬ 'ਅਵਧੀ' ਬੋਲੀ ਤੋਂ ਹੋਵੇਗਾ; ਪਰ ਉਹਨਾਂ ਦੀ ਰਚਨਾ ਵਿਚ 'ਬਿਹਾਰੀ' ਦੀ ਵੀ ਚੋਖੀ ਮਿਲਾਵਟ ਹੈ, ਏਥੋਂ ਤਕ ਕਿ ਮਰਨ ਸਮੇਂ 'ਮਗਹਰ' ਵਿਚ ਜੋ ਓਹਨਾਂ ਨੇ 'ਪਦ' ਕਿਹਾ ਹੈ, ਉਸ ਵਿਚ 'ਮੈਥਿਲੀ' ਦਾ ਵੀ ਕੁਝ ਮੇਲ ਦਿਖਾਈ ਪੈਂਦਾ ਹੈ। ਜੇਕਰ ਬੋਲੀ ਦਾ ਅਰਥ 'ਮਾਤ੍ਰੀ ਭਾਖਾ' ਲਈਏ ਅਤੇ 'ਪੂਰਬੀ' ਦਾ 'ਬਿਹਾਰੀ' ਤੋਂ, ਤਦ ਕਬੀਰ ਦੇ ਜਨਮ ਪੁਰ ਇਕ ਨਵੀਂ ਹੀ ਰੋਸ਼ਨੀ ਪੈਂਦੀ ਹੈ। ਉਹਨਾਂ ਦਾ ਆਪਣਾ ਮਤਲਬ ਕੁਝ ਹੀ ਹੋਵੇ, ਪਰ ਪਾਈਆਂ ਜਾਂਦੀਆਂ ਹਨ ਉਹਨਾਂ ਵਿਚ 'ਅਵਧੀ' ਅਤੇ 'ਬਿਹਾਰੀ' ਦੋਵੇਂ ਬੋਲੀਆਂ।

ਏਸ ਪੰਜਮੇਲ ਖਿਚੜੀ ਦਾ ਕਾਰਣ ਇਹ ਹੈ ਕਿ ਉਨ੍ਹਾਂ ਨੇ ਦੂਰ ਦੂਰ ਦੇ ਸਾਧੂ ਸੰਤਾਂ ਦਾ ਸਤਸੰਗ ਕੀਤਾ ਸੀ, ਜਿਸ ਕਰਕੇ ਸੁਭਾਵਕ ਹੀ ਉਹਨਾਂ ਉਤੇ ਅੱਡ-ਅੱਡ ਪ੍ਰਾਂਤਾਂ ਦੀ ਬੋਲੀਆਂ ਦਾ ਪ੍ਰਭਾਵ ਪਿਆ।......ਹੇਠ ਦਿਤੇ ਦੁਹੇ ਵਿਚ ਪੰਜਾਬੀ ਲਫ਼ਜ਼ ਵਰਤੇ ਹਨ:-

ਅੰਖੜੀਆਂ ਝਾਂਈ ਪੜੀ, ਪੰਥ ਨਿਹਾਰਿ ਨਿਹਾਰਿ।
ਜੀਭੜੀਆਂ ਛਾਲਾ ਪੜਿਆ, ਰਾਮ ਪੁਕਾਰਿ ਪੁਕਾਰਿ।

ਪੰਜਾਬੀ ਦੇ ਨਾ ਨਿਰਾ ਬਹੁਤ ਸਾਰੇ ਸ਼ਬਦ ਹੀ ਵਰਤੇ ਹਨ, ਸਗੋਂ ਮੁਹਾਵਰੇ ਭੀ ਓਹਨਾ ਦੀ ਰਚਨਾ ਵਿਚ ਮਿਲਦੇ ਹਨ, ਜਿਵੇਂ:-

ਰਲਿ ਗਿਆ ਆਟੇ ਲੂਣ ॥



Sri Satguru Jagjit Singh Ji Elibrary NamdhariElibrary@gmail.com

ਲੂਣ ਬਿਲਾਗਾ ਪਾਣਿਯਾਂ, ਪਾਣੀ ਲੂਣ ਬਿਲਰ॥

ਕਬੀਰ ਦੇ ਉਚਾਰਣ ਉਤੇ ਭੀ ਪੰਜਾਬੀ ਦਾ ਪ੍ਰਭਾਵ ਦਿਸਦਾ ਹੈ। 'ਨ' ਨੂੰ 'ਣ' ਕਹਣਾ ਪੰਜਾਬੀ ਦੀ ਹੀ ਵਿਸ਼ੇਸ਼ਤਾ ਹੈ। ਪੰਜਾਬੀ ਲੋਕ 'ਵਿਵੇਕ' ਦਾ ਉਚਾਰਣ 'ਬਿਬੇਕ' ਕਰਦੇ ਹਨ। ਕਬੀਰ ਵਿਚ ਵੀ ਇਹ ਸ਼ਬਦ ਏਸੇ ਰੂਪ ਵਿਚ ਮਿਲਦਾ ਹੈ।

ਸੰਸਕ੍ਰਿਤ 'ਵਰਜਜ' ਤੋਂ ਵਿਗੜ ਕੇ ਬਨਿਆ ਹੋਇਆ ਇਕ 'ਬਾਜ' ਸ਼ਬਦ ਤੁਲਸੀ ਅਤੇ ਜਾਯਸੀ ਦੋਹਾਂ ਵਿਚ ਮਿਲਦਾ ਹੈ, ਅਤੇ ਜਾਯਸੀ ਵਿਚ ਏਸਦਾ ਰੂਪ 'ਬਾਝ' ਹੋ ਜਾਂਦਾ ਹੈ। ਪਰ ਅਜਕਲ ਏਸ ਸ਼ਬਦ ਦਾ ਵਰਤਾਉ ਪੰਜਾਬੀ ਵਿਚ ਹੀ ਹੁੰਦਾ ਹੈ, ਜਿਥੇ ਏਸ ਦਾ ਰੂਪ 'ਬਾਝੋਂ' ਹੋ ਜਾਂਦਾ ਹੈ। ਕਿਹਾ ਹੈ:–

ਭਿਸਤ ਨ ਮੇਰੇ ਚਾਹੀਏ ਬਾਝ ਪਿਯਾਰੇ ਤੁਝ।

'ਅਪਭ੍ਰੰਸ਼' ਵਿਚ ਸੰਸਕ੍ਰਿਤ ਦੇ 'ਕ' ਦਾ 'ਗ' ਹੋ ਜਾਂਦਾ ਹੈ ਜਿਵੇਂ 'ਪ੍ਰਕਟ' ਦਾ 'ਪ੍ਰਗਟ'। ਕਬੀਰ ਨੇ ਮਨਮਾਨੇ ਢੰਗ ਨਾਲ ਅਜਿਹੇ ਅਦਲ ਬਦਲ ਕਰ ਲਏ ਹਨ; 'ਉਪਕਾਰੀ' ਦਾ 'ਉਪਗਾਰੀ' ਬਨਾ ਲਿਆ ਹੈ। 'ਧ' ਆਦਿ 'ਮਹਾਂਪ੍ਰਾਣ ਅਖਰ' ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ 'ਹ' ਰਹਿ ਜਾਂਦੇ ਹਨ ਜਿਸਤਰ੍ਹਾਂ ਸ਼ਸ਼ਧਰ ਤੋਂ ਸਸਿਹਰ। ਕਬੀਰ ਵਿਚ ਏਸਦੇ ਉਲਟ ਵੀ ਮਿਲਦਾ ਹੈ ਅਤੇ 'ਦਹਨ' ਦਾ 'ਦਾਝਨ' ਕਰ ਲਿਆ ਹੈ। ਫ਼ਾਰਸੀ ਦੇ ਪ੍ਰਭਾਵ ਹੇਠ ਦਿਤੇ ਇਕ ਹੀ ਦੋਹੇ ਤੋਂ ਦਿਸ ਪੈਂਦਾ ਹੈ:–

ਹਮ ਰਫਤ, ਰਹਬਰਹੁ ਸੁਮਾਂ; ਮੈਂ ਖ਼ੁਰਦਾ ਸੁਮਾਂ ਬਿਸਿਯਾਰ।
ਹਮ ਜ਼ਮੀਨ ਅਸਮਾਨ ਖਲਿਕ, ਗੁੰਦ ਮੁਸ਼ਕਿਲ ਕਾਰ।

ਬੰਗਾਲੀ ਦੇ ਛਿਲੋ (ਸੀ) ਅਤੇ ਪਾਰੇ (ਸੱਕੇ) ਭੀ ਵਰਤੇ ਹਨ।

ਅਸੀਂ ਉਪਰ ਕਹਿ ਚੁਕੇ ਹਾਂ ਕਿ ਕਬੀਰ ਪੜ੍ਹੇ ਲਿਖੇ ਨਹੀਂ ਸਨ, ਏਸੇ ਕਰਕੇ ਬਾਹਰ ਦੇ ਪ੍ਰਭਾਵਾਂ ਦੇ ਬਹੁਤ ਵਧੀਕ ਸ਼ਿਕਾਰ ਹੋਏ। ਭਾਸ਼ਾ ਅਤੇ ਵਿਆਕਰਨ ਉਹਨਾਂ ਵਿਚ ਟਿਕਵੀਂ ਕਿਸੇ ਟੀਚੇ ਦੀ ਨਹੀਂ ਮਿਲਦੀ। ਇਹ ਭੀ ਹੋ ਸਕਦਾ ਹੈ ਕਿ ਉਹਨਾਂ ਨੇ ਜਾਨ ਬੁਝ ਕੇ ਅਨੇਕ ਪ੍ਰਾਂਤਾਂ ਦੇ



Sri Satguru Jagjit Singh Ji Elibrary NamdhariElibrary@gmail.com

ਸ਼ਬਦ ਵਰਤੇ ਹੋਨ। ਨਹੀਂ ਤਾਂ ਸ਼ਬਦ-ਭੰਡਾਰ ਦੀ ਕੰਮੀ ਦੇ ਕਾਰਣ ਜਦ ਜਿਸ ਭਾਸ਼ਾ ਦਾ ਸੁਣਿਆ ਸੁਣਾਇਆ ਸ਼ਬਦ ਓਹਨਾਂ ਦੇ ਸਾਹਮਣੇ ਆ ਗਿਆ, ਉਹਨਾਂ ਨੇ ਆਪਨੀ ਕਵਿਤਾ ਵਿਚ ਰਖ ਦਿੱਤਾ। ਸ਼ਬਦਾਂ ਨੂੰ ਉਹਨਾਂ ਨੇ ਤੋੜਿਆ ਮਰੋੜਿਆ ਵੀ ਬਹੁਤ ਹੈ। ਦਬਲੀ ਵਜਾਕੇ ਗਾਉਣ ਲਈ ਜੋ ਠੀਕ ਬੈਠਾ, ਉਹ ਵਰਤ ਲਿਆ। ਛੰਦ ਦਾ ਭੀ ਕੋਈ ਲਮਾਂ ਧਿਆਨ ਨਹੀਂ ਸੀ। ਏਸ ਤੋਂ ਵਖ ਉਹਨਾਂ ਦੀ ਭਾਸ਼ਾ ਵਿਚ ਅਖੜਪਨ ਹੈ; ਅਤੇ ਸਾਹਿਤਿਕ ਕੋਮਲਤਾ ਜਾਂ ਪ੍ਰਸਾਦ ਦੀ ਮੂਲੋਂ ਹੀ ਅਣਹੋਂਦ ਹੈ। ਕਿਤੇ ਕਿਤੇ ਉਹਨਾਂ ਦੀ ਭਾਸ਼ਾ ਬਿਲਕੁਲ ਗੰਵਾਰੂ ਲਗਦੀ ਹੈ; ਪਰ ਉਹਨਾਂ ਦੀਆਂ ਬਾਤਾਂ ਵਿਚ ਖਰੇਪਨ ਦੀ ਮਿਠਾਸ ਹੈ; ਜੋ ਉਹਨਾਂ ਦੀ ਵਿਸ਼ੇਸ਼ਤਾ ਹੈ, ਅਤੇ ਇਹ ਗਵਾਂਰਪਨ ਨੂੰ ਢਕ ਲੈਂਦੀ ਹੈ।"

ਮੇਰੇ ਚੁਨੇ ਹੋਏ ੩੯ ਦੋਹੇ ਅਤੇ ੨੨ ਪਦੇ ਦੂਜੀ ਐਡੀਸ਼ਨ ਵਿਚ ਦਿੱਤੇ ਜਾਨਗੇ।

---



Sri Satguru Jagjit Singh Ji Elibrary NamdhariElibrary@gmail.com

## ਸ਼ੁਧੀ ਪਤ੍ਰ।

| ਸਫਾ | ਪਾਲ | ਅਸ਼ੁਧ | ਸ਼ੁਧ |
| --- | --- | --- | --- |
| ੧੦ | ੧ | ਹੀ | ... |
| ੧੪ | ੧੪ | ਤਰੁਬੱਕ | ਤਬੁੱਰਕ |
| ੧੫ | ੬ | ਦਿਖਾਈ | ਦਿਖਾਈ |
| ੨੫ | ੧੯ | ਬਾਣਇਆ | ਬਣਾਇਆ |
| ੨੭ | ੧੯ | ਰਾਮਦਾਸ | ਅਮਰਦਾਸ |
| ੩੪ | ੨੩ | ਆਂਦੇ, ਜੋ | ਆਂਦੇ ਹਨ, ਜੋ |
| ੪੧ | ੧੧ | ਸੰਬੰਸ | ਸੰਬੰਧ |
| ੪੩ | ੭ | ਤ੍ਰਿਕੁਨਾਂ | ਤ੍ਰਿਹੁਨਾਂ |
| ,, | ੧੩ | ਸ੍ਾਹਿਬ | ਸਾਹਿਬ ਨੇ |
| ੪੯ | ੮ | mysticisen | Mysticism |
| ੫੯ | ੧੮ | ਅਖਰ | ਆਖਿਰ |
| ੮੩ | ੧੩ | ਸ੍ਰਵਣ | ਸ੍ਰਵਨ |
| ੮੭ | ੧੫ | ਆਤਸੰ | ਆਤਮੰ |
| ੯੧ | ੧੯ | ਦਵਾਜਦੀ | ਦਵਾਜਦਹ |
| ੯੨ | ੨੨ | ਇਹ | ਇਸ |
| ੯੫ | ੧੩ | ੧੯੫੫ | ੧੬੫੫ |
| ੯੬ | ੨ | ਮਰਦੁਕ | ਮਰਦੁਕੇ |
| ੯੮ | ੧ | ਦੀ | ਦਾ |
| ੧੦੭ | ੧ | ੧੩੨੨ | ੧੭੨੨ |
| ,, | ੨੨ | ਪੰਜਂ | ਨੌ |
| ੧੦੪ | ੪ | ਪ੍ਰਣਹਾਨ | ਪ੍ਰਾਣਹਾਨ |



Sri Satguru Jagjit Singh Ji Elibrary NamdhariElibrary@gmail.com

| ਪ੍ਰਿਸ਼ਟ | ਪਾਲ | ਅਸ਼ੁਧ | ਸ਼ੁਧ |
|---|---|---|---|
| ੧੧੦ | ੧੫ | ਪ੮੯ | ਪ੮੮ |
| ,, | ੨੧ | ਸੁਦੀ ਪਰ | ਸੁਦੀ ਪ |
| ੧੨੦ | ੧੯ | ਤਰਤੀਬ | ਤਰਤੀਬ ਦੀ |
| ੧੩੦ | ੨ | ਸਾ | ਸਾਫ਼ |
| ੧੩੭ | ੭ | ਚੂੰਡਕਿ | ਢੂੰਡਕੇ |
| ੧੩੮ | ੨੨ | ਮਹਿੰ | ਮਹਿੰਤ |
| ੧੪੬ | ੨੪ | ਖ਼ਿਸ | ਇਸ ਵਿਚ |
| ੧੫੫ | ੫ | ਲਖੀ | ... |
| ,, | ੨੨ | ਰਾਗ | ਵਾਰ |
| ੧੫੮ | ੨ | (ਜਾ ਸ਼ਾਇਦ | (ਸ਼ਾਇਦ |
| ੧੫੯ | ੧੩ | ਸਾਹਮਣੇ | ਸਮਾਨੇ |
| ੧੬੬ | ੨੨ | ਆਮੋਹ | ਆਹਮੋ |
| ੧੬੭ | ੧ | ਚੁਆਲੇ | ਦੁਆਲੇ |
| ੧੬੯ | ਫੁਟਨੋਟ | ੧੭੦ | ੧੨੦ |
| ੧੭੩ | ੧੧ | ਕੀਤਾ | ਕੀਤੀ |
| ੧੭੭ | ੧ | ਰਿਪਨੀ | ਟਿਪਨੀ ਦਿਤੀ ਹੈ |
| ੧੭੮ | ਫੁਟਨੋਟ | ਸਿਲਾਂ ਵਿਚ | ਸਿਲਾਂ ਪੁਰ |
| ੧੮੨ | ੨੦ | ਮਨ | ਸਨ |
| ੧੯੫ | ੨ | ਪਹਿਲ | ਪਹਿਲੀ |
| ,, | ੨੨ | ਡਾਕ | ਡਾਕਟਰ |
| ,, | ,, | ਰੀ...ਡ | ਰੀਟਾਇਰਡ |
| ੧੯੬ | ੨੦ | ਛਾਪ | ਪਿਛੇ ਛਾਪ |
| ੨੦੦ | ੧੯ | ਕੇਰ | ਫੇਰ |
| ੨੧੦ | ੧੩ | ਞਯਾਂ | ਞਯਾਂ |



Sri Satguru Jagjit Singh Ji Elibrary NamdhariElibrary@gmail.com

| ਪ੍ਰਿਸ਼ਟ | ਪਾਲ | ਅਸ਼ੁਧ | ਸ਼ੁਧ |
|---|---|---|---|
| ੨੧੬ | ੨੨ | ਲੇਕਿਨ | ਨਿਕਲੇ |
| ੨੨੦ | ੭ | ਖਾਕੇ ਫੇਰ | ...... |
| ੨੨੪ | ੧੮ | ਮਹਾਡੇ | ਮਹਾਣੇ |
| ੨੨੪ | ੨੩ | (੧੭) | (੧੮) |
| ੨੩੪ | ੧੪ | ੨੬ | ੨੦ |
| ੨੩੫ | ੧੪ | ਤਾਗਿ | ਤ੍ਰਾਗਿ |
| ੨੫੩ | ੧੬ | ਤੇ ਭਯ | ਦੇ ਭਯ |
| ੨੬੨ | ੨੨ | ਦਾ | ਜਾ |
| ੨੬੩ | ੯ | ਗ੍ਰੰਥ ਸਾਹਿਬ ਦੇ | ਗ੍ਰੰਥ ਸਾਹਿਬ ਵਿਚ ਦ[illegible]ੀ ਤੇ |
| ੨੭੧ | ੧੦ | ਵਿਛਾਟ | ਵਿਚਾਰ |
| ੩੦੫ | ੬ | ੦ੀ | ੦+ |
| ,, | ੧੦ | ਫਫੇ | ਫੇਰ |
| ,, | ੨੨ | ਹਕੀਕਤ ਰਾਹ | ...... |
| ੩੧੧ | ੨ | ਬਾਣੀ | ਬਾਣੀਆਂ |
| ੩੧੨ | ੪ | ੧੭੬੫ | ਜੋ ੧੭੬੫ |
| ,, | ੧੨ | ਦਿਸਦਾ | ਦਸਦਾ |
| ੩੧੭ | ੧੫ | ਮੁੰਦਾਵਣੀ ਤੋਰਾਗਮਾਲਾ | ...... |
| ੩੨੨ | ੪ | ਹੋਇਆ | ਹੋਇਆ ਹੈ |
| ੩੨੩ | ੧੯ | (ਸਖਕ ਭੁਕਹ) | (ਸਖਰ ਭਖਰ) |

—:o:—



Sri Satguru Jagjit Singh Ji Elibrary NamdhariElibrary@gmail.com